ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ

ਜਿਲਦ ਸਤਵੀਂ

ਕਵੀ ਚੂੜਾਮਣੀ ਭਾਈ ਸੰਤੋਖ ਸਿੰਘ

ਭਾਸ਼ਾ ਵਿਭਾਗ, ਪੰਜਾਬ

ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ

ਜਿਲਦ ਸਤਵੀਂ

[ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥਾਵਲੀ - ਜਿਲਦ ੭]

ਕਵੀ ਚੂੜਾਮਣੀ ਭਾਈ ਸੰਤੋਖ ਸਿੰਘ ਜੀ

ਕ੍ਰਿਤ

ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ

[ਚਾਲੂ ਚਉਥੀ ਰਾਸਿ ਮੁੱਕੀ ਤੇ ਪੰਜਵੀਂ ਸਾਰੀ]

ਮੰਗਲਾਂ ਦੀ ਭਾਵਾਰਥ ਪ੍ਰਕਾਸ਼ਨੀ ਟੀਕਾ

ਅਤੇ ਸ਼ੇਸ਼

ਪ੍ਰਯਾਵਾਂ ਤੇ ਉੱਧਾਰਾਂ ਸਮੇਤ ।

ਸੰਪਾਦਿਤ:-

ਪਦਮ ਭੂਸ਼ਨ ਭਾਈ ਸਾਹਿਬ ਡਾਕਟਰ ਵੀਰ ਸਿੰਘ ਜੀ

ਭਾਸ਼ਾ ਵਿਭਾਗ, ਪੰਜਾਬ

SRI GUR PARTAP SURAJ GRANTH VOL. VII (in Punjabi)

Kavi Churamani Bhai Santokh Singh
Editor : Bhai Vir Singh

ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਜਿਲਦ ਸਤਵੀਂ

ਕਵੀ ਚੂੜਾਮਣੀ ਭਾਈ ਸੰਤੋਖ ਸਿੰਘ ਜੀ

ਸੰਪਾਦਕ : ਭਾਈ ਵੀਰ ਸਿੰਘ

ਪਹਿਲੀ ਐਡੀਸ਼ਨ : 1990
ਦੂਜੀ ਐਡੀਸ਼ਨ : 2011
ਕਾਪੀਆਂ : 5000
ਕੀਮਤ : 218/- ਰੁਪਏ

1120 - ਹ.ਪੁ. - 1576

ਪ੍ਰਕਾਸ਼ਕ : ਡਾਇਰੈਕਟਰ, ਭਾਸ਼ਾ ਵਿਭਾਗ, ਪੰਜਾਬ
ਛਾਪਕ : ਚੇਤਨਾ ਪ੍ਰਿੰਟਿੰਗ ਪ੍ਰੈਸ, ਸ਼ਾਪ ਨੰ: 107, ਬਡਹੇੜੀ, ਸੈਕਟਰ 41-ਡੀ, ਚੰਡੀਗੜ੍ਹ
ਰਾਹੀਂ : ਕੰਟਰੋਲਰ, ਛਪਾਈ ਤੇ ਸਟੇਸ਼ਨਰੀ ਵਿਭਾਗ, ਪੰਜਾਬ

ਸ੍ਰੀ ਪੱਤ੍ਰ ਗੁਰ ਪ੍ਰਤਾਪ ਸੂਰਜ ਗ੍ਰੰਥਾਵਲੀ ਜਿਲਦ ੭

੧੯. [ਚੰਦੂ ਦੀ ਪ੍ਰਿਥੀਏ ਨੂੰ ਚਿੱਠੀ]।

ਦੋਹਰਾ ॥ ਪਹੁੰਚੀ ਕੇਤਿਕ ਦਿਨੇਸ ਮਹਿਂ ਸੁਧਿ ਸਤਿਗੁਰੁ ਕੇ ਪਾਸ। ਮਿਲਿ ਸੰਗਤਿ ਉਤਸਵ ਕੀਯੋ ਦੁਸ਼ਟ ਮਹਾਂ ਲਖਿਨਾਸ਼॥੧॥ਪੰਚਾਂਮ੍ਰਿਤ ਕਰਿਵਾਇ ਘਨੇਰਾ।ਸਤਿਗੁਰ ਕੋ ਜਸ ਕਰਹਿਂ ਉਚੇਰਾ।ਬਾਰਿ ਬਾਰਿ ਸੋ ਸ਼ਬਦ ਪਠੰਤਿ। ਜਿਸ ਤੇ ਸੁਲਹੀ ਮਰਨੋ ਦੁਖੰਤਿ॥੨॥ਧੀਰਜ ਧਾਰਿ ਭਰੋਸਾ ਕਰਿਹੀ। ਲਘੁ ਬਿਸਾਲ ਕਹਿ ਸ੍ਰੀਗੁਰੁ ਪੁਰਿਹੀ[1]। 'ਬਡੇ ਦੁਸ਼ਟ ਕੋ ਭਯੋ ਬਿਨਾਸ਼ਿ। ਹੁਇ ਨਿਚਿੰਤ ਭੋਗਹੁ ਸੁਖ ਰਾਸਿ॥੩॥ ਧੰਨ ਧੰਨ ਸ੍ਰੀ ਅਰਜਨ ਗੁਰੂ। ਬਾਕ ਸਿੰਘ ਜਿਨਕੇ ਰਿਪੁ ਰੁਰੂ[2]। ਬ੍ਰਹਮ ਅਸਤ੍ਰ ਸਮ ਜਥਾ ਕਹੰਤੇ[3]। ਕੋਟਿ ਜਤਨ ਤੇ ਬਚਹਿ ਨ, ਹੰਤੇ' ॥੪॥ ਜਬਿ ਤੇ ਸੁਲਹੀ ਜਰ ਮਰਿ ਗਯੋ।ਚਿੰਤੋਦਿਧ ਮਹਿਂ ਪ੍ਰਿਥੀਆ ਭਯੋ।ਗਣੀ ਅਨੇਕ ਉਤਾਰ ਚਢਾਵਹਿ।ਨਿਸ ਬਾਸੁਰ ਝੁਰਤਿ ਦੁਖ ਪਾਵਹਿ॥੫॥–ਹੁਤੋ ਅਲੰਬ ਸੈਲਸਮ[4] ਮੋਰਾ। ਭਾਵੀ ਬੱਜ੍ਰ[5] ਅਚਾਨਕ ਫੋਰਾ। ਜਿਸ ਨੇ ਮੇਰੋ ਮਾਨ ਬਧਾਯੋ। ਗ੍ਰਾਮ ਸ਼ਾਹੁ ਤੇ ਕਹਿ ਦਿਲਵਾਯੋ॥੬॥ ਸਦਾ ਚਹਤਿ ਰਹਿ ਕਰਿਬੇ ਆਛੋ[6]।ਮੈਂ ਤਿਸ ਤੇ ਨਿਤ ਨਿਜ ਹਿਤ ਬਾਂਛੋ[7]। ਜਿਸ ਅਲੰਬ ਹੌਂ ਸਦਾ ਸੁਖਾਰੋ।ਕਰਤਿ ਪ੍ਰਤੀਖਨ ਅਨੁਜ ਸੰਘਾਰੋਂ॥੭॥ਸ਼ਾਹੁ ਸਭਾ ਸਭਿ ਅਪਨੀ ਜਾਨਤਿ।ਇਸ ਬੈਠੇ ਪਿਖਿ ਬੁਰਾ ਨ ਠਾਨਤਿ[8]।ਸ਼ੱਤ੍ਰੁ ਕੇ ਘਰ ਸ਼ਾਦੀ ਹੋਵੈ। ਮੁਝ ਤੇ ਅਬਹਿ ਤ੍ਰਾਸ ਕੋ ਖੋਵੈ॥੮॥ਅਪਨੀ ਅਜ਼ਮਤਿ ਨਰਨ ਜਨਾਵੈ। ਕਹਿ ਕਹਿ ਸੰਗਤਿ ਤੇ ਪੁਜਵਾਵੈ। ਤਿਸ ਕੋ ਸੁਤ ਲੇ ਗੁਰੁਤਾ ਗਾਦੀ।ਮਨ ਭਾਵਤਿ ਲਖਿ ਠਾਨਹਿ ਸ਼ਾਦੀ॥੯॥ਮਿਹਰਵਾਨ ਮਮ ਸੁਤ ਕਰ੍ਯਾ ਕਰੈ।ਹੇਰਿ ਸ਼ਰੀਕਨਿ ਕੋ ਦੁਖਭਰੈ।ਬਿਪਦਾਪਰੀ ਆਨਿ ਕਰਿ ਮੋਹੀ। ਅਬਿ ਮਮ ਕੌਨ ਆਸਰੋ ਹੋਹੀ॥੧੦॥ਨਹੀਂ ਸ਼ਰੀਰਨਿ ਕੋ ਬਿੱਸ੍ਵਾਸ। ਸੁਲਹੀ ਸਮ ਛਿਨ ਮਹਿਂ ਹੁਇ ਨਾਸ਼। ਮੁਝ ਪਾਛੇ ਸੁਤ ਹੋਇ ਇਕੇਲਾ। ਕਿਸ ਕੇ ਰਹੈ ਅਲੰਬ ਸੁਹੇਲਾ॥੧੧॥ਅਪਰ ਉਪਾਇ ਬਨਤਿ ਨਹਿਂ ਕੋਈ।ਇਕ ਚੰਦੂ ਅਰ-ਜਨ ਰਿਪੁ ਹੋਈ।ਤਿਸ ਦਿਵਾਨ ਸੋਂ ਕੌਨ ਮਿਲਾਵੈ।ਕਹਿ ਗੁਰ[9],ਮੇਰੋ ਸੁਜਸੁ

[1]ਸ੍ਰੀ ਅੰਮ੍ਰਿਤਸਰ ਦਾ ਛੋਟਾ ਬੜਾ ਕਹਿੰਦਾ ਹੈ। [2]ਜਿਨ੍ਹਾਂ ਦੇ ਬਚਨ ਸ਼ੇਰ ਰੂਪ ਹਨ ਸ਼ੱਤ੍ਰੂ ਰੂਪ ਮ੍ਰਿਗਾਂ ਲਈ। [3]ਜਿਵੇਂ ਬ੍ਰਹਮ ਅਸਤ੍ਰ ਹੋਵੇ ਉਸਦੇ ਸਮਾਨ ਬਚਨ ਕਹਿੰਦੇ ਹਨ। [4]ਪਹਾੜ ਜੇਹਾ। [5]ਭਾਵੀ ਰੂਪ ਬੱਜਰ ਨੇ। [6]ਭਲਾ ਕਰਨਾ ਚਾਹੁੰਦਾ ਰਹਿੰਦਾ ਸੀ। [7]ਆਪਣਾ ਲਾਭ ਚਾਹੁੰਦਾ ਸਾਂ। [8]ਇਸਨੂੰ ਬੈਠਾ ਵੇਖਿ ਮੇਰਾ ਕੋਈ ਬੁਰਾ ਨਹੀਂ ਸੀ ਕਰ ਸਕਦਾ। [9](ਮੈਨੂੰ) ਗੁਰੂ ਕਹਿਕੇ।

ਸੁਨਾਵੈ॥੧੨॥ ਜਿਸ ਤੇ ਅਦਬ ਸਾਥ ਮੁਹਿ ਮਿਲੇ। ਕਰੌਂ ਚਿਨਾਰੀ ਦਿੱਲੀ ਚਲੋ।ਤਿਸ ਕੋ ਲੇ ਅਲੰਬ ਮੈ ਰਹੋਂ। ਅਨੁਜ ਸੰਘਾਰਨਿ ਕੀ ਬਿਧਿ ਕਹੋਂ–॥੧੩॥ਇੱਤਜਾਦਿਕ ਨਿਤ ਗਣੀ ਗਿਨੰਤ॥ਸਿਮਰਿ ਸਿਮਰਿਸੁਲਹੀਪਛੁਤੰਤ॥ –ਅਬਿ ਗਮਨਤਿ ਹੀ ਰਿਪੁ ਗਹਿ ਲੇਤੋ। ਕਰਿ ਕੈ ਕੈਦ ਮਾਰਿ ਪੁਨ ਦੇਤੋ॥੧੪॥ਸੋ ਨਹਿਂ ਭਯੋ ਆਪ ਮਰਿ ਗਯੋ।ਭਾਵੀ ਆਇ ਅਚਾਨਕ ਹਯੋ[1]–।ਉਤ ਚੰਦੂ ਦੁਖੀਆ ਪਛੁਤਾਵੈ। ਦੇਖਹਿ ਸੁਤਾ ਬਦਨ ਮੁਰਝਾਵੈ ॥੧੫॥ ਇਤਨੇ ਮਹਿਂ ਸੁਧਿ ਕਿਸੇ ਸੁਨਾਈ। 'ਹਰਿ ਗੁਵਿੰਦ ਲਿਯ ਬਜਾਹ ਕਿਥਾਂਈ। ਦਰਬ ਬ੍ਰਿੰਦ ਖਰਚਯੋ ਤਿਹ ਸਮੇ।ਚਹੁਂ ਦਿਸ਼ਿ ਕੇ ਨਰ ਅਨਗਨ ਨਮੈ[2]'।੧੬।ਸੁਨਤਿ ਮਨੋ ਕਿਨ ਬਰਛੀ ਮਾਰੀ। ਮੁਖ ਅਛਾਦ ਪੌਢਯੋ ਤਿਸ ਬਾਰੀ। ਚਿਤਵਤਿ –ਤਨਿਯਾ ਰਹੀ ਕੁਮਾਰੀ। ਜਾਤਿ ਬਿਖੈ ਪਤਿ ਗਈ ਹਮਾਰੀ ॥੧੭॥ ਨਾਤਾ ਹਟਯੋ ਨ ਲੈਹੈ ਕੋਈ*।ਮੁਸ਼ਕਲ ਆਨਿ ਮੋਹਿ ਕਹੁ ਹੋਈ। ਤਨੀਆ ਦੁਖ ਦੇਖਨਿ ਤੇ ਆਛੋ। ਪ੍ਰਾਨ ਹਾਨ ਅਪਨੇ ਕੋ ਬਾਂਛੋਂ॥੧੮॥ਧਿਕ ਜੀਵਨ ਮੇਰੋ ਜਗਮਾਂਹੀ।ਜਿਸ ਤਨੀਆ ਪਤਿ ਪ੍ਰਾਪਤਿ ਨਾਂਹੀ।ਨਾਤਾ ਫੇਰਯੋ ਰਹਯੋ ਸੁਖਾਰੋ। ਸੋ ਮੁਝ ਤੇ ਨਹਿਂ ਗਯੋ ਸੰਘਾਰੋ ॥੧੯॥ ਸ਼ਾਹੁ ਦਿਵਾਨ ਹੁਕਮ ਮਮ ਚਲੈ। ਲੋਕ ਹਜ਼ਾਰੋਂ ਮੋਕਹੁ ਮਿਲੈਂ। ਜਿਸ ਨੇ ਤ੍ਰਾਸ ਤਨਕ ਨਹੀਂ ਮਾਨਾ। ਮੈ ਨ ਤਿਦਾਰਕ ਤਿਸ ਸੋਂ ਠਾਨਾ[3]॥੨੦॥ ਪ੍ਰਿਥੀਆ ਭ੍ਰਾਤ ਬਡੇਰੋ ਅਹੈ।ਕੋਠੇ ਗ੍ਰਾਮ ਸੁਨਯੋ ਸੋ ਰਹੈ। ਲਿਖਯੋ ਪਟਾ ਮੈਂ, ਦੀਨੋ ਜਬੈ[4]। ਤਿਸ ਕੋ ਤ੍ਰਾਸਦ ਲਿਖਿ ਹੌਂ ਅਬੈ[5] ॥੨੧॥ ਅਨੁਜ ਆਪਨੇ ਕੋ ਸਮੁਝਾਵੈ। ਨਾਂਹਿ ਤ ਕੋਠਾ ਗ੍ਰਾਮ ਛਿਨਾਵੈਂ[6]।ਦੇਉਂ ਬਿਗਾਰ ਕਾਰ ਮੈਂ ਸਾਰੋ। ਸਹਤ ਕੁਟੰਬ ਗਹੋਂ ਦੁਖ ਭਾਰੋ[7]॥੨੨॥ ਨਿਰਭੈ ਕੀਨਿ ਅਨਾਦਰ ਮੋਰਾ। ਕਹਿ ਸ ਕਠੋਰ ਬਿੱਪ੍ਰ ਕੋ ਮੋਰਾ–। ਲਿਖੀ ਪੱਤ੍ਰਿਕਾ ਅਪਨੋ ਜੋਰਾ।'ਅਬ ਲਗਿ ਕਹੋਂ ਹਾਥ ਮੈ ਜੋਰਾ[8]॥੨੩॥ਨਾਤਾ ਮੋਰ ਸੁਤਾ ਨਹਿਂ ਮੋਰਿ[9]।ਯਾਂ ਤੇ ਕਹੌਂ ਨਿਹੋਰ ਨਿਹੋਰ[10]।ਅਬਿਲਗਿ ਮੈਂ ਕੁਛ ਨਹਿਂ ਨ ਬਿਗਾਰਾ।ਹੋਵੈ ਗੋ ਸਨਬੰਧ ਬਿਚਾਰਾ[11]'॥੨੪॥ਇੱਤਜਾਦਿਕ ਲਿਖਿ ਕਰਿ ਪਠਿ ਪਾਤੀ। ਨਿਸ ਦਿਨ ਦੁਖ ਤੇ ਸੁਲਗਤਿ ਛਾਤੀ। ਚਲਿ ਦਿੱਲੀ

[1]ਨਾਸ਼ ਕੀਤਾ। [2]ਨਮਸਕਾਰ ਕਰਦੇ ਹਨ। [3]ਤਿਸਦਾ ਪ੍ਰਬੰਧ ਨਾ ਕੀਤਾ, [ਅ:,ਤਦਾਰਕ]। [4]ਜਦ (ਪਾਤਸ਼ਾਹ ਨੇ ਗ੍ਰਾਮ) ਦਿੱਤਾ ਸੀ। [5]ਭਾਵ ਪ੍ਰਿਥੀਏ ਨੂੰ ਭੈ ਦੇ ਕੇ ਹੁਣ ਲਿਖਦਾ ਹਾਂ। [6]ਖੁਹਾ ਲਵੇਗਾ। [7]ਭਾਰੀ ਦੁੱਖ (ਦੇਕੇ)। [8]ਜੋੜਕੇ। [9]ਮੇਰੀ ਪੁੱਤ੍ਰੀ ਦਾ ਸਾਕ ਨਾ ਮੋੜੇ। [10]ਬੇਨਤੀ ਕਰਕੇ। [11](ਇਹ ਮੈਂ)ਵਿਚਾਰਿਆ ਹੈ।

*ਇਹ ਗਲ ਕੁਛ ਵਾਧੂ ਜੇਹੀ ਹੈ। ਮੰਗਾਂ ਛੁਟੀਆਂ ਹੋਰਥੇ ਮੰਗ ਹੋ ਜਾਂਦੀਆਂ ਹਨ।

ਤੇ ਤਬਿ ਹਲਕਾਰਾ। ਆਯਹੁ ਕੋਠੇ ਗਰਾਮ ਮਝਾਰਾ॥੨੫॥ ਪ੍ਰਿਥੀਆ ਬੈਠਯੋ ਜਾਇ ਨਿਹਾਰਯੋ। ਹੁਤੋ ਪੱਤ੍ਰ ਤਿਸ ਆਗੇ ਡਾਰਯੋ। ਪਠਿ ਕੈ ਹਰਖ ਕਸ਼ਟ ਜੁਗ ਧਾਰੇ। ਪੁਨਹਿ ਬਾਕ ਭਾਖੇ ਹਲਕਾਰੇ॥੨੬॥'ਤੁਮ ਕਿਮ ਬੈਠਿ ਰਹੇ ਸੁਖ ਮਾਨੇ?।ਸ਼ਾਹੁ ਦਿਵਾਨ ਬੈਰਿ ਕੋ ਠਾਨੇ। ਨਹਿੰ ਅਪਨੋ ਤੁਮ ਜੀਵਨਿ ਚਾਹਾ। ਜਿਸਕੋ ਹੁਕਮ ਦੇਸ਼ ਕੇ ਮਾਹਾਂ॥੨੭॥ ਸੁਪਤੋ ਕਿਮ ਨਿਚਿੰਤ ਹਠਿ ਕਰਿ ਕੈ। ਝੋਰੀ ਮਹਿੰ ਬਿਖਧਰ[੧] ਕੋ ਧਰਿ ਕੈ। ਅਬਿ ਲਗਿ ਲਖੇ ਸਬੰਧ ਬਨੈ ਹੈ। ਨਤੁ ਪਤਿਸ਼ਾਹੁ ਸੁਨਾਇ ਗਹੈ ਹੈ[੨] ॥੨੮॥ ਕਿਸ ਕੇ ਬਲ ਅਲੰਬ ਕੋ ਲੀਏ। ਬੈਠੇ ਬਿਨਾ ਤ੍ਰਾਸ ਕਰਿ ਹੀਏ[੩]'। ਸੁਨਿ ਪ੍ਰਿਥੀਏ ਡਰੁ ਕੀਨਿ ਘਨੇਰਾ।–ਬਿਗਰ ਨ ਜਾਇ ਅਨੁਜ ਸੰਗ ਮੇਰਾ[੪]॥੨੯॥ਮੈਂ ਅਤਿ ਬੁਰਾ ਕੀਨਿ ਬਿਲਮਾਯੋ। ਅ-ਪਨਿ ਦ੍ਵੈਸ਼ ਕੋ ਨਹੀਂ ਲਖਾਯੋ।ਭ੍ਰਾਤਾ ਜਾਨਿ ਗਹੈ ਜਬਿ ਆਈ।ਪਤਿਬਿਗਰੇ ਕਹਾ ਬਨਹਿ ਉਪਾਈ॥੩੦॥ਚੰਦੂ ਸੰਗ ਬੈਰ ਤਿਸ ਕੇਰਾ[੫]। ਇਸ ਮਹਿ ਭਲਾ ਭਯੋ ਅਤਿ ਮੇਰਾ। ਤਊ ਜਨਾਏ ਬਿਨ ਨਿਜ ਦ੍ਵੈਖ। ਮੋ ਕਹੁ ਬੁਰਾ ਬਨਹਿ ਸੁ ਵਿਸ਼ੇਖ–॥੩੧॥ਇਮ ਬਿਚਾਰ ਚਾਰ[੬] ਜੁ ਸਨਮਾਨਾ। ਦੀਨ[੭] ਬਾਕ ਤਿਹ ਸਾਥ ਬਖਾਨਾ।'ਜਿਨ ਚੰਦੂ ਕੇ ਸੰਗ ਬਿਗਾਰੀ। ਸੋ ਤੋ ਮੋਰ ਸ਼ੱਤ੍ਰ ਹੈ ਭਾਰੀ॥ ੩੨॥ ਜੇ ਤਿਹ ਸੰਗ ਕਰਨਿ ਕੁਛ ਚਾਹੋ।ਬਨੌਂ ਸਹਾਇਕ ਸਦੋਂ ਉਮਾਹੋਂ। ਮੋਕਹੁ ਇਸ਼ਟ[੮] ਹਤਨਿ ਤਿਸ ਕੇਰਾ।ਇਸ ਬਿਧਿ ਦੇਹੁ ਸੰਦੇਸਾ ਮੋਰਾ॥੩੩॥ ਜਿਸ ਦਿਨ ਗਹਹੁ ਕਿ ਮਾਰਉ ਤਾਂਹਿ। ਉਤਸਵ ਕਰੌਂ ਅਪਨਿ ਘਰ ਮਾਂਹਿ। ਮੈਂ ਚਾਹਤਿ ਹੌਂ ਨਿਤਪ੍ਰਤਿ ਮਾਰਾ।ਨਹੀਂ ਪਰੰਤੁ ਚਲਹਿ ਮਮ ਚਾਰਾ॥੩੪॥ ਮੈਂ ਪਿਤ ਕੋ ਸੁਤ ਅਹੌਂ ਬਡੇਰਾ।ਸਭਿ ਤੇ ਲਘੁ ਸੋ ਲਖਹੁ ਖੁਟੇਰਾ।ਬਲ ਛਲ ਕਰਿ ਸਭਿ ਵਸਤੁ ਸੰਭਾਰੀ।ਬਨਿ ਬੈਠਯੋ ਆਪੇ ਅਧਿਕਾਰੀ ॥੩੫॥ਚਹੁੰ ਦਿਸ਼ ਕੇ ਨਰ ਦਰਬ ਚਢਾਵੈਂ।ਭਯੋ ਧਨੀ ਬਹੁ, ਉਰ ਗਰਬਾਵੈ। ਛੀਨ ਲੀਨਿ ਮੇਰੋ ਅਧਿਕਾਰਾ। ਪਿਤ ਪੁਰਿ ਤੇ ਕਹਿ ਵਹਿਰ ਨਿਕਾਰਾ॥੩੬॥ਤੁਮ ਸਮ ਨੇ ਮੁਹਿ ਸ਼ਾਹੁ ਮਿਲਾਵ। ਏਕ ਗ੍ਰਾਮ ਤਬਿ ਤਿਸ ਤੇ ਪਾਵ। ਸਾਥ ਗਰੀਬੀ ਕਰੌਂ ਗੁਜ਼ਾਰਾ।ਲਖਿ ਮੁਝ ਅਪਨੋ ਕੀਜਹਿ ਪਸਾਰਾ ॥੩੭॥ਹਮ ਤੋ ਤੁਮਰੇ ਨਿਤ ਅਨੁਸਾਰੇ।ਤਿਹ ਭ੍ਰਾਤਾ ਲਖਿ ਦਿਹੁ ਨ ਬਿਗਾਰੇ[੯]। ਮਿਹਰਵਾਨਗੀ ਹਮ ਪਰ

---

[੧]ਸਰਪ। [੨]ਫੜਾ ਦੇਵੇਗਾ। [੩]ਹਿਰਦੇ ਵਿੱਚ। [੪]ਛੋਟੇ ਭਾਈ ਪਿੱਛੇ ਮੇਰੇ ਨਾਲ ਬੀ ਨਾ ਵਿਗੜ ਜਾਵੇ (ਚੰਦੂ)। [੫]ਚੰਦੂ ਦਾ ਤਿਸ (ਗੁਰੂ ਅਰਜਨ ਜੀ) ਨਾਲ ਵੈਰ ਹੈ। [੬]ਹਲਕਾਰੇ ਨੂੰ। [੭]ਨਿੰਮ੍ਰਤਾ ਦੇ। [੮]ਇਸ਼ਟ=ਵਾਂਛਤ, ਭਾਵ ਮੇਰੇ ਮਨ ਦੀ ਮੁਰਾਦ ਹੈ। [੯]ਭਾਵ, ਉਸਦਾ ਭਿਰਾ ਸਮਝਕੇ ਮੇਰਾ ਨੁਕਸਾਨ ਨਾ ਕਰਨਾ।

ਕਰੀਏ।ਨਿਜ ਸ਼ੱਤ੍ਰ ਕੋ ਪਕਰਿ ਸੰਘਰੀਏ'[7] ॥੩੮॥ਇੱਤਯਾਦਿਕ ਲਿਖਿ ਕੈ, ਹਲਕਾਰੇ। ਕੁਛੁਕ ਦਰਬ ਦੇ ਆਦਰ ਧਾਰੇ ।ਖਾਨ ਪਾਨ ਆਛੇ ਕਰਿਵਾਇ। ਗੁਰੂ ਦ੍ਵੈਸ਼ ਕੋ ਬਹੁ ਸਮੁਝਾਇ ॥੩੯॥ਚਾਰ[7] ਬਿਸਰਜਨ ਕਰਯੋ ਅਨੰਦੇ । ਜਾਨਯੋ—ਅਬਿਹ੍ਵੈ ਕਾਜਬਿਲੰਦੇ।ਜਥਾ ਅਚਾਨਕ ਸੁਲਹੀ ਮਰਯੋ।ਤਥਾਕਾਜ ਮਮ ਗੁਰੂ ਸੁਧਰਯੋ —॥੪੦॥ ਹਰਖ ਕਰਤਿ ਚਿਤਵਤਿ ਨਿਤ ਐਸੇ ।—ਚੰਦੂ ਬਿਗਰਿ ਗਹੈ ਗੁਰ ਜੈਸੇ—। ਦਿੱਲੀ ਬਰਯੋ ਜਾਇ ਹਲਕਾਰ। ਪਾਤੀ ਦੇਤਿ ਬ੍ਰਿਤਾਂਤ ਉਚਾਰ॥੪੧॥'ਅਨੁਜ ਸਾਥ ਸੋ ਬੈਰ ਧਰੰਤ॥ਪ੍ਰਾਨਹਾਨ ਲੌ ਜਤਨ ਕਰੰਤ॥ਸੁਲਹੀ ਤੇ ਚਾਹਤਿ ਗਹਿਵਾਯੋ। ਸੋ ਮਰਿ ਕਰਿ ਜਮ ਧਾਮ ਸਿਧਾਯੋ ॥੪੨॥ਅਬਿ ਬਾਂਛਤਿ ਉਰ, ਹਤਹਿ ਦਿਵਾਨ। ਮੋ ਸਮੀਪ ਬਹੁ ਬਾਰ ਬਖਾਨ। ਮੇਲਿ ਚਹਤਿ ਹੈ ਰਾਵਰਿ ਸੰਗ ।ਕਰਹਿ ਜਤਨ ਗਹਿਬੇ ਗੁਰ ਅੰਗ[1]॥੪੩॥ ਆਪ ਹਕਾਰੋ ਤੂਰਨ ਆਵੈ।ਅਨਿਕ ਭਾਂਤਿ ਕੀ ਘਾਤ ਬਤਾਵੈ।ਤੁਮਕੋ ਹੁਇ ਸੁਖੈਨ ਗਹਿ ਲੈਨੋ।ਚਹਹੁ ਸਜਾਇ ਕਰਹੁ ਤਬਿ ਦੇਨੋ ॥੪੪॥ਕੈ ਕੰਨਿਨਾਂ ਕੋ ਲੇਹੈ ਨਾਤ॥ਕੈ ਮਾਨਹਿ ਨਿਜ ਪ੍ਰਾਨਨਿਘਾਤ॥ਕਰਹੁ ਜਤਨ ਰਹਿ ਆਵਹਿ ਲਾਜਾ ।ਸੁਧਰਹਿ ਨੀਕੇ ਬਿਗਰਯੋ ਕਾਜਾ'॥੪੫॥ਸੁਨਿ ਕਰਿ ਚੰਦੂ ਹਰਖਤਿ ਹੋਵ॥—ਲੇਉਂ ਬੈਰ ਸਹਿਜੇ—ਤਬਿ ਜੋਵ॥—ਜੇ ਰਿਪੁ ਘਰ ਮਹਿਂ ਭੇਦ[2]ਪਰੰਤ॥ ਤੌ ਸੁਖੇਨਹੀਕਾਜ ਬਨੰਤ॥੪੬॥ਜਥਾ ਅੱਸ੍ਰੁ ਨਿਕਸਹਿਂ ਚਖਦ੍ਵਾਰੇ[3]*ਅੰਤਰ ਦੁਖ ਲਖਿਯਤਿ ਬਿਧਿ ਸਾਰੇ। ਤਯੋਂ ਰਿਪੁ ਕੋ ਸਭਿ ਭੇਦ ਬਤਾਵੈ। ਭ੍ਰਾਤਾ ਫਟਿ ਕਰਿ ਜੋ ਮਿਲਿ ਜਾਵੈ[4]॥੪੭॥ ਕਹਿਨ ਸ਼ਾਹੁ ਸੋਂ ਬਨੈ ਬਹਾਨੋ। ਭ੍ਰਾਤ ਪੁਕਾਰੂ[5] ਦੁਖੀ ਮਹਾਨੋ ।ਯਾਂਤੇ ਅਬਿ ਬੁਲਾਇ ਕਰਿ ਤੂਰਨ। ਕਰੌਂ ਮਨੋਰਥ ਅਪਨੋ ਪੂਰਨ—॥੪੮॥ ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰਾਸੇ 'ਪ੍ਰਿਥੀਏ ਸੋਂ ਚੰਦੂ' ਪਸੰਗ ਬਰਨਨੰ ਨਾਮ ਊਨ ਬਿੰਸਤੀ ਅੰਸੂ ॥ ੧੯ ॥

੨੦. [ਚੰਦੂ ਨਾਲ ਪ੍ਰਿਥੀਏ ਦਾ ਮੇਲ]।

ਦੋਹਰਾ॥ਲਿਖੀ ਪੱਤ੍ਰਿਕਾ ਤਬਿ ਭਲੇ ਅਪਨਿ ਜਨਾਯਹੁ ਪਯਾਰ। 'ਆਵਹੁ ਮੋਹਿ ਸਮੀਪ ਅਬਿ, ਦ੍ਵੈਸ਼ ਜਿ ਇਸੀ ਪ੍ਰਕਾਰ[6]॥੧॥ਚੌਪਈ॥ਰਚੌਂ ਜਤਨ ਮਿਲਿ ਸੰਗ ਤੁਮਾਰੇ।ਗਹਿ ਲੈਹੋਂ ਤਤਛਿਨ ਤਿਸ ਮਾਰੇ। ਮੈਂ ਜਿ ਸਹਾਯਕ ਹੋਯਹੁ ਤੇਰਾ। ਬਨੈ ਕਾਜ,ਤਜਿ ਕਸ਼ਟ ਬਡੇਰਾ'॥੨॥ਇੱਤਯਾਦਿਕ ਲਿਖਿ ਚਾਰ[7] ਪਠਾਵ।

[1]ਗੁਰੂ ਜੀ ਦਾ ਸਰੀਰ । [2]ਫੁੱਟ, ਨਫਾਕ। [3]ਜਿਵੇਂ ਅੱਖਾਂ ਰਸਤੇ ਅਥਰੂ (ਬਾਹਰ) ਨਿਕਲਨ (ਤਾਂ ਦਿਲ ਦਾ ਸਾਰਾ ਦੁਖ ਲਖ ਲਈਦਾ ਹੈ)। [4]ਭਾਈ ਜੇ (ਗੁਰੂ ਅਰਜਨ ਨਾਲੋਂ) ਫਟ ਕਰਕੇ (ਸਾਡੇ ਨਾਲ) ਮਿਲ ਜਾਵੇ। [5]ਫਰਿਆਦੀ ਹੈ। [6]ਜੋ ਵੈਰ ਇਸਿਤਰ੍ਹਾਂ ਦਾ ਹੈ। [7]ਦੂਤ, ਹਲਕਾਰਾ।

*ਕਵਿ ਜੀ ਦੀ ਆਲਾ ਦਿਮਾਗੀ ਦਾ ਇਕ ਨਮੂਨਾ ਹੈ।

'ਮਿਲਹੁ ਆਨਿ, ਕਹੁ, ਜਿਮ ਗਹਿ ਜਾਵਾ[੧]'। ਪੰਥ ਉਲੰਘਤਿ ਕੋਠੇ ਆਯੋ। ਮਿਲਿ ਪ੍ਰਿਥੀਏ ਸੋਂ ਸਕਲ ਸੁਨਾਯੋ॥੩॥'ਤੁਵ ਦਿਸ਼ਿ ਤੇ ਮੈਂ ਬਹੁ ਸਮੁਝਾਯੋ। ਸੁਨਿ ਹਰਖਤੋ ਅਬਿ ਨਿਕਟਬੁਲਾਯੋ।ਮਿਲਹੁ,ਦੁਹਨਿ ਕੋ ਸੁਧਰੈਕਾਜੂ।ਉਠੋ ਚਰਨ ਧਰਿ ਮਗ ਮਹਿਂ ਆਜੂ ॥ ੪ ॥ ਨਹਿਂ ਬੂਝੋ ਪਾਂਧਾ[੨] ਚਲਿ ਪਰੀਅਹਿ। ਅਪਨਿ ਮਨੋਰਥ ਪੂਰਨ ਕਰੀਅਹਿ'। ਸੁਨਿ ਪ੍ਰਿਥੀਏ ਨਹਿਂ ਬਿਲਮ ਲਗਾਈ। ਬੜਵਾ ਪਰ ਕਾਠੀ ਬੰਧਵਾਈ ॥੫॥ ਮਿਹਰਵਾਨ ਸੋਂ ਕਰਿ ਕਰਿ ਪਯਾਰੂ। ਛੋਰਤੋ ਕਰਿ ਚੌਕਸ ਪਰਵਾਰੂ। 'ਅਬਿ ਕੇ ਜਾਇ ਲੇਯ ਹੌਂ ਗਾਦੀ। ਸ਼ਾਹੁ ਦਿਵਾਨ ਭਯੋ ਬਹੁ ਬਾਦੀ[੩]' ॥੬॥ ਕਹਿ ਇੱਤਯਾਦਿਕ ਕਰਮੋ ਸੰਗ। ਧੀਰਜ ਦੇ ਕਰਿ ਚਲਤੋ ਉਮੰਗ। ਚਲੈ ਦੂਰ ਮਗ ਬਾਸੁਰ ਸਾਰੇ[੪]।ਨਿਸ ਮਹਿਂ ਬਸੈ ਕੁਕਰਮ ਚਿਤਾਰੇ ॥੭॥ ਥੋਰਨਿ ਦਿਨ ਮਹਿਂ ਦਿੱਲੀ ਗਯੋ। ਪ੍ਰਵਿਸ਼ਤੋ ਕਿਤ ਨਿਵੇਸ ਕਰਿ ਦਯੋ।ਪਠਤੋ ਦਾਸ ਤਬਿ ਚੰਦੂ ਪਾਸ।'ਆਯੋ ਮੈਂ ਉਰ ਧਰੇ ਹੁਲਾਸ' ॥੮॥ ਸੁਨਿ ਸੁਧ ਕੋ ਨਿਜ ਨਿਕਟ ਬੁਲਾਯੋ। ਜਾਇ ਦਾਸ ਨੇ ਤਬੈ ਸੁਨਾਯੋ। 'ਗਮਨਹੁ ਤੁਰਤ, ਕਾਜ ਬਨਿ ਆਯੋ'। ਸੁਨਿ ਪ੍ਰਿਥੀਆ ਮਨ ਮਹਿਂ ਹਰਖਾਯੋ ॥੯॥ ਸੂਖਮ ਬਹੁ ਪਾਲਨਿ ਕੋ ਜਾਮਾ[੫]। ਪਹਿਰ ਪਾਗ ਬਾਂਧੀ ਅਭਿਰਾਮਾ।ਪੁਨ ਚੰਦੂਕੇ ਦੈਬੇ ਹੇਤ।ਜਿਮ ਸਿਰਪਾਉ ਗੁਰੂ ਸਿਖ ਦੇਤਿ॥੧੦॥ ਅਧਿਕ ਮੋਲ ਕੀ ਪਾਗ ਮੰਗਾਈ। ਜਰੀ ਛੋਰ ਦ੍ਵੈ ਬਹੁਤਿ ਲਗਾਈ[੬]। ਤੈਸੇ ਲਿਯੋ ਦੁਕੂਲ[੭] ਅਛੇਰਾ।ਤਿਸ ਹਿਤ ਖਰਚਤੋ ਮੋਲ ਬਡੇਰਾ ॥੧੧॥ ਦਾਸ ਪਾਸ ਤੇ ਸੋ ਉਚਵਾਇ।ਅਪਰ ਬਸਤੁ ਤੇ ਲੀਨਿਦੁਰਾਇ।ਕਛੁਕ ਸੰਗ ਨਰ ਪਹੁਂਚਤੋ ਜਾਈ। 'ਆਵਤਿ ਹੈ'ਸੁਧਿ ਅੱਗ੍ਰ ਪਠਾਈ॥੧੨॥ਖਰੋ ਭਯੋ ਚੰਦੂ ਜਬਿ ਹੇਰ। ਮਿਲੇ ਭੁਜਨਿ ਭਰਿ ਜੁਗ ਤਿਸ ਬੇਰ। ਪੁਨ ਬੈਠੇ ਇਕ ਆਸਨ ਦੋਊ। ਦੇਖਿ ਪਰਸਪਰਿ ਹਰਖਤਿ ਸੋਊ ॥ ੧੩ ॥ ਪ੍ਰਥਮ ਪ੍ਰਿੱਥੀਏ ਪ੍ਰਿਥਕ ਕਰਨਿ ਕੀ[੮]। ਕਹੀ ਬਾਰਤਾ ਜਥਾ ਗੁਰਨਿ ਕੀ।'ਮੈਂ ਜੇਸ਼ਟ ਸੁਤ ਬੈਠੋ ਰਹਿਓ। ਬਲ ਛਲ ਤੇ ਗੁਰਤਾ ਪਦ ਲਹਿਓ ॥੧੪॥ ਹੁਤੇ ਨਾਨਕੇ ਗੋਇੰਦਵਾਲ।ਤਿਨ ਕੋ ਪੱਖੀ

---

[੧]ਆਕੇ ਮਿਲ ਤੇ ਕਹੁ ਜਿਵੇਂ ਫੜਿਆ ਜਾਵੇ। [੨]ਪਾਂਧਾ ਨਾ ਪੁੱਛ, ਭਾਵ ਦੇਰੀ ਨਾ ਕਰ। [੩]ਵੈਰੀ (ਸ੍ਰੀ ਅਰਜਨ ਜੀ ਦਾ)। [੪]ਰਸਤੇ ਵਿਚ ਦੂਰ (ਮੰਜ਼ਲ) ਤੱਕ ਚਲਦਾ ਹੈ। [੫]ਬਹੁਤ ਪੱਲਿਆਂ ਵਾਲਾ ਬ੍ਰੀਕ ਜਾਮਾਂ। [੬]ਦੋਹਾਂ ਪੱਲਿਆਂ ਤੇ ਜ਼ਰੀ ਬਹੁਤ ਲੱਗੀ ਹੋਈ। [੭]ਦੁਪੱਟਾ। [੮]ਪਹਿਲੋਂ ਪ੍ਰਿਥੀਏ ਨੇ (ਆਪਣੇ ਆਪ ਨੂੰ ਗੁਰਿਆਈ ਗੱਦੀ ਤੋਂ) ਅੱਡ ਕੀਤੇ ਜਾਣ ਦੀ।

ਕੀਨਿ ਬਿਸਾਲ।ਇਕ ਭੱਲਾ ਤਹਿਂ ਤੇ[1]*ਗੁਰਦਾਸ।ਸੋ ਲੇ ਲੇ ਸੰਗਤਿ ਤਿਸ
ਪਾਸਿ॥੧੫॥ਕਰੈ ਮਿਲਾਵਨਿ ਧਨ ਅਰਪਾਵੈ।ਕਹਿ ਕਹਿ†ਮਹਿਮਾ ਅਧਿਕ
ਬਧਾਵੈ।ਦੇਸ਼ ਬਿਦੇਸ਼ਨਿ ਮਹਿਂ ਪ੍ਰਗਟਾਯੋ। ਧਨੀ ਹੋਇ ਕਰਿ ਗਰਬ ਬਢਾਯੋ
॥੧੬॥ ਤੁਹਮਤਿ ਮੁਹਿ ਤੁਫਾਨ ਕੀ ਲਾਇ। ਪਿਤ ਪੁਰਿ ਬਸਤਿ ਹੁਤੇ ਨਿਕ-
ਸਾਏ । ਸੁਲਹੀ ਹੁਤੋ ਸਹਾਇਕ ਮੇਰਾ । ਮਰਯੋ ਅਚਾਨਕ ਦੁਖਦ ਬਡੇਰਾ[2] ॥
੧੭॥ ਅਬਿ ਅਲੰਬ ਮੈਂ ਗਹਯੋ ਤੁਹਾਰੋ। ਬਾਂਹ ਗਹੇ ਕੀ ਲਾਜ ਬਿਚਾਰੋ।ਸੁਤ
ਜੁਤ ਹਤਹੁ ਕਿ ਕੈਦ ਕਰੀਜੈ।ਨਾਤਾ ਫੇਰਨਿ ਕੋ ਫਲ ਦੀਜੈ॥੧੮॥ਗੁਰਤਾ
ਗਾਦੀ ਮੈਂ ਅਧਿਕਾਰੀ। ਮੋਹਿ ਦਿਵਾਵਹੁ ਕਰੁਨਾ ਧਾਰੀ'। ਸੁਨਿ ਚੰਦੂ ਨੈ
ਧੀਰਜ ਦੀਨਿ।'ਅਬਿ ਨ ਚਿੰਤ ਕਰਿ ਚੀਤ ਮਲੀਨ[3]॥੧੯॥ ਮੇਰੇ ਸੰਗ ਬੈਰ
ਨਹਿਂ ਬਾਧਾ[4] । ਚਾਹਤਿ ਨਿਜ ਪ੍ਰਾਨਨਿ ਕੋ ਬਾਧਾ[5]। ਸਕਲ ਬਿਨਾਸੋਂ ਤਿਸ
ਹੰਕਾਰ। ਕਾਰਾਗ੍ਰਿਹਿ ਮਹਿਂ ਪਰੈ ਦੁਖਾਰ॥੨੦॥ਦਿਊਂ ਸਜਾਇ ਨਾਤਾ ਮਨ-
ਵਾਊਂ।ਤੌ ਚੰਦੂ ਮੈਂ ਨਾਮ ਕਹਾਊਂ । ਕਰੌਂ ਦੀਨ ਦੁਖ ਤੇ ਸਭਿ ਭਾਂਤੀ। ਤਿਸ
ਬਾਸੁਰ ਹੁਇ ਸੀਤਲ ਛਾਤੀ॥੨੧॥ਜਾਤਿ ਬਿਖੈ ਪਤਿ ਮੋਰ ਬਿਗਾਰੀ।ਦੁਹਿਤਾ
ਸਾਕ ਹਟਯੋ ਦੁਖਭਾਰੀ। ਜਾਵਤਿ[6] ਲਵਪੁਰਿ ਕੋ ਨਹਿਂ ਜਾਵਤਿ। ਤਾਵਤਿ
ਸੁਖ,ਮੈਂ ਸਾਚ ਬਤਾਵਤਿ॥੨੨॥ਅਬੈ ਸ਼ਾਹੁ ਕੋ ਦਿਊਂ ਉਪਦੇਸ਼। ਹੋਇ ਪ੍ਰਵੇਸ਼
ਸੁ ਮਾਝੇ ਦੇਸ਼। ਤਹਾਂ ਜਾਇ ਕਰਿ ਜਤਨ ਬਨਾਵੌਂ। ਕਰਿ ਫਰੇਬ ਕੋ ਨਿਕਟ
ਬੁਲਾਵੌਂ ॥੨੩॥ ਏਕ ਬਾਰ ਨਿਜ ਘਰਿ ਮਹਿਂ ਬਾਰ[7] । ਦੈ ਦੈ ਹੌਂ ਪੁਨ ਬਾਰ
ਕਿਵਾਰਿ[8]।ਜਥਾ ਬਧਕ ਕੋ ਜਾਰ ਪਸਾਰ[9]। ਕਰੈ ਫਸਾਵਨਿ ਬਿਹੰਗ ਉਦਾਰ
॥੨੪॥ ਤਿਸ ਪਾਛੇ ਗੁਰਤਾ ਬਰ ਗਾਦੀ। ਪਹੁੰਚਹਿ ਤੋਹਿ ਕਰੋ ਨਿਤ ਸ਼ਾਦੀ।
ਰਹਯੋ ਪ੍ਰਤੀਖਤਿ ਏਤੋ ਸਮੈਂ । ਹਠਿ ਕੌ ਤ੍ਯਾਗਿ ਮੋਹਿ ਦਿਸਿ ਨਮੈਂ[10]॥੨੫॥
ਨਾਂਹਿ ਤ ਅਬਿ ਲਗਿ ਮੈਂ ਗਹਿਵਾਵਤਿ।ਜਿਮ ਚਾਹਤਿ ਤਿਸ ਤੇ ਮਨਵਾਵ-
ਤਿ।ਕੈ ਲੇ ਨਾਤਾ,ਕੈ ਦੇ ਪ੍ਰਾਨ। ਨਿਸ਼ਚੈ ਹੁਇ ਹੈ ਇਹੀ ਨਿਦਾਨ[11]'॥੨੬॥
ਸੁਨਿ ਸੁਨਿ ਪ੍ਰਿਥੀਆ ਅੰਗ ਨ ਮਾਵੈ।ਕਰਿ ਅਨੰਦ ਚੰਦੂ ਬਡਿਆਵੈ। 'ਤੁਮ
ਮਾਲਿਕ ਜਗ ਕੇ ਸਮਰੱਥ। ਬਖਸ਼ਨਿ ਹਤਨਿ ਨਰਨਿ ਬਿਚ ਹੱਥ'॥੨੭॥

---

[1]ਤਿਥੋਂ ਦਾ। [2]ਬੜਾ ਦੁਖ ਦੇਗਿਆ। [3]ਚਿੰਤਾ ਨਾਲ ਚਿੱਤ ਮੈਲਾ ਨਾ ਕਰ। [4]ਮੇਰੇ ਨਾਲ (ਉਸ ਨੇ)ਵੈਰ ਨਹੀਂ ਵਧਾਯਾ (ਯਾ ਬੰਨ੍ਹਿਆਂ,ਸਗੋਂ)। [5]ਆਪਣੇ ਪ੍ਰਾਣਾਂ ਦਾ ਨਾਸ਼(ਮੈਥੋਂ ਕਰਵਾਉਣਾ)ਚਾਹਿਆ ਹੈ। [6]ਭਾਵ ਜਦ ਤਕ ਸ਼ਾਹ ਲਾਹੌਰ ਨਹੀਂ ਜਾਂਦਾ। [7]ਵਾੜਕੇ। [8]ਬੂਹੇ ਦੇ ਤਖਤੇ। [9]ਜਿਵੇਂ ਕੋਈ ਬੱਧਕ ਜਾਲ ਫੈਲਾਉਂਦਾ ਹੈ। [10]ਨਿਵੇਂਗਾ। [11]ਅੰਤ ਨੂੰ। *ਪਾ:-ਮਾਤੁਲ। †ਪਾ:-ਤਾਕੀ।

ਇਮ ਬਕ[1]ਸਮ ਅਘ ਚਿਤਵਤਿ ਦੋਊ।ਸਿਰੇਪਾਉ ਚਹਿ ਦੈਬੋ ਸੋਊ। ਬਹੁਤ ਮੋਲ ਕੋ ਜਰੀ ਬਿਸਾਲਾ।'ਗੁਰੁ ਘਰ ਕੋ ਲਿਹੁ ਰਹੋ ਸੁਖਾਲਾ'॥੨੮॥ ਸਾਦਰ ਚੰਦੂ ਨੇ ਤਬਿ ਲੀਨਿ।ਸਿਰ ਪਰ ਧਰਿ ਕਰਿ ਆਨੰਦ ਕੀਨਿ।ਦਰਬ ਮੰਗਾਇ ਅਰਪਨਾ ਕਰੇ। ਹਾਥ ਜੋਰਿ ਨੰਮ੍ਰਸੋ ਹਿਤ ਧਰੇ ॥ ੨੯ ॥ ਪ੍ਰਿਥੀਏ ਨਿਸ਼ਚੈ ਕੀਨਸਿ ਤਬੈ।–ਗੁਰਤਾ ਪ੍ਰਾਪਤਿ ਮੋਕੌ ਅਬੈ।ਸੁਲਹੀ ਤੇ ਇਹ ਅਹੈ ਮਹਾਨ। ਮਾਲਿਕ ਮੁਲਕਨਿ ਸ਼ਾਹੁ ਦਿਵਾਨ[2]–॥੩੦॥ ਕਰਸੋ ਸਥਾਪਨਿ ਸੁਖ ਕੋ ਪਾਇ। ਚਿਤਹਿ ਮਨੋਰਥ ਹੁਇ ਦੁਖਦਾਇ[3]। ਕੇਤਿਕ ਦਿਨ ਤਬਿ ਦਿੱਲੀ ਰਹਸੋ। ਨਿਤ ਚੰਦੂ ਮਿਲਿ ਹੁਇ ਹਿਤ ਲਹਸੋ॥੩੧॥ਸਦਨ ਜਾਨਿ ਕੋ ਪੁਨ ਚਿਤ ਚਾਹਾ।ਗਮਨਸੋ ਸ਼ਾਹੁ ਸਚਿਵ ਕੇ ਪਾਹਾ।ਸਾਦਰ ਬੈਠੇ ਮਸਲਤਿ ਕਰੈਂ। ਸ਼੍ਰੀ ਅਰਜਨ ਸੰਗ ਅਘ ਕੋ ਧਰੈਂ॥੩੨॥'ਮੋਕਹੁ ਦੇਹੁ ਬਿਦਾ, ਘਰ ਜਾਵੌਂ। ਬੀਤਸੋ ਚਿਰ,ਕੁਟੰਬ ਸੁਧਿ ਪਾਵੌਂ।ਰਹੌਂ ਪ੍ਰਤੀਖਤਿ ਪੰਥ ਤੁਮਾਰਾ। ਆਵਨਿ ਮਹਿਂ ਨਹਿਂ ਕਰਹੁ ਅਵਾਰਾ॥੩੩॥ਏਕ ਆਸਰੋ ਹਮ ਨੇ ਹੇਰਾ।ਤੁਮ ਤੇ ਕਾਰ ਸੁਧਰ ਹੈ ਮੇਰਾ। ਬਾਰਿ ਬਾਰਿ ਕਸਾ ਕਹੌਂ ਬਨਾਈ। ਜਾਨਤਿ ਸਭਿ ਬਿਧਿ ਕੀ ਚਤੁਰਾਈ॥੩੪॥ਜਸੋਂ ਕਸੋਂ ਕਰਹੁ ਸ਼ਾਹੁ ਕੋ ਤਸਾਰੀ।ਲਵਪੁਰਿ ਥਿਰਹੁ ਆਇ।ਜਿਸ ਬਾਰੀ। ਰਾਵਰਿ ਸੰਗ ਮਿਲੌਂ ਮੈਂ ਆਈ।ਤਹਿਂ ਲੈ ਹੈਂ ਸਭਿ ਬਾਤ ਬਨਾਈ॥੩੫॥ਮੈਂ ਪੁਕਾਰ ਕਰਿ ਹੌਂ ਤਿਸ ਥਾਨ। ਬਨਹਿ ਬੁਲਾਵਨਿ ਕੇਰ ਬਹਾਨਾ। ਲਵਪੁਰਿ ਮਹਿਂ ਨਿਜ ਘਰ ਲੇ ਜਾਵਹੁ। ਮਨ ਭਾਵਤਿ ਰਿਪੁ ਸੰਗ ਕਰਾਵਹੁ'॥੩੬॥'ਚੰਦ ਰੋਜ਼ ਮਹਿਂ'ਚੰਦੂ ਕਹੈ।'ਹਮਰੋ ਆਵਨਿ ਹੁਇ ਤਹਿਂ ਰਹੈ[4]।ਬਿਲਮ ਨਹੀਂ ਬਹੁ, ਜਾਨਹੁ ਸਾਚੀ। ਹੁਇ ਪੂਰਨ ਜਿਸ ਮਹਿਂ ਰੁਚਿ ਰਾਚੀ॥੩੭॥ਮਿਲਹੁ ਆਇ, ਸਭਿ ਕਾਰ ਸੁਧਾਰੈਂ। ਗੁਰਤਾ ਦੇਹਿਂ ਸ਼ੱਤ੍ਰੁ ਕੋ ਮਾਰੈਂ' ।ਮਹਾਂ ਦੁਸਟ ਸੋਂ ਮਸਲਤਿ ਕਰਿ ਕੈ। ਭਯੋ ਬਿਸਰਜਨ ਸੁਖ ਉਰ ਭਰਿ ਕੈ॥੩੮॥ ਦਿੱਲੀ ਤੇ ਹ੍ਵੈ ਕਰਿ ਅਸਵਾਰ। ਗਮਨਸੋ ਤੂਰਨ ਮਗ ਪਗ ਡਾਰਿ।ਪਹੁੰਚਸੋ ਕੋਠੇ ਗ੍ਰਾਮ ਮਝਾਰ।ਮਿਲਸੋ ਆਨਿ ਅਪਨੇ ਪਰਵਾਰ॥੩੯॥ ਮਿਹਰਵਾਨ ਕੋ ਲੇ ਕਰਿ ਗੋਦ। ਬੈਠਸੋ ਪ੍ਰਿਥੀਆ ਪਾਇ ਪ੍ਰਮੋਦ।ਚੰਦੂ ਸੰਗ ਮਿਲਨਿ ਹਰਖਾਵਨਿ।ਸਭਿ ਕਰਮੋ ਢਿਗ ਕਰਸੋ ਬਤਾਵਨਿ॥੪੦॥'ਕੇਚਿਤ ਦਿਨ ਮਹਿਂ ਗੁਰਤਾ ਗਾਦੀ। ਹਮ ਢਿਗ ਆਇ ਹੋਹਿ ਸਭਿ ਸ਼ਾਦੀ। ਪ੍ਰਥਮ

[1]ਬਗਲੇ। [2]ਮੁਲਕਾਂ ਦੇ ਮਾਲਿਕ ਸ਼ਾਹ ਦਾ ਦੀਵਾਨ। [3]ਦੁਖਦਾਈ ਮਨੋਰਥ ਚਿਤਵਦਾ ਹੈ।
[4]ਥੋੜੇ ਦਿਨਾਂ ਵਿਚ ਸਾਡਾ ਆਵਣਾ ਹੋਵੇਗਾ, ਓਥੇ (ਅਸੀਂ) ਰਹਾਂਗੇ।

ਸਹਾਇਕ ਭਯੋ ਬਿਨਾਸ਼। ਅਬਿ ਚੰਦੂ ਹਮ ਕਰਹਿ ਹੁਲਾਸ'॥ ੪੧॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰਾਸੇ 'ਚੰਦੂ ਮਿਲਨਿ' ਪ੍ਰਸੰਗ ਬਰਨਨੰ ਨਾਮ ਬਿੰਸਤੀ ਅੰਸੂ॥ ੨੦॥

੨੧. [ਗੋਇੰਦਵਾਲ ਜਾਣਾ]।

ਦੋਹਰਾ॥ ਸ਼੍ਰੀ ਅਰਜਨ ਜਗ ਸਤਿਗੁਰੂ ਸੰਗਤਿ ਕਰਤਿ ਉਧਾਰ। ਸਹਤ ਅਨੰਦ ਬਿਲੰਦ ਕੇ ਕਿਤਿਕ ਕਾਲ ਕੋ ਟਾਰਿ॥੧॥ਸੈਯਾਛੰਦ॥ਸਿੱਖਨ ਹਜ਼ਾਰੋਂ ਸ਼ਰਨੀ ਪਰਿ ਹੈਂ ਸੱਤਿਨਾਮ ਕੋ ਦੇਂ ਉਪਦੇਸ਼। ਅਜ਼ਮਤਿ ਜੁਤਿ ਬਹੁ ਜੀਵ ਮੁਕਤਿ ਭੇ ਕਾਟੇ ਬੰਧਨ ਕੁਮਤਿ ਕਲੇਸ਼। ਸੇਵਾ ਕਰਿ ਕਰਿ ਸ਼ਰਧਾ ਧਰਿ ਧਰਿ ਪਾਤਕ ਹਰਿ ਹਰਿ ਭਏ ਵਿਸ਼ੇਸ਼।ਕਿਤਿਕ ਸਮੀਪ ਰਹਤਿ ਨਹਿੰ ਗਮ-ਨਤਿ,ਦਰਸ਼ਨ ਕੋ ਸੁਖ ਲਹੈਂ ਅਸ਼ੇਸ਼॥੨॥ਅਪਰ ਦੇਸ਼ ਕਰਿਬੇ ਕਿਰਤਾਰਥ ਕਿਤਿਕ ਬਿਸਰਜਨ ਹ੍ਵੈ ਚਲਿ ਜਾਇ। ਰਿਦੇ ਧ੍ਯਾਨ ਗੁਰੁ ਰੂਪ ਬਸਾਵਹਿੰ, ਨਿਸ਼ਚਲ ਮਤਿ ਕਰਿ ਨਹੀਂ ਡੁਲਾਇ। ਮਿਲਹਿ ਤਿਨਹੁ[1] ਉਪਦੇਸ਼ਤਿ ਸਿੱਖੀ,ਅਸਿ ਤੇ ਤਿੱਖੀ[2]ਜੋ ਅਧਿਕਾਇ।ਗੁਰੁ ਭਾਣੇ ਕਹੁ ਮਾਨੈਂ ਸੁਖ ਸੋਂ ਇਕ ਸਮ ਬ੍ਰਿਤੀ ਨ ਸ਼ੋਕ ਉਪਾਇ॥੩॥ ਜਹਿੰ ਕਹਿੰ ਗੁਰ ਕੀ ਬਾਣੀ ਬਿਥਰੀ, ਸੁਥਰੀ ਕਰਹਿੰ ਕੰਠ ਹਰਖਾਇ।ਪਾਤਕ ਦਾਦਰ ਗਨਕੋ ਅਹਨੀ[3],ਦਹਨੀ ਬਿਘਨ ਬਿਪਨ ਸਮੁਦਾਇ[4]। ਮ੍ਰਿਗਨਿ ਬਿਕਾਰ ਬ੍ਰਿੰਦ ਕੋ ਸ਼ੇਰਨਿ[5],ਪ੍ਰੇਰਨਿ ਮਨ ਕੀ ਪ੍ਰਭੁ ਦਿਸਿ ਧਾਇ[6]।ਬ੍ਰਹਮ ਗ੍ਯਾਨ ਕੀ ਸੁਗਮ ਸੁ ਜਨਿਨੀ[7],ਹਨ-ਨੀ ਮੋਹ, ਜਨਨਿ[8]ਸੁਖਦਾਇ॥੪॥ ਪਾਠਕ ਪੁੰਜ ਮਨੋਰਥ ਪੂਰਨੀ[9],ਫੁਰਨੀ ਅਨੁਭਵ ਕੀ[10]ਉਰ ਮਾਂਹਿ।ਕੂਰ ਬਿਸ਼ਿਯਨਿ ਕੀ ਅਹੈ ਬਿਰਾਗਨਿ[11],ਰਾਗ-ਨਿ ਸੱਤਿਨਾਮ ਕੀ[12]ਆਹਿ।ਪ੍ਰੇਮਾਭਗਤਿ ਉਪਾਵਨਿ ਹਾਰੀ,ਹਾਰੀ ਨਿੰਦਕ ਬ੍ਰਿੰਦਨ ਦਾਹਿ[13]।ਪਠਿ ਗੁਰੁ ਸਿੱਖ ਕ੍ਰਿਤਾਰਥ ਹੋਵਤਿ,ਜੋਵਤਿ ਅਪਨਿ ਰੂਪ ਸੁਖ ਪਾਹਿ॥ ੫॥ ਜਿਸ ਹਿਤ ਜਗ ਅਵਤਰੇ ਪ੍ਰਭੂ ਜੀ ਸਭਿ ਜੀਵਨਿ ਕੀ ਚਹਿੰ ਕੱਲ੍ਯਾਨ।ਹੋਤਿ ਨਿਤਾ ਪ੍ਰਤਿ ਕਾਰਜ ਐਸੇ ਜੈਸੇ ਵਧਹਿ ਭਗਤਿ ਅਰੁ ਗ੍ਯਾਨ।ਪੁਰਬਨਿ[14]ਬਿਖੈ ਆਇ ਗਨ ਸੰਗਤਿ।ਮੰਗਤਿ ਸੱਤਿਨਾਮ ਦੇਦਾਨ।

---

[1]ਭਾਵ ਗੁਰ ਸਿੱਖਾਂ ਨੂੰ। [2]ਖੰਡੇ ਤੋਂ ਤਿੱਖੀ। [3]ਮਾਰੇ ਪਾਪਾਂ ਰੂਪ ਡੱਡੂਆਂ ਨੂੰ ਸੱਪਣੀਵਤ। [4]ਸਾਰੇ ਬਿਘਨਾਂ ਦੇ ਬਨ ਨੂੰ ਸਾੜਨ ਵਾਲੀ ਭਾਵ ਅੱਗ। [5]ਸਮੂਹ ਵਿਕਾਰਾਂ ਰੂਪੀ ਹਰਨਾਂ ਨੂੰ (ਜੋ) ਸ਼ੇਰਨੀ ਵਤ (ਨਾਸ਼ਕ) ਹੈ। [6]ਦੌੜਦੇ ਮਨ ਨੂੰ ਪ੍ਰਭੂ ਤਰਫ ਪ੍ਰੇਰਣ ਵਾਲੀ। [7]ਸੁਖੇਨ ਹੀ ਬ੍ਰਹਮ ਗਿਆਨ ਉਪਜਾਵਣ ਵਾਲੀ। [8]ਦਾਸਾਂ ਦੇ। [9]ਪੂਰਣ ਕਰਨ ਵਾਲੀ। [10]ਅਨੁਭਵ ਦੇ ਫੁਰਾਉਣ ਵਾਲੀ। [11]ਝੂਠੇ ਵਿਸ਼ਿਆਂ ਤੋਂ ਵੈਰਾਗ ਦੇਣ ਵਾਲੀ। [12]ਪ੍ਰੇਮ ਪਾਉਣ ਵਾਲੀ ਸਤਿਨਾਮ ਦਾ। [13]ਸਾਰੇ ਨਿੰਦਕਾਂ ਨੂੰ ਸਾੜਨ ਵਾਲੀ। [14]ਗੁਰਪੁਰਬਾਂ, ਤ੍ਰਹਿਵਾਰਾਂ।

ਆਇ ਉਪਾਇਨ ਅਰਪਹਿਂ ਪਗ ਪਰ,ਪਰਹਿਂ ਸ਼ਰਨ ਕਰਿ ਸੰਕਟ ਹਾਨਿ ॥੬॥ ਇਕ ਦਿਨ ਸ੍ਰੀ ਅਰਜਨ ਗੁਰੁ ਬੈਠੇ ਹਰਿ ਮੰਦਰ ਮਹਿਂ ਸ਼ੁਭਤਿ ਬਿਸਾਲ। ਮਹਾਂਦੇਵ ਤਬਿ ਤਯਾਗ ਸਦਨ ਕੋ ਕਰਿ ਸ਼ਨਾਨ ਸ੍ਰੀ ਅੰਮ੍ਰਿਤ ਤਾਲ।ਗਯੋ ਅਨੁਜ ਕੇ ਨਿਕਟ,ਦੇਖਿ ਤਬਿਲਿਯੋ ਬਿਠਾਇ ਮਾਨਕੇ ਨਾਲ। ਸ਼ਬਦ ਰਬਾਬੀ ਗਾਵਤਿ ਸੁੰਦਰ,ਸੁਨਤਿ ਰਹਯੋ ਕਰਿ ਪ੍ਰੇਮ ਬਿਸਾਲ॥੭॥ ਚੌਕੀ ਕੋ ਜਬਿ ਭੋਗ ਪਰਯੋ ਤਹਿਂ ਸ੍ਰੀ ਮੁਖ ਤੇ ਫੁਰਮਾਵਨਿ ਕੀਨਿ। 'ਬਡੀ ਕ੍ਰਿਪਾ ਕਰਿ ਤੁਮ ਚਲਿ ਆਏ, ਆਇਸੁ ਦੇਹੁ ਉਚਿਤ ਚਿਤ ਚੀਨਿ। ਹਮ ਰਾਵਰ ਕੇ ਨਿਤ ਅਨੁਸਾਰੀ ਅਹੋ ਸ਼ਾਂਤਿ ਮਤਿ ਗੁਰ ਜਸੁ ਭੀਨਿ। ਭਲੀ ਬਾਰਤਾ ਨਿਤ ਸਮੁਝਾਵਤਿ ਗਯਾਨ ਉਦਿਧਿ ਮਹਿਂ ਸਦ ਮਨ ਮੀਨਿ[੧]' ॥੮॥ ਮਹਾਂਦੇਵਉਰ ਹਰਖਯੋ ਅਤਿਸ਼ੈ'ਤੁਮ ਕੋ ਐਸੇਹੀਬਨਿ ਆਇ।ਸਰਬ ਜਗਤ ਕੇ ਗੁਰੂ ਸ਼ਿਰੋਮਣਿ ਮੁਝ ਕੋ ਬੋਲਤਿ ਬਹੁ ਬਡਿਆਇ। ਅਹੈ ਬਡਨਿ ਕੀ ਇਹੁ ਬਡਿਆਈ ਪਰ ਜਸ ਕਹਿਨੋ ਅਪਨਿ ਦੁਰਾਇ।ਬਡੋ ਭ੍ਰਾਤ ਕਰਿ ਮੁਝ ਕੋ ਜਾਨਹੁ ਤੁਮ ਗੁਨ ਮਹਿਂ ਸਭਿ ਤੇ ਅਧਿਕਾਇ॥੯॥ਸ੍ਰੀ ਨਾਨਕ ਆਦਿਕ ਕੀ ਗਾਦੀ ਤਿਸ ਪਰ ਬੈਠੇ ਤਿਨਹੁ ਸਮਾਨ। ਮੋ ਉਰ ਬਿਖੈ ਪ੍ਰਤੀਤਿ ਭਈ ਅਬਿ,ਨਾਂਹਿ ਤ ਅਨੁਜ ਆਪਨੋ ਜਾਨਿ।ਬਿਨੈ ਸਹਤ ਮੈਂ ਕਹਤਿ ਤੁਮਹੁਂ ਕੋ ਅਪਨੇ ਨਾਨੇ ਗੁਰੂ ਮਹਾਨ। ਗੋਇੰਦਵਾਲ ਅੰਸ ਹੈ ਤਿਨ ਕੀ ਹਮਰੇ ਸੰਗ ਸਨੇਹ ਸੁ ਠਾਨਿ॥੧੦॥ਸ੍ਰੀ ਗੁਰੁ ਅਮਰ ਦਿਵਸ ਸ਼ੁਭ ਪੂਨੋ[੨]ਉਤਸਵ ਕਰਤਿ ਸਕਲ ਹਰਖਾਇ। ਸਿਖ ਸੰਗਤਿ ਗਨ ਮਿਲਹਿਂ ਆਇ ਕਰਿ, ਪਾਇ ਮਹਾਂ ਫਲ ਸਭਿ ਸੁਖਦਾਇ। ਹੈ ਮਮ ਚਿਤ ਮਹਿਂ ਤਹਾਂ ਜਾਨਿ ਕੀ ਚਹੋਂ ਤੁਮਾਰੀ ਅਬਹਿ ਰਜ਼ਾਇ। ਕੇਤਿਕ ਦਿਵਸ ਰਹੌਂ ਪੁਰਿ ਤਿਸਹੀ, ਜੀਵਤਿ ਰਹਯੋ ਮਿਲਹਿਂ ਪੁਨ ਆਇ'॥੧੧॥ ਸੁਨਤਿ ਭ੍ਰਾਤ ਤੇ ਹਰਖਤਿ ਹੋਏ ਕਹਯੋ 'ਬੁੱਧਿ ਤੁਮਰੀ ਕੋ ਧੰਨ।ਹਮ ਭੀ ਚਲਹਿਂ ਕਰਹਿਂ ਸਭਿ ਦਰਸ਼ਨਿ ਉਤਸਵ ਪੂਰਨਮਾ[੨] ਮਨ ਮੀਨਿ[੩]।ਹੁਇ ਇਕੱਤ੍ਰ ਪੁਰਿ ਪਿਖਹਿਂ ਪਵਿੱਤ੍ਰਾ ਜਹਾਂ ਬਚਿੱਤ੍ਰ ਪਾਇ ਫਲ ਜੰਨ[੪]। ਚਿਰ ਬੀਤਯੋ ਦਰਸੇ ਬਿਨ ਥਲ ਕੋ ਉਮਗਤਿ ਰਿਦਾ ਬਿਲੋਕ ਪ੍ਰਸੰਨ'॥੧੨॥ ਇਮ ਸਾਦਰ ਬਹੁ ਭ੍ਰਾਤ ਸਰਾਹਯੋ, ਮਹਾਂਦੇਵ ਸੁਨਿ ਕਰਿ ਹਰਖਾਇ। ਅਪਰ ਬਾਰਤਾ ਅਮਰ ਗੁਰੂ ਕੀ ਕਰਤਿ ਸ਼ਲਾਘਾ ਗੁਰਿ ਉਪਜਾਇ।'ਸਮ ਪਾਰਸ ਕੇ ਪਰਸੇ ਜਿਸ ਕੇ ਹੁਤੇ ਮਨੂਰ ਸੁ ਹੇਮ[੫] ਬਨਾਇ।

[੧]ਮਨ ਮੱਛੀ ਵਾਂਙੂ ਹੈ। [੨]ਪੂਰਨਮਾਸ਼ੀ ਦਾ। [੩]ਮਨ ਵਿਚ ਜਾਣਕੇ। [੪]ਦਾਸ। [੫]ਮਨੂਰ ਨੂੰ ਸੋਨਾਂ।

ਬਨ ਮਹਿੰ ਜਿਮ ਇਕ ਬਾਵਨ ਚੰਦਨ ਤਰੂ ਸੁਗੰਧਤਿ ਕਰਿ ਸਮੁੰਦਾਇ ॥
੧੩॥ਦੇਸ਼ ਬਿਦੇਸ਼ਨਿ ਮਹਿੰ ਨਿਜ ਦਾਸਨਿ ਕਰਾਮਾਤ ਸਾਹਿਬ ਕਰਿਦੀਨ।
ਨਰਨਿ ਹਜ਼ਾਰਨਿ ਕੇ ਬਚ ਫੁਰਿ ਹੈਂ ਸੁਰ ਆਦਿਕ ਸਭਿ ਕਰੇ ਅਧੀਨ।
ਜਿਮ ਆਇਸੁ ਕਰਿ ਦੇਤਿ ਸੁਭਾਇਕ ਮਾਨਹਿੰ ਤਿਮ ਬਾਸੀ ਪੁਰ ਤੀਨ[1]।
ਸਿੱਖੀ ਜਹਿੰ ਕਹਿੰ ਬਹੁ ਬਿਸਤਾਰੀ,ਬਿਸ਼ਿਯਨਿ ਬਿਸ ਤਾਰੀ ਦੁਖ ਹੀਨ[2]" ॥
੧੪॥ਇਸ ਤੇ ਅਧਿਕ ਕਰਤਿ ਪ੍ਰਸੰਸਾ"ਹਮਰੇ ਪਿਤ ਪਰ[3] ਅਧਿਕ ਕ੍ਰਿਪਾਲ
। ਪ੍ਰਿਯ ਪੁੱਤ੍ਰਨਿ ਤੇ ਆਦਿ ਤਜੇ ਸਭਿ ਦਈ ਬਡਾਈ ਕਰੇ ਬਿਸਾਲ।
ਜਮ ਆਦਿਕ ਗਨ ਬਜਾਧਿ ਨਰਨਿ ਕੀ ਨਿਜ ਪੁਰਿ ਤੇ ਬਰਜੇ ਦੁਖ
ਜਾਲ। ਕੌਨ ਕੌਨ ਗੁਨ ਤਿਨ ਕੇ ਭਨੀਅਹਿ ਅੰਤ ਨ ਪੱਧਤਿ ਭਗਤਿ-
ਰਸਾਲ[4]"॥੧੫॥ ਉਠੇ ਬਹੁਰ ਸ੍ਰੀ ਅਰਜਨ ਸਤਿਗੁਰੁ, ਨਿਜ ਨਿਜ ਸਦਨ
ਗਏ ਸਭਿ ਕੋਇ।ਨਿਸਾ ਪਰੀਭੋਜਨ ਸ਼ੁਭ ਕਰਿ ਕੈ ਸੁਠ ਪ੍ਰਯੰਕ ਪਰ ਪੌਢਤਿ
ਸੋਇ। ਪ੍ਰਾਤਕਾਲ ਕਰਿ ਸੌਚਿ ਸ਼ਨਾਨਹਿ ਚਲਿਬੇ ਹੇਤ ਤਯਾਰ ਗੁਰੁ ਹੋਇ
। ਮਹਾਂਦੇਵ ਕੋ ਸੰਗ ਮਿਲਾਯਹਿ ਰਹਤਿ ਜੁ ਦਰਸ ਸਾਥ ਭੇ ਸੋਇ ॥੧੬॥
ਨੰਦਨ ਹਰਿ ਗੋਵਿੰਦ ਰਿਪੁ ਕੰਦਨ, ਚੰਦ ਮਨਿੰਦ ਬਿਲੰਦ ਦੁਲਾਰਿ। ਦੇ
ਧੀਰਜ ਬੀਰਜ ਜੁਤ ਸੁਤਕੋਂ[5],ਹਾਥ ਬੰਦਿਤਿਨ ਬੰਦਨ ਧਾਰਿ।ਹਟੇਨਿਕੇਤ
ਸਮੇਤਸਿੱਖਯ ਗਨ,ਸਤਿਗੁਰੁ ਗਮਨੇਪੰਥ ਮਝਾਰਿ।ਦਾਸ ਮਸੰਦ ਬ੍ਰਿੰਦਸਿਖ
ਸੰਗੀ ਸੰਗ ਚਲੇ ਜੈਕਾਰ ਉਚਾਰਿ॥੧੭॥ਉਲੰਘੇ ਮਾਰਗ ਗਏ ਗ੍ਰਾਮ ਢਿਗ
ਨਾਮ ਖਡੂਰ ਗੁਰੂ ਇਸਥਾਨ[6]।ਸੁਨਿ ਦਾਤੂ ਹਿਤ ਆਦਰ ਆਯੋ ਲੇ ਨਿਜ
ਸੰਗ ਪ੍ਰਵੇਸ਼ਨਿ ਠਾਨ। ਡੇਰਾ ਕਰਵਾਇਸਿ ਸ਼ੁਭ ਘਰ ਮਹਿਂ ਨੀਰ ਅਨਾਇ
ਪਖਾਰੇ ਪਾਨ।ਪਗ ਪਖਾਰ ਕਰਿ ਟਿਕੇ ਕਿਤਿਕ ਚਿਰ ਸ੍ਰੀ ਅਰਜਨ ਹੂੰ ਕਰਿ
ਸਵਧਾਨ॥੧੮॥ਲੇ ਦਾਤੂ ਸੰਗ ਸ੍ਰੀ ਅੰਗਦ ਥਲ ਗਏ ਦਰਸ ਕਰਿਬੇ ਦਰ-
ਬਾਰਿ।ਦਰਬ ਦੀਨਿ,ਅਰਦਾਸ ਕਰਾਇਸਿ, ਹਾਥ ਜੋਰਿ ਠਾਂਢੇ ਅਗਵਾਰਿ।
ਬਹੁਤ ਪ੍ਰਸਾਦਿ ਤਹਾਂ ਬਰਤਾਇਸਿ, ਨਮਸਕਾਰ ਕੀਨਿਸਿ ਹਿਤ ਧਾਰਿ।
ਦਈ ਪ੍ਰਕਰਮਾ ਚਾਰਬਾਰਿ ਫਿਰਿ ਸਿਖਸੰਗਤਿ ਸਭਿ ਤਿਸੀ ਪ੍ਰਕਾਰਿ॥੧੯॥
ਪੁਨਹ ਸਿਵਰ ਮਹਿੰ ਪਹੁੰਚੇ ਸਤਿਗੁਰੁ ਦਾਤੂ ਸੇਵਾ ਸਰਬ ਕਰਾਇ। ਨਿਸ
ਸੁਪਤੇ ਉਠਿ ਪ੍ਰਾਤ ਚਲੇ ਗੁਰੁ ਗੋਇੰਦਵਾਲ ਅਨੰਦ ਉਪਾਇ।ਸੁਨਿ ਆਗ-

[1]ਤਿੰਨਾਂ ਲੋਕਾਂ ਦੇ ਵਸਣੇ ਵਾਲੇ। [2]ਵਿਸ਼ਿਆਂ ਰੂਪੀ ਜ਼ਹਿਰ ਉਤਾਰੀ ਤੇ ਦੁਖ ਦੂਰ ਕੀਤੇ (ਦਾਸਾਂ ਦੇ)। [3]ਭਾਵ ਸ੍ਰੀ ਗੁਰੂ ਰਾਮਦਾਸ ਜੀ ਪਰ। [4]ਭਾਵ ਸ੍ਰੀ ਗੁਰੂ ਅਮਰਦਾਸ ਜੀ ਦਾ। [5]ਬਲਵਾਨ ਪੁੱਤ੍ਰ ਨੂੰ। [6]ਗੁਰੂ ਜੀ ਦੀ ਜਗਾ।

ਵਨੁ ਅਪਨੇ ਭਵਨੁ ਦੁਸ਼ਮਨ ਦਵਨੁ[1]ਜੁਤ ਸਮੁਦਾਇ। ਨਿਕਸਿ ਮੋਹਿਰੀ ਆਗੇ ਆਇ ਸੁ ਮਿਲਯੋ ਰਿਦੇ ਬਹੁ ਪ੍ਰੇਮ ਬਧਾਇ॥੨੦॥ਪੁੱਤ੍ਰ ਆਦਿ ਪਰਵਾਰ ਅਗਾਰੀ ਮਿਲਯੋ ਗੁਰੂ ਸੋਂ ਆਗੇਆਇ।ਦੁਹਿਦਿਸ਼ਿ ਬੰਦਨ ਕਰੀ ਭਾਉਧਰਿ ਕੁਸ਼ਲ ਪੂਛ ਕਰਿ ਸੁਖ ਕੋ ਪਾਇ। ਸੁੰਦਰ ਮੰਦਿਰ ਬਿਖੈ ਉਤਾਰੇ ਰੁਚਿਰ ਪ੍ਰਯੰਕ ਡਸਾਇ ਲਯਾਇ। ਸਕਲ ਭਾਂਤਿ ਕੀ ਸੇਵਾ ਕੀਨਸਿ ਖਾਨ ਪਾਨ ਆਦਿਕ ਸਮੁਦਾਇ॥੨੧॥ਨਿਸ ਮਹਿਂ ਸੁਪਤੇ,ਉਠੇ ਪ੍ਰਾਤਕੋ,ਜਾਇ ਬਾਵਲੀ ਕੀਨਿ ਸ਼ਨਾਨ।ਸਿਖਸੰਗਤਿ ਤੈਸੀ ਬਿਧਿ ਕਰਿ ਕੈ ਪੁਨਹ ਚੁਬਾਰੇ ਦਰਸ਼ਨ ਠਾਨਿ।ਸ਼੍ਰੀ ਗੁਰੁ ਅਮਰ ਅੰਸਸਭਿ ਮਿਲਿਕੈ ਕੀਨਸਿ ਚਰਚਾ ਆਤਮ ਗਯਾ-ਨਾ।ਭਨਯੋ,ਸੁਨਯੋ,ਮਨ ਗੁਨਯੋ ਭਲੇ ਕਰਿ,ਸਭਿ ਮਹਿਂ ਭਯੋ ਅਨੰਦ ਮਹਾਨ ॥ ੨੨॥ ਕਿਤਿਕ ਦਿਵਸ ਬਸਿ ਪੁਰੀ ਬਿਤਾਇਸਿ ਪੁਨ ਪੂਰਨਮਾਸ਼ੀ ਦਿਨ ਆਇ।ਡੱਲੇਵਾਸੀ ਆਦਿਕ ਸਿਖਗਨ ਭਯੋ ਮੇਲਿ ਆਇ ਸਮੁਦਾਇ।ਘ੍ਰਿਤ, ਮਿਸ਼ਟਾਨ,ਚੂਨ ਗੋਧੂਮ ਕੋ,ਸੂਖਮ ਚਾਵਰ ਸੂਪ[2]ਲਿਆਇ।ਸੰਚੈ ਭਯੋ ਬ੍ਰਿੰਦ ਸਾਮਿੱਗ੍ਰੀ ਦੇਗ ਹੋਤਿ ਸਿਧ ਸ੍ਵਾਦਿ ਰਸਾਇ[3]॥੨੩॥ਸਿੱਖਨ ਬ੍ਰਿੰਦ ਸੇਵਾ ਮਹਿਂ ਠਾਂਢੇ ਕੋ ਜਲ ਆਨਹਿ ਈਂਧਨ ਜਾਲਿ। ਭਯੋ ਅਹਾਰ ਸੁ ਤਯਾਰ ਅਨਿਕ ਬਿਧਿ ਸਿਖ ਸੰਗਤਿ ਥਿਤ ਪੰਗਤ ਨਾਲਿ। ਸ਼੍ਰੀ ਅਰਜਨ ਜਲ ਨਿਜ ਕਰ ਧਰਿ ਕੈ, ਚਰਨ ਪਖਾਰੇ ਪ੍ਰੀਤ ਬਿਸਾਲਿ*।ਮਹਾਂਦੇਵ,ਸੇਵਾ ਮਹੁ ਲਾਗੇ ਬਰ-ਤਾਵਹਿਂ ਬਹੁ ਅਸਨ ਰਸਾਲਿ॥੨੪॥ਮੋਹਨ,ਅਨੰਦ ਮੋਹਰੀ ਆਦਿ ਜਿ ਸਭਿ ਸੰਗਤਿ ਕੀ ਸੇਵ ਕਰੰਤਿ।'ਸ਼੍ਰੀ ਗੁਰੁ ਅਮਰਦਾਸ ਕੋ ਮਖ[4]ਹੈ'ਇਮ ਕਹਿ ਸ-ਗਰੇ ਟਹਿਲ ਚਹੰਤਿ।ਕੇਤਿਕ ਅਚਤਿ।ਕਿਤਿਕ ਬਰਤਾਵਤਿ ਕੇਤਿਕ ਜਲ ਕੋ ਦੇਤਿ ਪਿਵੰਤਿ।ਲੋਕ ਹਜ਼ਾਰਹੁੰ ਮੇਲਿ ਭਯੋ ਬਡ ਅਧਿਕ ਕੁਲਾਹਲ ਸੁਨੇ ਸ਼ੁਭੰਤਿ ॥੨੫॥ ਭਾਉ ਭਗਤਿ ਬਹੁ ਸੰਗਤਿ ਪੰਗਤਿ ਮੰਗਤਿ ਜੋ ਪੂਰਵਤਿ ਅਭਿਲਾਖ।ਬਡ ਉਤਸਵ ਕਰਿ ਪੂਰਨਮਾਸ਼ੀ ਅਸਨ ਖੁਵਾਇ ਖਾਇ ਕਰਿ ਕਾਂਖਿ।ਭਯੋ ਪ੍ਰਮੋਦ ਸਭਿਨਿ ਕੇ ਮਾਂਹੀ ਗੁਰੂ ਅਮਰ ਕੇ ਜਸੁ ਕੋ ਭਾਖਿ।ਕਰਿ

[1]ਭਾਵ ਗੁਰੂ ਜੀ। [2]ਰਸੋਈ ਵਾਸਤੇ। [3]ਤਿਆਰ ਹੁੰਦੀ ਹੈ ਸੁਆਦਲੇ ਰਸਾਂ ਵਾਲੀ। [4]ਯੱਗ।

*ਇਹ ਕਦੇ ਹੋ ਨਹੀਂ ਸਕਦਾ ਕਿ ਕੋਈ ਸਿੱਖ ਗੁਰੂ ਜੀ ਦਾ ਹੱਥ ਆਪਣੇ ਚਰਣਾਂ ਨੂੰ ਲੱਗਣ ਦੇਵੇ। ਕਦੇ ਕਿਸੇ ਪੁੱਤ੍ਰ ਨੇ ਕਿਸੇ ਪੰਗਤ ਵਿਚ ਬਹਿਕੇ ਪਿਤਾ ਤੋਂ ਪੈਰ ਨਹੀਂ ਧੁਆਏ, ਇਹ ਕਦ ਹੋ ਸਕਦਾ ਹੈ ਕਿ ਪ੍ਰੀਤ ਤਾਰ ਪ੍ਰੋਤੇ ਅਦਬਾਂ ਸੁਆਰੇ ਸਿੱਖ ਗੁਰੂ ਜੀ ਦੇ ਕਰ ਕਮਲਾਂ ਅੱਗੇ ਆਪਣੇ ਪੈਰ ਕਰ ਦੇਣ। ਗੱਦੀ ਦੇਣ ਵੇਲੇ ਗੁਰ ਨਾਨਕ ਦੇਵ ਜੀ ਦੇ ਝੁਕਣ ਉਤੇ ਗੁਰੂ ਅੰਗਦ ਜੀ ਕੀਕੂੰ ਵ੍ਯਾਕੁਲ ਹੋਏ ਸਨ।

ਗੁਰ ਦਰਸ਼ਨ ਹਰਖਤਿ ਹ੍ਵੈ ਕਰਿ ਬਹੁ ਨਰ ਮਿਲੇ ਭਾਉ ਚਿਤ ਰਾਖਿ॥੨੬॥ ਇਮ ਪੂਰਨਮਾਸ਼ੀ ਕੋ ਮੇਲਾ ਗੁਰੁ ਦਰਸ਼ਨ ਕਰਿ ਨਰ ਸਮੁਦਾਇ। ਆਜ-ਦਿਵਸ ਮਹਿਂ ਗੁਰੂ ਅਮਰ ਕੋ ਦੇਖਨਿ ਕੋ[1] ਫਲ ਕੋਨਰ ਪਾਇ।ਸਭਿ ਸੰਗਤਿ ਮਹਿਂ ਆਇ ਪ੍ਰਵੇਸ਼ਤਿ ਮਹਾਂ ਮਹਾਤਮ ਕਹ੍ਯੋ ਨ ਜਾਇ। ਗੁਰੁ ਜਸੁ ਕੋ ਇਮ ਉਚਰਤਿ ਗਮਨੇ ਆਪੋ ਅਪਨੇ ਸਦਨ ਸਿਧਾਇ॥੨੭॥ ਦੋਹਰਾ॥ ਮੇਲਾ ਭਯੋ ਸੁ ਬਿਛਰਗਾ ਸ਼੍ਰੀ ਅਰਜਨ ਕਰਿ ਬਾਸ। ਪੂਰਨਮਾ ਪੀਛੇ ਰਹੇ ਮੋਹਨ, ਮੁਹਰੀ ਪਾਸ ॥ ੨੮ ॥ ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰਾਸੇ 'ਗੋਇੰਦਵਾਲ ਗਮਨ' ਪ੍ਰਸੰਗ ਬਰਨਨੰ ਨਾਮ ਇਕਬਿੰਸਤੀ ਅੰਸੂ ॥ ੨੧ ॥

੨੨. [ਮਹਾਂਦੇਵ ਜੀ ਦਾ ਪ੍ਰਲੋਕ ਗਮਨ]।

ਦੋਹਰਾ ॥ ਪੂਰਨਮਾ ਕੇ ਜੱਗਯ ਮਹਿਂ ਸਿਖ ਮੇਲਾ ਦਰਸਾਇ। ਦਰਸ਼ਨ ਜਿਮ ਸ਼੍ਰੀ ਅਮਰ ਕੋ ਫਲ ਤੈਸੇ ਨਰ ਪਾਇ॥੧॥ਸੈਯਾਛੰਦ॥ਸ਼੍ਰੀ ਅਰਜਨ ਪੁਨ ਪੁਰਿ ਮਹਿਂ ਬਾਸੇ ਹੋਤਿ ਭਯੋ ਅਤਿਸ਼ੈ ਸਤਿਸੰਗ।ਨਿਤਪ੍ਰਤਿ ਚਰਚਾ ਆਤਮ ਕੇਰੀ ਕਰਹਿਂ ਜਾਨਿ-ਇਹ ਤਨੁ ਛਿਨ ਭੰਗ-। ਭਜਨ ਪਰਾਇਨਿ ਇਕ ਰਸ ਹ੍ਵੈ ਕਰਿ ਪ੍ਰੀਤਿ ਵਧਹਿ ਪਰਮੇਸ਼ੁਰ ਸੰਗ। ਸਭਿ ਕੋ ਉਪਦੇਸ਼ਤਿ ਮ੍ਰਿਦੁ ਬਾਕਨਿ ਜਿਸ ਤੇ ਚਢਹਿ ਭਗਤਿ ਕੋ ਰੰਗ ॥੨॥ ਸਵਾ ਜਾਮ ਜਾਮਨਿ ਤੇ ਕਿਰਤਨੁ ਕਰਹਿਂ ਰਬਾਬੀ ਸ਼ਬਦ ਉਚਾਰਿ।ਸ਼੍ਰੀ ਅਰਜਨ ਜੁਤ ਮੁਹਰੀ ਆਦਿਕ ਸੁਨੈ ਸਕਲ ਅਰੁ ਕਰਹਿਂ ਬਿਚਾਰ। ਮਿੱਥ੍ਯਾ ਜਗਤ ਜਾਨਿ ਕਰਿ ਨਿਸ਼ਚੈ ਅੰਤਰਬ੍ਰਿਤੀ ਕਰਹਿਂ ਸੁਖ ਕਾਰ। ਮਨੋ ਮਹਾਂ ਮੁਨਿ ਮਨ ਸੁਧ ਕਰਿਬੇ ਕਪਲ ਰਿਖੀ ਜੁਤ ਕੇ ਅਨੁਹਾਰ[2]॥੩॥ਦੇਖਿਪ੍ਰਤਾਪ ਅਨੁਜਕੋ ਤਬਿਹੀ ਜਿਨਕੇ ਉਪ-ਦੇਸ਼ਤਿ ਹੁਇ ਗ੍ਯਾਨੁ। ਭ੍ਰਾਤ ਸਬੰਧ ਜਾਨਿ ਕਰਿਕੂਰੋ ਮਹਾਂਦੇਵ ਸ਼ਰਧਾਲੁ ਮਹਾਨਾਤਨ ਤਜਿਬੇ ਕੋ ਸਮੈਂ ਨਿਕਟ ਲਖਿ ਜਨਮ ਸਫਲਤਾ ਚਹਿ ਮਨ ਮਾਨਿ।ਸ਼੍ਰੀ ਅਰਜਨ ਕੋ ਲਖਿ ਇਕਾਂਤ ਮਹਿਂ ਗਯੋਸਮੀਪ ਬੈਠਿ ਹਿਤ ਠਾਨਿ ॥ ੪ ॥ 'ਸ਼੍ਰੀ ਸਤਿਗੁਰੁ ਕੀ ਗਾਦੀ ਪਰ ਤੁਮ ਈਸ਼ੁਰ ਕੇ ਸਰੂਪ ਅਵਤਾਰ। ਮੈਂ ਭ੍ਰਾਤਾ ਹੀ ਜਾਨਤਿ ਨਿਤ ਚਿਤ,ਅਬਿ ਬਖਸ਼ੋ ਤੁਮ ਰਿਦਾਉਦਾਰ।ਉਪ-ਦੇਸ਼ਹੁ ਇਹੁ ਆਤਮ ਕੋ ਹੈ[3],ਕਿਮ ਬੰਧਨ ਮੈਂ ਦੁਖ ਗਨ ਧਾਰਿ?ਕਿਮ ਸੁਖ ਲਹੈ,ਦਹੈ ਜਗ ਸੰਕਟ,ਮੋਹਿ ਸੁਨਾਵਹੁ ਭਲੀ ਪ੍ਰਕਾਰ' ॥੫॥ ਸ਼੍ਰੀ ਅਰਜਨ ਸ਼ਰਧਾਲੁ ਭ੍ਰਾਤ ਲਖਿ ਅਰੁ ਜਾਨ੍ਯੋ ਤਨੁ ਤਜਿਬੇ ਕਾਲ।-ਉੱਤਮ ਅਧਿ-

---

[1]ਦਰਸ਼ਨ ਕਰਨ ਦਾ। [2]ਵਾਂਙੂ। [3]ਕੀਹ ਹੈ।

ਕਾਰੀ,ਲਘੁ ਕਹਿਬੇ[1]ਸਮਝਹਿ ਗੋ ਬ੍ਰਹਮਗਯਾਨ ਬਿਸਾਲ–। ਕਰਨਿ ਲਗੇ ਉਪਦੇਸ਼ ਮ੍ਰਿਦੁਲ ਬਚ ਭ੍ਰਾਤ ਸੁਨਹੁ ਇਹ ਬਾਤ ਸੁਖਾਲ। ਆਪਹਿ ਬੰਧਨ ਲਹਿ ਦੁਖ ਭੋਗਤਿ ਸ੍ਰੀਨਾਨਕ ਕਹਿ ਗਿਰਾ ਰਸਾਲ॥੬॥ ਸਲੋਕ ਮ: ੧ ॥

ਨਾਨਕ ਇਹੁ ਤਨੁ ਜਾਲਿ ਜਿਨਿ ਜਲਿਐ ਨਾਮੁ ਵਿਸਾਰਿਆ ॥
ਪਉਦੀ ਜਾਇ ਪਰਾਲਿ ਪਿਛੈ ਹਥੁ ਨ ਅੰਬੜੈ ਤਿਤੁ ਨਿਵੰਧੈ ਤਾਲਿ* ॥੧॥

ਸੈਯਾ ਛੰਦ ॥ ਪ੍ਰਥਮ ਕੁਬੰਧਨ[3] ਪਰਯੋ ਸੁਨਹੁ ਸੋ ਅਹੈ ਆਤਮਾ ਤਾਲ ਸਮਾਨ। ਤਨੁ ਹੰਤਾ ਧਾਰਨਿ ਇਨ ਕੀਨੀ ਮੈ ਦਿਜ ਖ਼ੱਤ੍ਰੀ ਬੈਸ[4] ਸੁਜਾਨ। ਇੱਤ੍ਯਾਦਿਕ ਤਨ ਅਪਨਿ ਰੂਪ ਲਖਿ ਭਯੋ ਜਾਲਿ ਹਰਿਆਵਲਿ[5]ਆਨਿ। ਜਲ ਕੋ ਕਰਯੋ ਅਛਾਦਨ ਜੈਸੇ ਤਿਮ ਸਰੂਪ ਨਿਜ ਛਾਦਨਿ ਠਾਨਿ

---

[1]ਥੋੜਾ ਹੀ ਕਹਿਣ ਨਾਲ। [2]ਨੀਵੇਂ ਥਾਂ। [3]ਖੋਟੇ ਬੰਧਨਾਂ ਵਿਖੇ। [4]ਵੈਸ਼। [5]ਹਰਿਆਵਲ ਦਾ ਜਾਲਾ।

*ਗਜਾਨੀ ਇਸ ਸ਼ਲੋਕ ਦਾ ਅਰਥ ਇਉਂ ਕਰਦੇ ਹਨ:–ਇਸ ਸ਼ਰੀਰ ਨੂੰ ਸਾੜ ਜਿਸ ਸੜੇ ਹੋਏ ਨੇ ਨਾਮ ਭੁਲਾ ਦਿੱਤਾ ਹੈ, ਪਰਾਲੀ ਉਤੇ ਪੈਂਦੀ ਜਾਂਦੀ ਹੈ, ਪਿਛੋਂ ਉਸ ਨੀਵੇਂ ਤਾਲ ਵਿਚ ਹੱਥ ਨਹੀਂ ਪਹੁੰਚ ਸਕੇਗਾ। ਭਾਵ ਦੇਹ ਅਭਿਮਾਨ ਨੂੰ ਗਜਾਨ ਅਗਨੀ ਨਾਲ ਸਾੜ ਦੇਹ, ਜਿਸ ਤ੍ਰਿਸ਼ਨਾ ਨਾਲ ਸੜੇ ਹੋਏ ਨੇ ਨਾਮ ਵਿਸਾਰ ਦਿੱਤਾ ਹੈ, ਉਸ ਰਿਦੇ ਰੂਪੀ ਨੀਵੇਂ ਤਲਾ ਵਿਚ ਪ੍ਰਾਲੀ, ਮੈਲ ਪੈ ਰਹੀ ਹੈ ਤਾਂਤੇ ਪਹਿਲਾਂ ਹੀ ਆਤਮ ਵਸਤੂ ਨੂੰ ਕੱਢ ਲੈ (ਜਾਣ ਲੈ)। ਜਦ ਓਥੇ ਬਹੁਤ ਮੈਲ ਹੋ ਗਈ ਤਾਂ ਬੁੱਧੀ ਰੂਪੀ ਹੱਥ ਉਥੇ ਨਹੀਂ ਅੱਪੜੇਗਾ। ਪਰ ਭਾਈ ਸੰਤੋਖ ਸਿੰਘ ਜੀ ਨੇ ਅਰਥ ਭਾਵ ਐਉਂ ਲਾਇਆ ਹੈ–ਆਤਮ ਇਕ ਤਲਾਉ ਦੇ ਸਮਾਨ ਹੈ, ਇਸ ਨੇ ਤਨ ਹੰਤਾ ਧਾਰਨ ਕੀਤਾ ਹੈ ਕਿ ਇਹ ਤਨ ਮੈਂ ਹਾਂ, ਮੈਂ ਅਮਕ ਹਾਂ ਢਮਕ ਹਾਂ, ਇਹ ਇਸ ਤਲਾ ਉਤੇ ਜਾਲਾ ਆ ਗਿਆ ਹੈ, ਪਾਣੀ ਉਤੇ ਬੂਰ ਕਾਈ ਜੋ ਹੋ ਜਾਵੇ ਸੋ ਜਾਲਾ ਕਹੀਦਾ ਹੈ। ਜਾਲਾ ਜਿਵੇਂ ਪਾਣੀ ਦੇ ਸ਼ੁੱਧ ਰੂਪ ਨੂੰ ਛਾਦ ਲੈਂਦਾ ਹੈ ਤਿਵੇਂ ਤਨਹੰਤਾ ਨੇ ਆਪਣੇ ਸਰੂਪ ਆਤਮਾ ਨੂੰ ਛਾਦ ਲਿਆ ਹੈ, ਜਦੋਂ ਇਹ ਤਨ ਹੰਤਾ ਧਾਰਨ ਕੀਤੀ ਤਦੋਂ ਇਸ ਨੇ ਨਾਮ ਭੁਲਾ ਦਿੱਤਾ, ਨਾਮ ਦਾ ਅਰਥ ਏਥੇ ਕਵਿ ਜੀ–ਅਹੰ ਬ੍ਰਹਮ–ਕਰਦੇ ਹਨ। 'ਜਲਿਐ' ਦਾ ਆਪ ਅਰਥ ਕਰਦੇ ਹਨ, ਇਸ ਅਛਾਦਨ ਹੋਏ ਨੇ। ਪਰਾਲ=ਪ੍ਰਾਲੀ=ਘਾਸ ਫੂਸ। ਉਸ ਜਾਲੇ ਉਤੇ ਘਾਸ ਫੂਸ ਜਮਾਂ ਹੋਕੇ ਸਾਰਾ ਤਲਾ ਅਟ ਜਾਂਦਾ ਹੈ ਇਸ ਤੋਂ ਕਵਿ ਜੀ ਭਾਵ ਲੈਂਦੇ ਹਨ ਮਮਤਾ ਦਾ, ਕਿ ਤਨਹੰਤਾ ਪਰ ਮਮਤਾ ਦਾ ਘਾਸਫੂਸ ਪੈ ਗਿਆ ਕਿ ਇਹ ਮੇਰਾ ਘਰ ਹੈ ਇਹ ਮੇਰੀ ਇਸਤ੍ਰੀ ਹੈ ਇਹ ਮੇਰਾ ਪੁੱਤ੍ਰ ਹੈ। ਤਨਹੰਤਾ ਤੇ ਮਮਤਾ, ਯਾ ਕਹੋ ਕਿ 'ਮੈਂ ਮੇਰੀ' ਦਾ ਪਰਦਾ ਹੁਣ ਮੋਟਾ ਹੋ ਗਿਆ ਹੈ ਹੁਣ ਬ੍ਰਿਤੀ ਇਸ ਨੂੰ ਫਾੜਕੇ ਜਲ ਤਾਈਂ ਭਾਵ ਆਤਮ ਤੱਤ ਵਸਤੂ ਤਾਈਂ ਅੱਪੜਦੀ ਨਹੀਂ, ਏਹ ਦੋਵੇਂ ਦੁਖ ਦੇ ਦਾਤੇ ਹਨ। ਬ੍ਰਿਤੀ ਤੋਂ ਬਾਹਰਮੁਖੀ ਵਾਸ਼ਨਾ ਉਠਦੀਆਂ ਹਨ, ਉਹ ਜਨਮ ਮਰਣ ਦੀਆਂ ਦਾਤੀਆਂ ਹਨ। ਜੇ ਤਨਹੰਤਾ ਤੇ ਮਮਤਾ ਤਯਾਗ ਦੇਵੇ ਤਾਂ ਆਤਮਾ ਨੂੰ ਲਖ ਲੈਂਦਾ ਹੈ।

॥੭॥ਅਹੰ ਬ੍ਰਹਮ ਇਹ ਨਾਮ ਬਿਸਾਰਯੋ ਤਨੁ ਹੰਤਾ ਜਬਿ ਧਾਰਨਿ ਕੀਨਿ। ਪੁਨਹੁ ਪਰਾਲ ਘਾਸ ਅਰੁ ਫੂਸ ਜੁ ਪਰਯੋ ਜਾਲ[1] ਪਰਿ ਭਾ ਬਹੁ ਪੀਨ[2]। ਤਿਮਿ ਹੰਤਾ ਪਰ ਮਮਤਾ ਉਪਜੀ ਮਮ ਸੁਤ, ਮਮ ਗ੍ਰਿਹ,ਤ੍ਰਿਯ, ਧਨ ਚੀਨ। ਜਲ ਸਮ ਆਤਮ ਅਧਿਕ ਅਛਾਦਯੋ ਪਰਦਾ ਮੋਟੋ ਭਯੋ ਨਵੀਨ ॥੮॥ ਬ੍ਰਿੱਤਿ ਨ ਪਹੁੰਚੈ ਇਨ ਦੁਇ ਕੋ ਤਜਿ ਫਸਯੋ ਇਨਹੁਂ ਮਹੁਂ, ਜਾਨੈ ਨਾਂਹਿ। ਜਬਿ ਸਤਿਗੁਰੁ ਉਪਦੇਸ਼ ਜਤਨ ਕੋ[3] ਜਲ ਆਤਮ ਪ੍ਰਾਪਤਿ ਨਿਜ ਮਾਂਹਿ। ਇਨ ਦੋਨਹੁਂ ਤੇ ਦੁਖ ਕੋ ਭੋਗਹਿ ਅਤਿ ਦੁਖ ਕੋ ਸੁਖ ਲਖਿ ਚਿਤ ਚਾਹਿ। ਵਹਿਰ ਬ੍ਰਿਤਿ ਤੇ ਉਠਹਿ ਵਾਸ਼ਨਾ ਤਿਨ ਅਨੁਸਾਰ ਜਨਮ ਕੋ ਪਾਹਿ ॥ ੯ ॥ ਇਹ ਪਰਦੋ ਤਨੁਹੰਤਾ ਮਮਤਾ ਤਯਾਗੇ ਤੇ ਆਤਮ ਲਖਿ ਲੇਤਿ।ਮਨ ਕੋ ਇੰਦ੍ਰਯ ਸੰਗਿ ਸਬੰਧਜੁ[4]ਇਹ ਬੰਧਨ ਅਤਿਸ਼ੇ ਦੁਖ ਦੇਤਿ। ਇੰਦ੍ਰਯ ਤੇ ਹਟਿ ਕਰਿ ਹੁਇ ਫਿਰ ਜਬਿ ਟਿਕ ਜਾਵੈ ਮਨ ਰਿਦੇ ਨਿਕੇਤਿ। ਸੋ ਮੁਕਤੀ ਹੈ ਸੁਖਦ ਪਰਮਗਤਿ ਕਹਤਿ ਸੰਤ ਸਭਿ ਬੇਦ ਸਮੇਤਿ ॥੧੦॥ ਬੁਧਿ ਤੇ ਗੋਯ[5] ਆਤਮਾ ਬ੍ਰਹਮ ਜੁ ਨਹਿਂ ਕਿਸ ਇੰਦ੍ਰੀ ਬਿਸ਼ਯ ਬਿਚਾਰ। ਗਯਾਤਾ ਪਾਇ ਅਨੰਦ ਉਦਧਿ ਕੀਤਤਛਿਨ ਮਿਲਹੈ ਤਾਂਹਿ ਮਝਾਰ।ਨਹੀਂ ਬਾਸ਼ਨਾ ਉਠਹਿ ਬਹੁਰ ਕਬਿ ਜਨਮ ਮਰਨ ਨਹਿਂ ਹੁਇ ਸੰਸਾਰ। ਸਾਰਿ ਅਸਾਰ ਬਿਚਾਰ[6] ਧਾਰ ਕਰਿ ਸਾਰ ਗਹੈ ਸਭਿ ਤਯਾਗ ਅਸਾਰ॥੧੧॥ਅੰਤਰ ਬ੍ਰਿਤੀ ਹੋਇ ਕਰਿ ਜਾਨਹੁ, ਵਹਿਰ ਨਹੀਂ ਕੁਛ,ਸਭਿ ਇਸ ਮਾਂਹਿ[7]। ਮਹਾਂ-ਦੇਵ ਸੁਨਿ ਦ੍ਰਿਗ ਜੁਗ ਮੂੰਦੇ ਅੰਤਰਿ ਬ੍ਰਿਤਿ ਤੇ ਵਹਿਰ ਨ ਆਹਿ। ਤਤ-ਛਿਨ ਲਗੀ ਸਮਾਧਿ ਅਚਲਿ ਚਿਤ ਰਸ ਕੋ ਪਾਇ ਤਜਤਿ ਸੋ ਨਾਂਹਿ।ਬੀਤ ਗਏ ਜੁਗ ਜਾਮ ਥਿਰਯੋ ਜਬਿ ਸ਼੍ਰੀ ਅਰਜਨ ਤਬਿ ਗਹਿ ਕਰਿ ਬਾਂਹਿ॥੧੨॥ 'ਧੰਨ ਬ੍ਰਿੱਤਿ ਤੁਮਰੀ ਗੁਰੁਸੁਤ ਹੋ,ਕਹੇ ਤਨਕ ਤੇ[7] ਉਪਜਯੋਗਯਾਨੁ।ਲਹਹੁ ਸਮਾਧਿ ਵਹਿਰ ਕੀ ਅਬਿ ਤੁਮ ਜਗਤ ਆਪਨੋ ਰੂਪ ਪਛਾਨ। ਬ੍ਰਹਮ ਸੁ ਦੀਸਹਿ ਬ੍ਰਹਮ ਸੁ ਸੁਨੀਯੈ ਤਿਸ ਬਿਨੁ ਊਨ ਨਹੀਕੋ ਥਾਨ।ਜਾਗਤਿ ਸੁਪ-ਤਿ ਉਠਤਿ ਅਰੁ ਬੈਠਤਿ ਫਿਰਤਿ ਸਥਿਤਿ ਇਕ ਰਸ ਬ੍ਰਿਤਿ ਠਾਨਿ'॥੧੩॥ ਦ੍ਰਿਗ ਉਘਾਰ ਕਰਿ ਅਨੁਜ ਬਿਲੋਕਯੋ ਮਹਿਮਾ ਮਹਾਂ ਜਾਨਿ ਸੁਖ ਪਾਇ

[1]ਜਾਲਾ, ਕਾਈ। [2]ਗਾਹੜਾ। [3]ਕੋਈ ਜਤਨ (ਦੱਸਦੇ ਹਨ)। [4]ਮਨ ਦਾ ਇੰਦ੍ਰੀਆਂ ਨਾਲ ਜੋ ਸੰਬੰਧ ਹੈ। [5]ਜਾਣਨ ਯੋਗ। [6]ਸਤਿ,ਅਸਤਿ ਦਾ ਵਿਚਾਰ। [7]ਥੋੜਾ ਕਹਿਣ ਤੇ।

ਨਿਸ ਬਾਸੁਰ ਕੀ ਮਹਾਂ ਸਮਾਧੀ ਸੋ ਸਭਿ ਜਾਨੀ ਇਕਰਸ ਭਾਇ। ਏਕ ਆਤਮਾ ਪੂਰਨ ਨਭ ਸਮ, ਅੰਤਰ ਵਹਿਰ ਬ੍ਰਹਮ ਦ੍ਰਿਸ਼ਟਾਇ।ਨਮਸਕਾਰ ਕਰਿ ਉਠਤਿ ਭਯੋ ਤਬਿ'ਕਹਾਂ ਭਯੋ ਇਹ'ਚਿਤ ਬਿਸਮਾਇ॥੧੪॥ਰਾਗ ਨ ਦ੍ਵੈਸ਼ ਨ ਮੋਹ ਨ ਮਾਯਾ ਪਰਦਾ[1] ਮਿਟਯੋ,ਪਛਾਨਯੋ ਏਕ।ਇਕ ਦੁਇ ਦਿਨ ਪੁਨ ਬਸੇ ਤਿਸੀ ਪੁਰਿ ਅਤਿ ਸੁਖ ਪਾਇਸਿ ਪਰਮ ਬਿਬੇਕ[2]।ਤਬਿ ਸ੍ਰੀ ਅਰ-ਜਨ ਗਿਰਾ ਬਖਾਨੀ 'ਸੁਨਹੁ ਭ੍ਰਾਤ ਤਨ ਤਜਿਬੇ ਟੇਕ[3]। ਦੋਇ ਦਿਵਸ ਮਹਿਂ ਪ੍ਰਾਨਨਿ ਤ੍ਯਾਗਹੁ,ਬਸਹਿਂ ਇਹਾਂ,ਹਹਿਂ ਸਿੱਖ੍ਯ ਅਨੇਕ॥੧੫॥ਸ੍ਰੀ ਗੁਰੁ ਅਮਰ ਅੰਸ ਹੈ ਇਹਠਾਂ ਪਿਤ[4], ਨਾਨੇ[5] ਤਨੁ ਤ੍ਯਾਗਨਿ ਥਾਨ।ਜਯੋਂ ਗਜ ਫੂਲ ਮਾਲ ਕੋ ਡਾਰੇ,ਤਿਮ ਤੁਮਤ੍ਯੋ ਦੇਹਿ ਸੁਖ ਮਾਨਿ'।ਸੁਨਤਿ ਪ੍ਰਫੁੱਲਿਤਿ ਮਹਾਂਦੇਵ ਭਾ 'ਅਬਿ ਕੁਛ ਕਰਨੋ ਰਹਯੋ ਨ ਜਾਨ। ਨਹਿਂ ਚਿੰਤਾ ਤਨ ਰਾਖਨਿ ਤ੍ਯਾਗਨਿ, ਹੋਹਿ ਭਲੇ ਗਤਿ ਕਰਮਨਿ ਠਾਨਿ[6] ॥੧੬॥ ਮੈਂ ਨਿਤ ਅਮਰ,ਨ ਜਨਮ ਨ ਮਰਨੋ,ਮਿੱਥ੍ਯਾ ਦੇਹ ਨ ਥਿਰਤਾ ਪਾਇ'।ਇਮ ਕਹਿ ਰਹਯੋ ਅਨੰਦਤਿ ਅਤਿਸ਼ੈ ਭ੍ਰਮ ਅੱਗ੍ਯਾਨ ਸਮੇਤਿ ਬਿਹਾਇ। ਬੀਤ ਗਏ ਦਿਨ,ਸਮਾਂ ਸੁ ਆਯੋ ਜਾਨਯੋ ਤਨਕੋ ਤਜਨਿ ਸੁਭਾਇ[7]।ਸ੍ਰੀ ਅਰਜਨਢਿਗ ਹ੍ਵੈ ਕਰਿ ਪੌਢਯੋ ਕਹਯੋ'ਪ੍ਰਾਨ ਅਬਿ ਮੇਰੋ ਜਾਇ'॥੧੭॥ਤਬਿ ਸਤਿਗੁਰੁ ਪਰ-ਵਾਰ ਸਹਤ ਕੋ ਮੁਹਰੀ ਤਤਛਿਨ ਲੀਨਿ ਬੁਲਾਇ। ਸੰਸਰਾਮ ਜਿਹ ਸਾਥ ਅਰਥਮਲ ਸਿਖ ਸੰਗਤਿ ਆਨੰਦ ਸੁ ਆਇ।ਸੱਤਾ ਅਰੁ ਬਲਵੰਡ ਬੁਲਾਏ 'ਕਰਹੁ ਕੀਰਤਨ' ਬਚ ਫੁਰਮਾਇ। ਭਈ ਭੀਰ ਧੁਨਿ ਉਠੀ ਸ਼ਬਦ ਕੀ ਸੁਨਿ ਬੈਰਾਗ ਸਭਿਨਿ ਉਪਜਾਇ॥ ੧੮॥ ਮਹਾਂਦੇਵ ਸਭਿਹਿਨਿ ਕੋ ਪਿਖਿ ਕਰਿ ਕਰ ਕੋ ਜੋਰਿ ਬੰਦਨਾ ਕੀਨਿ।'ਛਿਮਹੁ ਸਰਬ ਹੀ ਜੇ ਮਮ ਅਵਗੁਨ ਸਤਿ ਸੰਗਤਿ ਗੁਰ ਸਿੱਖ੍ਯ ਪ੍ਰਬੀਨ !। ਦੇਹੁ ਸਕਲ ਬਰ, ਮਨ ਲਹਿ ਥਿਰੁ ਉਰ ਪਰਮੇਸ਼ੁਰ ਮੈਂ ਹੋਵਸਿ ਲੀਨ'।ਸੁਨਿਕਰਿ ਸਭਿਨਿ ਨਮੋ ਤਿਸਕੋ ਕਰਿ, ਅੱਸ਼੍ਰ ਭਰੇ ਦ੍ਰਿਗ ਤਨੁ ਤਜਿ ਚੀਨ[8]॥੧੯॥ਪੌਢਯੋ ਪਾਇ ਬਦਨ ਪਰਅੰਬਰ, ਤਤੱਛਿਨ ਤਨ ਤਜਿ ਸਭਿਨਿ ਮਝਾਰ।ਲੀਨ ਭਯੋ ਸ੍ਰੀਅਰਜਨ ਮਹਿਂਤਬਿ ਲਹੀ ਏਕਤਾ ਗਤੀ ਉਦਾਰ।'ਧੰਨ੍ਯ ਧੰਨ੍ਯ'ਮੁਖ ਕਰਹਿਂ ਉਚਾਰਨਿ ਉਸ-

---

[1]ਭਾਵ ਭਰਮ ਦਾ ਪਰਦਾ। [2]ਗਿਆਨ ਦਾ। [3]ਸਰੀਰ ਨੇ ਕਿੰਨਾ ਕੁ ਟਿਕਣਾ ਹੈ ਕਦੋਂ ਕੁ ਛੁੱਟਣਾ ਹੈ। [4]ਭਾਵ ਸ੍ਰੀ ਗੁਰੂ ਰਾਮਦਾਸ ਜੀ। [5]ਭਾਵ ਸ੍ਰੀ ਗੁਰੂ ਅਮਰਦਾਸ ਜੀ। [6](ਆਪ ਦੀ) ਬਖਸ਼ਸ਼ ਕਰਕੇ।(ਅ) ਕਰਮ ਗਤੀ ਅਨੁਸਾਰ ਜੋ ਹੋਏ ਸੋ ਭਲਾ ਹੈ। [7]ਸੁਭਾਵਕ ਹੀ। [8]ਤਿਆਗਣਾ ਜਾਣਕੇ।

ਭਤਿ ਸੁਜਸੁ ਭਨਤਿ ਬਹੁ ਬਾਰ। ਸੱਤਿਨਾਮ ਸਿਮਰਹਿਂ ਬੈਰਾਗਹਿਂ 'ਇਹ ਜਗ ਸਗਰੋ ਦੀਸਤਿ ਛਾਰ[1]'॥੨੦॥ਸਸਿਕਾਰਿਨਿ ਕੀ ਬਿਧਿ ਸਭਿ ਕੀਨਸਿ ਜਲ ਬਾਪੀ ਤੇ ਤਾਂਹਿ ਸ਼ਨਾਨ। ਸੁੰਦਰ ਬਸਤ੍ਰ ਸਰਬ ਪਹਿਰਾਇਵ ਬਹੁ ਧਨ ਤੇ ਬਨਵਾਇ ਬਿਬਾਨ। ਚਹੁੰਦਿਸਿ ਮਹਿਂ ਸੁਮਨਸਿ[2] ਲਰਕਾਇਸਿ ਪਾਇ ਦੁਸ਼ਾਲਾ ਮੋਲ ਮੰਹਾਨ। ਗਨ ਚੰਦਨ ਅਰੁ ਸੰਚੈ ਕਾਸ਼ਟ ਤੀਰ ਬਿਪਾਸਾ ਡਾਰੇ ਆਨਿ॥੨੧॥ਸ਼੍ਰੀਅਰਜਨ ਅਰੁਸੰਗ ਮੋਹਰੀ,ਬ੍ਰਿਧ,ਗੁਰਦਾਸ ਆਦਿ ਸਮੁਦਾਇ। ਕੰਧ ਉਠਾਇ ਚਲੇ ਪੁਰਿ ਬਾਹਿਰ ਧੁਨਿ ਸੰਖਨਿ ਕੀ ਅਧਿਕ ਬਜਾਇ।ਚਮਰ ਢੁਰਾਵਤਿ ਜਾਤਿ ਬ੍ਰਿੰਦ ਨਰ ਤੀਰਬਿਪਾਸਾ ਸੁੰਦਰ ਥਾਇਂ। ਚਿਨਿ ਕਰਿ ਚਿਤਾ ਸੁ ਚੰਦਨ ਗਨ ਤੈ ਊਪਰ ਦੇਹਿ ਧਰਨੋ ਉਚ-ਵਾਇ॥੨੨॥ਸ਼੍ਰੀਅਰਜਨ ਕਰਲੀਨਿ ਅਗਨਿ ਤਬਿਨਰਅਨੁਸਾਰ[3]ਰੁਦਨ* ਕੋ ਠਾਨਿ।ਕੀਨਿਲਗਾਵਨਿ ਊਚੇ ਰੋਦਤਿ*ਦਿਖਿ ਸਭਿਹੀਕੇ ਅੱਸ਼ੂਚੁਚਾਨਿ। ਬ੍ਰਿਧ ਨੇ ਸਭਿ ਸਮੁਝਾਏ ਕਹਿ ਕਹਿ 'ਕਰਹੁ ਨ ਸ਼ੋਕ ਇਹੀ ਮਗ ਜੌਨਿ[4]। ਮਿਥਨਾ ਤਨ ਹੈਂ ਬਿਨਸਨਿ ਹਾਰੇ,ਮੇਲਿ ਬਨਜੋ ਜਲ ਨਾਉ ਸਮਾਨਿ॥੨੩॥ ਜਥਾ ਪ੍ਰਵਾਹ ਨਦੀ ਕੋ ਚਲਿ ਹੈ ਤ੍ਰਿਣ ਮਿਲਿ ਜਾਹਿਂ ਬਿਛੁਰਤੇ ਫੇਰਿ।ਤਥਾ ਸੰਬੰਧ ਸ਼ਰੀਰਨਿ ਸਭਿ ਕੋ ਗਜਾਨੀ ਜਾਨਹਿ ਜਗ ਇਮ ਹੇਰਿ। ਕਹਾਂ ਸ਼ੋਕ ਇਸ ਤਨ ਕੋ ਕਰਿਬੋ, ਨਿਤ ਪਰਣਾਮੀ ਨਸਹਿ ਅਦੇਰਿ[5]। ਏਕ ਆਤਮਾ ਸੋ ਸਤਿ ਸਮਝਹੁ ਆਇ ਨ ਜਾਇ ਅਨੰਦ ਬਡੇਰ'॥੨੪॥ਇਮ ਸੁਨਿ ਕਰੀ ਕਪਾਲ ਕ੍ਰਿਆ[6] ਉਠਿ ਪੁਨਹ ਬਿਪਾਸਾ ਨੀਰ ਸ਼ਨਾਨ। ਗਾਇ ਰਾਗ ਵਡਿ-ਹੰਸ ਰਬਾਬੀ ਪੌੜੀ ਲਾਇ ਸੁਨਾਵਹਿਂ ਕਾਨ। ਦੀਨਿ ਤਿਲਾਜੁਲ* ਨਾਮ

---

[1]ਖੇਹ ਰੂਪ। [2]ਫੂਲ ਮਾਲ। [3]ਸੰਸਾਰੀ ਪੁਰਸ਼ਾਂ ਵਾਕੂੰ। [4]ਇਹੋ ਰਾਹ ਹੈ। ਭਾਵ ਮਰਨਾ ਇਕ ਅਟਲ ਬਾਤ ਹੈ। [5]ਦਿਨੋ ਦਿਨ ਘਟਣ ਵਾਲਾ, ਨਾਸ਼ ਹੁੰਦਾ ਹੈ ਦੇਰੀ ਤੋਂ ਬਿਨਾ। [6]ਸੜਦੇ ਹੋਏ ਮੁਰਦੇ ਦੇ ਸਿਰ ਨੂੰ ਸੋਟੇ ਨਾਲ ਫੋੜਨਾ।

*ਜੋ ਉਪਦੇਸ਼ ਸਤਿਗੁਰਾਂ ਨੇ ਮਹਾਂਦੇਵ ਜੀ ਨੂੰ ਦਿਤਾ ਹੈ, ਉਸ ਉਪਦੇਸ਼ ਦਾ ਦਾਤਾ ਕਦੇ ਐਉਂ ਨਹੀਂ ਰੋ ਸਕਦਾ ਤੇ ਵੇਰ ਮਨੁਖਾਂ ਵਾਂਕੂ ਬਨਾਵਟ ਕਰਕੇ, ਇਹ ਅਣਹੋਣੀ ਬਾਤ ਹੈ। ਕਵਿ ਜੀ ਈਸ਼੍ਵਰ ਕੋਟੀ ਦੇ ਮਨੁੱਖ ਨਾਟ ਪੂਰਾ ਕਰਨ ਦਾ ਨਕਸ਼ਾ ਬੰਨ੍ਹ ਰਹੇ ਹਨ, ਵਾਕਿਆ ਬਿਆਨ ਨਹੀਂ ਕਰ ਰਹੇ। ਹਾਂ ਜੇ ਨਿਸ਼ਕਾਮ ਪ੍ਰੇਮ ਵਿਚ ਅੱਥਰੂ ਆ ਗਏ ਤਾਂ ਇਹ ਕਮਜ਼ੋਰੀ ਬੀ ਨਹੀਂ, ਯਥਾ ਮਹਾਂ ਵਾਕ:—ਨਾਨਕ ਰੁੰਨਾ ਬਾਬਾ ਜਾਣੀਐ ਜੇ ਰੋਵੈ ਲਾਇ ਪਿਆਰੋ ॥ [ਵਡਹੰਸ ਮ: ੧] ਹੋਰ ਮ੍ਰਿਤਕ ਕ੍ਰਿਆ ਦੀਆਂ ਰਸਮਾਂ ਪਰ ਕਵਿ ਜੀ ਆਪ ਦੱਸ ਆਏ ਹਨ ਕਿ ਗੁਰੂ ਘਰ ਦੀ ਮਿਰਯਾਦਾ ਅਰਦਾਸ ਦੀ ਹੈ। ਵਿਸ਼ੇਸ਼ ਲਈ ਦੇਖੋ ਰਾਸ ੨ ਅੰਸੂ ੨੪ ਅੰਕ ੪੧ ਦੀ ਹੇਠਲੀ ਟੂਕ।

ਲੀਨਿ ਤਿਹਪੰਚਾਂਮ੍ਰਿਤਬਰਤਾਇਹੁ ਆਨਿ।ਸਨੇ ਸਨੇ ਪੁਨਪੁਰਿ ਮਹਿਂ ਆਏ ਬਾਪੀ ਆਗੇ ਲਾਇ ਦਿਵਾਨ॥ ੨੫॥ ਬ੍ਰਿੰਦ ਨਰਨਿ ਕੀ ਭੀਰ ਭਈ ਤਹਿਂ ਸ਼ਬਦ ਰਬਾਬੀ ਸੁੰਦਰ ਗਾਇਂ। ਕਿਤਿਕ ਕਾਲ ਥਿਤ ਹ੍ਵੈ ਨਰ ਗਮਨੇ ਗੁਰੂ ਪ੍ਰਸ਼ੰਸਤਿ ਸਦਨ ਸਿਧਾਇ। ਸੁਨਿ ਸੁਨਿ ਗ੍ਰਾਮਨਿ ਕੇ ਸਿਖ ਪਹੁੰਚੇ ਸ਼੍ਰੀ ਅਰਜਨ ਸਤਿਗੁਰੁ ਢਿਗ ਆਇ। ਮਿਲਿ ਮਿਲਿ ਗਮਨੈਂ ਗੁਨ ਗਨ ਬਰ-ਨਹਿਂ 'ਮਹਾਂਦੇਵ ਅਬਿ ਗਏ ਸਮਾਇ'॥੨੬॥ ਦਿਵਸ ਤੀਸਰੇ ਪੁਸ਼ਪ ਭਸਮ ਸਭਿ ਬੀਚ ਬਿਪਾਸਾ ਕੇ ਤਿਹ ਡਾਰਿ*।ਦਿਨ ਦੋਇਕਸ਼੍ਰੀਅਰਜਨ ਤਿਹਠਾਂ ਬਸੇ ਕ੍ਰਿਆਕਰਿ ਜਿਤਕ ਸੰਸਾਰਿ†[1]। ਕਰੀ ਜਥੋਚਿਤ ਸਕਲ ਬਾਰਤਾ ਜਥਾ ਮੋਹਰੀ ਬਚਨ ਉਚਾਰਿ। ਮਿਲਿ ਮਿਲਿ ਕਰੈਂ ਵਿਰਾਗ ਅਨਿਕ ਬਿਧਿ ਸ਼੍ਰੀ ਗੁਰੁ ਅਮਰ ਕੇਰਿ ਪਰਵਾਰਿ॥੨੭॥ਦੋਹਰਾ॥ ਸੋਲਹ ਸਤ ਊਪਰ ਸਪਤ[2] ਮਹਾਂਦੇਵ ਜਨਮਯਾਸੁ[3]। ਊਪਰ ਪਾਂਚ ਪਚਾਸ ਕੇ ਬਰਸ ਬੈਸ ਦ੍ਵੈ ਮਾਸ[4]॥੨੮॥ ਸੋਲਹ ਸਤ ਬਾਹਠ[5] ਅਧਿਕ ਭਾਦ੍ਰੋਂ‡ ਚੌਥ ਬਿਚਾਰ। ਮਹਾਂਦੇਵ ਪਰਲੋਕ ਭਾ ਗੁਰੁ ਕੋ ਪੁੱਤ੍ਰ ਉਦਾਰ॥੨੯॥ਸ਼੍ਰੀ ਅਰਜਨ ਗਮਨੇ ਤਬਹਿ ਸਤਿ ਸੰਗਤਿ ਲੈ ਸੰਗ। ਸ਼੍ਰੀ ਅੰਮ੍ਰਿਤਸਰ ਕੋ ਗਏ ਦੇਤਿ ਭਗਤਿ ਕੋ ਰੰਗ॥ ੩੦॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰਾਸੇ 'ਮਹਾਂਦੇਵ ਪ੍ਰਲੋਕ' ਬਰਨਨੰ ਨਾਮ ਦ੍ਵੈ ਬਿੰਸਤੀ ਅੰਸੂ॥ ੨੨॥

੨੩. [ਸ਼੍ਰੀ ਗੁਰੂ ਜੀ ਦੇ ਗੁਣ]

ਦੋਹਰਾ॥ਇਸ ਪ੍ਰਕਾਰ ਸ੍ਰੀ ਸਤਿਗੁਰੂ ਕੌਤਿਕ ਸਮੈਂ ਬਿਤਾਇ।ਕਰਤਿ ਨਰਨਿ ਕੱਲਯਾਨ ਕੋ ਸਿੱਖੀ ਜਗ ਪ੍ਰਗਟਾਇ॥ ੧॥ ਨਿਸ਼ਾਨੀਛੰਦ॥ ਸ਼੍ਰੀ ਹਰਿ ਗੋਵਿੰਦ ਚੰਦ ਜੀ ਆਨੰਦ ਬਿਲੰਦੇ।ਚਢੈਂ ਤੁਰੰਗ ਕੁਰੰਗ ਜਨੁ ਦੁਤਿ ਮੋਰ ਮਨਿੰਦੇ। ਅਧਿਕ ਪਲਾਇਵਿਂਦਾਵਤੇ ਧਨੁਸਰ[6]ਧਰਿਹਾਥ।ਕਬਿ ਅਖੇਰਹਿਤ ਗਮਨ-ਤੇ ਲੈਕੈ ਸਿਖ ਸਾਥ॥੨॥ਬਿੱਦਯਾ ਆਯੁਧ ਕੀ ਕਰਹਿਂ ਦਸ ਸੰਮਤ ਬੈਸਾ। ਤੀਰ ਪ੍ਰਹਾਰਤਿ ਬੇਗ ਤੇ ਰਿਪੁ ਕੋ ਅਹਿ ਜੈਸਾ[7]।ਮਹਾਂ ਸਫਾਈ ਬਲ ਸਹਤ ਧਰਿ ਲੱਛ[8] ਹਨੰਤੇ। ਗਰਕ ਹੋਤਿ[9] ਜਹਿਂ ਲਗਤਿ ਹੈਂ ਸੇਵਕ ਨਿਕਸੰਤੇ॥੩॥ਆਰਬਲਾ ਜਿਨ ਕੀ ਅਲਪ ਸ਼ੁਭ ਡੀਲ ਬਿਸਾਲਾ।ਭੁਜਾ ਪ੍ਰਲੰਬ ਅਲੰਬ ਬਲ[10]ਗਹਿ ਧਨੁਸ਼ ਕਰਾਲਾ। ਸੁਕਚਤਿ ਪਿਤ ਤੇ ਕਰਤਿ ਹੈਂ ਇਹ ਰੀਤ

---

[1]ਸੰਸਾਰਿਕ। [2]ਭਾਵ ੧੬੦੭। [3]ਜਨਮੇ ਸਨ। [4]ਪਚਵੰਜਾ ਸਾਲ ਦੋ ਮਹੀਨੇ। [5]੧੬੬੨। [6]ਧਨੁਖ ਤੇ ਬਾਣ। [7]ਸਰਪ ਦੇ ਸ਼ਤ੍ਰੂ=ਗਰੜ ਵਾਂਗੂ ਤੀਰ ਤ੍ਰਿੱਖਾ ਜਾਂਦਾ ਹੈ। (ਅ) ਸ਼ਤ੍ਰੂ ਨੂੰ, ਸੱਪ ਮਾਰਨ ਵਾਂਗੂ। [8]ਨਿਸ਼ਾਨਾਂ ਧਰਕੇ। [9]ਗੱਡ ਜਾਂਦੇ ਹਨ (ਤੀਰ)। [10]ਬਾਹਾਂ ਲੰਬੀਆਂ ਬਲ ਦੇ ਆਸਰੇ। *ਇਹ ਗੰਗਾ ਫੁੱਲ ਨਾ ਪਾਉਣ ਦਾ ਗੁਰਮਤ ਦਾ ਅਮੁਲ ਸਫੁਟ ਹੈ। †ਜਦ ਫੁੱਲ ਬਿਆਸਾ ਵਿਚ ਪਾਏ ਗਏ ਫੇਰ ਸੰਸਾਰੀ ਰੀਤਿ ਕਿੱਥੇ ਰਹਿ ਗਈ। ‡ਪਾ:-ਅੱਸੂਨ।

ਨਵੀਨਾ।ਸ਼ੁਭਤਿ ਸਿਕੰਧ ਉਤੰਗ ਜੁਗ ਮੁਖ ਬਾਕ ਪ੍ਰਬੀਨਾ॥੪॥ ਦਿਢ ਸੰਧੀ ਜੁਗ ਬਾਂਹ ਕੀ ਭੁਜਦੰਡ ਪ੍ਰਚੰਡੇ। ਕਰਸਾਖਾ ਦੀਰਘ ਸੁਮਿਲਿ ਸ਼ੁਭ ਰੇਖਨਿ ਮੰਡੇ[1]।ਰੇਖਾ ਲਗਿ ਮਣਿਬੰਧ[2]ਤੇ ਭਈ ਮੱਛ ਅਕਾਰਾ[3]।ਰੇਖਾ ਛਤਰ ਅਕਾਰ ਕੀ ਜਿਸ ਕੋ ਫਲ ਭਾਰਾ ॥੫॥ ਆਯੁਤ ਛਾਤੀ,ਉਦਰ ਪਰ ਤ੍ਰਿਵਲੀ[4]ਦੁਤਿ ਪਾਵੈ।ਚਿਬੁਕ ਚਾਰੁ ਬਿਸਤ੍ਰਿੱਤਿ ਕੁਛ[5]ਚੌਕਾਚਮਕਾਵੈ[6]।ਰਕਤਅਧਰ[7]ਸੁੰਦਰ ਮ੍ਰਿਦੁਲ ਬੋਲਤਿ ਮੁਸਕਾਇ।ਮੁਖ ਮੰਡਲ ਦੀਰਘ ਦਿਪਤਿ ਦ੍ਰਿਗਮ੍ਰਿਗਡਰ-ਪਾਏ[8]॥੬॥ ਸੁਭਟਨਿ ਕੀ ਬਿੰਦਨਾ ਸਬਲ ਅੱਭਯਾਸ ਕਰੰਤੇ। ਮਨਹੁ ਬੀਰ ਰਸ ਅਵਤਰਯੋ ਰਣਪ੍ਰਿਯ[9]ਲਖਿਯੰਤੇ।ਨਿਤ ਪ੍ਰਤਿ ਦੇਹਿ ਬਿਸਾਲ ਹ੍ਵੈ ਤਿਮ ਬਲ ਬਿਰਧਾਵੈ।ਤਿਮ ਹੀ ਸ਼ੱਤ੍ਰੁਨਿ ਮਰਦਬੋ ਨਿਜ ਭਾਵ ਜਨਾਵੈ[10]॥੭॥ਸਿਖ ਪਿਖਿ ਕੈ ਸਭਿ ਕਰਤਿ ਹੈਂ ਮਨ ਮਹਿਂ ਅਨੁਮਾਨਾ।-ਇਹ ਸਤਿਗੁਰੁ ਯੋਧਾ ਬਨਹਿ ਹਾਨੈ ਰਿਪੁ ਪ੍ਰਾਨਾ।-ਕੇਤਿਕ ਕਹੈਂ,ਨ ਜੋਗਤਾ ਗੁਰੁਕੇ ਘਰ ਐਸੇ। ਮਾਲਾ ਸੇਲੀ ਰਾਖਤੇ ਸੰਤਨਿ ਮਤਿ ਜੈਸੇ ॥੮॥ ਬਾਲਕ ਲੀਲਾ ਕਰਤਿ ਹੈਂ ਬਡਿ ਹੋਇ ਤਜੈ ਹੈਂ[11]।ਪਿਤ ਦਾਦੇ[12]ਕੀ ਰੀਤਿ ਕੋ ਸੁਨਿ ਪਿਖਿ ਬਰਤੈਹੈਂ"। ਕੇਚਿਤ ਕਹਹਿਂ"ਨ ਇਹ ਕਰਹਿਂ ਗੁਰੁਪੂਰਬ ਰੀਤਾ।ਦਿਪਤਿ ਪ੍ਰਤਾਪੀ ਤੇਜ ਤੇ ਸ਼ਸਤ੍ਰਨਿ ਮਹਿਂ ਪ੍ਰੀਤਾ॥ ੯ ॥ ਸਕਲ ਜੰਗ ਕੀ ਬਿਧਿ ਕਰਹਿਂ ਪ੍ਰਿਯ ਲਾਗੈ ਸੋਈ।ਅਰੁ ਬ੍ਰਿਧ ਕੋ ਬਚ ਕਹਯੋ ਜਿਮ ਸੋ ਹਟਹਿ ਨ ਕੋਈ। ਗੁਰੁ ਕੈ ਭਾਜਰ ਕਿਮ ਪਰੀ ਕਹਿ ਸਹਜ ਸੁਭਾਊ। ਭਾਜਿ ਵਡਾਲੀ ਮਹਿਂ ਰਹੇ ਇਮ ਬਚਸਫਲਾਊ[13]॥੧੦॥-ਮੁਗਲਮਾਰਿ ਗੁਰ ਉਪਜਹੈ-ਬਰਦੇਤਿਉਬਾਚਾ[14] -ਧਰਹਿਂ ਸ਼ਸਤ੍ਰ ਤੁਰਕਨਿ ਹਨੈਂ-ਇਹ ਹੋਵੈ ਸਾਚਾ'। ਗੁਰ ਮੂਰਤਿ ਸੂਰਤਿ ਚਿਤਹਿਂ[15] ਪੂਰਤਿ ਅਭਿਲਾਖੇ। ਹੇਰਿ ਹੇਰਿ ਅਨੁਮਾਨ ਕਰਿ ਸਿਖ ਬਹੁ-

---

[1](ਕਰ ਸਾਖਾ=) ਹੱਥ ਦੀਆਂ ਉਂਗਲੀਆਂ ਲੰਬੀਆਂ ਤੇ ਇਕੋ ਜਿਹੀਆਂ ਚੰਗੀਆਂ ਰੇਖਾਂ ਨਾਲ ਸ਼ਸ਼ੋਭਤ। [2]ਗੁੱਟਾਂ ਵਾਲਾ ਥਾਂ [ਸਿਂਸ:, ਮਣਿਬਧ=ਜਿੱਥੇ ਰਤਨਾਂ ਦੀਆਂ ਚੂੜੀਆਂ ਬੰਨ੍ਹੀਆਂ ਜਾਣ]। [3]ਮੱਛ ਦੇ ਅਕਾਰ ਵਾਲੀ ਰੇਖਾ। [4]ਪੇਟ ਪਰ ਪੈਣ ਵਾਲੇ ਤ੍ਰੈ ਵਲ। [5]ਸੁਹਣੀ ਠੋਡੀ ਫੈਲੀ ਹੋਈ ਥੋੜੀ ਜੇਹੀ। [6]ਤੇ ਸਾਹਮਣੇ ਦੇ ਚਾਰ ਦੰਦ ਚਮਕਦੇ ਹਨ। [7]ਲਾਲ ਬੁੱਲ੍ਹ। [8]ਨੇਤਰ ਹਰਨ ਨੂੰ ਡਰਾ ਦੇਣ ਵਾਲੇ (ਭਾਵ ਬੀਰ ਰਸ ਭਰੇ)। [9]ਜੰਗ ਦੇ ਪਿਆਰੇ। [10]ਸਰੀਰ ਦਾ ਵਧਣਾ ਵੈਰੀਆਂ ਨੂੰ ਮਲ ਸਿੱਟਣ ਦਾ ਭਾਵ ਜਣਾਉਂਦਾ ਹੈ। [11]ਛੱਡ ਦੇਣਗੇ। [12]ਸ੍ਰੀ ਗੁਰੂ ਅਰਜਨ ਦੇਵ ਜੀ ਤੇ ਸ੍ਰੀ ਗੁਰੂ ਰਾਮਦਾਸ ਜੀ। [13]ਸਫਲ ਹੋਏ ਸਨ (ਬਾਬੇ ਬੁੱਢੇ ਜੀ ਦੇ)। [14]ਵਰ ਦਿੰਦਿਆਂ ਕਹਿਆ ਸੀ। [15]ਦੇਖਦੇ ਹਨ।

ਬਿਧਿ ਭਾਖੇਂ॥੧੧॥ਪਿਤ ਸਮੀਪ ਆਵਹਿਂ ਜਬਹਿ ਬਹੁ ਨੰਮ੍ਰੈ ਹੋਈ। ਜਾਵਤਿ
ਬੈਠਹਿਂ ਸਭਾ ਮਹਿਂ ਮੁਖ ਪਿਖਿ ਸਭਿ ਕੋਈ। ਸਗਰੇ ਦੀਰਘ ਅੰਗ ਹੈਂ ਕਦ
ਵਧਹਿ ਬਿਸਾਲ।ਦਬਹਿਂ ਸ਼ੱਤ੍ਰ ਛਾਯਾ ਤਰੇ[1] ਰਣ ਪਿਖਹਿਂ ਕਰਾਲਾ॥੧੨॥
ਸ੍ਰੀ ਅਰਜਨ ਲੇ ਗੋਂਦ ਮਹਿਂ ਸਿੱਖ੍ਯਾ ਸਿਖਰਾਵੈਂ।“ਸਿਖ ਸੰਗਤਿ ਸੁਖਪਾਇ
ਜਿਮ ਤਿਮ ਕਰਹੁ ਸੁਹਾਵੈ। ਗੁਰ ਸਿੱਖਨਿ ਸਨਮਾਨੀਅਹਿ ਨਿਤ ਬਨਹੁ
ਸਹਾਈ।ਸ੍ਰੀਨਾਨਕ ਆਦਿਕ ਗੁਰੂ ਇਹ ਰੀਤਿ ਚਲਾਈ॥੧੩॥ਗੁਰੁ ਬਾਣੀ
ਬਹੁ ਕੰਠ ਕਰਿ ਉਠਿ ਪ੍ਰਾਤ ਉਚਾਰੋ। ਕਿਰਤਨ ਸੁਣਹੁ ਸਨੇਹ ਤੇ ਨਿਜ
ਧਰਮ ਸੰਭਾਰੋ। ਜਾਮ ਜਾਮਨੀ ਜਾਗੀਅਹਿ ਮੱਜਨ ਕਰਿ ਲੀਜੈ। ਸਭਿ ਤੇ
ਕਰਹੁ ਇਕੰਤ ਮਨ,ਪ੍ਰਭੁ ਸਿਮਰਨਕੀਜੈ॥੧੪॥ਚਿਤਵਹੁ ਅਪਨ ਸਰੂਪਕੋ
ਸਤਿ ਚਿਤੀ ਅਨੰਦ।ਦਿਵਸ ਚਢੇ ਦਿਹੁ ਦਰਸ ਕੋ ਚਹਿ ਸੰਗਤਿ ਬ੍ਰਿੰਦਾ”।
ਇੱਤ੍ਯਾਦਿਕ ਸਿੱਖ੍ਯਾ ਕਹੈਂ,ਲੇ ਅੰਕ ਦੁਲਾਰੈਂ। ਸੁੰਦਰਤਾ ਨਿਜ ਨੰਦ ਕੀ
ਕਰਿ ਅਨੰਦੁ ਨਿਹਾਰੈਂ॥੧੫॥ ਚਹੁੰ ਦਿਸ਼ਿ ਤੇ ਬਹੁ ਸੰਗਤਾਂ ਪਹੁੰਚਹਿਂ ਸਮੁ-
ਦਾਯ।ਪੂਰਹਿਂ ਤਿਨ ਕੀ ਕਾਮਨਾ ਕਰਿ ਕੈ ਨਿਜ ਦਾਯਾ। ਢਾਕਾ ਆਦਿਕ
ਦੇਸ਼ ਜੇ ਦ੍ਰਿਸ਼ ਪੂਰਬ ਕੇਰੇ। ਬੰਧੇ ਆਵਹਿਂ ਟੋਲ ਕੋ ਲੇ ਭੇਟ ਘਨੇਰੇ॥੧੬॥
ਦਿਸਿ ਦੱਛਨ ਬਾਸੀ ਜੁ ਸਿਖ ਦਰਸ਼ਨ ਹਿਤ ਆਵੈਂ। ਅਭਿਮਤਿ[2] ਪ੍ਰਾਪਤਿ
ਹੋਤਿ ਹੈ ਉਪਹਾਰ ਚਢਾਵੈਂ।ਆਦਿ ਹੈਦਰਾਬਾਦ ਜੇ ਪੁਰਿ ਗਿਨੇ ਨ ਜਾਈਂ।
ਸੁਨਿ ਸੁਨਿ ਉੱਜਲ ਸੁਜਸ ਕੋ ਦਰਸਤਿ ਸਮੁਦਾਈ॥੧੭॥ਪੁਨ ਪਸ਼ਚਮ ਕੇ
ਦੇਸ਼ ਜੇ ਬਡਿ ਨਗਰ ਸਥਾਨ।ਧਰਿ ਧਰਿ ਸ਼ਰਧਾ ਚੌਂਪ ਤੇ ਦਰਸਹਿਂ ਦੁਖ
ਹਾਨ।ਬਲਖ ਬੁਖਾਰਾ ਸਿੰਧੁ ਪੁਰਿ ਕਾਬਲ ਕੰਧਾਰਾ। ਨਾਨਾ ਆਨਿ ਅਕੋਰ
ਕੋ ਹੇਰਹਿਂ ਦਰਬਾਰ॥੧੮॥ ਤਿਮ ਉੱਤਰ ਦਿਸਿ ਕੇ ਮਨੁਜ ਆਵਹਿਂ ਧਰਿ
ਭਾਉ। ਅਰਪੈਂ ਅਨਿਕ ਅਕੋਰ ਕੋ ਦੇਖਤਿ ਚਿਤ ਚਾਉ।ਸੰਮਤਿ ਮਹਿਂ ਮੇਲੇ
ਉਭੈ ਅੰਮ੍ਰਿਤਸਰ ਲਾਗੈਂ। ਮਨ ਭਾਵਤਿ ਸਿਖ ਆਵਤੇ ਮੱਜਤਿ ਅਨੁਰਾਗੈਂ॥
੧੯॥ ਸ੍ਰੀ ਮੁਖ ਤੇ ਮਹਿਮਾ ਮਹਾਂ ਬਿਚ ਸ਼ਬਦ ਬਨਾਈ। ਪਠਿ ਸੁਨਿ ਕੈ
ਸ਼ਰਧਾ ਧਰਤਿ ਪਹੁੰਚਹਿਂ ਦਰਸਾਈ। ਸਕਲ ਦਿਸਨਿ ਮਹਿਂ ਸੁਜਸ ਬਹੁ
ਪਸਰ੍ਯੋ ਸ਼ੁਭ ਐਸੇ।ਪਾਰਦ ਨਾਰਦ ਸਾਰਦਾ ਰੰਗ ਉੱਜਲ ਜੈਸੇ[3]॥੨੦॥ਘਰ

---

[1]ਪ੍ਰਤਾਪ ਦੇ ਹੇਠ ਦਬਣਗੇ ਵੈਰੀ। [2]ਮਨ ਵਾਂਛਤ। [3]ਪਾਰੇ ਦਾ, ਨਾਰਦ ਦਾ ਤੇ ਸਾਰਦਾ ਦਾ ਜਿਵੇਂ
ਉੱਜਲ ਰੰਗ ਹੁੰਦਾ ਹੈ।

ਘਰ ਫੂਲੀ ਮਾਲਤੀ[1] ਜਨੁ ਸੁਮਨਸ ਜਾਤੀ[2]। ਸੁਧਾ[3] ਕਿ ਚੰਦ੍ਰਕ ਚੰਦ੍ਰਿਕਾ[4]
ਜਨਹੰਸਨਿ ਪਾਂਤੀ[5]।ਉਪਕਾਰੀ ਧੁਜ ਧਰਮ ਕੀ ਸ੍ਰੀ ਅਰਜਨ ਹੋਵ।।ਧਾਰਨਿ
ਗੁਰਤਾ ਭਾਰੁ ਕੋ ਦਿੜ੍ਹ ਥੰਭ ਖਰੋਵ॥੨੧॥ਨਰ ਅਨੁਹਰਿ[6] ਲੀਲਾ ਕਰਹਿਂ
ਉਰ ਨਿਰਹੰਕਾਰ।।ਦੇਤਿ ਮ੍ਰਿਦੁਲ ਉਪਦੇਸ਼ ਕੋ ਲਗਿ ਸਭਿਹਿਨਿ ਪਯਾਰਾ।
ਕਰੇ ਅਜ਼ਮਤੀ ਸੈਂਕਰੇ ਸਿੱਧਾਂ ਸਭਿ ਦੀਨੀ। ਘਾਲੀ ਘਾਲ ਸੁ ਫਲਤਿ ਭੀ
ਕਿਸ ਬਾਦ ਨ ਕੀਨੀ[7] ॥੨੨॥ ਅਜ਼ਮਤ ਨਹੀਂ ਜਨਾਵਤੇ ਸਿਰ ਦੇਤਿ ਨ
ਦੇਰੇ।ਅਜਰ ਜਰਨ ਧੀਰਜ ਧਰਨਿ ਗੁਨ ਧਰੈਂ ਬਡੇਰੇ। ਸੱਤਿਨਾਮ ਕੋ ਦਾਨ
ਦੇ ਨਰ ਭਗਤੀ ਲਾਇ।ਬ੍ਰਹਮ ਗਯਾਨ ਮਹਿਂ ਨਿਪੁਨ ਕੋ ਸਿੱਧਾਂ ਸਮੁਦਾਇ॥
੨੩॥ਸਬਿਦਿਸ਼ਿਕੀਸੰਗਤਿ ਬਿਖੈ ਰਹਿਂਬ੍ਰਿੰਦ ਮਸੰਦ।।ਆਗੇ ਹੁਇ ਨਿਜਸੰਗ
ਲੇ ਦਰਸਹਿਂ ਸੁਖਕੰਦ। ਦੇਸ਼ ਬਿਦੇਸ਼ ਅਸ਼ੇਸ਼ ਮਹਿਂ ਲੇ ਕਰਿ ਗੁਰਕਾਰੇ।
ਖਸ਼ਟ ਮਾਸ ਕੈ ਬਰਖ ਮੈਂ ਆਨੈਂ ਗੁਰਦ੍ਵਾਰੇ॥੨੪॥ਦਰਬ ਬਿਸਾਲ ਸੁ ਆਇ
ਜਿਮ ਤਿਮ ਖਰਚ ਬਿਸਾਲਾ। ਦੇਗ ਅਤੋਟੀ ਚਲਤਿ ਹੈ ਨਿਸ ਦਿਨ ਜੁਗ
ਕਾਲ।।ਅਚੈਂ ਅਹਾਰ ਹਜ਼ਾਰ ਹੀ ਨਿਤਪ੍ਰਤਿ ਨਰ ਆਵੈਂ। ਨਿਕਟ ਹਜ਼ਾਰੋਂ
ਰਹਤਿ ਹੈਂ ਗੁਰੁ ਕੇ ਘਰ ਖਾਵੈਂ ॥ ੨੫ ॥ ਸਿਰੋਪਾਉ ਪੁਨ ਦੇਤਿ ਹੈਂ ਸਿਖ
ਹੈ ਮੁਖਿ ਜੋਈ।ਬ੍ਰਿੰਦ ਮਸੰਦ ਬਿਲੰਦ ਧਨ ਲੇ ਗੁਰੁ ਤੇ ਸੋਈ। ਇੱਤ੍ਯਾਦਿਕ
ਨਿਤ ਖਰਚ ਕੋ ਕੁਛ ਤੋਟ ਨ ਆਵੈ।ਗਾਇਂ ਰਬਾਬੀ ਪੁੰਜ ਸਦ ਸੋ ਧਨ ਗਨ
ਪਾਵੈਂ ॥੨੬॥ ਗੁਰ ਘਰ ਕੋ ਬਡ ਖਰਚ ਨਿਤ ਗਨ ਬ੍ਰਿਖਭ ਰਹੰਤੇ। ਖਰੇ
ਤਬੇਲੇ ਹਯਨ ਕੇ ਧਨ ਦੇਤਿ ਲਹੰਤੇ। ਸੇਵਾ ਹਿਤ ਸਭਿ ਪਸੁਨਿ ਕੇ ਰਾਖੇ
ਗਨ ਦਾਸਾ। ਲੇਤਿ ਚਾਕਰੀ ਸਕਲ ਸੋ ਪ੍ਰਾਪਤਿ ਧਨ ਰਾਸਾ ॥੨੭॥ ਅਪਰ
ਥਾਨ ਜਿਸ ਕੇ ਨਹੀਂ ਬਿਤ[8] ਹਾਥ ਨ ਆਵੈ। ਸੋ ਗੁਰੁ ਕੇ ਪੁਰਿ ਗਿਰ ਰਹੈ
ਨਿਤ ਭੋਜਨ ਖਾਵੈ।ਮਾਨ ਨਿਮਾਨਨਿ ਕੇ ਪ੍ਰਭੂ ਬਹੁ ਤਾਨ ਨਿਤਾਨੇ। ਖਾਇ
ਗੁਰੂਕੇ ਸਦਨਤੇ ਮਾਨਹਿਂ ਹਰਿਭਾਨੇ॥੨੮॥ਸੱਤਿਨਾਮ ਕੋ ਸਿਮਰਿਬੋ ਪਸ-
ਰਯੋ ਜਗ ਸਾਰੇ।ਭਗਤਿ ਕਰਹਿਂ ਮਿਲਿ ਸੰਗਤਾਂ ਗੁਰ ਸੁਜਸੁ ਉਚਾਰੇ।ਤਜੈਂ
ਬਿਕਾਰਨਿ ਕੋ ਰਿਦੇ ਗੁਨ ਗਨ ਉਪਜਾਵੈਂ। ਸੁਨਹਿਂ ਉਚਾਰਹਿਂ ਕੀਰ-

[1]ਚਿਟੇ ਫੁੱਲਾਂ ਦੀ ਇਕ ਵਡੀ ਵੇਲ। [2]ਚੰਬੇਲੀ ਦੇ ਫੁਲ [ਸੰਸ:, ਜਾਤੀ=ਚਮੇਲੀ]। [3]ਅੰਮ੍ਰਿਤ। [4]ਚੰਦ੍ਰਕ=ਚਾਂਦਨੀ। ਚੰਦ੍ਰਿਕਾ=ਜੂਹੀ, ਨਿੱਕੀ ਚੰਬੇਲੀ (ਅ) ਚੰਦਰਮਾਂ ਦੀ ਚਾਂਦਨੀ [ਚੰਦ੍ਰਕ=ਚੰਦ। ਚੰਦ੍ਰਿਕਾ=ਚਾਂਦਨੀ]। [5](ਅਥਵਾ) ਮਾਨੋਂ ਹੰਸਾਂ ਦੀ ਪੰਗਤੀ ਹੈ। [6]ਸੰਸਾਰੀ ਪੁਰਸ਼ਾਂ ਵਾਂਗ। [7]ਕਿਸੇ ਦੀ (ਘਾਲ) ਬਿਰਥਾ ਨਹੀਂ ਗਈ। [8]ਰੋਜ਼ੀ।

ਤਨ ਪ੍ਰਭੁ ਪ੍ਰੀਤਿ ਲਗਾਵੈਂ ॥੨੯॥ ਸਲਿਤਾ ਸੁੰਦਰ ਭਗਤਿ ਕੀ ਸਭਿ ਦੇਸ਼ ਬਿਥਾਰੀ। ਸਿੱਖ ਮੀਨ ਨਹਿੰ ਤਜਿ ਸਕਹਿੰ ਸ਼ਰਧਾ ਬਰ ਬਾਰੀ। ਸਦਗੁਨ ਕਮਲ ਪ੍ਰਫੁੱਲਤੇ,ਜਨਗਨ ਜਲਜੰਤਾ[1]।ਭ੍ਰਮ ਬੇਮੁਖਤਾ ਕੂਲ ਦ੍ਵੈਸੰਸੇ ਤਰੁ ਹੰਤਾ[2] ॥੩੦॥ ਬ੍ਰਹਮ ਗਯਾਨ ਸਾਗਰ ਮਹਾਂ ਤਿਸ ਕੋ ਸਮੁਹਾਈ। ਪ੍ਰਾਪਤਿ ਸਭਿ ਥਲ ਮਹਿੰ ਸੁਗਮ, ਸੁਰ ਗਨ ਕੋ ਭਾਈ[3]। ਕੌਨ ਕੌਨ ਗੁਨ ਗੁਰੁ ਕੇ ਕਵਿ ਬਰਨ ਸੁਨਾਵੈ।ਸ਼ੇਖ ਸ਼ਾਰਦਾ ਕਹਨਿ ਤੇ ਮਨ ਮਹਿੰ ਸਕੁਚਾਵੈ॥੩੧॥ ਦੋਹਰਾ ॥ ਨਰ ਤਨ ਸਾਂਗੀ[4] ਜਿਮ ਧਰਜੋ ਕਰਹਿੰ ਨਿਬਾਹਨਿ ਸੋਇ। ਰੂਪ ਦੁਰਾਵੈਂ ਪ੍ਰਥਮ ਕੋ ਕਵਿ ਸੰਤੋਖ ਸਿੰਘ ਜੋਇ॥ ੩੨ ॥ ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰਾਸੇ 'ਸ਼੍ਰੀ ਗੁਰ ਗੁਨ' ਬਰਨਨੰ ਨਾਮ ਤੀਨ ਬਿੰਸਤੀ ਅੰਸੂ ॥੨੩॥

੨੪. [ਜਹਾਂਗੀਰ ਕਸ਼ਮੀਰ ਨੂੰ]।

ਦੋਹਰਾ ॥ ਨਿਤ ਪ੍ਰਤਾਪ ਅਰੁ ਸੁਜਸੁ ਕੋ ਸੁਨਿ ਸੁਨਿ ਪ੍ਰਿਥੀਆ ਕਾਨ।ਬਹੁਤ ਬਿਸੂਰਤਿ ਦੁਖਤਿ ਹੈ ਰੁਚਹਿ ਨ ਭੋਜਨ ਖਾਨ ॥੧॥ ਸੈਯਾਛੰਦ॥ਸੁਜਸ ਗੁਰੂ ਕੋ ਘ੍ਰਿਤ ਸਮ ਜਾਨਹੁ ਪ੍ਰਿਥੀਆ ਜਰੈ ਹੁਤਾਸਨਿ ਹੋਇ। ਗੁਰ ਕੀਰਤਿ ਬਰਖਾ ਜਿਮ ਪਾਵਸ ਰਿਦਾ ਜਵਾਸੋ ਜਰ ਜਰ ਖੋਇ[5]।ਚਿੰਤਾ ਸਲਿਤਾ ਕਰਹਿ ਬਧਾਵਨਿ ਬਹਜੋ ਜਾਤਿ ਮਨ ਥਿਰਹਿ ਨ ਕੋਇ। ਸੰਕਟ ਨੀਰ ਵਧਹਿ ਨਿਤ ਪ੍ਰਤਿ ਹੀ ਤਟ ਨਿਚਿੰਤ ਨਹਿੰ ਪਾਵਤਿ ਸੋਇ ॥੨॥ ਹੇਰਿ ਹੇਰਿ ਪਤਿ ਕੋ ਮੁਖ ਕਰਮੋ ਧੀਰਜ ਦੇਤਿ 'ਨ ਕਰੀਅਹਿ ਚਿੰਤ। ਤਨ ਕੋ ਭੱਖਜਤਿ ਹੈ[6] ਨਿਸ ਦਿਨ ਮਹਿੰ ਅਤਿ ਦੁਰਬਲਤਾ ਤੁਮਹਿ ਕਰੰਤਿ। ਰੁਚਿ ਸੋਂ ਖਾਨ ਪਾਨ ਨਹਿੰ ਕਰਤੇ ਉਰ ਕੋ ਹਰਖ ਮਹਾਂ ਨਿਤ ਹੰਤਿ[7]। ਚਿੰਤਾ ਸਮ ਬੈਰੀ ਨਹਿੰ ਦੂਸਰ ਅੰਤਰ ਬਰਿ ਕੈ ਦੁਖ ਬਰਧੰਤਿ[8] ॥੩॥ ਜਤਨ ਅਨੇਕ ਕਰਹੁ ਜੁਤਿ ਉੱਦਮ, ਮਿੱਤ੍ਰ ਨ ਕੋ ਉਤਸਾਹੁ ਸਮਾਨ[9]। ਸੁਲਹੀ ਹੁਤੋ ਸਹਾਇਕ ਮਰਿਗਾ,ਅਬਿ ਚੰਦੂ ਬਡ ਸ਼ਾਹੁ ਦਿਵਾਨ। ਮੁਲਕਾਤ ਕਰਿ ਮਸਲਤ ਠਾਨੀ ਤਿਸਕੋ ਪੁਸ਼ਟ ਕਰਹੁ ਹਿਤ ਠਾਨਿ। ਉਤਸਾਹੀ ਨਰ ਚਹੈ ਸੁ ਕਰਿ ਹੈ, ਚਿੰਤਾਵਾਨ ਪ੍ਰਾਨ ਦੇ ਹਾਨਿ॥੪॥ ਲਿਖਹੁ ਪੱਤ੍ਰਿਕਾ ਸੁਧਿ ਮੰਗਵਾਵਹੁ ਕਿਮ

---

[1]ਸਮੂਹ ਦਾਸ ਜਲ ਜੀਵਾਂ (ਵਤ ਖੁਸ਼ੀ)। [2]ਸੰਸੇ ਰੂਪ ਬ੍ਰਿੱਛ ਹੈ ਤੇ ਭਰਮ ਤੇ ਬੇਮੁਖਤਾ ਕੰਢੇ ਹਨ ਦੋਸੇ ਨਾਸ਼ ਕੀਤੇ ਹਨ। [3]ਸਭ ਦੇਵਤਿਆਂ ਨੂੰ ਚੰਗੀ ਲਗੀ ਹੈ। [4]ਸਾਂਗ ਕਰਨ ਵਾਲਾ। [5]ਗੁਰਾਂ ਦੀ ਕੀਰਤੀ ਹੈ ਜਿਵੇਂ ਬਰਖਾ ਬਰਸਾਤ ਦੀ ਤੇ ਹਿਰਦਾ (ਉਸ ਦਾ) ਜਵਾਹੇ ਵਾਂਗ ਸੜਕੇ ਜੜ੍ਹ ਨੂੰ ਗੁਵਾਂਦਾ ਹੈ ਯਾ ਸੜ ਸੜ ਕੇ ਨਾਸ਼ ਹੁੰਦਾ ਹੈ। [6]ਖਾਂਦੀ ਹੈ (ਚਿੰਤਾ)। [7]ਨਾਸ਼ ਕਰਦੀ ਹੈ। [8]ਦੁੱਖ ਵਧਾਉਂਦੀ ਹੈ (ਚਿੰਤਾ)। [9]ਉਤਸਾਹ ਵਰਗਾ (ਹੋਰ) ਕੋਈ ਮਿੱਤ੍ਰ ਨਹੀਂ।

ਦਿਵਾਨ ਕੇ ਮਨ ਮਹਿਂ ਆਇ। ਦਿਹੁ ਉਤਸਾਹ ਗਹਾਵਹੁ ਰਿਪੁ ਕੋ ਸੋ ਮਾਲਿਕ ਮੁਲਕਨਿ ਸਮੁਦਾਇ। ਚਹੈ ਸੁ ਕਰੈ ਬਲੀ ਸਭਿ ਰੀਤਿਨਿ ਗਹਿ ਕੈ ਪ੍ਰਾਨ ਤਾਂਹਿ ਬਿਨਸਾਇ। ਗੁਰੁਤਾ ਗਾਦੀ ਲੇਹੁ ਸ਼ਾਹੁ ਤੇ ਚਹੁੰਦਿਸਿ ਕੀ ਸੰਗਤਿ ਚਲਿ ਆਇ'॥੫॥ਇਮ ਕਰਮੋ ਨੇ ਜਬਿ ਸਮੁਝਾਯੋ ਲਿਖੀ ਪੱਤ੍ਰਿਕਾ 'ਸੁਨਹੁ ਦਿਵਾਨ! । ਗਹ੍ਯੋ ਅਲੰਬ ਤੁਮਾਰੋ ਹਮ ਨੇ ਨਿਸਦਿਨ ਤੁਵ ਦਿਸ਼ਿ ਕੋ ਮਨ ਧ੍ਯਾਨ। ਸ਼ੱਤ੍ਰੁ ਹਤਨਿ ਜਤਨਿ ਨਹਿਂ ਕੀਨਸਿ, ਕੈ ਬਿਸਾਰਿ ਦੀਨਸਿ ਇਤ ਗ੍ਯਾਨ? ਭਾਗ ਬਲੀ ਹਮ ਆਸ਼ਿਖਿ ਨਿਤ ਕਹਿਂ, ਰਹਹਿ ਸ਼ਾਹੁ ਸੋਂ ਕਾਰ ਮਹਾਨ[1]" ॥੬॥ ਦੇ ਕਰਿ ਨਰ ਕਰ ਤੁਰਤ ਪਠਾਈ'ਉੱਤਰ ਆਨੋ ਤੂਰਨਿ ਜਾਇ'।ਗਮਨ੍ਯੋ ਦਿੱਲੀ ਦਿਸ਼ਿ ਕੋ ਪਹੁੰਚ੍ਯੋ ਮਿਲ੍ਯੋ ਦਿਵਾਨ ਸਾਥ ਹਰਖਾਇ। 'ਗੁਰੁ ਪ੍ਰਿਥੀਏ ਕੀ ਹੈ ਇਹ ਪਾਤੀ ਛਾਤੀ ਦੁਖਤਿ ਲਿਖੀ ਅਕੁਲਾਇ'। ਲੇ ਕਰਿ ਖੋਲਿ ਪਠੀ ਤਬਿ ਚੰਦੂ ਲਖੀ ਹਕੀਕਤ ਜ੍ਯੋਂ ਦੁਖ ਪਾਇ॥ ੭॥ ਉੱਤਰ ਲਿਖ੍ਯੋ ਦੁਸ਼ਟ ਨੇ ਤਤਛਿਨ 'ਨਹਿਂ ਬੈਠ੍ਯੋ ਮੈਂ ਬਾਤ ਬਿਸਾਰ। ਦੁਹਿਤਾ ਬਦਨ[2] ਕੁਮਾਰੀ ਦੇਖਤਿ ਲਗਤਿ ਸੂਲ ਸਮ ਰਿਦੇ ਮਝਾਰਿ। ਕਰਕਤਿ ਨਿਤਪ੍ਰਤਿ ਚਿਤ ਮੈਂ ਅਤਿਸ਼ੈ ਰਿਪੁ ਬਿਸਾਲ ਕੋ ਜਸੁ ਬਿਸਤਾਰਿ। ਰੁਚਹਿ ਨ ਭੋਜਨ,ਜੁਰਹਿਂ ਨ ਪਲਕਾਂ ਬਿਨਾਂ ਨੀਂਦ ਮੈਂ ਝੁਰੌਂ ਉਦਾਰ॥੮॥ਸ਼ਾਹੁ ਲਹੌਰ ਚਲਨਿ ਕੀ ਦੇਰੀ ਆਇ ਸੰਗ ਮੈਂ ਕਰੌਂ ਉਪਾਇ। ਗਹਿ ਲੇਵੌਂ ਕਰਿ ਕੈਦ ਬਿਨਾਸੌਂ,ਲਖਹੁ ਨਿਸੰਸੈ ਮੈਂ ਜੁ ਅਲਾਇ। ਗੁਰੁਤਾ ਗਾਦੀ ਤੋਹਿ ਦਿਵਾਵੌਂ ਸ਼ਾਹੁ ਪਾਸ ਤੇ ਬਾਕ ਕਹਾਇ। ਸਭਿ ਦਿਸ਼ਿ ਮਹਿਂ ਬਿਦਤਹਿ,ਧਨ ਪਾਵਹਿ,ਸਕਲ ਸੰਗਤਾਂ ਭੇਟਚਢਾਇਂ'॥੯॥ਦਈ ਪੱਤ੍ਰਿਕਾ ਕੁਛਕ ਦਰਬ ਜੁਤ ਲੇ ਕਰਿ ਨਰ ਕੋਠੇ ਕੋ ਆਇ।ਪ੍ਰਿਥੀਏ ਪਾਸ ਦਈ ਲੇ ਖੋਲੀ ਪਠਿ ਕਰਿ ਰਹ੍ਯੋ ਮਹਾਂ ਹਰਖਾਇ।-ਮੁਝ ਦੁਖ ਤੇ ਦੁਖ ਸੋ ਗੁਨ ਤਿਸਕੋ ਕੈਸੇ ਕਰੈ ਨਅਨਿਕ ਉਪਾਇ-।ਸਭਿ ਕੁਟੰਬਕੋ ਕੀਨਿ ਸੁਨਾਵਨਿ ਖੁਸ਼ੀ ਕਰਹਿ ਮਨ ਮੋਦ ਵਧਾਇ॥੧੦॥ਧਰਿ ਧੀਰਜ ਤਬਿ ਬੈਠ੍ਯੋ ਘਰ ਮਹਿਂ -ਮੁਝਤੇ ਚਿੰਤਾ ਚੰਦੂ ਮਹਾਨ[3]। ਕਰਹਿ ਪ੍ਰਤੀਖਨਿ ਸ਼ਾਹੁ ਆਗਮਨਿ ਬਿਨਾ ਜਤਨ ਮਮ ਸ਼ੱਤ੍ਰੁ ਹਾਨਿ। ਪੂਰਬ ਭਾਗ ਉਦੇ ਅਬਿ ਮੇਰੇ ਬਨੌਂ ਗੁਰੂ ਹੁਇ ਸਿੱਖ ਜਹਾਨਾਪੁਨੈਂ ਸੁਤ ਮਿਹਰਵਾਨ ਬਿਦਤੈ ਹੈ ਅਨਗਨ ਧਨ ਭੋਗਹਿ

---

[1]ਪਾਤਸ਼ਾਹ ਨਾਲ (ਤੇਰਾ) ਕੰਮ ਬਣਿਆਂ ਰਹੇ, ਭਾਵ ਨੌਕਰੀ ਬਣੀ ਰਹੇ। [2]ਪੱਤਰੀ ਦਾ ਮੂੰਹ। [3]ਚੰਦੂ ਨੂੰ ਚਿੰਤਾ ਬੜੀ ਹੈ।

ਸੁਖਦਾਨ-॥੧੧॥ਉਤ ਚੰਦੂ ਅਵਸਰ ਕੋ ਚਾਹਤਿ-ਸ਼ਾਹੁ ਪ੍ਰਸੰਨ ਬਾਤ ਲੇ ਮਾਨਿ-।ਕਰਿ ਫਰੇਬ ਅਵਕਾਸ਼ ਪਾਇ ਕਰਿ ਤੁਰਕੇਸ਼ੁਰ ਸੋਂ ਕੀਨਿਬਖਾਨ। 'ਹਜ਼ਰਤ ! ਸੁਨਹੁ ਰਹੇ ਬਹੁ[1] ਦਿੱਲੀ ਸਮੋਂ ਬਿਤਾਯਹੁ ਬਸੇ ਮਹਾਨ।ਵਿਰਨੋ ਦੇਸ਼ ਅਸ਼ੇਸ਼ ਆਪਨੇ ਸੁਧਿ ਕੋ ਲੇਹੁ ਪਨਾਹ ਜਹਾਨ[2] !॥੧੨॥ ਬਡੇ ਤੁਮਾਰੇ ਬਿਚਰਤਿ ਜਿਤ ਕਿਤ ਗਰਮੀ ਸਮੈ ਗਮਹਿਂ ਕਸ਼ਮੀਰ।ਕੇਸਰ ਘੋਰ ਬਿਲਾ-ਸਹਿਂ[3] ਬੇਗਮ ਅਤਰ ਗੁਲਾਬ ਉਡਾਇ ਅਮੀਰ[4]। ਕਰੈਂ ਸੈਲ ਮਗ ਸੈਲਨਿ ਕੇਰੀ ਜਹਾਂ ਨ ਕਰਤੀ ਤਪਤ ਅਧੀਰ। ਗਨ ਮੇਵਨਿ ਕੇ ਬਿਟਪਨਿ ਦੇਖਤਿ, ਮਨ ਭਾਵਤਿ ਪਹਿਰਤਿ ਬਰ ਚੀਰ॥੧੩॥ ਜਿਮ ਇਕ ਥਲ ਜਲ ਰੋਕਯੋ ਬਿਗਰਹਿ ਤਿਮ ਤੁਮਰੋ ਇਕ ਥਲ ਮਹਿਂ ਬਾਸ। ਤੇਜ ਹੀਨ ਹੁਇ ਤ੍ਰਾਸਤਿ ਨਹਿਂ ਨਰ, ਨਹੀਂ ਪ੍ਰਤਾਪ ਬਿਸਾਲ ਪ੍ਰਕਾਸ਼। ਅਬਿ ਸੂਰਯ ਕੀ ਚੰਡ ਕਿਰਨ ਭੀ ਇਹਠਾਂ ਹੋਵਹਿ ਤਪਤ ਅਵਾਸ। ਨਹਿਂ ਕਸ਼ਮੀਰ ਬਿਖੈ ਅਸ ਉਸ਼ਨ[5] ਸੁ ਗਮਨਹੁ ਕੀਜਹਿ ਤਹਾਂ ਬਿਲਾਸ' ॥ ੧੪॥ ਸੁਨਤਿ ਸ਼ਾਹੁ ਕੇ ਉਰ ਮਹਿਂ ਭਾਈ 'ਆਛੀ ਬਾਤਿ ਕਹੀ ਸਮੁਝਾਇ। ਸੁਮਤਿਵਾਨ ਗੁਨ ਖਾਨ ਪੁਰਾਤਨ ਕਰਯੋ ਦਿਵਾਨ ਇਹੀ ਲਖਿ ਪਾਇ[6]। ਨਿਤ ਹਮਰੇ ਤਨ ਕੋ ਸੁਖ ਚਾਹਤਿ ਨੀਕੀ ਬਾਤਨਿ ਦੇਤਿ ਬਤਾਇ। ਅਬਿ ਬਹਾਰ ਕਸ਼ਮੀਰ ਦੇਸ਼ ਕੀ ਜਹਾਂ ਨ ਸੂਰਜ ਤਪਤ ਉਪਾਇ' ॥ ੧੫॥ ਇਮ ਕਹਿ ਸਿਰੋਪਾਉ ਬਹੁ ਮੋਲਾ ਚੰਦੂ ਕੋ ਬਖਸ਼ਯੋ ਬਡਿਆਇ। 'ਗਮਨ ਹੇਤਿ ਤਯਾਰੀ ਕਰਿ-ਵਾਇਸਿ ਆਧੀ ਚਮੂੰ ਰਹੇ ਇਸ ਥਾਇਂ। ਆਧੀ ਸੰਗ ਚਲਹਿ ਕਹਿ ਦੀਜੈ' ਸਭਿ ਬੇਗਮਕੋ ਦੀਨਿ ਸੁਨਾਇ।'ਚਲਹੁ ਪਿਖਹਿਂ ਕਸ਼ਮੀਰ ਦੇਸ਼ਕੋ,ਬਿਲ-ਸਹਿਂ ਬਿਨਾ ਉਸ਼ਨ ਹਰਖਾਇ॥੧੬॥ਗਜ ਤੁਰੰਗ ਸਯੰਦਨ ਅਰੁ ਡੋਰੇਚਲੀ ਪਾਲਕੀ ਹਜ਼ਰਤ ਸੰਗਿ।ਸੈਨਾਂ ਉਮਡੀਜਯੋਂ ਹੜ੍ਹ ਕਾ ਜਲ ਚਲਯੋਸ਼ਾਹੁਧਰਿ ਰਿਦੈ ਉਮੰਗਿ। ਚੰਦੂ ਬਿਲੰਦ ਅਨੰਦਤਿ ਹ੍ਵੈ ਕੈ ਦੁਹਿਤਾ ਦੇਖਤਿ ਕਰਿ ਮਨ

[1]ਬਹੁਤ ਰਹੇ ਹਾਂ। [2]ਹੇਜਹਾਂ ਪਨਾਹ ! [3]ਕੇਸਰ ਘੋਲਕੇ ਅਨੰਦ ਭੋਗਦੇ ਸਨ। [4]ਇਕ ਪ੍ਰਕਾਰ ਦੀ ਖੁਸ਼ਕ ਖੁਸ਼ਬੋ ਜੋ ਕਿ ਕਪੜਿਆਂ ਪਰ ਸਿੱਟਦੇ ਹਨ। [ਅਃ, ਅ਼ਬੀਰ=ਖ਼ੁਸ਼ਕ ਖ਼ੁਸ਼ਬੋ (ਅ) ਸੰਦਲ ਗੁਲਾਬ ਤੇ ਕਸਤੂਰੀ ਤੋਂ ਬਣੀ ਖੁਸ਼ਬੋ। (ੲ) ਕੇਸਰ ਤੋਂ ਬੀ ਬਣਾਂਦੇ ਹਨ।] (ਅ) ਹਿੰਦੀ ਵਿਚ ਸਿੰਘਾੜੇ ਦੇ ਆਟੇ ਹਲਦੀ ਤੇ ਚੂਨੇ ਤੋਂ ਬਣਿਆਂ ਗੁਲਾਲ। (ੲ) ਅਬਰਕ ਦਾ ਧੂੜਾ। (ਸ) ਚੰਦਨ ਘਸਾ ਕੇ ਸੁਕਾ ਕੇ ਬਣਿਆਂ ਧੂੜਾ। (ਹ) ਕੋਈ ਸੁਗੰਧਿਤ ਅਲਤਾ। [5]ਗਰਮੀ। [6]ਇਹੀ ਗੱਲ ਜਾਣਕੇ (ਤੈਨੂੰ) ਦਿਵਾਨ ਕੀਤਾ ਹੈ।

ਭੰਗ॥–ਦੇਉਂ ਬਜਾਹਕੈ ਲੇਉਂ ਪ੍ਰਾਨ ਗੁਰੁ ਤੌ ਮੁਝਕੋ ਸੁਖਹ੍ਵੈ ਸਰਬੰਗ[1]–॥੧੭॥
ਸ਼ਾਹੁ ਸੰਗ ਚਢਿ ਚਲ੍ਯੋ ਮਤੰਗਹਿ ਡੇਰਾਕਰਤਿ ਚਲਤਿ ਪੁਨ ਪ੍ਰਾਤ[2]।ਕਬਿ
ਹਜ਼ਰਤ ਗਜ ਪਰ ਚਢਿ ਚਾਲਹਿਂਕਬਿ ਤੁਰੰਗਪਰ ਉਰ ਹਰਖਾਤਿ। ਕਬਹੁੰ
ਪਾਲਕੀ ਬੈਠਤਿ ਗਮਨਤਿ ਚਮੂੰ ਅਨਿਕ ਉਮਰਾਵ ਪ੍ਯਾਤਿ[3]।ਬਾਜੇ ਬਜੈਂ
ਛੁਟਹਿਂ ਬਹੁ ਤੋਪੈਂ ਧੌਂਸੇ ਧੁੰਕਾਰਤਿ ਮਗ ਜਾਤਿ ॥੧੮॥ ਮਗ ਉਲੰਘ੍ਯ ਸਤੁ-
ਦ੍ਰਵ ਤਟ ਆਇ ਤਰੀ ਤਰੀ ਪਰ[4] ਹ੍ਵੈ ਗੇ ਪਾਰਾਗਨ ਨੌਕਾ ਹਿਤ ਲਸ਼ਕਰ
ਇਕਠੀ ਬਹੁ ਕੇਵਟ[5] ਮਿਲਿ ਦਏ ਉਤਾਰਿ।ਸਨੇ ਸਨੇ ਬਿਚ ਦੇਸ਼ ਦੁਆਬੇ
ਕਰਤਿ ਸੈਰ ਕੋ ਪੰਥ ਮਝਾਰ।ਤੀਰ ਬਿਪਾਸਾ ਕੇ ਚਲਿ ਪਹੁੰਚ੍ਯੋ ਤਿਸ ਦਿਨ
ਹਯ ਪਰ ਭਾ ਅਸਵਾਰ ॥੧੯॥ਕਰਨਿ ਅਖੇਰ ਪੰਥ ਕੋ ਛੋਰ੍ਯੋ ਉਮਰਾਵਨਿ
ਕੁਛ ਲੇ ਕਰਿ ਸੰਗਿ। ਖੋਜਤਿ ਫਿਰਤਿ ਕੂਲ ਸਲਿਤਾ ਕੇ ਨਿਕਸ੍ਯੋ ਕਾਰੀ
ਪਿਸ਼ਟ ਕੁਰੰਗ[6]। ਜਹਾਂਗੀਰ ਜਬਿ ਕਰ੍ਯੋ ਬਿਲੋਕਨਿ ਅਪਰ ਬਰਜਿ ਕਿਯ
ਤੇਜ ਤੁਰੰਗ।ਬਲੀ ਬੇਗਤੇਬਹ੍ਯੋ ਬਾਯੁਸਮ ਮਿਲਤਿਜਾਤਿ ਪਾਛੇ ਹਿਤਭੰਗ[7]
॥੨੦॥ਬਿਖਮ ਸਥਲ ਆਗੇ ਕੁਛ ਆਇਵ ਬਾਜੀ ਕੀਨਸਿ ਦੀਰਘਛਾਲ।
ਜਹਾਂਗੀਰ ਅਵਿਨੀਪਰ ਗਿਰਗਾ ਲਗੀ ਲਾਤ ਪਰ ਚੋਟ ਬਿਸਾਲ। ਸੰਗਨਿ[8]
ਗਹ੍ਯੋ ਦੌਰ ਕੈ ਤਤਛਿਨ ਸਨਮਾਨਤਿ ਬਹੁ ਲੀਨਿ ਉਠਾਲ। ਲ੍ਯਾਇ
ਪਾਲਕੀ ਬਿਖੈ ਸੁ ਪਾਇਵ ਸਨੇ ਸਨੇ ਗਮਨੈ ਤਿਸਕਾਲ॥੨੧॥ ਹਾਹਾਕਾਰ
ਕਰੈ ਸਭਿ ਲਸ਼ਕਰਿ 'ਹਜ਼ਰਤਿ ਗਿਰ੍ਯੋ ਸਹਾਇ ਖੁਦਾਇ!'। ਚੰਦੂ ਨਿਕਟ
ਗ੍ਯੋ ਕਰਿ ਬੰਦਨ ਬਹੁਤਦਰਦਕੀ ਬਾਤਜਨਾਇ।ਸ਼ਾਹੁ ਦ੍ਰਿਸ਼ਟਿ ਇਸ ਕੀ
ਦਿਸ਼ਿ ਆਇਓ ਕਹ੍ਯੋ ਬਾਕ'ਕਿਛੁ ਕਰਹੁ ਉਪਾਇ।ਜਨਮ[9]ਕਤਾਬ ਨਜੂਮੀ
ਸੋਧਹਿ ਕਿਸ ਕਾਰਨ ਤੇ ਮੈਂ ਦੁਖ ਪਾਇ?'॥੨੨॥ਅਵਸਰ ਲਹ੍ਯੋ ਦੁਸ਼ਟਨੇ
ਭਾਖ੍ਯੋ'ਹਜ਼ਰਤ! ਕਹਿਬੇ ਉਚਿਤ ਨਬਾਤ।ਕਹੌਂ ਕਹਾਂ ਨਿਸਤਸਕਰ ਲਾਗੇ
ਗਈ ਕਿਤਾਬ ਭਈ ਸੁਧਿ ਪ੍ਰਾਤ।ਅਪਰਦਰਬ ਸਾਮਿੱਗ੍ਰੀ ਕੇਤਿਕ ਭਾ ਨੁਕ-
ਸਾਨ ਆਜ ਕੀ ਰਾਤਿ।ਬਹੁਤ ਚੋਰ ਇਸ ਦੇਸ਼ ਭਏ ਅਬਿ ਕਿਤ ਕੋ ਗਏ ਨ
ਜਾਨੇ ਜਾਤਿ'॥੨੩॥ਸੁਨਿ ਹਜ਼ਰਤਿ ਮਤਿ ਬਿਸਮਤ ਅਤਿਸ਼ੈ 'ਮੋਹਿ ਰਾਜ
ਕਿਤ ਚੋਰ ਬਸੰਤਿ?।ਤ੍ਰਾਸ ਨ ਮਾਨਹਿਂ ਮੇਰੋ ਚਿਤ ਮਹਿਂ ਮਮ ਡੇਰੇ ਕੋ ਆਇ

---

[1]ਸਾਰਿਆਂ ਅੰਗਾਂ ਵਿਚ। [2]ਸਵੇਰੇ। [3]ਜਾਂਦੇ ਹਨ। [4]ਬੇੜੀ ਪੁਰ (ਚੜ੍ਹ ਕੇ) ਤਰ ਕੇ। [5]ਮਲਾਹ।
[6]ਕਾਲੀ ਪਿੱਠ ਵਾਲਾ ਹਿਰਨ (ਹੀਰਾ ਮ੍ਰਿੱਗ)। [7]ਮਾਰਨ ਲਈ। [8]ਸਾਥੀਆਂ ਨੇ। [9]ਜਨਮ ਦੀ।

ਲਗੰਤਿ।ਲਵਪੁਰਿ ਕੋ ਸੂਬਾ ਨਹਿੰ ਤ੍ਰਾਸਤਿ ਨਰਖੋਟਨਿ ਕੋ ਨਹੀਂਗਹੰਤਿ[1]।
ਜਨੋਂਕਨੋਂਕਰਿ ਤਸਕਰਕੋਸਾਬਤ ਗਹਿਕਰਿ ਦਿਹੁਸਜਾਇਅਤਨੇਤ’॥੨੪॥
ਹਾਥ ਬੰਦਿ ਚੰਦੂ ਕਹਿ ਨਿੰਦਕ‘ਇਕ ਅਰਜਨ ਖੱਤ੍ਰੀ ਲਖਿਯੰਤਿ।ਕਹੈ ਸੁ
–ਨਾਨਕ ਗਾਦੀ ਪਰ ਮੈਂ–ਨਹਿੰ ਕਿਸਹੂੰ ਤੇ ਚਿਤ ਡਰਪੰਤਿ।ਸੋ ਰਾਖਤਿਹੈ
ਤਸਕਰ ਕੋ ਢਿਗ ਜਹਿੰ ਕਹਿੰਤੇ ਧਨ ਕੋ ਚੁਰਵੰਤਿ[2]।ਤੁਮ ਤੇ ਤਨਕ ਤ੍ਰਾਸ
ਨਹਿੰ ਪਾਯਹੁ ਡੇਰੇ ਮਹਿੰ ਤੇ ਵਸਤੁ ਕਢੰਤਿ॥੨੫॥ਰਾਮਦਾਸ ਪੁਰਿ[3] ਮਹਦ
ਬਸਾਯੋ,ਗੁਰੂ ਕਹਾਇ ਬਨਯੋ ਧਨਵੰਤ।ਬਡੇ ਭ੍ਰਾਤ ਕੋਂਵਹਿਰ ਨਿਕਾਸਯੋ ਬਲ
ਛਲ ਭਾਂਤਿ ਅਨੇਕ ਕਰੰਤਿ । ਦੇਸ਼ ਬਿਦੇਸ਼ਨਿ ਤਸਕਰ ਭੇਜਤਿ ਨੀਕੀ
ਵਸਤੁ ਨ ਕਿਤੇ ਛੁਟੰਤਿ[4]।ਲੇਤਿਮੰਗਾਇ ਸਮੀਪ ਆਪਨੇਬੈਠਿ ਨਰਨਿਮਹਿੰ
ਬਚ ਗਰਬੰਤਿ[5]’॥੨੬॥ਸੁਨਤਿ ਸ਼ਾਹੁ ਬਿਸਮਯੋ ਭਾ ਤੂਸ਼ਨਿ ਗੁਰੁ ਘਰ ਕੀ
ਬਾਤਨਿ ਚਿਤਵੰਤਿ।ਉਚਰਤਿਭਯੋ‘ਅਨੁਚਿਤਨਭਾਖੋ,ਕਿਤ ਗੁਰੁਪਦ ਕਿਤ
ਚੋਰ ਰਖੰਤਿ । ਪੀਰਨ ਪੀਰ ਮਹਾਂ ਗੁਰ ਨਾਨਕ ਜਿਸ ਕੀ ਬਖਸ਼ਿਸ਼ ਜਗ
ਬਰੁਸੰਤਿ[6]।ਬਾਬਰ ਬਡੋਹਮਾਰੋ ਹੋਵਾ ਤਿਸਕੋਸਲਤਨ[7] ਦੀਨਿ ਤੁਰੰਤਿ॥੨੭॥
ਹਿੰਦੂ ਤੁਰਕਨਿ ਇਕ ਸਮ ਜਾਨਤਿ*ਸ਼ਰਧਾਲੂ ਨਰ ਕਿਏ ਨਿਹਾਲ।ਤਿਸ
ਗਾਦੀ ਪਰ ਬੈਠਿ ਗੁਰੂ ਭਾ ਪੁਨ ਕਿਮ ਲੇ ਚੋਰੀ ਕੋ ਮਾਲ। ਅਸ ਖੋਟੀ ਮਤਿ
ਕੋ ਪਰਹਰੀਆ ਕੈਸੇ ਚੋਰ ਰਖੈ ਨਿਜ ਨਾਲ । ਜਗਤ ਬਿਖੈ ਜਿਨ ਕੋ ਜਗ
ਕਹੀਯਤਿ ਤਿਨ ਕੋ ਕਮੀ ਨ ਦਰਬ ਬਿਸਾਲ’॥੨੮॥ਸੁਨਿ ਚੰਦੂ ਨੇ ਪੁਨਉ-
ਲਟਾਈ‘ਜਿਮ ਤੁਮ ਕਹੋ ਅਹੈ ਤਿਮ ਬਾਤ।ਇਸ ਬਿਨ ਪ੍ਰਥਮ ਗੁਰੂ ਜੇ ਹੋਏ
ਤਿਨ ਕੋ ਜਸ ਜਗ ਮੇਂ ਅਵਦਾਤ[8]।ਇਹ ਬਡ ਕ੍ਰੋਧੀ,ਲੋਭੀ, ਚੰਚਲ,ਨਗਰ
ਨਿਕਾਸ ਦੀਨਿ ਬਡ ਭ੍ਰਾਤ । ਅਪਰ ਨਰਨਿ ਸੋਂ ਦ੍ਵੈਸ਼ ਕਰੰਤਾ ਡਰਤਿ ਨ
ਰਚਹਿ ਅਨਿਕ ਛਲ ਘਾਤਿ’॥੨੯॥ਸ਼ਾਹੁ ਕਹਯੋ‘ਪਿਤ ਅਕਬਰ ਮੇਰੋ ਅਰਪੇ
ਗ੍ਰਾਮ ਕਿਤਿਕ ਤਿਨ ਪਾਸਿ।ਲਵਪੁਰਿ ਮਹਿੰ ਚਲਿ ਅਬਿਸੁਧਿ ਲੈਹੈਂ ਖਰਚ
ਬਿਸਾਲ ਜਿ ਭਯੋ ਅਵਾਸ। ਦੇਹਿੰ ਅਪਰ ਕੁਛ ਅਰਪ ਤਿਨਹੁ ਢਿਗ ਚੋਰੀ
ਬਰਜਹਿੰ ਨੀਕ ਨ ਤਾਸ।ਅਬਿ ਤੌਚਲੋਬਿਪਾਸਾ ਉਤਰਹੁ ਪਾਰ ਕਰਹੁਡੇਰਾ
ਨਿਸਬਾਸ[9]’॥੩੦॥ਦੋਹਰਾ॥ਦਿਢ ਨੌਕਾ ਪਰ ਸ਼ਾਹੁਚਢਿ ਪਰਯੋ ਪਾਰ ਸੁਖਸੰਗ।

---

[1]ਨਹੀਂ ਫੜਾਂਵਦਾ। [2]ਚੁਰਾਂਵਦਾ ਹੈ। [3]ਸ਼੍ਰੀ ਅੰਮ੍ਰਿਤਸਰ। [4]ਕਿਤੇ ਨਹੀਂ ਛੋੜਦਾ। [5]ਹੰਕਾਰ ਦੇ ਕਹਿੰਦਾ ਹੈ ਬਚਨ। [6]ਜਗਤ ਵਰੁਸਾਉਂਦਾ ਹੈ। [7]ਬਾਦਸ਼ਾਹੀ [ਅ: ਸਲਤਨਤ]। [8]ਉੱਜਲ, ਪ੍ਰਗਟ ਹੈ। [9]ਰਾਤ ਵੱਸਕੇ। *ਪਾ:–ਸੋ ਪਿਖਿ।

ਗੁਰ ਜਸੁ ਬਰਨਯੋ ਲਾਤ ਦੁਖ ਤਤਛਿਨ ਹੋਯਹੁ ਭੰਗ ॥ ੩੧ ॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰਾਸੇ 'ਜਹਾਂਗੀਰ ਪ੍ਰਸੰਗ' ਬਰਨਨੰ ਨਾਮ ਚਤੁਰ ਬਿੰਸਤੀ ਅੰਸੂ ॥ ੨੪ ॥

੨੫. [ਸੁਲਬੀ ਦਾ ਨਾਸ਼]।

ਦੋਹਰਾ॥ਸੁਲਹੀ ਭ੍ਰਾਤਾ ਪੁੱਤ੍ਰ[੧] ਇਕ ਸੁਲਬੀ ਨਾਮ ਕਹੰਤਿ।ਚੰਦੂ ਅਰ ਪਤਿ-ਸ਼ਾਹੁ ਕੋ ਸਗਰੋ ਸੁਨਯੋ ਬ੍ਰਿਤੰਤ॥੧॥ਨਿਸ਼ਾਨੀ ਛੰਦ॥ ਉਤਰ ਪਾਰ[੨] ਜਬਿ ਟਿਕੇ ਨਿਸ ਤੰਬੂ ਮਹਿੰ ਚੰਦੂ।ਸੁਲਬੀ ਸੁਲਹੀ ਕੋ ਚਿਤਹਿ ਉਤਕਸ਼ਟ ਬਿਲੰਦੂ। ਤਮ ਮਹਿੰ ਗਮਨਯੋ ਪਾਸ ਤਿਸ ਬੂਝੀ ਸੁਧਿ ਸਾਰੀ। 'ਹਮਰੋ ਰਿਪੁ ਅਰਜਨ ਗੁਰੂ ਕਹਾ ਕਰਤਿ ਉਚਾਰੀ[੩]' ॥੨॥ ਸੁਨਿ ਚੰਦੂ ਤਰਕਤਿ ਭਯੋ 'ਲਾਯਕ ਬਿਨ ਹੋਏ[੪]।ਬੈਰ ਨ ਚਾਰੇ ਕੋ ਲਿਯੋ ਪਰ ਸੁਖ ਸੋਂ ਸੋਏ।ਮੈਂ ਉਪਾਇ ਗਹਿਬੇ ਕਰੌਂ ਦਿਨ ਕੇਤਿਕ ਮਾਂਹੀ। ਬਨਿ ਸਹਾਇ ਜੇ ਦੁਖ ਰਿਦੇ, ਛੋਰਹਿਂ ਗੇ ਨਾਂਹੀ'। ੩॥[੫]'ਸੁਨਿ ਦਿਵਾਨ ਮੁਝ ਆਨ[੬] ਹੈ ਸੁਧਿ ਹੁਤੀ ਨ ਤਰੀ। ਹਮ ਦੋਨਹੁ ਕੋ ਮਾਰਨੋ ਬਿਧਿ ਸੁਗਮ ਬਡੇਰੀ।ਬਾਯੂ ਬੰਨ੍ਹੀ ਬਲੀ ਮਿਬ ਬਨ ਬਡੋ ਬਿਨਾਸ਼ੈ[੭]। ਹੁਕਮ ਦਿਵਾਵਹੁ ਸ਼ਾਹੁ ਤੇ ਗੁਰੁ ਜਾਉਂ ਅਵਾਸੈ[੮] ॥ ੪ ॥ ਪਹੁੰਚਤਿ ਪੁਰਿ ਮੈਂ ਪਕਰਿ ਹੌਂ ਕਾਰਾਗ੍ਰਹ ਪਾਵੌਂ। ਨਿਸ ਮਹਿੰ ਏਕਲ ਕੋ ਕਰੌਂ ਧਰ ਸਿਰ[੯] ਉਤਰਾਵੌਂ। ਇਹਾਂ ਸ਼ਾਹੁ ਲਗਿ ਬਾਤ ਕੋ ਪਹੁੰਚਨ ਨਹਿਂ ਦੀਜੈ।ਰਹੈਂ ਨਿਕਟ ਧਨ ਦਿਹੁ ਤਿਨਹਿ ਅਪਨੇ ਕਰਿ ਲੀਜੈ॥੫॥ਜੇ ਕਰਿ ਕੋ ਚਿਰਕਾਲ ਮਹਿਂ ਸੁਧਿ ਪਹੁੰਚ ਬਤਾਵੈ।ਕਰਿ ਫਰੇਬ ਬਹੁ ਬਿਧਿਨਿ ਕੇ ਤਬਿ ਬਾਤ ਮਿਟਾਵੈ[੧੦]। ਇਹ ਤੇਰੇ ਗਰ[੧੧]ਕਾਜ ਹੈ,ਮਾਰਨਿ ਗਰ ਮੇਰੇ।ਗਯੋ[੧੨]ਨਿਸੰਸੇ ਮਾਰਿਹੌਂ ਰਿਣ ਉਤਰ[੧੩] ਬਡੇਰੇ॥੬॥ ਮਮ ਚਾਚੀ ਬਿਧਵਾ ਭਈ ਗਨ ਤਰਕ ਉਚਾਰੈ[੧੪]।-ਜਿਸ ਹਤਿਬੇ ਹਿਤ ਪਤਿ ਗਯੋ ਤਿਸ ਤੂੰ ਨਹਿਂ ਮਾਰੈਂ।ਲਾਜ ਨਹੀਂ ਕਿਸ ਕਾਜ ਕੀ,ਰਿਪੁ ਸੁਖੀ ਰਹੰਤਾ। ਬਲ ਛਲ ਕਰਿ ਜਾਦੂ ਅਧਿਕ ਧਸਿ ਪਾਵਕ ਹੰਤਾ[੧੫]-॥੭॥ਜਤਨ ਬਨਯੋ ਨਹਿਂ ਮੋਹਿ ਤੇ ਚਿਤਵਤਿ ਚਿਤ ਨੀਤਾ।ਸਮਝਯੋ ਆਜ ਪ੍ਰਸੰਗ ਕੋ ਆਯੋ ਧਰਿ ਪ੍ਰੀਤਾ'। ਸੁਨਿ ਚੰਦੂ ਹਰਖਯੋ ਰਿਦੇ 'ਜੇ ਇਮ

---

[੧]ਸੁਲਹੀ ਦੇ ਭਰਾ ਦਾ ਪੁੱਤ੍ਰ। [੨]ਬਿਆਸਾ ਤੋਂ ਪਾਰ ਉਤਰਕੇ। [੩](ਉਹਨਾਂ ਬਾਬਤ) ਤੂੰ ਕੀ (ਰਾਇ) ਕਹਿੰਦਾ ਹੈਂ ? [੪](ਤੁਸੀਂ) ਲਾਇਕ ਨਹੀਂ ਹੋ। [੫]ਸੁਲਬੀ ਬੋਲਿਆ। [੬]ਕਸਮ। [੭]ਹਵਾ ਤੇ ਅੱਗ ਦੋਵੇਂ ਬਲੀ (ਰਲ ਜਾਣ ਤਾਂ) ਵੱਡਾ ਬਣ ਬੀ ਨਾਸ਼ ਹੋ ਜਾਂਦਾ ਹੈ। [੮]ਜਾਵਾਂ ਗੁਰਾਂ ਦੇ ਘਰ। [੯]ਧੜ ਤੋਂ ਸਿਰ। [੧੦](ਤੂੰ) ਮਿਟਾਵੀਂ। [੧੧]ਗਲ। [੧੨](ਕਿਵੇਂ ਜੇ ਮੈਂ ਉੱਥੇ) ਚਲਾ ਜਾਵਾਂ ਤਾਂ...। [੧੩]ਬਦਲਾ ਉਤਰੇਗਾ। [੧੪]ਬਹੁਤੇ ਤਾਨ੍ਹੇ ਮਾਰਦੀ ਹੈ ਚਾਚੀ। [੧੫]ਅਗਨੀ ਵਿਚ ਧਸਾ ਕੇ ਮਾਰ ਦਿੱਤਾ।

ਕਰਿ ਆਵੈਂ।ਸਦਾ ਆਫਰੀਂ[1] ਤੋਹਿ ਕੋ ਸਭਿ ਕਸ਼ਟ ਮਿਟਾਵੈਂ ॥ ੮ ॥ ਪ੍ਰਾਤ
ਸਮੀਪੀ ਰਹਹੁ ਤੁਮ ਜਬਿ ਅਵਸਰ ਪਾਊਂ। ਆਜ ਸਮਾਨ ਮਿਲਾਪ ਹੁਇ
ਕਹਿ ਸ਼ਾਹ ਰਿਝਾਊਂ[2]*।ਤਬਹਿ ਪ੍ਰਸੰਗ ਚਲਾਇਹੌਂ ਤਸਕਰਨਿ ਬਡੇਰਾ[3]।
ਕਰਹੁ ਉਗਾਹੀ ਮਦਤ ਕੋ ਪਾਟਯੋ ਕਹੁ ਡੇਰਾ[4]॥੯॥ਕਿਸ ਹੂੰ ਭੇਜਯੋ ਚਹਤਿ
ਹੈ[5]ਸਮੁਝਾਵਨਿ ਹੇਤੂ।ਕਿਧੌਂ ਹਕਾਰਨ ਕੋ ਨਿਕਟ ਤਿਸ ਪਠਹਿ ਨਿਕੇਤੂ।
ਮੈਂ ਤਬਿ ਤੇਰੋ ਨਾਮ ਲੈ ਦੈਹੌਂ ਸਮਝਾਈ।–ਹਜ਼ਰਤ ਜੀ ਸੁਲਬੀ ਪਠਹੁ
ਸੁਧਿ ਲੈਹੈ ਜਾਈ॥੧੦॥ਸਾਚ ਕਿਧੌਂ ਹੁਇ ਕੂਰ ਇਹ ਤਿਹ ਕੋ ਸਮੁਝਾਵੈ।
ਜਾਇ ਸੁਧਾਸਰ ਇਤਹਿ ਤੇ ਲਵਪੁਰਿ ਕੋ ਆਵੈ। ਕਹ੍ਯੋ ਸੁਨਹਿ ਮੇਰੋ ਜਬੈ
ਆਇਸੁ ਤਬਿ ਦੈਹੈ। ਕਰਹੁ ਜਾਇ ਮਨ ਭਾਵਤੀ ਨਹਿਂ ਜਿਯਤਿ ਰਹੈ ਹੈ
॥੧੧॥ਹਮ ਸਾਮੀਪੀ ਸ਼ਾਹੁ ਕੇ ਜੋ ਪਨਹ ਜਹਾਨਾ[6]। ਅਸ ਸ਼ੱਤ੍ਰ ਜੇ ਸਧਹਿ
ਨਹਿਂ[7] ਧਿਕ ਜੀਵਨ ਮਾਨਾ॥ਗਜਕੇ ਬਸਿ ਜਿਮ ਸਸਾ ਹੁਇ ਸੋ ਮਰਹਿ ਨ
ਮਾਰਾ। ਤੌ ਧਿਕਾਰ ਤਿਸ ਓਜ ਕੋ ਭਾਖਹਿ ਜਗ ਸਾਰਾ ॥੧੨॥ ਕੀਟੀ ਸਮ
ਮਮ ਅੱਗ੍ਰ ਹੈ ਨਹਿਂ ਮਾਨਹਿ ਤ੍ਰਾਸ॥ਕਹਾਂ ਕਰਹਿ ਹੰਕਾਰ ਕੋ ਕਿਸ ਕੋ ਭਰ-
ਵਾਸਾ। ਕਰ੍ਯੋ ਕਲੰਕਤਿ ਮੋਹਿ ਕੋ ਨਿੰਦਹਿ ਜਗ ਸਾਰਾ। ਸੁਤਾ ਕੁਮਾਰੀ
ਦੇਖਿ ਕੈ ਪਰਵਾਰ ਦੁਖਾਰਾ[8]॥੧੩॥ਬਿਨਾ ਹਨੇ ਮਮ ਚੈਨ ਨਹਿਂ†'ਇਮ ਬੈਨ
ਉਚਾਰੇ। 'ਅਬਿ ਨਿਸ ਮਹਿਂ ਸ਼੍ਰਮ ਪਰਹਰਹੁ, ਕਰਿ ਕਾਰ ਸਕਾਰੇ'।ਦੋਨਹੁ
ਦੁਰਮਤਿ ਦੁਸ਼ਟ ਬਡਿ ਇਮ ਮਸਲਤਿ ਠਾਨੀ॥ਅਪਨੇ ਅਪਨੇ ਥਾਨ ਮਹਿਂ
ਸੁਪਤੇ ਸੁਖ ਮਾਨੀ॥੧੪॥ ਭਈ ਪ੍ਰਾਤ ਤਬਿ ਕੂਚ ਕੇ ਧੌਂਸੇ ਧੁੰਕਾਰੇ। ਸੁਨਿ
ਕਰਿ ਸਗਰੀ ਬਾਹਨੀ[9], ਤੂਰਨ ਭਈ ਤਯਾਰੇ।ਗਮਨ੍ਯੋ ਪੰਥ ਬਿਹੀਰ ਗਨ
ਲਵਪੁਰਿ ਕੇ ਰਾਹੂ। ਚਲਿ ਚੰਦੂ ਪਹੁੰਚ੍ਯੋ ਨਿਕਟ ਜਹਿਂ ਬੈਠ੍ਯੋ ਸ਼ਾਹੂ॥੧੫॥
'ਹਜ਼ਰਤ ਸੁਖ ਹੈ ਲਾਤ ਕੋ ਹਮ ਦੇਹੁ ਬਤਾਈ॥ਚਿਤਵਤਿ ਪੀਰਾ ਆਪ ਕੀ
ਮੁਹਿ ਨੀਂਦ ਨ ਆਈ। ਜਾਨਤਿ ਜਨਮ ਕਿਤਾਬ ਤੇ ਕਿਮ ਸੰਕਟ ਹੋਵਾ।
ਸੋ ਤਸਕਰ ਹਰਿ ਲੇ ਗਏ ਕੁਛ ਜਾਇ ਨ ਜੋਵਾ॥੧੬॥ਕਹਾਂ ਨਜੂਮੀ ਅਬਿ

---

[1]ਸ਼ਾਬਾਸ਼ [ਫਾ:, ਆਫਰੀਨ]। [2](ਜੇ) ਅੱਜ ਵਰਗਾ ਮੇਲ ਹੋਇਆ (ਬਾਦਸ਼ਾਹ ਨਾਲ) ਤਾਂ (ਗੱਲ) ਕਹਿ ਕੇ ਪਾਤਸ਼ਾਹ ਨੂੰ ਰਿਝਾਵਾਂਗਾ। [3]ਬਹੁਤੇ ਚੋਰਾਂ ਦਾ। [4]ਤੂੰ ਕਹੀਂ (ਕਿ) ਤੰਬੂ ਪਾੜਿਆ ਗਿਆ ਹੈ। [5](ਬਾਦਸ਼ਾਹ) ਭੇਜਿਆ ਚਾਹੁੰਦਾ ਹੈ। [6]ਜੋ ਜਹਾਨ ਦੀ ਪਨਾਹ (ਆਸਰਾ) ਹੈ। [ਫਾ:,ਪਨਾਹ]। [7]ਸਿੱਧਾ ਨਾ ਹੋਵੇ। [8]ਕੁਟੰਬ ਦੁਖੀਆ ਹੈ। [9]ਸੈਨਾ।

*ਪਾ:–ਕਹਿ ਰਿਦੇ ਰਿਝਾਊਂ। †ਪਾ:–ਮਮ ਨਹਿਂ ਬਨੈ।

ਕਰੈਂ ਢਿਗ ਹੈ ਨ ਕਿਤਾਬਾ॥ਸ਼ਸਤ੍ਰਹੀਨ ਜਿਮ ਸਰਮਾ ਕਜਾਵੇਹਿ ਜਬਾਬਾ' ।ਜਹਾਂਗੀਰ ਸੁਨਿਕੈ ਭਨ੍ਯੋ 'ਅਬਿ ਸੰਕਟ ਨਾਂਹੀ। ਤਉ ਕਿਤਾਬ ਖੁਜਾਈ-ਅਹਿ ਇਸ ਦੇਸ਼ ਕਿ ਮਾਂਹੀ॥੧੭॥ ਲਾਲਚ ਦਰਬ ਦਿਖਾਈਅਹਿ ਕੋ ਖੋਜ ਬਤਾਵੈ[1]।ਕਰਹੁ ਜਤਨ ਸਭਿ ਬਿਧਿਨਿ ਕੇ ਜੇ ਕਰਿ ਸੋ ਪਾਵੈ"। ਕਹਿ ਚੰਦੂ 'ਚਿਤ ਆਪਕੇ ਐਸੇ ਬਹੁ ਚਾਹਾ। ਸੁਲਬੀ ਕੋ ਤਾਗੀਦ ਕਰਿ ਭੇਜਹੁ ਗੁਰ ਪਾਹਾ॥੧੮॥ਕਠਨ ਮ੍ਰਿਦੁਲ ਬਚ ਕਹੈਗੋ ਸਮੁਝਾਵਹਿ ਜਾਈ।ਲੇਹਿ ਕਿਤਾਬ ਸੁ ਤਿਨਹੁ ਤੇ ਤਸਕਰਨਿ ਦੁਰਾਈ[2]। ਨਹੀਂ ਸਪਾਰਸ਼ ਕੋ ਸੁਨਹਿ ਤਿਸਕੋ ਡਰ ਪਾਵੈ।ਬਿਨ ਡਰਪੇ ਕੋ ਦੇਤਿ ਨਹਿਂ ਸਭਿ ਕੇ ਬਨਿ ਆਵੈ'॥੧੯॥ਕਰਹਿ ਦ੍ਰੋਹੁ ਸ਼ਾਹੁ ਨ ਲਖਹਿ[3], ਕਹਿ ਚੰਦੂ ਸੰਗਾ। 'ਪ੍ਰਥਮ ਬਿਨੈ ਕੇ ਬੈਨ ਕਹਿ ਨਹਿਂ ਕਹੈ ਕੁਢੰਗਾ॥ਮਮ ਦਿਸ਼ਿ ਤੇ ਸਮੁਝਾਇ ਹੈ ਨਹਿਂ ਚੋਰ ਰਖੀਜਹਿ। ਜੇ ਕਰਿ ਖਰਚ ਬਿਸਾਲ ਹੈ ਧਨ ਹਮ ਤੇ ਲੀਜੈ॥੨੦॥ਕਿਧੋਂ ਗ੍ਰਾਮ ਲਿਹੁ ਔਰ ਅਬਿ ਮੰਦੀ ਤਜਿ ਚੋਰੀ।ਹੋਤਿ ਪੀਰਜੀ ਪਾਪ ਬਡ ਕਬਿ ਕਰਹਿ ਜਿ ਥੋਰੀ। ਬਿਨੈ ਕਰੋ ਬਹੁਭਾਂਤਿ ਕੀ*ਮ੍ਰਿਦੁ ਕਹਿਸਮੁਝਾਓ।ਤਸਕਰ ਰਾਖਹਿਂਕੇਨਹੀਂ ਇਹ ਨਿਸ਼ਚਾ ਪਾਓ'॥੨੧॥ਸੁਨਿ ਸੁਲਬੀ ਕਰ ਜੋਰਿ ਕਹਿ 'ਜਿਮਆਇਸੁ ਪਾਊਂ। ਮਿਲਿ ਪਰਖੌਂ ਸਭਿ ਬਾਰਤਾ ਨੀਕੇ ਸਮੁਝਾਊਂ। ਜਿਮ ਨਿਕਸਹਿ ਚੋਰੀ ਕਰੀ ਤਿਮ ਰਚੌਂ ਉਪਾਯਾ। ਅਪਰ ਥਾਨ ਖੋਜੌਂ ਭਲੇ ਦੇ ਦਰਬ ਸਵਾਯਾ[4]॥੨੨॥ਜ੍ਯੋਂ ਕ੍ਯੋਂ ਕਰਿਕੈ ਆਨਿਹੌਂ ਧਨ ਕੈ ਦਿਉਂ ਤ੍ਰਾਸਾ। ਬ੍ਰਿੱਛ ਹਲਾਏ ਦੇਤਿ ਫਲ ਨਤੁ ਪੁਰਹਿ ਨ ਆਸਾ'। ਇੱਤ੍ਯਾਦਿਕ ਕਹਿ ਚਢਿ ਚਲ੍ਯੋ ਸੁਲਬੀ ਮਤਿ ਹੀਨਾ। ਪ੍ਰੇਰ੍ਯੋ ਕਾਲ ਸੁ ਦੁਰਮਤੀ ਖਲ ਉਰ ਨਹਿਂ ਚੀਨਾ॥੨੩॥ਜਿਮ ਅਜਗਰ ਕੇ ਮੁਖ ਪਰਹਿ ਅੰਧਾ ਬਿਨੁ ਹੇਰੇ।ਬਿਨ ਕਾਰਣ ਦ੍ਰੋਹੀ ਦੁਸ਼ਟ ਕਰਿ ਕ੍ਰੋਧ ਬਡੇਰੇ। ਕਰੈ ਵੈਰ ਨਿਰਵੈਰ ਸੋਂ ਤਤਛਿਨ ਮ੍ਰਿਤੁ ਪਾਵੈ।ਜਮ ਗਹਿ ਗੇਰਹਿ ਨਰਕ ਮਹਿਂ ਦੁਖ ਤੇ ਬਿਲਲਾਵੈ ॥੨੪॥ ਗਿਰ ਸੋਂ ਸਿਰ ਮਾਰੈ ਸਬਲ[5] ਫੂਟਤਿ ਮਰਿ ਜੈ ਹੈ।ਨਭ ਦਿਸ਼ਿ ਬਾਨ ਪ੍ਰਹਾਰਨੇ[6]ਉਲਟੋ ਤਿਸ ਧੈ ਹੈ[7]। ਅਲਪ ਸੈਨ ਜਿਹ ਸਾਥ ਹੈ ਹਰਖੰਤਿ ਪਯਾਨਾ।-ਜੋ ਚਾਰੇ ਤੇ ਬਚ ਰਹ੍ਯੋ ਮੈਂ ਕਰਿਹੌਂ ਹਾਨਾ॥੨੫॥ਕਹੌਂ ਕੁਟੰਬ ਮਝਾਰ ਮੈਂ ਪੈਹੌਂ ਬਡਿ-

[1]ਪਤਾ ਦੱਸੇਗਾ। [2](ਜੋ) ਚੋਰਾਂ ਦੀ ਛੁਪਾਈ ਹੋਈ ਹੈ। [3](ਗੁਰੂ ਜੀ ਨਾਲ ਚੰਦੂ) ਦ੍ਰੋਹ ਕਰਦਾ ਹੈ ਪਰ ਬਾਦਸ਼ਾਹ (ਇਹ ਗੱਲ) ਨਹੀਂ ਜਾਣਦਾ। [4]ਬਹੁਤਾ। [5]ਜ਼ੋਰ ਨਾਲ। [6]ਤੀਰ ਮਾਰਨ ਨਾਲ। [7]ਉਲਟ ਕੇ ਉਸੇ (ਮਾਰਨ ਵਾਲੇ) ਨੂੰ ਨਾਸ਼ ਕਰਦੇ ਹਨ। *ਪਾ:- ਜਗ ਸਗਰੋ ਨਿੰਦਾ ਕਰਹਿ।

ਆਈ। ਆਨਿ ਅਚਾਨਕ ਬਿਧਿ ਬਨੀ-ਇਮ ਚਿਤਵਤਿ ਜਾਈ॥ਜਹਾਂਗੀਰ ਚੰਦੂ ਚਮੂੰ ਲਵਪੁਰੀ ਪਯਾਨੇ। ਤੋਪ ਰਹਿਕਲੇ ਸੰਗ ਮੈਂ ਛੁਟਿ ਸ਼ਬਦ ਮਹਾਨੇ ॥੨੬॥ਚੰਦੂ ਰਿਦੇ ਬਿਚਾਰਤੋ-ਜਾਵਤਿ ਗੁਰੁ ਘਾਵੈ। ਨਾਤਾ ਦਿਯੋ ਹਟਾਇ ਜਿਨ ਸੋ ਅਬਿ ਫਲ ਪਾਵੈ-।ਇਤ ਸੁਲਬੀ ਗਮਨਯੋ ਗਯੋ ਜਬਿਦ੍ਵਾਦਸ਼ਕੋਸਾ।ਜਥੈਦਾਰ ਸੱਯਦ ਮਿਲਯੋ ਜਿਸ ਕੇ ਮਨ ਰੋਸਾ॥੨੭॥ ਮਿਲੇ ਸਲਾਮਾ ਲੇਕ ਸੋਂ ਬੂਝਯੋ 'ਕਿਤ ਜਾਵੋ ?'।ਪਠਯੋ ਸ਼ਾਹੁ ਕਿਸ ਕਾਮ[1] ਮੁਝ, ਪੁਨ ਲਵਪੁਰਿ ਆਵੌਂ'।ਸੁਨਿ ਸੱਯਦ ਨੇ ਤਬਿ ਕਹਯੋ 'ਹਮ ਤੁਝ ਢਿਗ ਆਏ। ਸੁਲਹੀ ਕੇ ਚਾਕਰ ਹੁਤੇ ਇਹ ਭਟ ਸਮੁਦਾਏ॥੨੮॥ਏਕ ਬਰਖ ਕੀ ਚਾਕਰੀ ਇਨ ਹਾਥ ਨ ਆਈ।ਸੋ ਤੁਝ ਤੇ ਸਭਿ ਚਹਤਿ ਹੈਂ ਦਿਹੁ ਰਾਖਿ ਬਡਾਈ।ਬਿਨਾ ਦਿਏ ਸੋ ਮਰਿ ਗਯੋ ਤੂੰ ਪੁੱਤ੍ਰ ਸਮਾਨਾ। ਇਨ ਸੁਭਟਨਿ ਕੋ ਦੀਜੀਏ ਚਿਤ ਚਹਤਿ ਮਹਾਨਾ'॥੨੯॥ਸੁਨਿ ਸੁਲਬੀ ਬੋਲਯੋ ਤਬਹਿ 'ਮੈਂ ਜਾਨਤਿ ਨਾਹੀ।ਕਬਿ ਕੀ ਦੇਨੀ ਕੈ ਨਹੀਂ,ਕੇਤਿਕ ਤਿਸ ਪਾਂਹੀ।ਜਬਿ ਲਵਪੁਰਿ ਕੋ ਆਇ ਹੌਂ ਨਿਰਨੇ ਕਰਿ ਲੈਹੈਂ। ਮਿਲਿ ਚੰਦੂ ਕੇ ਸੰਗ ਹਮ ਨਿਕਸਹਿ ਸੋ ਦੈ ਹੈਂ' ॥ ੩੦ ॥ ਸੱਯਦ ਕਹਿ 'ਕਿਮ ਇਹ ਟਿਕਹਿਂ ਚਹਿਂ ਖਾਨ ਰੁ ਪਾਨਾ। ਕਹੋ ਨ ਲਾਗੈਂ ਕਿਸੂ ਕੇ ਲੈਹੈਂ ਇਸ ਥਾਨਾ'। ਸੁਲਬੀ ਆਂਖ ਦਿਖਾਇ ਰਿਸ 'ਮੈਂ ਗਮਨਤਿ ਰਾਹੂ। ਜਾਹੁ ਪੁਕਾਰੂ ਸ਼ਾਹੁ ਢਿਗ ਨਹਿਂ ਧਨ ਮਮ ਪਾਹੂ'॥੩੧॥ਸੁਨਿ ਸੱਯਦ ਬੋਲਯੋ ਤਬਹਿ 'ਮਗ ਦੇਹਿਂ ਨ ਜਾਨ।ਲੇਹਿਂ ਨੌਕਰੀ ਥਾਨ ਇਸ ਕਿਮ ਕਰੈਂ ਪਯਾਨਾ[2]'।ਸੁਲਬੀ ਕਹਿ ਨਿਜ ਸੈਨ ਕੋ 'ਇਨ ਮਾਰਿ ਹਟਾਓ। ਦੇਹੁ ਦਰਬ ਐਸੇ ਅਬਹਿ ਬੈਠੇ ਪਛੁਤਾਓ[3]' ॥ ੩੨ ॥ ਸੱਯਦ ਕਹਿ 'ਭਟ[4] ! ਸਭਿ ਸੁਨੋ ਚਾਕਰ ਸਮ ਸਾਰੇ।ਤੁਮ ਭੀ ਲੇਤੇ ਦਰਬ ਕੋ ਤਿਮ ਲਖਹੁ ਹਮਾਰੇ।ਅਪਰ ਜੰਗ ਕੋ ਕਾਜ ਨਹਿਂ ਨਾਹਕ ਮਰਿ ਮਾਰੋ[5]।ਰਹਹੁ ਥਾਨ ਥਿਤਿ ਆਪਨੇ ਉਰ ਭਲੇ ਬਿਚਾਰੋ'॥੩੩॥ਸੁਨਿ ਜਬਾਬ ਸੈਨਾ ਦਿਯੋ 'ਇਹ ਸੱਯਦ ਪੀਰਾ।ਪੁਨ ਜਾਚਤਿ ਹੈ ਨੌਕਰੀ ਦੀਜਹਿ ਧਰਿ ਧੀਰਾ।ਲਰਹਿਂ ਨ ਹਮ' ਸੁਲਬੀ ਸੁਨਤਿ ਮੁਖ ਗਾਰ ਨਿਕਾਰੀ। ਤਬਿ ਸੱਯਦ ਨੇ ਤੁਰਤ ਹੀ ਜਮਧਰ ਉਰ ਮਾਰੀ ॥੩੪॥ ਉਦਰ ਪਾਰਿ ਕੈ ਪਾਰ ਭੀ ਹਾਨੇ ਖਲ ਪ੍ਰਾਨਾ।ਗਿਰਯੋ ਉਥਲ ਕੈ[6] ਪ੍ਰਿਥੀ ਪਰ ਚਿਤ ਦੁਸ਼ਟ ਮਹਾਨਾ। ਲੀਨੋ ਸਭਿ ਅਸਬਾਬ ਕੋ ਹਯ ਭੂਖਨ ਸਾਰੇ। ਚਮੂੰ ਹਟੀ

---

[1]ਕਿਸੇ ਕੰਮ। [2](ਤੂੰ) ਕੀਕੂੰ ਜਾਣਾ ਕਰੇਂਗਾ। [3](ਇਹ) ਬੈਠੇ ਪਛੁਤਾਵਣ। [4]ਹੇ ਸੂਰਮਿਓਂ !
[5]ਮਰੋ ਮਾਰੋਗੇ। [6]ਉਲਟ ਕੇ।

ਲਵਪੁਰੀਕੋ ਮਾਰਯੋ ਸਰਦਾਰੇ॥੩੫॥ਉਤਚੰਦੂਚਿਤਵਤਿਰਹਤਿ–ਹਤਿਕਰਿ ਗੁਰੁ ਆਵੈ।ਪਲਟਾ ਹੈ ਬਹੁ ਦਯੋਸ ਕੋ ਤਿਸ ਕੋ ਅਬਿ ਪਾਵੈਂ–।ਤਬਿਲੌ ਸੰਗੀ ਆਇ ਕੇ ਸੁਧਿ ਸਕਲ ਸੁਨਾਈ।'ਸੱਯਦ ਕੇ ਸੰਗ ਜਿਦਿ ਪਰਯੋ ਮੁਖ ਗਾਰਿ ਸੁਨਾਈ ॥੩੬॥ ਸੁਲਹੀ ਆਗੇ ਨੌਕਰੀ ਕੀਨੀ ਧਨ ਜਾਚੇ[1]। ਝਗਰ ਪਰੇ ਆਪਸ ਬਿਖੈ ਦੋਨਹੁ ਰਿਸ ਰਾਚੇ।ਜਮਧਰ ਮਾਰੀ,ਮਰਿ ਗਯੋ,ਹਮ ਹਟਿਕਰਿ ਆਏ'। ਸੁਨਿ ਚੰਦੂ ਬਿਸਮਯੋ ਰਿਦੇ–ਭਲ ਮਾਰਨਿ ਧਾਏ[2]–॥੩੭॥ ਕੇਤਿਕ ਦਿਨ ਮੈਂ ਸ਼ਾਹੁ ਲਖਿ ਚੰਦੂ ਸੰਗ ਬੂਝਾ।'ਅਬਿ ਲੌ ਸੁਲਬੀ ਕਿਤਰਹਯੋ ਕਿਸ ਕਾਜ ਅਰੂਝਾ[3]।ਦੋ ਤ੍ਰੈ ਦਿਨ ਮੈਂ ਆਵਨੋ ਚਹਿਯਤਿ ਤਿਸਕੇਰੋ।ਕਬਿਹੂੰਸੁਧਿ ਆਈ ਕਿ ਨਹਿੰ ਸਾਮੀਪੀ ਤੇਰੋ'॥੩੮॥ਸੁਨਿ ਚੰਦੂ ਕਹਿ'ਸ਼ਾਹੁ ਜੀ! ਸੱਯਦ ਸੋ ਮਾਰ।ਝਗਰ ਪਰੇ ਹਿਤ ਨੌਕਰੀ ਬਡ ਗ਼ਜ਼ਬਗੁਜ਼ਾਰਾ'।ਜਹਾਂਗੀਰ ਚਿਤਵਯੋ ਤਬਹਿ–ਗੁਰ ਪੀਰ ਮਹਾਨਾਂ। ਕਿਮ ਤਸਕਰ ਸੋ ਰਾਖਤੇ ਇਨ ਝੂਠ ਬਖਾਨਾ–॥੩੯॥ਕਹਯੋ ਪੁਨਹਿ'ਬਿਨ ਦੋਸ਼ ਪਰ ਤੁਮ ਦੋਸ਼ ਬਖਾਨਾ। ਕਿਮ ਪਹੁੰਚਹਿ,ਅਧਿ ਬੀਚਿ ਹੀ[4] ਮੂਰਖ ਹਤਿ ਪ੍ਰਾਨਾ।ਮੁਝ ਮਨ ਮੈਂ ਇਮ ਸਮੁਝ ਭੀ' ਕਹਿ ਤੂਸ਼ਨ ਹੋਯੋ। ਰੁਖ ਲਖਿਕੈ ਪਤਿਸ਼ਾਹ ਕੋ ਚੰਦੂ ਦੁਖ ਪੋਯੋ॥੪੦॥ ਉਠਿ ਆਯੋ ਨਿਜ ਸਦਨ ਕੋ ਉਰਝੂਰਹਿ ਝੂਰ।–ਇਤੋ ਜਤਨ ਕਰਿ ਕੂਰ ਕੋ ਨਹਿੰ ਉਤਰਯੋਪੂਰ।ਤਾਤੀਵਾਯੁਨਹਿੰ ਲਗੀਨਹਿੰ ਪਾਯਹੁਤ੍ਰਾਸਾ–।ਮੂਰਖ ਸੰਕਟ ਕੇ ਸਹਤ ਭਰਿ ਦੀਰਘ ਸ੍ਵਾਸਾ ॥ ੪੧ ॥ ਇਤਿ ਸ਼੍ਰੀ ਗੁਰੁ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰਾਸੇ 'ਸੁਲਬੀ ਹਤਨ' ਪ੍ਰਸੰਗ ਬਰਨਨੰ ਨਾਮ ਪੰਚ ਬਿੰਸਤੀ ਅੰਸੂ ॥ ੨੫ ॥

੨੬. [ਪ੍ਰਿਥੀਆ ਪ੍ਰਲੋਕ ਗਮਨ]।

ਦੋਹਰਾ ॥ ਚਿੰਤਾ ਚਿਤ ਗ਼ਲਤਾਨ ਹ੍ਵੈ ਚੰਦੂ ਦੁਸ਼ਟ ਬਿਲੰਦ। ਚਾਹਤਿ ਗੁਰੁ ਅਪਕਾਰ[5]ਕੋ ਨਿਸ ਬਾਸੁਰ ਮਤਿਮੰਦ॥੧॥ ਨਿਸ਼ਾਨੀ ਛੰਦ ॥ ਜਤਨ ਕਪਟ ਕੇ ਚਿਤੈ ਚਿਤ ਬਡ ਘਾਤਿਬਨਾਵੈ।–ਪੂਰਬ ਕਰੇ ਉਪਾਇ ਜੇ ਕੋ ਪੇਸ਼ ਨ ਜਾਵੈ। ਸ਼ਾਹੁ ਲਖਹਿ ਨਹਿੰ ਇਮ ਹਨੌਂ ਕਰਿਕੈ ਚਤੁਰਾਈ। ਕਿਮ ਬੈਠਯੋ ਘਰਮਹਿੰ ਮਰਹਿ ਨਿਤ ਅਨੰਦ ਵਧਾਈ ॥੨॥ ਅਬਹਿ ਸ਼ਾਹੁ ਕੋ ਦੇਖਿ ਰੁਖ ਹਰਖਹਿ ਜਿਸ ਕਾਲਾ।ਮੋਹਿਸਾਥ ਬਾਤੈਂ ਕਰੈ ਤਬਿ ਕਹੌਂ ਰਸਾਲਾ[6]।ਤਸਕਰ ਰਾਖਨਿ ਦੋਸ਼ ਕੋ ਮੈਂ ਪੁਨਹ ਜਨਾਵੌਂ।ਅਪਰ ਘਾਤ ਨਹਿੰ[7]ਦੌਡ ਤਬਿ ਕਹਿਕੈ ਲਗ-

---

[1]ਨੌਕਰੀ ਕੀਤੀ ਦਾ ਧਨ ਮੰਗਿਆ। [2]ਚੰਗਾ ਮਾਰਨ ਗਿਆ। [3]ਫਸਿਆ। [4]ਅੱਧ ਵਿਚਾਲੇ ਹੀ। [5]ਹਾਨੀ (ਅ) ਨਿਰਾਦਰ। [6]ਰਸਦਾਇਕ (ਵਾਕ)। [7](ਜੇ) ਹੋਰ (ਕੋਈ) ਦਾਉ ਨਾ (ਲੱਗਾ)।

ਵਾਵੈਂ-॥ ੩॥ ਅਵਸਰ ਕੋ ਹੇਰਤਿ ਰਹਤਿ ਦਿਨ ਕਿਤਿਕ ਬਿਤਾਇ। ਨਰ ਪ੍ਰਿਥੀਏ ਕੋ ਢਿਗ ਅਯੋ ਦੇ ਪੱਤ੍ਰ ਪਠਾਇ।ਖੋਲਿ ਪਠੀ ਇਮ ਲਿਖ੍ਯੋ ਬਿਚ 'ਤੂੰ ਸੁਮਤਿ ਬਡੇਰੋ।ਕਾਰਜ ਸਭਿ ਪੂਰਨ ਕਰਹਿਂ ਭਰਵਾਸਾ ਤੇਰੋ।੪।ਹਜ਼ਰਤ ਕੋ ਉਪਦੇਸ਼ਿ ਕੈ ਲਵਪੁਰਿ ਮਹਿਂ ਲ੍ਯਾਇ। ਇਹ ਕਾਰਜ ਤੁਝ ਤੇ ਸਰਹਿ ਨਹਿਂ ਅਪਰ ਬਨਾਇ।ਰਿਪੁ ਹਤਿਬੇ ਕੋ ਸਮੈ ਅਬਿ ਹੈ।ਨਿਕਟ ਤੁਮਾਰੇ।ਜੇਪ੍ਰਕਾਰਕੋ ਮਿਸਿ ਬਨਹਿ ਮੁਝ ਲੇਹੁ ਹਕਾਰੇ॥੫॥ਦੋਸ਼ ਸੰਦੋਹ ਅਰੋਪ ਕਰਿ[1]ਕਹਿ ਸ਼ਾਹੁ ਗਹੀਜੈ।ਲਿਖੋ ਆਪਿ ਮੈਂ ਆਇ ਹੌਂ,ਮਿਲਿ ਜਤਨ ਕਰੀਜੈ'। ਪਠਿਕੈ ਪਾਤੀ ਚਿਤਨੋ ਚਿਤ-ਕਰਿ ਬੂਝਨਿ ਸ਼ਾਹੂ।ਪੁਨ ਪ੍ਰਿਥੀਆ ਬੁਲਵਾਇ ਹੌਂ ਤੂਰਨ ਨਿਜ ਪਾਹੂ-॥ ੬ ॥ ਇਮ ਨਿਸ਼ਚੇ ਕਰਿ ਪ੍ਰਾਤ ਉਠਿ ਮਤਿ ਮੰਦ ਚਿਤਾਰੇ। ਗਮਨ੍ਯੋ ਹਜ਼ਰਤ ਕੇ ਨਿਕਟ ਨਰ ਨਿਮਾਹ ਹਜ਼ਾਰੈਂ। ਰਜਤ ਦੰਡ[2] ਗਹਿ ਅੱਗ੍ਰ ਚਲਿ,ਕੋ ਨਰਨਿ ਹਟਾਵੈ।ਸੰਗ ਸੁਭਟ ਗਮਨਤਿ ਪਗਨਿ ਚਹੁੰਦਿਸ਼ਿ ਮਹਿਂ ਜਾਵੈਂ ॥ ੭ ॥ ਕਿਤਿਕ ਦਾਸ ਦੌਰਤਿ ਚਲਹਿਂ ਅਗਵਾ ਪਿਛਵਾਈ। ਬੋਲਤਿ ਜਾਤਿ ਨਕੀਬ[3]ਜੋ ਕੋ ਸੁਜ਼ਸੁ ਸੁਨਾਈ! ਆਗੈ ਚਲੈਂ ਢਲੈਤ[4]ਕੁਛ ਖਹਿ ਖੜਗ ਰੁ ਢਾਲੇ। ਕੋ ਸਨਮਾਨਤਿ ਸੰਗ ਮੈਂ ਕਹਿ ਬਾਕ ਰਸਾਲੇ॥੮॥ ਮੰਗਤਿ ਜਨ ਗਨ ਬੋਲਤੇ ਸਿਵਕਾ[5]ਪਰ ਜ੍ਹਾਲਾ।ਗਰ ਜਾਮਾ ਪਾਲੇ ਬਹੁਤ[6] ਸਿਰ ਪਾਗ ਬਿਸਾਲਾ। ਦੁਹਦਿਸ਼ਿ ਲੇਤਿ ਸਲਾਮ ਕੋ ਗਮਨਤਿ ਪੁਰਿ ਮਾਂਹੂ। ਪਿਖਿ ਦਿਵਾਨ ਨਰ ਖਰੇ ਹੁਇ ਸਨਮਾਨ ਉਮਾਹੂ[7] ॥੯॥ ਸਿੰਘ ਪੌਰ[8]ਮਹਿਂ ਬਰ੍ਯੋ ਜਬਿ ਭਟ ਗਨ ਭੇ ਠਾਂਢੇ।ਉਮਰਾਵਨਿ ਮਹਿਂ ਪੁਨ ਗਯੋ ਜੇ ਧਨ ਕਰਿ ਗਾਢੇ[9]।ਜਹਾਂਗੀਰ ਬੈਠ੍ਯੋ ਤਖਤ ਬਹੁ ਨਮੋ ਕਰੰਤਾ।ਨਿਜ ਦਰਜੇ ਪਰ ਤਬਿ ਥਿਰ੍ਯੋ[10]ਉਤਸਾਹੁ ਧਰੰਤਾ ॥੧੦॥ ਹਜ਼ਰਤ ਕੋ ਅਭਿਨੰਦਨੋ[11] ਕਰਿ ਕਰਿ ਚਤੁਰਾਈ। ਕਹਤਿ ਸੁਨਾਵਤਿ ਮ੍ਰਿਦੁਲ ਬਚ ਕੀਰਤਿ ਵਰਧਾਈ। ਹਸਤਿ ਸ਼ਾਹੁ ਹਰਖਤਿ ਹਿਯੋ ਸਭਿ ਸਭਾ ਸਰਾਹ੍ਯੋ। 'ਚੰਦੂ ਦਿਵਾਨ ਪੁਰਾਤਨੀ ਰਾਵਰਿਚਿਤ ਚਾਹ੍ਯੋ'॥੧੧॥ਘਾਤਪਾਇਬੋਲ੍ਯੋ ਬਹੁਰ'ਸੁਨਿ ਪਨਹਜਹਾਨਾ! ਬਹੁ ਦਿਨ ਬੀਤੇ ਪ੍ਰਿੱਥੀਏ ਨਿਜ ਕਸ਼ਟ ਬਖਾਨਾ। ਕਹ੍ਯੋ ਆਪਿ-ਲਵਪੁਰਿ ਚਲਹਿ ਤਹਿਂ ਝਗਰ ਨਿਬੇਰੈਂ-।ਰਹ੍ਯੋ ਪ੍ਰਤੀਖਤਿ ਛੁਧਤਿ ਜਿਮ ਭੋਜਨ

[1]ਬਹੁਤੇ ਦੋਸ਼ ਥੱਪ ਕੇ। [2]ਚਾਂਦੀ ਦੇ ਡੰਡੇ(ਚੋਬਾਂ)। [3]ਅਵਾਜ਼ ਦੇਣ ਵਾਲਾ ਭੱਟ। [4]ਸੂਰਮੇ। [5]ਪਾਲਕੀ। [6]ਬਹੁਤੇ ਪੱਲਿਆਂ ਵਾਲਾ। [7]ਉਤਸਾਹ ਕਰਦੇ ਹਨ। [8]ਡਿਉਢੀ। [9]ਤਕੜੇ। [10]ਬੈਠ ਗਿਆ (ਦੇਖੂ)। [11]ਨਮਸਕਾਰ ਕੀਤੀ।

ਦ੍ਵਿਸ਼ਿ ਹੇਰੈ॥੧੨॥ਅਬਿ ਆਵਨਿ ਕੋ ਚਹਤਿ ਹੈ ਤੁਮ ਪਾਇ ਰਜਾਈ।ਸੁਨਹੁ
ਨਿਬੇਰੋ ਨਯਾਵ ਕਹੁ ਲਿਹੁ ਦੁਹਨਿ ਬੁਲਾਈ। ਸ਼ਾਹਨ ਕੋ ਈਮਾਨ ਬਡ
ਨਿਤ ਨਯਾਵ ਬਿਚਾਰੈਂ।ਜਥਾਜੋਗ ਰਖਿ ਪ੍ਰਜਾ ਕੋ ਸਭਿ ਕੋ ਪ੍ਰਤਿਪਾਰੈਂ॥੧੩॥
ਸਭਿ ਕਾਜਨਿ ਤੇ ਇਹੁ ਬਡੋ ਨਿਤ ਝਗਰ ਚੁਕਾਵੈ। ਤੁਮ ਸਮਾਨ ਕੋ ਨਹਿੰ
ਭਯੋ, ਸੁਖਿ ਪ੍ਰਜਾ ਬਸਾਵੈ। ਰਾਉ ਰੰਕ ਬਿਚ ਨਯਾਵ ਕੇ ਤੁਮ ਲਖੇ ਸਮਾਨਾ[1]।
ਪ੍ਰਿਥਕ ਕਰਯੋ ਪੈ ਪਾਨਿ ਕੋ ਕੋ ਰਖਯੋ ਨ ਛਾਨਾ[2]॥੧੪॥ਸ਼ਮਸ਼ ਮਨਿੰਦ ਪ੍ਰਕਾਸ਼
ਨਯ ਤਮ ਅਨਯ ਨਸਾਏ[3]।ਚੋਰ ਜਾਰ ਬਟਪਾਰ ਠਗ ਤਮਚਰ ਸੁ ਛਪਾਏ।
ਸੁਨਿ ਚੰਦੂ ਤੇ ਸ਼ਾਹੁ ਕਹਿ 'ਗੁਰ ਢਿਗ ਨ ਪਠਾਓ। ਕਰਹਿ ਪੁਕਾਰ ਜੁ
ਪ੍ਰਿਥੀਆ ਨਿਜ ਨਿਕਟ ਬੁਲਾਓ॥੧੫॥ਪ੍ਰਿਥਮ ਸੁਨੈਂ ਨਿਰਨੈ ਕਰਹਿੰ ਕਿਮ
ਕਰਹਿ ਪੁਕਾਰੂ। ਬਹੁਰ ਉਗਾਹ ਹਕਾਰਿ ਕਰਿ ਤਿਨ ਸਿਖ ਜਿ ਉਦਾਰੂ।
ਸ੍ਰੀ ਗੁਰੁ ਬਹੁਰ ਬੁਲਾਇ ਹੈਂ ਜਬਿ ਉਚਤ ਨਿਹਾਰੈਂ।ਜਥਾ ਜੋਗ ਕਰਿਵਾਇ
ਹੈਂ,ਨਹਿੰ ਪੱਖ ਸੰਭਾਰੈਂ'॥੧੬॥ਹਾਥ ਜੋਰਿ ਕਹਿ'ਭਲਾ ਜੀ'ਉਠਿ ਸ਼ਾਹੁ ਗਯੋ
ਹੈ।ਭਈ ਬ੍ਰਖਾਸਤਿ ਸਭਿ ਸਭਾ, ਮੁਦ ਚੰਦੁ ਭਯੋ ਹੈ। ਸਦਨ ਆਇ ਤਿਸ
ਚਾਰ ਕੋ ਸਭਿ ਕਹਯੋ ਪ੍ਰਸੰਗ॥'ਆਨਹੁ ਪ੍ਰਿਥੀਆ ਜਾਇ ਕਰਿ ਚਲਿ ਤੂਰਨ
ਸੰਗਾ' ॥੧੭॥ ਸੁਨਿ ਕੋਠੇ ਕੋ ਨਰ ਗਯੋ ਨਹਿੰ ਬਿਲਮ ਲਗਾਈ। ਬੈਠਯੋ
ਕਰਤਿ ਪ੍ਰਤੀਖਨਾ,ਮਿਲਿ ਸਕਲ ਸੁਨਾਈ।'ਸਿਮਰਯੋ[4] ਹਜ਼ਰਤਿ ਨੇ ਚਲੋ
ਨਹਿੰ ਗਹਰ[5] ਲਗੀਜੈ। ਹਰਖਤਿ ਚੰਦੂ ਨੇ ਪਠਯੋ ਮਗ ਮਾਂਹਿ ਪਗ ਦੀਜੈ'॥
੧੮॥ਸੁਨਤਿ ਹੌਸਲਾ ਉਰ ਵਧਯੋ,ਤਯਾਰੀ ਕਰਿਵਾਈ। ਮਿਹਰਵਾਨੁ ਸੁਤ ਕੇ
ਸਹਤ ਕਰਮੋ ਢਿਗ ਆਈ। 'ਤੁਮ ਪ੍ਰਬੀਨ ਸਭਿ ਮਤਿ ਵਿਖੇ ਕਯਾ ਕਹੌਂ
ਬਨਾਈ। ਕਰੋ ਬਾਤ ਸ਼ੁਭ ਰੀਤਿ ਕੀ ਹੁਇ ਸਹਿਜ ਸੁਭਾਈ ॥੧੯॥ ਨਹਿੰ
ਉਲਟੀ ਕਿਮ ਗਰ ਪਰਹਿ, ਪਤਿ ਰਹੈ ਨ ਜੈਸੇ। ਚਲਹਿ ਜੀਵਕਾ ਬਹੁਤ
ਅਬਿ ਨਤੁ ਆਛੇ ਐਸੇ[6]।ਬਾਹੁ ਪਰੈ[7] ਤੁਰਕਾਨਿ ਸੋਂ, ਕਰਹਿੰ ਨ ਸਨਮਾਨਾ।
ਹਾਂਸੀ ਕਰਹਿ ਸ਼ਰੀਕ ਗਨ ਜੇ ਹੁਇ ਕੁਛ ਹਾਨਾ॥ ੨੦ ॥ ਮੋਹ ਨ ਆਛੋ
ਅਬਿ ਲਗਹਿ ਕਿਤ ਜਾਨਿ ਤੁਮਾਰਾ। ਗੁਰੂ ਪਦਾਰਥ ਬਹੁ ਦਏ,ਭਲ ਚਲੇ

---

[1]ਜਾਣੇ ਜਾਂਦੇ ਹੋ ਇਕੋ ਜਿਹੇ। [2]ਵੱਖੋ ਵੱਖ ਕੀਤਾ ਹੈ ਦੁੱਧ ਪਾਣੀ ਨੂੰ, ਕੋਈ ਲੁਕਾਉ ਨਹੀਂ ਰੱਖਿਆ। [3]ਸੂਰਜ ਵਾਂਗ ਪ੍ਰਕਾਸ਼ਿਆ ਨਿਆਉਂ ਨੂੰ ਤੇ ਅੰਧੇਰਾ ਅਨਿਆਇ ਦਾ ਦੂਰ ਕੀਤਾ ਹੈ। [4]ਯਾਦ ਕੀਤਾ ਹੈ। [5]ਡੇਰੀ [ਹਿੰਦੀ, ਗਹਰ]। [6]ਨਹੀਂ ਤਾਂ (ਗੁਰਿਆਈ ਗੱਦੀ ਮਿਲੇ ਬਿਨਾ) ਐਵੇਂ ਹੀ ਚੰਗੇ ਹਾਂ। [7]ਵਾਹ ਪਏਗਾ।

ਗੁਜ਼ਾਰਾ'।ਸੁਨਿ ਪ੍ਰਿਥੀਏ ਧੀਰਜ ਦਈ 'ਕਿਮ ਬੋਲਤਿ ਬੈਨਾ ?। ਲੇਨਿ ਸਮੋ ਗਾਦੀ ਅਬਹਿ, ਕਿਮ ਬੈਠਿਵ ਐਨਾ¹॥੨੧॥ਜਿਯਤਿ ਰਹੈਂ ਰਿਪੁ ਕੋ ਹਤਹਿਂ ਪੁਨ ਮਿਲਿ ਹੈਂ ਆਈ । ਨਤੁ ਬੈਠੋਂ ਦਰ ਸ਼ਾਹੁ ਕੇ ਲਿਉਂ ਕਿਮੈ ਰਿਝਾਈ। ਮਿਹਰਵਾਨ ਮਮ ਪੁੱਤ੍ਰ ਸੁਖ ਬਹੁ ਬਿਧਿ ਕੋ ਪਾਵੈ। ਮੋਹਿ ਆਰਬਲ ਬਿਤਗਈ ਦਿਨ ਅਲਪ ਰਹਾਵੈ' ॥੨੨॥ਅੰਕ² ਲਿਯੋ ਮਿਲਿ ਪ੍ਰੇਮ ਕਰਿ ਸੂੰਘਤਿ ਮੁਖ ਭਾਲਾ³।ਸਰਬ ਰੀਤਿ ਸਮੁਝਾਇਕੈ ਚਾਹਤਿ ਚਿਤ ਚਾਲਾ⁴।ਨਿਕਸਤਿ ਸਨ-ਮੁਖ ਛੀਂਕ ਭੀ ਫਰਕੋ ਬਾਮੰਗਾ⁵। ਸਮਧਾ⁶ ਕੋ ਸਿਰ ਭਾਰ ਧਰਿ ਨਰ ਮਿਲ੍ਯੋ ਕੁਢੰਗਾ⁷॥੨੩॥ ਸੰਸੈ ਕਰ੍ਯੋ ਬਹੁ ਕਰਹਿ,ਨਹਿਂ ਸਕਹਿ ਹਟਾਈ । ਫੁਰਤ⁸ ਬਿਲੋਚਨਿ ਦਾਹਿਨੋ ਲਖਿ ਉਰ ਦੁਖਦਾਈ। ਨਹਿਂ ਪ੍ਰਿਥੀਆ ਕੁਛ ਮਨ ਗਿਨੈ–ਮਮ ਪੱਖੀ ਚੰਦੂ । ਲਵਪੁਰਿ ਚਲਿ ਕਰਿ ਹਹਿਂ ਜਤਨ ਕਰਿ ਅਨੁਜ ਨਿਕੰਦੂ–॥੨੪॥ਦਾਸ ਸਿੱਖ ਗਨ ਸੰਗ ਲੈ ਪਸ਼ਚਮ ਮੁਖ ਕੀਨਾ। ਗਮਨ੍ਯੋ ਮਾਰਗ ਛਿੱਪ੍ਰ ਕਰਿ, ਤ੍ਰਿਸ਼ਨਾ ਕਿਯ ਦੀਨਾ⁹ । ਨਿਸ਼ ਬਿਸਰਾਮਹਿ ਦਿਨ ਚਲਹਿ, ਦਿਨ ਥੋਰਨਿ ਮਾਂਹੂ । ਪਹੁੰਚ੍ਯੋ ਤਰਨ ਤਾਰਨ ਨਿਕਟ, ਬੋਲੇ ਨਰ ਪਾਹੂ¹⁰॥੨੫॥ 'ਗੁਰੂ ਰਚ੍ਯੋ ਤੀਰਥ ਮਹਾਂ ਮੱਜਨ ਕਰਿ ਲੀਜੈ। ਚਲਿ ਡੇਰਾ ਆਗੇ ਕਰੈਂ ਨਿਸ ਪਰੀ ਲਖੀਜੈ।ਚਲੇ ਕੋਸ ਬਹੁ ਸ਼੍ਰਮਤਿ ਹੈਂ, ਕਰਿਲੇਂ ਬਿਸ-ਰਾਮੂ'।ਸੁਨਿ ਪ੍ਰਿਥੀਆ ਰਿਸ ਕਰਿ ਕਹੈ ਜਿਸ ਕੋ ਮਨ ਬਾਮੂ¹¹॥੨੬॥ 'ਇਹ ਛਪੜੀ ਤੀਰਥ ਨਹੀਂ ਫਲ ਕਹਾਂ ਨਹਾਏ। ਨਹੀਂ ਗੁਰੂ ਕੋ ਰਚਤਿ ਥਲਕਛੁ ਪੂਰ ਨ ਪਾਏ¹²।ਤੁਰਕਨਿ ਛੀਨ ਪਚਾਵਿਅਨਿ ਰਚਿਬੇ ਨਹਿਂ ਦੀਨੋ । ਚਲੋ ਅਗਾਰੀ ਦੇਖੀਯਹਿ ਤੀਰਥ ਹਮ ਕੀਨੋ ॥੨੭॥ ਤਹਾਂ ਕਰਹਿਂ ਬਿਸਰਾਮ ਕੋ ਸ਼੍ਰਮ ਸਭਿ ਨਿਰਵਾਰੈਂ।ਭਲੇ ਅਸੂਦੇ¹³ਹੋਇ ਹੈਂ ਦਿਨ ਦੁਇ ਤ੍ਰੈ ਟਾਰੈਂ'।ਬਿਨ ਹੇਰੇ ਗੁਰੁ ਥਾਨ ਕੋ ਚਲਿ ਜਾਤਿ ਅਗਾਰੀ । ਜਾਇ ਪਹੂਚ੍ਯੋ ਹੇਹਰੀ*ਉਤ-ਰ੍ਯੋ ਮੁਦ ਭਾਰੀ॥੨੮॥ ਸਿੱਖਨਿ ਕੋ ਉਪਦੇਸ਼ਤੋ 'ਇਹ ਤੀਰਥ ਆਛੋ। ਮੱਜਹੁ ਸ਼ਰਧਾ ਧਾਰਿ ਕਰਿ,ਪ੍ਰਾਪਤ¹⁴ ਜੋ ਬਾਂਛੋ। ਬਿਸਰਾਮਹੁ, ਸ਼੍ਰਮ ਪਰਹਰਹੁ, ਪੁਨ ਲਵਪੁਰਿ ਚਾਲੈਂ'।ਖਾਨ ਪਾਨ ਕੀਨਸਿ ਪੁਨਹ ਕਰਿ ਸ੍ਵਾਦ ਬਿਸਾਲੈ ॥੨੯॥ ਨਿਸਾ ਪਰੀ ਸੁਪਤੇ ਪੁਨਹ ਉਠਿ ਪ੍ਰਾਤ ਨਹਾਏ । ਕਰ੍ਯੋ ਕਰਾਹੁ ਬਤ੍ਰਾਇਕੈ

¹ਘਰ ਕਿਵੇਂ ਬੈਠਾ ਰਹਾਂ। ²ਜੱਫੀ ਵਿਚ। ³ਮੂੰਹ ਤੇ ਮੱਥਾ। ⁴ਚਲਣਾ ਚਾਹੁੰਦਾ ਹੈ ਚਿੱਤ ਵਿਚ। ⁵ਖੱਬੇ ਅੰਗ। ⁶ਲਕੜੀਆਂ। ⁷ਕੋਝਾ ਜਿਹਾ। ⁸ਫੁਰਕਦੀ ਹੈ। ⁹ਤ੍ਰਿਸ਼ਨਾਂ ਦਾ ਦੀਨ ਕੀਤਾ ਹੋਯਾ। ਭਾਵ ਤ੍ਰਿਸ਼ਨਾਂ ਦੇ ਅਧੀਨ। ¹⁰ਨਾਲ ਦੇ ਆਦਮੀ। ¹¹ਟੇਢਾ। ¹²ਕੁਛ ਪੂਰੀ ਨਹੀਂ ਪਾ ਸਕਦਾ। ¹³ਸੁਖੀ [ਫਾ:,ਆਸੂਦਹ]। ¹⁴ਮਿਲਦਾ ਹੈ। *ਦੇਖੋ ਰਾ: ੩ ਅੰ: ੨੩ ਅੰਕ ੧੧ ਦੀ ਹੇਠਲੀ ਟੂਕ।

ਹਰਖਤਿ ਹਿਯ ਖਾਏ। ਤੀਨ ਦਿਵਸ ਬੀਤੇ ਬਸਤਿ ਕਹਿ ਸੰਧ੍ਯਾ ਕਾਲਾ।
'ਚਲਹਿਂ ਕਾਲਿ ਕੋ ਲਵਪੁਰੀ ਹੁਇ ਕਾਜ ਬਿਸਾਲਾ ॥੩੦॥ ਚੰਦੂ ਕਰਹਿ
ਪ੍ਰਤੀਖਨਾ ਇਕ ਸਿਖ ਮਿਲਿ ਆਯਾ[1]।ਅਰਜਨ ਕੋ ਮਾਰ੍ਯੋ ਚਹੈ, ਲੇ ਮੋਹਿ
ਸਹਾਯਾ।।ਨਿਸਾ ਭਈ ਭੋਜਨ ਅਚ੍ਯੋ ਦਧਿ ਸਿਖ ਨੇ ਆਨਾ।।ਸੂਖਮ ਚਾਵਰ
ਸਾਗ ਸੋਂ ਕੀਨਸਿ ਬਹੁ ਖਾਨਾ।।੩੧।। ਸ੍ਵਾਦਿ ਸਾਥ ਅਚਿ ਬਹੁ ਗਯੋ ਹੁਨਿ-
ਹਾਰ[2] ਖੁਵਾਯੋ। ਗਰ ਲੌ ਭਰਿ ਕੈ ਉਦਰ ਕੋ ਨਿਸ ਮਹਿਂ ਸੁਪਤਾਯੋ।ਅਰਧ
ਨਿਸਾ ਬਦਹਾਜ਼ਮਾ ਹੈਜ਼ਾ ਹੁਇ ਆਵਾ।।ਸੂਲ ਉਠ੍ਯੋ ਜਨੁ ਸੂਲ ਚੁਭਿਦੁਖ ਤੇ
ਬਿਕੁਲਾਵਾ।।੩੨।। 'ਹਾਇ ਹਾਇ' ਮੁਖ ਕਰਤਿ ਹੈ ਜਾਗੇ ਨਰ ਪਾਸੂ[3]। ਕਹਾਂ
ਜਤਨ ਕੋ ਤਬਿ ਕਰਹਿਂ ਨਹਿਂ ਔਖਧਰਾਸੂ[4]।ਨਹਿਂ ਹਕੀਮ ਕੋ ਗ੍ਰਾਮ ਮਹਿਂ,
ਕਛੁ ਹੈ ਨ ਉਪਾਈ।ਰੁਦਤਿ ਨਿਕਟਹੈ ਦੁਖਤਿਸਭਿ,ਤਿਸ ਆਸ ਚੁਕਾਈ।।
੩੩।।ਪ੍ਰਿਥੀਏ ਨੇ ਜਾਨ੍ਯੋ ਮਰਨਿ–ਨਹਿਂ ਬਾਚਹਿਂ ਪ੍ਰਾਨਾ–।ਸਿੱਖ ਦਾਸ ਗਨ
ਹਿਤੂਲਖਿ ਅਸ ਬਾਕਬਖਾਨਾ।'ਅਬਿ ਮੇਰੋ ਪਰਲੋਕਹੈ,ਰੁਜ ਵਧ੍ਯੋਬਿਸਾਲਾ
। ਦਾਹ ਕਰਹੁ ਇਸ ਥਾਨ ਹੀ ਕਰਿ ਕ੍ਰਿਯਾ ਕਪਾਲਾ[5] ॥੩੪॥–ਪੀਛੇ ਹੋਇ
ਜੁ ਅੰਸ ਮਮ ਮਰਿ ਹੈ ਕਿਤ ਕੋਈ।ਦਾਹੁ ਆਨਿ ਇਸ ਥਲ ਕਰਹਿ–ਕਹਿ
ਦੀਜਹਿ ਸੋਈ।ਮੋਕਹੁ ਮਿਲਹਿ ਸੁ ਆਨਿ ਕਰਿ ਫਲ ਉੱਤਮ ਪਾਵੈ। ਮਿਹ-
ਰਵਾਨ ਸੋਂ ਕਹੋ ਤੁਮ–ਬਹੁਤ ਨ ਰੁਦਨਾਵੈ।।੩੫।।ਇਹੀਰੀਤਿ ਸਭਿਜਗਤ
ਕੀ ਆਵਤਿ ਇਕ ਜਾਤੇ[6]।ਕਰਹੁ ਕ੍ਰਿਆ ਮੇਰੀ ਸਕਲ ਜਪਿ ਨਾਮ ਪ੍ਰਭਾਤੇ।
ਪੁਨ ਆਵਹੁ ਚੰਦੂ ਮਿਲਹੁ ਲਿਹੁ ਗੁਰਤਾ ਗਾਦੀ। ਜਯੋਂ ਕਯੋਂ ਅਰਜਨ ਕੋ
ਹਤਹੁ, ਪੁਨ ਕੀਜਹਿ ਸ਼ਾਦੀ[7] ॥੩੬॥ ਪੂਰਹੁ ਕਾਮਨਾ ਆਇ ਕਰਿ ਸਭਿ
ਬਨ੍ਯੋ ਬਨਾਉ।ਬੈਰ ਸੰਭਾਰੋ ਆਪਨੋ,ਨਹਿਂ ਕਰਹੁ ਵਲਾਉ[8]–'।ਇਮ ਕਹਿ
ਧਰਨੀ ਪਰ ਪਰ੍ਯੋ ਬ੍ਯਾਕੁਲ ਬਡ ਹੋਵਾ।ਬੋਲ ਬੰਦ,ਮ੍ਰਿਤੁ ਚਿੰਨ੍ਹ ਭੇ, ਸਭਿ
ਸੰਗਿਨਿ ਜੋਵਾ ॥੩੭॥ ਰਹੇ ਬੁਲਾਵਤਿ ਦਾਸ ਗਨ, ਨਿਕਸੇ ਤਨ ਪ੍ਰਾਨਾ।
ਚਿਤਵਤਿ ਗੁਰੁ ਸੰਗਿ ਬੈਰ ਕੋ, ਪਰਲੋਕ ਪਯਾਨਾ। ਰੁਦਤਿ ਸਕਲ ਬੈਠੇ
ਨਿਕਟ ਸੋ ਰਾਤ ਬਿਤਾਈ।ਭਈਪ੍ਰਭਾਤਿ ਉਠਾਇ ਕੈ ਬਡ ਚਿਖਾ ਬਨਾਈ।।
੩੮।।ਊਪਰ ਧਰਿ ਕਰਿ ਛਾਰਿ ਕਰਿ ਰੋਏ ਸਮੁਦਾਏ। ਅਸਥਿ ਬੀਨ[9] ਦਿਨ

---

[1]ਇਕ (ਮੇਰਾ) ਸਿਖ (ਚੰਦੂ ਨੂੰ) ਮਿਲਕੇ ਆਇਆ ਹੈ। [2]ਹੋਣਹਾਰ ਨੇ। [3]ਕੋਲ ਦੇ। [4]ਰਾਸ ਦਵਾ–
ਸਿਧ ਔਖਧੀ। (ਅ) ਦਵਾ ਰਾਸ ਨਹੀਂ (ਪੈਂਦੀ)। [5]ਕਪਾਲ ਕਿਰਿਆ। [6]ਇਕ ਆਂਵਦਾ ਹੈ ਇਕ
ਜਾਂਦਾ ਹੈ। [7]ਖੁਸ਼ੀ। [8]ਟਾਲਾ। [9]ਫੁੱਲ ਚੁਣਕੇ।

ਤੀਨ ਮੈਂ ਹਟਿ ਪਾਛਿ ਸਿਧਾਏ। ਇਕ ਸਿਖ ਕੋਠੇ ਕੋ ਗਯੋ ਪੂਰਬ ਸੁਧਿ ਦੈਬੇ। ਸੁਨਿ ਮਰਨੋ, ਸੁਤ ਭਾਰਜਾ ਬਡ ਕੂਕ ਕਰੈਬੇ॥੩੯॥ 'ਹਾਇ ਹਾਇ' ਕਰਿ ਰੁਦਤ ਹੈ'ਨਹਿਂ ਸਧ੍ਯੋ ਸਰੀਕਾ[1]।ਹੇ ਪਤਿ ! ਪੂਰਬ ਹੀ ਮਰ੍ਯੋ,ਇਹ ਕਿਯੋ ਨ ਨੀਕ॥ਮਿਹਰਵਾਨ ਸੁਤ ਕੀ ਖਬਰ ਕਬਿ ਲੈਂ ਹੈਂ ਆਈ।ਬਦਨ ਮਰਤਿ ਹਮ ਨਹਿਂ ਪਿਖ੍ਯੋ,ਬਿਧਿ ਕਹਾਂਬਨਾਈ!॥੪੦॥ਰਹੀ ਹਟਾਇ ਨਹਟ੍ਯੋਤਬਿ,ਅਪ-ਸ਼ਗੁਨ ਬਿਸਾਲੇ। ਕਿਮ ਫਲ ਸੋ ਦੇਵੈਂ ਨਹੀਂ ਦੁਖ ਕੀਨਿ ਕਰਾਲੇ'। ਕਹਿਂ ਲਗਿ ਬਰਨੌਂ ਸ਼ੋਕ ਜਨੁ ਕਿਯ ਆਇ ਅਵਾਸਾ[2]। ਇਤਨੇ ਮੈਂ ਆਏ ਅਸਥਿ ਰੋਦਤਿ ਭਰਿ ਸ੍ਵਾਸਾ॥੪੧॥ਮਿਹਰਵਾਨ ਬਹੁ ਰੋਇਕੈ ਮ੍ਰਿਤੁ ਕ੍ਰਿਆ ਕਰਾਈ। ਸ਼ਬਦ[3]*ਪਢਾਯੋ ਦਰਬ ਦੇ ਸੁਨ ਤੇ ਸਮੁਦਾਈ। ਤਿਨ ਕੀ ਸੰਗਤਿ ਆਇ ਕਰਿ ਪੁਨ ਪਾਗ ਬੰਧਾਈ।ਮਿਟ੍ਯੋਸ਼ੋਕ ਤਬਿ ਜਨ[4]ਕਹ੍ਯੋ ਜੋ ਅਕਲਸਿਖਾਈ ॥੪੨॥ '-ਸ਼੍ਰੀ ਅਰਜਨ ਤੇ ਬੈਰ ਕਰਿ ਲਿਹੁ ਗੁਰੁਤਾ ਗਾਦੀ। ਚੰਦੂ ਹਤਹਿ ਉਪਾਇ ਤੇ ਤਬਿ ਕੀਜਹਿ ਸ਼ਾਦੀ-। ਮਰਤਿ ਕਹ੍ਯੋ ਤੁਮ ਸੋਂ ਪਿਤਾ ਇਹੁ ਸੁਨਹੁ ਸੰਦੇਸਾ'।ਸੁਨ੍ਯੋ ਪੁੱਤ੍ਰ ਅਰੁ ਭਾਰਜਾ ਉਰਲਹਤਿ ਕਲੇਸ਼॥੪੩॥ਦੋਹਰਾ॥ ਮਿਹਰਵਾਨ ਮਨ ਮਾਨਿ ਕੈ ਮੌਨ ਠਾਨਿ ਰਹਿ ਭੌਨ। ਕਰਹਿ ਪ੍ਰਤੀਖਨ ਗੁਰ ਬਨੌਂ ਹੁਇ ਹੈ ਕਾਰਨ ਕੌਨ[5] ॥ ੪੪ ॥ ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰਾਸ 'ਪ੍ਰਿਥੀਆ ਮਰਨ' ਪ੍ਰਸੰਗ ਬਰਨਨੰ ਨਾਮ ਖਸ਼ਟ ਬਿੰਸਤੀ ਅੰਸੂ ॥ ੨੬ ॥

੨੭. [ਸ਼ੋਕ। ਚੰਦੂ। ਜਹਾਂਗੀਰ]।

ਦੋਹਰਾ ॥ ਸੰਮਤ ਸੋਰਹ ਸਤ ਹੁਤੇ ਉਪਰ ਪੰਚ ਮਿਲਾਇ[6]। ਸਪਤਮ ਹੁਤੀ ਅਸੌਜ ਕੀ[7] ਪ੍ਰਿਥੀਆ ਤਬਿ ਜਨਮਾਇ॥੧॥ਨਿਸਾਨੀ ਛੰਦ ॥ ਸੋਰਹ ਸਤ ਤ੍ਰੇਹਠ ਬਿਖੈ ਮਾਧਵ ਕੋ ਮਾਸਾ[8]।ਮ੍ਰਿਤਕ ਭਯੋ†ਸੋ ਜਾਨੀਅਹਿ ਨਹਿਂ ਪੁਰਵੀ ਆਸ॥ ਬੁਰਾ ਸੁ ਚਿਤਵਤਿ ਗੁਰੂਕੋ ਸਭਿ ਬੈਸ ਬਿਤਾਈ। ਜਿਮ ਤਸਕਰ ਸਸਿ[9] ਕੋ ਕਹੈ-ਜਰ ਕ੍ਯੋਂ ਨਹਿਂ ਜਾਈ-॥੨॥ਜਿਮ ਉਲੂਕ[10] ਕਹਿ ਸੂਰ[11] ਕੋ-ਕਿਮ ਉਦਯਤਿਨੀਤਾ[12]।ਕ੍ਯੋਂ ਨ ਹਿਮਾਲੇ ਮਹਿਂ ਗਰਹਿ ਦੁਖਦੇ ਹਮ ਚੀਤਾ[13]-। ਜਥਾ ਜਵਾਸੋ ਪਾਵਸੈ[14] ਦੇ ਦੋਸ਼ ਬਡੇਰੇ।-ਬਿਨਾ ਚਾਹ ਕ੍ਯੋਂ ਬਰਸਤੇ ਹਮ

[1]ਸ਼ਰੀਕਾ ਸੋਧ ਨਾ ਸਕਿਆ। [2]ਮਾਨੋ ਸ਼ੋਕ ਨੇ ਹੀ ਘਰ ਆ ਕੀਤਾ ਹੈ। [3]ਗੁਰਬਾਣੀ ਚਾਰ ਸਾਹਿਬਾਂ ਦੀ। [4]ਦਾਸਾਂ ਨੇ। [5]ਕੌਣ ਸਬੱਬ ਹੋਵੇ। [6]ਭਾਵ ੧੬੦੫। [7]ਅੱਸੂ ਦੀ ਸੱਤ। [8]ਭਾਵ ਵੈਸਾਖ ਸੰ: ੧੬੬੩। [9]ਚੰਦਰਮਾ। [10]ਉੱਲੂ। [11]ਸੂਰਜ। [12]ਕਿਉਂ ਉਦਯ ਹੁੰਦਾ ਹੈ ਹਮੇਸ਼। [13]ਹਿਮਾਲੇ ਵਿਚ ਕਿਉਂ ਨਹੀਂ ਗਲ ਜਾਂਦਾ ਦੁਖ ਦਿੰਦਾ ਹੈਂ ਸਾਡੇ ਦਿੱਤ ਨੂੰ। [14]ਜਵਾਹਾਂ ਬਰਖਾ ਰੁਤ ਨੂੰ।

*ਪਾ:-ਗਰੜ। †ਪ੍ਰਿਥੀਏ ਦੀ ਮੌਤ ਦਾ ਸਮਾਂ ਹੋਰ ਖੋਜ ਦਾ ਮੁਥਾਜ ਹੈ'

ਹਰਿਤ[1] ਘਨੇਰੇ-॥ ੩ ॥ ਬਾਟਪਾਰ ਜਿਮ ਪਾਤਕੀ[2] ਨਿਜ ਘਾਤ ਤਕਾਵੈ। ਧਰਮਾਤਮ ਮਹਿਪਾਲ ਕੋ ਗਨ ਦੋਸ਼ ਬਤਾਵੈ। ਜਾਰ[3] ਜਥਾ ਕੁਟਵਾਰ ਕੋ ਨਿਤ ਚਹਤਿ ਬਿਨਾਸਾ। ਬਕ ਮਰਾਲ ਕੋ ਪਦ ਚਿਤਹਿ[4], ਕਿਮ ਪੂਰਵਹਿ ਆਸ॥੪॥ਜਿਮਿ ਬਿਰਹਨਿ ਕੋ[5] ਚਾਂਦਨੀਦੀਰਘ ਦੁਖਦਾਈ।ਤਥਾ ਅਨੁਜ ਕੀ ਕੀਰਤੀ ਕਬਹੁੰ ਨ ਮਨ ਭਾਈ। ਜਿਮਿ ਜੰਬੁਕ ਬਨਪਤਿ ਬਨਨਿ[6] ਨਿਤ ਜਤਨ ਕਰੈਤ॥ ਕੇਹਰਿ ਕੋ ਕਾਢਨਿ ਚਹੈ ਕਿਮਿ ਇੱਛ ਪੁਰੈਤ॥੫॥ ਗਾਦੀ ਸੀਤਾ[7] ਲੈਨਿ ਕੋ ਰਾਵਨਿ ਸਮ ਹੋਵਾ। ਅਭਿਲਾਖਤਿ ਹੀ ਪਚ ਗਯੋ[8] ਨਹਿਂ ਸੋ ਸੁਖ ਜੋਵਾ। ਕੰਸ ਕ੍ਰਿਸ਼ਨ ਕੇ ਹਤਨਿ ਹਿਤ ਛਲ ਰਚੇ ਘਨੇਰੇ। ਮਾਰਤ ਆਪਹਿ ਮਰਿ ਗਯੋ,ਤਿਮ ਪ੍ਰਿਥੀਆ ਹੇਰੇ॥੬॥ਸਸਾ ਕਹੈ-ਮੈਂ ਸ਼ੇਰ ਹੌਂ -ਗਰਬਤਿ ਬਿਚ ਭਾਈ[9]।ਜਬਿਆਵੈ ਗਜ ਸਮੁਖ ਤਿਸਿ ਤਬਿ ਕੌਨਹਟਾਈ।-ਗੁਰੂ ਬਨੌ ਮੈਂ-ਨਿਤ ਕਹੈ ਜਬਿ ਜਮ ਦੇ ਪੀਰਾ। ਸਿੱਖਨਿ ਗਨ ਅਰੁ ਆਪਿ ਕੋ ਧਾਰਹਿ ਕੋ ਧੀਰ॥੭॥ਮਿਹਰਵਾਨ ਪ੍ਰਸਥਾਨ ਕੋ[10]ਚਾਹੈ ਬਹੁਤੇਰਾ ਜਨਨੀ ਜਾਨਿ ਨ ਦੇਤਿ ਹੈ ਕਰਿ ਨੇਹੁੰ ਘਨੇਰ॥'ਹੇ ਸੁਤ ਤੂੰ ਅਬਿ ਆਸਰਾ ਸਿਖ ਸੰਗਤਿ ਕੇਰਾ। ਮੈਂ ਅਨੰਦ ਤੇ ਰਹਤਿ ਹੌਂ ਪਿਖਿ ਕਰਿ ਮੁਖ ਤੇਰਾ॥ ੮॥ਤੋਹਿ ਪਿਤਾਮਾ ਜਗ ਗੁਰੂ ਅਜ਼ਮਤਿ ਧਰਿ ਭਾਰੀ। ਨਰ ਨਿਹਾਲ ਕਰਿ ਸੈਂਕਰੇ ਦੁਰਮਤਿ ਉਰਟਾਰੀ। ਬਖਸ਼ਤਿ ਨਵਨਿਧ ਸਿੱਧਿਕੋ ਪਿਖਿ ਕੈ ਨਿਜ ਸੇਵਾ। ਪੂਜਨੀਯ ਸਭਿ ਕੇ ਭਏ ਜਗ ਸ੍ਰੀ ਗੁਰੁ ਦੇਵ॥੯॥ ਤੋਹਿ ਪਿਤਾ ਸੇਵੇ ਨਹੀਂ ਹੋਇ ਨ ਅਨੁਸਾਰੀ। ਸਮਤਾ ਕੋ ਕਰਤੇ ਰਹਜੋ,ਕਟੁ ਗਿਰਾ ਉਚਾਰੀ। ਕਹਜੋ ਨ ਮਾਨਹਿਂ ਕੁਛ ਕਬਹਿ ਜਾਨਹਿ-ਪਿਤ ਮੇਰਾ-। ਪ੍ਰਭੂ ਨ ਜਾਨਜੋ ਅਦਬ ਕਰਿ, ਲਰਤੇ ਬਹੁ ਬੇਰ॥੧੦॥ਸਾਸੁ[11] ਰਹੀ ਸਮੁਝਾਵਤੀ-ਜੇ ਚਹਿਂ ਗੁਰੁ ਗਾਦੀ। ਸਮਤਾ ਕਰਹੁ ਨ ਪਿਤਾ ਕੀ ਨਹਿਂ ਹੂਜਹਿ ਬਾਦੀ। ਨਾਂਹਿ ਤ ਲੈਹੈ ਦਾਸਕੋ ਛੂਛੇ ਰਹਿਜਾਵੋ।ਸੇਵਾ ਕੇ ਬਸਿ ਹੋਤਿ ਹੈਂ,ਤੁਮ ਸੇਵ ਕਮਾਵੋ-॥ ੧੧॥ਏਕ ਨ ਮਾਨੀ ਕਿਸੇ ਕੀ ਨਿਜਹਿਤ ਨਹਿਂ ਜਾਨ॥ਲਖਿ ਬਿਸਾਲਬੁਧਿ ਆਪਨੀ ਉਰ ਮੇ ਗਰਬਾਨਾ। ਅਰਜਨ ਆਇਸੁ ਮਾਨਿ ਕਰਿ ਲਵਪੁਰੀ ਸਿਧਾਵਾ। ਇਸ ਹੀ ਤੇ ਸੁ ਪ੍ਰਸੰਨ ਹੈ ਤਿਨ ਕੇ ਮਨਿ ਭਾਵਾ ॥੧੨॥ ਗੁਰੁਤਾ

[1]ਹਰੇ ਹਾਂ। [2]ਜਿਵੇਂ ਪਾਪੀ ਧਾੜਵੀ। [3]ਯਾਰ, ਵਿਸ਼ਈ। [4]ਬਗਲਾ ਹੰਸ ਦਾ ਮਰਤਬਾ ਚਾਹੇ। [5]ਵਿਛੋੜੇ ਵਾਲੀ ਨੂੰ। [6]ਗਿੱਦੜ ਸ਼ੇਰ ਬਣਨ ਦਾ। [7]ਗੱਦੀ ਰੂਪੀ ਸੀਤਾ। [8]ਤਰਸਦਾ ਹੀ ਖਪ ਗਿਆ। [9]ਭਰਾਵਾਂ ਵਿਚ। [10](ਚੰਦੂ ਪਾਸ) ਜਾਣ ਨੂੰ। [11](ਮੇਰੀ) ਸੱਸ, ਭਾਵ ਬੀਬੀ ਭਾਨੀ ਜੀ।

ਗਾਦੀ ਪਰ ਥਿਰਯੋ ਅਜ਼ਮਤਿ ਕੋ ਪਾਇ।ਦੇਖਿ ਨਿਕਟ ਤੇਰੇ ਹਤਯੋ ਸੁਲਹੀ ਧਸਿ ਜਾਇ[1]। ਸੁਲਬੀ ਗਮਨਯੋ ਪਕਰਨੇ ਮਗ ਬਿਖੇ ਸਿਧਾਰਾ। ਤੋਹਿ ਪਿਤਾ ਅਸਿ ਗਤਿ ਭਈ ਕੁਛ ਚਲਯੋ ਨ ਚਾਰਾ॥੧੩॥ਘਰ ਅਪਨੇ ਗੁਜ਼ਰਾਨ ਬਹੁ ਸਿਖ ਸੇਵਕ ਆਵੈਂ।ਬੈਠੇ ਕਰੋ ਅਨੰਦ ਕੋ ਸੁਖ ਲਿਹੁ ਮਨ ਭਾਵੈ। ਕਰਾਮਾਤ ਕੋ ਜੋਰ ਤਿਹ ਨਰ ਕਿਤੇ ਸਿਧਾਰੇ। ਨਹਿਂ ਗਮਨੋ ਕਰਿ ਬੈਰ ਕੋ ਜੀਵਨਿ ਚਿਤ ਧਾਰੇ॥੧੪॥ਜਿਨ ਮਾਰਯੋ ਨਿਜ ਭ੍ਰਾਤ ਕੋ ਲਖਿ ਸ਼ੱਤ੍ਰ ਸਮਾਨ॥ ਕਹਾਂ ਭਤੀਜੇ ਸੋਂ ਕਰਹਿ ਉਰ ਪਯਾਰ ਮਹਾਨ॥ਬਹੁ ਫਲ ਪਾਯਹੁ ਬੈਰ ਤੇ ਅਬਿ ਟਿਕੋ ਅਵਾਸ॥ਪ੍ਰਥਮੈਂ ਕਾਢੇ ਨਗਰ ਤੇ ਤੁਹਮਤ ਦੇ ਤ੍ਰਾਸ॥੧੫॥ਇੱਤਯਾ-ਦਿਕ ਮਾਤਾ ਕਹਯੋ ਨੀਕੇ ਸਮੁਝਾਵਾ। ਮਿਹਰਵਾਨ ਡਰਪਯੋ ਤਬਹਿ ਘਰ ਬੈਠਿ ਰਹਾਵਾ। ਨਹੀਂ ਜਾਨਿ ਕੀ ਮਤਿ ਕਰੀ ਕਿਸਹੀ ਇਸਥਾਨੇ। ਰਹਯੋ ਗ੍ਰਾਮ ਕੋਠੇ ਬਿਖੇ ਤਿਨ ਕੇ ਸਿਖਮਾਨੇ॥੧੬॥ਉਤ ਪਾਪੀਚੰਦੂ ਸੁਨਯੋਪ੍ਰਿਥੀਏ ਤਨ ਛੋਰ॥ ਪਰਯੋ ਘਾਵ ਪਰ ਲਵਨ ਜਨੁ ਪ੍ਰਾਪਤਿ ਦੁਖ ਘੋਰ॥ਬ੍ਰਿਣ ਪਾਕੇ ਪਰ ਲਗਿ ਗਈ ਜਨੁ ਔਚਕ ਚੋਟ॥ਬਾਨ ਲਗਯੋ ਜਨੁ ਕਾਨ ਮਹਿਂਬੀਧਯੋ ਮਨ ਖੋਟਾ[2] ॥ ੧੭ ॥–ਬਾਦੀ ਹੁਤੋ ਸਮਾਨ ਕੋ ਸੋ ਭੀ ਪ੍ਰਭੁ ਹਾਨਾ। ਜਤਨ ਨਿਫਲ ਸਭਿ ਹੋਤਿ ਹੈ ਜੇ ਰਚੇ ਮਹਾਨ॥ਸੁਲਹੀ, ਸੁਲਬੀ,ਪ੍ਰਿੱਥੀਆ ਤੀਨੋ ਮ੍ਰਿਤੁਹੋਇ।ਅਬਿ ਉਪਾਇ ਮੈਂਕਯਾਕਰੌਂਮਤਿਆਇ ਨ ਕੋਇ–॥੧੮॥ਮਹਿਮਾ ਮਾਨਿ ਨ ਪਰਹਿ ਪਗ[3] ਜਿਹ ਬਡੋ ਕੁਭਾਗਾ। ਪਾਤਿਸ਼ਾਹ ਕੇ ਪਾਸ ਮਹਿਂ ਚਾਰੀ ਅਨੁਰਾਗਾ[4]। ਨਹਿਂ ਭੋਜਨ ਬਹੁ ਅਚਤਿ ਹੈ ਸੋਚਤਿ ਚਿਤ ਮਾਂਹੀ। ਨਿਸਾਬਿਖੈ ਨਹਿਂ ਨੀਂਦਸੁਖ ਛਾਤੀਰਿਸ ਦਾਹੀ[5]॥੧੯॥ਨਿਕਟ ਨ ਬੋਲਨਿ ਦੇਤਿ ਹੈ ਝਿਰਕਹਿ ਬਹੁ ਦਾਸਾ। ਨਹਿਂ ਸੁਖਾਇ ਕਿਸ ਕੋ ਕਹਯੋ ਰਹਿ ਮੌਨ ਅਵਾਸ॥ਚਿਤਵਤਿ ਚਿੰਤਾ ਚਿਤ ਬਿਖੈ ਬਹੁ ਜਤਨ ਬਨਾਵੈ।ਇਕਗਿਨਤੀ ਉਰ ਚਵਤਿ ਹੈ ਇਕ ਕਰਿ ਉਤਰਾਵੈ॥੨੦॥–ਸ਼ਾਹੁ ਸੁਨਹਿ ਸਭਿ ਬਾਤ ਕੋ ਨਿਸ਼ਚੈ ਨ ਕਰੈਤਾ। ਰਿਦੇ ਅਦਾਇਬ ਰਾਖਿ ਕਰਿ ਸੰਸੈ ਉਪਜੈਤਾ॥ਹੁਕਮ ਨਹੀਂ ਕੁਛ ਦੇਤਿ ਹੈ, ਗਹਿ ਲਿਹੁ ਕਿ ਹਕਾਰੋ[6]। ਕਈ ਬੇਰ ਕੀਨੇ ਜਤਨ ਇਤ ਉਤ ਹੁਇ ਟਾਰੋ[7]–॥੨੧॥ ਇੱਤਯਾਦਿਕ ਪਾਪਾਤਮਾ ਗਿਨਤੀ ਉਰ

---

[1]ਮਾਰਿਆ ਗਿਆ ਸੁਲਹੀ (ਅੱਗ) ਵਿਚ ਧਸ ਜਾਕੇ। [2]ਵਿੰਨ੍ਹਿਆ ਗਿਆ ਖੋਟਾ ਮਨ। [3](ਗੁਰੂ ਜੀ ਦੀ) ਮਹਿਮਾ ਮੰਨਕੇ ਪੈਰੀਂ ਨਹੀਂ ਪੈਂਦਾ। [4]ਚੁਗਲੀ ਦਾ ਪ੍ਰੇਮੀ ਹੋਇਆ। [5]ਕ੍ਰੋਧ ਨਾਲ ਛਾਤੀ ਸੜਦੀ ਹੈ। [6]ਫੜ ਲੈਣ ਦਾ ਅਥਵਾ ਬੁਲਾ ਲੈਣ ਦਾ। [7]ਟਾਲ ਦਿੱਤੇ।

ਲਜਾਵੈ। ਸ੍ਵਾਸ ਉਸਾਰ[੧] ਬਿਸੂਰਤੋ ਕਬਹੁੰ ਨ ਬਿਸਰਾਵੈ। ਖਰ ਸਰ ਸਮਸਰ ਕਰਕ ਉਰ[੨]ਗਡਿ ਗਯੋ ਸੁ ਗਾਢੋ।ਚਿੰਤਾ ਸਲਿਤਾ ਮਹਿਂ ਬਹਤਿ ਦੁਖ ਜਲ ਬਹੁ ਬਾਢੋ ॥੨੨॥ ਇਕ ਦਿਨ ਗਮਨਯੋ ਸ਼ਾਹੁ ਢਿਗ ਬਹੁ ਬਾਤ ਸੁਨਾਈ। ਪ੍ਰਥਮ ਭਏ ਪਤਿਸ਼ਾਹੁ ਜੋ ਤਿਨ ਕੀ ਬਡਿਆਈ।ਨਿਜ ਦਿਸਿ ਜਾਨਯੋ ਰੁਖ ਅਧਿਕ ਬੋਲਯੋ ਕਰ ਜੋਰੇ।'ਹਜ਼ਰਤ ਜੀ! ਪ੍ਰਿਥੀਆ ਗੁਰੂ ਤਨ ਪ੍ਰਾਨ ਬਿਛੋਰੇ ॥ ੨੩ ॥ ਗਾਦੀ ਸ੍ਰੀ ਨਾਨਕ ਹੁਤੀ ਸ਼ੁਭ ਰੀਤਿ ਚਲਾਈ। ਮਤੋ ਸੰਤ ਚਿਤ ਸ਼ਾਂਤਿ ਜੁਤ ਅਤਿ ਮਤਿ ਚਤੁਰਾਈ। ਸਿੱਖੀ ਦੇਸ਼ ਅਨੇਕ ਕੀ ਪਗ ਪੂਜਨ ਆਵੈ। ਅਨਿਕ ਅਕੋਰਨਿ ਆਨਿ ਕੈ ਧਨ ਕੋ ਅਰਪਾਵੈਂ ॥ ੨੪ ॥ ਅਨੁਜ ਨਾਮ ਅਰਜਨ ਅਹੈ ਮਨ ਮਹਿਦ ਹੰਕਾਰੀ। ਆਂਖ ਤਰੇ ਆਨਹਿ ਨਹੀਂ ਗੁਨ ਏਕ ਨ ਧਾਰੀ। ਆਯੋ ਨਿਕਟ ਨ ਆਪਿ ਕੇ ਨਿਜ ਲਖਹਿ ਬਿਸਾਲਾ। ਪ੍ਰਿਥੀਆ ਆਯੋ ਕਈ ਬੇਰਿ ਇਹ ਸ਼ੀਲ ਰਸਾਲਾ[੩] ॥ ੨੫ ॥ ਤਿਸ ਕੋ ਸੁਤ ਇਕ ਮੈਂ ਸੁਨਯੋਂ ਪਾਛੇ ਥਿਰ ਗਾਦੀ। ਕਰਹਿ ਪ੍ਰਤੀਖਨਿ ਆਪ ਤੇ ਬੈਠਨਿ ਹਿਤ ਸ਼ਾਦੀ।ਸਿਰੋਪਾਉ ਹਜ਼ਰਤ ਕਰੈਂ ਸਿਰ ਪਾਗ ਬੰਧਾਵੈ।ਜਗਤਿ ਜਿਠਾਈ[੪] ਬਿਦਤ ਹੁਇ ਮੰਨਤਾ ਬਹੁ ਪਾਵੈ' ॥ ੨੬ ॥ ਸੁਨਿ ਦਿਵਾਨ ਤੇ ਸ਼ਾਹੁ ਤਬਿ ਕਰਿ ਹੁਕਮ ਦਿਵਾਯੋ।'ਤੁਮ ਲੇ ਅਪਨੇ ਪਾਸਿ ਅਬਿ ਤਹਿਂ ਦੇਹੁ ਪੁਚਾਯੋ'।ਲੇਕਰਿ ਨਿਜ ਜਨ ਕੋ ਦਿਯੋ ਕਹਿਬਹੁਰ ਪ੍ਰਸੰਗਾ।'ਦਈ ਜੀਵਕਾ ਪ੍ਰਥਮ ਤੁਮ ਬਹੁ ਆਦਰ ਸੰਗਾ ॥ ੨੭ ॥ ਕੋਠੇ ਗ੍ਰਾਮ ਸੁ ਧਾਮ ਕਰਿ ਬਸਿ ਬਾਸ[੫] ਸਦੀਵਾ। ਅਨੁਜ ਓਜ ਛਲ ਦਾਵ ਕਰਿ ਪੁਰਿ ਤੇ ਨਿਕਸੀਵਾ। ਸ੍ਰੀ ਅਰਜਨ ਤਬਿ ਤੇ ਮਹਾਂ ਕਰਿ ਗਰਬ ਅਫਾਰਾ।ਨਹੀਂ ਸ਼ਾਹੁ ਭੀ ਕੁਛਕਹਯੋ ਉਰ ਤੇ ਡਰ ਡਾਰਾ॥੨੮॥ ਪੁਨ ਤਸਕਰ ਢਿਗ ਰਾਖਿ ਕਰਿ ਧਨ ਦੂਰਿ ਕਿ ਨੇਰੇ।ਨਿਕਸਾਵੈ ਮੰਗਵਾਵਹੀ ਭਾ ਧਨੀ ਬਡੇਰੇ।ਤਾਲ ਰਚਯੋ ਮੰਦਿਰ ਕਰਯੋ ਬਹੁ ਦਰਬ ਲਗਾਯੋ। ਲੋਕਨਿ ਕੇ ਬਿਰਮਾਵਨੇ ਇਕ ਬਯੋਂਤ ਬਨਾਯੋ ॥ ੨੯॥ਤੁਮ ਭਾਖਯੋ–ਨ ਬੁਲਾਵ ਤਿਹ,ਆਪੇ ਚਲਿ ਆਵੈ–।ਅਬਿ ਲੌ ਮਿਲਯੋ ਨ ਆਪ ਕੋ ਕੁਛ ਮਨ ਨਹਿਂ ਲਯਾਵੈ।ਹਜ਼ਰਤ ਜੀ! ਚਾਹਹੁ ਕਰਹੁ ਤਸਕਰ ਕੇ ਹੇਤਾ। ਚਹੀਅਹਿ ਕਹਨਿ ਬੁਲਾਇ ਢਿਗ ਆਵੱਸ਼ਯਕ ਏਤਾ[੬]' ॥੩੦॥ ਸ਼ਾਹੁ ਕਹਯੋ 'ਨਹਿਂ ਆਇ ਜੇ ਪੁਨ ਲੇਹਿਂ ਬੁਲਾਈ। ਨਿਸ਼ਚੈ ਕੀਜਹਿ'

[੧](ਠੰਢੇ) ਸਾਹ ਭਰਕੇ। [੨]ਤਿੱਖੇ ਤੀਰਵਤ ਰਿਦੇ ਵਿਚ ਵੇਗ। [੩]ਇਹ ਸ਼ੀਲ ਸੁਭਾ ਵਾਲਾ ਤੇ ਰਸ ਵਾਲੇ ਬਚਨ ਬੋਲਣ ਵਾਲਾ ਸੀ। [੪]ਵਡੱਪਣ। [੫]ਵੱਸਕੇ ਵਾ[illegible] ਕੀਤਾ ਹੈ। [੬]ਇਤਨਾਂ ਤਾਂ ਜ਼ਰੂਰੀ ਹੈ। [੭]ਕਰੋ।

ਸਾਚ ਇਹ ਕੈ ਮਿੱਥ੍ਯਾ ਗਾਈ[1]।ਜ੍ਯੋਂ ਕ੍ਯੋਂ ਕਰਿ ਨਿਜ ਦੇਸ਼ ਤੇ ਚੋਰੀ ਹਟ-ਵਾਵੋਂ। ਸਾਬਤ ਕਰਿ ਗਹਿ ਲੀਜਿਯੇ ਨਹਿਂ ਝੂਠ ਲਗਾਵੋ' ॥੩੧॥ ਦੋਹਰਾ॥ ਚੰਦੂ ਅਨੰਦ ਬਿਲੰਦ ਰਿਦ ਲਖਿ ਨਿਜ ਰੁਖ਼ ਕੀ ਬਾਤਿ। ਬਾਤਿ[2]ਬ੍ਰਿੱਛ ਕੋ ਹਤਹਿ ਜਿਮ, ਘਾਤਿ ਦੇਖਿ ਕਰਿ ਘਾਤਿ[3] ॥ ੩੨ ॥ ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰਾਸੇ 'ਚੰਦੂ ਕੋ' ਪ੍ਰਸੰਗ ਬਰਨਨੰ ਨਾਮ ਸਪਤਿ ਬਿੰਸਤੀ ਅੰਸੁ ॥ ੨੭ ॥

੨੮. [ਸ਼੍ਰੀ ਚੰਦ ਜੀ ਨੇ ਭੇਟ ਮੰਗੀ]।

ਦੋਹਰਾ॥ ਸ਼੍ਰੀ ਗੁਰੁ ਅਰਜਨ ਸੁਧਾਸਰ ਕਰਹਿਂ ਨਰਨਿ ਕੱਲ੍ਯਾਨੁ। ਕੀਰਤਿ ਘਰ ਘਰ ਚੰਦ੍ਰਿਕਾ ਉੱਜਲ ਦਿਪਤਿ ਮਹਾਨ ॥੧॥ ਹਾਕਲ਼ ਛੰਦ॥ਸ਼੍ਰੀ ਨਾਨਕ ਸੁਤ ਸ੍ਰੀ ਚੰਦੰ। ਤਪ ਤਾਪਤਿ ਦਿਪਤਿ ਬਿਲੰਦੰ। ਅੱਭ੍ਯਾਸ ਜੋਗ ਮਹਿਂ ਭਾਰੀ।ਹੁਇ ਸਫਲ ਜਿ ਗਿਰਾ ਉਚਾਰੀ॥੨॥ਨਿਤ ਦਾਸ ਕਮਲੀਆ ਪਾਸੀ। ਮਤਿ ਬਿਸ਼ਿਯਨਿ ਬਿਸੈ[4]* ਉਦਾਸੀ। ਇਕ ਸੇਵ ਕਰਨਿ ਹੀ ਭਾਵੈ। ਨਿਸ ਬਾਸੁਰਬਹੁਤ ਕਮਾਵੈ॥੩॥ਤਿਸ ਨਿਕਟਦੇਖਿ ਸ਼੍ਰੀ ਚੰਦੰ।ਬਚ ਭਾਖ੍ਯੋਕਾਰਜ-ਵੰਦੰ[5]।'ਭੋ ਸੁਨਹੁ ਕਮਲੀਆ ਨੀਕਾ !।ਗੁਰੁ ਸੋਢੀ ਕੁਲ ਕੋ ਟੀਕਾ॥੪॥ ਸ਼੍ਰੀ ਅਰਜਨ ਧੀਰਜ ਧਾਰੀ। ਨਿਤ ਬਨ੍ਯੋ ਰਹਤਿ ਉਪਕਾਰੀ। ਤਿਨਿ ਅਪਨੋ ਨੰਦਨ ਬ੍ਯਾਹਾ। ਹਰਿ ਗੋਵਿੰਦ ਚੰਦ ਉਮਾਹਾ ॥੫॥ ਇਕ ਸੰਮਤਿ ਜਬਹਿ ਬਿਤਾਏ[6]। ਧਨ ਹਮ ਢਿਗ ਭੇਟ†ਪਠਾਏ[7]।ਗਿਨਦੇਤਿ ਪੰਚਸੈ ਸਾਰੇ।ਅਬਿਕੈ ਨਹਿਂ ਰਿਦ ਬਿਚਾਰੇ॥੬॥ਲਖਿਦੁਗਨੀ ਭਈ ਅਕੋਰਾ†।ਇਕ ਬ੍ਯਾਹ,ਬਰਸ ਕੀ ਔਰਾ[8]।ਤੂੰ ਗਮਨਹੁ ਤਿਨਹੁਂ ਅਵਾਸਾ। ਹੁਇ ਕਠਨ[9] ਲੇਹੁ ਧਨ ਪਾਸਾ॥੭॥ਕਹੁ ਹਮ ਦਿਸ਼ਿ ਤੇ ਅਸ ਬਾਤੀ।-ਦਿਹੁ ਏਕ ਹਜ਼ਾਰਨਿ ਥਾਤੀ[10]। ਅਰੁ ਚੰਚਲ ਏਕ ਤੁਰੰਗਾ। ਕਰਿ ਦੀਜਹਿ ਮੇਰੇ ਸੰਗਾ-॥੮॥ਜਬਿ ਸ਼੍ਰੀ ਅਰਜਨ ਢਿਗ ਜਾਵੋ।ਰਹੁ ਖਰੋ,ਨ ਬੈਠਹੁ,ਆਵੋ। ਸਭਿ ਖਰੇ ਖਰੇ ਨਿਜ ਲੀਜੈ। ਪੁਨ ਹਮ ਦਿਸ਼ਿ ਆਵਨਿ ਕੀਜੈ ॥ ੯॥ ਰਹੁ ਤਿਨ ਢਿਗ ਭਾਵਤ ਠਾਂਢੇ। ਨਹਿਂ ਜਾਵਤਿ ਦੇਂ ਧਨ ਕਾਢੇ।ਜਬਿਦੇਹਿਂ ਉਪਾਇਨ ਸਾਰੀ।ਤਬਿ ਨਿਕਸਹੁ ਪੁਰੀ ਮਝਾਰੀ॥੧੦॥ਪੁਨ ਬੈਠਹੁ ਸੁਪਤਹੁ ਆਛੇ।ਇਤ ਆਵਹੁ ਜਿਮ ਚਿਤ ਬਾਂਛੇ'। ਸੁਨਿ ਆਇਸੁ ਕੋ ਸਿਰ ਧਾਰਾ।ਕਰਿ ਬੰਦਨ ਪੰਥ ਪਧਾਰਾ॥੧੧॥ਚਲਿ ਸਨੇ

---

[1]ਯਾ ਝੂਠ ਕਹੀ ਹੈ (ਤੂੰ ਹੇ ਚੰਦੂ)। [2]ਹਵਾ। [3]ਦਾਉ ਵੇਖਕੇ ਸਟ ਮਾਰਨੀ (ਠੀਕ ਹੈ)। (ਅ) ਮਾਰਨ ਦਾ ਦਾਉ ਵੇਖਿਆ। [4]ਵਿਸ਼ਿਆਂ ਵਿਚੋਂ। [5]ਕਾਰਜ ਵਾਲਾ। [6]ਬੀਤਦਾ ਹੈ। [7]ਭੇਜਦੇ ਸੀ। [8]ਇਕ ਵਿਆਹ ਦੀ ਤੇ ਦੂਜੀ ਸਾਲਾਨਾ। [9]ਕਰੜੇ ਹੋਕੇ। [10]ਹਜ਼ਾਰ ਦੀ ਥੈਲੀ।

*ਪਾ:-ਬਿਖੈ। †ਗੁਰ ਨਾਨਕ ਦੇਵ ਜੀ ਦੀ ਅੰਸ਼ ਜਾਣਕੇ, ਮਾਣ ਰੱਖਣ ਤੋਂ ਕਵੀ ਜੀ ਦੀ ਮੁਰਾਦ ਹੈ, ਹੋਰ ਭਾਵ ਨਹੀਂ ਹੈ, ਕਿਉਂ ਜੋ ਵਡੇ ਤਾਂ ਗੁਰੂ ਸਾਹਿਬ ਜੀ ਹੀ ਸਨ।

ਸਨੋ ਪੁਰਿ ਆਵਾ। ਬਿਚ ਪ੍ਰਵਿਸ਼ਯੋ ਪਿਖਿ ਮੁਦ ਪਾਵਾ॥ ਸ੍ਰੀ ਅਰਜਨ ਥਿਤ ਜਿਸ ਥਾਨਾ॥ ਸੁਨਿ ਸੁਧਿ ਕੋ ਨਿਕਟ ਪਯਾਨਾ॥੧੨॥ਬਿਚ ਸਭਾ ਸੁ ਜਾਇ ਪ੍ਰਵੇਸ਼ਾ॥ਕਰਿ ਬੰਦਨ ਦੀਨਿ ਸੰਦੇਸਾ। 'ਸ੍ਰੀ ਚੰਦੁ ਖੁਸ਼ੀ ਬਹੁ ਕੀਨੀ। ਚਹਿ ਭੇਟ ਆਪਨੀ ਲੀਨੀ ॥੧੩॥ ਮਮ ਆਵਨਿ ਕਾਰਜ ਏਹੀ। ਅਬਿ ਦੂਗਨਿ ਪ੍ਰਥਮ ਤੇ ਲੇਹੀ॥ਅਰੁ ਲੈਨੋ ਸੰਗ ਤੁਰੰਗਾ॥ ਹੈ ਕਾਰਣ ਬਨਾਹ ਉਮੰਗਾ॥੧੪॥ ਤੁਮ ਦਿਯੋ ਨ ਬਿਲਮ ਲਗਾਈ। ਇਸ ਕਾਰਣ ਤੇ ਇਮਗਾਈ[1]।–ਲਿਹੁ ਖਰੋ ਖਰੋ ਧਨ ਥਾਤੀ। ਨਹਿੰ ਕੀਜਹਿ ਬੈਠਨਿ ਬਾਤੀ–॥੧੫॥ਮੈਂ ਆਇਸੁ ਕਰੋਂ ਨ ਭੰਗਾ॥ਦਿਹੁ ਦਰਬ ਹਜ਼ਾਰ ਤੁਰੰਗਾ[2]'।ਸ੍ਰੀ ਅਰਜਨ ਸੀਤਲ ਛਾਤੀ॥ ਸੁਨਿ ਮਾਨਤਿ ਭੇ ਤਿਸ ਬਾਤੀ ॥੧੬॥ ਕਹਿ ਬਾਕ'ਲੇਹੁ ਧਨ ਸਾਰੋ। ਅਬਿ ਕੀਜੈ ਜਾਇ ਅਹਾਰੋ॥ਸ੍ਰੀਨਾਨਕ ਨੰਦ ਬਿਲੰਦੋ॥ਨਿਤ ਪੂਜਨੀਯ ਸੁਖਕੰਦੋ॥ ੧੭॥ਜਿਮ ਆਗਯਾ ਦੇਯ ਪਠਾਈ। ਹਮ ਮੇਟਹਿੰ ਨਹੀਂ ਕਦਾਈਂ'। ਇਮ ਕਹਿ ਸਿਖ ਸੰਗ ਮਿਲਾਯੋ॥ਇਸਥਾਨ ਦੇਗ ਕੇ ਆਯੋ॥੧੮॥ਸ੍ਰੀ ਗੰਗਾ ਤਹਿੰ ਬਰਤਾਵੈ॥ਸਿਖ ਸੰਗਤਿ ਲੇ ਸਭਿ ਖਾਵੈਂ।ਗਨ ਦਾਸ ਕਰੈਂ ਬਹੁਸੇਵਾ। ਜਹਿੰ ਲੰਗਰ ਸ੍ਰੀ ਗੁਰੁ ਦੇਵਾ ॥੧੯॥ ਨਿਜ ਕਰ ਤੇ ਗਨ ਕੋ ਦੇਨਾ॥ ਗਨ ਭੋਜਨ ਕਰਤੇ ਲੇਨਾ॥ਥਿਰ ਭਯੋ ਕਮਲੀਆ ਜਾਇ॥ਨਹਿੰ ਬੈਠਯੋ ਖਰੋ ਰਹਾਇ॥੨੦॥ ਕਹਿ'ਮਾਈ ਦੇਹੁ ਅਹਾਰਾ॥ ਅਚਿ ਲੇਵੋਂ ਮੈਂ ਇਸ ਬਾਰਾ'। ਕਛੁ ਮਾਤਾ ਰੁਖ਼ ਨਹਿੰ ਕੀਨਾ॥ਬਹੁ ਨਰ ਕੋ ਦੇਤਿ ਪ੍ਰਬੀਨਾ॥੨੧॥ਪੁਨ ਜਾਚਯੋ'ਮੋਕਹੁ ਦੀਜੈ ਨਹਿੰ ਤਨਕ ਬਿਲਮ ਕੋ ਕੀਜੈ'।ਗਨ ਸਿੱਖਨਿ ਬਾਂਟਤਿ ਸੋਈ। ਚਿਤ ਮਹਿੰ ਅਤਿ ਕਾਹਲ ਹੋਈ॥੨੨॥ਬਚ ਬੋਲੀ 'ਅਹਿਦੀ ਜੈਸੇ[3]।ਰਹਿ ਖਰੋ ਜਾਚਤੋ ਐਸੇ। ਨਹਿ ਬੈਠਹਿ ਧੀਰਜ ਪਾਈ। ਲੇ ਬਰਤਹਿ ਭੋਜਨ ਖਾਈ' ॥ ੨੩ ॥ ਇਮ ਕਹਿ ਕਰਿ ਦਿਯੋ ਅਹਾਰਾ। ਲੇ ਅਚਵਯੋ ਠਾਂਢੇ ਸਾਰਾ। ਕਰਿ ਪਾਨੀ ਪਾਨ ਪਖਾਰੇ॥ਪੁਨ ਤਹਿੰ ਤੇ ਨਿਕਸਿ ਪਧਾਰੇ॥੨੪॥ ਸ੍ਰੀ ਅਰਜਨ ਕੇ ਢਿਗ ਆਯੋ।'ਮੁਹਿ ਦੀਜਹਿ' ਬਾਕ ਅਲਾਯੋ।'ਨਤੁ ਠਾਂਢੋ ਨਿਕਟ ਤੁਮਾਰੇ। ਨਹਿੰ ਬੈਠੋਂ[4]ਆਇਸੁ ਧਾਰੇ'॥੨੫॥ਤਬਿ ਸਤਿਗੁਰੁ ਧਨ ਅਨਵਾਯੋ। ਯੁਤ ਬਾਜੀ[5] ਦਿਯੋ ਸੁਹਾਯੋ॥ਨਿਜ ਸੇਵਕ ਸੰਗ ਰਲਾਯੋ। ਸੰਭਾਰਿ ਭਲੇ ਪਹੁੰਚਾਯੋ॥੨੬॥ ਸ੍ਰੀ ਨਾਨਕ ਦਿਹੁਰੇ ਥਾਨਾ॥ਸ੍ਰੀਚੰਦੁ ਥਿਰੇ ਤਪਵਾਨਾ॥ ਤਬਿ ਦਾਸਨਿ ਬਿਨੈ ਬਖਾਨੀ॥'ਇਹ ਭੇਟ ਤੁਮਰੀ ਆਨੀ'॥੨੭॥ਸੁਨਿ ਹਰਖਤਿ ਹੋਇ ਪ੍ਰਬੀਨਾ।

---

[1]ਕਿਹਾ ਹੈ। [2](ਤੇ ਇਕ) ਘੋੜਾ। [3]ਸਿਪਾਹੀ ਵਾਂਗੂ। [4]ਬੈਠਾਂਗਾ ਨਹੀਂ। [5]ਸਮੇਤ ਘੋੜੇ ਦੇ।

ਨਿਜ ਸੇਵਕ ਬੂਝਨ ਕੀਨਾ।'ਕਹੁ ਬਾਤਿ ਕਮਲੀਆ ਸਾਰੀ।ਜਬਿਗੁਰੁਢਿਗ
ਜਾਇਉਚਾਰੀ॥੨੯॥ਤਬਿ ਹਰਖ ਕਿ ਰਿਸ ਉਰਛਾਈ।ਕਿਮਕਹਿ ਕਰਿ ਭੇਟ
ਪਠਾਈ?।ਰਹਿ ਠਾਂਢੋਕੇਤਿਕ ਕਾਲਾ?।ਕਿਮ ਬੋਲੇਬਾਕ ਰਸਾਲਾ[1]?'॥੨੯॥
ਗੁਰੁ ਦਾਸ[2] ਕਮਲੀਆ ਦੋਊ। ਹੁਇ ਠਾਂਢੇ ਆਗੇ ਸੋਊ। ਬਿਰਤਾਂਤ ਭਯੋ ਜੁ
ਬਤਾਵਾ।'ਮੈਂ ਜਾਇ ਸੁ ਬਾਕ ਸੁਨਾਵਾ॥੩੦॥ਨਹਿੰ ਛੋਭਗੁਰੂ ਉਰ ਹੋਵਾ।ਸਮ
ਪੂਰਬ ਕੇ ਮੁਖ ਜੋਵਾ।ਮੁਝ ਭੇਜਯੋ ਦੇਗਸਥਾਨੇ।ਤਬਿ ਪਹੁੰਚਯੋਭੋਜਨਖਾਨੇ॥
੩੧॥ਸ੍ਰੀ ਗੰਗਾ ਤਹਿੰਬਰਤਾਵੈ।ਸਿਖ ਪੁੰਜ ਅਸਨ ਲੇ ਖਾਵੈਂ।ਬਹੁ ਭੀਰ ਭਈ*
ਸਿਖ ਲੇਤੇ।ਇਕ ਮਾਤਾ ਭੋਜਨ ਦੇਤੇ॥੩੨॥ ਮੈਂ ਜਾਚਯੋ ਇਕ ਦੁਇ ਬਾਰੀ।
ਤਿਨ ਦੇਖਿਤਿ ਗਿਰਾ ਉਚਾਰੀ।--ਸਮ ਅਹਿਦੀ[3] ਕੇ ਤੁਮ ਆਵੋ। ਰਹਿ ਖਰੇ
ਅਸਨ ਕੋ ਖਾਵੋ--॥੩੩॥ਇਮ ਕਹਿ ਕਰਿ ਦਿਯੋ ਅਹਾਰਾ।ਮੈਂ ਖਾਯੋ ਵਹਿਰ
ਪਧਾਰਾ।ਗੁਰੁ ਅਰਜਨ ਭੇਟ ਮੰਗਾਈ।ਸਿਖ ਦੇ ਕਰਿ ਸੰਗ ਪਠਾਈ'॥੩੪॥
ਸੁਨਿ ਸਿਰੀਚੰਦ ਜਿਨ ਭੈ ਨਾ।ਰਿਸ ਤਨਕ ਧਾਰਿ ਕਹਿ ਬੈਨਾ। 'ਜੇ ਅਹੈਂ
ਅਹਿਦੀਅਨਿ ਭੂਖੇ।ਚਿਤ ਚਹਤਿ ਕਹਤਿ ਬਚ ਰੂਖੇ॥੩੫॥ਤੌ ਅਹਿਦੀਤਿਨ
ਘਰ ਆਵੈਂ।ਰਿਪੁ ਕੂਰੇ ਦੋਸ਼ ਲਗਾਵੈਂ।ਤਿਨ ਆਵਨਿ ਕੋ ਫਲਦੇਖੋ। ਤੁਰਕੇ-
ਸ਼ੁਰ ਦੁਖਦ ਵਿਸ਼ੇਖੋ' ॥੩੬॥ ਇਮ ਦਿਯੋ ਸ੍ਰਾਪ† ਗੁਰੁ ਘਰ ਕੋ।ਹੁਇ ਹੋਨ-
ਹਾਰ ਪਰਹਰਿ ਕੋ[4]। ਸਭਿ ਲਈ ਅਕੋਰਸੰਭਾਰੀ।ਧਨ ਬਾਤੀ ਗਿਨੇ ਹਜ਼ਾਰੀ
॥ ੩੭ ॥ ਪੁਨ ਘੋਰਾ ਸੁੰਦਰ ਹੇਰਾ। ਪਰਸੰਨ ਭਏ ਤਿਸ ਬੇਰਾ। 'ਗੁਰੁ ਘਰ

---

[1]ਸੁੰਦਰ। [2]ਗੁਰੂ ਜੀ ਦਾ ਦਾਸ ਤੇ। [3]ਸਿਪਾਹੀ। [4]ਜੋ ਹੋਣਹਾਰ ਹੈ ਉਹਨੂੰ ਕੌਣ ਦੂਰ ਕਰੇ ?

*ਪਾঃ—ਭਰੀ।

†ਇਹ ਸ੍ਰਾਪ ਵਾਲਾ ਵਾਕਿਆ, ਘੋੜਾ ਤੇ ਠੁਕ ਬੱਝਵਾਂ ੫੦੦) ਦੇਣ ਦੇ ਪੱਕੇ ਇਤਿਹਾਸਿਕ ਸਬੂਤ ਨਹੀਂ ਮਿਲਦੇ ਤੇ ਇਸ ਵਾਕਿਆ ਦੀ ਹੋਰ ਖੋਜ ਸਫਲੀ ਨਹੀਂ ਹੋਈ। ਪੁਰਾਤਨ ਗ੍ਰੰਥ ਮਹਿਮਾ ਪ੍ਰਕਾਸ਼ ਵਾਰਤਿਕ ਤੇ ਮਹਿਮਾ ਪ੍ਰਕਾਸ਼ ਛੰਦਾ ਬੰਦੀ, ਦੋਹਾਂ ਵਿਚ ਹੀ ਇਸ ਵਾਕਿਆ ਦਾ ਜ਼ਿਕਰ ਨਹੀਂ ਹੈ। ਖਾਲਸਾ ਤਵਾਰੀਖ (ਗਜਾਨੀ ਗਿਆਨ ਸਿੰਘ ਕ੍ਰਿਤ) ਵਿਚ ਹੈ, ਪਰ ਉਹਨਾਂ ਨੇ ਇਹ ਜ਼ਿਕਰ ਗੁਰ ਪ੍ਰਤਾਪ ਸੂਰਜ ਗ੍ਰੰਥ ਤੋਂ ਹੀ ਲਿਆ ਹੈ। ਗਿਆਨੀ ਗਿਆਨ ਸਿੰਘ ਜੀ ਤਾਂ ਆਪਣੇ ਪੁਸਤਕ ਦੇ ਮੁਹਰਲੇ ਹਿੱਸਿਆਂ ਨੂੰ ਆਪ ਵਾਰਤਿਕ ਸੂਰਜ ਪ੍ਰਕਾਸ਼ ਹੀ ਲਿਖਦੇ ਹਨ। ਮਿਸਟਰ ਮੈਕਾਲਫ ਨੇ ਇਤਿਹਾਸਿਕ ਘਟਨਾਵਾਂ ਚੰਗੀ ਛਾਣ ਬੀਨ ਕਰਕੇ ਲਿਖੀਆਂ ਸਨ, ਉਹਨਾਂ ਨੇ ਬੀ ਇਹ ਭੇਟਾ ਲੈਣ ਤੇ ਸ੍ਰਾਪ ਆਦਿ ਦੇਣ ਦਾ ਵਾਕਿਆ ਨਹੀਂ ਦਿਤਾ। ਨਾਂ ਹੀ ਇਹ ਪ੍ਰਸੰਗ ਗੁਰ ਬਿਲਾਸ ਪਾਤਸ਼ਾਹੀ ਛੇਵੀਂ ਵਿਚ ਹੈ, ਜਿਸ ਵਿਚ ਕਿ ਪੰਚਮ ਪਾਤਸ਼ਾਹ ਜੀ ਦਾ ਜੀਵਨ ਵੀ ਹੈ।

ਮਹਿਂ ਵਧਹਿ ਤਬੇਲਾ। ਹੁਇ ਅਧਿਕੈ ਸੈਨ ਸਕੇਲਾ'॥੩੮॥ਬਰੁ ਦੀਨੋ ਅਸ ਤਿਸ ਕਾਲ॥ਸਿਖ ਰਾਖ੍ਯੋ ਨਿਕਟ ਬਿਸਾਲ॥ਪੁਨ ਕੀਨਿ ਬਿਸਰਜਨ ਨੀਕੇ। ਢਿਗ ਆਯੋ ਸਤਿਗੁਰੁ ਜੀ ਕੇ॥੩੯॥ ਕਹਿ ਸਕਲ ਪ੍ਰਸੰਗ ਸੁਨਾਯੋ। ਜਿਮ ਬਰ ਅਰੁ ਸ੍ਰਾਪ ਅਲਾਯੋ॥ਸਭਿ ਬਿਖੈ ਜਬੈ ਬਿਦਤਾਵਾ॥ਸ਼੍ਰੀ ਗੰਗਾ ਸੁਨਿ ਦੁਖ ਪਾਵ॥੪੦॥ਸ਼੍ਰੀ ਅਰਜਨ ਬੂਝਨਿ ਕੀਨੰ॥'ਤੁਮ ਸ੍ਰਾਪ ਕਹਾਂਕਰਿ ਲੀਨੰ?॥ਸ਼੍ਰੀ ਨਾਨਕ ਨੰਦ ਉਬਾਚਾ[1]।ਨਹਿਂ ਮਿਟਿਹੈ ਹੁਇਹੈ ਸਾਚਾ॥੪੧॥ਤਪਵਾਨ ਜਤੀ ਬ੍ਰਿਤਿ ਪੂਰਾ॥ਕਿਮ ਬਨਿਹੈ ਤਿਨ ਬਚ ਕੂਰਾ?'।ਸੁਨਿ ਗੰਗਾ ਸਕਲ ਸੁਨਾਈ। 'ਬਡ ਭੀਰ ਬਿਖੈ ਅਕੁਲਾਈ॥੪੨॥ਸੋ ਮਾਂਗਹਿ ਖਰੋ ਅਹਾਰ॥ਨਹਿਂ ਬੈਠ੍ਯੋ ਤਬਹਿ ਨਿਹਾਰ॥ਬਚ ਨਿਸ਼ਠੁਰ ਜਾਚਤਿ ਜੋਵਾ॥ਬਹੁ ਕਾਇਲ[2] ਮਮ ਚਿਤ ਹੋਵਾ॥੪੩॥–ਸਮ ਅਹਿਦੀ ਖਰ੍ਯੋ–ਉਚਾਰਾ॥ਪੁਨ ਦਿਯੋ ਅਚਾਇ ਅਹਾਰ॥ ਇਕ ਇਹੀ ਅਵੱਗ੍ਯਾ ਹੋਈ। ਨਹਿਂ ਛਿਮਾ ਕਰੀ ਸੁਨਿ ਸੋਈ'॥੪੪॥ਇਮ ਭਯੋ ਸ੍ਰਾਪ ਗੁਰੁ ਜਾਨਾ॥ਹੁਇ ਹੋਨਹਾਰ ਕੋ ਮਾਨਾ[3]।ਨਹਿਂ ਚਿੰਤ ਚਿੱਤ ਮਹਿਂ ਕੈਸੇ॥ਇਕ ਰਸ ਬ੍ਰਿਤਿ ਨਿਤ ਚਿਤ ਤੈਸੇ॥੪੫॥ਗੁਰੁ ਧੀਰ ਅਭੀਰ ਗੰਭੀਰਾ॥ ਜਿਮ ਛੁਭਤਿ ਨ ਨੀਰਧ ਨੀਰਾ[4]। ਨਹਿਂ ਸੀਤਲ ਤਪਤ ਹੁਵੰਤਾ। ਨਹਿਂ ਵਧਹਿ ਨ ਘਟਹਿ ਕਦੰਤਾ* ॥ ੪੬ ॥ ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰਾਸੇ 'ਸ਼੍ਰੀ ਚੰਦ' ਪ੍ਰਸੰਗ ਬਰਨਨੰ ਨਾਮ ਅਸ਼ਟ ਬਿੰਸਤੀ ਅੰਸੂ ॥ ੨੮ ॥

੨੯. [ਖੁਸਰੋ ਦਾ ਆਗਮਨ]।

ਦੋਹਰਾ॥ਸ਼੍ਰੀ ਗੁਰੁ ਅਰਜਨ ਜੀ ਟਿਕੇ ਤਾਰਨਤਰਨ ਸਥਾਨ॥ਸੰਗ ਮਸੰਦਨਿ ਸੰਗਤਾਂ ਦਰਸਹਿਂ ਅਨਗਨ ਆਨਿ॥੧॥ ਚੌਪਈ॥ ਜਹਾਂਗੀਰ ਕਿਸ ਕਾਰਨ ਕਰਿਕੈ। ਇਕ ਸ਼ਹਜ਼ਾਦੇ ਸੋਂ ਰਿਸ ਧਰਿਕੈ। ਦਿਯੋ ਨਿਕਾਸ ਕਹ੍ਯੋ ਸਭਿ ਠੌਰਿ। 'ਇਸ ਕੇ ਸੰਗ ਨ ਮਿਲਿ ਹੈ ਔਰਿ[5] ॥੨॥ ਜੋ ਨੌਕਰ ਮਮ ਲਘੁ ਕਿ ਮਹਾਨ। ਕੋ ਨਹਿਂ ਦੇਹਿ ਇਸੇ ਸਨਮਾਨ॥ ਗ੍ਰਾਮ ਨਗਰ ਪਰਵੇਸ਼ ਨ ਹੋਇ॥ ਦੇਸ਼ ਤਯਾਗ ਕਰਿ ਗਮਨੈ ਸੋਇ'॥੩॥ਇਮ ਸਭਿਕੋ ਲਿਖਿ,ਦਿਯੋਨਿਕਾਸਿ॥ ਸੋ ਤਜਿ ਦਿੱਲੀ ਪੁਰੀ ਅਵਾਸ॥ਕੁਛ ਨਰ ਸੰਗ ਨਿਕਸਿ ਕਰਿ ਆਯੋ। ਸਨੈ ਸਨੈ ਬਹੁ ਮਗ ਉਲੰਘਾਯੋ॥੪॥ਮਾਝੇ ਦੇਸ਼ ਪ੍ਰਵੇਸ਼੍ਯੋ ਆਇ॥ਦਿਸ਼ਿ ਪਸ਼ਚਮ ਚਿਤ ਬਾਂਛਤ ਜਾਇ। ਗੁਰੂ ਤਰਨ ਤਾਰਨ ਪੁਰਿ ਡੇਰਾ। ਕੇਤਿਕ ਦਿਨ ਤੇ

[1](ਜੀ ਦੇ) ਪੁੱਤ੍ਰ ਦਾ ਕਹਿਆ। [2]ਵਿਆਕੁਲ। [3]ਹੋਣਹਾਰ ਦਾ ਹੋਣਾ ਮੰਨਿਆਂ। [4]ਸਮੁੰਦਰ ਦਾ ਜਲ। [5]ਹੋਰ ਕੋਈ।

*ਏਹ ਲਛਣ ਹਨ ਪੂਰਨ ਪੁਰਖ ਦੇ, ਯੋਗੀ ਰਾਜ ਦੇ ਤੇ ਅਵਤਾਰ ਦੇ।

†ਸ਼ਹਜ਼ਾਦਾ ਖੁਸਰੋ ਬਾਗ਼ੀ ਹੋਕੇ ਪੰਜਾਬ ਨੂੰ ਆਯਾ ਸੀ ਤੇ ਜਹਾਂਗੀਰ ਉਸਦੇ ਮਗਰੇ ਆਯਾ ਸੀ।

ਕੀਨਿ ਬਸੇਰਾ॥੫॥ਜਬਿ ਸ਼ਹਜ਼ਾਦਾ ਤਹਿੰ ਚਲਿ ਆਯੋ।'ਇਹਾਂ ਗੁਰੂ' ਤਿਹ ਕਿਸਹਿ ਸੁਨਾਯੋ।–ਮਿਲੌਂ ਇਨਹਿੰ ਦਰਸ਼ਨ ਕਰਿ ਆਛੈ। ਇਕ ਦੁਇ ਦਿਨ ਰਹਿ ਗਮਨੌਂ ਪਾਛੈ–॥ ੬॥ ਇਮ ਸ਼ਹਜ਼ਾਦੇ ਰਿਦੇ ਬਿਚਾਰਾ। ਉਤਰ ਪਰਯੋ ਡੇਰੋ ਨਿਰਧਾਰਾ। ਤਿਸ ਨਿਸ ਮਹਿੰ ਕਰਿਕੈ ਬਿਸਰਾਮੂ। ਭਈ ਪ੍ਰਾਤ,ਸੁਨਿ ਸਤਿਗੁਰੁ ਨਾਮੂ॥੭॥ਮਿਲਯੋ ਆਨਿ ਕਰਿ ਬੰਦੇ ਹਾਥ॥ਲਖਿ ਮਹਿਮਾ ਨੰਮ੍ਰੀ ਕਰਿ ਮਾਥ॥ਬੂਝਯੋ ਸਗਰੋ ਤਾਂਹਿਬ੍ਰਿਤਾਂਤ।ਭਨਯੋ ਤਾਂਹਿ ਬੀਤਾ ਜਿਸਭਾਂਤਿ॥੮॥'ਸ਼ਾਹੁ ਰੋਸ ਬਹੁ ਮੋ ਪਰ ਕੀਨੋ। ਦੇਸ਼ ਨਿਕਾਰਾ ਕਹਿ ਕਰਿ ਦੀਨੋ।ਪਸ਼ਚਮ ਦਿਸ਼ਿਕੋ ਮੈਂ ਚਲਿ ਜਾਵੋਂ।ਸ਼੍ਰੀ ਗੁਰ ਜੀ! ਤਿਤਬੈਸਬਿਤਾਵੋਂ'॥੯॥ਭਨਤਿ ਬਿਨੈ ਅਧਿਕਾਇ ਅਧੀਨ। ਅਪਨੋ ਕਸ਼ਟ ਨਿਵੇਦਨਿ[੧] ਕੀਨਿ। 'ਖਰਚ ਗਯੋ ਥੁਰ ਪਾਸ ਨ ਪੈਸਾ। ਦਿਨਪ੍ਰਤਿ ਛੁਧਿਤਿ ਰੰਕ ਹੈ ਜੈਸਾ॥੧੦॥ਨੀਠ ਨੀਠ ਤੇ ਖਰਚ ਚਲਾਵੋਂ।ਬੇਚਿ ਬਿਭੂਖਨ ਨਰਨਿ ਖੁਲਾਵੋਂ।ਅਪਰਪਾਤਸ਼ਾਹਿਤ[੨]ਮੈਂ ਜਾਵੋਂ। ਮਾਫਕ ਗੁਜ਼ਰ[੩] ਤਹਾਂ ਧਨ ਪਾਵੋਂ' ॥੧੧॥ ਇੱਤਯਾਦਿਕ ਜਬਿ ਬਿਨੈ ਬਖਾਨੀ।ਸੁਨਿ ਸ਼੍ਰੀ ਅਰਜਨ ਕਰੁਨਾ ਠਾਨੀ।ਨਿਜ ਢਿਗ ਦਿਨ ਕੇਤਿਕ ਸੋ ਰਾਖਯੋ।ਦੇਤਿ ਅਸਨਹਿਤ ਧਨਜੋ ਕਾਂਖਯੋ॥੧੨॥ਜਬਹਿ ਚਲਨਿ ਕਹੁ ਤਿਨ ਮਨਕੀਨਾ॥ਪੰਚ ਸਹੰਸ੍ਰ[੪]ਗੁਰੁ ਧਨ ਦੀਨਾ*।ਲੇਕਰਿ ਨਮੋਠਾਨਿ ਸ਼ਹਜਾਦਾ। ਗਮਨਯੋ ਪਸ਼ਚਮ ਦਿਸ਼ਿ ਅਹਿਲਾਦਾ॥੧੩॥ ਜਿਸ ਦਿਨ ਲੇ ਤਿਨ ਕੀਨਿ ਪਯਾਨਾ।ਨਰ ਚੰਦੂਕੋ ਇਕ ਤਿਸ ਥਾਨਾ।ਸਕਲ ਬਾਰਤਾਸੁਨਿ ਕਰਿ ਗਯੋ। ਚੰਦੂ ਨਿਕਟ ਸੁਨਾਵਤਿ ਭਯੋ॥੧੪॥ਕਰਹਿ ਸ਼ੱਤ੍ਰੁਤਾ ਗੁਰੁ ਕੇ ਸਾਥ। ਜਰ ਬਰ ਭਯੋ ਮਲਤਿ ਜੁਗ ਹਾਥ।–ਕਹੌਂ ਸ਼ਾਹੁ ਢਿਗ ਛਿੱਦ੍ਰ[੫] ਸੁ ਪਾਯੋ। ਰਿਸਹਿ ਰਿਦੇ ਹੁਇ ਮੁਰ ਮਨ ਭਾਯੋ[੬]॥੧੫॥ਮੈਂ ਕਰਿ ਰਹਯੋ ਉਪਾਉ

[੧]ਦੱਸਿਆ। [੨]ਵਲਾਇਤ। [੩]ਗੁਜ਼ਾਰੇ ਮੁਆਫਿਕ। [੪]ਪੰਜ ਹਜ਼ਾਰ। [੫]ਛੇਕ। ਭਾਵ ਊਜ ਲਾਉਣ ਲਈ ਕੋਈ ਬਹਾਨਾ। [੬](ਸ਼ਾਹ) ਕ੍ਰੋਧ ਕਰੇਗਾ ਦਿਲ ਵਿਚ ਤੇ ਮੇਰੇ ਮਨ ਭਾਂਵਦੀ(ਗਲ ਹੋਵੇਗੀ)।

*ਸ਼੍ਰੀਗੁਰ ਪ੍ਰਤਾਪ ਸੂਰਜ ਤੋਂ ਪੁਰਾਤਨ ਗ੍ਰੰਥ ਮਹਿਮਾਂ ਪ੍ਰਕਾਸ਼ ਵਿਚ ਕੇਵਲ ਰੋਟੀ ਦੇਣੀ ਲਿਖੀ ਹੈ,ਪੰਜ ਹਜ਼ਾਰ ਦੇਣਾ ਨਹੀਂ ਲਿਖਿਆ। ਜਥਾ–"ਸੋ ਬਡਾ ਦੁਖੀ ਤਾ ਪਰ ਭਈ ਆਫਤ। ਦੇਖ ਦਿਆਲ ਗੁਰ ਕਰੀ ਜ਼ਿਆਫਤ। ਤਾਕੋ ਖਾਨ ਪਾਨ ਸਭ ਦੀਆ। ਨਿਜ ਕਰ ਗੁਜਰਾਨ ਕੂਚ ਤਿਨ ਕੀਆ"। ਅਗੇ ਇਸ ਰਾਸ ਦੇ ਅੰਸੂ ੩੨ ਦੇ ਅੰਕ ੨੭ ਵਿਚ ਕਵੀ ਜੀ ਨੇ ਆਪ ਭੀ ਕੇਵਲ ਰੋਟੀ ਦੇਣੀ ਲਿਖੀ ਹੈ। ਯਥਾ–'ਦੀਨ ਜਾਨਿ ਤਿਹ ਭੋਜਨ ਖ੍ਵਾਯੋ'। ਦਬਿਸਤਾਨ ਮਜ਼ਾਹਬ ਵਿਚ ਕੇਵਲ ਸ਼ਹਜ਼ਾਦੇ ਦੇਹੱਕ ਵਿਚ ਦੁਆਕਰਨੀ ਲਿਖੀ ਹੈ ਤੇ ਜਹਾਂਗੀਰ ਦੀ'ਤੁਜ਼ਕ' ਵਿਚ ਮੱਥੇ ਤੇ ਤਿਲਕ ਕਰਨਾ ਤੇ ਖਾਸ ਵਰਤਾਉ ਕਰਨਾ ਹੀ ਲਿਖਿਆ ਹੈ,ਪਰ ਸ਼ਹਜ਼ਾਦਾ ਗੁਰੂ ਜੀ ਨੂੰ ਮਿਲਿਆ ਹੀ ਨਹੀਂ, ਦੇਖੋ ਪੰਨਾ ੨੩੨੭ ਦੀ ਹੇਠਲੀ *ਨਿਸ਼ਾਨ ਦੀ ਟੂਕ।

ਘਨੇਰਾ।ਨਹੀਂ ਬਿਗਾਰ ਸਕਯੋ ਗੁਰੁ ਕੇਰਾ।ਸੋਫਕੀਰ,ਮੈਂ ਸ਼ਾਹੁ ਦਿਵਾਨ।ਅਬਿ
ਲਗਿ ਸਮ ਕੈ ਰਹਯੋ ਮਹਾਨ[1]॥੧੬॥ਸ਼ੱਤ੍ਰ ਸਮ ਸ਼ਹਜ਼ਾਦਾ ਸੋਇ।ਤਿਹ ਧਨ
ਦੀਨਿ ਸਖਾ ਜਿਮ ਹੋਇ।ਨਿਜ ਢਿਗ ਰਾਖੈਯੋ ਤ੍ਰਾਸ ਨ ਮਾਨਾ। ਰਿਸਹਿ ਸ਼ਾਹੁ
ਜਬਿ ਸੁਨਿਹੈ ਕਾਨਾ-॥੧੭॥ਪ੍ਰਾਤ ਹੋਤਿ ਗਰ ਜਾਮਾ ਪਾਇ।ਗਯੋ ਮੂਢ ਉਰ
ਹਰਖ ਉਪਾਇ।ਤਸਲੀਮਾਤ ਸ਼ਾਹੁ ਸੋਂ ਕੀਨਿ। ਚੁਗਲੀ ਉਗਲਨਿ ਕੋ ਮਤਿ
ਹੀਨ॥੧੮॥ਹਾਥ ਜੋਰਿਕਰਿ ਬਹੁਰ ਸੁਨਾਵੈ।'ਸੋ ਅਰਜਨ ਜਗ ਗੁਰੂ ਕਹਾਵੈ।
ਚਹੁੰ ਦਿਸ਼ਿ ਤੇ ਧਨ ਜਿਸ ਢਿਗ ਆਵੈ। ਤੁਮ ਤੇ ਤ੍ਰਾਸ ਨ ਕੈਸੇ ਪਾਵੈ॥੧੯॥
ਨਿਜ ਪੂਜਾ ਅਰੁ ਧਨ ਕੋ ਦੇਖਿ।ਜਿਸ ਕੇ ਉਰ ਹੰਕਾਰ ਵਿਸ਼ੇਖ। ਸ਼ਹਜ਼ਾਦਾ
ਜੋ ਤੁਮਹਿੰ ਨਿਕਾਰਯੋ। ਨਹਿੰ ਕਿਸ ਤਿਸ ਕੋ ਆਦਰ ਧਾਰਯੋ॥ ੨੦॥
ਤੁਮ ਤੇ ਬਡਾ ਕਿ ਤੁਮ ਸਮ ਜਾਨਿ[2]। ਪਹੁੰਚਯੋ ਗੁਰੁ ਅਰਜਨ ਕੇ ਥਾਨ।
ਸਾਦਰ ਤਿਸ ਕੋ ਪਾਸ ਉਤਾਰਾ।--ਹਮ ਰਾਖਹਿੰ ਤੁਝ--ਧੀਰ ਉਚਾਰਾ॥
੨੧॥-ਹਮਰੋ ਕਹਾ ਕਰੈ ਪਤਿਸ਼ਾਹ। ਨਹਿੰ ਰੱਯਤ ਜੋ ਹੁਕਮ ਕਰਾਹਿ-।
ਕੇਤਿਕ ਦਿਵਸ ਨਿਕਟ ਸੋ ਰਾਖਯੋ।ਸੋ ਨਹਿੰ ਰਹਯੋ ਚਲਨਿ ਅਭਿਲਾਖਯੋ॥
੨੨॥ਗਮਨਤਿ ਕੋ ਬਹੁ ਧਨ ਤਿਹ ਦੀਨਾ।ਸਕਲ ਰੀਤਿ ਤੇ ਮੱਦਤ ਕੀਨਾ॥
ਤੁਮਰੋ ਤ੍ਰਾਸ ਪਾਇ ਸੋ ਗਯੋ। ਗੁਰੁ ਅਰਜਨ ਉਰ ਡਰ ਨਹਿੰ ਕਿਯੋ॥੨੩॥
ਬਡ ਹੰਕਾਰ ਜਿਨਹੁੰ ਕੇ ਮਾਂਹੀ। ਆਂਖਿ ਤਰੈ ਕਿਸ ਆਨਤਿ ਨਾਂਹੀ। ਤੁਮ
ਢਿਗ ਆਗੇ ਅਰਜ਼ ਉਚਾਰੀ। ਰਾਖਹਿ ਤਸਕਰ ਸਦਨ ਮਝਾਰੀ॥ ੨੪॥
ਆਪ ਕਹਾਵਤਿ ਹੈ ਸਭਿ ਮਾਂਹੂ।ਸਭਿ ਤੇ ਬਡੋ ਸਾਚ ਪਤਿਸ਼ਾਹੂ।ਨਿਜ ਖ਼ਾਤਰ
ਮਹਿੰ ਕਿਸੂ ਨ ਲਯਾਵੈ[3]। ਬਰਤਹਿ ਤਥਾ ਜਥਾ ਮਨ ਭਾਵੈ ॥੨੫॥ ਅਪਰ
ਸਜਾਇ ਨਹੀਂ ਜੇ ਦੇਵਹੁ।ਢਿਗ ਬੁਲਾਇ ਅਜ਼ਮਤਿ ਕੋ ਲੇਵਹੁ। ਕਰਾਮਾਤ
ਜੇ ਦਿਖਯੋ ਨ ਚਾਹੋ। ਤਊ ਹਕਾਰਹੁ ਅਪਨੇ ਪਾਹੋ॥੨੬॥ਜੇ ਇਸ ਕ੍ਰਿਤ ਕੋ
ਤੁਮ ਮਨ ਜਾਨਿ।ਨਹੀਂ ਤਿਦਾਰਕ ਦੇਹੁ ਮਹਾਨ[4]।ਨ੍ਰਿਭੈ ਹੋਇ ਬਹੁ ਕਰਹਿ
ਕੁਕਾਜ।ਤਸਕਰ ਆਦਿ ਲਗਾਇ ਸੁ ਰਾਜ॥੨੭॥ ਜਯੋਂ ਤੁਮ ਛਿਮਾ ਕਰਹੁ
ਲਖਿ ਪੀਰ[5]।ਤਯੋਂ ਉਰ ਗਰਬਤਿ ਹੈ ਧਰਿ ਧੀਰ। ਸ਼੍ਰੀ ਨਾਨਕ ਸਮ ਕ੍ਰਿੱਤ ਨ
ਤਿਨ ਕੋ।ਧਰਹਿ ਈਰਖਾ ਕਪਟੀ ਮਨ ਕੋ॥੨੮॥ ਸੁਲਬੀ ਪਠਯੋ ਨ ਪਹੁੰਚਯੋ
ਤਹਾਂ।ਤਿਸ ਪੀਛੈ ਉਰ ਗਰਬਯੋ ਮਹਾਂ।ਹਜ਼ਰਤ ਜੋ ਡਰ ਹ੍ਵੈ ਨ ਤੁਮਾਰਾ।ਹੋਹਿ

[1]ਬਰਾਬਰ ਅਥਵਾ (ਮੈਥੋਂ) ਬੜੇ ਰਹੇ ਹਨ। [2]ਬਰਾਬਰ ਜਾਣਕੇ। [3]ਭਾਵ ਕਿਸੇ ਦੀ ਪਰਵਾਹ ਨਹੀਂ ਰੱਖਦਾ। [4]ਕਰੜੀ ਰੋਕ ਨਹੀਂ ਪਾਓਗੇ, ਭਾਵ ਬਹੁਤੀ ਸਜ਼ਾ ਨਹੀਂ ਦਿਓਗੇ। [5]ਗੁਰੂ ਜਾਣਕੇ।

ਰਾਜ ਮਹਿਂ ਬਹੁਤ ਬਿਗਾਰਾ’॥੨੯॥ਇੱਤਜ਼ਾਦਿਕ ਪਾਪੀ ਬਹੁ ਕਹ੍ਯੋ। ਸਾਚ ਤੁਰਕ ਪਤਿ ਨੇ ਚਿਤ ਲਹ੍ਯੋ।–ਨਿਤ ਪ੍ਰਤਿ ਤਿਨ ਕੀ ਆਇ ਖੁਟਾਈ। ਮੈਂ ਅਬਿ ਲੌ ਨਹਿਂ ਕਛੂ ਜਨਾਈ–॥ ੩੦ ॥ ਨਿਜ ਦਿਵਾਨ ਪਾਪੀ ਸੰਗ ਕਹ੍ਯੋ। ‘ਕੇਤਿਕ ਡੰਡ ਉਚਿਤ ਤੈਂ ਲਹ੍ਯੋ। ਜੇਤਿਕ ਦੇਹਿਂ ਲਿਖਹੁ ਪਰਵਾਨਾ[੧]। ਆਵੈਂ ਅਬਿ ਚਲਿ ਕੈ ਇਸ ਥਾਨਾ’॥੩੧॥ਦੁਸ਼ਟ ਸਚਿਵ ਨੇ ਮਤਿ ਬਿਚਲਾਈ[੨]। ਉਚਿਤਾਨੁਚਿਤ[੩] ਸਕਲ ਬਿਸਰਾਈ। ਜਿਨ ਕੀ ਕਰਤਿ ਸਤੁਤਿ ਲਖਿ ਪੀਰ।ਡੰਨ ਚਹੈ ਮੂਰਖ ਤਿਨ ਤੀਰ[੪]॥੩੨॥‘ਧਨ ਦੁਇ ਲਾਖ ਦੀਜਿਯਹਿ ਆਇ। ਤੁਮ ਨੇ ਕੀਨਸਿ ਬਾਤ ਬਿਜਾਇ[੫]। ਸ਼ਹਜ਼ਾਦਾ ਜੋ ਹਮਹੁ ਨਿਕਾਰ੍ਯੋ।ਰਿਪੁ ਸਮਾਨ ਉਰ ਮਹਿਂ ਨਿਰਧਾਰ੍ਯੋ॥੩੩॥ ਟਿਕਨ ਦਯੋ ਨਹਿਂ ਨਿਕਟ ਸੁ ਕਾਹੂੰ। ਤਮ ਧਨ ਦੀਨਸਿ ਰਾਖ੍ਯੋ ਪਾਹੂੰ’।ਆਇਸੁ ਜਹਾਂਗੀਰ ਕੀ ਲੈ ਕੈ।ਚੰਦੂ ਦੁਸ਼ਟ ਲਿਖ੍ਯੋ ਬਿਧਿ ਕੈ ਕੈ॥੩੪॥ਸ਼ਾਹੁ ਕਹੇ ਕੋ ਦਸ ਗੁਨ ਰਿਸ ਕੋ। ਲਿਖ੍ਯੋ ਕਠੋਰ ਹੁਕਮ ਗੁਰੁ ਦਿਸ਼ਿ ਕੋ। ਅਹਿਦੀ ਕੋ ਨਿਜ ਨਿਕਟ ਹਕਾਰਾ।‘ਤਿਨ ਪਰ ਸ਼ਾਹੁ ਕ੍ਰੋਧ ਬਡ ਧਾਰਾ॥੩੫॥ਗਹੁ ਪਰਵਾਨਾ ਗਮਨਹੁ ਤੂਰਨ।ਲਿਹੁ ਦੁਇ ਲਾਖ ਦਰਬ ਕਰਿ ਪੂਰਨ।ਜਾਹੁ ਸੁਧਾਸਰ ਹੁਕਮ ਪ੍ਰਕਾਸ਼ੈ[੬]।ਲਿਹੁ ਸਭਿ ਕਿਛੁ ਸ਼੍ਰੀ ਅਰਜਨ ਪਾਸ॥੩੬॥ ਮ੍ਰਿਦੁਲ ਨ ਬੋਲਹੁ ਲਿਹੁ ਧਨ ਰਾਸੀ। ਨਾਂਹਿ ਤ ਆਨਹੁ ਹਜ਼ਰਤ ਪਾਸੀ।ਅਪਰ ਕਿਸੂ ਕੋ ਕਹ੍ਯੋ ਨ ਕੀਜਹਿ। ਗਮਨਹੁ ਅਬਹਿ ਛਿੱਪ੍ਰ ਪਹੁੰਚੀਜਹਿ’॥੩੭॥ ਚਲ੍ਯੋ ਅਹਿਦੀਆ ਲੇ ਪਰਵਾਨਾ।ਪੀਛੇ ਉਰ ਪਾਪੀ ਹਰਖਾਨਾ।–ਬੀਤੇ ਸੰਮਤ ਕਰਤਿ ਉਪਾਊ। ਅਬਿ ਕੁਛ ਲਾਗ੍ਯੋ ਮੇਰੋ ਦਾਊ॥੩੮॥ਲੈਹੌਂ ਬੈਰ ਦੇਉਂ ਦੁਖ ਤੈਸੇ।ਸੁਤਾ ਮੋਹਿ ਸੰਕਟਿ ਲਹਿ ਜੈਸੇ। ਨਹਿਂ ਭੈ ਕਰ੍ਯੋ ਨ ਲੀਨਿ ਸਗਾਈ। ਕਰਿ ਬਿਨਤੀ ਭੀ ਮੋਹਿ ਪਠਾਈ ॥੩੯॥ ਲਾਗੀ ਅਬਿ ਲੌ ਆਂਚਿ ਨ ਤਾਤੀ[੭]। ਬੈਠਿ ਰਹ੍ਯੋ ਕਰਿ ਸੀਤਲ ਛਾਤੀ। ਕਰਤਿ ਰਹ੍ਯੋ ਮੈਂ ਜਤਨ ਘਨੇਰੇ। ਤਿਨ ਕੇ ਸੰਕਟ ਗਯੋ ਨ ਨੇਰੇ ॥੪੦॥ ਖੱਤ੍ਰਿਨਿ ਬਿਖੈ ਲਾਜ ਮਮ ਖੋਈ।ਕਰਨਿ ਸਬੰਧ[੮] ਨ ਮਾਨੈ ਕੋਈ। ਸੋ ਬਦਲਾ ਅਬਿ ਆਵਹਿ ਹਾਥ–।ਇਮ ਬਿਚਾਰਿ ਮੂਰਖ ਮੁਦ ਸਾਥ॥੪੧॥ਨਹਿਂ ਜਾਨਹਿ ਨਿਜ ਮੂਲ ਉਪਾਰਤਿ[੯]।ਅਪਨੇ ਪਰ ਅਪਦਾ ਬਡ

[੧]ਜਿਤਨਾ ਕੁ ਦੇਣਾ ਹੈ (ਦੰਡ) ਹੁਕਮਨਾਮਾ ਲਿਖੋ। [੨]ਵਿਚਲਾ ਦਿੱਤੀ। [੩]ਯੋਗ ਅਯੋਗ। [੪]ਤਿਨ੍ਹਾਂ ਪਾਸੋਂ। [੫]ਅਯੋਗ। [੬]ਕਹੋ। [੭]ਹੁਣ ਤੱਕ ਤਾਂ ਤੱਤਾ ਸੇਕ ਬੀ ਨਹੀਂ ਸੀ ਲੱਗਾ। [੮]ਸਾਕ ਕਰਨਾ। [੯]ਆਪਣੀ ਜੜ੍ਹ ਉਖਾੜਦਾ ਹੈ।

ਭਾਰਤਿ।ਇਸ ਜਗ ਮਹਿਂ ਦੁਖ ਭੋਗ ਘਨੇਰੇ।ਮਰਨੈ ਕੁਮ੍ਰਿਤੁ[1] ਅੰਤ ਕੀ ਬੇਰੇ ॥੪੨॥—ਨਰਕ ਅਗਾਰੀ ਪਰਿਹੌਂ ਜਾਇ—। ਨਹਿਂ ਅਨਜਾਨ ਲਖਹਿ ਇਸ ਭਾਇ।ਚਲਿ ਲਹੌਰ ਤੇ ਅਹਿਦੀ ਆਯੋ।ਹੋਨਿਕ੍ਰੂਰ[2] ਜੋ ਦੁਸ਼ਟ ਸਿਖਾਯੋ॥੪੩॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰਾਸੇ 'ਚੰਦੂ' ਪ੍ਰਸੰਗ ਬਰਨਨੰ ਨਾਮ ਉਨਤ੍ਰਿੰਸਤੀ ਅੰਸੂ ॥੨੯॥

੩੦. [ਸ੍ਰੀ ਹਰਿ ਗੋਬਿੰਦ ਜੀ ਪ੍ਰਤਿ ਉਪਦੇਸ਼]।

ਦੋਹਰਾ ॥ ਸ੍ਰੀ ਅਰਜਨ ਬੈਠਯੋ ਗੁਰੂ ਜਾਨਤਿ ਸਕਲ ਪ੍ਰਸੰਗ । ਅਹਿਦੀ ਨੇ ਦਰਸ਼ਨ ਕਰਯੋ ਭਾ ਸੀਤਲ ਸਰਬੰਗ ॥੧॥ ਚੌਪਈ॥ ਲਿਖਯੋ ਸ਼ਾਹੁ ਕੋ ਧਰਯੋ ਅਗਾਰੀ । ਆਪ ਜੋਰਿ ਕਰ ਬੰਦਨ ਧਾਰੀ। ਦੇਖਿ ਸਰੂਪ ਸੁਭਾਵ ਬਿਸਾਲਾ। ਅਹਿਦੀ ਕਹਿ ਨ ਸਕਯੋ ਤਿਸ ਕਾਲਾ ॥੨॥ ਸਤਿਗੁਰੁ ਸੋ ਖੁਲ੍ਹਾਇ ਪਠਵਾਯੋ[3] ।—ਧਨ ਦੋਇ ਲਾਖ ਸ਼ਾਹੁ ਮੰਗਵਾਯੋ—। ਸ੍ਰੀ ਅਰਜਨ ਸਗਰੀ ਬਿਧਿ ਜਾਨੀ।ਤਜਨੀ ਕਾਯਾਂ ਅਪਨਿ ਪਛਾਨੀ॥੩॥ਅਰੁ ਕਾਨ੍ਹੇ ਕੋ ਸ੍ਰਾਪ ਚਿਤਾਰਾ*। —ਤਜਨਿ ਦੇਹ ਦੁਖ ਪਾਇ ਉਚਾਰਾ।ਹਰਿਗੋਬਿੰਦ ਗੁਰੁ ਬੈਠੇ ਭਾਰੀ । ਮਹਾਂਬਲੀ ਬਡ ਸ਼ਸਤ੍ਰਨ ਧਾਰੀ ॥੪॥ ਸੋ ਸਭਿ ਬਦਲਾ ਲੇਗੁ ਹਮਾਰਾ† । ਭੂਤ ਭਵਿੱਖਤ ਭਲੇ ਨਿਰਧਾਰ।—ਏਕ ਦਿਵਸ ਅਹਿਦੀਕੋ ਰਾਖਯੋ।ਭਈ ਪ੍ਰਾਤ ਤੋ ਸਤਿਗੁਰ ਭਾਖਯੋ॥੫॥'ਹਮ ਲਹੌਰ ਆਪਹਿ ਚਲਿ ਜੈਹੈਂ।ਕਹੈਸ਼ਾਹੁ ਜੋ ਤਿਹਠਾਂ ਦੇਹੈਂ'। ਇਸ ਪ੍ਰਕਾਰ ਕਹਿ ਅਹਿਦੀ ਤੋਰਯੋ । ਬੋਲਯੋ ਸੋ ਨਿਜ ਹਾਥਨਿ ਜੋਰਯੋ॥੬॥'ਜਿਮ ਚੰਦੂ ਨੇ ਮੋਹਿ ਪਠਾਯੋ । ਖੋਟੇ ਬਾਕਨਿ ਕੋ ਸਿਖਰਾਯੋ। ਸੋ ਮੁਝ ਤੇ ਕਿਮ ਨਹਿਂ ਬਨਿ ਆਵਹਿ। ਤੁਮ ਦਰਸ਼ਨ ਤੇ ਕੁਮਤਿ ਨਸਾਵਹਿ॥੭॥ਅਪਨੋ ਸੇਵਕ ਮੋਹਿ ਪਛਾਨੋ।ਰਾਵਰਿ ਕਹਹੁ ਤਥਾ ਅਬਿ ਮਾਨੋਂ।ਪੁਰਸ਼ੋਤੁਮ ਤੁਮ ਸਭਿ ਕੁਛ ਜਾਨਹੁ।ਤਉ ਦਿਵਾਨ ਦੁਸ਼ਟ ਪਹਿਚਾਨਹੁ॥੮॥ਤਿਸ ਤੇ ਆਪ ਰਹਹੁ ਸਵਧਾਨ।ਸਕਲ ਕੁਕਰਮ ਤਿਸੀ ਨੇ ਠਾਨਾ'। ਅਹਿਦੀ ਤੇ ਸੁਨਿ ਕੀਨਿ ਪਸਾਉ[4]।ਸਤਿਗੁਰੁ ਦੇਤਿ ਭਏ ਸਿਰੁਪਾਉ॥੯॥ 'ਬੁਰਾ ਜੁ ਹੋਇ ਆਪ ਗਰ ਜੈ ਹੈ। ਮੂਰਖ ਅਪਨੋ ਕੀਤਾ ਪੈ ਹੈ'। ਰੁਖਸਦ ਹੁਇ ਅਹਿਦੀ ਚਲਿ ਗਯੋ।ਚੰਦੂ ਸੰਗ ਕਹਤਿ ਇਮ ਭਯੋ॥ ੧੦ ॥ 'ਮੁਝ ਕੋ ਕਹਯੋ—ਆਪ ਹਮ ਆਵੈਂ।ਕਹੈਂ ਸ਼ਾਹੁ ਸੋ ਤਹਾਂ ਦਿਵਾਵੈਂ—'।ਸੁਨਿ ਖੁਨਸਯੋ ਗਮਨਯੋ ਢਿਗ

---

[1]ਖੋਟੀ ਮੌਤ। [2]ਕਰੜਾ ਹੋਣ (ਲਈ)। [3]ਉਹ ਚਿੱਠੀ ਪੜ੍ਹਾਈ। [4]ਕ੍ਰਿਪਾ।

*ਦੇਖੋ ਰਾਸ ਤੀਸਰੀ ਅੰਸੂ ੪੬ ਅੰਕ ੩੪ ਦੀ ਹੇਠਲੀ ਟੂਕ।

†ਦੇਖੋ ਇਸੇ ਰਾਸ ਦੇ ਅੰਸੂ ੩੭ ਅੰਕ ੨੮ ਦੀ ਹੇਠਲੀ ਟੂਕ।

ਸ਼ਾਹੂ। ਕਰੀ ਅਰਜ਼ ਹ੍ਵੈ ਕਰਿ ਤਬਿ ਪਾਹੂ॥੧੧॥ 'ਨਹਿਂ ਸ਼੍ਰੀ ਅਰਜਨ ਧਨ ਕੁਛ ਦੀਨੋ। ਅਹਿਦੀ ਸੰਗ ਨ ਆਵਨਿ ਕੀਨੋ। ਨਹੀਂ ਤ੍ਰਾਸ ਕੁਛ ਕਰਹਿ ਤੁਮਾਰੋ।ਹੁਕਮ ਅਦੂਲੀ[1] ਗੁਨਹਿ ਬਿਚਾਰੋ' ॥੧੨॥ ਸ਼ਾਹੁ ਕਹ੍ਯੋ 'ਕੋ ਦਿਨ ਕਰਿ ਮੌਨ।ਨਹਿਂ ਨ ਪਠਾਵਹੁ ਮਾਨਵ ਕੌਨ[2]।ਜੇ ਨਹਿਂ ਆਵਹਿ ਤਹਿਂ ਟਿਕ ਰਹੈ।ਪੁਨ ਤਿਉਂ ਕਰਹਿਂ ਜਥਾ ਤੂੰ ਕਹੈਂ' ॥੧੩॥ ਇਤ ਸ਼੍ਰੀ ਅਰਜਨ ਸਭਿ ਕੁਛ ਜਾਨਾਂ। ਹੋਨਿਹਾਰ[3] ਬਿਰਤੰਤ ਮਹਾਨਾ।ਸ਼੍ਰੀ ਗੁਰ ਗ੍ਰਿੰਥ ਥਿਰਹਿ ਜਹਿਂ ਰੈਨ। ਤਿਸ ਥਲ ਬੈਠੇ ਜਿਨ ਕਿਹ ਭੈ ਨ[4] ॥੧੪॥ ਬ੍ਰਿੱਧ ਆਪਨੇ ਨਿਕਟ ਹਕਾਰਾ।ਸਾਦਰ ਭਾਖਤਿ ਤਹਿਂ ਬੈਠਾਰਾ।ਪੁਨ ਸ਼੍ਰੀ ਹਰਗੋਬਿੰਦ ਬੁਲਾਇ।ਯੁਤ ਗੁਰਦਾਸ ਤਹਾਂ ਚਲਿ ਆਇ॥੧੫॥ਕਰੇ ਪ੍ਰੇਮ ਕੋ ਨਿਕਟ ਬਿਠਾਇ। 'ਅਬਿ ਸਮਰੱਥ ਹੁਏ ਬਲ ਪਾਇ। ਕਹੁ ਬੁੱਢਾ ਸ਼੍ਰੀ ਹਰਿਗੋਬਿੰਦ। ਅਬਿ ਸੁਚੇਤ ਭੇ ਬਲੀ ਬਿਲੰਦ॥੧੬॥ਗੁਰਤਾ ਗਾਦੀ ਬੈਠਨਿ ਜੋਗ।ਦੈ ਹੈਂ ਦੁਸ਼ਟਨਿ ਕੇ ਘਰ ਸੋਗ'। ਬ੍ਰਿਧ ਨੇ ਭਾਖ੍ਯੋ 'ਜੋਤਿ ਤੁਮਾਰੀ। ਹੋਹਿ ਬੀਰ ਬਡ ਆਯੁਧ ਧਾਰੀ॥੧੭॥ਛੱਤ੍ਰਿਨਿ ਕੁਲ ਤੇ ਯੁੱਧ ਹਟ੍ਯੋ ਹੈ। ਰਾਜ ਤੇਜ ਕੋ ਸਕਲ ਘਟ੍ਯੋ ਹੈ। ਭਏ ਮਲੇਛ ਸ਼ਸਤ੍ਰ ਬਡ ਧਾਰੀ।ਕਰਹਿਂ[5] ਰਾਜ ਬਡ ਅਵਿਨੀ ਸਾਰੀ ॥੧੮॥ ਛੱਤ੍ਰੀ ਧਰਮ ਦੁਰ੍ਯੋ ਨਹਿਂ ਭਾਸੈ। ਤਖਤ ਬੈਠਿ ਅਬਿ ਇਹੀ ਪ੍ਰਕਾਸ਼ੈਂ।ਜਬਿ ਕਬਿ ਜਗਤਿ ਬਿਪਰਜੈ ਹੋਤਿ।ਤੁਮ ਤਨ ਧਾਰਿ ਮ੍ਰਿਜਾਦ ਉਦੋਤਿ[6]' ॥੧੯॥ ਹਾਥ ਜੋਰਿ ਗੁਰੁਦਾਸ ਉਚਾਰੀ। 'ਬ੍ਰਿਧ ਸਾਹਿਬ ਕੀ ਉਪਮਾ ਭਾਰੀ। ਸ਼੍ਰੀ ਨਾਨਕ ਆਦਿਕ ਗੁਰੁ ਸਾਰੇ।ਬਹੁ ਸੇਵਾ ਕਰਿ ਸਦਾ ਨਿਹਾਰੇ॥੨੦॥ਸਫਲਹਿ ਬਾਕ ਸ੍ਰਾਪ ਅਰੁ ਬਰ ਕੋ।ਬ੍ਰਹਮ ਅਸਤ੍ਰ[7] ਜਿਮ ਰਘੁਵਰ ਕਰ ਕੋ। ਭਏ ਪੰਚ ਗੁਰ ਸ਼ਾਂਤਿ ਸਰੂਪ।ਕਰਿ ਗੁਰੁ ਸਿੱਖੀ ਰੀਤ ਅਨੂਪ॥੨੧॥ਦੇਤਿ ਰਹੇ ਸ਼ਾਂਤੀ ਉਪਦੇਸ਼। ਜਿਹ ਸੁਨਿ ਕਾਟੇ ਸਕਲ ਕਲੇਸ਼। ਅਬਿ ਸਾਯੁਧ[8] ਗੁਰ ਹੋਵਹਿ ਆਪ। ਸਿਖ ਸਾਯੁਧ ਕਰਿ ਬਧਹਿ ਪ੍ਰਤਾਪ॥੨੨॥ਅਪਰ ਕੌਨ ਸਮਰਥ ਇਸ ਕਾਲ। ਸਭਿ ਛਿਤ ਤੁਰਕਨਿ ਰਾਜ ਬਿਸਾਲ।ਰਾਵਰ ਤੇ ਹੋਵੈ ਬਿਧਿ ਸਾਰੀ। ਹਿੰਦੂ ਧਰਮ ਕੋ ਲੇਹੁ ਉਬਾਰੀ' ॥ ੨੩ ॥ ਇਮ ਸੁਨਿ ਕਰਿ ਸ਼੍ਰੀ ਅਰਜਨ ਨਾਥ।ਉਠੇ ਹਰਖ ਲੇ ਸ਼੍ਰੀ ਫਲ[9] ਹਾਥ।ਕਰੀ ਪ੍ਰਦੱਛਨ ਫਿਰਿ ਕਰਿ ਤੀਨ।

---

[1]ਹੁਕਮ ਮੋੜ ਦੇਣ ਦਾ। [2]ਕੋਈ। [3]ਭਾਵੀ ਦਾ। [4]ਕਿਸੇ ਦਾ ਡਰ ਨਹੀਂ। [5]ਕਰਦੇ ਹਨ। [6]ਪ੍ਰਗਟ ਕਰਦੇ ਹੋ। [7]ਚਲਾਕੇ ਸੁੱਟਿਆ ਜਾਣ ਵਾਲਾ ਸ਼ਸਤ੍ਰ। (ਅ) ਜੋ ਮੰਤ੍ਰ ਪੜ੍ਹਕੇ ਚਲਾਉਂਦੇ ਸਨ ਤੇ ਜੋ ਖਾਲੀ ਨਹੀਂ ਸੀ ਜਾਂਦਾ। [8]ਸ਼ਸਤ੍ਰ ਧਾਰਨ ਵਾਲਾ। [9]ਨਲੇਰ।

ਜਗਤ ਰੀਤਿ ਸੁਤ ਲਖਯੋ ਪ੍ਰਬੀਨ॥੨੪॥ਪੈਸੇ ਪੰਚ ਸਹਿਤ ਨਲੀਏਰ।ਧਰਿ ਆਗੈ ਨੰਮ੍ਰੇ ਤਿਸ ਬੇਰ। ਕਰੀ ਸਥਾਪਨਿ ਅਪਨੀ ਜੋਤਿ। ਸਭਿ ਗੁਰੁ ਕੇ ਆਈ ਜਿਮ ਹੋਤਿ॥੨੫॥ਬੁੱਢੇ ਸਾਹਿਬ ਸੋਂ ਫੁਰਮਾਯੋ।'ਕਰਹੁ ਸੁਆਪ ਕਰਤਿ ਜਿਮ ਆਯੋ। ਸ਼ੁਭ ਅਧਿਕਾਰ ਕਰਨਿ ਕੋ ਨੀਕਾ। ਉਠਹੁ ਮੁਦਤਿ ਦਿਹੁ ਅਬਿ ਸੁਠ ਟੀਕਾ[1]'॥੨੬॥ਹਾਥ ਜੋਰਿ ਤਬਿ ਬ੍ਰਿੱਧ ਬਖਾਨਯੋ।'ਇਹ ਕਯਾ ਕੌਤਕ ਰਾਵਰ ਠਾਨਯੋ ?। ਜਬਿ ਹੂੰ ਹੋਤਿ ਦੇਹ ਕੋ ਅੰਤ।ਤਬਿ ਇਸ ਬਿਧਿ ਕੋ ਹੋਇ ਬ੍ਰਿਤੰਤ॥੨੭॥ਤਨ ਰਾਵਰ ਕੋ ਪਰਉਪਕਾਰੀ।ਜੰਬੂ ਦੀਪ ਦੀਪ ਅਨੁਹਾਰੀ[2]। ਜਹਿ ਕਹਿੰ ਕਰਯੋ ਪ੍ਰਕਾਸ਼ ਬਿਸਾਲਾ। ਮਗ ਸ਼ੁਭ ਗਮਨਯੋ ਜਗਤ ਸੁਖਾਲਾ ॥੨੮॥ ਦਰਸ਼ਨ ਕੀ ਸੰਗਤਿ ਹੈ ਪਯਾਸੀ। ਦੂਰਿ ਦੂਰਿ ਤੇ ਆਇਂ ਹੁਲਾਸੀ। ਭਗਤਨਿ ਭੂਰ ਭਾਵਨਾ ਜਾਨਿ। ਆਪ ਸਰੀਰ ਧਰਹੁ ਜਗ ਆਨਿ[3] ॥੨੯॥ ਔਚਕ ਅਚਰਜ ਕਹਾਂ ਜਨਾਵਹੁ?।ਥਿਰੋ ਆਪ ਸ਼ੁਭ ਦਰਸ ਦਿਖਾਵਹੁ।ਸਭਿ ਕੋ ਅਹੋ ਆਸਰਾ ਭਾਰੇ। ਚਹੁੰਦਿਸ਼ਿ ਦੁਸ਼ਟ ਦੁਸ਼ਟਤਾ ਧਾਰੇ ॥੩੦॥ ਬਨਹੁ ਸਹਾਇਕ ਸੰਗਤਿ ਕੇਰੇ।ਸਰਬ ਪ੍ਰਵਾਰ ਤੁਮਹੁ ਦਿਸ਼ਿ ਹੇਰੇ। ਬਿਗਰਯੋ ਸ਼ਾਹੁ ਚੰਦੂ ਕੇ ਕਹੇ।ਸਭਿ ਬਿਧਿ ਕੇ ਤੁਮ ਜਾਨਤਿ ਅਹੇ' ॥ ੩੧॥ ਸੁਨਿ ਕਰਿ ਸ੍ਰੀ ਅਰਜਨ ਗੁਰ ਕਹਯੋ। 'ਅੰਤ ਸਮਾਂ ਹਮ ਅਪਨੋ ਲਹਯੋ।ਤਯਾਗਨਿ ਮੈਂ ਕਾਰਨ ਹੈਂ ਘਨੇ। ਗਏ ਲਹੌਰ ਸਰਬ ਹੀ ਬਨੇ[4]॥੩੨॥ਕਾਨ੍ਹੇ ਗਯਾਨੀ ਦੀਨੋ ਸ੍ਰਾਪ*। ਬ੍ਰਿਥਾ ਨ ਹੋਇ ਬਿਚਾਰਹੁ ਆਪਿ।ਸ਼ੱਤ੍ਰੁਨਿ ਕਰ ਤੇ ਛੁਟਨਿ ਸਰੀਰ।ਪਲਟੋ ਲੇ ਹਰਿ ਗੋਬਿੰਦ ਧੀਰ॥ ੩੩ ॥ ਸਭਿ ਸੰਗਤਿ ਕੋ ਗੁਰ ਇਹ ਭਾਰੀ। ਹੋਇ ਸਹਾਇਕ ਪਰਉਪਕਾਰੀ। ਕਾਜ ਸੁਧਾਰਹਿੰਗੇ ਇਹ ਘਨੋ। ਧਰਯੋ ਸਰੀਰ ਬੀਰ ਰਸ ਮਨੋ॥੩੪॥ਹਮ ਤਜਿ ਹੈਂ ਤੁਰਕਨਿ ਸਿਰ ਹੋਇ। ਇਨ ਕੋ ਤੇਜ ਕਰਹਿ ਛੈ ਜੋਇ। ਸ੍ਰੀ ਨਾਨਕ ਕੀ ਬਖਸ਼ਿਸ਼ ਭਾਰੀ।ਸਿਰ ਦੇ ਕਰਿ ਛੀਨਹਿੰ ਹਮ ਸਾਰੀ ॥੩੫॥ ਅਪਰ ਉਪਾਉ ਲੇਨਿ ਕੋ ਨਾਂਹੀ। ਜਿਸ ਤੇ ਤੁਰਕ ਤੇਜ ਬਿਨਸਾਹੀ।ਅਪਰ ਸਕਲ ਕਾਰਜ ਬਨਿ ਰਹੇ।ਕੌਨ†ਬਿਘਨ ਕਰਿ ਸਕਿਹੈ ਲਹੇ ॥੩੬॥ ਦੀਨ ਦੁਨੀ ਕੋ ਰਾਜ ਬਿਸਾਲਾ। ਸ੍ਰੀ ਸਤਿਗੁਰ ਕੇ ਘਰ ਸਭਿ ਕਾਲਾ।ਪਰਮੇਸ਼ੁਰ ਕੀ ਬਖਸ਼ਿਸ਼ ਮਹਾਂ।ਕੌਨ ਮਿਟਾਇ ਸਕੈ ਬਲ ਕਹਾਂ॥੩੭॥ ਹੁਇ ਪ੍ਰਸੰਨ ਸ੍ਰੀ ਨਾਨਕ ਦੀਨਿ।–ਤਿਨ ਝੂਠੇ ਕਰਿ ਲੇਂ ਹਮ ਛੀਨ'।ਇੱਤਯਾ-

[1]ਸੁੰਦਰ ਤਿਲਕ। [2]ਭਾਰਥ ਖੰਡ ਵਿਖੇ ਦੀਵੇ ਸਦਰਸ਼। [3]ਆਕੇ। [4]ਬਣ ਜਾਣਗੇ।

*ਦੇਖੋ ਰਾਸ ਤੀਜੀ ਅੰਸੂ ੪੬ ਅੰਕ ੩੪ ਦੀ ਹੇਠਲੀ ਟੂਕ। †ਪਾਃ–ਕੋ ਨ।

ਵਿਕ ਸਤਿਗੁਰ ਸਮੁਝਾਇ।ਨਿਜ ਗਾਦੀ ਪਰ ਪੁੱਤ੍ਰ ਬਿਠਾਇ॥੩੮॥ਦੋਹਰਾ॥ ਸਾਹਿਬ ਬੁੱਢੇ ਨਿਕਟ ਤੇ ਕੁੰਕਮ[1]ਮਲਯ[2]ਘਸਾਇ।ਸੋਢੀ ਕੁਲ ਕੇ ਤਿਲਕ ਕੈ[3]ਦੀਨੋ ਤਿਲਕ ਕਰਾਇ॥੩੯॥ਚੌਪਈ॥[4] 'ਰਾਖਹੁ ਗੋਪ[5] ਨਹੀਂ, ਬਿਦਤਾ-ਵਹੁ। ਸਭਿ ਸੰਗਤਿ ਕੋ ਸੀਖ ਸਿਖਾਵਹੁ।ਮਮ ਸਰੂਪ ਸ਼੍ਰੀ ਹਰਿ ਗੋਬਿੰਦ।ਜੋ ਜਾਨਹਿ ਸੋ ਲਹੈ ਅਨੰਦ॥੪੦॥ਹਮ ਪੀਛੈ ਦੀਜਹਿ ਦਸਤਾਰੁ। ਸਭਿ ਬਿਧਿ ਕਰਹੁ ਮੰਗਲਾਚਾਰ।ਸਰਬ ਮਸੰਦ ਸੰਗਤਾਂ ਸਾਰੀ। ਲਿਖਹੁਹੁਕਮ ਸਭਿਲੇਹੁ ਹਕਾਰੀ॥੪੧॥ਚਹੁੰਦਿਸ਼ਿ ਕੋ ਹੁਇ ਮੇਲ ਬਿਸਾਲਾ। ਤਖਤ ਬਿਠਾਵਹੁ ਤੁਮ ਤਿਸਕਾਲਾ।ਨਿਜ[6]ਸਹਾਇਤਾ ਚਾਹਿ ਨ ਧਰੈਂ। ਅਪਰਨਿ ਕੀ ਸਹਾਇ ਇਹ ਕਰੈਂ[7]॥੪੨॥ਇਮ ਕਹਿ ਪਰਮ ਪ੍ਰੇਮ ਕੋ ਕਰਿ ਮਨ। ਸਿੱਖ੍ਯਾ ਦੇਤਿ ਭਏ ਸ਼੍ਰੀ ਅਰਜਨ। 'ਅਹੰ ਬ੍ਰਹਮ'ਇਹ ਬ੍ਰਿਤਿ ਉਰ ਧਰਨੀ।ਵਹਿਰਕ੍ਰਿਆ ਭਗਤਨਿ ਕੀ[7] ਕਰਨੀ॥੪੩॥ਇਹ ਉਪਦੇਸ਼ ਆਦਿ ਗੁਰੁ ਘਰੁ ਕੋ। ਲੇਹੁ ਆਪਿ ਨਿਤ ਸ਼ਰਧਾ ਧਰਿ ਕੋ। ਸ਼੍ਰੀ ਨਾਨਕ ਕੋ ਆਸ਼ੈ ਮਹਾਂ।ਗੁਰੁ ਅੰਗਦ ਸੰਗ ਜੈਸੇ ਕਹਾ। ੪੪॥ ਅਜਰ ਜਰਨਿ ਧੀਰਜ ਉਰ ਧਰਨੀ। ਅਜ਼ਮਤਿ ਬਿਦਤਿ ਨ ਕਾਹੂ ਕਰਨੀ। ਰਾਮ ਚੰਦ ਸ਼੍ਰੀ ਕ੍ਰਿਸ਼ਨ ਮਹਾਨੇ। ਬਲ ਕਰਿ ਰਣ ਆਦਿਕ ਬਿਧਿ ਠਾਨੇ॥੪੫॥ਨਹੀਂ ਸ਼ਕਤਿ ਕਰਿ ਕਹੂੰ ਦਿਖਾਈ*।ਸਹੀਸਰਬਹੀਜਿਮਬਨਿ ਆਈ। ਤਿਸੀ ਪ੍ਰਕਾਰ ਆਪਿ ਮਤਿ ਧਰੋ। ਨਹੀਂ ਬਿਦਤਿ ਅਜ਼ਮਤਿ ਕਿਤ ਕਰੋ॥੪੬॥ ਪੁਰਸ਼ੋਤਮ ਜੋ ਕਰਿ ਦਿਖਰਾਈ। ਹਿਤ ਮ੍ਰਿਜਾਦ ਕੈ ਜਨਨਿ ਸਹਾਈ[8]। ਬਿਨਾ ਕਰੇ ਬਿਗਰਹਿ ਜਹਿੰਬਾਤ। ਤਹਾਂ ਕਰਤਿਹੈਂ ਨਿਤ ਚਿਤ ਸ਼ਾਂਤ॥੪੭॥ਜਾਮ ਜਾਮਨੀਕਰਹੁ ਸ਼ਨਾਨ।ਸੁਨਹੁ ਕੀਰਤਨਪ੍ਰਭੁਨਿਰਬਾਨ। ਜਗਤ ਅਨਿੱਤ, ਆਤਮਾ ਸਾਚੋ।ਇਮ ਲਖਿ ਸਤਿ ਸੰਗਤਿ ਚਿਤ ਰਾਚੋ'॥ ੪੮॥ਪਾਇ ਪੁੱਤ੍ਰ ਕੋ ਗੁਰੁ ਬਹਾਨਾ।ਸੰਗਤਿ ਕੋ ਉਪਦੇਸ਼ ਬਖਾਨਾ।ਸ਼੍ਰੀ ਹਰਿ ਗੋਵਿੰਦ ਸੁਨਿ ਕਰਿ ਧੀਰ। ਕਮਲ ਬਿਲੋਚਨ ਮੋਚਯੋ ਨੀਰ॥੪੯॥'ਕਾਰਨ ਕਰਨ ਆਪ ਤੁਮ ਸਾਰੇ। ਅਸਮੰਜਸ[9] ਹਮ ਸਮੁਖ ਉਚਾਰੇ'। ਇਮ ਕਹਿ ਨੰਮ੍ਰਿ ਗ੍ਰੀਵ ਕਰਿ ਥਿਰੇ। ਧੀਰ ਸੁਬੱਗਯ ਜਾਨਿ ਚੁਪ ਕਰੇ॥ ੫੦॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰਾਸੇ 'ਸ਼੍ਰੀ ਹਰਿਗੋਵਿੰਦ ਜੀ ਪਿਤ ਸੋਂ ਸੰਬਾਦ' ਬਰਨਨੰ ਨਾਮ ਤ੍ਰਿੰਸਤੀ ਅੰਸੂ॥ ੩੦॥

---

[1]ਕੇਸਰ। [2]ਚੰਦਨ। [3]ਭਾਵ ਸ਼੍ਰੀ ਹਰਿ ਗੋਬਿੰਦ ਜੀ ਨੂੰ। [4]ਸ਼੍ਰੀ ਗੁਰੂ ਅਰਜਨ ਦੇਵ ਜੀ ਦਾ ਫੁਰਮਾਨ ਹੈ। [5]ਗੁਪਤ। [6]ਆਪ (ਸ਼੍ਰੀ ਹਰਿਗੋਬਿੰਦ ਜੀ)। [7]ਭਗਤਾਂ ਦੀ। [8]ਦਾਸਾਂ ਦੀ ਸਹਾ-ਇਤਾ (ਲਈ)। [9]ਅਣਬਣ ਹੈ। *ਇਹ ਦ੍ਰਿਸ਼ਟਾਂਤ ਮਾਤ੍ਰ ਕਹਿ ਰਹੇ ਹਨ।

੩੧. [ਸ੍ਰੀ ਗੁਰ ਅਰਜਨ ਜੀ ਲਾਹੌਰ ਆਏ]।

ਦੋਹਰਾ ॥ ਇਸ ਬ੍ਰਿਤ ਕੋ ਕਰਿ ਸਤਿਗੁਰੂ ਨਿਸਾ ਭਈ ਪੁਨ ਆਇ।
ਗ੍ਰਿਹ ਪ੍ਰਵੇਸ਼ ਭੋਜਨ ਕਰਯੋ ਬੈਠਿ ਪ੍ਰਯੰਕ ਸੁਹਾਇ ॥੧॥ ਚੌਪਈ ॥
ਸਾਧ੍ਵੀ[1] ਸ੍ਰੀ ਗੰਗਾ ਚਲਿ ਆਈ। ਬੈਠੀ ਨਿਕਟ ਦੇਖਿ ਸੁਖ ਪਾਈ। ਸ੍ਰੀ ਅਰਜਨ ਸਭਿ ਬਾਤਿ ਬਖਾਨੀ।'ਸੁਨਹੁ ਆਰਜੇ! ਭਾਗ ਮਹਾਨੀ[2] ॥੨॥ ਲਵਪੁਰਿ ਕੋ ਹਮ ਕਰਹਿਂ ਪਯਾਨਾ।ਹੋਤਿ ਪ੍ਰਾਤਿ ਨਿਸ਼ਚੈ ਹੁਇ ਜਾਨਾ।ਤਵ ਸੁਤ ਸਕਲ ਕਾਜ ਕੋ ਸਜਾਨਾ।ਧਰਮ ਧੀਰ ਧਰਿ ਧਰਨਿ ਸਮਾਨਾ[3] ॥੩॥ ਨਹੀਂ ਸਦੀਵ ਦੇਹਿ ਇਹ ਰਹੈ। ਯਾਂਤੇ ਸੁਮਤਿ ਸਨੇਹ ਨ ਗਹੈ।ਜੋ ਉਪਜਹਿ ਸੋ ਬਿਨਸਨ ਹਾਰਿ। ਜੋ ਊਚੋ ਸੋ ਗਿਰਨੇ ਹਾਰਿ ॥੪॥ ਇਹੀ ਸਨਾਤਨ ਦੇਹਨਿ ਧਰਮ[4]। ਇਸ ਮਹਿਂ ਪ੍ਰੇਮ, ਮਹਾਂ ਉਰ ਭਰਮ[5]।ਦਿਨ ਪ੍ਰਤਿ ਸਭਿ ਪ੍ਰਨਾਸ਼[6] ਕੋ ਪਾਵਹਿ। ਪ੍ਰਥਮ ਸਮਾਨ ਸਥਿਰ ਨ ਰਹਾਵਹਿ ॥੫॥ ਬਾਲਿਕ ਤੇ ਹੋਵਹਿ ਸੁ ਕੁਮਾਰ। ਤਰੁਨ ਹੋਤਿ ਪੁਨ ਬ੍ਰਿਧਤਾ ਧਾਰਿ। ਜਰਾ ਗ੍ਰਸੇ ਤਬਿ ਜੀਰਣ ਹੋਇ। ਬਹੁਰੋ ਅੰਤ ਸਮੇਂ ਮਹਿਂ ਸੋਇ ॥੬॥ ਰਹੁ ਪੀਛੇ ਕੁਛ ਸ਼ੋਕ ਨ ਮਾਨਹੁ।ਦੇਹਿ ਆਪ ਤੇ ਤਜਨਿ ਨ ਠਾਨਹੁ[7]।ਪੁੱਤ੍ਰ ਸੁ ਪੌਤ੍ਰਨਿ ਕੋ ਸੁਖ ਦੇਖਿ। ਸ਼ਾਦੀ ਕਰਹੁ ਅਨੰਦ ਵਿਸ਼ੇਖਿ ॥੭॥ ਅੰਤ ਸਮਾਂ ਹੁਇ ਪ੍ਰਾਪਤਿ ਜਬੈ। ਹਮ ਸੋਂ ਮਿਲਹਿਂ ਆਨਿ ਤੂੰ ਤਬੈ'।ਗੰਗਾ ਸੁਨੀ ਅਚਾਨਕ ਬਾਤੀ।ਕਮਲ ਬਿਲੋਚਨ ਅੱਸ਼੍ਰ ਪਪਾਤੀ[8] ॥੮॥ 'ਇਹ ਕਿਮ ਕਹੀ ਆਪ ਨੇ ਬਾਨੀ। ਤੀਖਨ ਤਪਤਿ ਨਰਾਂਚ[9] ਸਮਾਨੀ। ਸ਼੍ਰੁਤ ਦਰ[10] ਪ੍ਰਵਿਸ਼ ਰਿਦਾ ਮਮ ਬੇਧਾ।ਕਸ ਉਪਦੇਸ਼ਤਿ ਹੋ ਅਸਮੇਧਾ[11] ॥੯॥ ਧੀਰੈਜ ਧਰਨਿ ਬਖਾਨਤਿ ਆਪੂ। ਜਿਸ ਤੇ ਇਸ ਜੁਤ ਆਨੰਦ ਖਾਪੂ[12]। ਸਭਿ ਸੰਗਤਿ ਕੇ ਸਹਤ ਕੁਟੰਬੂ।ਕਰਨਿ ਸ਼੍ਰੇਯ ਕੇ ਆਪ ਅਲੰਬੂ ॥੧੦॥ ਸ੍ਰੀ ਹਰਿ ਗੋਵਿੰਦ ਬਾਲਿਕ ਬੈਸਾ। ਆਪ ਜਨਾਵਤਿ ਕਾਰਜ ਕੈਸਾ। ਸ਼ੱਤ੍ਰ ਗਨ ਸਭਿ ਰਚਤਿ ਉਪਾਯਾ।ਨੀਠਿ ਨੀਠਿ ਨਿਜ ਨੰਦ ਬਚਾਯਾ ॥੧੧॥ ਤੁਮ ਸਮਰਥ ਹੋ ਨਿਤ ਸਭਿ ਭਾਂਤੀ।ਕੌਨ ਆਸਰੋ ਗਹਿਂ ਪਸ਼ਚਾਤੀ[13]।ਸ੍ਰੀ ਅਰਜਨ

[1]ਪਤਿਬ੍ਰਤਿ ਇਸਤ੍ਰੀ। [2]ਹੇ ਸ੍ਰੇਸਟੇ! ਵਡੇ ਭਾਗਾਂ ਵਾਲੀਏ! [3]ਧਰਮ ਤੇ ਧੀਰਜ ਨੂੰ ਧਾਰਨ ਵਾਲਾ ਹੈ ਧਰਤੀ ਦੇ ਸਮਾਨ। [4]ਆਦਿ ਤੋਂ ਸਰੀਰਾਂ ਦਾ ਧਰਮ। [5]ਰਿਦੇ ਵਿਚ (ਇਹ) ਬੜਾ ਭ੍ਰਮ ਹੈ। [6]ਘਟਣਾ, ਅੰਤ। [7]ਆਪਣੇ ਆਪ ਦੇਹ ਛੱਡਣਾ ਨਾ ਕਰੋ। [8]ਨੇਤ੍ਰ ਕਵਲਾਂ ਵਿਚੋਂ ਹੰਝੂ ਕੇਰੇ। [9]ਤੀਰ [ਸਿੰ:, ਨਾਰਾਚ=ਸਾਰਾ ਹੀ ਲੋਹੇ ਦਾ ਤੀਰ ਜਿਸ ਨੂੰ ਪੰਜ ਪੰਖ ਹੋਣ]। [10]ਕੰਨਾਂ ਦੇ ਦਰਵਾਜ਼ੇ ਬਾਣੀਂ। [11]ਬੁੱਧੀ ਨੂੰ (ਅ) ਹੇ ਰਖ੍ਯਕ! ਬਿਨਾਂ ਸਮੇਂ ਤੋਂ ਭਾਵ ਆਪ ਰਾਜ਼ੀ ਪ੍ਰਸੰਨ ਬੈਠੇ ਹੋ। [ਅ+ਸਮੇ=ਬਿਨਾ ਸਮੇਂ। ਧਾ=ਹੇ ਰੱਖ੍ਯਕ!] [12]ਜਿਸ ਕਰਕੇ ਇਸ ਧੀਰਜ ਸਮੇਤ ਅਨੰਦ ਭੀ ਨਾਸ਼ ਹੋਵੇ। [13]ਕੇਹੜਾ ਆਸਰਾ (ਆਪ ਦੇ) ਪਿਛੋਂ ਫੜਾਂਗੇ।

ਜੀ ਪੁਨਹ ਬਖਾਨੀ। 'ਅਸ ਚਿੰਤਾ ਕਿਮ ਚਿਤ ਮਹਿਂ ਠਾਨੀ? ॥੧੨॥ ਸ਼੍ਰੀ ਨਾਨਕ ਸਮਰਥ ਜਗ ਨਾਥਾ॥ਤਿਨਕੋਅਹੈ ਮਾਥਪਰ ਹਾਥਾ॥ਸਦਾਸਹਾਇਕ ਬਿਘਨ ਨਸਾਇਕ। ਪ੍ਰਭੁ ਬਿਸਾਲ ਗਨ ਸ਼ੱਤ੍ਰਨਿ ਘਾਯਕ ॥ ੧੩ ॥ ਗੁਰੁ ਪ੍ਰਤਾਪ ਤੇ ਹਰਿਗੋਵਿੰਦ॥ਦਿਨ ਪ੍ਰਤਿ ਇਨ ਕੋ ਤੇਜ ਬਿਲੰਦ। ਅਪਰ ਨ ਕੀਜਹਿ ਚਿਤ ਦੁਚਿਤਾਈ[1]॥ਬੇਦੀ ਕੁਲ ਕੇ ਤਿਲਕ[2] ਸਹਾਈ'॥੧੪॥ਅਸ ਕਹਿ ਕਰੁਨਾ ਧਾਰਿ ਨਿਹਾਰਾ॥ਉਰ ਗੰਗਾ ਕੇ ਮੋਹ ਬਿਦਾਰਾ। ਪ੍ਰਾਪਤਿ ਭਯੋ ਗਯਾਨ ਸੁਖਦਾਨੀ। ਜਿਮ ਪਤਿ ਕਹਤਿ ਸਾਚ ਤਿਮ ਜਾਨੀ॥੧੫॥ ਕਰ ਕੋ ਜੋਰਤਿ ਬਾਕ ਬਖਾਨਾ॥'ਜਥਾ ਜੋਗ ਸੋ ਕ੍ਰਿਤ ਤੁਮ ਠਾਨਾ॥ਤੁਮਤੇ ਅਪਰ ਨ ਸਯਾਨੋ ਕੋਈ॥ਜੋ ਆਛੀ ਹੁਇ ਭਾਖਹੁ ਸੋਈ'॥੧੬॥ਇਮ ਸੰਭਾਖਨਿ ਕਰਿ[3] ਗੁਰੁ ਸੋਇ॥ਜਾਮ ਜਾਮਨੀ ਜਾਗ੍ਰਨਿ ਹੋਇ॥ਕ੍ਰਿਆ ਸ਼ਨਾਨ ਆਦਿ ਸਭਿ ਕਰੀ॥ ਬਹੁਰ ਸਮਾਧਿ ਰੂਪ ਨਿਜ ਧਰੀ॥੧੭॥ਜਬਿ ਪ੍ਰਕਾਸ਼ ਰਵਿ ਕੋ ਹੁਇ ਆਯੋ। ਚਢਨਿ ਹੇਤੁ ਖਾਸਾ ਮੰਗਵਾਯੋ॥ਪੰਚ ਸਿੱਖਯ ਲੇ ਅਪਨੇ ਸਾਥ॥ਕੀਨਿ ਅਰੂ- ਢਨਿ ਅਰਜਨ ਨਾਥ॥੧੮॥ਬਿਧੀਆ,ਜੇਠਾ,ਲੰਙ[4], ਪਿਰਾਣਾ॥ ਪੰਚਮ ਪੈੜਾ ਸੰਗ ਪਯਾਣਾ॥ਅਪਰਸਰਬਦੇ ਧੀਰਜਤਯਾਗੇ:-ਰਹਹੁ ਸੁਧਾਸਰਸੇਵਾਲਾਗੇ॥ ੧੯॥ਸ਼੍ਰੀ ਹਰਿ ਗੋਵਿੰਦ ਸੰਗ ਸਦੀਵਾ॥ ਦਰਸ਼ਨ ਪਰਸਹੁ ਹਰਖ ਧਰੀਵਾ[5]'॥ ਨਿਕਸਿ ਗ੍ਰਹ ਤੇ ਸਤਿਗੁਰੁ ਆਇ॥ਗਏ ਸੁਧਾਸਰ ਕੋ ਦਰਸਾਏ॥੨੦॥ਪਿਤ ਥਲ ਜਾਨਿ ਭਾਉ ਬਡਿ ਧਾਰਾ। ਨਮਸਕਾਰ ਕੀਨਸਿ ਦਰਬਾਰਾ। ਸਦਾ ਕੀਰਤਨਿਕੀ ਧੁਨਿਜਹਾਂ॥ਸ਼੍ਰੀ ਹਰਿਮੰਦਰ ਸੁੰਦਰ ਮਹਾਂ॥੨੧॥ਕਰੀਪ੍ਰਕਰਮਾਂ ਪਿਤਾ ਨਿਹੋਰੇ[6]। ਧਰਯੋ ਧਯਾਨ ਬੰਦਤਿ ਕਰ ਜੋਰੇ। ਨਿਕਸੇ ਵਹਿਰ ਪੰਥ ਤਿਸ ਪਰੇ॥ਲਵਪੁਰਿ ਦਿਸ਼ਿ ਸਨਮੁਖੁ ਮੁਖ ਕਰੇ॥੨੨॥ਸਿੱਖਯ ਸਕਲ ਜੁਤਿ ਹਰਿ ਗੋਵਿੰਦ॥ ਬਿਦਾ ਹੇਤੁ ਗਮਨੇ ਨਰ ਬ੍ਰਿੰਦ। ਕਿਤਿਕ ਦੂਰ ਜਬਿ ਪਹੁੰਚੇ ਜਾਈ॥ਖਰੇ ਭਏ ਸਤਿਗੁਰੁ ਸੁਖਦਾਈ॥੨੩॥ਸਭਿ ਸੋਂ ਕਹਿ ਨੀਕੇ ਉਪਦੇਸ਼॥ 'ਸਿਮਰਹੁ ਸਤਿਗੁਰ ਹਰਹੁ ਕਲੇਸ਼। ਸਾਹਿਬ ਬੁੱਢਾ ਅਰੁ ਗੁਰੁਦਾਸ॥ਇਨ ਜੁਤਿ ਸ਼੍ਰੀ ਹਰਿ ਗੋਵਿੰਦ ਪਾਸਿ ॥੨੪॥ ਰਹਹੁ ਸਦਾ ਧਰਿ ਗੁਰੁਮਤਿ ਆਛੇ। ਨਿਤਪ੍ਰਸੰਨ ਰਾਖਹੁ ਹਮਪਾਛੇ॥ਕਿਨਹੂੰ ਆਗਯਾ ਭੰਗ ਨਕਰਨੀ॥ਨਿਜਮਾਤ ਕੀਜਹਿ ਇਨ ਅਨੁਸਰਨੀ'॥੨੫॥ਹਰਿਗੁਵਿੰਦ ਕੋ ਪੁਨਹ ਸੁਨਾਈ॥ਅਦਬ

[1]ਚਿੰਤਾ। [2]ਭਾਵ ਸਾਹਿਬ ਸ਼੍ਰੀ ਗੁਰੂ ਨਾਨਕ ਦੇਵ ਜੀ। [3]ਕਹਿ ਕੇ। [4]'ਲੰਙਾਹਾ' ਨਾਮ ਹੈ। [5]ਪ੍ਰਸੰਨਤਾ ਧਾਰਕੇ। [6]ਬਿਨਤੀ ਕੀਤੀ।

ਰਖਹੁ ਨਿਤ ਬੁੱਢਾ ਭਾਈ। ਜਿਮ ਆਗ੍ਯਾ ਦੇ ਤੈਸੇ ਰਹਿਨ॥ ਨਹਿਂ ਇਨਕੇ
ਸਨਮੁਖ ਕਬਿ ਕਹਿਨਾ*'॥੨੬॥ ਦੋਹਰਾ॥ਸੁਨਿ ਸ਼੍ਰੀਅਰਜਨ ਕੇ ਬਚਨਬੁੱਢਾ
ਆਦਿ ਜਿ ਦਾਸ। ਧੁਤ ਸ਼੍ਰੀ ਹਰਿਗੋਵਿੰਦ ਕੇ ਬੰਦਿ ਚਰਨ ਸੁਖਰਾਸਿ॥੨੭॥
ਚੌਪਈ॥ਬਾਰਿ ਬਾਰਿ ਕਰਿ ਬਿਨੈ ਘਨੇਰੀ।ਹਟਿਬੇ ਚਹਤਿ ਨਹੀਂ ਤਿਸਬੇਰੀ
ਸ਼੍ਰੀ ਅਰਜਨ ਕਹਿ ਕਰਿ ਬਹੁ ਬਾਰੀ। ਬਰਬਸਿ[1] ਸਭਿਨਿ ਹਟਾਇਪਿਛਾਰੀ
॥੨੮॥ ਅਪਨੀ ਜੋਤਿ ਪੁੱਤ੍ਰ ਮਹਿਂ ਧਾਰੀ। ਗੁਰ ਅਸ਼ੋਕ ਤਬਿ ਚਲੇ ਅਗਾਰੀ
। ਪਠ੍ਯੋ ਸਿੱਖ੍ਯ ਇਕ ਗੋਇੰਦਵਾਲ। 'ਪਹੁੰਚਹੁ ਆਜ ਤਹਾਂ ਮਗ ਚਾਲਿ॥
੨੯॥ਮਿਲਹੁ ਅਰਥਮਲ ਕੋ ਤੁਮ ਜਾਇ।ਲਵਪੁਰਿ ਗਮਨੈ ਦੇਹੁ ਸੁਨਾਇ।
ਹੋਤਿ ਪ੍ਰਾਤ ਕੇ ਸੋ ਚਲਿ ਆਵਹਿ।ਹਮਕੋ ਮਿਲਹਿਮੋਦ ਉਪਜਾਵਹਿ'॥੩੦॥
ਸੁਨਤਿ ਸਿੱਖ੍ਯ ਉਤਲਾਵਤਿ ਧਾਵਾ॥ਸੰਧ੍ਯਾ ਹੋਤਿ ਪੁਰੀ ਪ੍ਰਵਿਸ਼ਾਵਾ॥ਮਿਲ੍ਯੋ
ਅਰਥਮਲੁ ਕੋ ਕਰਿ ਨਮੋ।ਹਾਥ ਜੋਰਿ ਬੈਠ੍ਯੋਤਿਹ ਸਮੋ॥੩੧॥ਸ਼੍ਰੀ ਸਤਿਗੁਰੁ
ਕੋ ਦੀਨਿ ਸੈਦੇਸਾ॥'ਤੁਮਕੋ ਸਿਮਰਨਿ ਕੀਨਿ ਵਿਸ਼ੇਸ਼ਾ॥ਲਵਪੁਰਿ ਕੋ ਗਮਨੇ
ਜਿਸਕਾਲ।ਮੋਕਹੁ ਕਰਿਤਾਗੀਦ ਬਿਸਾਲ॥੩੨॥-ਪ੍ਰਾਤ ਚਢਾਵਹੁ ਤਿਨਕੋ[3]
ਜਾਇ-।ਸੁਨਿ ਆਗ੍ਯਾ ਮੈਂ ਆਯੋ ਧਾਇ'।ਇਮਕਹਿ ਬਾਕ,ਸੁਨੇ ਬਿਸਮਾਨੇ।
-ਕਾਰਨ ਕੌਨ-ਕਰਤਿ ਅਨੁਮਾਨੇ॥੩੩॥ਸ਼੍ਰੀ ਗੁਰ ਅਮਰ ਅੰਸ ਮਿਲਿਸਾਰੇ।
ਸਿਖ ਸੋਂ ਬੂਝਤਿ ਕਰਤਿ ਬਿਚਾਰੇ।'ਸੁਨ੍ਯੋ ਜੁ ਸ਼ਾਹੁ ਪਠ੍ਯੋ ਪਰਵਾਨਾ॥ਯਾਂਤੇ
ਚਿਤ ਮਹਿਂ ਚਿੰਤ ਮਹਾਨਾ॥੩੪॥ਕਰਹਿ ਸ਼ੱਤ੍ਰੁਤਾ ਮੂਰਖ ਚੰਦੂ।ਬਿਨੁ ਦੋਸ਼ਨਿ
ਦੇ ਦੋਸ਼ ਬਿਲੰਦੂ'।ਬਹੁਤ ਬਿਚਾਰਤਿ ਨਿਸਾ ਬਿਤਾਈ।ਚਲ੍ਯੋ ਅਰਥ ਮਲ
ਪਿਖਿ ਅਰੁਨਾਈ[4] ॥੩੫॥ ਇਤ ਸ਼੍ਰੀ ਅਰਜਨ ਗੁਰ ਤਿਹ ਸਮੋ। ਰਾਮਦਾਸ
ਪੁਰਿਕੋ ਕਰਿਨਮੋ।ਸਨੇ ਸਨੇ ਮਗ ਮਹਿਂ ਪ੍ਰਸਥਾਨੇ।ਡੇਰੋ ਕਰਿ ਜਾਮਨ ਗੁਜ਼-
ਰਾਨੇ॥੩੬॥ਭਈ ਪ੍ਰਾਤਹੁਇ ਕਰਿ ਅਸੁਵਾਰ।ਪਹੁੰਚਤਿ ਭੇ ਲਵਪੁਰੀਮਝਾਰ।
ਇਕ ਸੱਧੂ ਸਿਖ ਗੁਰੁਮੁਖ ਮਹਾਂ।ਕਰਤਿ ਪ੍ਰਤੀਖਨਿ ਬਾਸੈ ਤਹਾਂ॥੩੭॥'ਦੀਨ

[1]ਜ਼ੋਰੋ ਜ਼ੋਰੀ। [2]ਭਾਵ ਅਰਥ ਮਲ ਜੀ। [3]ਭਾਵ ਸ਼੍ਰੀ ਅਰਥ ਮਲ ਨੂੰ। [4]ਸੂਰਜ ਦੀ ਲਾਲੀ।

*ਮਿਰ੍ਯਾਦਾ ਦੇ ਮਾਲਕ ਗੁਰੂ ਅਰਜਨ ਦੇਵ ਜੀ ਪੁਤ੍ਰ ਨੂੰ ਗੱਦੀ ਦੇਕੇ ਗੁਰਤਾ ਦੀ ਵਡਿਆਈ ਬਖਸ਼ਕੇ ਜਿਸ ਅਗੇ ਭਾਈ ਬੁੱਢਾ ਸਿਖ ਹੈ, ਫਿਰ ਸਪੁਤ੍ਰ ਨੂੰ ਆਗਜਾ ਕਰਦੇ ਹਨ ਕਿ ਭਾਈ ਬੁੱਢਾ ਜੀ ਦੀ ਆਗਜਾ ਦਾ ਸਤਿਕਾਰ ਕਰਨਾ। ਇਕ ਤਾਂ ਸ਼੍ਰੀ ਭਾਈ ਬੁੱਢਾ ਜੀ ਤੋਂ ਗੁਰੂ ਹਰਿਗੋਬਿੰਦ ਜੀ ਨੇ ਗੁਰਮੁਖੀ ਵਿੱਦਜਾ ਪਾਈ ਸੀ, ਦੂਸਰੇ ਆਦਿ ਸਤਿਗੁਰਾਂ ਦੇ ਵਰੋਸਾਏ ਆਦਿ ਸਿਖ ਸੇ ਤੇ ਤਿਲਕ ਦੇਣ ਦਾ ਅਧਿਕਾਰ ਰਖਣ ਵਾਲੇ ਮਹਾਨ ਸਤਿਕਾਰ ਜੋਗ ਹੋਣ ਕਰਕੇ ਇਹ ਆਗਜਾ ਦਿਤੀ ਸੀ।

ਅਹੌਂ ਮੈਂ ਦੀਨਨਿ ਦਯਾਲਾ !। ਪਿਖਹੁ ਭਗਤ ਕੇ ਭਾਉ ਬਿਸਾਲਾ।ਮਮ ਘਰ ਨਿਸਾ ਬਾਸ ਜੇ ਕਰਿਹੀਂ।ਸਰਬਸੇਵਠਾਨੌਂਨਿਜਕਰ ਹੀ॥੩੮॥ਕਰਨਿਅਹਾਰ ਆਦਿ ਜੇ ਸੇਵਾ। ਕਰਿਵਾਵਹਿਂ ਮੋ ਤੇ ਗੁਰੁ ਦੇਵਾ। ਬਨੌਂ ਕ੍ਰਿਤਾਰਥ ਪੂਰਹਿਂ ਆਸਾ'। ਸਿਮਰਤਿ ਸਤਿਗੁਰੁ ਧਰਿ ਭਰਵਾਸਾ॥੩੯॥ ਨਿਸ ਦਿਨ ਜਿਸ ਕੇ ਉਰ ਲਿਵ ਲਾਗੀ। 'ਮੈਂ ਕਿਹ ਸਮੈ ਬਨਹੁਂ ਬਡਭਾਗੀ'। ਕਿਰਤਨ ਮੇਲ[1] ਕਰਤਿ ਬਹੁਤੇਰਾ। ਰਿਦੇ ਪ੍ਰਤੀਖਤਿ ਸੰਝ ਸਬੇਰਾ ॥੪੦॥ ਕਰਨਿ ਕਾਮਨਾ ਪੂਰਨ ਤਾਂਹੀ। ਸਭਿ ਤਜਿ,ਗਏ ਸਿੱਖਯ ਘਰ ਮਾਂਹੀ[2]। ਊਚ ਨੀਚ ਕੀ ਪਰਖ ਨ ਕੋਈ। ਪ੍ਰੇਮ ਬਿਲੋਕਤਿ ਹਰਿ ਗੁਰੁ ਸੋਈ ॥ ੪੧ ॥ ਇਤਿ ਸ਼੍ਰੀ ਗੁਰੁ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰਾਸੇ 'ਸ੍ਰੀ ਅਰਜਨ ਲਵਪੁਰਿ ਆਗਮਨ' ਪ੍ਰਸੰਗ ਬਰਨਨੰ ਨਾਮ ਏਕ ਤ੍ਰਿੰਸਤੀ ਅੰਸੂ ॥ ੩੧ ॥

੩੨. [ਭਾਈ ਸੱਧੂ ਦੇ ਘਰ ਅਰਥ ਮੱਲ ਜੀ ਮਿਲੇ]।

ਦੋਹਰਾ ॥ ਸੱਧੂ ਸਿੱਖਯ ਸਭਾਰਜਾ[3] ਪ੍ਰੇਮ ਕਰੇ ਮਨ ਮਾਂਹਿ। ਸ਼੍ਰੀ ਅਰਜਨ ਸਭਿ ਜਾਨਿ ਕਰਿ ਪਹੁੰਚੇ ਤਿਸ ਘਰ ਮਾਂਹਿਂ॥੧॥ ਚੌਪਈ॥ ਹੇਰਿ ਅਨੰਦ ਰੂਪ ਗੁਰੁ ਕੇਰਾ। ਬੰਦਨ ਕਰੀ ਚਰਨ ਤਿਸ ਬੇਰਾ। 'ਘਟਿ ਘਟਿ ਕੇ ਨਿਤ ਅੰਤਰ-ਜਾਮੀ!।ਦਾਸ ਕਾਮਨਾ ਪੂਰਵਹੁ ਸ੍ਵਾਮੀ! ॥੨॥ ਧਨੀ ਸਿੱਖ ਧ੍ਰਮਸਾਲਾ ਛੋਰਿ[4]। ਉਰਕੀ ਲਖਿ ਆਏ ਮੁਰਿ ਓਰਿ[5]।ਦੀਨ ਬੰਧੁ ਯਾਂਹੀ ਤੇ ਕਹੈਂ।ਪ੍ਰੇਮਬਸੀ ਤੁਮ ਕੋ ਸਭਿ ਲਹੈਂ'॥੩॥ਹਾਥ ਜੋਰਿ ਬਹੁ ਉਸਤਤਿ ਕਰਿਕੈ। ਤਰੇ[6]ਉਤਾਰੇ ਉਰ ਮੁਦ ਭਰਿ ਕੈ। ਲੇ ਕਰਿ ਗਯੋ ਸਦਨ ਕੇ ਅੰਦਰ।ਨੌਤਨ[7]ਪਲੰਘ ਡਸਾਯੋ ਸੁੰਦਰ॥੪॥ਆਸਤਰਨਿ[8]ਤੇ ਊਪਰ ਛਾਇ।ਕਰਿ ਬਿਨਤੀ ਸਤਿਗੁਰੂ ਬਿਠਾਇ। ਜਥਾ ਸ਼ਕਤਿ ਕਰਿ ਅਪਰ ਫਰਸ਼ ਕੋ।ਸਿੱਖ ਬਿਠਾਇ ਧਾਰਿ ਹਰਸ਼ ਕੋ। ੫॥ ਔਰ ਸਰਬ ਸੇਵਾ ਕਰਿ ਨੀਕੇ। ਚਰਨ ਪਖਾਰਤਿ ਭਾ ਸਭਿ ਹੀ ਕੇ। ਸ਼੍ਰੀ ਸਤਿਗੁਰ ਕੇ ਚਰਨ ਪਖਾਰੇ। ਚਰਨਾਂਮ੍ਰਿਤ ਕੁਟੰਬ[9]ਮੁਖ ਡਾਰੇ ॥੬॥ ਸਰਬ ਸਦਨ ਮਹਿਂ ਛਿਰਕਨਿ ਕੀਨਿਸਿ।ਭਯੋ ਨਿਹਾਲ ਅਧਿਕ ਫਲ ਲੀਨਿਸਿ। ਸਭਿ ਬਿਧਿ ਕੀ ਸੁਚਤਾ ਤਬਿ ਕਰੀ।ਲੇਪਨ ਆਦਿ ਰਸੋਈ ਧਰੀ॥੭॥ਭੋਜਨ ਕਰਨ ਹਾਰਿ ਇਸ਼ਨਾਨੇ[10]। ਸੁਚ ਸੋਂ ਨੀਰ ਨਯੋ ਭਰਿ ਆਨੇ। ਬਾਸਨ ਸਕਲ ਮਾਂਝ ਕਰਿ ਬ੍ਰਿੰਦ। ਪਾਵਨਤਾ ਕਰਿ ਤਬਹਿ ਬਿਲੰਦ ॥੮॥ ਸੁੰਦਰ

---

[1]ਕੀਰਤਨ ਤੇ ਜੋੜ ਮੇਲਾ। [2]ਸਭਨਾਂ (ਸਿੱਖਾਂ ਦੇ ਘਰਾਂ ਨੂੰ) ਛਡਕੇ (ਤਿਸ ਗਰੀਬ) ਸਿਖ ਦੇ ਘਰ ਚਲੇ ਗਏ। [3]ਭਾਰਜਾ ਸਹਤ। [4](ਤੇ) ਧਰਮਸਾਲਾ ਛਡਕੇ। [5](ਮੇਰੇ) ਰਿਦੇ ਦੀ ਜਾਣਕੇ ਮੇਰੀ ਤਰਫ ਆਏ ਹੋ। [6](ਸਵਾਰੀ ਤੋਂ) ਹੇਠ। [7]ਨਵਾਂ। [8]ਵਿਛੌਣਾ। [9]ਸੰਤਾਨ ਦੇ। [10]ਭੋਜਨ ਕਰਨ ਵਾਲਿਆਂ ਨੇ ਇਸ਼ਨਾਨ ਕੀਤਾ ।

ਅੰਨ ਚੂਨ ਗੋਧੂਮ[੧] । ਸਖਮ ਚਾਵਰ ਧਰਿ ਸੁਧਿ ਭੂਮਿ[੨] । ਪਹਿਤ[੩] ਬਨਾਈ ਡਾਲਿ ਮਸਾਲੇ। ਪਾਇਸ ਪਾਕ ਕੀਨਿ[੪] ਬਿਧਿ ਨਾਲੇ ॥੯॥ ਘ੍ਰਿਤ ਸੋਂ ਮੇਲਿ ਬਨਾਯਹੁ ਨੀਕੋ। ਕਰਿ ਤਯਾਰੀ ਭੋਜਨ ਸਭਿ ਹੀ ਕੋ। ਬਹੁ ਦੀਪਕ ਸਗਰੇ ਘਰ ਕਰੇ।ਚੌਂਕੀ ਨਈ ਡਸਾਈ ਤਰੇ ॥੧੦॥ ਹਾਥ ਜੋਰਿ ਆਗੇ ਹੁਇ ਖਰੋ। ਕਹ੍ਯੋ'ਗੁਰੂ ਜੀ ਭੋਜਨ ਕਰੋ'। ਸੁਨਤਿ ਉਠੇ ਲਖਿ ਪ੍ਰੇਮ ਘਨੇਰਾ। ਚੌਂਕੀ ਪਰ ਬੈਠੇ ਤਿਸ ਬੇਰਾ ॥੧੧॥ ਪ੍ਰਿਥਕ ਪ੍ਰਿਥਕ ਕਰਿ*ਥਾਲ ਪਰੋਸਾ।ਭੱਖਯ, ਭੋਜ, ਲੇਹਜ ਅਰੁ ਚੋਸਾ†। ਤੁਰਸ਼, ਮਧੁਰ ਅਰੁ ਤਿਕਤ[੫], ਸਲੋਨਾ।ਆਗੇ ਧਰ੍ਯੋ ਗੁਰੂ ਕੇ ਤੌਨ[੬]॥੧੨॥ਹਾਥ ਜੋਰਿ ਸਨਮੁਖ ਰਹਿ ਖਰੋ।ਚਾਹਤਿ ਹੁਕਮ ਸੁ ਸੇਵਾ ਕਰੋਂ।ਸਿੱਖਜਨ ਸਹਤ ਸੁ ਕਰ੍ਯੋ ਅਹਾਰੇ।ਤ੍ਰਿਪਤ ਭਏ ਸਭਿ ਹਾਥ ਪਖਾਰੇ॥੧੩॥ਸੱਧੂ ਮਾਨ ਰਾਖਿਬੇ ਕਾਰਨ।ਸ੍ਵਾਦ ਸਰਾਹਤਿ ਭਲੇ ਅਹਾਰਨਿ[੭]। ਹਾਥ ਜੋਰਿ ਕਹਿ 'ਮੈਂ ਕਿਸ ਲਾਯਕ । ਦੀਨ ਦਯਾਲ ਤੁਮ ਸਹਿਜ ਸੁਭਾਯਕ॥੧੪॥ਜਿਮ ਦੁਰਜੋਧਨ ਆਦਿਕ ਤਯਾਗੇ।ਸਦਨ ਬਿਦਰ ਕੇ ਬਸਿ ਅਨੁਰਾਗੇ।ਸੋ ਬਿਧਿ ਆਜ ਭਈ ਮਮ ਸਾਥ।ਸਭਿ ਕੋ ਤਜਿ ਮਮ ਘਰ ਬਸਿ ਨਾਥ! ॥੧੫॥ ਰੁਚਿਰ ਚਰਿੱਤ੍ਰ ਬਚਿੱਤ੍ਰ ਪਵਿੱਤ੍ਰ। ਕੋ ਕਹਿ ਸਕਹਿ ਆਪ ਕੇ ਚਿੱਤ੍ਰ[੮]।ਗੁਰੁਪ੍ਰਯੰਕ ਪਰ ਪਹੁੰਚੇ ਜਬੈ।ਭੋਜਨ ਅਚਯੋ ਤ੍ਰਿਧਾ ਜੁਤਿ ਤਬੈ॥੧੬॥ ਪੁਨ ਦੰਪਤਿ ਬਿਜਨਾ[੯] ਲੇ ਗਏ। ਪੌਨ ਪ੍ਰੀਤਿ ਸੋ ਹਾਂਕਤਿ ਭਏ। ਸੁੰਦਰ ਮ੍ਰਿਦੁਲ ਚਰਨਕੋ ਗਹਿਕੈ।ਚਾਂਪਤਿ ਚੌਂਪ ਚਾਰੁਕੋ ਚਹਿ ਕੈ॥੧੭॥ਜਿਸਜਿਸ ਸਿਖ ਕੋ ਸੁਧਿ ਤਬਿ ਹੋਈ। ਦਰਸ਼ਨ ਕੋ ਆਏ ਸਭਿ ਕੋਈ।ਧਰਿ ਧਰਿ ਭੇਟ ਬੰਦਨਾ ਠਾਨਹਿਂ। ਮਨੋ ਕਾਮਨਾ ਬਿਨੈ ਬਖਾਨਹਿਂ ॥ ੧੮ ॥ ਇਸੀ ਪ੍ਰਕਾਰ ਨਿਸਾ ਬਡ ਗਈ।ਸੁਖ ਸਿਹਜਾ ਪਰ ਨਿੰਦ੍ਰਾ ਲਈ।ਨਿਕਟ ਸਿੱਖਯ ਸਭਿਹੀ ਪਰਿ ਸੋਏ[੧੦]।ਬਿਧੀ ਚੰਦ ਆਦਿਕ ਹੈਂ ਜੋਏ॥੧੯॥ ਜਾਮ ਜਾਮਨੀ[੧੧]ਜਾਗ੍ਰਨ ਕੀਨਿ।ਸੌਚਾਚਾਰੁ ਸਗਲ ਕਰਿ ਲੀਨਿ।ਤਨ ਸ਼ਨਾਨ ਜਲ ਨਿਰਮਲ ਸਾਥ। ਇਕ ਚਿਤ ਬੈਠਿ ਰਹੇ ਗੁਰੁ ਨਾਥ॥੨੦॥ਪੁਨਹ ਪ੍ਰਕਾਸ਼ ਭਯੋ ਰਵਿ ਚਢ੍ਯੋ। ਸਭਿ ਸੰਗਤਿ ਸੁਨਿ ਸੁਨਿ ਮੁਦ ਬਢ੍ਯੋ।ਆਇ ਆਇ ਦਰਸ਼ਨ ਕੋ ਕਰਹਿਂ।

---

[੧]ਆਟਾ ਕਣਕ ਦਾ। [੨]ਪਵਿੱਤ੍ਰ ਧਰਤੀ ਤੇ (ਅ) ਬਹੁਤ [ਸਿਸ:, ਭੂਮਨ੍]। ਦਾਲ। [੪]ਖੀਰ ਰਿੱਧੀ। [੫]ਕਰਾਰੇ। [੬]ਤਿਸਨੇ। [੭]ਭੋਜਨਾਂ ਦੇ। [੮]ਸੁੰਦਰ (ਚਰਿੱਤ੍ਰ)। [੯]ਪੱਖਾ। [੧੦]ਪੈ ਕੇ ਸੌਂ ਗਏ। [੧੧]ਪਹਿਰ ਰਾਤ ਰਹਿੰਦੀ। *ਪਾ:–ਰਸ। †ਅਰਥਾਂ ਲਈ ਦੇਖੋ ਰਾਸ ੩ ਅੰਸੂ ੫੨ ਅੰਕ ੨੭ ਦੇ 'ਭੋਜਨ ਚਾਰ ਪ੍ਰਕਾਰਾ' ਪਦ ਦਾ ਪ੍ਰਯਾਯ।

ਬੰਦਹਿਂ ਚਰਨ ਉਪਾਇਨ ਧਰਹਿਂ ॥੨੧॥ ਤਬਹਿ ਅਰਥਮਲ ਚਲਿ ਕਰਿ ਆਯੋ । ਮਿਲਯੋ ਪ੍ਰੇਮ ਕਰਿ ਸੀਸ ਨਿਵਾਯੋ । ਜੇਠੋ ਪੁੱਤ੍ਰ ਮੋਹਰੀ ਕੇਰਾ। ਭਰਿ ਕਰਿ ਅੰਕ ਮਿਲੇ ਤਿਸ ਬੇਰਾ ॥੨੨॥ ਸਾਦਰ ਨਿਕਟਿ ਬਿਠਾਵਨਿ ਕਰਯੋ । ਪ੍ਰਿਥਕ ਸਭਿਨਿ ਤੇ ਹੁਇ ਹਿਤ ਧਰਯੋ। ਜਿਸ ਪ੍ਰਕਾਰ ਕੋ ਕਾਰਨ ਕਰਨਾ । ਨਿਕਟ ਅਰਥਮਲ ਕੇ ਸੋ ਬਰਨਾ ॥੨੩॥ 'ਹਮਰੇ ਤਨ ਕੋ ਹੈ ਅਬਿ ਅੰਤ। ਤਜਿਬੇ ਕੋ ਸਭਿ ਸੁਨੋ ਬ੍ਰਿਤੰਤ।ਮਹਾਂ ਬਿਰੋਧੀ ਹਮਰੇ ਜੋ ਹੈਂ।ਸਿਰ ਅਪਰਾਧ ਤਿਨਹੁ ਕੇ ਦੈ ਹੈਂ॥੨੪॥ਅਪਰਾਧੀ ਜਬਿ ਹੋਹਿ ਬਿਸਾਲਾ। ਉਚਿਤ ਸਜਾਇ ਬਨਹਿ ਤਿਸ ਕਾਲਾ । ਸ੍ਰੀ ਹਰਿਗੋਬਿੰਦ ਚੰਦ ਬਿਲੰਦੈ।ਸੰਕਟ ਦੇਹਿਂ ਦੁਸ਼ਟ ਹਤਿ ਬ੍ਰਿੰਦੈ'॥੨੫॥ਸੁਨਤਿ ਅਰਥਮਲ ਬੂਝਨ ਕਰੇ। 'ਕਹਹੁ ਮੋਹਿ ਕਿਮ ਤਨ ਪਰਹਰੇ[1]?'।ਸ੍ਰੀ ਅਰਜਨ ਸਭਿ ਗਾਥ ਬਖਾਨੀ।'ਚੰਦੂ ਦੂਤੀ ਕਰਤਿ ਮਹਾਨੀ॥੨੬॥ਪ੍ਰਥਮ ਕਹਤਿ-ਇਹ ਚੋਰ ਲਗਾਵੈ।ਸ਼ਾਹੁ ਸਮਾਜ ਮਿਲਹਿ[2] ਚੁਰਵਾਵੈ-।ਪੁਨਹ ਸਜਾਦਾ ਇਕ ਚਲਿ ਆਯੋ । ਦੀਨ ਜਾਨਿ ਤਿਹ ਭੋਜਨ ਖ੍ਵਾਯੋ ॥ ੨੭ ॥ ਇਹ ਦੂਤੀ ਕੀਨਸਿ ਮਤਿਮੰਦ । ਸ਼ਾਹੁ ਸਿਖਾਇ ਰਿਸਾਇ ਬਿਲੰਦ।ਦੋਇ ਲਾਖ ਲਿਖਿ ਦੰਡ ਪਠਾਯੋ।ਅਹਿਦੀ ਲੇ ਹਮਰੇ ਢਿਗ ਆਯੋ॥ ੨੮॥ਯਾਂਤੇ ਮਹਾਂ ਦੁਸ਼ਟ ਹੈ ਏਹੀ।ਦੋਸ਼ ਤਜਨਿ ਤਨ* ਸਿਰ ਇਸਿ ਦੇਹੀਂ। ਕਾਨ੍ਹੇ ਕੋ ਹੈ ਸ੍ਰਾਪ ਹਮਾਰੇ†।-ਤਨੁ ਤਯਾਗਹੁ ਰਿਪੁ ਘਰਨਿ ਮਝਾਰੇ-॥੨੯॥ ਪੁਨ ਹਮਰੇ ਨਾਨੇ ਬਚ ਕਹਯੋ।ਮਾਤਾ ਨੇ ਜਬਿਹੀ ਬਰ ਲਹਯੋ।-ਗੁਰਤਾ ਰਹੈ ਹਮਾਰੇਘਰ ਮੈਂ।ਅਬਿਨਹਿਂ ਜਾਵਹਿ ਬੰਸ ਅਪਰ ਮੈਂ॥੩੦॥-ਸਲਿਤਾ ਜਲ ਚਲਤਾ ਤੁਮ ਰੋਕਯੋ । ਹੁਇ ਹੈ ਸੰਕਟ ਏਵ ਬਿਲੋਕਯੋ-। ਸੋ ਅਬਿ ਢੁਰਾਂਹ ਕਰਹਿਂ ਹਮ ਸਾਚੋ।ਸਮੈ ਨਿਕਟ ਤੇ ਤਨੁ ਨਹਿਂ ਬਾਚੋ[3]॥੩੧॥ਸੋ ਸਭਿ ਕਾਰਨ ਆਇ ਮਿਲੇ ਹੈਂ । ਅਬਿ ਤਨੁ ਤਯਾਗਨਿ ਲਖਯੋ ਭਲੇ ਹੈ'। ਸੁਨਤਿ ਅਰਥ ਮਲ ਸ਼ੋਕ ਬਿਸਾਲਾ । ਰੁਚਿਰ ਬਿਲੋਚਨ ਤੇ ਜਲ ਡਾਲਾ ॥੩੨॥ 'ਹੇ ਪ੍ਰਭੁ ਤੁਮ ਅਲੇਪ ਸਭਿ ਸਮੋ।ਦਰਸ ਲਾਭ ਸੁਖ ਜੋ ਬਡ ਹਮੋ।ਸਿਖ ਸੰਗਤਿ ਸਭਿ ਰਹੈਂ ਬਿਸੂਰਤਿ।ਕਰਤਿ ਪ੍ਰੇਮ ਹੇਰਤਿ ਤੁਮ ਮੂਰਤਿ॥੩੩॥ ਕਰਹੁ ਅਨੇਕਨਿ ਕੋ ਕੱਲਯਾਨ । ਪਰਉਪਕਾਰੀ ਸਦਾ ਮਹਾਨ । ਤੁਰਕ ਯੁਕਤ ਚੰਦੂ ਦੁਖ

---

[1]ਤਿਆਗਣਾ ਹੈ । [2]ਸ਼ਾਹ ਦੀ ਸਮੱਗ੍ਰੀ ਮਿਲਕੇ (ਚੋਰਾਂ ਨਾਲ) । [3]ਨਹੀਂ ਬਚੇਗਾ ।

*ਪੰਚਮ ਸਤਿਗੁਰਾਂ ਦੇ ਸਾਕੇ ਲਈ ਦੇਖੋ ਇਸੇ ਰਾਸ ਦੇ ਅੰਸੂ ੩੭ ਅੰਕ ੪੮ ਦੀ ਹੇਠਲੀ ਟੂਕ ।

†ਦੇਖੋ ਇਸੇ ਰਾਸ ਦੇ ਅੰਸੂ ੩੦, ਅੰਕ ੪ ਦੀ ਹੇਠਲੀ ਟੂਕ ।

ਪਾਵੈ। ਹਰਖ ਧਰਤਿ ਉਰ ਬਿਖ ਕੋ ਖਾਵੈ[੧] ॥ ੩੪ ॥ ਜਬਿ ਘਟ ਅੰਤਰ ਪਹੁੰਚਹਿ ਜਾਈ। ਸੋਖਹਿ ਅੰਗ[੨] ਪ੍ਰਾਨ ਬਿਨਸਾਈ। ਤੈਸੇ ਅਬਿ ਇਹ ਨਾਂਹਿ ਨ ਜਾਨਹਿ। ਸੰਗ ਨਿਰਵੈਰੁ ਵੈਰ ਜੋ ਠਾਨਹਿ ॥ ੩੫ ॥ ਆਪਦ ਪਰਹਿ ਇਨਹੁ ਪਰਿ ਜਬੈ। ਇਸ ਫਲ ਕੋ ਪਾਵਹਿੰਗੇ ਤਬੈ। ਜੋ ਕਰਤੇ ਨੇ ਕਾਰਨ ਕਰਨੇ। ਸੋ ਸਭਿ ਤੇ ਕਾਰਜ ਹੈਂ ਸਰਨੇ[੩] ॥੩੬॥ ਅਬਚਲ ਨੀਵ ਰਖੀ ਗੁਰੁ ਨਾਨਕ। ਪਚਿ ਹੈਂ ਨਿੰਦਕ ਦੁਸ਼ਟ ਅਚਾਨਕ'। ਬਹੁਰ ਅਰਥ-ਮਲ ਜੋਰੇ ਹਾਥ। 'ਸੁਨੋ ਬਿਨੈ ਸ਼੍ਰੀ ਅਰਜਨ ਨਾਥ! ॥੩੭॥ ਮਮ ਕਾਯਾਂ ਹੈ ਆਪ ਅਗਾਰੀ। ਤਜਿ ਕਰਿ ਦਿਉ ਜਰ ਤੁਰਕ ਉਖਾਰੀ। ਤੁਮ ਬਿਨ ਜਗ ਮੈਂ ਰਹਨਿ ਨ ਭਾਵੈ। ਅਬਿ ਪਰਲੋਕ ਚਲਨਿ ਬਨਿ ਆਵੈ ॥੩੮॥ ਦਿਹੁ ਆਗਯਾ ਮੈਂ ਕਰੌਂ ਚਲਾਨਾ। ਆਪ ਰਖਹੁ ਤਨ, ਕਾਲ ਮਹਾਨਾ[੪]'। ਸ਼੍ਰੀ ਅਰਜਨ ਸੁਨਿ ਕਰਿ ਬਚ ਪ੍ਰੇਮਾ। ਕਹਯੋ 'ਰਹਹੁ ਤੁਮ ਤਨ ਯੁਤ ਛੇਮ[੫] ॥੩੯॥ ਰਹੀ ਆਰਬਲ ਬਾਸੁਰ ਚਾਲੀ। ਤਬਿ ਤੁਮ ਕਾਯਾਂ ਤਜੋ ਸੁਖਾਲੀ। ਮਿਲਹੁ ਆਨਿ ਪਰਲੋਕ ਸੁ ਮੋਹੀ। ਨਹਿਂ ਬਿਯੋਗ ਬਹੁ ਦਿਨ ਕੋ ਹੋਹੀ' ॥੪੦॥ ਇਮ ਦੈ ਧੀਰਜ ਰਾਖਯੋ ਪਾਸੀ। ਅਨਿਕ ਰੀਤਿ ਕੀ ਕਥਾ ਪ੍ਰਕਾਸ਼ੀ। ਲੰਗਰ ਲਗਯੋ ਹੋਨਿ ਗੁਰੁ ਕੇਰਾ। ਅਰਪਹਿ ਸੰਗਤਿ ਆਨਿ ਘਨੇਰਾ ॥੪੧॥ ਆਵਹਿਂ ਸਿੱਖ ਟੋਲਿ ਕਰਿ ਘਨੇ। ਪੂਜਿ ਪੂਜਿ ਗਮਨਹਿਂ ਸੁਖ ਸਨੇ। ਸ਼੍ਰੀ ਅਰਜਨ ਕੋ ਪੁਰਿ ਆਗਵਨੁ[੬]। ਪਸਰੀ ਸੁਧਿ ਲਘੁ ਦੀਰਘ ਭਵਨੁ ॥ ੪੨ ॥ ਸ਼ਰਧਾ ਸਹਤ ਭਾਉ ਕੋ ਧਾਰਿ ਧਰਿ। ਜਾਂਹਿ ਸੰਗਤਾਂ ਆਨੰਦ ਕਰਿ ਕਰਿ। ਸੁਜਸੁ ਉਚਾਰਤਿ ਨਰ ਤ੍ਰਿਯ ਘਰਿ ਘਰਿ। ਉਪਦੇਸ਼ਤਿ 'ਨਿਤ ਸਿਮਰਹੁ ਹਰਿ ਹਰਿ' ॥ ੪੩ ॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰਾਸੇ 'ਅਰਥ ਮਲ ਮਿਲਨਿ' ਪ੍ਰਸੰਗ ਬਰਨਨੰ ਨਾਮ ਦੋਇ ਤ੍ਰਿੰਸਤੀ ਅੰਸੂ ॥ ੩੨ ॥

੩੩. [ਜਹਾਂਗੀਰ, ਚੰਦੂ ਦੇ ਘਰ ਪੁਜੇ]।

ਦੋਹਰਾ ॥ ਸਿਖ ਸੰਗਤਿ ਲਵਪੁਰੀ ਕੇ ਸਕਲ ਦਰਸ ਕੋ ਆਇ। ਵਹਿਰ ਦੂਰ ਕੇ ਸੁਨਤਿ ਇਤ ਆਨਿ ਭਏ ਸਮੁਦਾਇ ॥੧॥ ਸੈਯਾ ਛੰਦ ॥ ਆਨਿ ਉਪਾਇਨ ਅਰਪਹਿਂ ਦਰਸਹਿਂ, ਬਡੇ ਭਾਗ ਸੁਨਿ ਸੁਨਿ ਉਪਦੇਸ਼। ਸੱਤਿਨਾਮ ਕੀ ਉਰ ਲਿਵ ਲਾਗਹਿ ਜਨਮ ਜਨਮ ਕੇ ਕਟਹਿਂ ਕਲੇਸ਼। ਸੁਖ ਅਤੋਲ ਕੋ ਪਾਇ ਨ ਡੋਲਹਿਂ ਅੰਤਰ ਮਨ ਕੇ ਥਿਰਹਿਂ ਵਿਸ਼ੇਸ਼। ਧੰਨਯ ਧੰਨਯ ਸ਼੍ਰੀ ਅਰਜਨ

---

[੧] ਰਿਦੇ ਵਿਚ ਖੁਸ਼ੀ ਨੂੰ ਧਾਰਕੇ ਵਿਹੁ ਨੂੰ ਖਾ ਰਿਹਾ ਹੈ। [੨] ਅੰਗਾਂ ਨੂੰ ਸੁਕਾ ਦੇਵੇਗੀ (ਵਿਹੁ)। [੩] ਸੋ (ਸਾਰੇ) ਕਾਰਜ ਸਭਨਾਂ ਤੋਂ ਹੋਣੇ ਹਨ। [੪] ਬਹੁਤ ਸਮਾਂ। [੫] ਸੁਖ ਨਾਲ। [੬] ਲਾਹੌਰ ਵਿਚ ਆਉਣਾ।

ਸਤਿਗੁਰ ਪ੍ਰਭੁ ਅਵਤਾਰ ਭਗਤਿ ਕੇ ਬੇਸ॥੨॥ਸਿੱਖਨਿ ਕੋ ਸਮੁਦਾਇ ਭਯੋ ਬਹੁ ਸਤਿ ਸੰਗਤਿ ਮਿਲਿ ਕਰਹਿੰ ਅਨੰਦ। ਇਕ ਆਵਤਿ ਇਕ ਜਾਤਿ ਚਲੇ ਨਰ ਏਕ ਨਿਕਟ ਰਹਿ ਕੁਮਤਿ ਨਿਕੰਦ[1]।ਗਾਇੰਰਬਾਬੀ ਬਡੀ ਰਾਤਿ ਤੇ ਸੁਨਹਿੰ ਸਿੱਖਨ ਉਰਪ੍ਰੇਮਬਿਲੰਦ।ਬਾਨੀ ਪਠਹਿੰਕੰਠ ਕੋ ਧਾਰਹਿੰ ਸੱਤਿ-ਨਾਮ ਜਸੁ ਉੱਜਲ ਚੰਦ॥ ੩ ॥ ਇਕ ਦਿਨ ਸਤਿਗੁਰੁ ਚਢਿ ਕਰਿ ਖ਼ਾਸੇ ਵਹਿਰ ਚਲੇ ਰਾਵੀ ਕੇ ਤੀਰ। ਨਿੰਦਕ ਚੰਦੂ ਮਿਲਯੋ ਅਗਾਰੀ ਦੇਖੀ ਸੰਗ ਨਰਨਿਗਨਭੀਰ।ਬੂਝਨਿਕਰਯੋ'ਕੌਨ ਇਹਗਮਨਤਿ?ਕਾਮਦਾਰਉਮਰਾਵ ਅਮੀਰ[2]?।ਮਾਨਵ ਸੰਗ ਅਨੇਕ ਚਲਤਿਹੈਂ ਆਗੇ ਪਾਛੇ ਬਹੁਤ ਬਿਹੀਰ॥੪॥ ਪਾਤਿਸ਼ਾਹੁਕੋ ਹੋਇ ਸਮੀਪੀ ਕੈ ਚਾਕਰ ਹੁਇ ਅਲਪ ਬਿਸਾਲ।ਸੋਮੁਝ ਨਮੋ ਕਰਤਿ ਮਿਲਿ ਗਮਨਤਿ ਮਾਨਹਿ ਆਨਿ ਉਲੰਘ ਤਤਕਾਲ[3]'। ਸੁਨਿ ਦੌਰਯੋ ਇਕ ਨਰ ਸਿਖ ਬੂਝੇ[4]'ਕੋ ਇਹਜਾਤਿ ਬ੍ਰਿੰਦ ਨਰ ਨਾਲਿ'।ਬਿਰਹੁਇ ਕਰਯੋ ਬਤਾਵਨਿ ਤਿਸ ਨੇ 'ਸ੍ਰੀ ਅਰਜਨ ਸਤਿਗੁਰੂ ਕ੍ਰਿਪਾਲ'॥੫॥ ਆਨਿ ਬਤਾਯਹੁ ਚੰਦੂ ਕੋ ਤਿਨ ਸੁਨਤਿ ਜਰਯੋ ਮਨ ਮਹਿੰ ਦੁਖਪਾਇ।-ਮਮ ਰਿਪੁ ਫਿਰਹਿ ਦਿਖਾਇ ਪ੍ਰਤਾਪੂ ਬਹੁਤੇ ਮਾਨਵ ਸੰਗ ਲਗਾਇ। ਮੈਂ ਨਿਤ ਚਿੰਤਾ ਕੇ ਬਸਿ ਦੁਰਬਲ ਇਹ ਨਚਿੰਤ ਬਿਚਰਤਿ ਹਰਖਾਇ। ਧਿਕ ਜੀਵਨ ਮਮ ਬੁੱਧਿ ਬਲ ਕੋ ਧਿਕ,ਸਰੇ ਨ ਕੁਛ ਬਹੁ ਕਰੇ ਉਪਾਇ-॥੬॥ਤੁਰਤ ਤੋਰ ਅਸਵਾਰੀ ਗਮਨਯੋ-ਆਜ ਕਹੋਂ ਸੁਧਿ ਸ਼ਾਹੁ ਕੇ ਤੀਰ-। ਉਤਰਯੋ ਕਰਤਿ ਸਲਾਮ ਗਯੋ ਢਿਗ ਰਿਸਿ ਤੇ ਧਰਹਿ ਨ ਕਿਮ ਉਰ ਧੀਰ। ਕਹਿ ਪ੍ਰਸੰਗ ਕੁਛ ਹਜ਼ਰਤ ਕੋ ਤਬਿ ਨਿਜ ਦਿਸ਼ਿ ਰੁਖ ਫੇਰਯੋ ਨਹਿੰ ਭੀਰ[5]। ਕਰ ਜੋਰੇ ਉਚਰਤਿ ਦੁਰਮਤਿ ਕੋ'ਅਬਿ ਆਯਹੁ ਪੁਰਿ ਸਿੱਖਨਿ ਪੀਰ॥੭॥ਤੁਮ ਢਿਗ ਆਵਨਿਕਰਯੋ ਨ ਅਬਕ੍ਰਿ ਹਿੰਦੁਨਿ ਤੇ ਪੁਜਵਾਵਤਿ ਪਾਂਇ।ਨਿਤਪ੍ਰਤਿਧਨ ਅਨਗਿਨਤ ਆਮਦਨ ਧਨੀ ਭਯੋ ਉਰ ਗਰਬ ਵਧਾਇ। ਦੋਇ ਲਾਖ ਕੋ ਦੰਡ ਲਖਹਿ ਕਨਾ,ਤਤਛਿਨ ਲੈ ਦੈ ਹੌਂ ਇਸ ਥਾਇੰ।ਆਪ ਸਪਾਰਸ਼ ਕਹੋ ਨ ਸੁਨੀਯਹਿ[6] ਤੌ ਤਸਕਰ ਰਖਹਿ ਨ ਡਰਪਾਇ॥੮॥ਸੁਖੀ ਬਸਹਿ ਗੋ ਦੇਸ਼

---

[1]ਖੋਟੀ ਮੱਤ ਨੂੰ ਕੱਟਣ ਲਈ। [2]ਸ਼ਾਹੂਕਾਰ ਹੈ (ਯਾ ਕੋਈ) ਅਮੀਰਾਂ ਦਾ ਅਮੀਰ ਹੈ ? [3]ਹੋਰਨਾਂ ਨੂੰ ਉਲੰਘ ਛੇਤੀ ਹੀ (ਮੇਰੀ) ਆਨ ਮੰਨਦਾ। [4](ਚੰਦੂ ਦਾ) ਇਕ ਪੁਰਸ਼ ਸਿਖ (ਕੋਲੋਂ) ਪੁਛਦਾ ਹੈ। [5](ਪਾਤਸ਼ਾਹ ਪਾਸ) ਕੋਈ ਭੀੜ ਨਹੀਂ ਸੀ। [6]ਸਫਾਰਸ਼ ਨਾ ਕਹੋ ਤੇ ਨਾ ਸੁਣੋ।

ਬਹੁਰ ਸਭਿ ਕਰਹੁ ਬੁਲਾਵਨਿ ਤੌ ਚਲਿ ਆਇ।ਨਤੁ ਸਿੱਖਨਿ ਤੇ ਲੇਕਰਿ ਧਨ ਕੋ ਅਪਨੀ ਪੁਰੀ ਪ੍ਰਵੇਸ਼ਹਿ ਜਾਇ। ਨ੍ਰਿਭੈ ਹੋਇ ਤੁਮ ਤੇ ਬਹੁ ਰਾਖੜੋ ਸ਼ਹਜ਼ਾਦਾ ਦੇਸ਼ ਜੁ ਨਿਕਸਾਇ। ਪਾਇ ਤਿਦਾਰਕ ਤੌ ਚਿਤ ਸਮੁਝਹਿ ਸ਼ਾਹੁ ਅਵੱਗਜਾ[1] ਇਮ ਦੁਖਦਾਇ'॥੯॥ਇਕਦੁਇ ਅਪਰਸ਼ਾਹ ਕੇਨਿਕਟੀ ਧਨ ਦੇ ਕੀਨੇ ਅਪਨ ਸਹਾਇ। ਸੋ ਉਮਰਾਵ ਕਹਨਿ ਤਬਿ ਲਾਗੇ 'ਚੰਦੂ ਸ਼ਾਹ[2]! ਸੁਮਤਿ ਅਧਿਕਾਇ। ਦੇਸ਼ ਦੁਖੀ ਦਿਖਿ ਦੋਖ ਲਖੈ[3] ਉਰ,ਬਾਰਬਾਰ ਸੋ ਅਰਜ਼ ਕਰਾਇ। ਆਪ ਹਦੂਰਿ ਹਕਾਰ ਨਿਹਾਰਹੁ ਕਹਹੁ ਨ ਕੁਛ ਮਗ ਪੁਛਹੁ ਖੁਦਾਇ[4] ॥੧੦॥ ਦੰਡ ਦਿਵਾਨ ਸੁ ਲੇਹਿ ਨਿਬੇਰਹਿ ਆਪ ਦੋਸ਼ ਤੇ ਸੰਕਤਿ ਜੇਯ[5]।ਸੁਨਿਤਿਸ[6] ਬਾਕਬਿਸਰਜਨ ਕਰੀਐ ਤੁਮਹੁ ਨ ਲੇਪ ਲਗੈ ਬਿਧਿ ਏਯ'। ਚੰਦੂ ਅਰੁ ਉਮਰਾਵਨਿ[7] ਰੁਖ ਲਖਿ ਸ਼ਾਹੁ ਰਿਦੇ ਭੀ ਚਾਹ ਕਰੇਯ।–ਦਰਸ਼ਨ ਕਰੌਂ ਉਚਾਰਨਿ ਸੁਨਿ ਹੌਂ ਨਿੰਦਾ ਸਿਫਤੀਬਹੁ ਜਿਸ ਕੇਯ–॥੧੧॥ ਨਿਕਟ ਵਜ਼ੀਰਖਾਂਨ ਕੋ ਦੇਖਤੋ ਕਹਤੋ ਤਾਂਹਿ ਕੋ 'ਸਤਿਗੁਰ ਆਨਿ'। ਸੁਨਿ ਆਇਸੁ ਕੋ ਤਤਛਿਨ ਗਮਨਯੋ ਜਿਸ ਥਲ ਸ੍ਰੀ ਅਰਜਨ ਭਗਵਾਨ।ਧਰਿ ਅਕੋਰ ਕੋ ਕਰੇ ਨਿਹੋਰਨਿ ਹਾਥਜੋਰਿ ਜੁਗ ਬੰਦਨ ਠਾਨਿ। 'ਧੰਨਯ ਧੰਨਯ ਤੁਮ ਗਿਰਾ ਧੰਨਯਹੈ ਜਿਹ ਸੁਨਿ ਦੁਖ ਤੇ ਉਬਰੇ ਪ੍ਰਾਨਿ॥੧੨॥ ਭਯੋ ਜਲੋਧਰ[8]ਅਰੁ ਬਹੁ ਪੀਰਾ ਨਿਸ ਬਾਸੁਰ ਬਯਾਕੁਲਤਾ ਪਾਇ। ਹਾਇ ਹਾਇ ਕਰਿ ਪਰਯੋ ਪੁਕਾਰਤਿ ਕਿਸ ਹਕੀਮ ਤੇ ਸ਼ਾਂਤਿ ਨ ਆਇ। ਪਾਠ ਸੁਖਮਨੀ ਤੇ ਸੁਨਿ ਸੁਖ ਭਾ ਬਯਾਧਿ ਗਈ ਤਤਕਾਲ ਨਸਾਇ।ਚੰਦੂ ਚਾਰੀ[9] ਕਰਤਿ ਆਪ ਕੀ ਬਹੁ ਦਿਨ ਬੀਤੇ ਕਰਤਿ ਉਪਾਇ ॥ ੧੩ ॥ ਬਾਰਿ ਬਾਰਿ ਸੁਨਿ ਸ਼ਾਹੁ ਬਿਚਲਗਾ[10]ਪੁਨ ਉਮਰਾਵ ਸਹਾਇ ਦਿਵਾਨ[11]।ਚਹੈਕਹਾਵਤਿ ਭਰਮ ਉਪਾਵਤਿ ਏਵ ਸੁਨਾਵਤਿ ਦੁਸ਼ਟਮਹਾਨ[12]।ਹਜ਼ਰਤਤਊ ਬਡਾਈ ਰਾਖਤਿ ਸ੍ਰੀ ਨਾਨਕ ਗਾਦੀ ਪਰ ਜਾਨਿ। ਕਰੇ ਹਕਾਰਨਿ ਦਰਸ਼ਨ ਕਾਰਨ ਬਾਕ ਸੁਨਨਿ ਕੀ ਚਿਤ ਰੁਚਿ ਠਾਨਿ॥੧੪॥ ਪਠਯੋ ਆਪ ਢਿਗ, ਮੈਂ ਚਲਿ ਆਯਹੁ ਦਿਹੁ ਦਰਸ਼ਨ ਕੋ ਬਿਰਦ ਕ੍ਰਿਪਾਲ'। ਸੁਨਿ ਸ੍ਰੀ ਅਰਜਨ ਬਾਕ

---

[1]ਸ਼ਾਹ ਦਾ ਨਿਰਾਦਰ। [2](ਹੇ) ਸ਼ਾਹ (ਇਹ) ਚੰਦੂ। [3]ਜਾਣਦਾ ਹੈ। [4]ਖੁਦਾਇ ਦਾ। [5]ਜੋ ਸੰਗਦੇ ਹੋ। [6]ਤਿਸ (ਗੁਰੂ ਜੀ ਦੇ)। [7]ਅਮੀਰਾਂ ਦਾ। [8]ਇਕ ਰੋਗ ਦਾ ਨਾਮ। [9]ਚੁਗਲੀ। [10]ਸੁਰਤ ਭੁੱਲ ਗਈ। [11]ਮਦਦਗਾਰ ਹਨ ਦਿਵਾਨ ਦੇ। [12]ਜੋ (ਚੰਦੂ) ਆਦਿ ਚਾਹੁੰਦੇ ਹਨ ਭਰਮ ਪੈਦਾ ਕਰਕੇ (ਸ਼ਾਹ ਪਾਸੋਂ) ਕਹਾਂਵਦੇ ਹਨ।

ਬਖਾਨੇ 'ਹਮ ਇਸ ਹਿਤ ਆਏ ਮਗ ਚਾਲਿ। ਕਰਤਿ ਪ੍ਰਤੀਖਨ ਸਮਾ ਸੁ ਪਹੁਚਯੋ' ਇਮ ਕਹਿ ਭੁਏ ਤਯਾਰ ਤਿਸ ਨਾਲਿ। ਚਢਿ ਖਾਸੇ ਪਰ ਗਮਨੇ ਸਤਿਗੁਰੁ ਪੰਚ ਸਿੱਖ ਲੇ ਸੰਗ ਬਿਸਾਲ ॥ ੧੫ ॥ ਕਰਹਿਂ ਹਜ਼ਾਰਹੁਂ ਬੰਦਨ ਮਗ ਮਹਿਂ ਖਰੇ ਹੋਹਿਂ ਪਿਖਿ ਹਿਤ ਸਨਮਾਨ। 'ਧੰਨ ਧੰਨ ਗੁਰੁ' ਸੁਜਸੁ ਉਚਾਰਹਿਂ ਸੁਨਤਿ ਚਲਤਿ ਜਸੁ ਕੋ ਨਿਜ ਕਾਨ। ਸੁਧਿ ਵਜ਼ੀਰਖਾਂ ਕਰੀ ਅਗਾਰੀ 'ਪਹੁੰਚੇ ਆਇ ਗੁਰੂ ਭਗਵਾਨ'। ਉਚਾਸਨ[1] ਕਹਿ ਕੈ ਡਸਵਾਯੋ ਚੰਦੂ ਦੁਖਯੋ ਦੇਖਿ ਸਨਮਾਨ॥੧੬॥ ਇਤਨੇ ਮਹਿਂ ਗੁਰੁ ਦਰਸ਼ਨ ਦੀਨਸਿ ਸਾਦਰ ਕਹਿ ਕਰਿ ਤਹਾਂ ਬਿਠਾਇ।ਸ਼ਾਹੁ ਨਮਯੋ ਗੁਰੁ ਕੁਸ਼ਲ ਪ੍ਰਸ਼ਨ ਕਰਿ ਹੇਰਿ ਹੇਰਿ ਸਭਿ ਸੀਸ ਨਿਵਾਇ। ਪੁਨ ਹਜ਼ਰਤਿ ਨੇ ਬੂਝਨਿ ਕੀਨਿ 'ਹਿੰਦੂ ਤੁਰਕ ਜਿ ਬਾਦ ਬਧਾਇ[2]। ਨਿਜ ਨਿਜ ਕੋ ਮਾਨਹਿਂ-ਹਮ ਦੀਰਘ-ਕਹੈਂ ਭਿਸਤਿ ਇਕ ਦੋਜਕ ਜਾਇ॥੧੭॥ਦੋਨਹੁ ਮਹਿਂ ਕੋ ਸਾਹਿਬ ਜਾਨਹਿ ਕਿਸ ਪਰ ਕਰੁਨਾ ਕਰੈ ਖ਼ੁਦਾਇ। ਕੌਨ ਸਾਚੁ ਕਹਿ? ਕੂਰ ਕਹੈ ਕੋ? ਇਹ ਸੰਸੈ ਮੇਰੇ ਮਨ ਆਇ। ਉੱਤਰ ਦੇਹੁ ਪੀਰ ਤੁਮ ਦੀਰਘ ਜਿਸਤੇ ਮਮ ਖ਼ਾਤਰ[3] ਹੁਇ ਜਾਇ'। ਸੁਨਿ ਹਜ਼ਰਤ ਤੇ ਸਤਿਗੁਰੁ **ਅਰਜਨ** ਕਹਿ ਜਬਾਬ ਕੋ ਸ਼ਬਦ ਸੁਨਾਇ ॥ ੧੮ ॥

ਸ਼੍ਰੀ ਮੁਖਵਾਕ ॥ ਰਾਮਕਲੀ ਮਹਲਾ ੫ ॥

ਕੋਈ ਬੋਲੈ ਰਾਮ ਰਾਮ ਕੋਈ ਖੁਦਾਇ ॥ ਕੋਈ ਸੇਵੈ ਗੁਸਈਆ ਕੋਈ ਅਲਾਹਿ ॥ ੧ ॥ ਕਾਰਣ ਕਰਣ ਕਰੀਮ ॥ ਕਿਰਪਾ ਧਾਰਿ ਰਹੀਮ ॥ ੧ ॥ ਰਹਾਉ ॥ ਕੋਈ ਨਾਵੈ ਤੀਰਥਿ ਕੋਈ ਹਜ ਜਾਇ ॥ ਕੋਈ ਕਰੈ ਪੂਜਾ ਕੋਈ ਸਿਰੁ ਨਿਵਾਇ ॥ ੨ ॥ ਕੋਈ ਪੜੈ ਬੇਦ ਕੋਈ ਕਤੇਬ ॥ ਕੋਈ ਓਢੈ ਨੀਲ ਕੋਈ ਸੁਪੇਦ ॥ ੩ ॥ ਕੋਈ ਕਹੈ ਤੁਰਕੁ ਕੋਈ ਕਹੈ ਹਿੰਦੂ ॥ ਕੋਈ ਬਾਛੈ ਭਿਸਤੁ ਕੋਈ ਸੁਰਗਿੰਦੂ ॥੪॥ ਕਹੁ ਨਾਨਕ ਜਿਨਿ ਹੁਕਮੁ ਪਛਾਤਾ ॥ ਪ੍ਰਭ ਸਾਹਿਬ ਕਾ ਤਿਨਿ ਭੇਦੁ ਜਾਤਾ ॥ ੫ ॥ ੯ ॥

ਦੋਹਰਾ ॥ 'ਸ਼੍ਰੀ ਪਰਮੇਸ਼ੁਰ ਏਕ ਹੈ ਝਗਰਤਿ ਦੋਇ ਬਤਾਇ[4]। ਸੁਨਹੁ ਸ਼ਾਹੁ ਨਿਸ਼ਚੈ ਕਰਹੁ ਏਕੋ ਰਾਮ ਖੁਦਾਇ॥੧੯॥ਅਰਥ ਕ੍ਰਿਪਾਲ ਰਹੀਮ ਕੋ ਏਕੋ ਜਾਨਯੋ ਜਾਇ।ਪੱਖ ਬਾਦ[5]ਕਰਿ ਪਰਸਪਰ ਝੂਠੇ ਦੋਇ ਬਨਾਇ॥੨੦॥ਹਮਰੋ ਮਤ ਹੈ ਅਪਰ ਬਿਧਿ ਮਿਲਯੋ ਦੋਨਹੂੰ ਸਾਥਿ। ਅਰੁ ਦੋਨੋ ਤੇ ਪ੍ਰਿਥਕ ਭੀ ਨਹੀਂ ਬਾਦ ਕੀ ਗਾਥ ॥੨੧॥ ਹੁਕਮ ਜਾਨਿ ਸਾਹਿਬ ਪ੍ਰਭੂ ਦੁਖ ਸੁਖ ਜਿਮ

[1]ਉੱਚਾ ਆਸਨ। [2]ਝਗੜਾ ਵਧਾਂਵਦੇ ਹਨ। [3]ਦਿਲੀ ਤਸੱਲੀ। [4]ਝਗੜਦੇ ਹਨ ਦੋ ਕਹਿਕੇ। [5]ਮਜ਼ਹਬੀ ਖਿੱਚੋ ਖਿਚੀ।

ਬਨਿ ਆਇ।ਹਰਖਤਿ ਰਹਹਿਂ ਸਦੀਵ ਹਿਯ[੧]ਦੋਸ਼ ਨਹੀਂ ਅਰਪਾਇ॥੨੨॥
ਸੱਤਿਨਾਮ ਕੋ ਸਿਮਰਨੋ ਤਜਾਗਨਿ ਤਨ ਅੱਭਜਾਸ[੨]।ਤੀਨਹੁ ਤੇ ਪ੍ਰਭੁ ਕੋ
ਮਿਲਹਿ ਹੁਇ ਬ੍ਰਹਮ ਗਜਾਨ ਪ੍ਰਕਾਸ਼॥੨੩॥ਹਿੰਦੂ ਹੁਇ ਕੈ ਤੁਰਕ ਹੁਇ
ਤੀਨਹੁ ਜਿਨਹੁ ਕਮਾਇ।ਪਾਰਿ ਪਰੇ ਭਵਸਿੰਧੁ ਤੇ ਜਨਮ ਕਲੇਸ਼ ਮਿਟਾਇ
॥੨੪॥ ਤੀਨਹੁ ਕੋ ਬਿਸਤਾਰ ਕਰਿ[੩] ਕਹੈਂ ਜਿ ਅਰਥ ਬਿਸਾਲ। ਅਧਿਕ
ਹੋਇ,ਕਹਿਂ ਤਕ ਸੁਨਹੁ[੪],ਛੁਟਹਿਂ ਬੰਧਨ ਜਾਲ॥ ੨੫॥ ਸੁਮਤਿਵੰਤ ਥੋਰੇ
ਕਹੇ ਸਮੁਝਹਿ ਬਾਤਿ ਬਿਸਾਲ। ਜਿਨ ਕੋ ਲਗੀ ਖੁਦਾਇ ਲਿਵ ਸੋਈ
ਅਕਲ ਕਮਾਲ[੫]' ॥੨੬॥ ਇਮ ਸਤਿਗੁਰੁ ਕੇ ਕਹਤਿ ਬਚ ਰਵਿ ਪਸ਼ਚਮ
ਅਸਤਾਇ[੬]।ਸੰਧਜਾ ਲਖਿ ਕਰਿ ਸ਼ਾਹੁ ਤਬਿ ਕਰੇ ਬਿਸਰਜਨ ਗਾਇ[੭]॥੨੭॥
ਉਠੇ ਗੁਰੂ ਨਿਕਸੇ ਵਹਿਰ ਚੰਦੂ ਅਵਸਰ ਪਾਇ। 'ਮੈਂ ਲੇ ਜਾਵੋਂ ਨਿਜ
ਸਦਨ ਰਾਖੋਂ ਸੇਵ ਕਰਾਇ॥੨੮॥ ਸਮੁਝਾਵੋਂ ਸਭਿ ਬਾਰਤਾ ਤੁਮਰੀ ਦਿਸ਼ਿ
ਤੇ ਹੋਇ।ਲਿਉਂ ਦੁਇ ਲਾਖ ਸੁਖੇਨ ਹੀ ਰਖਹਿ ਨ ਤਸਕਰ ਕੋਇ॥੨੯॥
ਬਿਨਾ ਦੰਡ ਤੇ ਹਟਹਿ ਨਹਿਂ ਦੋਸ਼ ਨ ਹੋਇ ਅਰਾਮ।ਕਰੋ ਨਜਾਵ ਈਮਾਨ[੮]
ਤੁਮ ਸੁਜਸੁ ਜਗਤ ਅਭਿਰਾਮ ॥੩੦॥ ਸ਼ਹਜ਼ਾਦਾ ਰਾਖਜੋ ਨਿਕਟ ਪਾਇ
ਤਿਦਾਰਕ[੯]ਸੋਇ।ਨਹਿਂ ਬਿਜਾਇ[੧੦] ਬਹੁਰੋ ਕਰਹਿ ਉਰ ਦੀਰਘ ਡਰ ਹੋਇ
॥੩੧॥ਤੁਮ ਕੋ ਦੋਸ਼ ਨ ਹੋਇ ਕੁਛ ਮੈਂ ਲੇਵੌਂ ਦੁਇ ਲਾਖ*। ਕਰੋਂ ਖਜ਼ਾਨੇ
ਦਾਖਲੀ ਤੀਨ ਚਾਰ ਦਿਨ ਰਾਖਿ॥੩੨॥ਅਬਿ ਨ ਬਨੈ ਕਸ਼ਮੀਰ ਕੋ ਰਾਵਰਿ
ਕਰਨਿ ਪਯਾਨ। ਮਰਜ਼ੀ ਉਰ ਦਿੱਲੀ ਚਲਹੁ ਮਾਨਿ ਬਿਨੋਦ[੧੧] ਮਹਾਨ
॥੩੩॥ ਆਪ ਕਰਹੁ ਅਬਿ ਕੂਚ ਕੋ ਪਾਛੇ ਲੇ ਧਨ ਸੋਇ। ਕਰਹਿ ਸਪਾਰਸ਼

[੧]ਹਿਰਦੇ ਵਿਚ। [੨]ਭਾਵ ਦੇਹ ਅਧਿਆਸ ਦਾ ਤਿਆਗਨਾ। [੩]ਖੋਲ੍ਹਕੇ। [੪]ਬਹੁਤ ਹੋ ਜਾਏਗਾ ਕਿਥੋਂ ਤਕ ਸੁਣੋਗੇ। [੫]ਪੂਰਨ ਅਕਲ ਵਾਲੇ ਹਨ। [੬]ਡੁੱਬ ਗਿਆ। [੭]ਕਹਿਕੇ। [੮]ਧਰਮ ਦਾ ਨਿਆਉਂ। [੯]ਦੰਡ ਪਾਵੇ ਉਸ ਗੱਲ ਦਾ। [੧੦]ਅਯੋਗ। [੧੧]ਅਨੰਦ ਮਾਣੋ।

*ਦੋ ਲੱਖ ਚੱਟੀ ਲੈਣ ਬਾਬਤ ਦਬਿਸਤਾਨ ਮਜ਼ਾਹਬ ਵਿਚ ਇਸ ਪ੍ਰਕਾਰ ਲਿਖਿਆ ਹੈ:- ਸੁਰਗਵਾਸ਼ੀ ਨੂਰਉੱਦੀਨ ਮੁਹੰਮਦ ਜਹਾਂਗੀਰ ਬਾਦਸ਼ਾਹ ਨੇ (ਗੁਰੂ) ਅਰਜਨ ਮੱਲ ਤੋਂ ਇਸ ਕਰਕੇ ਕਿ ਉਨ੍ਹਾਂ ਨੇ ਸੁਰਗਵਾਸੀ ਜਹਾਂਗੀਰ ਦੇ ਪੁੱਤਰ ਸ਼ਾਹਜਾਦਾ ਖੁਸਰੋ ਜੋ ਕਿ ਸਤਿਕਾਰਯੋਗ ਪਿਤਾ ਨੇ ਬੇਦਖਲ ਕੀਤਾ ਹੋਇਆ ਸੀ, ਦੇ ਹੱਕ ਵਿਚ ਭਲਾਈ ਦੀ ਅਰਦਾਸ ਕੀਤੀ ਸੀ, ਖੁਸਰੋ ਦੇ ਫੜੇ ਜਾਣ ਤੇ (ਗੁਰੂ ਜੀ ਤੋਂ) ਪੁਛ ਕੀਤੀ ਤੇ ਭਾਰਾ ਤਾਵਾਨ ਮੰਗਿਆ। (ਗੁਰੂ ਜੀ) ਨਾ ਦੇ ਸਕੇ ਉਨ੍ਹਾਂ ਨੂੰ ਫੜਕੇ ਲਾਹੌਰ ਦੇ ਹੇਠਲੇ ਥਾਂ ਤੇ ਰਖਿਆ। ਸੂਰਜ ਦੀ ਤਪਸ਼ ਤੇ ਗਰਮੀ ਦੇ ਜ਼ੋਰ ਅਤੇ ਤਾਵਾਨ ਵਸੂਲ ਕਰਨ ਵਾਲਿਆਂ ਵਲੋਂ ਦਿਤੇ ਗਏ ਤਸੀਹਿਆਂ ਨਾਲ (ਆਪ ਨੇ) ਜਾਨ ਦਿਤੀ। ਇਹ ਘਟਨਾ ੧੦੧੫ (ਹਿ:) ਵਿਚ ਹੋਈ।

ਕਬਹੁੰ ਕੋ[1] ਨਹਿੰ ਸੁਨੀਯਹਿ ਤਿਸ ਜੋਇ'॥੩੪॥ 'ਹਾਂ' ਕਹਿਵਾਈ ਸ਼ਾਹ ਤੇ ਨਿਕਸ੍ਯੋ ਤਤਛਿਨ ਆਇ। ਕਰੇ ਸਿਪਾਹੀ ਸੰਗ ਗੁਰੁ ਨਿਜ ਡੇਰੇ ਕਹੁ ਲ੍ਯਾਇ॥੩੫॥ਪੰਚ ਸਿੱਖਨ ਡ੍ਯੋਢੀਬਿਖੈ ਕਰਿਕੈ ਕੈਦਬਿਠਾਇ।ਅੰਤਰ ਗੁਰੂ ਉਤਾਰਿ ਕੈ ਕਹਿ ਕਹਾਰ ਨਿਕਸਾਇ[2]॥੩੬॥ਤਿਮਰ ਭਇ ਘਰ* ਲੇ ਬਰ੍ਯੋ ਡੇਰਾਦਿਯੋ ਕਰਾਇ।ਬ੍ਰਿੰਦ ਸਿਪਾਹੀ ਦ੍ਰਿਢ ਕਰੇ ਸਾਵਧਾਨ ਹਰਖਾਇ॥੩੭॥ 'ਨਿਸ ਬਾਸੁਰ ਠਾਂਢੇ ਰਹੋ ਗਹੇ ਹਾਥ ਅਸਿ ਢਾਲ[3]। ਨਿਕਟਿ ਨ ਆਵਨਿ ਦੇਹੁ ਕਿਸ ਭੇਰਿਕਿਵਾਰ ਬਿਸਾਲ॥੩੮॥-ਮਨਭਾਵਤਿ ਮੇਰੀਭਈ-ਹਰਖ੍ਯੋ ਮੂਢ ਬਿਸਾਲ।ਸੁਪਤ੍ਯੋ ਖਾਤਰ ਜਮਾ ਕਰਿ[4] ਕਰਿ ਠਾਂਢੇ ਨਰ ਜਾਲ॥੩੯॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥਿ ਚਤੁਰਥ ਰਾਸੇ 'ਚੰਦੂ ਗ੍ਰਿਹ ਆਵਨਿ ਗੁਰੂ' ਪ੍ਰਸੰਗ ਬਰਨਨੰ ਨਾਮ ਤੀਨ ਤ੍ਰਿੰਸਤੀ ਅੰਸੂ ॥ ੩੩ ॥

੩੪. [ਚੰਦੂ ਗ੍ਰਿਹ ਕਸ਼ਟ। ਤਪਤ ਨੀਰ।]

ਦੋਹਰਾ ॥ ਨਿਸਾਬਿਤੀ ਪੁਨ ਪ੍ਰਾਤ ਭੀ ਸ਼ਾਹੁ ਬਾਕ ਕਹਿ ਦੀਨ। ਬਜੇ ਨਗਾਰੇ ਕੂਚ ਕੇ ਸੁਧਿ ਸਭਿਹੂੰ ਸੁਨਿ ਲੀਨਿ ॥੧॥ ਚੌਪਈ ॥ ਹਜ਼ਰਤਿ ਜਬਿ ਤਿਆਰ ਹੁਇ ਗਯੋ। ਚੰਦੂ ਅਪ੍ਯੀ ਮੇਲਿ ਤਬਿ ਕਿਯੋ। 'ਦਿਹੁ ਪ੍ਰਵਾਨਗੀ[5] ਮੁਝ ਕੋ ਆਪੂ। ਦਿਨ ਚਾਰਿਕ ਮਹਿੰ ਕਰਿਵ ਮਿਲਾਪੂ ॥੨॥ ਕਛੁ ਮਾਮਲੇ ਕੀ ਰਹਿ ਕਾਰਿ। ਇਕ ਸੰਮਤ ਕੀ ਕਰਨਿ ਸੰਭਾਰਿ। ਨਵੀਸਿੰਦ ਲਾਗੇ ਸਮੁਦਾਇ। ਜਮਾਂ ਖਰਚ ਕੋ ਸਭਿ ਸਮੁਝਾਇ'॥੩॥ ਕਰਿ ਫਰੇਬ ਕੋ ਛੋਰ੍ਯੋ ਸਾਥ। ਸ਼ਾਹੁ ਨ ਚਿਤਵੀ ਪੁਨ ਗੁਰ ਗਾਥ। ਬਹੁ ਧੰਧੇ ਗਨ ਭੋਗਨਿ ਬਿਸੈ[6]।ਬਹੁਰ ਚਲ੍ਯੋ ਚਢਿ ਕਰਾ ਸੁਧਿ ਤਿਸੈ॥੪॥ ਪੂਰਬ ਭੀ ਕਬਿ ਗੁਰੂ ਪ੍ਰਸੰਗ।ਕੋਇ ਨ ਕਰਤਿ ਸ਼ਾਹੁ ਕੇ ਸੰਗ।ਸਿਮਛਿ ਦ੍ਵੈਸ਼ ਕੋ ਦੁਸ਼ਟ ਚਲਾਵੈ।ਸੁਲਹੀ ਸੁਲਬੀ ਚੰਦੁ ਬਤਾਵੈ ॥੫॥ ਲੇਨਾ ਦੇਨਾ ਕਿਹ ਸੰਗ ਕੋਇ ਨ। ਧਨ ਹੰਕਾਰੀ ਜਾਨਹਿ ਸੋਇ ਨ[7]। ਅਹੈਂ ਤੁਰਕ ਪੁਨ ਗੁਸੇ ਬਿਕਾਰ।ਕਹਾਂ ਚਿਨਾਰੀ ਗੁਰੂ ਉਦਾਰ॥੬॥-ਨਹਿੰ ਪ੍ਰਸੰਗ ਚਲਿ-ਮਿਲੇ ਪਿਛਾਰੀ[8]। ਬਰਜਿ ਦਿਯੇ ਚੰਦੂ ਦੁਰਚਾਰੀ।ਗਮਨਤਿ

---

[1](ਜੇ) ਕਦੇ ਬੀ ਕੋਈ। [2]ਕਹਿਕੇ ਕਹਾਰਾਂ ਨੂੰ ਬਾਹਰ ਕਢਿਆ। [3]ਤਲਵਾਰ ਤੇ ਢਾਲ। [4]ਤਸੱਲੀ ਕਰਕੇ। [5]ਮਨਜ਼ੂਰੀ। [6]ਵਿਸ਼ਿਆਂ ਦੇ ਭੋਗਾਂ (ਵਿਚ ਖਚਤ)। [7](ਗੁਰੂ ਜੀ ਦਾ) ਲੈਣ ਦੇਣ ਭਾਵ ਵਾਸਤਾ ਕਿਸੇ ਨਾਲ ਬੀ ਨਹੀਂ ਸੀ (ਅਤੇ) ਧਨ ਦਾ ਹੰਕਾਰੀ (ਹੋਰ ਅਹਿਲਕਾਰ) ਸੋਇ (=ਗੁਰੂ ਜੀ ਨੂੰ) ਨਹੀਂ ਜਾਣਦੇ ਸਨ। [8]ਪਿੱਛੋਂ ਮਿਲਕੇ (ਲੋਕਾਂ ਨੂੰ ਕਹਿ ਦਿਤਾ ਕਿ ਸ਼ਾਹ ਪਾਸ) ਗੁਰੂ ਜੀ ਦਾ ਪ੍ਰਸੰਗ ਕੋਈ ਨਾ ਚਲਾਵੇ।

*ਤਵਾਰੀਖ ਪੰਜਾਬ ਕ੍ਰਿਤ ਕਨ੍ਹੱਯਾ ਲਾਲ ਵਿਚ ਲਿਖਿਆ ਹੈ ਕਿ ਚੰਦੂ ਨੇ ਗੁਰੂ ਜੀ ਦਾ ਡੇਰਾ ਆਪਣੇ ਮਕਾਨ ਵਿਚ,ਜੋ ਮਹੱਲਾ ਲਾਲ ਖੂਹ ਦੇ ਵਿਚ ਤੇ ਮੋਤੀ ਬਜ਼ਾਰ ਦੇ ਲਾਗੇ ਹੈ,ਕਰਵਾਇਆ ਸੀ। ਉਥੇ ਹੁਣ ਗੁਰਦਵਾਰਾ ਵੀ ਹੈ।

ਮਿਲ੍ਯੋ ਸਕਲ ਕੋ ਜਾਇ। 'ਜੇ ਹਜੂਰ ਗੁਰ ਗਾਥ ਚਲਾਇ॥ 7 ॥ ਬੁਧਿ
ਬਲ ਤੇ ਬਰਜਹੁ ਤਿਹ ਰੋਕ। ਕਹ੍ਯਾ ਤਿਨ ਗਾਥ ਫਕੀਰ ਜਿ ਲੋਕ। ਰਹੌਂ
ਪਿਛਾਰੀ ਤੁਮ ਭਰਵਾਸੇ। ਕੇਤਿਕ ਦਿਨ ਮੈਂ ਆਇਵ ਪਾਸੇ'॥੮॥ਕਰੀ ਕਚ-
ਹਿਰੀ ਅਪਨੀ ਸਾਰੀ। ਕਿਸ ਧਨ ਦੇ ਕਿਸ ਮ੍ਰਿਦੁਲ ਉਚਾਰੀ।ਜਸ ਜਸ ਹੁਤੇ
ਤਥਾ ਹਰਖਾਏ।ਸ਼ਾਹੁਸਮੀਪਸਮੂਹਸੁਹਾਏ॥੯॥ਚੰਦੂ ਹਟਯੋਧੀਰ ਉਰਧਰਿਕੈ।
ਦੁਸ਼ਟ ਪਨੇ ਮਹਿਂ ਚਿਤ ਕੋ ਧਰਿ ਕੈ। ਸਭਿਨਿ ਚਢਾਇ ਮੂਢ ਤਹਿਂ ਆਯੋ।
ਸਤਿਗੁਰ ਅਰਜਨ ਜਹਿਂ ਉਤਰਾਯੋ॥੧੦॥ਬੈਠ੍ਯੋ ਸਨਮੁਖ ਰਿਸਿ ਤੇ ਭਰ੍ਯੋ।
ਕਹਤਿ ਭਯੋ ਬਚ ਦੁਖ ਤੇ ਜਰ੍ਯੋ।'ਮੋਹਿ ਸੁਤਾ ਕੀ ਮੋਰਿ ਸਗਾਈ[1]।ਕ੍ਯੋਂ ਹੂੰ
ਨ ਮਾਨੀ ਬਿਨੈ ਅਲਾਈ॥੧੧॥ਭੇਜੇ ਦੋਇ ਬਾਰ ਪੁਰਿ ਲਾਗੀ।ਅਤਿ ਚਿੰਤਾ
ਚਿਤ ਹਮਰੇ ਲਾਗੀ।ਲੇਨਿ ਸਾਕ ਤੇਂ ਰਹ੍ਯੋ ਕਿਥਾਈਂ। ਦਈ ਮੋਹਿ ਕੂਕਰ
ਸਮਤਾਈ॥੧੨॥ਅਬਿ ਲੌ ਕਛੂ ਨ ਬਿਗਰ੍ਯੋ ਸੁਪਨੇ।ਨਾਤਾ ਲੇਹੁ ਜਾਹੁ ਘਰ
ਅਪਨੇ।ਨਤੁ ਕੂਕਰ ਭਾਖ੍ਯੋ ਜਿਮਿ ਜਬੈ। ਲਗੋਂ ਗੈਲਿ[2] ਕੂਕਰ ਹੁਇ ਅਬੈ
॥੧੩॥ਦਿਹੁ ਜਬਾਬ ਮੈਂ ਕਰੌਂ ਉਪਾਇ। ਸੌਂਜ ਬਨਾਹ ਕੀ,ਕੈ ਤੁਮ ਘਾਇ[3]'।
ਨ੍ਰਿਭੈ ਬਾਕ ਤਬਿ ਸਤਿਗੁਰ ਭਾਖਾ। 'ਸੁਤਾ ਦੇਨਿ ਕੀ ਕਿਮ ਅਭਿਲਾਖਾ?
॥੧੪॥ਤੂੰ ਊਚੀ ਕੁਲਅਹੈਂ ਚੁਬਾਰ।ਹਮ ਕੋਮੋਰੀ ਸਰਸ ਉਚਾਰ।ਮੋਰੀਮੇਲ
ਸੁ ਮੋਰੀ ਧਾਰਾ[4]।ਮਿਲਹਿ ਚੁਬਾਰੇ ਸੰਗ ਚੁਬਾਰਾ॥੧੫॥ਤਬਿ ਭੀ ਕਹ੍ਯੋ ਅਬਹਿ
ਭੀ ਕਹੈਂ।ਸਮ ਸੋ ਮਿਲਨ ਭਲੋ ਸਭਿ ਲਹੈਂ[5]।ਅੰਤਰ[6]ਬਹੁਤ ਹਮਾਰ ਤੁਮਾਰਾ
।ਕਿਤ ਮੋਰੀ ਕਿਤ ਹੋਤਿ ਚੁਬਾਰਾ ॥੧੬॥ ਕਹ੍ਯੋ ਨ ਕੂਕਰ,ਜੇ ਤੈਂ ਲਹ੍ਯੋ।
ਜੇ ਨ ਕਹ੍ਯੋ ਤੌ ਭੀ ਅਬਿ ਕਹ੍ਯੋ*। ਸਿਖ ਨੇ ਕਹ੍ਯੋ ਹਮਹੁ ਕਹਿ ਤਦਾ*।

[1]ਮੇਰੀ ਧੀ ਦੀ ਸਗਾਈ ਮੋੜਕੇ। [2]ਮਗਰ। [3]ਮਾਰਨ ਦਾ। [4]ਮੋਰੀ ਨੇ ਮਿਲ ਮੋਰੀ ਨਾਲ ਧਾਰ ਲਿਆ ਹੈ। [5]ਬਰਾਬਰ ਦੇ ਨਾਲ ਮਿਲਨਾ ਸਭ ਚੰਗਾ ਜਾਣਦੇ ਹਨ। [6]ਫਰਕ।

*ਗੁਰੂ ਜੀ ਦੱਸਦੇ ਹਨ ਕਿ ਅਸਾਂ ਇਹ ਵਾਕ ਨਹੀਂ ਕਿਹਾ, ਅਗਲਾ ਜੋ ਵਾਕ ਹੈ ਕਿ ਜੇ ਅੱਗੇ ਨਹੀਂ ਕਿਹਾ ਤਾਂ ਹੁਣ ਕਹਿੰਦੇ ਹਾਂ। ਇਹ ਵਾਕ ਗੁਰੂ ਸੁਭਾਵ ਦੇ ਅਨਕੂਲ ਨਹੀਂ, ਜਿਤਨੀ ਬਾਣੀ ਆਪ ਦੀ ਬੀੜ ਵਿਚ ਹੈ, ਉਸ ਦੇ ਮੁਤਾਲਿਆ ਤੋਂ ਜੋ ਸਤਿਗੁਰੂ ਦੇ ਹਿਰਦੇ ਦਾ ਰੂਪ ਬੱਝਦਾ ਹੈ, ਉਥੇ ਐਸੇ ਵਾਕ ਦੀ ਗੁੰਜਾਇਸ਼ ਨਹੀਂ, ਹਾਂ ਇਹ ਗੱਲ ਕਿ ਜੇ ਕਿਸੇ ਸਿਖ ਨੇ ਕਿਹਾ ਹੈ ਤਾਂ ਅਸੀਂ ਆਪਣੇ ਸਿਰ ਦੰਡ ਲੈਣ ਨੂੰ ਤਿਆਰ ਹਾਂ ਕਿਉਂਕਿ ਸਿਖ ਗੁਰੂ ਦਾ ਰੂਪ ਹੈ। ਇਸ ਵਿਚ ਇਹ ਵਡਿਆਈ ਹੈ ਕਿ ਜਾਨ ਪਰ ਆ ਬਣੀ ਤੇ ਇਹ ਕਹਿਣਾ 'ਅਸਾਂ ਕਦੇ ਇਹ ਗੱਲ ਨਹੀਂ ਆਖੀ ਤੇ ਜੇ ਕਿਸੇ ਹੋਰ ਨੇ ਆਖੀ ਹੈ ਤਾਂ ਅਸੀਂ ਦੋਸ਼ੀ ਕਿਉਂ ?' ਆਸਾਨ ਬਾਤ ਹੈ, ਦਰੁਸਤ ਹੈ, ਤੇ ਹਰ ਕੋਈ ਕਹੇਗਾ, ਪਰ ਨਿਰਭੈ ਅਕਾਲੀ ਜੋਤ ਬਿਰਦ ਬਾਣੇ ਦੀ ਲਾਜ ਵਾਲੇ ਕਹਿੰਦੇ ਹਨ ਕਿ ਜੇ ਕਿਸੇ ਸਿਖ ਨੇ ਕਹੀ ਹੈ ਤਾਂ ਅਸੀਂ ਜ਼ਿੰਮੇਵਾਰੀ ਲੈਂਦੇ ਹਾਂ।

ਸਿਖ ਹਮ ਏਕ ਰੂਪ ਹੈਂ ਸਦਾ'॥੧੭॥ਸੁਨਿ ਮਨ ਜਰਜੋ,ਜਰਜੋ ਨਹਿੰਬੈਨਾ।ਕ੍ਰੂਰ ਪਸਾਰੇ[1] ਲਾਲ ਜਿ ਨੈਨਾ। ਨਿਕਟਿ ਬੁਲਾਇ ਅਪਨਿ ਸਿਪਾਹੀ।'ਜਲ ਭੋਜਨ ਪਹੁੰਚਨਿ ਦਿਹੁ ਨਾਂਹੀ ॥੧੮॥ਜਬਿ ਲਾਗਹਿ ਗੀ ਤ੍ਰਿਖਾ ਮਹਾਨੀ। ਦੇ ਗਿਨ ਲਾਖ[2]ਦੇਹੁ ਤਬਿ ਪਾਨੀ। ਬ੍ਯਾਕੁਲ ਹੋਇ ਛੁਧਿਤਿ ਬਹੁ ਜਬੈ । ਲੇਹੁ ਲਾਖ ਦਿਹੁ ਭੋਜਨ ਤਬੈ ॥ ੧੯ ॥ ਨਿੰਦ੍ਰਾ ਤੇ ਜਬਿ ਸੁਪਤਨਿ ਚਹੈ।ਦੇਹਿ ਲਾਖ ਤੌ ਸੋਵਨਿ ਲਹੈ।ਇਸ ਕੇ ਮਨ ਮਹਿਂ ਅਤਿ ਹੰਕਾਰ।ਨਿਮਹਿ ਨਹੀਂ ਅਬਿ ਕਰੌਂ ਸੁਖ੍ਯਾਰ' ॥੨੦॥ 'ਏਕ ਬਾਤਿ ਕੋ ਨਿਸ਼ਚੈ ਮਾਨਿ।ਕੈ ਲਿਹੁ ਨਾਤਾ ਕੈ ਦਿਹੁ ਪ੍ਰਾਨ'।ਸੁਨਿ ਸਤਿਗੁਰੂ ਤਬਿ ਬਾਕ ਅਲਾਵੈਂ।'ਅਬਿ ਤੇ ਸੁਪਤਿ ਨ ਪੀਯ ਨ ਖਾਵੈਂ॥੨੧॥ਬੈਠੇ ਰਹੈਂ ਏਕ ਹੀ ਥਾਨ। ਕਰਿਹੁ,ਜਥਾ ਕਰਿਬੇ ਮਨ ਜਾਨਿ'। ਅਪਰ ਕਠੋਰ ਸੁ ਦੁਸ਼ਟ ਬਖਾਨਾ । ਕਰੇ ਸਿਪਾਹੀ ਗਨ ਸਵਧਾਨਾ ॥੨੨॥ 'ਖਰੇ ਰਹੋ ਰਾਖੋ ਤਕਰਾਈ।ਨਾਂਹਿ ਨ ਖਾਯ ਪੀਯ ਸੁਪਤਾਈ। ਪ੍ਰਾਂਤੇ ਸਿੱਖਨਿ ਪੌਰ ਮਝਾਰੁ । ਕੈਦ ਕਰਹੁ ਰਸਰਿਨਿ ਕੋ ਡਾਰਿ ॥ ੨੩ ॥ ਇਸ ਕੇ ਪਾਸ ਨ ਆਵਨਿ ਦੀਜੋ । ਬਾਤਿ ਬਖਾਨਹਿ ਕੋਇ ਨ ਬੀਜੋ[3]।ਰਖਹੁ ਇਕਾਕੀ ਇਹਾਂ ਬਿਠਾਇ।ਖਰੋ ਰਹੇ ਇਕ ਨਰ ਇਸ ਥਾਇਂ॥੨੪॥ ਉਠਨੇ ਦੇਹੁ ਨ ਪੌਢਨਿ ਦੇਹੁ । ਬੋਲਨਿ ਦੇਹੁ ਨ, ਦੇਖਹੁ ਏਹੁ[4]'। ਇਮ ਕਹਿ ਸਦਨ ਬਰਜੋ ਨਿਜ ਜਾਇ। ਮਹਾਂ ਦੁਸ਼ਟ ਬਡ ਖੋਟ ਉਪਾਇ॥੨੫॥ਸੋ ਦਿਨ ਬੀਤਿ ਗਯੋ ਨਿਸ ਬੀਤੇ।ਖਾਨ ਪਾਨ ਬਿਨ ਸਤਿਗੁਰ ਰੀਤੇ[5]।ਸਿੱਖਨਿ ਮਹਿਂ ਰੌਰਾ ਪਰਿ ਗਇਉ। 'ਗੁਰ ਕਿਤ ਗਏ ਨ ਸੁਧਿ ਕੋ ਪਇਉ'॥੨੬॥ਇਤ ਉਤ ਨਗਰ ਬਿਖੇ ਫਿਰਿ ਹੇਰੈਂ। ਪਿਖੈਂ ਧਰਮਸਾਲਾਦਿ ਘਨੇਰੈਂ।ਸਿੱਖਨਿ ਕੇ ਘਰ ਸਿੱਖ ਫਿਰੰਤੇ।'ਕਿਤ ਸਤਿਗੁਰੂ ਉਤਰੇ ਗੁਨਵੰਤੇ॥੨੭॥ਗਏ ਸ਼ਾਹੁ ਢਿਗ ਬਹੁਰਿ ਨ ਆਏ। ਕਿਧੌਂ ਸੁਧਾਸਰ ਕੋ ਗਮਨਾਏ'। ਫਿਰਤਿ ਫਿਰਤਿ ਸਰਕਾਰੀ ਲੋਕ[6]।ਬੂਝਨਿ ਕੀਨੇ ਸੋ ਅਵਿਲੋਕ ॥੨੮॥ ਤਿਨ ਤੇ ਸੁਧਿ ਗਨ ਸਿੱਖਨਿ ਪਾਏ । 'ਚੰਦੂ ਕੇ ਨਰ ਸੰਗ ਸਿਧਾਏ । ਤਿਸਕੇ ਸਦਨ ਪ੍ਰਵੇਸ਼ਤਿ ਹੇਰੇ। ਤਿਮਰ ਭਏ ਪਹੁੰਚੇ ਤਿਸਿ ਬੇਰੇ'॥੨੯॥ਪ੍ਰੇਮੀ ਸਿੱਖ ਤਹਾਂ ਕੋ ਗਏ।ਦਿਏ ਕਿਵਾਰ ਬਿਲੋਕਤਿ ਭਏ।ਅੰਤਰ ਸਿੱਖ ਪਠਤਿ ਇਕ ਬਾਨੀ ।–ਗੁਰੂ ਇਹਠਾਂ ਹੈਂ–ਤਬਿ ਸੁਧਿ ਜਾਨੀ ॥੩੦॥ ਝਿਰਕਨਿ ਕਰਹਿ ਸਿਪਾਹੀ ਤੌਨ[7] । 'ਕਹਾ ਤੂੰ ਬਕਹਿਂ ਬੈਠਿ ਧਰਿ ਮੌਨ' ।

[1]ਟੱਡੀਆਂ (ਅੱਖਾਂ)। [2]ਜੇ ਲੱਖ ਰੁਪੱਯਾ ਦੇਵਣ ਤਾਂ। [3]ਦੂਜਾ। [4]ਇਹ ਦੇਖੋ ਭਾਵ, ਇਹ ਗਲ ਸਿਰੇ ਚਾੜ੍ਹੋ। [5]ਖਾਲੀ (ਰਹੇ)। [6]ਸਰਕਾਰ ਦੇ ਲੋਕ। [7]ਤਿਨ੍ਹਾਂ ਨੂੰ।

ਵਹਿਰ ਖਰੇ ਪਿਖਿ ਦੀਏ ਹਟਾਈ। 'ਖਰੇ ਨ ਹੋਹੁ ਜਾਹੁ ਨਿਜਥਾਈ'[੧]॥੩੧॥
ਡਰੈਂ ਦੁਸ਼ਟ ਤੇ ਟਰਿ ਕਰਿ ਗਏ। ਸੁਧ ਆਪਸਿ ਮਹਿਂ ਕਰਤੇ ਭਏ।ਬਹੁਤ
ਬਿਸੂਰਤ ਚਲਹਿ ਨ ਚਾਰਾ[੧]।ਭੈ ਤੇ ਕਰਹਿਂ ਨ ਊਚ ਉਚਾਰਾ॥੩੨॥ਪੁਨ ਚੰਦੂ
ਗਮਨਯੋ ਗੁਰ ਤੀਰ। ਨਿਠੁਰ ਸੁਨਾਇ ਕਰਯੋ ਚਹਿ ਭੀਰੁ[੨]।'ਅਬਿ ਬੀ ਮਾਨਿ
ਸੁਤਾ ਕੋ ਨਾਤਾ।ਨਾਂਹਿ ਤ ਪ੍ਰਾਨ ਹੋਹਿੰਗੇ ਘਾਤਾ॥੩੩॥ਜੀਵਤਿ ਨਹਿਂ ਤਯਾਗੋਂ
ਅਬਿ ਤੋਹੀ। ਬਹੁ ਦਿਨ ਕੀ ਚਿੰਤਾ ਲਗਿ ਮੋਹੀ। ਦਿਯੋ ਕਸ਼ਟ ਪਤਿ ਸਭਿ
ਮੈਂ ਖੋਈ।ਅਬਿ ਲੌ ਤ੍ਰਾਸ ਭਯੋ ਨਹਿਂ ਕੋਈ॥੩੪॥ਆਨਹੁ ਅਗਨਿ ਤਪਾਵਹੁ
ਨੀਰ।ਬੀਚ ਬਿਠਾਵਹੁ ਤਪਹਿ ਸਰੀਰ।ਮੈਂ ਜਿਮ ਤਪਤਯੋ ਦਿਨ ਅਰੁ ਰਾਤੀ।
ਮਹਾਂ ਕਸ਼ਟ ਤੇ ਸੁਲਗਤਿ ਛਾਤੀ॥੩੫॥ਤਿਮ ਤਪਤਾਵੋ ਬਿਲਮ ਨ ਲਾਵਹੁ
। ਨਾਹਿ ਤ ਲੇ ਨਾਤਾ ਮਨਵਾਵਹੁ'। ਸੁਨੀ ਦੁਸ਼ਟ ਕੀ ਆਇਸੁ ਜਬੈ। ਜਲ
ਭਰਿ ਦੇਗ ਚਢਾਇਸਿ ਤਬੈ॥੩੬॥ਸਮਧਾ ਬਾਰਿਬਾਰਿ* ਤਪਤਾਯੋ[੩]। ਬਾਰਿ
ਬਾਰਿ–ਲਿਹੁ ਮਾਨਿ–ਸੁਨਾਯੋ[੪]। ਸੁਨਿ ਸਤਿਗੁਰੁ ਕੁਛ ਰਿਦੈ ਨ ਆਨੀ।
ਚਿਤੈਂ ਸ੍ਰਾਪ ਕਾਨ੍ਹਾ ਬ੍ਰਹਮ ਗਯਾਨੀ†॥੩੭॥ਕਹਯੋ ਬਾਕ'ਹਮ ਕੋ ਡਰਪਾਵੈਂ
।ਜਿਮ ਪੂਰਬ[੫] ਤਿਮਹੀ ਬਨਿ ਆਵੈ। ਨਹਿਂ ਤੁਵ ਦੁਹਿਤਾ ਲੇਂ ਕਬਿ ਨਾਤਾ।
ਚਿਤ ਜੋ ਚਹਤਿ ਪ੍ਰਾਨ ਕਰਿ ਘਾਤਾ॥੩੮॥ ਜਿਤੀ ਅਵੱਗਯਾ ਕਰੈਂ ਦੁਖਾਵੈਂ
। ਤਿਤੋ ਅੰਤ ਦੁਖ ਲਹਿਂ ਪਛੁਤਾਵੈਂ। ਕ੍ਰੋਧ ਬਸੀ ਹੁਇ ਜਿਮ ਅਘ ਕਰਤਾ।
ਪਰਹਿਂ ਨਰਕ ਜਮਫਾਸੀ ਧਰਤਾ'॥੩੯॥ਕਹਿ ਚੰਦੂ'ਅਬਿ ਗਯਾਨ ਸੁਨਾਵਤਿ
।ਕੂਕਰ ਕਹਯੋ ਨ ਤਬਿ ਡਰਪਾਵਤਿ। ਤਿਸ ਕੋ ਫਲ ਅਬਿ ਲੇਹੁ ਮਹਾਨਾ।
ਦੇਉਂ ਸਜਾਇ ਪ੍ਰਾਨ ਕਰਿ ਹਾਨਾ'॥੪੦॥ਗੁਰੂ ਭਨਯੋ'ਜੇ ਨਹਿਂ ਤਬਿ ਕਹਯੋ
। ਤਊ ਕਹਯੋ ਜੈਸੇ ਕਰਿ ਚਹਯੋ[੬]'।ਕਹਿ ਚਾਕਰ ਸੋ ਦੇਗ ਉਬਾਰੀ।'ਪਕਰੋ
ਦੇਹੁ ਤਿਸੀ ਮਹਿਂ ਡਾਰੀ'॥੪੧॥ਤਬਿ ਸਤਿਗੁਰੁ ਉਠਿ ਆਪੇ ਗਏ। ਤਪਤਿ
ਨੀਰ ਮਹਿਂ ਬੈਠਤਿ ਭਏ। ਹਾਹਾਕਰਿ ਹੋਰ ਸਿਖ ਕਰੈਂ। ਉਠਯੋ ਪਿਰਾਨਾ
ਸ਼ਕਤਿ ਨ ਜਰੈ॥੪੨॥ਗੁਰੁ ਦਿਸ਼ਿ ਚਲਯੋ ਕਿ–ਲਉਂ ਉਬਾਰੀ।ਹਤੌਂ ਦੁਸ਼ਟ
ਚੰਦੂ ਦੁਰਚਾਰੀ–।ਤਬਹਿ ਸਿਪਾਹੀ ਗਹਿ ਕਰਿ ਸੋਟਾ। ਦੁਇ ਤ੍ਰੈ ਹਤੇ ਜਾਤਿ

---

[੧]ਵੱਸ ਨਹੀਂ ਚੱਲਦਾ। [੨]ਕਮਜ਼ੋਰ ਦਿਲ ਕਰਨਾ ਚਾਹੁੰਦਾ ਹੈ। [੩]ਬਾਲਣ ਬਾਲਕੇ ਪਾਣੀ ਤਪਾਇਆ। [੪]ਵਾਰੰਵਾਰ ਸੁਣਾਇਆ 'ਮੰਨ ਲੋ'। [੫]ਪਹਿਲੇ (ਕਹਿਆ ਹੈ ਅਸਾਂ ਨੇ)। [੬]ਜਿਵੇਂ ਚਾਹੁੰਦਾ ਹੈਂ ਕਰ। *ਪਾ:–ਤਲੇ। †ਇਹ ਗੱਲ ਠੀਕ ਨਹੀਂ ਜਾਪਦੀ ਸਤਿਗੁਰ ਤਾਂ ਇਸ ਵੇਲੇ ਆਪਣੇ ਉੱਚੀਆਂ ਆਤਮ ਤਕੜਾਈਆਂ ਵਿਚ ਸਨ।

ਕੋ ਹੋਟਾ[1]॥੪੩॥ਸਤਿਗੁਰੁ ਕਹ੍ਯੋ 'ਨ ਆਵੋ ਤੀਰ।ਪਰਹਿ ਦੁਸ਼ਟ ਜਰ ਖਾਰੇ ਨੀਰ[2]।ਹਮ ਤੌ ਤਜਹਿਂ ਆਪਨੇ ਪ੍ਰਾਨ। ਲੇਹੁ ਸਾਸਨਾ ਤੁਮ ਕ੍ਯੋਂ ਆਨਿ' ॥ ੪੪॥ਖਰ੍ਯੋ ਦੂਰ ਕਰ ਜੋਰਿ ਪਿਰਾਨਾ।ਸ਼ਕਤਿ ਦਿਖਾਵਨਿ ਹੇਤੁ ਵਖਾਨਾ[3]। 'ਪ੍ਰਭੁ ਜੀ! ਰਹ੍ਯੋ ਜਾਇ ਨਹਿਂ ਮੋਤੇ। ਰਾਵਰ ਕੋ ਏਤਿਕ ਦੁਖ ਹੋਤੇ॥੪੫॥ ਦਿੱਲੀ ਲਵਪੁਰਿ ਨਗਰ ਬਿਸਾਲੇ।ਅਬਿ ਲੇਵੌਂ ਨਿਜ ਹਾਥ ਉਠਾਲੇ।ਦੁਹਨਿ ਭਿਰਾਵੋਂ ਜਿਉਂ ਕਰਤਾਰੀ[4]।ਦੇਉਂ ਨਾਸ ਕਰਿ,ਲਗਹਿ ਨ ਬਾਰੀ[5]॥੪੬॥ਕ੍ਯੋਂ ਇਤਨੇ ਦੁਖ ਸਹਹੁ ਗੁਸਾਈਂ।ਦਿਹੁ ਸ਼ਾਰਤ ਮੁਖ ਕਹਹੁ ਨ ਕਾਈ'। ਸੁਨਿ ਸਤਿਗੁਰੁ ਕਹਿ 'ਕਿਹ ਤੇ ਪਾਈ?।ਜੇ ਚਾਹਤਿ ਅਬਿ ਸ਼ਕਤਿ ਦਿਖਾਈ'॥ ੪੭॥ 'ਸੁਨਹੁ ਗੁਰੂ ਕਰਿ ਸੇਵ ਤੁਮਾਰੀ। ਭਯੋ ਕ੍ਰਿਪਾ ਤੇ ਪ੍ਰਾਕ੍ਰਮ ਭਾਰੀ। ਚੰਦੂ ਦੁਸ਼ਟ ਮੂਢ ਕ੍ਯਾ ਅਹੈ।ਨਾਸੌਂ ਤੁਰਕ ਨਾਮ ਨਹਿਂ ਰਹੈ॥੪੮॥ਜਿਨਕੇ ਰਾਜ ਮਹਾਂ ਅੰਨਿਆਇ। ਤੁਮ ਸਮ ਕੋ ਅਸ[6] ਹੋਤਿ ਸਜਾਇ'। ਗੁਰੂ ਕਹ੍ਯੋ 'ਜਿਨ ਕੀ ਕਰਿ ਸੇਵਾ। ਲਈ ਸ਼ਕਤਿ ਧਾਰਤਿ ਅਹੰਮੇਵ॥੪੯॥ਤਿਨ ਮਹੁਂ ਸ਼ਕਤਿ ਅਹੈ ਕੈ ਨਾਂਹੀ?।ਕਿਮ ਜਾਨਤਿ ਅਪਨੇ ਮਨ ਮਾਂਹੀ। ਜੇ ਜਾਨਤਿ ਤੂਸ਼ਨਿ ਕਰਿ ਰਹੋ। ਬੈਠੇ ਪਿਖਹੁ ਨਹੀਂ ਕੁਛ ਕਹੋ॥੫੦॥ ਨਾਂਹਿ ਤ ਛੂਛੇ ਹੀ ਰਹਿ ਜੈ ਹੈਂ। ਖੋਇ ਸ਼ਕਤਿ ਕੋ ਪੁਨ ਪਛੁਤੈ ਹੈਂ। ਹਮਨੇ ਇਮ ਹੀ ਕਾਰਨ ਕਰਨਾ।ਤੂੰ ਨਹਿਂ ਲਖੈਂ ਏਵ ਆਚਰਨਾ[7]*॥੫੧॥ਪਰਮ ਬਿਸੂਰਤਿ[8] ਤੂਸ਼ਨਿ ਹੋਵਾ।ਨੀਚ ਗ੍ਰੀਵ ਕਰਿ ਊਚ ਨ ਜੋਵਾ। ਸਤਿਗੁਰੁ ਬੈਠੇ ਦੇਗ ਮਝਾਰੀ।ਤਰੇ ਦੁਸ਼ਟ ਬਹੁ ਸਮਧਾ ਜਾਰੀ॥੫੨॥ ਅਗਨਿ ਧਾਰਿ ਉਰ ਡਰ ਸਮੁਦਾਊ।ਕਰ੍ਯੋ ਬਿਪਰਜੈ[9] ਅਪਨਿ ਸੁਭਾਊ।ਤੇਜ ਛੋਰਿ ਕਰਿ ਸੀਤਲ ਹੋਵਾ। ਗੁਰੁ ਤਨ ਤਾਪ ਤਨਕ ਨਹਿਂ ਜੋਵਾ॥੫੩॥ਦੋਹਰਾ॥ਕਿਤਿਕ ਕਾਲ ਬੈਠੇ ਰਹੇ ਪੁਨ ਖਲ ਕਹਿ ਨਿਕਸਾਇ। ਗਯੋ ਸਦਨ ਨਿਜ ਮੂਢ ਮਤਿ ਮਹਿਮਾ ਲਖੀ ਨ ਕਾਇ॥੫੪॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰਾਸੇ 'ਚੰਦੂ ਗੁਰੁ' ਪ੍ਰਸੰਗ ਬਰਨਨੰ ਨਾਮ ਚਤੁਰਤ੍ਰਿੰਸਤੀ ਅੰਸੂ ॥ ੩੪ ॥

੩੫. [ਚੰਦੂ ਦੀ ਨੂੰਹ। ਬਾਰੂ ਤਪਤ]।

ਦੋਹਰਾ॥ਗ੍ਰਿਹ ਚੰਦੂ ਕੇ ਸੁਧਿ ਭਈ ਸਤਿਗੁਰੁ ਕੋ ਦੁਖ ਦੇਤਿ।ਕਿਸੇ ਸਿੱਖ ਕੀ ਸੁਤਾ ਥੀ ਪਾਪੀ ਨੁਖਾ ਨਿਕੇਤਿ[10]॥੧॥ਚੌਪਈ॥ਸੁਨਿ ਪ੍ਰਸੰਗ ਦਲਕ੍ਯੋ[11] ਤਿਸ

---

[1]ਰੋਕਿਆ। [2]ਦੁਸ਼ਟ ਦੀ ਜੜ੍ਹ ਖਾਰੇ ਪਾਣੀ ਵਿਚ ਪੈ ਰਹੀ ਹੈ। [3]ਕਹਿਆ। [4]ਭਿੜਾ ਦੇਵਾਂ ਜਿਵੇਂ ਹੱਥਾਂ ਦੀ ਤਾੜੀ। [5]ਦੇਰ। [6]ਐਸੀ। [7]ਕਰਤੱਵ ਨੂੰ। [8]ਝੂਰਕੇ। [9]ਉਲਟਾ। [10]ਪਾਪੀ ਦੀ ਨੂੰਹ, ਘਰ (ਵਿਚ)। [11]ਕੰਬਿਆ। *ਇਥੇ ਭਾਣੇ ਮੰਨਣ ਤੇ ਸ਼ਕਤੀਵਾਨ ਹੋਕੇ ਦੁਖ ਝੱਲਣ ਦੇ ਕਮਾਲ ਗੁਰੂ ਜੀ ਦੇ ਕਵਿ ਜੀ ਨੇ ਦਿਖਾਏ ਹਨ।

ਰਿਦਾ।–ਮਮ ਨੈਹਰਿ[੧] ਮਾਨਹਿਂ ਜਿਹ ਸਦਾ। ਅਨਿਕ ਕਾਮਨਾ ਜਾਚਤਿ ਪਾਈ।ਗੁਰੁ ਗੁਰੁ ਸਿਮਰਤਿ ਨਿਤ ਸੁਖਦਾਈ॥੨॥ ਸਸੁਰ ਪਾਤਕੀ ਤਿਹ ਦੁਖ ਦੇਤਿ।ਕੋ ਅਧ੍ਯ ਤੇ ਮੈਂ ਇਨਹੁ ਨਿਕੇਤ।ਕਿਤਿਕ ਦਿਵਸ ਤੇ ਪਿਯੋ ਨ ਪਾਨੀ।ਖਾਇ ਨ ਭੋਜਨ ਨਿੰਦ੍ਰਾ ਹਾਨੀ॥੩॥ ਧਿਕ ਜੀਵਨ ਇਸ ਘਰ ਮਹਿਂ ਮੇਰੋ। ਗੁਰੁ ਕੋ ਦੁਖ ਸੁਨਿ ਥਿਰ ਹ੍ਵੈ ਹੇਰੋਂ[੨]–।ਰਹਯੋ ਨ ਗਯੋ ਮਿਠਾਈ ਘੋਰੀ[੩]।ਕੁਛ ਭੋਜਨ ਲੈ ਗਮਨੀ ਚੋਰੀ॥੪॥ਪਹੁੰਚੀ ਜਿਹਠਾਂ ਖਰੇ ਸਿਪਾਹੀ।ਸੁਕਚਤਿ ਡਰ-ਤਿ ਜਾਤਿ ਨਹਿਂ ਪਾਹੀ। ਇਕ ਹਕਾਰ ਕਰਿ ਅਪਨੇ ਪਾਸ। ਦੀਨਸਿ ਜ਼ੇਵਰ ਤਿਨਹਿ ਨਿਕਾਸਿ॥੫॥'ਰਾਖੋ ਗੁਪਤ ਸੁਨਾਵਹੁ ਨਾਂਹੀ।ਮੈਂ ਇਕ ਬੇਰਿ ਜਾਉਂ ਗੁਰ ਪਾਹੀ'। ਧਰੇ ਲੋਭਿ ਤੂਸ਼ਨਿ ਹੁਇ ਰਹੇ। 'ਜਾਇ ਤੁਰਤ ਆਵਹੁ' ਬਚ ਕਹੇ॥੬॥'ਚੰਦੂ ਪਾਤਕੀ ਲਖਹਿ ਨ ਜਿਸ ਤੇ।ਹਮਹੁ ਨਿਕਾਸਹਿ ਨਹਿਂ ਮਨ ਰਿਸ ਤੇ'। ਗਈਗੁਰੂ ਢਿਗਦੇਖਤਿਰੋਈ।ਨਮੋ ਠਾਨਿਕਹਿ ਬਿਨੈਭਿਗੋਈ[੪]* ॥੭॥'ਸ੍ਰੀ ਸਤਿਗੁਰੂ ਜੀ! ਪੀਜਹਿ ਪਾਨੀ। ਲਿਹੁ ਅਹਾਰ ਕੋ ਕੀਜਹਿ ਖਾਨੀ। ਪਾਪੀ ਕੇ ਸੁਤ ਸੋਂ ਮੈਂ ਬ੍ਯਾਹੀ।ਹੁਤੀ ਜੋਗਤਾ ਐਸੇ ਨਾਂਹੀ॥੮॥ਕਰਯੋ ਪਾਪ ਕੋ ਆਗੇ ਆਯਵ। ਜਿਸ ਕਰਿ ਇਨਕੇ ਸਦਨ ਬਸਾਯਵ[੫]। ਤੁਮਰੇ ਸਿਖਕੀ ਸੁਤਾ ਪਛਾਨਹੁ।ਨਿਜ ਦਾਸਨਿ ਲਗਿ ਕਰੁਨਾ ਠਾਨਹੁ'।੯।ਪਿਖਿ ਸਤਿਗੁਰੂ ਸ੍ਰੀ ਮੁਖ ਤੇ ਭਾਖਾ।'ਸਾਧੁ ਤੋਹਿ ਅਸ ਭਾਉ ਜਿ ਰਾਖਾ।ਜੇ ਕਰਿ ਚਹਿਂ ਅਪਨੀ ਕੱਲਯਾਨਾ। ਸੰਗ ਹਮਾਰੇ ਤਯਾਗਹੁ ਪ੍ਰਾਨਾ† ॥੧੦॥ ਜਰਾਂ ਉਖੇਰਹਿਂ ਚੰਦੂ ਕੇਰੀ। ਮਰਹਿ ਜਬੈ ਦੋਜ਼ਕ ਮਹਿਂ ਗੇਰੀ। ਇਹਾਂ ਹਮਾਰੋ ਪਲਟਾ ਲੈ ਕੈ। ਹਤਹਿਂ ਕੁਮੌਤ ਮਹਾਂ ਦੁਖ ਦੈ ਕੈ॥੧੧॥ਸਕਲ ਸਦਨ ਇਸ ਹੋਇ ਖਰਾਬ। ਥਿਰਹਿ ਨ ਕਿਮ[੬], ਇਮ ਬਨਹਿ ਸ਼ਿਤਾਬ।ਅਖਲ ਕੁਟੰਬ ਅਲੰਬ ਬਿਹੀਨੇ। ਰੋਦਤਿ ਮਰਹਿਂ ਮਹਾਂ ਦੁਖ ਲੀਨੇ[੭] ॥੧੨॥ ਰਾਖਹੁ ਗੋਪ ਬਤਾਵਹੁ ਕਾਹਿ

---

[੧]ਮੇਰੇ ਪੇਕੇ, ਮਾਪੇ। [੨]ਬੈਠਕੇ ਵੇਖਦੀ ਹਾਂ। [੩]ਮਿੱਠਾ ਘੋਲਿਆ। [੪]ਭਿੱਜੀ ਹੋਈ। [੫]ਵਸੀ ਹਾਂ। [੬]ਟਿਕੇਗਾ ਨਹੀਂ ਕਿਵੇਂ। [੭]ਦੁਖ ਲੈਕੇ ਯਾ ਦੁਖ ਵਿਚ ਲੀਨ ਹੋਏ ਹੋਏ।

*ਪਾঃ–ਕਰ ਬਿਨੈ ਬਿਗੋਈ।

†ਭਾਵ ਇਹ ਹੈ ਕਿ ਤੂੰ ਨਾਮ ਰਸੀਆ ਇਸ ਪਾਪ ਮੰਡਲ ਦੇ ਲਾਇਕ ਨਹੀਂ।ਪ੍ਰਾਣ ਤਿਆਗਣੇ ਬ੍ਰਿਤੀ ਅਰੂਢ ਲੋਕਾਂ ਲਈ ਖਾਸ ਦਰਜੇ ਤੇ ਅਖਤਿਆਰ ਵਿਚ ਹੁੰਦੇ ਹਨ। ਅੱਗੇ ਗੁਰੂ ਜੀ ਚੰਦੂ ਦੀ ਭਵਿੱਖਤ ਦੱਸਦੇ ਹਨ ਤੇ ਅੱਗੇ ਚਲਕੇ ਅੰਸੂ ੩੭ ਅੰਕ ੪੩ ਵਿਚ ਦੱਸਦੇ ਹਨ ਕਿ ਬੀਬੀ ਜੀ ਤ੍ਰਿਣ ਵਾਂਙੂ ਸਰੀਰ ਤਿਆਗ ਗਏ, ਭਾਵ ਹੈ ਕਿ ਨਿਜ ਇੱਛਾ ਨਾਲ ਹੀ ਟੁਰ ਗਏ, ਜਿਵੇਂ ਜੋਗੀ ਜਾਂਦਾ ਹੈ।

ਨ।ਸੰਕਟ ਇਨਹੁ ਸੰਗ ਸਹਿ ਨਾਹਿਨ[1]।ਖਾਨ ਪਾਨ ਇਸ ਕੇ ਘਰ ਕੇਰਾ। ਹਮ ਨਹਿਂ ਕਰਹਿਂ, ਜਾਹੁ ਲੇ ਫੇਰਾ' ॥ ੧੩ ॥ ਸੁਨਿ ਸਤਿਗੁਰੁ ਤੇ ਸਗਰੀ ਬਾਤ। ਆਛੋ ਲਖ੍ਯੋ ਪ੍ਰਾਨ ਕੋ ਘਾਤ। ਕਹਤਿ 'ਆਪਨੇ ਸੰਗ ਮਿਲਾਵਹੁ। ਕਰਹੁ ਕ੍ਰਿਪਾ ਲੇ ਸੰਗ ਸਿਧਾਵਹੁ'॥੧੪॥ਅੰਗੀਕਾਰ ਨ ਗੁਰੁ ਕੁਛ ਕੀਨੋ।ਹਟਿ ਗਮਨੀ ਮਰਿਬੋ ਨਿਜ ਚੀਨੋ।ਅਧਿਕ ਦੁਖੀ ਹੁਇ ਪਰੀ ਬਿਚਾਰੀ। ਬਸਿ ਨ ਬਸਾਵਹਿ ਹੁਈ ਲਚਾਰੀ॥੧੫॥ਬੀਤਿ ਜਾਮਨੀ ਸੋ ਤਬਿ ਗਈ। ਬੈਠੇ ਗੁਰੁ ਪ੍ਰਭਾਤਿ ਤਬਿ ਭੁਈ। ਚੰਦੂ ਦੁਸ਼ਟ ਬਿਚਾਰਤਿ ਮਨ ਮੈਂ।–ਅਗਨਿ ਤਾਪ ਤੇ ਪੀਰ ਨ ਤਨ ਮੈਂ॥੧੬॥ਤ੍ਰਾਸ ਪਾਇ ਨਹਿਂ ਮਾਨੀ ਬਾਤ।ਨਹਿਂ ਜਾਨਤਿ ਮੇਰੋ ਹੁਇ ਘਾਤਿ। ਤਪਤ ਬਾਰਿ ਕੀ[2] ਲਗੀ ਨ ਕੋਊ। ਬਾਰੂ ਤਪਤਿ[3] ਲਗਾਇਵ ਸੋਊ–॥੧੭॥ ਇਮਿ ਚਿਤਵਤਿ ਹੀ ਖਾਇ ਅਹਾਰਾ। ਆਇ ਪਾਤਕੀ ਬਡ ਹੱਤਯਾਰਾ।ਪੌਰ ਬਿਖੈ ਸਿੱਖਾਨ ਕੋ ਹੇਰਾ।ਠਾਂਢੇ ਹੋਇ ਕਹ੍ਯੋ ਤਿਸ ਬੇਰਾ॥੧੮॥ 'ਇਹਸਿਖ ਰੰਕ ਕਹਤਿ ਕਯਾ ਕਾਲੀ। ਕਰਹੁ ਤਾੜਨਾਂ ਇਨਹਿ ਬਿਸ਼ਾਲੀ। ਡਰਪਾਵਤਿ ਮੁਹਿ ਅਚਰਜ ਦੇਬਾ[4]।ਛੁਟਿਬੇ ਕਾਰਨ ਕਰਤਿ ਫਰੇਬਾ॥੧੯॥ ਮੁਸ਼ਕਲ ਮੁਝ ਤੇ ਹੋਨਿ ਖਲਾਸੀ। ਮਾਨਹਿ ਜੇ ਨਹਿਂ ਤੌ ਦੇ ਫਾਸੀ। ਇਨ ਜੈਸਨਿ ਤੇ[5] ਸੁਨਿ ਗਰਬਾਯੋ।ਨਹੀਂ ਮੋਹਿ ਕਹੁ ਮਨ ਮਹਿਂ ਲਯਾਯੋ'॥੨੦॥ਇਮ ਕਹਿ ਸੋਟੇ ਕੁਛ ਮਰਵਾਏ। ਰਹੇ ਮੌਨਿ ਗੁਰ ਤੇ ਡਰਪਾਏ। ਨਹੀਂ ਸ਼ਕਤਿ ਕਿਨ ਕੀਨਿ ਦਿਖਾਵਨਿ।ਬੈਠਿਰਹੇ ਕਰਿਮਨ ਮੁਰਝਾਵਨਿ॥੨੧॥ਪੁਨ ਗਮ-ਨਯੋ ਸਤਿਗੁਰ ਕੇ ਪਾਸ।ਕਹੈ ਕੁਬਾਕ ਉਪਾਵਹਿ ਤ੍ਰਾਸ। 'ਕੂਕਰ ਕਹਿਬੇ ਕੋ ਫਲ ਜੋਈ।ਲਹ੍ਯੋ ਕਿ ਨਹੀਂ ਬਤਾਵਹੁ ਸੋਈ॥੨੨॥ ਅਬਿ ਲੌ ਕਹਾਂ ਸਾਸਨਾ ਬਨੀ[6]। ਦੇਖਹੁ ਆਜ ਹੋਹਿ ਜਿਮ ਘਨੀ। ਹੋਤਿ ਨਹੀਂ ਮੈਂ ਮਿੱਥਯਾ ਬਾਦੀ[7]। ਦਯੋਂ ਅਤਿਗ੍ਰਾਮੀ ਕਿ ਦਯੋਂ ਅਬਿਸ਼ਾਦੀ॥੨੩॥ਜਿਸ ਧਨ ਕੋ ਠਾਨਤਿ ਹੰਕਾਰ। ਸੋ ਸਭਿ ਜਪਤਿ[8] ਕਰੋਂ ਘਰਬਾਰਿ।ਪ੍ਰਥਮ ਕਰੋਂ ਤੇਰੋ ਤਨਘਾਤਿ।ਪੁਨ ਗਹਿ-ਵਾਇ ਲੇਹੁਂ ਤੁਵ ਤਾਤ॥੨੪॥ਨਾਤਾ ਮਾਨਹਿ ਕਰੋਂ ਖਲਾਸੀ।ਨਾਂਹਿ ਤ ਹਤੌਂ ਘਾਲਿ ਗਰ ਫਾਸੀ[9]।ਤਬਿ ਪ੍ਰਾਪਤਿ ਹੁਇ ਮਨ ਚਿਤ ਸ਼ਾਂਤੀ। ਬਿਧਵਾ ਲਖੌਂ ਸੁਤਾ ਪਸ਼ਚਾਤੀ'॥੨੫॥ਇਮ ਕਹਿ ਭਾਠ ਬਿਖੈ ਤੇ ਬਾਰੂ।ਮੰਗਵਾਇਸ ਤਿਹ

---

[1]ਨਾਂ ਸਹਾਰੋ। [2]ਜਲ ਦੀ ਤੱਪਸ਼। [3]ਰੇਤ ਤੱਤੀ। [4]ਡਰਾਂਵਦਾ ਸੀ ਮੈਨੂੰ ਅਸਚਰਜਤਾ ਦੇਕੇ। [5]ਇਸ ਤਰ੍ਹਾਂ ਸਿਖਾਂ ਤੋਂ। [6]ਹੁਣ ਤੱਕ ਕੀ ਸਜ਼ਾ ਹੋਈ ਹੈ! [7]ਝੂਠ ਕਹਿਣ ਵਾਲਾ। [8]ਜ਼ਬਤ=ਖੋਹ ਲੈਣਾ। [ਅ: ਜ਼ਬਤ]। [9]ਗਲ ਵਿਚ ਫਾਹੀ ਪਾਕੇ।

ਕਰਹਿ ਨਿਹਾਰੁ। ਤਪਤ ਕਰਨਿ ਕੀ ਆਇਸੁ ਦਈ। ਬਹੁ ਸਮਧਾ ਊਪਰ
ਤਿਸ ਪਈ॥੨੬॥ਦੇ ਦੇ ਆਂਚਿ[1] ਤਪਤਿ ਕਰਿਵਾਯੋ। ਅਗਨਿ ਸਮਾਨ ਤੇਜ਼
ਪ੍ਰਵਿਸ਼ਾਯੋ। ਇਕ ਜੇਸਠ ਕੀ ਰੁਤਿ ਅਤਿ ਘਾਮਾ। ਮਹਾਂ ਤਪਤਿ ਤੇ ਤਪਹਿ
ਤਮਾਮ॥੨੭॥ ਲੋਵਾਂ ਚਲਹਿਂ ਸਹੀ ਨਹਿਂ ਜਾਹਿਂ। ਪੁਨ ਪਾਵਕ ਕੋ ਭਾ ਬਹੁ
ਦਾਹਿ।ਜਿਸ ਦਿਨ ਤੇ ਪ੍ਰਵਿਸ਼ੇ[2]ਗੁਨਖਾਨੀ।ਅਚਯੋਨ ਭੋਜਨ ਪਿਯੋ ਨ ਪਾਨੀ
॥੨੮॥ਸਿਕਤਾ ਤਪਤਿ ਬਿਲੋਕਤਿ ਬੋਲਾ।ਮਨੋ ਨਰਕ ਦਰ ਢਾਂਪਨਿ ਖੋਲਾ[3]।
'ਲਯਾਵਹੁ ਵਹਿਰ ਦਿਖਾਇ ਬਿਠਾਵਹੁ। ਨਹਿਂ ਜੇ ਕਰੈ ਤ੍ਰਾਸ ਉਪਜਾਵਹੁ॥
੨੯॥ਤਬਿ ਸਤਿਗੁਰੁ ਉਠ ਬਾਹਿਰ ਆਏ। ਧਰਨੀ ਧਰਨੀ ਧੀਰ ਸਿਖਾਏ[4]।
ਹਰਖ ਸ਼ੋਕ ਕੋ ਲੇਸ਼ ਨ ਰਿਦੇ।ਤਨ ਹੰਤਾ ਉਤਪਤਿ ਨਹਿਂ ਕਦੇ॥੩੦॥ਜਸ
ਆਵਸਥਾ ਹੁਇਬ੍ਰਹਮ ਗਯਾਨੀ। ਜਗ ਮਹਿਂ ਜਨੁ ਜਨਾਇ ਬਿਦਮਾਨੀ[5]।
ਭੂਖ ਨ ਪਯਾਸ ਨ ਮੁਖ ਮੁਰਝਾਇਆ। ਮਨ ਕੀ ਬ੍ਰਿਤਿ ਇਕ ਰਸ ਸੁਖ
ਪਾਇਆ॥੩੧॥ ਕਹਸਿ ਕਠੋਰ ਚੰਦੁ ਕੁਲਘਾਤੀ। 'ਇਨ ਕੀਨਸਿ ਛਾਤੀ
ਮੁਝ ਤਾਤੀ। ਤਿਮ ਅਬਿ ਤਪਤਾਵਹੁ ਉਤਪਾਤੀ[6]। ਇਸ ਤੇ ਪਰੇ ਨ ਅਪਰ
ਅਰਾਤੀ[7]॥੩੨॥ਧਰੀ ਮੌਨ ਅਬਿ ਆਇ ਨ ਬਾਨੀ। ਬੈਨਤਿ ਬੋਲਤਿ ਬਨਿ
ਬ੍ਰਹਮਗਯਾਨੀ।ਕੂਕਰ ਕਹਯੋ ਕਲੰਕਤਿ ਕੀਯੋ। ਅਬਿ ਤਾਪਹੁ ਜਿਮ ਤਪਿ
ਮਮ ਹੀਯੋ[8]॥੩੩॥ਸਿਕਤਾ ਤਪਤ ਅਰੂਢਨਿ ਲਾਗੇ।ਬੋਲੇ'ਸੁਨੀਯਹਿ ਮੂਢ
ਕੁਭਾਗੇ!।ਅਪਨੋ ਭਾਖਯੋਨਹੀਂ ਬਿਚਾਰਤਿ।ਕੂਕਰ ਹੈ ਕਿਰਾੜ ਝਖ ਮਾਰਤਿ
॥੩੪॥ਸਕਲ ਬੰਸ ਕੀ ਜਰਾਂ ਉਖਾਰਹਿਂ। ਅਪਨੇ ਪਰ ਅਪਦਾ ਬਹੁ ਡਾਰਹਿਂ।
ਦੋਜ਼ਕ ਦੀਰਘ ਦੁਖਦ ਸਹੇਰੈਂ[9]। ਮਰਿ ਕੁਮੌਤਿ ਤੂਰਨ ਫਲ ਹੇਰੈਂ॥੩੫॥
ਹਮ ਤੇ ਤਯਾਗਨਿ ਅਹੈ ਸਰੀਰ। ਸਮਾ ਆਨਿ ਪਹੁੰਚਯੋ ਅਤਿ ਤੀਰ'।ਇਮ
ਬੋਲਤਿ ਆਰੂਢਨਿ ਕਰੇ। ਰੇਤ ਹੁਤਾਸਨ ਸਮ[10] ਪਰਿ ਖਰੇ॥ ੩੬॥ ਸਿਖ
ਲੰਗਾਹੁ ਪਿਰਾਣਾ ਦੌਨ।ਇਕ ਬਾਰੀ ਦੌਰੇ ਮਨ ਭੌਨ।-ਤਪਤਰੇਤ ਪਰ ਹਮ
ਤਨ ਪਰੇ।ਸੁਖਸੋਂਹੁਇਂ ਗੁਰੁ ਊਪਰ ਖਰੇ[11]॥੩੭॥ਇਨ[12]ਕਾਰਨ ਨਿਕਸਹਿਂ

---

[1]ਅੱਗ। [2](ਚੰਦੂ ਦੇ ਘਰ) ਵੜੇ। [3]ਮਾਨੋ (ਆਪਣੇ) ਨਰਕ (ਪੈਣ ਦੇ) ਦਰਵੱਜੇ (ਦਾ) ਢੱਕਣ ਖੋਲ੍ਹਿਆ ਹੈ। [4](ਜਿਨ੍ਹਾਂ ਨੇ) ਧਰਤੀ ਨੂੰ ਧੀਰਜ ਧਾਰਨਾ ਸਿਖਾਇਆ ਹੈ। (ਅ) ਧਰਤੀ (ਵਾਙ) ਧੀਰਜ ਧਾਰਨਾ। [5]ਮਾਨੋ ਜਣਾਕੇ ਪ੍ਰਗਟ ਕੀਤੀ ਹੈ (ਬ੍ਰਹਮ ਗਿਆਨੀ) ਦੀ ਦਸ਼ਾ। [6]ਉਪੱਦ੍ਰਵੀ। [7]ਵੈਰੀ। [8]ਜਿਵੇਂ ਤਪਦਾ ਹੈ ਮੇਰਾ ਹਿਰਦਾ। [9]ਸਹੇੜਦਾ ਹੈਂ। [10]ਅਗਨੀ ਵਰਗੀ (ਤੱਤੀ) ਰੇਤ। [11](ਸਾਡੇ ਤਨ) ਦੇ ਉੱਤੇ। [12]ਭਾਵ ਗੁਰੂ ਜੀ ਦੇ।

ਜੇ ਪ੍ਰਾਨ। ਤੌ ਹਮ ਹੋਵਹਿਂ ਧੰਨ ਮਹਾਨਾ।ਨਹਿਂ ਇਨ ਕੋ ਦੁਖ ਦੇਖਨਿ ਕਰੈਂ। ਆਛੀ ਬਾਤ ਦੇਹਿ ਪਰਹਰੈਂ–॥੩੮॥ਹੇਰਤਿ ਚੰਦੁਸਿਪਾਹੀ ਪ੍ਰੇਰੇ।ਲਏ ਲਸ਼ਟਕਾ ਧਾਇ ਘਨੇਰੇ।ਹਾਥਨਿ ਪਰ ਪੈਰਨਿ ਪਰ ਮਾਰਿ।ਗਹਿ ਕਰਿ ਮੋਰੇ ਬਹੁ ਬਲ ਧਾਰਿ॥੩੯॥ ਸ੍ਰੀ ਗੁਰੁ ਕਰਹਿਂ ਬਰਜਨਾ ਘਨੇ।'ਕਸੌਂ ਤੁਮ ਆਵਤਿ ਹੋ ਰਿਸ ਮਨੇ[1]।ਬੈਠੇ ਰਹੋ ਖਾਤਿ ਕਸੌਂ ਮਾਰਿ?।ਇਹ ਸਭਿ ਹੈ ਹਮਰੇ ਅਨੁਸਾਰਿ’॥੪੦॥ ਕਹੈ ਪਿਰਾਨਾ 'ਰਹ੍ਯੋ ਨ ਜਾਇ। ਤੁਮਰੋ ਦੁਖ ਨਹਿਂ ਦੇਖ ਸਕਾਇਂ। ਅਪੁਨੇ ਪ੍ਰਾਨ ਦੇਨਿ ਅਭਿਲਾਖੇਂ।ਰਾਵਰ ਕੇ ਸਰੀਰ ਕੋ ਰਾਖੇਂ’॥੪੧॥ ਕਹ੍ਯੋ ਗੁਰੂ'ਇਮ ਕੀਜਹਿ ਤਬੈ।ਹਮਰੀ ਆਇਸੁ ਹੋਵਹਿ ਜਬੈ।ਅਬਿ ਹਮਰਾ ਇਹ ਖੇਲ ਪਸਾਰ।ਬੈਠੇ ਪਿਖਹੁ ਹੋਇ ਜਿਮ ਸਾਰਾ’॥੪੨॥ਪੁਨਹ ਦੁਸ਼ਟ ਨੇ ਕਹਿ ਬਿਠਵਾਏ। ਥਿਰ ਸਤਿਗੁਰੁ ਕੁਛ ਖੇਦ ਨ ਪਾਏ। ਚੌਦਹ ਲੋਕ ਰਚੇ ਜਿਨ ਕੇਰੇ।ਤੇਜ ਹੁਤਾਸਨ[2] ਹੁਇ ਕਿਮ ਨੇਰੇ॥੪੩॥ ਤਪਤਿ ਰੇਤ ਪਰ ਨਿਸ਼ਚਲ ਬੈਸੇ।ਸੁਖ ਤੇ ਮ੍ਰਿਦੁ ਆਸਨ ਪਰ ਜੈਸੇ। ਇਤ ਉਤ ਅੰਗ ਨਹੀਂ ਡੁਲਧੰਤੇ। ਭਏ ਮੌਨ ਕੁਛ ਨਹੀਂ ਕਹੰਤੇ॥੪੪॥ ਕਹ੍ਯੋ ਦੁਸ਼ਟ ਪੁਨ'ਕਰਛੇ[3] ਲੈ ਕੈ। ਤਪਤਿ ਰੇਤ ਦਿਹੁ ਊਪਰ ਪੈ ਕੈ।ਨਹਿਂ ਬੋਲਤਿ ਨਹਿਂ ਮਾਨਤਿ ਨਾਤਾ।ਇਸ ਕੇ ਗਾਤ ਲਗਹਿ ਨਹਿਂ ਤਾਤਾ’॥੪੫॥ਭਰਿ ਕਰਛੇ ਤਬਿ ਊਪਰ ਪਾਏ।ਨਹਿਂ ਕੁਛ ਕਹ੍ਯੋ ਨ ਅੰਗ ਡੁਲਾਏ। ਦੁਹੁ ਦਿਸ਼ਿ ਤੇ ਤਾਤੋ ਅਤਿ ਬਾਰੂ[4]। ਪਰਿ ਸਰੀਰ ਪਰ ਬਹੁ ਦੁਖ ਕਾਰੂ॥੪੬॥ਨਿਜ ਇੱਛਾ ਕਰਿ ਗਾਤ ਸਮੂਹੇ[5]।ਸਤਿਗੁਰ ਕੈ ਤਬਿ ਪਰੇ ਫਲੂਹੇ। ਅਜ਼ਮਤ ਨਹਿਂ ਜਾਨੈ ਦੁਰਚਾਰੀ। ਬਿਨ ਪੀਰਾ ਗਨ[6] ਕਰੇ ਦਿਖਾਰੀ॥੪੭॥ਦੋਇ ਜਾਮ ਲਗਿ ਬਾਧਾ[7] ਦੀਨਸਿ। ਨਹੀਂ ਤ੍ਰਾਸ ਮਨ ਦੁਸ਼ਟਨਿ ਕੀਨਸਿ। ਬੈਠੇ ਰਹੈਂ ਅਬੋਲ ਅਡੋਲ। ਸਤਿਗੁਰ ਮਹਿਮਾ ਮਹਾਂ ਅਤੋਲ॥੪੮॥ਅਜਰ ਜਰਨਿ ਕੀ ਔਧਿ[8] ਜਨਾਈ। ਇਤੋ ਕਸ਼ਟ ਤੇ ਨਹੀਂ ਦਿਖਾਈ। ਇੰਦ੍ਰ ਆਦਿ ਜੋਤਿਕ ਸੁਰ ਸਾਰੇ। ਚੱਕ੍ਰਿਤ ਚਿਤ ਗੁਰਿ ਚਲਿਤ ਨਿਹਾਰੇ॥੪੯॥'ਧੰਨਜ ਧੰਨਜ’ ਸਭਿ ਕਰਹਿਂ ਬਖਾਨਾ। 'ਇਨ ਤੇ ਬਿਨਾ ਨ ਐਸੋ ਆਨਾ’। ਕਰਿ ਬੰਦਨ ਸੁਰ ਸਦਨ ਸਿਧਾਰੇ। ਆਪਸ ਬਿਖੈ ਬ੍ਰਿਤੰਤ ਉਚਾਰੇ॥੫੦॥ਗਯੋ ਦੁਸ਼ਟ ਪੁਨ ਗੁਰੁ ਨਿਕਸਾਏ।ਪੂਰਬ ਥਲ ਤਹਿਂ ਆਨਿ ਬਿਠਾਏ। ਸਭਿ ਤਨ ਪਰਿ ਜਰਿਬੇ ਬ੍ਰਿਣ ਭਏ[9]। ਕਾਨਾ ਸ੍ਰਾਪ ਸਾਚ

---

[1]ਕ੍ਰੋਧ ਵਾਲਾ ਮਨ ਕਰਕੇ। [2]ਅਗਨੀ ਦਾ ਤੇਜ। [3]ਕੜਛੇ। [4]ਰੇਤ। [5]ਸਾਰੇ ਸਰੀਰ ਤੇ। [6]ਬਹੁਤੇ (ਛਾਲੇ)। [7]ਪੀੜਾ। [8]ਹੱਦ। [9]ਸੜਨ ਦੇ ਕਾਰਨ ਫਲੂਹੇ ਪੈ ਗਏ; ਯਾ ਸਾੜ ਪਾਉਣ ਵਾਲੇ ਫਲੂਹੇ।

ਚਹਿ ਕਏ ॥ ੫੧ ॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰਾਸੇ 'ਚੰਦੂ ਅਰੁ ਗੁਰ' ਪ੍ਰਸੰਗ ਬਰਨਨੰ ਨਾਮ ਪੰਚ ਤ੍ਰਿੰਸਤੀ ਅੰਸੂ ॥ ੩੫ ॥

੩੬. [ਤਪਤ ਲੋਹ। ਚੰਦੂ ਦੀ ਨੂੰਹ]।

ਦੋਹਰਾ ॥ ਭਈ ਜਾਮਨੀ ਆਨਿ ਕਰਿ ਛਾਯੋ ਤਿਮਰ ਮਹਾਨ। ਖਰਭਰ[੧] ਪਰਯੋ ਬਿਸਾਲ ਤਬਿ ਜੇ ਜਗ ਅਜ਼ਮਤ ਵਾਨ[੨] ॥੧॥ ਚੌਪਈ॥ ਚਲਿ ਆਯੋ ਤਬਿ ਗੋਰਖ ਨਾਥ।ਸਿੱਧ ਚੁਰਾਸੀ ਲੇ ਕਰਿ ਸਾਥ।ਮੁਰਛਿਤ ਕੀਨਿ ਸਿਪਾਹੀ ਸਾਰੇ। ਦੇਖਿ 'ਅਦੇਸ ਅਦੇਸ' ਉਚਾਰੇ॥੨॥ਸਨਮੁਖ ਖਰੋ ਹੋਇ ਕਰਿ ਬੋਲਾ॥ 'ਦ੍ਰਿੜ੍ਹ ਨਿਸ਼ਚਾ ਉਰ ਅਧਿਕ ਅਡੋਲਾ। ਅਜਰ ਜਰਨਿ ਤੁਮ ਸਮ ਨਹਿੰ ਆਨ। ਹੇਰਤਿ ਸਗਰੇ ਭਏ ਹਿਰਾਨ॥੩॥ ਏਤਿਕ ਤਾਪ ਸਹੇ ਨਹਿੰ ਡੋਲੇ। ਨਸਹਿ ਜਗਤ ਜਿਨ ਇਕ ਬਚ ਬੋਲੇ। ਤੁਮ ਨਿਜ ਨੇਮ ਨਿਬਾਹਨਿ ਕਰੋ। ਦੁਸ਼ਟ ਬਿਨਾਸ਼ਨਿ ਇੱਛ ਨ ਧਰੋ॥੪॥ਮੈਂ ਅਬਿ ਪਾਪੀ ਕੋ ਘਰ ਜੇਤੋ।ਅਵਨੀ ਖੰਡ[੩]ਉਲਟ ਦਿਉਂ ਤੇਤੋ। ਮਹਾਂ ਅਵੱਗਯਾ ਕੋ ਫਲ ਪਾਵੈ।ਪੁਨ ਜਗ ਮਹਿੰ ਨਹਿੰ ਸੰਤ ਦੁਖਾਵੈ॥੫॥ਨਾਂਹਿ ਤ ਦੁਸ਼ਟ ਹੰਕਾਰੀ ਹੋਇ।ਦੇਹਿ ਕਸ਼ਟ ਸੰਤਨਿ ਸਭਿ ਕੋਇ'। ਸ਼੍ਰੀ ਸਤਿਗੁਰ ਸੁਨਿ ਕਰਿ ਕਹਿੰ ਬੈਨ। 'ਮਨ ਸੰਤਨਿ ਕੇ ਤ੍ਰਾਸ ਰਹੈ ਨਾ॥੬॥ਹਮ ਨੇ ਕਰਨੋ ਹੈ ਅਸ ਖੇਲੋ। ਆਇ ਅਪਰ ਕੋ ਬਿਘਨ ਨ ਮੇਲੋ। ਹੋਨਿਹਾਰ ਪਰ ਨਿਸ਼ਚਾ ਕਰਨੋ।ਇਹ ਸੰਤਨ ਕੋ ਮਤ ਬਰ ਬਰਨੋ ॥੭॥ ਇਹੀ ਬਾਤ ਅਬਿ ਦੇ ਕਰਿ ਜਾਵੋ। ਤਨੁ ਹੰਤਾ ਧਰਿ ਨਹੀਂ ਡੁਲਾਵੋ'। ਸੁਨਿ ਕਰਿ 'ਧੰਨਯ ਧੰਨਯ' ਕਹਿ ਗਏ। ਗੁਰੁ ਰੁਖ ਦੇਖਿ ਨ ਸਿਧ ਪ੍ਰਗਟਏ ॥ ੮ ॥ ਛਿਨ ਮਹਿੰ ਕੁਛ ਤੇ ਕੁਛ ਕਰਿ ਦੇਵੈਂ। ਹੇਰਤਿ ਜਿਨ ਕੋ ਨਰ ਗਨ ਸੇਵੈਂ।ਅਵਸਰ ਪਾਇ ਪੀਰ ਪੁਨ ਆਏ*।ਕਰਾਮਾਤ ਕਾਮਲ ਸਮੁਦਾਏ॥੯॥ ਨਮੋ ਕਰੀ ਹੁਇ ਖਰੇ ਅਗਾਰੀ।'ਕਯੋਂ ਤੁਮ ਸਹੋ ਕਸ਼ਟ ਤਨੁ ਭਾਰੀ? ਹਤਹਿੰ ਦੁਸ਼ਟ ਕੋ ਬਿਲਮ ਨ ਲਾਵੈਂ।ਆਗਯਾ ਤਨਕ ਆਪ ਕੀ ਪਾਵੈਂ'॥੧੦॥ਸਭਿ ਕੋ ਸਾਦਰ ਬਾਕ ਉਚਾਰੇ। 'ਕਯੋਂ ਤੁਮ ਨਾਨਾ ਦ੍ਰਿਸ਼ਟਿ ਨਿਹਾਰੇ[੪]?।ਏਕ ਆਤਮਾ ਪੂਰਨ ਸਾਰੋ। ਜਗਤ ਅਕਾਰ ਜਾਨਿ ਸਭਿ ਕਾਚੋ॥੧੧॥ਹਮਰੇ ਤਨ ਤਯਾ-ਗਨਿ ਮਹਿੰ ਐਸੇ। ਕਾਰਨ ਅਨਿਕ ਜਾਨੀਅਹਿ ਤੈਸੇ। ਸਮਾਂ ਸੁ ਪਹੁੰਚਯੋ ਲਖਿ ਚਿਤ ਰਾਚੋ।ਕਰਯੋ ਚਹੈਂ ਹਮ ਸਭਿ ਕੋ ਸਾਚੋ॥੧੨॥ਆਪ ਆਪਨੇ ਥਾਨ

---

[੧]ਖਰਬਰਾਟ। [੨]ਜੋ ਜਗਤ (ਵਿਚ) ਕਰਾਮਾਤ ਵਾਲੇ ਸਨ (ਤਿਨ੍ਹਾਂ ਵਿਚ)। [੩]ਧਰਤੀ (ਨਾਲੋਂ) ਤੋੜਕੇ (ਅ) ਪ੍ਰਿਥਵੀ ਦਾ (ਇਤਨਾ) ਟੋਟਾ। [੪]ਨਾਨਾਪਨੇ ਦੀ ਨਜ਼ਰ ਨਾਲ ਦੇਖਦੇ ਹੋ, 'ਇਕ' ਵੇਖੋ।

*ਮੀਆਂ ਮੀਰ ਦਾ ਆਉਣਾ ਬੀ ਹੋਰਨਾਂ ਨੇ ਲਿਖਿਆ ਹੈ।

ਸਿਧਾਵੇ । ਹਮਰੀ ਖੇਲ ਬੀਚ ਨਹਿੰ ਆਵੇ'। ਸੁਨਤਿ 'ਧੰਨਜ' ਕਹਿ ਕਰਿ ਸਭਿ ਗਏ। ਸਵਾਧਾਨ ਚਾਕਰ ਸਭਿ ਭਏ ॥੧੩॥ ਕਹੈਂ ਪਰਸਪਰ 'ਸੁਪਤੇ ਸਾਰੇ[1]। ਚਲੇ ਜਾਤਿ ਲਖਿ ਚੰਦੂ ਮਾਰੇ[2]'।ਗਹਿ ਅਸਿ ਢਾਲ[3]ਭਏ ਸਵਧਾਨੂ। ਇਕ ਆਸਨ ਗੁਰੁ ਥਿਰੇ ਸਥਾਨੂ[4]॥੧੪॥ ਸਕਲ ਜਾਮਨੀ ਗਈ ਬਿਹਾਇ। ਦਿਵਸ ਚਢੇ ਉਠਿ ਪਾਪੀ ਆਇ। ਰਿਦੇ ਬਿਚਾਰਹਿ–ਬਡ ਹਠਵੰਤਾ। ਇਤੋ ਕਸ਼ਟ ਤੈ ਨਹੀਂ ਬੁਲੰਤਾ ॥੧੫॥ ਭੈ ਕਰਿ ਨਾਤਾ ਨਾਂਹਿਨ ਮਾਨਹਿ। ਬਿਨਾ ਤ੍ਰਾਸ ਤੇ ਬਾਕ ਬਖਾਨਹਿ। ਬਾਰਿਬਾਰਿ ਬਾਰੀ ਬਹੁ ਬਾਰੂ[5]। ਅਤਿ ਤਪਤਾਏ ਥਿਰਜੋ ਮਝਾਰੂ॥੧੬॥ ਪ੍ਰਾਨ ਜਾਨਿ ਲਗਿ ਹਠ ਪਹੁੰਚਾਵੇ। ਨਹਿੰ ਤਜਾਗੌਂ ਮੈਂ ਜਿਯਤਿ ਜਿ ਜਾਵੈ। ਆਜ ਤਪਤ ਕਰਿ ਲੋਹ ਬਿਸਾਲਾ। ਖਰੇ ਕਰੌਂ ਬੋਲਹਿ ਤਿਸ ਕਾਲਾ[6]–॥੧੭॥ਇਮ ਪਾਪੀ ਨੇਰਿਦੇ ਬਿਚਾਰਾ।–ਨਾਤਾ ਦੇਉਂ ਕਿ ਕਰੌਂ ਸੰਘਾਰਾ–।ਕਹਿ ਕਰਿ ਦੀਰਘ ਲੋਹ ਮੰਗਾਈ।ਧਰਿ ਊਪਰਿ ਤੌਰ ਅਗਨਿ ਜਲਾਈ॥੧੮॥ਸਮ ਤਾਂਬੇ[7]ਕੇ ਤਪਤਿ ਕਰਾਈ।ਦੇਖਿ ਪਾਤਕੀ ਲਿਏ ਬੁਲਾਈ। 'ਇਸ ਪਰ ਖਰੇ ਹੋਹੁ ਤਪ ਸਹੋ। ਨਾਂਹਿ ਤ ਨਾਤਾ ਲੈਬੇ ਚਹੋ'॥੧੯॥ਗੁਰੂ ਨ ਉੱਤਰਦੀਨਿਸਿਕੋਈ।ਲੋਹ ਅਰੂਢਨਿ ਉਰਮਹਿੰਹੋਈ[8]। ਆਦਿ ਚੰਡਾਲ ਜਿ ਕਿਨਹੁੰ ਨਿਹਾਰੇ। ਸਭਿਹਿਨਿ 'ਹਾਹਾਕਾਰ' ਉਚਾਰੇ ॥੨੦॥'ਇਹ ਚੰਡਾਲਨਿ ਤੇ ਅਤਿਪਾਪੀ।ਰਿਦੇ ਨ ਕਰੁਨਾਕੈਸਿਹੁੰ ਬਜਾਪੀ'। ਚਢੇ ਲੋਹ ਪਰ ਭੇ ਥਿਰ ਠਾਂਢੇ। ਦੇਖਿ ਦੇਖਿ ਸਿੱਖਨਿ ਦੁਖ ਬਾਢੇ ॥ ੨੧ ॥ ਚਹੈਂ ਜਾਨਿ ਢਿਗ, ਜਾਨਿ ਨ ਦੇਤੇ। ਰਸਰਿਨਿ ਬਾਂਧੇ ਦ੍ਰਿਢ ਕਰਿ ਲੇਤੇ। ਅਗਨਿ ਬਿਪਰਜੈ ਸੀਲ ਕਰਜੋ ਹੈ[9]।ਡਰਤਿ ਗੁਰੂ ਤੇ ਤੇਜ ਹਰਜੋ ਹੈ ॥੨੨॥ ਤਊਗੁਰੂ ਪਗ ਤਰਵਾ ਜਾਰੇ[10]। ਪਾਪੀਬੈਠਜੋ ਸਮੁਖ ਨਿਹਾਰੇ।ਪੁਨਕਹਿਕਰਿ ਤਰ ਅਗਨਿ ਜਰਾਈ। ਪੂਰਬ ਕੇ ਸਮਸਰ ਤਪਤਾਈ॥੨੩॥ਚਿਤ ਬਾਂਛਿਤ –ਹੁਇ ਦੁਖ ਤੇ ਦੀਨ। ਮਾਨਹਿ ਨਾਤਾ ਡਰ ਚਿਤ ਚੀਨਿ–।ਤਿਸਿ ਦਿਨ ਸਤਿਗੁਰੁਕਛੁ ਨ ਬੋਲੇ।ਤਪਤ ਲੋਹਪਰ ਥਿਰੇ ਅਡੋਲੇ॥੨੪॥ਜਰਤਿ ਚਰਮ ਅਪਨੋ ਦਿਖਰਾਵੈਂ। ਅਗਨਿ ਤਾਪ ਤੇ ਪੀਰ ਨ ਪਾਵੈਂ ।–ਅਜ਼ਮਤ ਨਹਿੰ

[1](ਸਿਪਾਹੀ) ਕਹਿੰਦੇ ਹਨ ਆਪਸ ਵਿਚ, 'ਅਸੀਂ ਸਾਰੇ ਸੌਂ ਗਏ' ਸਾਂ। [2]ਜੋ ਗੁਰੂ (ਜੀ)ਚਲੇ ਜਾਂਦੇ, (ਇਹ) ਜਾਣਕੇ ਚੰਦੂ (ਸਾਨੂੰ) ਮਾਰਦਾ। [3]ਢਾਲ ਤਲਵਾਰ। [4]ਉਸ ਥਾਂ ਤੇ। [5]ਵਾਰਿਵਾਰ ਜਲ ਤੇ ਬਹੁਤ ਰੇਤਾ। [6]ਤਦੋਂ (ਮੈਂ) ਕਹਾਂਗਾ (ਅ) ਤਦੋਂ ਬੋਲਣਗੇ (ਭਾਵ ਮੰਨ ਲੈਣਗੇ) । [7]ਤਾਂਬੇ ਵਤ (ਲਾਲ)। [8]ਚੜ੍ਹਨ ਦੀ ਦਿਲ ਵਿਚ (ਤਿਆਰੀ) ਹੋਈ। [9]ਅੱਗ ਨੇ (ਆਪਣਾ) ਸੁਭਾਉ ਉਲਟ ਲਿਆ ਭਾਵ ਠੰਢੀ ਪੈ ਗਈ। [10]ਤਲੀਆਂ ਸਾੜੀਆਂ।

ਜਾਨਹਿਂ ਕਿਮ ਏਹੀ–।ਪਰੇਫਲੂਹੇਸਗਰੀਦੇਹੀ॥੨੫॥ਹੇਰਿ ਨਹੀਂ ਪਰਤੀਤ ਉਪਾਵੈ। ਜਾਂਤੇ ਅਪਨੋ ਦੁਖ ਦਿਖਰਾਵੈਂ*। ਰਹੇ ਜਾਮ ਲਗਿ ਠਾਂਢੇ ਊਪਰ। ਪੁਨ ਉਤਰਾਏ ਥਿਰਗੁਰੁ ਭੂਪਰ॥੨੬॥ਪਚਸੋ ਰਿਦੇਬਹੁ ਚਿਤਹਿ ਉਪਾਯਾ[1]। –ਬੋਲਸੋ ਨਹੀਂ, ਤ੍ਰਾਸ ਨਹਿਂ ਪਾਯਾ। ਕੌਨ ਜਤਨ ਕਰਿ ਇਸੇ ਮਨਾਵੌਂ। ਕੋ ਸੰਕਟ ਐਸੋ ਦਿਖਰਾਵੌਂ ॥੨੭॥ ਜਿਸਤੇ ਅਧਿਕ ਤ੍ਰਾਸ ਕੋ ਪਾਇ। ਬੋਲਹਿ ਤਤਛਿਨ ਮੌਨ ਹਟਾਇ।ਇਹ ਬਡ ਧਰਮੀ ਧਰਮ ਸੰਭਾਰੈ।ਪ੍ਰਾਨ ਜਾਤਿ ਲੌ ਨਹੀਂ ਨਿਵਾਰੈ॥੨੮॥ਯਾਂਤੇ ਧਰਮ ਹਰਨ ਕੋ ਤ੍ਰਾਸ।ਦਿਖਰਾਵੌਂ ਪੁਨ ਪੂਰਵੋਂ ਆਸਾ–। ਇਮ ਨਿਸ਼ਚੇ ਕਰਿ ਮੂਰਖ ਮਾਨੀ। ਕਹੀ ਸਿਪਾਹਨਿ ਕੇ ਸੰਗ ਬਾਨੀ॥੨੯॥ 'ਇਕ ਚਲਿ ਜਾਹੁ ਚੰਡਾਲਨਿ ਪਾਸ। ਆਜ ਭਈ ਕੋ ਗਊ ਬਿਨਾਸ। ਤਿਸ ਕੋ ਚਰਮ ਉਤਾਰਤਿ ਲਯਾਵੋ। ਸਭਿ ਸਰੀਰ ਇਸ ਕੋ ਮਢ-ਵਾਵੋ'॥੩੦॥ਸਤਿਗੁਰੁ ਸ਼੍ਰੋਨ ਸੁਨਾਇ ਬਖਾਨਾ। 'ਭੋਰ ਹੋਤਿ ਲਯਾਵੋ ਇਸ ਥਾਨਾ।ਬੈਠਿ ਨਿਕਟ ਦੁਖ ਦੇਉਂ ਮਹਾਨੋ।ਧਰਮ ਬਿਗਾਰ ਪ੍ਰਾਨ ਪੁਨ ਹਾਨੋਂ" ॥੩੧॥ਇਮ ਕਹਿ ਮੂਰਖ ਸਦਨ ਸਿਧਾਰਾ। ਕ੍ਰੋਧੀ ਕਪਟੀ ਬਡ ਹਤਿਆਰਾ। ਸੋ ਦਿਨ ਗਯੋ ਬੀਤ ਨਿਸ ਆਈ।ਛਾਯੋ ਸਭਿ ਜਗ ਤਮ ਸਮੁਦਾਈ॥੩੨॥ ਅਰਧਿ ਰਾਤਿ ਜਾਨੀ ਜਬਿ ਹੋਈ।ਨੁਖਾ ਅਘੀ ਕੀ ਸੁਨਿ ਸੁਨਿਸੋਈ। ਸੰਕਟ ਮਹਾਂ ਪਾਇ ਕਰਿ ਰੋਈ।– ਖਾਨ ਪਾਨ ਗੁਰਿ ਕਰਹਿਂ ਨ ਕੋਈ॥੩੩॥ਜਾਇ ਆਜ ਸੁਧ ਲੇਵੌਂ ਗੁਰ ਕੀ। ਕਰਹਿਂ ਕਹਾਂ ਸੁਨਿਹੋਂ ਸਭਿ ਉਰਕੀ–।ਸਭਿਤੇ ਚੋਰੀ ਚਲਿ ਕਰਿ ਆਈ।ਖਰੇ ਸਿਪਾਹੀ ਝਿਰਕ ਹਟਾਈ॥੩੪॥ਤਬਿਕੰਚਨ ਕੇ ਭੂਖਨ ਦੀਨਿ। ਅੰਤਰ ਬਰੀ ਦਰਸ ਗੁਰ ਕੀਨਿ।ਹਾਥ ਜੋਰਿ ਤਬਿ ਖਰੀ ਬਿਚਾਰੀ:–'ਮੈਂ ਅਪਰਾਧਨਿ ਪ੍ਰਭੂ ਤੁਮਾਰੀ ॥ ੩੫ ॥ ਕਸ਼ਟ ਇਤੇ ਸੁਨਿ ਜੀਵਤਿ ਰਹੀ।ਦੁਸ਼ਟਕੁਟੰਬ ਤਜਯੋ ਮੈਂਨਹੀਂ।ਚਲਹਿ ਨਹੀਂ ਕੁਛ ਮੇਰੋਚਾਰਾ। ਨਿਜ ਮਰਨੋ ਇਕ ਹਾਥ ਮਝਾਰਾ[2]' ॥ ੩੬ ॥ ਸੁਨਿ ਸਤਿਗੁਰ ਬੋਲੇ ਸੁਖ-ਦਾਯਕ। 'ਨਹੀਂ ਸੁਤਾ! ਤੂੰ ਇਸਘਰ ਲਾਯਕ।ਭਈ ਪ੍ਰਭਾਤਿ ਕਰਹਿਂ ਤਬਿ ਤਯਾਰੀ। ਚਲਿਬੋ ਚਹਿਂ, ਚਲਿ ਸੰਗ ਹਮਾਰੀ' ॥੩੭॥ ਬੋਲੀ'ਸੇਵ ਜਥਾ ਮੈਂ

[1]ਚਿਤਵਦਾ ਹੈ ਉਪਾਵਾਂ ਨੂੰ। [2](ਮੇਰੀ) ਆਪਣੀ ਮੌਤ (ਇਕ ਮੇਰੇ) ਆਪਣੇ ਹੱਥ ਵਿਚ ਹੈ।

*੨੪ ਤੋਂ ਇੱਥੋਂ ਤਕ ਦਾ ਭਾਵ ਇਹ ਹੈ ਕਿ ਕਿਵੇਂ ਏਹ ਲੋਕ ਕਰਾਮਾਤਾਂ ਨਾ ਸਮਝ ਲੈਣ, ਸਾਰੇ ਪਿੰਡੇ ਤੇ ਫਲੂਹੇ ਤੇ ਸੜਦਾ ਮਾਸ ਦਿਖਾ ਰਹੇ ਹਨ, ਜੋ ਇਨ੍ਹਾਂ ਨੂੰ ਵੇਖਕੇ ਏਹ ਪ੍ਰਤੀਤ ਦੇ ਘਰ ਵਿਚ ਨਾ ਆ ਜਾਣ ਕਿ ਆਪ ਗੋਬਿੰਦ ਰੂਪ ਹਨ।

ਲਾਯਕ। ਕਹਿ ਦੀਜੈ ਸੋ ਕਰੌਂ ਸੁਭਾਯਕ।ਕ੍ਰਿਪਾ ਕਰੀ ਅਬਿ ਮੋਹਿ ਬਤਾਵ।
ਤਜਾਗੌਂ ਪ੍ਰਾਨ ਨ ਜੀਵਨਿ ਭਾਵਾ'॥੩੮॥ਗੁਰ ਕਹਿੰ'ਹਮਰੇ ਚਾਹ ਨ ਕੋਈ।
ਜਾਹੁ ਅਬੈ ਕਰਿ ਚਿਤ ਰੁਚਿ[1]ਜੋਈ'।ਸੁਨਿ ਗਮਨੀ ਮ੍ਰਿਤੁ ਨਿਸ਼ਚੈ ਕਰਿਕੈ।
–ਕਜਾ ਫਲ ਪੈਹੌਂ ਪ੍ਰਾਨਨਿ ਧਰਿਕੈ–॥੩੯॥ਬਿਤੀ ਬਿਭਾਵਰਿ[2] ਭਈ ਪ੍ਰਭਾ-
ਤੀ ।ਬੈਠੇ ਰਹੇ ਗੁਰੂ ਤਿਸ ਭਾਂਤੀ।ਸਗਰੇ ਨਗਰ ਪਰਜੋ ਬਡ ਰੌਰਾ । ਘਰ ਘਰ
ਦਰ ਦਰ ਠੌਰਹਿਂ ਠੌਰਾ॥੪੦॥ਬਾਰਿ ਬਾਰਿ ਤਿਸ ਪੌਰ ਅਗਾਰੀ।ਫਿਰਿ ਫਿਰਿ
ਜਾਤਿ ਨਿਹਾਰ ਨਿਹਾਰੀ । ਨਿਸ ਦਿਨ ਰਹੈਂ ਕਿਵਾਰ ਅਸੰਜਤਿ[3]। ਬਾਂਛਤਿ
ਚਿਤ–ਕਿਮ ਹੋਇੰ ਸੁ ਭੰਜਤਿ[4]॥੪੧॥ਕਜਾ ਇਹ ਕਰਹਿ ਲਖੀਨਹਿਂ ਜਾਈ।
ਵਹਿਰ ਗੁਰੂ ਨਿਕਸੇ ਨ ਕਦਾਈ।ਪੰਚਹੁ ਸਿੱਖ ਨਹੀਂ ਪੁਨ ਹੇਰੇ। ਭਏ ਕਹਾਂ
ਬਚ ਸੁਨੇ ਨ ਫੇਰੇ–॥੪੨॥ਦੁਰਿ ਦੁਰਿ[5]ਮਿਲਹਿਂ ਕਰਹਿਂ ਗੁਰਬਾਤਿ।'ਕਰਹਿ
ਪਾਤਕੀ ਕਜਾ ਉਤਪਾਤਿ। ਜਬਿ ਕੋ ਅੰਤਰਿ ਲੇ ਪਰਵੇਸ਼ਾ। ਕਿਮ ਕਲੇਸ਼ ਦੇ,
ਸੁਨਜੋ ਨ ਲੇਸ਼ਾ ॥੪੩॥ ਬਸ ਨਹਿਂ ਚਲਹਿ, ਜਤਨ ਕੁਛ ਹੋਇ ਨ। ਸ਼ਾਹੁ
ਸਮੀਪੀ ਜੁਤਿ ਢਿਗ ਕੋਇ ਨ[6]'।ਧਰਮਸਾਲਾ ਮਿਲਿ ਮਿਲਿ ਪਛੁਤਾਵੈਂ । ਨਹਿਂ
ਦਿਨ ਮਾਹਿਂ ਬਿਵਹਾਰ ਚਲਾਵੈਂ ॥੪੪॥ ਖਾਨ ਪਾਨ ਰੁਚਿ ਤੇ ਨਹਿਂ ਕਰੈਂ ।
'ਸਤਿਗੁਰੂ, ਪਾਪੀ ਕੇ ਬਸਿ ਪਰੇ । ਚਿਰੰਕਾਲ ਕੋ ਦ੍ਵੈਸ਼ ਕਰੰਤਾ। ਨਿਕਟ
ਮੁਗ਼ਲ ਚੁਗਲੀ ਉਗਲੰਤਾ ॥੪੫॥ ਸਤਿਗੁਰ ਨਾਤਾ ਲੇਹਿਂ ਨ ਕਬੈ । ਇਹ
ਮਨਵਾਂਛਤਿ ਲਖੀਯਤਿ ਅਬੈ । ਹਠ ਕੋ ਤਜਾਗਹਿਂ ਲੇਹਿਂ ਸਗਾਈ । ਇਹੀ
ਬਾਤ ਆਛੇ ਬਨਿਆਈ' ॥ ੪੬ ॥ ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰਾਸੇ 'ਚੰਦੂ ਗ੍ਰਿਹਿ ਗੁਰੂ
ਪ੍ਰਸੰਗ ਬਰਨਨੰ ਨਾਮ ਖਸ਼ਟ ਤ੍ਰਿੰਸਤੀ ਅੰਸੂ ॥ ੩੬ ॥

੩੭. [ਕਸ਼ਟ । ਸਚਖੰਡ ਗਵਨ] ।

ਦੋਹਰਾ ॥ ਉਠਜੋ ਪ੍ਰਾਤ ਚੰਦੂ ਦੁਸ਼ਟ ਚਿਤਵਤਿ ਚਿਤ ਗੁਰ ਬਾਤਿ ।–ਆਜ
ਮਨਾਵੌਂ ਜਿਮ ਚਹੌਂ ਨਾਂਹਿ ਤ ਕਰਿਹੌਂ ਘਾਤਿ ॥੧॥ਚੌਪਈ।ਅਤਿ ਪ੍ਰਿਯ ਧਰਮ
ਰਿਦੇ ਜਿਸ ਕੇਰੇ।ਤਿਸ ਖੋਵਨਿ ਹਿਤ ਤ੍ਰਾਸ ਘਨੇਰੇ। ਕਰੌਂ ਆਜ ਬਿਧਿ ਸੁਤਾ
ਸਗਾਈ । ਕੈ ਗੋ ਚਰਮ[7]ਦੇਉਂ ਮਢਵਾਈ–॥੨॥ ਇਮ ਚਿਤਵਤਿ ਪਹੁੰਚਜੋ
ਤਹਿਂ ਆਈ । ਬੈਠਜੋ ਦੁਸ਼ਟ ਕ੍ਰੋਧ ਉਪਜਾਈ । ਨਿਕਟ ਗੁਰੂ ਕੇ ਬਾਕ
ਬਖਾਨਾ। 'ਅਬਿ ਲੌ ਨਾਤਾ ਲਿਹੁ ਮਨ ਮਾਨਾ॥੩॥ ਸਕਲ ਮੁਲਖ ਮਾਲਿਕ
ਅਬਿ ਸ਼ਾਹੂ।ਤਿਸਦਿਵਾਨ ਮੈਂ,ਬੈਠਤਿ ਪਾਹੂ।ਜਹਿਂ ਲਗਿ ਰਾਜ ਤੁਰਕ ਪਤਿ

[1]ਚਿੱਤ (ਦੀ) ਖਾਹਸ਼। [2]ਰਾਤ । [3]ਬੰਦ। [4]ਟੁੱਟ ਜਾਣ (ਤਖਤੇ) । [5]ਛੁਪ ਛੁਪ ਕੇ । [6]ਸ਼ਾਹ ਤੇ (ਸ਼ਾਹ ਦਾ) ਨਿਕਟ ਵਰਤੀ (ਦੋਹਾਂ) ਸਮੇਤ ਕੋਈ ਪਾਸ ਨਹੀਂ ਹੈ। [7]ਗਊ ਦੇ ਚੰਮ (ਵਿਚ) ।

ਕੇਰਾ।ਤਹਿਂ ਲਗਿ ਹੁਕਮ ਚਲਤਿਹੈ ਮੇਰਾ॥੪॥ਤ੍ਰਾਸ ਨ ਤਨਕ ਸੁ ਮਨ ਮਹਿਂ
ਜਾਨਾ। ਕਰਯੋ ਅਨਾਦਰ ਰੰਕ ਸਮਾਨਾ।ਸੋ ਫਲ ਅਬਿ ਲੇਵਹੁ ਦੁਖ ਘਨੇ।
ਬਿਨਾ ਧਰਮ ਕਰਿ ਅਬਿ ਦਿਉਂ ਹਨੇ॥੫॥ਧੇਨੁ ਚਰਮ ਕੋ ਲੇਕਰਿ ਗੀਲਾ।
ਲਪਟਾਵਹਿਂ ਜੇਤਿਕ ਤੁਵ ਡੀਲਾ[1]।ਪੁਨ ਆਤਪ[2] ਮਹਿਂ ਦੇਉਂ ਬਿਠਾਇ।
ਸੁਸਕਹਿ[3] ਪ੍ਰਾਨ ਤੋਹਿ ਬਿਨਸਾਇ ॥੬॥ ਪੁਨਹ ਪਠੌਂ ਮੈਂ ਅਪਨ ਸਿਪਾਹੀ।
ਘਰ ਕੋ ਲੂਟ ਲੇਹਿਂ ਧਨ ਪਾਹੀ।ਗਹਿ ਲੈਹੈ ਤਬਿ ਨੰਦਨ ਤੇਰਾ।ਇਸੀ ਰੀਤਿ
ਦੇ ਕਸ਼ਟ ਬਡੇਰਾ॥੭॥ਕਰੌਂ ਘਾਤ ਨਹਿਂ ਜੀਵਤਿ ਛੋਰੈਂ।ਬਿਨਾ ਬੰਸ ਕਰਿਹੌਂ
ਦੁਖ ਘੋਰੈਂ।ਨਾਂਹਿਤ ਨਾਤਾ ਮਾਨੋ ਆਜਿ। ਬਚੈਂ ਪ੍ਰਾਨ ਸਭਿ ਸੁਧਰਹਿਂ ਕਾਜ
॥੮॥ਸੁਲਹੀ ਸੁਲਬੀ ਪ੍ਰਿਥੀਆ ਮਰਯੋ।ਕਰੇ ਜਤਨ ਤੂੰ ਹਾਥ ਨ ਪਰਯੋ।ਚਹਤਿ
ਗਏ ਮਰਿ, ਪੁਜੀ ਨ ਆਸਾ। ਮੈਂ ਅਬਿ ਕਰਿਹੌਂ ਤੋਰ ਬਿਨਾਸ਼ਾ॥ ੯ ॥ ਕਿਸ
ਬਲ ਕੇ ਭਰੋਸ ਉਰ ਭੂਲਾ। ਮਮ ਸਮ ਬਲੀ ਕੇਰ ਪ੍ਰਤਿਕੂਲਾ।ਕਹਿਬੋ ਅਹੈ
ਸੁ ਕਹੁ ਅਬਿ ਸਮੋ[4]।ਜਬਿ ਲਗਿ ਮੈਂ ਬੂਝਤਿ ਕਰਿ ਛਿਮੋ'॥੧੦॥ਸ਼੍ਰੀ ਅਰਜਨ
ਸੁਨਿ ਕਰਿ ਸਭਿ ਸ੍ਰੌਨ। ਬੋਲੇ ਬਾਕ ਜਿਨਹੁ ਕਿਤ ਭੌ ਨ।'ਅਬਿ ਹਮ ਰਾਵੀ
ਚਹੈਂ ਸ਼ਨਾਨ। ਸੇਵਕ ਪੰਚ ਸੰਗ ਦਿਹੁ ਜਾਨਿ॥੧੧॥ਪੰਚ ਦਿਵਸ ਬੀਤੇ ਇਸ
ਭਾਂਤੀ। ਦਈ ਸਜ਼ਾਇ ਅਗਨਿ ਸਮ ਤਾਤੀ। ਪਾਵਨ ਤਨੇ* ਪੁਨਹ ਜਿਮ
ਕਰੈਂ। ਨਿਸ਼ਚਲ ਮਤਿ ਕਰਿ ਨਿਸ਼ਚੇ ਧਰੈਂ'॥੧੨॥ਸੁਨਿ ਕਰਿ ਦੁਸ਼ਟ ਰਿਦੇ
ਹਰਖਾਯੋ।–ਧਰਮ ਬਿਨਾਸ਼ਨਿ ਤੇ ਡਰਪਾਯੋ। ਅਬਿ ਇਹ ਮਾਨ ਲੇਇ ਹੈ
ਨਾਤਾ।ਸੀਤਲ ਗਾਤ ਹੋਇ ਜਲ ਨਾਤਾ–॥੧੩॥ ਇਮ ਬਿਚਾਰ ਕਹਿ 'ਜਾਇ
ਸ਼ਨਾਨਹੁ। ਬਚਹਿਂ ਪ੍ਰਾਨ ਕਹਿਬੋ ਮਨ ਮਾਨਹੁ'।ਦਸਕ ਸਿਪਾਹੀ ਕਰਿ ਸਵ-
ਧਾਨੋ। 'ਖੜਗ ਸਿਪਰ ਗਹਿ ਸੰਗਿ ਪਿਆਨੋ ॥੧੪॥ ਅਪਨੀ ਦ੍ਰਿਸ਼ਟਿ ਤਰੇ
ਇਸ ਰਾਖਹੁ। ਵਹਿਰ ਕਿਸੂ ਢਿਗ ਕਛੂ ਨ ਭਾਖਹੁ। ਇਤ ਉਤ ਦੂਰਿ ਨ
ਜਾਨੇ ਦੇਹੁ।ਰਾਵੀ ਤੀਰ ਸਥਿਰਤਾ ਲੇਹੁ॥੧੫॥ਅਪਰ ਗਰੀ ਤੇ[5] ਕਹਿ ਹਟ-
ਕਾਵਹੁ। ਮੱਜਤਿ ਬੈਠਤਿ ਕੁਛੁ ਨ ਅਲਾਵਹੁ। ਇਤ ਦਿਸ਼ਿ ਲਯਾਵਹੁ ਰਹਹੁ
ਪਿਛਾਰੀ। ਸਿੱਖਨਿ ਜੁਤਿ ਇਸ ਰਖਹੁ ਅਗਾਰੀ'॥੧੬॥ ਇਮ ਕਹਿ ਕੀਨਿ
ਘਨੀ ਤਕਰਾਈ। ਸੁਨਿ ਖਲ ਤੇ ਚਲਿ ਪਰੇ ਗੁਸਾਈਂ।ਪਰੇ ਫਲੂਹੇ ਸਰਬ
ਸਰੀਰ। ਛਾਦਿ ਚਾਦਰੇ ਦੀਰਘ ਚੀਰ॥੧੭॥ਤਰੁਵਾ ਚਰਨ[6] ਜਰੇ ਬ੍ਰਿਣ ਹੋਏ।
ਸਨੈ ਸਨੈ ਧਰ ਪਰਿ ਧਰਿ ਜੋਏ। ਨਿਕਟ ਪਿਰਾਣਾ ਸੇਵਕ ਹੇਰਾ। ਗਹਯੋ

[1] ਸਰੀਰ। [2] ਧੁੱਪ। [3] ਸੁੱਕ ਜਾਏਗਾ (ਰੋਮ)। [4] (ਜੋ) ਕਹਿਣਾ ਹੈ ਸੋ ਹੁਣ ਕਹੁ ਵੇਲਾ ਹੈ। [5] ਹੋਰ ਕਿਸੇ ਗਲੀ ਵਿਚ ਜਾਣ ਤੋਂ। [6] ਚਰਨਾਂ ਦੀਆਂ ਤਲੀਆਂ। *ਪਾ:–ਬਨੇ।

ਸਿਕੰਧ ਚਲੇ ਤਿਸ ਬੇਰ॥੧੮॥ਸਲਿਤਾ ਦਿਸਿ ਛੋਟੀ ਇਕ ਮੋਰੀ।ਗਮਨਤਿ ਨਿਕਸੇ ਗੁਰੁ ਤਿਸਓਰੀ।ਕੋ ਕੋ ਨਰ ਪਿਖਿ ਠਾਨਤਿ ਨਮੋ।ਲਾਲ ਬਰਣਮੁਖ ਕੋ ਤਿਹਸਮੋ॥੧੯॥ਭੋਜਨ ਕਿਯੋ ਨ ਪੀਯੋ ਪਾਨੀ।ਦੁਰਬਲ ਤਨ ਸਜ਼ਾਇ ਖਲ ਠਾਨੀ। ਹੇਰਿ ਹੇਰਿ ਨਰ ਉਰ ਬਿਸਮਾਵੈਂ।–ਕਜਾ ਇਨ ਦਸ਼ਾ ਭੁਈ ਗੁਰ ਜਾਵੈਂ[1]?॥੨੦॥ਚਿਤਕੀ ਬ੍ਰਿੱਤਿ ਏਕਰਸ ਤੈਸੇ। ਨਿਜਾਨੰਦ ਮਹਿਂ ਪੂਰਬ ਜੈਸੇ।ਤਨ ਪੀਰਾ ਤੇ ਡਿਗੀ ਨ ਸੋਈ[2]।ਮੇਰੁ ਹਿਲਾਇ ਨ ਜਿਮ ਨਰ ਕੋਈ॥੨੧॥ਸਨੈ ਸਨੈ ਰਾਵੀ ਕੇ ਤੀਰ।ਪਹੁੰਚੇ ਛੁਯੋ ਨੀਰ ਬਡ ਸੀਰ[3]। ਕਰ ਪੰਕਜ ਤੇ ਮੁਖ ਅਰਬਿੰਦ। ਕਰਜੋ ਪਖਾਰਨਿ ਧੀਰ ਮੁਕੰਦ॥੨੨॥ਬ੍ਰਿੰਦ ਚੁਰੇ ਕਰਿ ਮੁਖ ਸਿਤਲਾਯੋ।ਮਹਾਂ ਉਸ਼ਨਤਾ ਜੋ ਤਪਤਾਯੋ[4]।ਗਹਿ ਪਦ ਪਦਮ ਲੰਙਾਹ ਪਖਾਰੇ।ਪ੍ਰਵਿਸ਼ੇ ਜਲ ਮਹਿਂ ਮੱਜਨ ਧਾਰੇ॥੨੩॥ਵਹਿਰ ਨਿਕਸਿ ਪਟ ਸ਼ੁਸ਼ਕ ਲਿਯੋ ਹੈ। ਦੇਹ ਅਛਾਦਨਿ ਪੁਨਹ ਕਿਯੋ ਹੈ । ਜਪੁਜੀ ਪਾਠ ਕਰਤਿ ਉਰ ਪ੍ਰੇਮਾ।ਜੋ ਸਿੱਖਨਿ ਕੀ ਠਾਨਤਿ ਛੇਮਾ॥੨੪॥ਪੁਨ ਪੰਚਹੁ ਸਿਖ ਕੀਨਿਸ਼ਨਾਨੇ। ਗੁਰੁ ਬਾਨੀ ਕੋ ਪਾਠ ਬਖਾਨੇ। ਖਰੇ ਭੁਏ ਸਤਿਗੁਰੁ ਪਰਵਾਰ[5]।ਜਪੁਜੀ ਪਾਠ ਸੁਨਜੋ ਨਿਰਧਾਰ॥੨੫॥ਭੋਗ ਪਾਇ ਕਰਿ ਸੀਸ ਨਿਵਾਯੋ।ਪੁਨ ਸਿੱਖਨਿ ਸਨਿ ਬਾਕ ਅਲਾਯੋ। 'ਅਬਿ ਹਮ ਚਹਿਂ ਪਰਲੋਕ ਪਿਆਨਾ।ਚਿਤ ਜਿਮ ਕਹਤਿ ਸਕਲ ਹਮ ਠਾਨਾ॥ ੨੬ ॥ ਸ਼੍ਰੀ ਹਰਿ ਗੋਬਿੰਦ ਸੰਗ ਮਿਲੀਜੈ। ਹਮ ਦਿਸ਼ਿ ਤੇ ਬਹੁ ਧੀਰਜ ਦੀਜੈ।–ਕਰਹੁ ਨ ਸ਼ੋਕ ਗੁਬਿੰਦ ਗੁਨ ਗਾਵੋ। ਅਪਰ ਸਰਬ ਕੋ ਕਹੋ ਮਿਟਾਵੋ[6]॥੨੭॥ਸਾਯੁਧ ਹੋਇ ਤਖਤ ਪਰ ਰਾਜਹੁ। ਜਥਾ ਸ਼ਕਤਿ ਸੈਨਾ ਸੰਗ ਸਾਜਹੁ।ਪ੍ਰਥਮ ਚੰਦੂ ਤੇ ਪਲਟਾ ਲੀਜਹਿ। ਹਤਹੁ ਕੁਮੌਤ ਮਹਾਂ ਦੁਖ ਦੀਜਹਿ*॥੨੮॥ਸ਼੍ਰੀਗੁਰੁ ਅਮਰਦਾਸ ਕੀ ਅੰਸ। ਨਿਕਟ ਹਕਾਰੇ ਕੁਲ

---

[1]ਜਾ ਰਹੇ ਹਨ। [2]ਭਾਵ ਬ੍ਰਿਤੀ। [3]ਠੰਢਾ। [4]ਬੜੀ ਗਰਮੀ ਨਾਲ ਜੋ ਤਪਿਆ ਹੋਯਾ ਸੀ। [5]ਸਤਿਗੁਰੂ ਜੀ ਦੇ ਆਲੇ ਦੁਆਲੇ। [6]ਕਹਿਕੇ (ਸ਼ੋਕ) ਮਿਟਾਓ। *ਸਤਿਗੁਰੁ ਜੀ ਖਿਮਾਂ ਦਾ ਘਰ ਹਨ, ਪਲਟੇ ਲੈਣੇ ਦੇ ਸੰਕਲਪ ਉਨ੍ਹਾਂ ਦੇ ਨਹੀਂ। ਹਾਂ ਜੈਸੀ ਕਰਨੀ ਤੈਸੀ ਭਰਨੀ ਇਕ ਅਜ਼ਲੀ ਅਸੂਲ ਹੈ। ਪੂਰਨ ਬ੍ਰਹਮ ਗਜਾਨੀ ਅਜਰ ਜਰਨ, ਖਿਮਾਂ ਦਾ ਘਰ ਕਵਿ ਜੀ ਆਪ ਉਨ੍ਹਾਂ ਨੂੰ ਕਹਿ ਰਹੇ ਹਨ, ਵੈਰ ਬਦਲੇ ਲੈਣ ਦੀ ਅਚਾਹਤਾ ਬੀ ਦੱਸੀ ਨੇ, ਕਵਿ ਜੀ ਅੰਕ ੩੮ ਵਿਚ ਕਹਿੰਦੇ ਹਨ:–

"ਨਹਿ ਸੰਕਲਪ ਰਿਦੇ ਮਹਿ ਕੀਨਾ। ਦੋਖੀ ਕਹੁ ਕਰਿਬੇ ਸੁਖ ਹੀਨਾ"।

ਗੁਰੂ ਹਰਿਗੋਬਿੰਦ ਜੀ ਵਿਚ ਬੀਰ ਰਸ ਨੂੰ ਸ਼ਾਂਤਿ ਰਸ ਦੀ ਰੱਖਜਾ ਲਈ ਤੇ ਪਰਜਾ ਦੇ ਭਲੇ ਤੇ ਬਦੀ ਨੂੰ ਤਾੜਨ ਤੇ ਦੁਖੀਆਂ ਨੂੰ ਸੁਖ ਦੇਣ ਲਈ ਉਦੇ ਕਰਨਾ ਹੋਰ ਬਾਤ ਹੈ; ਦੇਖੋ ਇਸੇ ਰਾਸਿ ਦੇ ਅੰਸੂ ੪੨ ਅੰਕ ੧੨ ਦੀ ਤੇ ਅੰਸੂ ੪੬, ਅੰਕ ੧੪ ਦੀ ਹੇਠਲੀ ਟੂਕ।

ਅਵਿਤੰਸ਼[1] । ਪ੍ਰਥਮ ਰੀਤਿ ਕਰਿ ਲੀਜਹਿ ਟੀਕਾ । ਸਕਲ ਬਡਿਨਿ ਸੰਗ
ਕਹਿ ਬਚ ਨੀਕਾ॥੨੯॥ਬ੍ਰਿਧ ਆਦਿਕ ਸਿੱਖਨਿ ਸਨਮਾਨਹੁ।ਪੁਰਾ ਗੁਰੁਨਿ
ਕੀ ਰੀਤਿ ਪ੍ਰਮਾਨਹੁ[2]।ਨਈ ਰੀਤਿ ਇਕ ਰਣ ਕੀ ਕੀਜਹਿ। ਅਪਰ ਪ੍ਰਥਮ
ਸਮ ਗਤੀ ਚਲੀਜਹਿ–॥ ੩੦ ॥ ਦਾਹ ਦੇਹਿ ਨਹਿਂ ਕਰਿਹੁ ਹਮਾਰੀ । ਦਿਹੁ
ਪ੍ਰਵਾਹ ਇਸ ਸਲਿਤਾ ਬਾਰੀ[3]। ਦਰਸ਼ਨ ਹਮਰੋ ਇਹ ਦਰਿਆਉ। ਉੱਤਰ
ਦਿਸ਼ਿ ਸਿਰ ਦੱਛਣ ਪਾਉ'॥੩੧॥ ਏਕ ਰਬਾਬੀ ਤਬਿ ਚਲਿ ਆਯੋ । ਹਾਥ
ਦੁਤਾਰਾ ਗੁਰੁ ਦਰਸਾਯੋ। ਕਹ੍ਯੋ ਤਾਂਹਿ ਕੌ'ਕਿਰਤਨ ਕਰਹੁ।ਸਲਿਤਾ ਤੀਰ
ਰੁਚਿਰ ਥਲ ਥਿਰਹੁ'॥੩੨॥ ਗੁਰੂ ਪਛਾਨੇ ਬੰਦਨ ਕੀਨਿ। ਗਾਵਨਿ ਲਗ੍ਯੋ
ਸ਼ਬਦ ਰਸ ਭੀਨ।ਬ੍ਰਹਮਾਦਿਕ ਲਖਿ ਕਰਿ ਗੁਰੁ ਤ੍ਯਾਰੀ। ਇੰਦ੍ਰਾਦਿਕ ਸੁਰ
ਗੁਰ ਸੁਰ ਝਾਰੀ[4]॥੩੩॥ਬਿੱਦ੍ਯਾ ਧਰ[5] ਉਤਲਾਵਤਿ ਆਏ। ਕਿੰਨਰ, ਜੱਛ,
ਅਪੱਸਰਾ ਲ੍ਯਾਏ। ਸਕਲ ਬਾਧੁ ਗਨ ਸਿੱਧ ਅਰੁ ਚਾਰਨ[6]।ਨਭ ਥਿਤਿ[7] 'ਜੈ
ਜੈ' ਕਰਹਿਂ ਉਚਾਰਨਿ॥੩੪॥ਭਯੋ ਬਿਵਾਨ ਸਹਤ ਅਸਮਾਨ।ਪਸਰੀ ਜਹਿਂ
ਕਹਿਂ ਜੋਤਿ ਮਹਾਨ । ਗੋਰਖਨਾਥ ਲੀਯੇ ਗਨ ਚੇਲਾ । ਪੀਰ ਅਜ਼ਮਤੀ
ਮੇਲਿ ਸਕੇਲਾ॥੩੫॥ਗੁਪਤ[8] ਆਇ ਸਭਿ ਮੰਗਲ ਕਰਹਿਂ।ਪਰਵਾਰਤਿ ਚਹੁੰ-
ਦਿਸ਼ਿ ਮਹਿਂ ਥਿਰਹਿਂ । ਸਤਿਗੁਰੁ ਚਰਿਤ ਕਹੈ, ਕੋ ਸੁਨੈ । ਬਿਸਮਤਿ ਹੁਇ
ਕਰਿ ਉਰ ਮਹਿਂ ਗੁਨੈ॥੩੬॥'ਇਨ ਸਮ ਧੀਰਜ ਧਰਨੀ ਮਾਂਹਿ। ਜਗ ਮਹਿਂ
ਅਪਰ ਬਿਚਰੀਅਹਿ ਕਾਹਿ।ਅਜਰ ਜਰਨਿ ਕੀ ਅਵਧਿ ਦਿਖਾਈ।ਅਛਤਿ[9]
ਸ਼ਕਤਿ ਅਤਿ, ਦੁਖ ਅਤਿ ਪਾਈ॥੩੭॥ਨਹਿਂ ਸੰਕਪਲ ਰਿਦੇ ਮਹਿਂ ਕੀਨ॥
ਦੋਖੀ ਕਹੁ ਕਰਿਬੋ ਸੁਖ ਹੀਨਾ । ਇਨ ਕੀ ਉਪਮਾ ਇਨ ਹੂੰ ਬਨੈ । ਸਹੀ
ਸਜਾਇ ਨ ਆਨੀ ਮਨੈ[10]'॥੩੮॥ਅਨਿਕ ਪ੍ਰਕਾਰ ਗਗਨ ਮਹਿਂ ਕਹੈਂ।–ਅਬਿ
ਆਵਹਿਂ–ਸਗਰੈ ਚਿਤ ਚਹੈਂ । ਸ਼੍ਰੀ ਸਤਿਗੁਰ ਤਬਿ ਕੁਸ਼ਾ ਮੰਗਾਈ*। ਕਿਸ
ਦਿਜ ਕੇ ਘਰ ਤੇ ਸਮੁਦਾਈ॥੩੯॥ਆਸਤਰਨ[11]ਅਵਿਨੀ ਪਰ ਕੀਨ॥ਬਿਸ-
ਦ ਚਾਦਰਾ ਊਪਰ ਲੀਨ॥ਪੌਢਿ ਗਏ ਆਛਾਦ੍ਯੋ ਬਦਨ। ਗਮਨਿ ਕਰਨਿ
ਬੈਕੁੰਠ ਨਿਜ ਸਦਨ ॥੪੦॥ ਤ੍ਯਾਗ ਦੇਹਿ ਜਬਿ ਚਢੇ ਬਿਮਾਨ॥ ਹਨੇ ਡੰਕ

---

[1]ਸ਼ਿਰੋਮਣ। [2]ਭਲੀ ਤਰ੍ਹਾਂ ਮੰਨੋ। [3]ਨਦੀ ਦੇ ਜਲ ਵਿਚ। [4]ਬ੍ਰਹਸਪਤ ਤੇ ਸਮੂਹ ਦੇਵਤੇ। [5]ਦੇਵਤਿਆਂ ਦੀ ਇਕ ਕਿਸਮ। [6]ਭੱਟ। [7]ਅਕਾਸ਼ ਵਿਚ ਟਿਕਕੇ। [8]ਗੁਪਤ ਲੋਕ ਦੇ ਵਾਸੀ। [9]ਹੁੰਦਿਆਂ। [10]ਨਾ ਲਿਆਂਦੀ ਮਨ ਵਿਚ। [11]ਵਿਛਾਵਣਾ।

*ਸਤਿਗੁਰੂ ਜੀ ਇਨ੍ਹਾਂ ਭਰਮਾਂ ਦੇ ਆਪ ਆਪਣੀ ਬਾਣੀ ਵਿਚ ਖੰਡਣਹਾਰ ਹਨ।

ਸੁਰ ਬ੍ਰਿੰਦ ਨਿਸ਼ਾਨਾ[1]। ਮੰਜੁਲ ਫੂਲਨਿ ਅੰਜੁਲ[2] ਡਾਰਹਿਂ। 'ਜੈ ਜੈ' ਏਕੋ ਬਾਰ ਉਚਾਰਹਿਂ॥੪੧॥ਬਾਰ ਆਰਤੀ ਪੁੰਜ[3] ਉਤਾਰਹਿਂ।ਧੂਪ ਧੁਖਾਵ ਸੁਗੰਧਿ ਬਿਥਾਰਹਿਂ। ਅਤਿ ਉਤਸਵ ਕੋ ਸਗਰੇ ਧਾਰਹਿਂ। ਨਮਸਕਾਰ ਕਰ ਬੰਦਿ ਦਿਖਾਰਹਿਂ॥੪੨॥ਭਯੋ ਅਕਾਸ਼ ਅਰੁਣ ਹੀ ਬਰਣਾ[4]। ਪਿਖਤਿ ਲੋਕ ਅਚਰਜ ਉਰ ਕਰਣਾ।ਸਿਖ ਕੀ ਸੁਤਾ ਜਾਨਿ ਤਬਿ ਗਈ।ਤ੍ਰਿਣ ਸਮ ਤਨ ਪਰਹਰਿ ਸੰਗ ਭਈ॥੪੩॥ਘਰ ਮਹਿਂ ਪਰੀ ਨ ਕਿਨਹੂੰ ਜਾਨੀ।ਭਈ ਗੁਰੂ ਸੰਗ ਭਾਗ ਮਹਾਨੀ। ਉਰਧ ਗੁਰੂ ਕੋ ਚਲਯੋ ਬਿਬਾਨਾ। ਗਨ ਦੇਵਨਿ ਕੋ ਸੰਗ ਪਯਾਨਾ॥੪੪॥ਰਾਗਨਿ ਰਾਚਿ ਅਪਸਰਾ ਨਾਚਹਿ[5]।ਚਲਹਿਂਅਗਾਰੀ ਕੌਤਕ ਮਾਚਹਿ।ਜਹਿਂ ਲਗਿ ਜਿਸ ਕੀ ਸ਼ਕਤਿ ਪਯਾਨਨਿ। ਥਹਰ ਥਿਰਹਿਂ ਪਿਖਿ ਕਰਿ ਊਚਾਨਨ[6]॥੪੫॥ਗੋਰਖ ਆਦਿ ਪੀਰ ਸਭਿ ਮੁਰੇ।ਬੰਦਨ ਕਰਿ ਕਰਿ ਨਿਜ ਥਲ ਥਿਰੇ। ਇੰਦ੍ਰ ਆਦਿਕ ਪੁਨ ਬੰਦਨ ਧਾਰੀ। ਹਟੇ ਸੰਗਿ[7], ਗੁਰ ਚਲੇ ਅਗਾਰੀ॥੪੬॥ਬ੍ਰਹਮ ਲੋਕ ਲਗਿ ਬ੍ਰਹਮਾ ਸਾਥ। ਪੁਨ ਆਗੇ ਗਮਨੇ ਗੁਰ ਨਾਥ। ਅਪਨੇ ਸਦਨ ਬਿਕੁੰਠ ਪਹੂਚੇ।ਸਰਬ ਲੋਕ ਤੇ ਅਹੈ ਜੁ ਊਚੇ॥੪੭॥ ਕੇਤਿਕ ਦਿਨ ਸੁਰ ਗਨ ਬਚ ਕਹੈਂ। ਸਤਿਗੁਰ ਚਰਿਤ ਸੁ ਅਚਰਜ ਅਹੈਂ। ਜਿਨ ਸਮਾਨਤਾ ਕਰਿਹੈ ਕੋਇ ਨ। ਭੂਤ ਨ ਭਯੋ ਭਵਿੱਖਤਿ ਹੋਇ ਨ* ॥ ੪੮ ॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰਾਸੇ 'ਸ੍ਰੀ ਗੁਰੂ ਅਰਜਨ ਸਾਹਿਬ ਜੀ ਪਰਲੋਕ ਗਮਨ' ਪ੍ਰਸੰਗ ਬਰਨਨੰ ਨਾਮ ਸਪਤ ਤ੍ਰਿੰਸਤੀ ਅੰਸੂ ॥ ੩੭ ॥

---

[1]ਧੌਂਸਿਆਂ ਤੇ। [2]ਚਿੱਟੇ ਫੁਲਾਂ ਦੇ ਬੁੱਕ। [3]ਸਾਰੇ। [4]ਲਾਲ ਰੰਗ ਦਾ। [5]'ਰਾਗ ਰਤਨ ਪਰਵਾਰ ਪਰੀਆ' ਤੋਂ ਮੁਰਾਦ ਹੈ। [6]ਉੱਚਾ ਮੁਖ। [7]ਨਾਲੋਂ ਮੁੜੇ।

*ਪਿੱਛੇ ਇਸੇ ਰਾਸਿ ਦੇ ਅੰਸੂ ੨੯ ਅੰਕ ੧੩ ਦੀ ਟੂਕ ਵਿਚ ਦੱਸ ਆਏ ਹਾਂ ਕਿ ਮਹਿਮਾ ਪ੍ਰਕਾਸ਼ ਨੇ ਕੇਵਲ ਸਤਿਗੁਰਾਂ ਵਲੋਂ ਸ਼ਹਿਜ਼ਾਦੇ ਖੁਸਰੋ ਨੂੰ ਰੋਟੀ ਦੇਣੀ ਲਿਖੀ ਹੈ, ਯਥਾ 'ਸੋ ਬਡਾ ਦੁਖੀ ਤਾਂ ਪਰ ਭਈ ਆਫਤ।ਦੇਖ ਦਿਆਲ ਗੁਰ ਕਰੀ ਜ਼ਿਆਫਤ।ਤਾਂਕੋ ਖਾਨ ਪਾਨ ਸਭ ਦੀਆ। ਨਿਜ ਕਰ ਗੁਜ਼ਰਾਨ ਕਚ ਤਿਨ ਕੀਆ'। ਕਿਸੇ ਨੇ ਉਸ ਸਮੇਂ ਅੱਖੀਂ ਦੇਖੀ ਲਿਖੀ ਹੋਵੇ, ਐਸੀ ਕੋਈ ਲਿਖਤ ਅਜੇ ਨਹੀਂ ਮਿਲੀ, ਸੋ ਇਹ ਗਲ ਕਿ ਸਚ ਮੁਚ ਗੁਰੂ ਜੀ ਨੂੰ ਖੁਸਰੋ ਮਿਲੇ ਨਿਸਚੇ ਸਿੱਧ ਕਿਸੇ ਨਹੀਂ ਕੀਤੀ। ਪਰੰਤੂ ਜੇ ਇਹ ਗਲ ਸੱਚ ਬੀ ਹੋਵੇ ਤਾਂ ਕੋਈ ਅਨੋਖੀ ਗਲ ਨਹੀਂ।ਸਤਿਗੁਰਾਂ ਨੂੰ ਸਭ ਮਿਲਨੇ ਵਾਲੇ ਲੰਗਰੋਂ ਪ੍ਰਸ਼ਾਦ ਛਕਦੇ ਸੀ,ਅਕਬਰ ਪਾਤਸ਼ਾਹ ਨੇ ਵੀ ਸਤਿਗੁਰਾਂ ਦੇ ਗ੍ਰਿਹਿ ਦਾ ਓਗਰਾ ਛਕਿਆ ਸੀ। ਹਰੀ ਪੁਰ ਵਾਲੇ ਰਾਜੇ ਵੀ ਲੰਗਰ ਦਾ ਪ੍ਰਸ਼ਾਦ ਛਕਿਆ ਸੀ। ਸੋ ਜਿਥੇ ਕਿ ਅਟੁੱਟ ਲੰਗਰ ਦਾ ਅਸੂਲ ਵਰਤੋਂ ਵਿਚ ਸੀ ਤੇ ਬਿਨਾਂ ਲਿਹਾਜ਼ ਜਾਤ ਜਨਮ ਤੇ ਕਰਮ

ਕੁਲ ਦੇ ਸਭਨੂੰ ਰੋਟੀ ਮਿਲਦੀ ਸੀ,ਉਥੇ ਜੇ ਸ਼ਾਹਜ਼ਾਦੇ* ਨੇ ਰੋਟੀ ਮੰਗੀ ਤੇ ਸਤਿਗੁਰਾਂ ਨੇ ਦਿੱਤੀ ਤਾਂ ਆਪਣੇ ਅਸੂਲ ਤੋਂ ਉਨ੍ਹਾਂ ਨੇ ਠੀਕ ਕੀਤਾ ਹੈ। ਸਤਿਗੁਰਾਂ ਨੇ ਆਪਣੇ ਆਤਮਕ ਤੇ ਸਦਾਚਾਰਕ ਅਸੂਲਾਂ ਨੂੰ ਮੁਹਰੇ ਰੱਖਣਾ ਹੈ, ਤੇ ਕਿਸੇ ਭੈ ਤੋਂ ਡਰ ਕੇ ਅਸੂਲ ਨਹੀਂ ਤੋੜਨੇ,ਹਉਮੈਂ ਵਿਚ ਆਫਰੇ ਜਰਵਾਣੇ ਹਾਕਮਾਂ ਤੇ ਪਾਤਸ਼ਾਹਾਂ ਨੇ ਜੇ ਨਹੀਂ ਸਮਝਣਾਂ ਤਾਂ ਨਾ ਸਮਝਣ। ਬਾਕੀ ਰਹੀ ਅਸਲ ਗਲ ਸੋ ਇਉਂ ਜਾਪਦੀ ਹੈ ਕਿ ਮੁਸਲਮਾਨ ਦੋਖੀਆਂ ਨੇ ਜੋ ਸਿੱਖੀ ਪ੍ਰਚਾਰ ਨਾਲ ਖੁਣਸ ਰਹੇ ਸਨ, ਤੇ ਮੁਸਲਮਾਨਾਂ ਦੇ ਸਿੱਖ ਬਣਨ ਤੋਂ ਵਧੇਰੇ ਦੁਖੀ ਸਨ, ਅਤੇ ਚੰਦੂ ਵਰਗੇ ਸੁਆਰਥੀਆਂ ਨੇ ਪਾਤ-ਸਾਹ ਨੂੰ ਕੋਲੋਂ ਪਾ ਪਾ ਕੇ ਤੇ ਆਪਣੇ ਰੰਗਾਂ ਵਿਚ ਗੱਲਾਂ ਦੱਸਣੀਆਂ ਹੀ ਸਨ। ਕਿਸੇ ਕਿਹਾ 'ਖੁਸਰੋ ਦੇ ਹਕ ਵਿਚ ਦੁਆ ਕੀਤੀ' (ਦੇਖੋ ਦਬਿਸਤਾਨ ਮਜ਼ਾਹਬ) ਪਰ ਜਹਾਂਗੀਰ ਆਪ ਲਿਖਦਾ ਹੈ ਕਿ 'ਖੁਸਰੋ ਦੇ ਮੱਥੇ ਤੇ ਤਿਲਕ ਲਾਇਆ ਤੇ ਖਾਸ ਤਰ੍ਹਾਂ ਦਾ ਵਰਤਾਉ ਕੀਤਾ'। ਤਿਲਕ ਵਾਲੀ ਗਲ ਬੀ ਬਨਾਵਟੀ ਚੁਗਲੀ ਹੈ। ਸਤਿਗੁਰਾਂ ਦੇ ਘਰ ਵਿਚ ਤਿਲਕ ਕੇਵਲ ਆਪਣੇ ਜਾਨਸ਼ੀਨ ਨੂੰ ਦੇਂਦੇ ਸਨ, ਹੋਰ ਕਦੇ ਕਿਸੇ ਨੂੰ ਨਹੀਂ ਸਨ ਦੇਂਦੇ। ਅਕਬਰ ਤੀਸਰੇ ਸਤਿਗੁਰਾਂ ਪਾਸ ਆਇਆ ਸੀ ਤਿਲਕ ਨਹੀਂ ਦਿੱਤਾ, ਇਕ ਰਾਜਾ ਤੀਸਰੇ ਸਤਿਗੁਰਾਂ ਪਾਸ ਇਕ ਪੰਜਵੇਂ ਗੁਰਾਂ ਪਾਸ ਆਇਆ ਸੀ, ਕਿਸੇ ਨੂੰ ਤਿਲਕ ਨਹੀਂ ਦਿੱਤਾ। ਸੋ ਇਹ ਬੀ ਠੱਪੀ ਹੋਈ ਓਜ ਹੀ ਸੀ।

ਭਾਈ ਸੰਤੋਖ ਸਿੰਘ ਜੀ ਨੂੰ ਜੋ ਖਬਰ ਜਹਾਂਗੀਰ ਦਾ ਦਿਲ ਗੁਰਾਂ ਨਾਲ ਚੰਗੇ ਹੋਣ ਦੀ ਮਿਲੀ ਹੈ, ਠੀਕ ਨਹੀਂ। ਪਤਾ ਨਹੀਂ ਉਹਨਾਂ ਨੇ ਇਹ ਕਿਸੇ ਮੁਸਲਮਾਨ ਪੱਖੀ ਤੋਂ ਸੁਣੀ ਹੈ, ਯਾ ਮਗਰੋਂ ਜੋ ਪਾਤਸ਼ਾਹ ਨੇ ਚੰਦੂ ਨੂੰ ਹਵਾਲੇ ਕਰ ਦਿੱਤਾ ਸੀ,ਇਸ ਗਲ ਤੋਂ ਉਸ ਨੂੰ ਨਿਰਦੋਸ਼ ਮੰਨਕੇ ਸ਼ਰਧਾਲੂ ਬੀ ਮੰਨ ਲਿਆ। ਪਰ ਜਹਾਂਗੀਰ ਦੀ ਲਿਖਤ ਦਸਦੀ ਹੈ ਕਿ ਉਸ ਦੇ ਜੀ ਵਿਚ ਸਖਤ ਤਅੱਸਬ ਭਰਿਆ ਪਿਆ ਸੀ ਉਹ ਆਪ ਆਪਣੀ ਲਿਖੀ ਤੋਜ਼ਕ ਜਹਾਂਗੀਰੀ ਵਿਚ ਲਿਖਦਾ ਹੈ:—

"ਦਰ ਗੋਇੰਦਵਾਲ ਕਿ ਬਰ ਕਨਾਰੇ ਦਰਯਾਇ ਬਿਆਸ ਵਾਕਿਆਸਤ ਹਿੰਦੂਏ ਬੂਦ ਅਰਜਨ ਨਾਮ ਦਰ ਲਿਬਾਸੇ ਪੀਰੀ ਓ ਸ਼ੇਖੀ, ਚੁਨਾਂਚਿ ਬਿਸੀਆਰੇ ਅਜ਼ ਸਾਦਹ ਲੋਹਾਨੇ ਹਨੂਦ ਬਲਕਿ ਨਾਦਾਨ ਵ ਸਫੀਹਾਨੇ ਇਸਲਾਮ ਰਾ ਮੁਕੱਯਦ ਅਤਵਾਰੋ ਔਜ਼ਾਏ ਖ਼ੁਦ ਸਾਖ਼ਤਹ ਕੋਸਿ ਪੀਰੀਓ ਵਲਾਇਤ ਰਾ ਬੁਲੰਦ ਆਵਾਜ਼ਹ ਗਰਦਾਨੀਦਹ ਬੂਦ। ਓ ਰਾ ਗੁਰੂ ਮੇ ਗੁਫ਼ਤੰਦ। ਵ ਅਜ਼ ਇਤਰਾਫੇ ਜਵਾਨਬ ਗ਼ੋਲਾਨੋ ਗ਼ੋਲ ਪ੍ਰਸਤਾਨੇ ਬਦ ਰਜੂਅ ਆਵੁਰਦਹ ਇਅ਼ਤਕ਼ਾਦੇ ਤਮਾਮ ਬ-ਓ ਇਜ਼ਹਾਰ ਮੇ ਕਰਦੰਦ। ਅਜ਼ ਸਿਹ ਚਹਾਰ ਪੁਸ਼ਤੇ ਓ ਈਂ ਦੁਕਾਨ ਰਾ ਗਰਮ ਮੇ ਦਾਸ਼ਤੰਦ। ਮੁੱਦਤ ਹਾ ਬਖ਼ਾਤਿਰ ਮੇ ਗੁਜ਼ਸ਼ਤ ਕਿ ਈਂ ਦੁਕਾਨਿ ਬਾਤਿਲ ਰਾ ਬਰ ਤਰਫ ਬਾਇਦ ਸਾਖਤ ਯਾ ਓ ਰਾ ਦਰ ਜਿਰਗਹ ਏ ਅਹਿਲਿ ਇਸਲਾਮ ਦਰ ਬਾਇਦ ਆਵੁਰਦ"।

ਅਰਥਾਤ—'ਗੋਇੰਦਵਾਲ ਵਿਚ ਜੋ ਕਿ ਦਰਯਾਇ ਬਿਆਸ ਦੇ ਕੰਢੇ ਤੇ ਹੈ ਅਰਜਨ ਨਾਮੀ ਇਕ ਹਿੰਦੂ ਪੀਰੀ ਤੇ ਸ਼ੇਖੀ ਦੇ ਭੇਸ ਵਿਚ ਰਹਿੰਦਾ ਸੀ। ਚੁਨਾਂਚਿ ਸਿੱਧੇ ਸਾਦੇ ਹਿੰਦੂਆਂ ਵਿਚ ਬਹੁਤ ਸਾਰੇ ਬਲਕਿ ਮੂਰਖ ਤੇ ਬਿਅਕਲ ਮੁਸਲਮਾਨਾਂ ਨੂੰ ਭੀ ਆਪਣੇ ਰਹਿਤ ਬਹਿਤ ਦਾ

---

*ਮੈਕਾਲਫ ਲਿਖਦਾ ਹੈ ਕਿ ਅਕਬਰ ਨੇ ਤਖਤ, ਖੁਸਰੋ ਅਪਣੇ ਪੋਤੇ ਨੂੰ ਦੇਣਾ ਕਿਹਾ ਸੀ, ਪਰ ਜਹਾਂਗੀਰ ਨੇ ਤਖਤ ਸਾਂਭ ਲਿਆ ਸੀ, ਇਸ ਕਰਕੇ ਸ਼ਹਾਜ਼ਾਦਾ ਆਗਰੇ ਤੋਂ ਨੱਠਾ ਸੀ ਕਿ ਪੰਜਾਬ ਤੇ ਅਫਗਾਨਸਤਾਨ ਮੈਂ ਲੈ ਲਵਾਂ।

ਧਾਰਨੀ ਬਣਾ ਕੇ ਆਪਣੀ ਪੀਰੀ ਤੇ ਗੁਰੂ ਪੁਣੇ ਦਾ ਢੋਲ ਬੜੇ ਜ਼ੋਰ ਸ਼ੋਰ ਨਾਲ ਵਜਾਇਆ ਹੋਇਆ ਸਾਸੁ। ਉਸ ਨੂੰ ਗੁਰੂ ਕਹਿੰਦੇ ਸਨ। ਸਭਨਾਂ ਪਾਸਿਆਂ ਤੋਂ ਝੂਠ ਦੇ ਪੁਜਾਰੀਆਂ ਦੇ ਟੋਲਿਆਂ ਦੇ ਟੋਲੇ ਉਸ ਵਲ ਆਉਂਦੇ ਤੇ ਉਸ ਪਰ ਪੂਰਾ ਭਰੋਸਾ ਪ੍ਰਗਟ ਕਰਦੇ ਸਨ। ਤਿੰਨ ਚਾਰ ਪੁਸ਼ਤਾਂ ਤੋਂ ਉਨ੍ਹਾਂ ਨੇ ਇਸ ਦੁਕਾਨ ਨੂੰ ਗਰਮ ਕਰ ਰਖਿਆ ਸੀ। ਕਿਤਨੇ ਚਿਰ ਤੋਂ ਮੇਰੇ ਦਿਲ ਵਿਚ ਇਹ ਆਉਂਦੀ ਸੀ ਕਿ ਇਸ ਝੂਠੀ ਦੁਕਾਨ ਨੂੰ ਦੂਰ ਕਰਦਿਆਂ ਯਾ ਉਸ (ਗੁਰੂ ਅਰਜਨ ਸਾਹਿਬ) ਨੂੰ ਦੀਨ ਇਸਲਾਮ ਦੀ ਜਮਾਤ ਵਿਚ ਲੈ ਆਵਾਂ।'

ਇਹ ਉਸ ਦੇ ਆਪਣੇ ਲੇਖ ਤੋਂ ਸਾਬਤ ਹੈ ਕਿ ਪਾਤਸ਼ਾਹ ਦੇ ਦਿਲ ਵਿਚ ਤਅੱਸਬ ਤੇ ਵੈਰ ਪਹਿਲੋਂ ਤੋਂ ਸੀ, 'ਦੂਰ ਕਰ ਦੇਵਾਂ ਅਰਥਾਤ ਮੂਲੋਂ ਮਿਟਾ ਦੇਵਾਂ ਯਾ ਇਸਲਾਮ ਵਿਚ ਦਾਖ਼ਲ ਕਰ ਲਵਾਂ' ਉਸ ਦੇ ਜੀ ਵਿਚ ਪਹਿਲੋਂ ਤੋਂ ਹੀ ਆ ਰਹੀ ਸੀ। ਉਸ ਨੂੰ ਬਹੁਤ ਗੁੱਸਾ ਮੁਸਲਮਾਨਾਂ ਦੇ ਸਿੱਖ ਬਣਨੇ ਦਾ ਸੀ। ਇਹ ਜ਼ਾਹਰ ਹੀ ਹੈ ਕਿ ਏਹ ਸੁਣੇ ਸੁਣਾਏ ਖਿਆਲ ਸਨ, ਜੋ ਗ਼ਾਲਬਨ ਚੁਗਲਖ਼ੋਰਾਂ ਦੇ ਪੁਚਾਏ ਹੋਏ ਸਨ। ਆਪੂੰ ਉਸ ਨੇ ਕੋਈ ਖੇਚਲ ਕਰਕੇ ਤਜਰਬਾ ਥੋੜਾ ਕੀਤਾ ਸੀ। ਫੇਰ ਬਾਕੀ ਜੋ ਬੇਅਦਬੀ ਦੇ ਵਾਕ ਪਾਤਸ਼ਾਹ ਨੇ ਲਿਖੇ ਹਨ ਸੋ ਤਅੱਸਬ ਭਰੇ ਦਿਲ ਤੋਂ ਹੋਰ ਆਸ ਹੀ ਕੀਹ ਹੋ ਸਕਦੀ ਹੈ। ਪਾਤਸ਼ਾਹ ਵਲੋਂ ਬੇਅਦਬੀ ਦੇ ਵਾਕ ਪੜ੍ਹਕੇ ਘਬਰਾਉਣਾ ਨਹੀਂ ਚਾਹੀਦਾ, ਇਹ ਵਾਕ ਦਲੀਲ ਹਨ ਉਸ ਦੇ ਦਿਲ ਵਿਚ ਪਹਿਲੇ ਭਰੇ ਕੀਨੇ, ਵੈਰ ਤੇ ਅਅੱਸਬ ਦੀ।　　ਫਿਰ ਪਾਤਸ਼ਾਹ ਲਿਖਦਾ ਹੈ ਕਿ:—

"ਤਾ ਆਂਕਿ ਦਰ ਈਂ ਅੱਯਾਮ ਖ਼ੁਸਰੋ ਅਜ਼ਾਂ ਰਾਹ ਅੁਬੂਰ ਮੇਂ ਨਮਦ। ਈਂ ਮਰਦਕਿ ਮਜਹੂਲ ਇਰਾਦਹ ਕਰਦ ਕਿ ਮੁਲਾਜ਼ਮਤੇ ਓਰਾ ਦਰ ਯਾਬਦ। ਦਰ ਮੰਜ਼ਲੇ ਕਿ ਜਾ ਵ ਮੁਕਾਮਿ ਓ ਬੂਦ ਖ਼ੁਸਰੋ ਰਾ ਨਜ਼ੂਲ ਉਫਤਾਦ,ਆਮਦਹ ਓਰਾ ਦੀਦ,ਵ ਬਾਜ਼ੇ ਮੁਕੱਦਿਮਾਤ ਫ਼ਰਾ ਯਾਫ਼ਤਹ ਬਓ ਰਸਾਨੀਦ ਵਾ ਬਰ ਪਸ਼ਾਨੀਏ ਓ ਅੰਗੁਸ਼ਤੇ ਅਜ਼ ਜ਼ਅਫ਼ਰਾਨ ਕਿ ਬ-ਇਸਤਲਾਹ ਹਿੰਦੂਵਾਨ ਕਸ਼ਕਾ ਗੋਇੰਦ ਕਸ਼ੀਦ ਵਾ ਆਂ ਰਾ ਸ਼ਗੁਨ ਮਿ ਦਾਨੰਦਾਚੂੰ ਈਂ ਮੁਕੱਦਿਮਾ ਬ-ਮੁਸਾਮਿਅ ਜਾਹੋ ਜਲਾਲ ਮੇ ਰਸਦ ਵ ਬੁਤਲਾਨਿ ਓਰਾ ਬ ਵਜਹ ਅਕਮਲ ਮੇ ਦਾਨਿਸਤਮ ਅਮਰ ਕਰਦਮ ਕਿ ਓਰਾ ਹਾਜ਼ਿਰ ਸਾਖ਼ਤੰਦ ਵਾ ਮਸਾਕਨੋ ਮਨਾਜ਼ਲੋ ਫਰਜ਼ੰਦਾਨੇ ਓ ਰਾ ਬ-ਮੁਰਤਜ਼ਾ ਖ਼ਾਨ ਇਨਾਇਤ ਨਮੂਦਮ ਵ ਅਸਬਾਬੋ ਅਮਵਾਲੇ ਓਰਾ ਬਕੈਦਿ ਜ਼ਬਤਦਰ ਆਵੁਰਦਹ ਫਰਮੂਦਮ ਕਿ ਓਰਾਬ-ਸਿਆਸਤਬ-ਯਾਸਾ *ਰਸਾਨੰਦ।"

ਅਰਥਾਤ—'ਕਿ ਇਨ੍ਹਾਂ ਹੀ ਦਿਨਾਂ ਵਿਚ ਖੁਸਰੋ ਉਸ ਰਸਤੇ ਲੰਘਿਆ। ਇਸ ...... ਪੁਰਸ਼ (ਭਾਵ ਗੁਰੂ ਜੀ ਨੇ) ਇਰਾਦਾ ਕੀਤਾ ਕਿ ਉਸ (ਖੁਸਰੋ) ਨੂੰ ਮਿਲੇ। ਉਸ ਪੜਾ ਉਤੇ ਜਿੱਥੇ ਕਿ ਉਸ ਦੀ ਜਗਾ ਤੇ ਟਿਕਾਣਾ ਸੀ, ਖੁਸਰੋ ਦਾ ਡੇਰਾ ਹੋਇਆ ਦੇਖ ਕੇ ਉਸ ਨੂੰ ਮਿਲਿਆ। ਕਈ ਗੱਲਾਂ ਕੀਤੀਆਂ ਤੇ ਉਸ ਦੇ ਮੱਥੇ ਪਰ ਆਪਣੀ ਉਂਗਲ ਨਾਲ ਕੇਸਰ ਦਾ ਟਿੱਕਾ ਲਾਇਆ ਜਿਸ ਨੂੰ ਕਿ ਹਿੰਦੂ ਤਿਲਕ ਆਖਦੇ ਤੇ ਸ਼ਗਨ ਸਮਝਦੇ ਹਨ। ਜਦ ਏਹ ਖਬਰ ਮੇਰੇ ਕੰਨਾਂ ਵਿਚ ਪਹੁੰਚੀ। ਮੈਂ ਉਸ ਦੇ ਝੂਠ ਨੂੰ ਬੜੀ ਚੰਗੀ ਤਰ੍ਹਾਂ ਜਾਣਦਾ ਸੀ, ਮੈਂ ਹੁਕਮ ਦਿਤਾ ਕਿ ਉਸ ਨੂੰ ਹਾਜ਼ਰ ਕਰਨ, ਉਸ ਦੇ ਘਰ ਬਾਰ ਤੇ ਪੁਤ੍ਰਾਂ ਨੂੰ ਮੁਰਤਜ਼ਾ ਖਾਂ ਨੂੰ ਬਖਸ਼ ਦਿਤਾ ਤੇ ਉਸ ਦੇ ਮਾਲ ਜਾਇਦਾਦ ਨੂੰ

*'ਯਾਸਾ' ਤੁਰਕੀ ਲਫ਼ਜ਼ ਹੈ, ਅਰਥ ਹੈ-ਕਤਲ ਕਰਨਾ, ਲੁੱਟਣਾ, ਬਦਲਾ ਲੈਣਾ।

ਜ਼ਬਤ ਕਰਕੇ ਮੈਂ ਹੁਕਮ ਕੀਤਾ ਕਿ ਉਸ ਨੂੰ ਕਤਲ ਦੀ ਕਰੜੀ ਸਜ਼ਾ ਦਿਤੀ ਜਾਵੇ।'

ਇਸ ਲਿਖਤ ਤੋਂ ਸਾਬਤ ਹੋਇਆ ਕਿ ਪਾਤਸ਼ਾਹ ਜਿਸ ਦੇ ਦਿਲ ਵਿਚ ਪਹਿਲਾਂ ਮਜ਼ਹਬੀ ਤਅੱਸਬ ਭਰਿਆ ਹੋਇਆ ਸੀ, ਜੋ ਆਪ ਮੰਨਦਾ ਹੈ ਕਿ ਪਹਿਲੋਂ ਤੋਂ ਉਨ੍ਹਾਂ ਦੇ ਝੂਠ ਨੂੰ ਪੂਰੀ ਤਰ੍ਹਾਂ ਜਾਣਦਾ ਸਾਂ, ਗਲ ਸੁਣਦੇ ਸਾਰ ਅੱਗ ਬਗੋਲਾ ਹੋ ਗਿਆ ਹੈ ਤੇ ਜੋ ਪਹਿਲਾਂ ਚਿਤਵਦਾ ਹੁੰਦਾ ਸੀ ਕਿ ਸਮਾਪਤੀ ਕਰਦਿਆਂ ਯਾ ਦਾਖਲ ਇਸਲਾਮ ਕਰ ਲਵਾਂ, ਸੋ ਇਸ ਬੇਹੂਦਾ ਜੋਸ਼ ਵਿਚ ਮੌਕਾ ਸਮਝ ਕੇ ਅਤਯਾਚਾਰ ਦਾ ਹੁਕਮ ਦੇ ਦਿਤਾ। ਇਹ ਬੀ ਇਸ ਤੋਂ ਸਾਫ ਸਿੱਟਾ ਨਿਕਲ ਰਿਹਾ ਹੈ ਕਿ ਪਾਤਸ਼ਾਹ ਨੇ ਤਹਕੀਕਾਤ ਨਹੀਂ ਕੀਤੀ, ਨਿਆਂ ਨਹੀਂ ਕੀਤਾ ਤੇ ਐਵੇਂ ਸੁਣਕੇ ਹੀ ਆਪਣੇ ਪਹਿਲੇ ਬਣੇ ਤਅੱਸਬ ਵਿਚ ਗੁੱਸਾ ਖਾ ਕੇ ਹੁਕਮ ਦੇ ਦਿਤਾ ਹੈ।

ਹੁਣ ਜਦ ਅਸਲੀਅਤ ਦੀ ਖੋਜ ਕਰੀਏ ਤਾਂ ਥਹੁ ਇਹ ਪੈਂਦਾ ਹੈ ਕਿ ਸਤਿਗੁਰ ਜੀ ਤੇ ਖੁਸਰੋ ਦਾ ਮੇਲ ਹੋਇਆ ਹੀ ਨਹੀਂ ਹੈ। ਇਹ ਇਕ ਊਜ ਸੀ ਜੋ ਤਅੱਸਬੀ ਮੁਸਲਮਾਨ ਹਾਕਮਾਂ, ਚੰਦੂ ਤੇ ਪ੍ਰਿਥੀਏ ਯਾ ਉਸ ਦੇ ਪਰਵਾਰ ਵਲੋਂ ਘੜੀ ਗਈ ਸੀ। ਉਹ ਖੋਜ ਇਸ ਪ੍ਰਕਾਰ ਹੈ:-

ਆਗਰੇ ਤੋਂ ਪਾਤਸ਼ਾਹ ਖੁਸਰੋ ਦੇ ਮਗਰੇ ਮਗਰ ਟੁਰਪੈਂਦਾ ਹੈ।ਰਸਤੇ ਵਿਚ ਖੁਸਰੋਦੇ ਠਹਿਰਨ, ਕਿਸੇ ਤੋਂ ਮਦਦ ਮਿਲਣ ਤੇ ਅੱਗੇ ਭੱਜੇ ਜਾਣ ਦੀ ਖ਼ਬਰ ਉਸ ਨੂੰ ਮਿਲਦੀ ਜਾਂਦੀ ਹੈ। ਮਦਦ ਦੇਣਹਾਰਾਂ ਨੂੰ ਸਜ਼ਾਵਾਂ ਦੇਈ ਜਾਂਦਾ ਹੈ। ਚੁਨਾਚਿ ਕਰਨਾਲ ਦੇ ਪਰਗਨੇ ਵਿਚ ਵੜਦਿਆਂ ਉਸ ਨੂੰ ਪਤਾ ਲਗਦਾ ਹੈ ਕਿ ਪੀਰ ਥਾਨੇਸਰੀ ਨੇ ਖੁਸਰੋ ਨੂੰ ਮਦਦ ਦਿਤੀ ਹੈ, ਜੈਸਾ ਕਿ ਪਾਤਸ਼ਾਹ ਆਪਣੀ 'ਤੁਜ਼ਕ ਜਹਾਂਗੀਰੀ' ਵਿਚ ਆਪ ਲਿਖਦਾ ਹੈ। "ਸ਼ੇਖ ਨਿਜ਼ਾਮ ਥਾਨੇਸਰੀ ਜੋ ਆਪਣੇ ਸਮੇਂ ਦਾ ਮਸ਼ਹੂਰ ਦੰਭੀ ਹੈ, ਖੁਸਰੋ ਨੂੰ ਮਿਲਿਆ ਤੇ ਉਸ ਨੂੰ ਦੁਆਈਂ ਦੇਕੇ ਠੀਕ ਰਸਤੇ ਤੋਂ ਗੁਮਰਾਹ ਕਰ ਦਿੱਤੋਸੁ ਤੇ ਫੇਰ ਹੁਣ ਮੈਨੂੰ ਮਿਲਣ ਆਇਆ। ਚੂੰਕਿ ਮੈਂ ਏਹ ਗਲਾਂ ਸੁਣ ਚੁਕਾ ਸਾਂ ਸੋ ਮੈਂ ਉਸ ਨੂੰ ਰਸਤੇ ਦਾ ਖਰਚ ਦੇਕੇ ਮੱਕੇ ਨੂੰ ਟੋਰ ਦਿਤਾ*।"

ਫਿਰ ਪਾਤਸ਼ਾਹ ਲਿਖਦਾ ਹੈ ਕਿ ੧੬ ਤ੍ਰੀਕ ਜ਼ੀਉਲਹਜ (ਮੁਤਾਬਕ ੧੫ ਅਪ੍ਰੈਲ) ਨੂੰ ਮੈਂ ਸਰਾਇ ਕਾਜ਼ੀ ਸਾਂ, ੧੭ ਜ਼ੀ: (ਮੁਤਾ: ੧੬ ਅਪ੍ਰੈਲ) ਦੀ ਸਵੇਰੇ ਸੁਲਤਾਨ ਪੁਰ ਪੁੱਜਾ, ਇਥੇ ਦੁਪਹਿਰ ਤਕ ਰਿਹਾ। ਫੇਰ ਪੁਲ ਤੋਂ ਪਾਰ ਹੋ ਗੋਇੰਦਵਾਲ ਪੁਜਾ। ਏਥੇ ਖਬਰ ਮਿਲੀ ਕਿ ਖੁਸਰੋ ਤੇ ਫਤੇ ਹੋ ਗਈ ਹੈ। ਹੁਣ ਪਾਤਸ਼ਾਹ ਸਹਿਜੇ ਸਹਿਜੇ ਮੁਕਾਮ ਕਰਦਾ ਟੁਰਦਾ ਹੈ। ੨੮ ਜ਼ੀ: ਹੱਜ (੨੭ ਅਪ੍ਰੈਲ) ਨੂੰ ਜੈਪਾਲ ਅੱਪੜਦਾ ਹੈ। ਇਹ ਪਿੰਡ ਲਾਹੌਰੋਂ ੭ ਕੋਹ ਉਰੇ ਹੈ। ੧੭ ਤੋਂ ੨੮,ਗੋਯਾ ਲਗ ਪਗ ੧੨ ਦਿਨ ਮਾਝੇ ਵਿਚ ਪਾਤਸ਼ਾਹ ਰਹਿੰਦਾ ਹੈ, ਪਰ ਖੁਸਰੋ ਦੇ ਗੁਰੂ ਸਾਹਿਬ ਨੂੰ ਮਿਲਣ ਦੀ ਗਲ ਪਾਤਸ਼ਾਹ ਦੇ ਕੰਨਾਂ ਤਕ ਨਹੀਂ ਅੱਪੜਦੀ। ਹੋਰ ਖੁਸਰੋ ਦੀਆਂ ਸਾਰੀਆਂ ਖਬਰਾਂ, ਥਾਨੇਸਰੀ ਪੀਰ ਵਰਗੇ ਦੀਆਂ ਖੁਸਰੋ ਨੂੰ ਮਿਲਣ ਦੀਆਂ ਸੋਆਂ ਸਭ ਪਾਤਸ਼ਾਹ ਨੂੰ

*ਪਾਤਸ਼ਾਹ ਦੀ ਇਹ ਲਿਖਤ ਬੀ ਦੱਸਦੀ ਹੈਕਿ ਇਕ ਮੁਸਲਮਾਨ ਪੀਰ ਨੂੰ ਖੁਸਰੋ ਨੂੰ ਗੁਮਰਾਹ ਕਰਨ ਦੇ ਅਪ੍ਰਾਧ ਵਿਚ ਮੱਕੇ ਜਾਣ ਦੀ ਸਜ਼ਾ ਤੇ ਖਰਚ ਬੀ ਕੋਲੋਂ, ਤੇ ਗੁਰੂ ਜੀ ਨੂੰ ਜਿਨ੍ਹਾਂ ਨੂੰ ਉਹ ਹਿੰਦੂ ਸਮਝ ਰਿਹਾ ਹੈ (ਤੇ ਤਹਕੀਕਾਤ ਬੀ ਨਹੀਂ ਕਰਦਾ) ਜਾਇਦਾਦ ਜ਼ਬਤ ਤੇ ਕਤਲ ਦਾ ਹੁਕਮ ਦੇਂਦਾ ਹੈ। ਇਸਤੋਂ ਬੀ ਸਾਬਤ ਹੋਗਿਆ ਕਿ ਗੁਰੂ ਜੀ ਦੀ ਸ਼ਹਾਦਤ ਦਾ ਗੁੱਝਾ ਕਾਰਣ ਪਾਤਸ਼ਾਹ ਦਾ ਇਸਲਾਮੀ ਤਅੱਸਬ ਹੈਸੀ ਤੇ ਉਤੋਂ ਖੁਸਰੋ ਦੀ ਸੁਣੀ ਗਲ ਦਾ ਗੁੱਸਾ ਬਹਾਨਾ ਬਣ ਗਿਆ ਸੀ।

ਭੱਜਿਆਂ ਜਾਂਦਿਆਂ ਮਿਲਦੀਆਂ ਰਹੀਆਂ, ਹੁਣ ੧੨ ਦਿਨ ਮਾਝੇ ਵਿਚ ਰਹਿਕੇ ਪਾਤਸ਼ਾਹ ਨੂੰ ਕਿਉਂ ਖਬਰ ਨਾ ਮਿਲੀ ? ਇਹ ਹੋ ਨਹੀਂ ਸਕਦਾ ਕਿ ਖ਼ੁਸਰੋ ਗੁਰੂ ਜੀ ਨੂੰ ਮਿਲਿਆ ਹੁੰਦਾ ਤਾਂ ਪਾਤਸ਼ਾਹ ਨੂੰ ਖਬਰ ਨਾ ਮਿਲਦੀ। ਪਾਤਸ਼ਾਹ ਦੇ ਸੂੰਹੀਏ ਤੇ ਇਨਾਮ ਲੈਣ ਦੇ ਲਾਲਚੀ ਚੁਗਲ ਖੋਰ ਚੱਪੇ ਚੱਪੇ ਭਰੇ ਪਏ ਸਨ। ਜਿਸ ਦਿਨ ਖੁਸਰੋ ਨੱਸਾ ਹੈ ਉਸੇ ਦਿਨ ਪਾਤਸ਼ਾਹ ਨੇ ਰਾਜਾ ਬਾਸੂ ਨੂੰ ਖੁਸਰੋ ਬਾਬਤ ਖਬਰਾਂ ਲੈਣ ਤੇ ਉਸਨੂੰ ਪਕੜਨ ਲਈ ਮਗਰੇ ਨਸਾਇਆ ਹੈ। ਇਹ ਰਾਜਾ ਬਾਸੂ ਪੰਜਾਬੀ ਸੀ। ਇਸ ਨੂੰ ਬੀ ਗੁਰੂ ਜੀ ਦੀ ਖਬਰ ਨਾ ਮਿਲੀ। ਕਦੇ ਹੋ ਸਕਦਾ ਹੈ ਕਿ ਜੇ ਖੁਸਰੋ ਗੁਰੂ ਜੀ ਨੂੰ ਮਿਲਿਆ ਹੁੰਦਾ ਤਾਂ ਪਾਤਸ਼ਾਹ ਨੂੰ ਸੁਲਤਾਨ ਪੁਰ, ਗੋਇੰਦਵਾਲ ਤੇ ੧੨ ਦਿਨ ਮਾਝੇ ਵਿਚ ਫਿਰਦਿਆਂ ਕਿਸੇ ਪਾਸਿਓਂ ਖਬਰ ਨਾ ਮਿਲਦੀ।

੨੯ ਜ਼ੀ: ਹਜ (੨੮ ਅਪ੍ਰੈਲ) ਨੂੰ ਪਾਤਸ਼ਾਹ ਜੈਪਾਲ ਤੋਂ ਟੁਰਕੇ ਮਿਰਜ਼ਾ ਕਾਮਰਾਨ ਦੇ ਬਾਗ (ਲਾਹੌਰ ਦੇ ਲਾਗ) ਅੱਪੜਦਾ ਹੈ। ਇਥੇ ਖੁਸਰੋ ਦੇ ਹਾਰ ਖਾਕੇ ਭੱਜੇ ਜਾਂਦੇ ਦੀ ਸੋਧਰੇ ਦੇ ਪੱਤਣ ਤੇ ਫੜੇ ਜਾਣ ਦੀ ਖਬਰ ਪੁੱਜੀ ਤੇ ਚੌਥੇ ਦਿਨ ਅਰਥਾਤ ੩ ਮੁਹੱਰਮ (੧ ਮਈ) ਨੂੰ ਖੁਸਰੋ ਗ੍ਰਿਫਤਾਰ ਹੋਇਆ ਪਾਤਸ਼ਾਹ ਦੇ ਪੇਸ਼ ਹੋਇਆ, ਉਸੇ ਵੇਲੇ ਖੁਸਰੋ ਦੇ ਦੋ ਵਡੇ ਸਾਥੀ ਗਾਂ ਤੇ ਖੋਤੇ ਦੀ ਖੱਲ ਵਿਚ ਸੀਤੇ ਗਏ। ਕਈ ਸੌ ਖੁਸਰੋ ਦੀ ਫੌਜ ਦੇ ਆਦਮੀ ਜੋ ਗ੍ਰਿਫਤਾਰ ਸਨ ਸੂਲੀ ਦਿੱਤੇ ਗਏ*। ਪਾਤਸ਼ਾਹ ੯ ਮੁਹੱਰਮ (੭ ਮਈ) ਤਕ ਕਾਮਰਾਨ ਦੇ ਬਾਗ ਵਿਚ ਰਿਹਾ। ਜੋ ਜੋ ਲੋਕ ਅਪ੍ਰਾਧੀ ਸਮਝੇ ਗਏ ਸਜ਼ਾਵਾਂ ਪਾ ਗਏ, ਜਿਨ੍ਹਾਂ ਖਿਦਮਤਾਂ ਕੀਤੀਆਂ ਸਨ ਇਨਾਮ ਪਾ ਗਏ ਤੇ ਇਸ ਦਿਨ ਪਾਤਸ਼ਾਹ ਲਾਹੌਰ ਸ਼ਹਿਰ ਦਾਖਲ ਹੋਇਆ। ਗੋਇਆ ਇਸ ਤਾਰੀਖ ਖੁਸਰੋ ਦਾ ਮਾਮਲਾ ਮੁੱਕ ਚੁਕ ਗਿਆ, ਦੋਸ਼ੀ ਚੰਡੇ ਗਏ, ਸਹਾਯਕ ਇਨਾਮੇ ਗਏ। ਪਰ ਗੁਰੂ ਸਾਹਿਬ ਦੇ ਖੁਸਰੋ ਨੂੰ ਮਿਲਣ ਦੀ ਗਲ ਅਜੇ ਬੀ ਪਾਤਸ਼ਾਹ ਨੂੰ ਨਹੀਂ ਸੁਣਾਈ ਦੇਂਦੀ, ਕੈਸਾ ਅਚਰਜ ਹੈ। ਹੋਰ ਸੋਚ ਵਾਲੀ ਗਲ ਹੈ, ਹੁਣ ਤਾਂ ਦੋਸ਼ੀ ਸਾਰੇ ਗ੍ਰਿਫਤਾਰ ਹੋ ਗਏ ਸਨ ਉਨ੍ਹਾਂ ਤੋਂ ਪਾਤਸ਼ਾਹ ਦੇ ਪੱਖੀ ਅਹਿਲਕਾਰਾਂ ਨੇ ਤਸਦੀਹੇ ਦੇ ਦੇਕੇ ਯਾ ਲਾਲਚ ਪੇਸ਼ ਕਰ ਕਰਕੇ ਖੁਸਰੋ ਦੇ ਪੱਖੀਆਂ ਦੇ ਵੇਰਵੇ ਜ਼ਰੂਰ ਪੁੱਛੇ ਹੋਣਗੇ, ਪਰ ਕਿਤੋਂ ਕੋਈ ਗਲ ਸਤਿਗੁਰਾਂ ਦੇ ਮਿਲਣ ਦੀ ਇਨ੍ਹਾਂ ਤੋਂ ਬੀ ਨਾ ਮਿਲੀ, ਜੋ ਸਾਰੇ ਖੁਸਰੋ ਦੇ ਨਾਲ ਸਨ, ਜੇ ਗੁਰ ਜੀ ਨੂੰ ਖੁਸਰੋ ਮਿਲਿਆ ਹੁੰਦਾ ਤਾਂ ਸਭ ਨੂੰ ਪਤਾ ਹੁੰਦਾ। ਹੁਣ ਹੋਰ ਦੇਖੋ ੯ ਤੋਂ ਬਾਦ ੨੨ ਤਾਰੀਖ ਤੱਕ ੧੩ ਦਿਨ ਹੋਰ ਬੀਤ ਜਾਂਦੇ ਹਨ। ਗੋਯਾ ਮਾਮਲੇ ਮਿਟ ਚੁਕੇ ਨੂੰ ੧੩ ਕੁ ਦਿਨ ਹੋਰ ਉਪਰ ਲੰਘ ਗਏ ਹਨ। ੨੨ ਤਾਰੀਖ ਮੁਹੱਰਮ (੨੦ ਮਈ) ਤੋਂ ਬਾਦ ਕਿਸੇ ਦਿਨ† ਪਾਤਸ਼ਾਹ ਨੂੰ ਗੁਰੂ ਸਾਹਿਬ ਬਾਬਤ ਅਚਾਨਕ ਖਬਰ ਮਿਲਦੀ ਹੈ। ਹੁਣ ਵੀਚਾਰ ਕਰ ਲਓ ਕਿ ਵਾਕਿਆਤ ਦੀਆਂ ਤਾਰੀਖਾਂ ਦੀ ਘੋਖ ਸਾਬਤ ਕਰਦੀ ਹੈ ਕਿ ਜੇ ਕਦੇ ਗੁਰੂ ਸਾਹਿਬ ਦੇ ਮਿਲਣ ਦੀ ਗਲ ਅਮਰ ਵਾਕਿਆ ਹੁੰਦੀ ਤਾਂ ਪਾਤਸ਼ਾਹ ਨੂੰ ਜ਼ਰੂਰ ਵੇਲੇ ਸਿਰ ਖ਼ਬਰ ਮਿਲ ਜਾਂਦੀ। ਸਾਰੇ ਮਾਮਲੇ ਦੇ ਮੁੱਕ ਚੁਕਣ ਦੇ ਬੀ ੧੩ ਦਿਨ ਮਗਰੋਂ ਅਚਾਨਕ ਇਹ ਖਬਰ ਪਾਤਸ਼ਾਹ ਤਕ ਅਪੜਾਈ ਜਾਣੀ ਵਿਦ੍ਰੋਹੀਆਂ ਦਾ ਕੰਮ ਹੈ ਜਿਨ੍ਹਾਂ ਨੂੰ ਚੇਤਾ ਆਇਆ ਹੈ ਕਿ ਪਾਤਸ਼ਾਹ ਦੇ ਗੁੱਸੇ ਚੜ੍ਹੇ ਤੋਂ ਲਾਭ ਅਸਾਂ ਕਿਉਂ ਨਾ ਲਿਆ। ਬੱਸ ਉਸ ਘੜੀ ਤੇ

*ਐਲਫਿਨਸਟੋਨ ੭੦੦ ਲਿਖਦਾ ਹੈ।

†ਗੁਰੂ ਸਾਹਿਬ ਦੀ ਸ਼ਹਾਦਤ ੨੯ ਮਈ ਨੂੰ ਹੈ, ਤ੍ਰੈ ਚਾਰ ਦਿਨ ਕੁ ਤਸਦੀਹੇ ਹਨ। ਇਕ ਅੱਧ ਦਿਨ ਪਹਿਲੇ ਖਬਰ ਮਿਲੀ ਹੋਸੀ। ਸੋ ੨੪ ਯਾ ੨੫ ਮਈ ਦੇ ਕਰੀਬ ਖਬਰ ਮਿਲੀ ਸਮਝੋ।

ਤਅੱਸੁਬ ਭਰੇ ਅਫਸਰਾਂ ਦੇ ਰਾਹੀਂ ਪੁਚਾਈ। ਪਾਤਸ਼ਾਹ ਆਪ ਮੰਨਦਾ ਹੈ ਕਿ ਓਹ ਅਗੇ ਹੀ ਤਅੱਸਬ ਦੀ ਅੱਗ ਨਾਲ ਗੁਰੂ ਸਾਹਿਬ ਦੇ ਵਿਰੁਧ ਸੀ, ਮਾਰ ਦੇਣ ਯਾ ਮੁਸਲਮਾਨ ਕਰ ਲੈਣ ਦਾ ਸੰਕਲਪ ਰੱਖਦਾ ਸੀ। ਝਟ ਵਹਿਸ਼ੀਆਨਾ ਸਜ਼ਾ ਦੇ ਦਿਤੀ।

ਹੁਣ ਇਸ ਵਿਚਾਰ ਨਾਲ ਇਕ ਹੋਰ ਵਿਚਾਰ ਰਲਾਉਣੀ ਹੈ ਤੇ ਫਿਰ ਹੋਰ ਸਫੁਟ ਸਹੀ ਹੋ ਜਾਣਾ ਹੈ ਕਿ ਗੁਰੂ ਸਾਹਿਬ ਜੀ ਦਾ ਕੋਈ ਤਅੱਲਕ ਖੁਸਰੋ ਦੇ ਮਾਮਲੇ ਨਾਲ ਨਹੀਂ ਸੀ।

ਚਿਰ ਮਗਰੋਂ ਜਦੋਂ ਪਾਤਸ਼ਾਹ ਨੇ ਚੰਦੂ ਨੂੰ ਗੁਰੂ ਹਰਿਗੋਬਿੰਦ ਜੀ ਦੇ ਹਵਾਲੇ ਕਰ ਦਿਤਾ ਹੈ* ਕਿ ਜੋ ਸਜ਼ਾ ਚਾਹੋ ਦਿਓ† ਤਦੋਂ ਪਾਤਸ਼ਾਹ ਨੂੰ ਗੁਰੂ ਅਰਜਨ ਦੇਵ ਜੀ ਦੀ ਨਿਰਦੋਸ਼ਤਾ ਸਾਬਤ ਹੋ ਗਈ ਹੋਊ ਤਾਂ ਹੀ ਚੰਦੂ ਨੂੰ ਦੋਸ਼ੀ ਸਮਝ ਕੇ ਹਵਾਲੇ ਕੀਤਾ ਹੋਊ ਨਾ। ਯਾਦ ਰਹੇ ਕਿ ਇਹ ਉਸ ਸਮੇਂ ਦਾ ਇਕ ਰਿਵਾਜ ਹੈਸੀ ਕਿ ਦੋਸ਼ੀ ਨੂੰ ਜਿਨ੍ਹਾਂ ਦਾ ਉਹ ਅਪਰਾਧੀ ਹੋਵੇ, ਉਨ੍ਹਾਂ ਦੇ ਹਵਾਲੇ ਕਰ ਦੇਂਦੇ ਸਨ, ਅਰ ਅਕਸਰ ਤਦੋਂ ਜਦ ਬਹੁਤ ਵੱਡਾ ਤੇ ਅਤਿ ਪਾਪ ਹੋਯਾ ਹੋਵੇ।

ਸੋ ਚੰਦੂ ਨੂੰ ਛੇਵੇਂ ਗੁਰਾਂ ਦੇ ਹਵਾਲੇ ਕਰ ਦੇਣਾ ਕਿ ਜੋ ਦੰਡ ਮਰਜ਼ੀ ਹੋ ਦੇ ਲਓ ਪੱਕੀ ਦਲੀਲ ਹੈ ਇਸ ਗਲ ਦੀ ਕਿ ਪਾਤਸ਼ਾਹ ਨੂੰ ਸਾਬਤ ਹੋ ਗਿਆ ਕਿ ਗੁਰੂ ਅਰਜਨ ਦੇਵ ਜੀ ਨਿਰਦੋਸ਼ ਸਨ, ਤੇ ਇਸ ਨੇ ਮੇਰੇ ਪਾਸ ਕੂੜ ਮਾਰਿਆ ਤੇ ਝੂਠੀਆਂ ਊਜਾਂ ਦਿਤੀਆਂ ਤੇ ਮੈਥੋਂ ਗਲਤੀ ਕਰਵਾਈ ਸੀ‡ ਤੇ ਪਿੱਛੋਂ ਵਹਿਸ਼ੀਆਨਾ ਤਸਦੀਹ ਦਿਤੇ ਸਨ। ਮਾਮਲਾ ਹੋਰ ਖੋਜ ਦਾ ਮੁਥਾਜ ਹੈ, ਪਰ ਇਹ ਟੋਲ ਇਹ ਗਲ ਤਾਂ ਸਪਸ਼ਟ ਕਰਕੇ ਦੱਸ ਦੇਂਦੀ ਹੈ ਕਿ ਸਤਿਗੁਰ ਜੀ ਦਾ ਕੋਈ ਸੰਬੰਧ ਖੁਸਰੋ ਨਾਲ ਨਹੀਂ ਪਿਆ। ਐਤਨੇ ਸਾਰੇ ਦਿਨ ਪਾਤਸ਼ਾਹ ਦੇ ਗੋਇੰਦਵਾਲੋਂ ਲੰਘ ਜਾਣ ਮਗਰੋਂ ਗੁਰਦ੍ਰੋਹੀਆਂ ਨੇ ਘਾੜਤ ਘੜੀ ਤੇ ਪਾਤਸ਼ਾਹ ਦੇ ਕੱਚੇ ਦਿਲ ਨੂੰ ਜ਼ਹਿਰ ਆਲੂਦ ਕਰਕੇ ਸਾਕਾ ਵਰਤਾਇਆ।

ਬਹੁਤ ਲੋਕਾਂ ਦਾ ਹੁਣ ਤਕ ਖਿਆਲ ਹੈ ਕਿ ਜਹਾਂਗੀਰ ਬੜਾ ਨਰਮ ਦਿਲ ਤੇ ਨਿਆਇ-ਕਾਰੀ ਸੀ। ਉਹ ਆਪ ਬੀ ਲਿਖਦਾ ਹੈ ਕਿ ਮਚੇ ਜੰਗ ਤੇ ਸ਼ਿਕਾਰ ਬਿਨਾਂ ਕਿਸੇ ਦੀ ਜਾਨ ਨਹੀਂ ਲੈਣੀ ਚਾਹੀਦੀ। ਪਰ ਉਸ ਦੀਆਂ ਬੇ-ਰਹਿਮੀਆਂ ਸਖਤ ਜ਼ਾਲਮਾਨਾਂ ਸਨ। ਉਸ ਦੀ ਨਰਮੀ, ਨਿਆਂ ਤੇ ਅਤਯਾਚਾਰ ਸਾਰੇ ਇਕੱਠੇ ਉਸ ਵਿਚ ਸੇ। ਤੋਜ਼ਕਿ ਜਹਾਂਗੀਰੀ ਦਾ ਮੁਤਰੱਜਮ 'ਰਾਜਰਸ' ਕਹਿੰਦਾ ਹੈ "ਜਹਾਂਗੀਰ ਅਜੀਬ ਮਿਲਗੋਭਾ ਸੀ, ਉਹ ਖੜਾ ਹੋਕੇ ਆਪਣੇ ਸਾਹਮਣੇ ਜਿਉਂਦਿਆਂ ਮਨੁੱਖਾਂ ਦੀਆਂ ਖੱਲਾਂ ਲੁਹਾਉਂਦਾ ਤੇ ਵੇਖ ਸਕਦਾ ਸੀ। ਤੇ ਜੀਕੂੰ ਉਹ (ਜਹਾਂਗੀਰ) ਆਪ ਦੱਸਦਾ ਹੈ ਕਿ ਇਕ ਆਦਮੀ ਨੂੰ ਮੈਂ ਜਾਨੋਂ ਮਰਵਾ ਦਿੱਤਾ ਤੇ ਦੋਹਾਂ ਦੀਆਂ ਸੜ੍ਹਾਂ ਵਢਾ ਦਿਤੀਆਂ ਕਿਉਂਕਿ ਉਹ ਬੇ-ਮੌਕਿਆ ਪਾਤਸ਼ਾਹ ਦੇ ਸਾਹਮਣੇ ਕਿਉਂ ਆ ਖੜੋਤੇ ਯਾ ਮੇਰੇ ਸ਼ਿਕਾਰ ਨੂੰ ਕਿਉਂ ਡਰਾ ਦਿਤਾ। ਫਿਰ ਉਹ ਨਿਆਂ ਦਾ ਯਾਰ ਤੇ ਵੀਰਵਾਰ ਦੀਆਂ ਸ਼ਾਮਾਂ ਉੱਚੀਆਂ ਗੁਫਤਗੂਆਂ ਵਿਚ ਖਰਚ ਕਰ ਸਕਦਾ ਸੀ।............ਉਹ (ਜਹਾਂਗੀਰ) ਅੱਬੁਲ ਫਜ਼ਲ ਨੂੰ ਕਤਲ ਕਰਵਾ ਸਕਦਾ ਸੀ ਤੇ ਬਿਨਾਂ ਪਛਤਾਵੇ ਦੇ ਇਸ ਆਪਣੀ ਕਰਤੂਤ ਨੂੰ ਮੰਨਦਾ ਸੀ। ਫੇਰ ਉਹ ਹਾਥੀਆਂ ਨੂੰ ਪਾਲਾ

*ਬਾਦਸ਼ਾਹ ਬਾਪੂਏ ਦੀਵਾਨ ਹਵਾਲਾ ਨਮੂਦ। [ਉਮਦਹਤੁੱਤਵਾਰੀਖ]। †ਤ੍ਵਾ: ਪੰਜਾਬ-ਕਨ੍ਹੱਯਾ ਲਾਲ।

‡ਇਸ ਨੇ ਜਹਾਂਗੀਰ ਬਾਦਸ਼ਾਹ ਕੇ ਹਜ਼ੂਰ ਮੇਂ ਗੁਰੂ ਜੀ ਕੀ ਨਿਸਬਤ ਬਹੁਤ ਸੀ ਬਦਗੋਈਆਂ ਵ ਗੰਮਾਜ਼ੀਆ ਕੀਂ, ਯਹਾਂ ਤਕ ਕਿ ਬਾਦਸ਼ਾਹ ਕਾ ਮਿਜਾਜ ਗੁਰੂ ਜੀ ਕੀ ਤਰਫ ਸੇ ਬਰਹਮ ਹੋ ਕਰ ਗੁਰੂ ਜੀ ਕੀ ਤਲਬੀ ਬਮਕਾਮ ਲਾਹੌਰ ਹੋਈ।
[ਤਾਰੀਖਿ ਪੰਜਾਬ ਲਿਖਤ ਰਾ: ਸਾ: ਕਨ੍ਹੱਯਾ ਲਾਲ।

ਲਗਦਾ ਵੇਖਕੇ ਠੰਢੇ ਪਾਣੀ ਦੀ ਥਾਂ ਗਰਮ ਨਾਲ ਨੁਹਾਉਣ ਦਾ ਹੁਕਮ ਦੇ ਸਕਦਾ ਸੀ। ਹਿੰਦੂ ਫਕੀਰਾਂ ਨਾਲ ਗੱਲਾਂ ਕਰਦਾ ਸੀ, ਪਰ ਉਹਨਾਂ ਦੇ ਅਵਤਾਰਾਂ ਤੋਂ ਨਫਰਤ ਸੀ, ਤੇ ਵਿਸ਼ਨੂੰ ਦੀ ਬ੍ਰਾਹ ਅਵਤਾਰ ਦੀ ਮੂਰਤੀ ਤੋੜਕੇ ਪੁਸ਼ਕਰ ਵਿਚ ਸਟਵਾ ਦਿਤੀ ਸਾਸੁ।"

ਐਲਵਿਨਸਟਨ ਲਿਖਦਾ ਹੈ:-"ਖੁਸਰੋ ਦੇ ਖਾਸ ਸਲਾਹਕਾਰ ਤੇ ਉਸ ਦੇ ਮਗਰ ਲੱਗਣ ਵਾਲੇ ਜੋ ਪਾਤਸ਼ਾਹ ਦੇ ਹੱਥ ਆਏ, ਉਸ ਨੂੰ ਓਹਨਾਂ ਪਰ ਆਪਣੇ ਆਚਰਨ ਦਾ ਵਹਿਸ਼ੀਪਨਾ ਜ਼ਾਹਰ ਕਰਨ ਦਾ ਪੂਰਾ ਮੌਕਾ ਮਿਲਿਆ। ਸੱਤ ਸੌ ਕੈਦੀ ਲਾਹੌਰ ਦੇ ਦਰਵਾਜ਼ੇ ਤੋਂ ਬਾਹਰ ਕਤਾਰ ਵਿਚ (Impale) ਕੀਤੇ ਗਏ, ਅਰਥਾਤ ਸੂਲੀ ਚਾੜ੍ਹੇ ਗਏ, ਉਹ (ਜਹਾਂਗੀਰ) ਆਪਣੀ ਤੋਜ਼ਕ ਵਿਚ ਉਹਨਾਂ ਦੀਆਂ ਭਿਆਨਕ ਜਾਨਕਨੀ ਦੀਆਂ ਪੀੜਾਂ ਨੂੰ ਖੁਸ਼ ਹੋ ਹੋ ਲਿਖਦਾ ਹੈ। ਆਪਣੇ ਵਹਿਸ਼ੀਪਨੇ ਨੂੰ ਪੂਰਾ ਕਰਨ ਲਈ ਪਾਤਸ਼ਾਹ ਨੇ ਖੁਸਰੋ ਨੂੰ ਹਾਥੀ ਤੇ ਚੜ੍ਹਾ ਕੇ ਇਨ੍ਹਾਂ ਲੋਕਾਂ ਦੇ ਵਿਚ ਦੀ ਲੰਘਾਇਆ, ਜਦੋਂ ਨਕੀਬ ਕਹਿ ਰਿਹਾ ਸੀ ਕਿ ਲੈ ਬੱਚੂ ਆਪਣੇ ਨੌਕਰਾਂ ਦੀਆਂ ਸਲਾਮਾਂ" ਆਦਿ।

ਗੁਰੂ ਜੀ ਪਰ ਉਜਾਂ ਥੱਪਣ ਬਾਬਤ ਮੈਕਾਲਫ ਨੇ ਐਉਂ ਦੱਸਿਆ ਹੈ:-

ਪੰਡਤਾਂ ਤੇ ਕਾਜ਼ੀਆਂ ਨੂੰ ਬੀ (ਇਹ) ਸਮਾਂ ਚੰਗਾ ਲੱਭਾ ਕਿ ਗੁਰੂ (ਜੀ ਤੇ) ਲਾਏ ਗਏ ਪੁਰਾਣੇ ਦੋਸ਼ਾਂ ਨੂੰ, ਕਿ (ਉਨ੍ਹਾਂ ਨੇ ਇਕ) ਪੁਸਤਕ ਰਚੀ ਹੈ ਜਿਸ ਵਿਚ ਹਿੰਦੂਆਂ ਦੀਆਂ ਰਸਮਾਂ ਪੂਜਾ ਤੇ ਮੁਸਲਮਾਨਾਂ ਦੇ ਨਮਾਜ਼ ਰੋਜ਼ਿਆਂ ਨੂੰ ਨਿੰਦਿਆ ਹੈ, ਨਵੇਂ ਸਿਰ ਫੇਰ ਚੱਕਿਆ। *ਇਸ

---

*ਉਮਦਹ ਤੁੱ ਤਵਾਰੀਖ ਵਿਚ ਗੁਰੂ ਜੀ ਪਰ ਉਜਾਂ ਥੱਪਣ ਦਾ ਜ਼ਿਕਰ ਇਸ ਪ੍ਰਕਾਰ ਹੈ:-

(ਦੀਵਾਨ ਚੰਦੂ) ਦਰ ਖ਼ਿਦਮਤੇ ਬਾਦਸ਼ਾਹ ਜਹਾਂਗੀਰ ਮੁਨਕਸ਼ਫ ਨਮੂਦ ਕਿ ਸ਼ਖ਼ਸੇ ਬਾਇਸਮ ਗੁਰੂ ਅਰਜਨ ਨਾਮ ਬਾਇਸ ਬਰ ਈਜਾਦ ਵ ਤਕਵੀਨੇ ਫਿਰਕਾ ਸਾਲਸ ਅਜ਼ਮਿਯਾਨੇ ਹਨੂਦ ਵ ਮੁਸਲਮੀਨ ਗਰਦੀਦਹ ਅਕਸਰੇ ਸੁਨਨ ਦਲਾਇਲੇ ਇਸਲਾਮ ਰਾ ਮਹਵ ਵ ਮਨਸੀ ਗਰਦਾਨੀਦਹ ਵ ਦਰ ਕਵਾਇਮ ਵ ਆਸਾਸ ਅਰਕਾਨ ਮੁਸਲਮਾਨੀ ਤਫਾਵਤ ਵ ਖਲਲੇ ਅਜ਼ੀਮ ਰਾਹਯਾਬ ਗਸ਼ਤਹ ਵ ਹਰ ਰੋਜ਼ ਚੰਦੇ ਅਜ਼ ਹਨੂਦਾਨ ਵਗੈਰਾ ਰਬਕਹ ਇਤਾਇਤ ਵ ਇਨਕਯਾਦੇ ਗੁਰੂ ਮੌਸੂਫ ਦਰ ਰਕਬਾ ਜਾਨ ਮੇ ਅੰਦਾਜ਼ੰਦ, ਅਗਰ ਹਜ਼ਰਤ ਖ਼ੁਦ ਬਦੌਲਤ ਤਦਾਰਕੇ ਈਂ ਮਅਨੀ ਨਮੂਦੰਦ ਫ਼ੀਹਾ ਦਰ ਸੂਰਤੇ ਬਅਦ ਅਜ਼ ਮੁਰੂਰ ਮੁੱਦਤੇ ਕਲੀਲ ਦਰ ਅਰਾਕੀਨੇ ਸਲਤਨਤ ਵ ਅਸਾਤੀਨੇ ਖਿਲਾਫ਼ਤ ਜਹਾਂ ਬਾਨੀ ਇਨਹਦਾਮ ਵ ਇਨਅਦਾਮ ਰੌਣਕ ਬਰੂਜ਼ ਖ਼ਾਹਦ ਯਾਫਤ, ਬੰਦਹ, ਮਹਜ਼ ਅਜ਼ ਰਾਹੇ ਖੈਰ ਅੰਦੇਸ਼ੀ ਦਰ ਤਰੀਕੇ ਗ਼ੁਲਾਮੀ ਗੁਜ਼ਾਰਸ਼ ਈਂ ਮੁਕੱਦਮਹ ਨਮੂਦਾ ਅਸਤ।......ਪਾਦਸ਼ਾਹ ਅਜ਼ ਰਾਹੇ ਜ਼ਹੂਲਤ ਵ ਗ਼ਫਲਤੇ ਇਨਸਾਨੀ ਕਿ ਅਜ਼ ਸਮੂ ਦਰਜਾ ਵ ਅਲੁਵ ਮਰਤਬਾ ਈਂ ਕੁਬਾ ਆਲੀਆ ਫੁਕਰਾ ਵਾਕਫ ਵ ਮੁਤਲਅ ਨਬੂਦ ਬਾਮਆਲ ਨਜ਼ਰ ਦਰੀਂ ਮੁਕੱਦਮਾ ਤਫ਼ਹਸ ਵ ਤਜਸਸ ਨ ਨਮੂਦਹ ਬਰ ਜ਼ੁਬਾਂ ਆਵੁਰਦ ਕਿ ਹਰ ਕਿਸਮ ਕਿ ਮੁਨਾਸਬ ਬੂਦਹ ਬਾਸ਼ਦ ਬਸਜ਼ਾਏ ਬਾਇਦ ਰਸਾਨੀਦ। ਦੀਵਾਨ ਜ਼ਲਾਲਤ ਅਕਤਰਾਨ ਜ਼ਹੂਰੇ ਈਂ ਹੁਕਮ ਬਾਦਸ਼ਾਹੀ ਅਜ਼ ਤਾਈਦਾਤੇ ਏਜ਼ਦ ਬੇਚੂੰ ਤਸੱਵਰੀਦਹ ਵ ਦਰ ਇਨਹਮਾਕ ਵ ਇਨਮਹਾਕੇ ਖੇਸ਼ ਨਜ਼ਰ ਨ ਕਰਦਹ ਆਂ ਚੁਨਾਂ ਮਕੱਦਮਾ ਨਾ ਸ਼ਾਇਸਤਹ ਨੁਮਾਇਆਂ ਕਰਦ ਕਿ ਕਲਮ ਦਰ ਤਹਿਰੀਰੇ ਆਂ ਖ਼ੂੰ ਫਿਸ਼ਾਂ ਵ ਦੀਦਹ ਗਿਰਿਯਾਂ ਵ ਦਿਲ ਬਿਰਿਯਾਂ ਵ ਜਾਨ ਹੈਰਾਂ ਮੇ ਬਾਸ਼ਦ। [ਦਫਤਰ ਅੱਵਲ ਪੰਨਾ ੩੪

(ਦੀਵਾਨ ਚੰਦੂ ਨੇ) ਜਹਾਂਗੀਰ ਬਾਦਸ਼ਾਹ ਦੀ ਖਿਦਮਤ ਵਿਚ ਦੱਸਿਓ ਸੁ ਕਿ ਗੁਰੂ ਅਰਜਨ ਨਾਮ ਦੇ ਇਕ ਆਦਮੀ ਨੇ ਹਿੰਦੂ ਤੇ ਮੁਸਲਮਾਨਾਂ ਵਿਚ ਇਕ ਤੀਜਾ ਫਿਰਕਾ ਬਣਾਇਆ ਹੈ। ਇਸਲਾਮ ਦੇ ਕਈ ਤਰੀਕਿਆਂ ਨੂੰ ਮਿਟਾਕੇ ਇਸਲਾਮੀ ਰੁਕਨਾਂ ਵਿਚ ਭਾਰੀ ਵਿਰੋਧ ਤੇ ਖਲਲ ਪਾ ਦਿਤੇ ਗਏ ਹਨ। ਹਰ ਰੋਜ਼ ਕੁਛ ਹਿੰਦੂ ਆਦਿਕਾਂ ਵਿਚੋਂ ਉਪ੍ਰੋਕਤ ਗੁਰੂ ਦੀ ਤਾਬਿਆਦਾਰੀ ਦੀ ਰਸੀ ਆਪਣੀ ਜਾਨ ਦੀ ਗਰਦਨ ਵਿਚ ਪਾ ਰਹੇ ਹਨ (ਅਰਥਾਤ ਸਿਖ ਬਣ ਰਹੇ ਹਨ)। ਜੇ ਕਦੀ ਹਜ਼ੂਰ ਆਪ ਇਹਦਾ ਬੰਦੋਬਸਤ ਕਰਨ ਤਾਂ ਚੰਗਾ ਹੈ, ਨਹੀਂ ਤਾਂ ਇਸ ਤੋਂ ਪਿਛੋਂ ਥੋੜਾ ਸਮਾਂ ਗੁਜ਼ਰ ਜਾਣ ਤੇ ਸਲਤਨਤ ਤੇ ਇਸਲਾਮ ਦਾ ਥੰਮ ਗਿਰ ਜਾਇਗਾ। ਮੈਂ ਗ਼ੁਲਾਮ ਹੋਣ ਕਰਕੇ ਸਿਰਫ ਸ਼ੁਭਚਿੰਤਕਤਾ ਤੋਂ ਇਸ ਮਾਮਲੇ ਬਾਬਤ ਬੇਨਤੀ ਕੀਤੀ ਹੈ।......ਬਾਦਸ਼ਾਹ ਨੇ ਮਨੁੱਖੀ ਭੁੱਲ ਜਾਣ ਦੇ ਸੁਭਾਵ ਤੇ ਬੇ-ਪ੍ਰਵਾਹੀ ਤੋਂ ਕਿ ਗੁਰੂਆਂ ਦੇ ਇਸ ਉਚੇ ਦਰਜੇ,ਵਡੇ ਮਰਤਬੇ ਵਾਲੇ ਫਕੀਰਾਂ ਦੇ ਸਿਰਤਾਜਾਂ ਦੇ ਹਾਲ ਤੋਂ ਵਾਕਫ ਨਹੀਂ ਸੀ,ਦੂਰ ਦੀ ਨਜ਼ਰ ਨਾਲ ਇਸ ਗੱਲ ਦੀ ਖੋਜ ਪੜਤਾਲ ਕੀਤੇ ਬਿਨਾਂ ਕਹਿ ਦਿਤਾ, ਕਿ ਜਿਸ ਤਰ੍ਹਾਂ ਦੀ ਸਜ਼ਾ ਮੁਨਾਸਬ ਹੋਵੇ ਦਿਤੀ ਜਾਏ। ਗੁਮਰਾਹ ਹੋਏ ਹੋਏ ਦੀਵਾਨ ਨੇ ਬਾਦਸ਼ਾਹ ਦੇ ਵਲੋਂ ਦਿਤੇ ਗਏ ਇਸ ਹੁਕ। ਨੂੰ ਗੈਬੀ ਮਦਦ ਜਾਣਿਆਂ, ਆਪਣੀ ਬਾਬਤ ਲੰਮੀ ਸੋਚ ਤੋਂ ਕੰਮ ਨਾ ਲੈਕੇ ਇਸ ਤਰ੍ਹਾਂ ਦੀ ਅਯੋਗ ਬਣਤਰ ਬਣਾਈ ਕਿ ਉਸ ਨੂੰ ਲਿਖਣ ਲਗਿਆਂ ਲਿਖਣ ਰੱਤ ਦੇ ਹੰਝੂ ਕੇਰਦੀ ਹੈ, ਅੱਖਾਂ ਰੋਂਦੀਆਂ ਹਨ, ਦਿਲ ਪਾਟਦਾ ਤੇ ਜਾਨ ਹੈਰਾਨ ਹੋ ਜਾਂਦੀ ਹੈ।

ਤਰ੍ਹਾਂ ਦੇ ਦੋਸ਼ ਲਾਕੇ ਚੰਦੂ ਨੇ ਪਾਤਸ਼ਾਹ ਨੂੰ ਗੁਰੂ ਅਰਜਨ (ਜੀ) ਦੇ ਬੁਲਾ ਭੇਜਣ ਲਈ ਪ੍ਰੇਰਿਆ ਚੰਦੂ ਦਾ ਦਿਲ ਹੁਣ ਪ੍ਰਸੰਨ ਸੀ, ਉਹ ਜਾਣਦਾ ਸੀ ਕਿ ਆਖ਼ਰ ਬਦਲਾ ਲੈਣ ਦਾ ਸਮਾਂ ਉਸ ਨੂੰ ਮਿਲ ਹੀ ਪਿਆ।

ਇਕ ਅਚਰਜ ਗੱਲ ਹੈ ਕਿ ਪਾਤਸ਼ਾਹ ਲਿਖਦਾ ਹੈ ਕਿ ਮੈਂ ਮਾਰ ਦੇਣ ਦਾ ਹੁਕਮ ਦਿੱਤਾ ਹੈ ਤੇ ਦਬਿਸਤਾਨ ਵਾਲਾ ਲਿਖਦਾ ਹੈ ਕਿ ਭਾਰੀ ਜਰਮਾਨਾ ਕੀਤਾ, ਕਵਿ ਜੀ ਜੁਰਮਾਨਾ ਤਾਂ ਲਿਖਦੇ ਹਨ, ਪਰ ਪਾਤਸ਼ਾਹ ਵਲੋਂ ਬੇਅਦਬੀ ਤੇ ਮਾਰਨ ਦੇ ਹੁਕਮ ਦਾ ਪਤਾ ਨਹੀਂ ਲਿਖਦੇ,ਇਸ ਦਾ ਕਾਰਨ ਇਹੋ ਜਾਪਦਾ ਹੈ ਕਿ ਜਦ ਪਾਤਸ਼ਾਹ ਨੇ ਚੰਦੂ ਨੂੰ ਦੋਸ਼ੀ ਠਹਿਰਾਇਆ ਤੇ ਸਜ਼ਾ ਲਈ ਗੁਰਾਂ ਦੇ ਹਵਾਲੇ ਕਰ ਦਿੱਤਾ ਤਾਂ ਪਾਤਸ਼ਾਹ ਨੇ ਲੋਕਾਂ ਵਿਚ ਆਪਣੀ ਨਿਰਦੋਸ਼ਤਾ ਦਾ ਸਿੱਕਾ ਬਿਠਾ ਲਿਆ। ਇਹੋ ਖਿਆਲ ਆਮ ਪ੍ਰਚੁਰ ਹੋ ਗਿਆ ਤੇ ਸਰਬ ਸਧਾਰਣ ਦੇ ਸੀਨੇ ਬਸੀਨੇ ਟੁਰਿਆ ਆਇਆ। ਇਥੋਂ ਤਾਈਂ ਇਹ ਗੱਲ ਹੈ ਕਿ ਪਾਤਸ਼ਾਹ ਵਲੋਂ ਕਤਲ ਕਰ ਦੇਣ ਦੇ ਹੁਕਮ ਦਾ ਪਤਾ ਫਾਰਸੀ ਇਤਿਹਾਸਕਾਰ ਦਬਿਸਤਾਨ ਮਜ਼ਾਹਬ ਵਾਲੇ ਨੂੰ ਵੀ ਨਹੀਂ ਲਗਾ ਤੇ ਕਈ ਅੰਗ੍ਰੇਜ਼ੀ ਤੇ ਹੋਰ ਫਾਰਸੀ ਉਰਦੂ ਦੇ ਇਤਿਹਾਸਕਾਰਾਂ ਨੂੰ ਬੀ ਥਹੁ ਨਹੀਂ ਪਿਆ।

ਬਾਕੀ ਰਹੀ ਇਡੇ ਕਰੜੇ, ਤਸੀਹਿਆਂ ਵਿਚ ਜੋ ਭਾਈ ਸੰਤੋਖ ਸਿੰਘ ਜੀ ਨੇ ਵਰਣਨ ਕੀਤੇ ਹਨ, ਸਤਿਗੁਰੂ ਅਰਜਨ ਦੇਵ ਜੀ ਦੀ ਬ੍ਰਿਤੀ ਕਿਸ ਪ੍ਰਕਾਰ ਦੀ ਰਹੀ ? ਇਸ ਦੀ ਉਗਾਹੀ ਉਨ੍ਹਾਂ ਦੇ ਪਰਮ ਨਿਕਟ ਵਰਤੀ, ਸੱਚੇ ਮਹਾਂ ਪੁਰਖ ਭਾਈ ਗੁਰਦਾਸ ਜੀ ਨੇ ਸਤਿਗੁਰਾਂ ਦੇ ਪਾਸ ਰਹੇ ਸਿਖਾਂ ਤੋਂ ਅੱਖੀਂ ਡਿੱਠੀ ਸੁਣਕੇ ਇਉਂ ਦਿੱਤੀ ਹੈ:-

ਰਹਿੰਦੇ ਗੁਰੁ ਦਰੀਆਉ ਵਿਚ ਮੀਨ ਕੁਲੀਨ ਹੇਤ ਨਿਰਬਾਣੀ । ਦਰਸ਼ਨ ਦੇਖਿ ਪਤੰਗ ਜਿਉਂ ਜੋਤੀ ਅੰਦਰਿ ਜੋਤਿ ਸਮਾਣੀ । ਸ਼ਬਦ ਸੁਰਤ ਲਿਵ ਮਿਰਗ ਜਯੋਂ ਭੀੜ ਪਈ ਚਿਤ ਅਵਰ ਨ ਆਣੀ। ਚਰਨ ਕਵਲ ਮਿਲ ਭਵਰ ਜਯੋਂ ਸੁਖ ਸੰਪਟ ਵਿਚ ਰੈਣ ਵਿਹਾਣੀ। ਗੁਰ ਉਪਦੇਸ਼ ਨ ਵਿੱਸਰੈ ਬਾਂਬੀਹੇ ਜਯੋਂ ਆਖਿ ਵਖਾਣੀ । ਗੁਰਮੁਖ ਸੁਖ ਫਲ ਪ੍ਰੇਮ ਰਸ ਸਹਜ ਸਮਾਧਿ ਸਾਧ ਸੰਗ ਜਾਣੀ। ਗੁਰ ਅਰਜਨ ਵਿਟਹੁੰ ਕੁਰਬਾਣੀ॥ ੨੩ ॥ [ਵਾਰ ੨੪

ਅਰਥ-ਗੁਰ ਅਰਜਨ ਦੇਵ ਜੀ (ਤੱਤੇ ਰੇਤਿਆਂ ਵਿਚ ਬੈਠੇ ਅੰਦਰੋਂ) ਰਹਿੰਦੇ ਰਹੇ ਹਨ ਗੁਰੂ ਰੂਪੀ ਸਮੁੰਦਰ ਵਿਚ, ਜਿਵੇਂ ਮੱਛੀ (ਪਾਣੀ ਵਿਚ) ਲੀਨ ਰਹਿੰਦੀ (ਨਿਰਵਾਣ ਰਹਿੰਦੀ) ਹੈ, (ਤਿਵੇਂ ਆਪ ਕਸ਼ਟਾਂ ਵਿਚ) ਨਿਰਬਾਣ ਰਹੇ। (ਵਾਹਿਗੁਰੂ ਜੀ ਦਾ ਉਸ ਵੇਲੇ ਦਰਸ਼ਨ ਉਹਨਾਂ ਤੇ ਸਾਖਜਾਤਕਾਰ ਹੋ ਰਿਹਾ ਸੀ ਉਸ) ਦਰਸ਼ਨ ਨੂੰ ਦੇਖ ਕੇ ਪਤੰਗੇ ਵਾਂਙੂ ਉਹਨਾਂ ਦੀ ਜੋਤ ਜੋਤੀ ਵਿਚ ਸਮਾ ਗਈ। ਹਾਂ (ਬੜੀ ਕਠਨ) ਭੀੜਾ ਉਹਨਾਂ ਤੇ ਪਈ ਸੀ, ਪਰ

[ਬਾਕੀ ਟੂਕ ਦੇਖੋ ਅਗਲੇ ਪੰਨੇ ਦੇ ਹੇਠ]

३੯. [ਸੱਚਖੰਡ ਗਵਨ]।

ਦੋਹਰਾ ॥ ਪੰਚਹੁ ਸਿਖ ਪਰਵਾਰ ਕਰਿ ਸਤਿਗੁਰ ਤਨ ਤਿਸ ਕਾਲ। ਮੰਦ ਮੰਦ ਰੋਦਤਿ ਅਧਿਕ ਸੰਕਟ ਪਾਇ ਕਰਾਲ ॥ ੧॥ ਚੌਪਈ ॥ ਕਹਿ ਜੇਠਾ 'ਵਡਹੰਸਹਿ ਗਾਵੋ। ਗੁਰ ਪ੍ਰਲੋਕ ਭਾ ਸ਼ਬਦ ਸੁਨਾਵੋ'। ਕਾਰਾਗ੍ਰਿਹ ਬਲ ਪਾਪੀ ਬੈਸੇ। ਕਰਤਿ ਪ੍ਰਤੀਖਨਿ-ਆਇ ਨ ਕੈਸੇ[੧]?॥੨॥ਬਡੀ ਦੇਰ ਲਾਗੀ ਨਹਿਂ ਆਏ। ਕਹਾਂ ਭਈ ਗਤਿ ? ਲਖੀ ਨ ਜਾਏ-। ਇਤਨੇ ਮਹਿਂ ਉਤ- ਲਾਵਤਿ ਆਵਾ[੨]।ਸੇਵਕ ਸੰਗ ਕਿਤੇ ਕਰਿਲਾਵਾ[੩]॥੩॥ ਤੁਰਨ ਆਇ ਤੀਰ ਪਰ ਹੇਰੇ।-ਪਰੇ ਚਾਦਰੇ ਤਾਨਿ ਬਡੇਰੇ।ਬਹੁ ਦਿਨ ਭਏ ਨ ਸੁਪਤਨਿ ਦੀਨਿ।ਪਿਖਿ ਅਵਸਰ ਕੋ ਨਿੰਦ੍ਰਾ ਲੀਨਿ॥੪॥ਅਬਿ ਸੂਧੋ ਭਾ ਮਾਨਹਿ ਨਾਤ॥ ਧਰਮ ਜਾਨਿ ਤੇ ਉਰ ਡਰਪਾਤਾ-। ਨਿਕਟਿ ਗਯੋ ਨਰ ਲੇ ਸਮੁਦਾਏ। ਸੁਪਤਿ ਜਾਨਿ ਕਰਿ ਦੁਸ਼ਟ ਅਲਾਏ ॥ ੫॥ 'ਕਿਮ ਤੁਮ ਕੋ ਅਬਿ ਨਿੰਦ੍ਰਾ ਆਈ?। ਹੁਇ ਨਿਚਿੰਤ ਸੋਯੋ ਸੁਖ ਪਾਈ। ਸੁਤਾ ਕੁਮਾਰੀ ਮੈਂ ਨਿਤ ਹੇਰੇ। ਤਜੀ ਨੀਂਦ ਦਿਨ ਬਿਤੇ ਘਨੇਰੇ'॥੬॥ ਤਬਿ ਬਿਧੀਏ ਬਹੁ ਰੋਇ ਸੁਨਾਯੋ। 'ਦੁਸ਼ਟ ਪਾਤਕੀ! ਪਾਪ ਕਮਾਯੋ। ਤੁਵ ਸਿਰ ਚਢੇ ਦੋਸ਼ ਬਡ ਦੈ ਕੈ। ਗਏ ਪ੍ਰਲੋਕ ਦੇਹਿ ਤਜਿ ਕੈਕੈ॥ ੭ ॥ ਕਰਿ ਕੂਰੋ ਮਾਰਹਿਂ ਹਤਿਆਰੇ। ਬਚਹਿਂ ਨਹੀਂ ਕਰਿ ਜਤਨ ਹਜ਼ਾਰੇ'।ਕੁਛ ਡਰਪਤਿ ਉਰ ਮਹਿਂ ਬਿਸਮਾਯੋ। ਤਤ- ਛਿਨ ਹਟਿ ਕਰਿ ਧਾਮ ਸਿਧਾਯੋ॥੮॥ ਸਦਨ ਰੁਦਨ ਬਡ ਸੁਨਯੋ ਪੁਕਾਰ॥ ਚਕਿਤਿ[੪] ਚਿੱਤ ਹ੍ਵੈ ਤਬਹਿ ਉਚਾਰ॥'ਕਯਾ ਹੋਯਹੁ, ਕਯੋਂ ਕਰਹੁਬਿਲਾਪਾ? । ਕੌਨ ਗਜਬ ਗੁਜ਼ਰਯੋ ਫਲ ਪਾਪਾ ?' ॥ ੯ ॥ ਸੇਵਕ ਆਨਿ ਕਹਯੋ

[੧](ਗੁਰੂ ਜੀ) ਕਿਉਂ ਨਹੀਂ ਆਏ। [੨](ਚੰਦੂ) ਆਇਆ। [੩]ਕਿਤਨੇ ਕੁ ਨਾਲ ਕਰਕੇ। [੪]ਹੈਰਾਨ।

[ਪਿਛਲੇ ਪੰਨੇ ਦੀ ਬਾਕੀ ਟੂਕ]

ਸਬਦ ਸੁਰਤ ਵਿਚ ਲਿਵ ਲਗੀ ਰਹੀ ਮ੍ਰਿਗ ਵਾਂਙੂ, ਹੋਰ ਕੋਈ ਫੁਰਨਾਂ ਉਨ੍ਹਾਂ ਦੇ ਚਿੱਤ ਵਿਚ ਨਹੀਂ ਆਯਾ (ਚਲਾਣੇ ਤੋਂ ਪਹਿਲੀ ਰਾਤ ਬੜੀ ਹੀ ਕਸ਼ਟ ਭਰੀ ਸੀ, ਪਰ ਭਾਈ ਜੀ ਦੱਸਦੇ ਹਨ ਕਿ ਗੁਰੂ ਜੀ ਦੀ ਉਹ) ਰਾਤ (ਭੀ) ਭਵਰ ਦੀ ਤਰ੍ਹਾਂ ਵਾਹਿਗੁਰੂ ਦੇ ਚਰਨਾਂ ਕਮਲਾਂ ਵਿਚ ਮਿਲੇ ਰਹਿਕੇ ਸੁੱਖਾਂ ਦੇ ਡੱਬੇ ਵਿਚ (ਬੈਠਿਆਂ) ਬੀਤੀ (ਭਾਵ ਗੁਰੂ ਜੀ ਦੀ ਬ੍ਰਿਤੀ ਘਬਰਾ ਵਿਚ ਨਹੀਂ ਗਈ, ਸਹਜਾਨੰਦ ਵਿਚ ਹੀ ਰਹੇ)। (ਅੰਤਿਮ ਸੁਆਸਾਂ ਤਕ ਬੀ) ਬਾਂਬੀਹੇ ਦੀ ਤਰ੍ਹਾਂ ਪੁਕਾਰਕੇ (ਸ਼ਬਦ ਦਾ) ਵੱਖਜਾਨ ਕਰਦੇ ਰਹੇ। ਗੁਰਮੁਖ (ਗੁਰ ਅਰਜਨ ਨੇ) ਸੁਖ ਰੂਪੀ ਫਲ, ਪ੍ਰੇਮ ਰਸ, ਸਹਜ ਸਮਾਧਿ ਤੇ ਸਾਧ ਸੰਗਤ ਹੀ ਜਾਣੀ ਸੀ। (ਮੈਂ) ਗੁਰੂ ਅਰਜਨ ਜੀ ਤੋਂ ਕੁਰਬਾਨ ਹਾਂ (ਜਿਨ੍ਹਾਂ ਦੀ ਇਹ ਅਚਰਜ ਕਰਨੀ ਸੀ)।

ਤਤਕਾਲਾ॥'ਨੁਖਾ ਮ੍ਰਿੱਤੁ ਔਚਕ ਭਾ ਕਾਲਾ'। ਅਨਿਕ ਤਰਕਨਾ ਸੁਨਤਿ
ਬਿਚਾਰਹਿ।–ਬਿਨਾ ਰੋਗ ਕਿਮ ਮਰੀ?–ਉਚਾਰਹਿ ॥੧੦॥ ਦੁਖੀ ਬਿਸੂਰਤਿ
ਮੂਰਖ ਮਾਨੀ। ਮਨੋ ਕਸ਼ਟ ਕੀ ਉਪਜਿ ਨਿਸ਼ਾਨੀ। ਮ੍ਰਿਤਕ ਕ੍ਰਿਯਾ ਕਰਿ-
ਵਾਵਤਿ ਭਏ।ਜਾਰਨਿ[1]ਨਦੀ ਤੀਰ ਲੈ ਗਏ॥੧੧॥ ਉਤ ਸਤਿਗੁਰੁ ਕੀ ਸੁਧਿ
ਬਿਦਤਾਈ। ਪਰਯੋ ਰੌਰ ਪੁਰਿ ਨਰ ਸਮੁਦਾਈ। 'ਗ੍ਰਿਹ ਚੰਦੂ ਕੇ ਗੁਰ ਤਜਿ
ਦੇਹਿ[2]'। ਸੁਨਿ ਸੁਨਿ ਸਿਖ ਨਿਕਸੇ ਤਜਿ ਗ੍ਰੇਹ॥੧੨॥'ਨਦੀ ਤੀਰ ਸ੍ਰੀ ਗੁਰੁ
ਅਬਿ ਅਹੈਂ'। ਧਾਇ ਧਾਇ ਮਾਨਵ ਗਨ ਲਹੈਂ। ਤਜਿ ਤਜਿ ਕਾਜ ਬਨਕ
ਬਿਵਹਾਰ। ਆਵਹਿਂ ਲਾਰਿ ਪਰੇ[3]ਨਰ ਨਾਰਿ॥੧੩॥ਭਈ ਭੀਰ ਕੁਛ ਗਿਨੀ
ਨ ਜਾਇ।ਕਿਤਿਕ ਸਮਿੱਗ੍ਰੀ ਲੇ ਕਰਿ ਆਇ।ਅਤਰ ਫੂਲ ਅੰਬੀਰ ਗੁਲਾਲ।
ਬਰਖਾਵਤਿ ਹੋਈਧਰ*ਲਾਲ॥੧੪॥ਨਦੀ ਤੀਰ ਥਿਰ ਸਿਖ ਚਲਿ ਆਏ।
ਬਿਧੀਚੰਦ ਆਦਿਕ ਦਰਸਾਏ। ਬੂਝੀ ਸਰਬ ਬਾਰਤਾ ਗੁਰੁ ਕੀ। ਸਭਿ ਸੋਂ
ਕਹੀ,ਕਹੀ ਜਿਮ ਉਰ ਕੀ[4]॥੧੫॥'ਨਹੀਂ ਦੇਹਿ ਕੋ ਦਾਹ ਉਚਾਰਾ॥–ਕਰਹੁ
ਪ੍ਰਵਾਹਨਿ ਬਾਰਿ[5]ਮਝਾਰਾ॥ਮੇਰੋ ਦਰਸ਼ਨ ਇਹ ਦਰਿਆਉ।ਉੱਤਰ ਕੋ ਸਿਰ
ਦੱਛਨ ਪਾਉਂ–'॥੧੬॥ ਸੁਨਿ ਸਿਖ ਸਦਨ ਸਦਨ ਰੁਦਨਾਏ। ਦੌਰਿ ਦੌਰਿ
ਮਿਲਿਕੈ ਸਮੁਦਾਏ।'ਵਾਹਿਗੁਰੂ' ਸਭਿ ਬਦਨ ਕਹੰਤੇ।ਇਕਠੇ ਭਏ ਅਧਿਕ
ਦੁਖਵੰਤੇ॥੧੭॥ਤਤਛਿਨਿ ਸੁੰਦਰ ਰਚਯੋ ਬਿਮਾਨਾ॥ਸਿੱਖਨਿ ਖਰਚਯੋ ਦਰਬ
ਮਹਾਨਾ।'ਸਤਿਗੁਰ ਸੇਵ ਜਿ ਹੁਇ ਇਸ ਸਮੈ।ਬਡੇ ਭਾਗ ਤੇ ਪ੍ਰਾਪਤਿ ਹਮੈਂ ॥
੧੮॥ਫਲ ਅਤੋਟ ਹੈ ਕੌਨ ਸੁ ਜਾਨੈ'।ਮਿਲਹਿਂ ਪਰਸਪਰ ਏਵ ਬਖਾਨੈਂ।ਜ਼ਰੀ
ਬਾਦਲਾ ਰੇਸ਼ਮ ਚੀਰ। ਪਰਹਿਂ ਦੁਸ਼ਾਲੇ ਮੋਲ ਗਹੀਰ[6]॥੧੯॥ਸੇਤ ਬਸਤ੍ਰ
ਮਸਰੂ[7]ਬਿਧਿ ਘਨੇ। ਊਪਰ ਪਾਇ ਸ਼ੋਕ ਮਨ ਸਨੇ। ਸੰਖ ਬ੍ਰਿੰਦ ਭਰਿ ਫੂਕ
ਬਜਾਏ। 'ਸ੍ਰੀ ਗੁਰੁ ਕੀ ਜੈ'ਊਚ ਸੁਨਾਏ ॥੨੦॥ ਚਾਮਰ ਚਾਰੁ ਚਾਰ ਦਿਸ
ਫੇਰੇ।ਫੂਲ ਮਾਲ ਲਰਕਾਇ ਘਨੇਰੇ।ਚੰਦਨ ਚਰਚਹਿਂ ਧੂਪ ਧੁਖਾਵਹਿਂ। ਕਰ
ਜੋਰਹਿਂ ਉਰ ਪ੍ਰੇਮ ਵਧਾਵਹਿਂ ॥੨੧॥ ਸਨੈ ਸਨੈ ਚੰਦੂ ਖਲ ਨਿੰਦਹਿਂ।–ਗੁਰ
ਹੱਤਯਾਰਾ ਦੋਖੀ–ਬਿੰਦਹਿਂ।ਦਰਬ ਗੁਰੂ ਪਰ ਅੱਗ੍ਰ ਬਗਾਵੈਂ[8]।ਲੋਕ ਹਜ਼ਾਰਹੁ
ਬੀਨਤਿ ਜਾਵੈਂ[9]॥੨੨॥ਕੇਤਿਕ ਜਪਜੀ ਪਾਠ ਪਠੰਤੇ। ਕੇਤਿਕ'ਗੁਰੂ ਗੁਰੂ'

[1]ਸਾੜਨ ਲਈ। [2]ਦੇਹਿ ਛਡ ਦਿੱਤੀ ਹੈ। [3]ਕਤਾਰ ਬੰਨ੍ਹਕੇ। [4]ਜਿਵੇਂ (ਗੁਰੂ ਜੀ) ਨੇ ਰਿਦੇ ਦੀ (ਵਾਰਤਾ) ਕਹੀ ਸੀ (ਸੰਗਤ ਲਈ)। [5]ਪਾਣੀ। [6]ਬਹੁ ਮੁਲੇ। [7]ਰੇਸ਼ਮ ਤੇ ਸੂਤ ਦਾ ਰਲਾਕੇ ਬਨਾਇਆ ਧਾਰੀਦਾਰ ਬਸਤ੍ਰ। [ਅ:, ਮਸ਼ਰੂਅ=ਰੇਸ਼ਮੀ ਸੂਤੀ ਮਿਲਿਆ ਕਪੜਾ]। [8]ਗੁਰੂ ਜੀ ਦੇ ਉਤੋਂ ਦੀ ਧਨ ਅਗਾਂਹ ਸੁਟਦੇ ਹਨ। [9]ਧੁਣਦੇ ਜਾਂਦੇ ਸਨ। *ਪਾ:–ਘਟ।

ਸਿਮਰੰਤੇ।ਕਿਤਿਕ ਸ੍ਵਾਸ ਲੇ ਸ਼ੋਕ ਵਧਾਵੈਂ।ਕਿਤਿਕ ਸਰਾਹੈਂ'ਸ਼ੀਲ ਸੁਹਾਵੈਂ' ॥੨੩॥ਕਿਤਿਕ ਨਿਕਾਰਤਿ ਖਲ ਕੋਗਾਰੀ।'ਤੁਰਕਰਾਜਕੀ ਜਰਾਂ ਉਖਾਰੀ'। ਲੇ ਰਾਵੀ ਕੇ ਗਏ ਪ੍ਰਵਾਹੂ। ਜਹਿਂ ਜਲ ਚਲਤਿ ਕਲਤ[1]ਬਲ ਮਾਹੂ[2]॥ ੨੪ ॥ ਬਿਧੀਆ, ਜੇਠਾ, ਲੰਙ, ਪਿਰਾਣਾ। ਇਨ ਸਨ ਜਿਸ ਬਿਧਿ ਅੰਤਿ ਵਖਾਣਾ। ਤਿਸ ਬਿਧਿ ਕਰਤਿ ਬੇਗ[3] ਮਹਿਂ ਗਏ।ਕੰਧ[4] ਬਿਮਾਨ ਉਤਾਰਤਿ ਭਏ॥੨੫॥ਜਲ ਮੈਂ ਇਸਥਿਤ ਜਬਿ ਕਰਿ ਦੀਨਿ।ਜਲਪਤਿ ਬਰਣ ਆਇ ਤਬਿ ਲੀਨਿ। ਸਭਿ ਬਿਧਿ ਸੋਂ ਪੂਜਨਿ ਕਰਿ ਆਛੇ। ਜਲ ਸਰੂਪ ਕਰਿ ਦੀਨਿਸਿ ਪਾਛੇ*॥੨੬॥ ਨਿਕਸੇ ਸਿਖ ਸਲਿਤਾ ਤੇ ਬਾਹਰਿ। ਸਿੱਖ ਸੈਂਕਰੇ ਹੇਰਹਿਂ ਜ਼ਾਹਰਿ। ਨਹੀਂ ਬਹੁਰ ਕੁਛ ਦਈ ਦਿਖਾਈ।ਜਲ ਸਰੂਪ ਤਨ ਹ੍ਵੈ ਸੁਖਦਾਈ ॥ ੨੭ ॥ ਰਘੁਬਰੁ ਰਾਮਚੰਦ ਮਾਨਿੰਦੇ। ਪ੍ਰਵਿਸ਼ੇ ਸਰਿਜੂ ਨੀਰ ਬਿਲੰਦੇ। ਬਹੁਰ ਨਹੀਂ ਨਿਜ ਦੇਹ ਦਿਖਾਈ।ਜਲ ਸਰੂਪ ਹ੍ਵੈਗੇ ਤਿਸ ਥਾਈਂ ॥੨੮॥ਬਿਸਮਤਿ ਭਏ ਬਿਲੋਕਨਿਹਾਰੇ।ਸਭਿ ਸੋਂ ਜੇਠੇ ਬਾਕ ਉਚਾਰੇ।'ਅੰਤ ਸਮੇਂ ਗੁਰ ਗਏ ਬਤਾਇ।–ਜਲ ਪ੍ਰਵਾਹ ਮੋਂ ਦੇਹੁ ਟਿਕਾਇ–'॥੨੯॥ ਨਰ ਨਾਰਿਨਿ ਕੀ ਭੀਰ ਉਦਾਰ। ਹਟਿ ਆਏ ਪੁਨ ਨਗਰ ਮਝਾਰ। ਧ੍ਰਮਸਾਲਾ ਥਿਤਿ ਭੇ ਸਮੁਦਾਈ।ਰੁਦਤਿ ਬਿਲੋਚਨ ਅੱਸ਼੍ਰ ਬਹਾਈ॥੩੦॥ ਸਾਥ ਰਬਾਬੀ ਲਿਏ ਦੁਤਾਰ।ਕਿਰਤਨ ਸਭਿ ਕੇ ਅੱਗ੍ਰ ਉਚਾਰ।ਦਰਬਾਦਿਕ ਵਸਤੂਗਨ ਸੰਗਤਿ। ਦਿਯੋ ਬਹੁਤ ਪੁਨ ਰਹ੍ਯੋ ਨ ਮੰਗਤਿ ॥੩੧॥ ਤਿਸ ਦਿਨ ਰਹਤਿ ਭਏ ਧ੍ਰਮਸਾਲਾ। ਪੰਚਹੁੰ ਸਿੱਖਨਿ ਸ਼ੋਕ ਬਿਸਾਲਾ। ਤਿਸ ਦਿਨ ਕਿਨਹੁੰ ਨ ਭੋਜਨ ਕੀਨਿ। ਮੁਰਝਾਵਤਿ ਬੈਠੇ ਮਨ ਦੀਨ ॥੩੨॥ ਬਿਨੁ ਮਹਿਪਾਲ

[1]ਸੁਹਣਾਂ। [2]ਭਾਵ ਤੇਜ। [3]ਵਹਿਣ। ਪ੍ਰਵਾਹ। [4]ਮੋਢਿਆਂ ਤੋਂ।

*ਮਹਿਮਾ ਪ੍ਰਕਾਸ਼ ਵਿਚ ਇਉਂ ਲਿਖਿਆ ਹੈ–ਮਿਲ ਸੰਗਤ ਬੇਬਾਨ ਬਨਾਇਆ। ਅਖੰਡ ਭਜਨ ਸਤਿਗੁਰ ਗੁਨ ਗਾਇਆ। ਇਸਨਾਨੁ ਕਰਾਇ ਨਿਰਮਲ ਤਨ ਦਿਆਲ। ਪਹਿਰਾਏ ਬਸਤ੍ਰ ਪਾਵਨ ਤਿਹ ਕਾਲ। ਐਰਾਵਤੀ ਨਦੀ ਪਰ ਲਿਆਏ। ਚੰਦਨ ਚਿਤਾ ਪਰ ਆਨ ਰਖਾਏ। ਪਾਵਨ ਦੇਹਿ ਕਰਾ ਸਿਸਕਾਰ। ਤੀਨ ਲੋਕ ਭਇਆ ਜੈ ਜੈ ਕਾਰ। 'ਮਹਿਮਾ ਪ੍ਰਕਾਸ਼ ਵਾਰਤਕ' ਵਿਚ ਬੀ ਐਉਂ ਆਇਆ ਹੈ "ਅਰ ਪਰਮ ਪਵਿੱਤ੍ਰ ਸਰੀਰ ਕੋ ਲੇਕਰ ਸਸਕਾਰ ਕੀਆ।" ਕਵਿ ਜੀ ਆਪ ਵੀ ਸਸਕਾਰ ਕਰਨਾ ਲਿਖਦੇ ਹਨ, ਯਥਾ:–'ਕਰਿ ਸਸਕਾਰ ਭਲੀ ਬਿਧਿ ਨਾਲੇ'। ਦੇਖੋ ਰਾਸ ੫ ਅੰਸੂ ੧੦ ਅੰਕ ੪੧। ਪੁਨਾ:–'ਚੰਦਨ ਚਿਖਾ ਜਲਾਇ ਸਰੀਰ'। ਦੇਖੋ ਰਾਸ ੪, ਅੰਸੂ ੬੪, ਅੰਕ ੩੯।

ਚਮੂੰ ਜਿਮ ਦੀਨਾ। ਦੂਲਹੁ ਬਿਨੁ ਬਰਾਤ ਜਿਮ ਹੀਨਾ। ਜਥਾ ਜਾਮਨੀ
ਚੰਦੁ ਬਿਹੀਨਾ। ਗੁਰੁ ਬਿਨੁ ਸੰਗਤਿ ਤਥਾ ਮਲੀਨਾ॥੩੩॥ਬਿਨਾ ਨਰੇਸ਼ੁਰ
ਪ੍ਰਜਾ ਦੁਖਾਰੀ। ਪਤਿ ਬਿਹੀਨ ਜਿਮ ਪਤਿਬ੍ਰਤਿ ਨਾਰੀ। ਜਿਮ ਜਨ[1] ਗ੍ਰਾਮ
ਪੰਚ ਬਿਨ ਦੀਨਾ। ਗੁਰੁ ਬਿਨੁ ਸੰਗਤਿ ਤਥਾ ਮਲੀਨਾ ॥ ੩੪ ॥ ਸਰਬ
ਜਾਮਨੀ ਸੋਚਿਤਿ ਬੀਤੀ। ਚਿਤਵਤਿ ਸ੍ਰੀ ਅਰਜਨ ਪਦ ਪ੍ਰੀਤੀ। ਅਸ਼ਟ
ਜਾਮ ਜੋ ਦਰਸਤਿ ਰਹੈਂ। ਬਿਨਾ ਪਿਖੇ ਸ਼ਾਂਤੀ ਕਨੌਂ ਲਹੈਂ ॥ ੩੫ ॥ ਨੀਠ
ਨੀਠ ਅਵਿਲੋਕ ਪ੍ਰਭਾਤਿ। ਸ਼ੋਕ ਅਧਿਕ ਤੇ ਬਿਤਹਿ ਨ ਰਾਤਿ। ਰਾਵੀ
ਮਹਿਂ ਕਰਿ ਕੈ ਇਸ਼ਨਾਨ। ਨਮੋ ਕਰੀ ਸਤਿਗੁਰੁ ਕੇ ਥਾਨ ॥ ੩੬ ॥ ਸੁਧਾ
ਸਰੋਵਰ ਦਿਸ਼ਾ ਸਿਧਾਰੇ। ਮਨਹੁ ਕਰਤਿ ਰਣ ਹਾਰਿ ਪਧਾਰੇ। ਸਭਿ ਪੂੰਜੀ
ਜਨੁ ਬਨਕ ਗਵਾਈ। ਕੈ ਬਨ ਮੈਂ ਸਭਿ ਵਸਤੁ ਲੁਟਾਈ ॥ ੩੭ ॥ ਰਿਦੇ
ਬਿਚਾਰਤਿ–ਮਾਤਾ ਪਾਸ । ਕਰਹਿਂ ਸੂਲ ਸਮ ਬਾਕ ਪ੍ਰਕਾਸ਼। ਜਿਸ ਕੋ
ਸੁਨਤਿ ਗਿਰਹਿ ਬਿਕੁਲਾਏ[2]। ਧਿਕ ਬੋਲਨ ਹਮਰੋ ਤਿਸ ਭਾਏ ॥ ੩੮ ॥
ਹਰਿਗੋਵਿੰਦ ਬਾਲਤਨ ਬੈਸਾ। ਹਮ ਤੇ ਸੁਨਹਿਂ ਬਾਕ ਜਬਿ ਐਸਾ। ਦੁਖੀ
ਹੋਇ ਬਹੁ ਰੁਦਤਿ ਪੁਕਾਰੈਂ। 'ਕਹਾਂ ਤਜੇ ਪਿਤ ਗੁਰੂ?' ਉਚਾਰੈਂ ॥ ੩੯ ॥
ਕਨਾ ਹਮ ਕਹੈਂ 'ਜਿਯਤਿ ਚਲਿ ਆਏ'। ਦਸ਼ਾ ਦੇਖਿ ਅਸ ਦੁਖ ਨਹਿਂ
ਪਾਏ। ਕਰਦਮ ਰਿਦਾ ਨ ਬਿਦਰਯੋ[3] ਤਬਿਹੂੰ। ਜਲ ਗੁਰ ਪ੍ਰੀਤਮ ਬਿਛੁਰੇ
ਜਬਿਹੂੰ*॥੪੦॥ ਹਮ ਤੇ ਆਛੇ ਬਨ ਕੇ[4] ਹਰਣ। ਸੁਨਤਿ ਨਾਦ ਕੋ ਗਿਨਹਿ
ਨ ਮਰਣ। ਤ੍ਰਿਗਦ ਜੋਨ[5] ਕਨਾ ਕੀਟ ਪਤੰਗਾ। ਪ੍ਰੀਤਮ ਹਿਤ ਜਾਰਤਿ
ਨਿਜ ਅੰਗਾ॥ ੪੧ ॥ ਨੀਰ ਬਿਰਹਿ ਤੇ ਮੀਨ ਨਿਹਾਰੋ। ਦੇਤਿ ਪ੍ਰਾਨ
ਨਹਿਂ ਕਰਹਿ ਅਵਾਰੋ। ਭ੍ਰਮਰ ਤਜਹਿ ਨਹਿਂ ਗੰਧ ਸੁਭਾਊ।ਪੁਸ਼ਪ ਕੇਤਿਕੀ
ਬੇਧਤਿ ਜਾਊ[6] ॥ ੪੨ ॥ ਹਮ ਪੰਚਹੁਂ ਤੇ ਪੰਚਹੁ ਜੀਵ[7]। ਉੱਤਮ ਪ੍ਰੇਮ
ਨਿਬਾਹ ਸਦੀਵ। ਪ੍ਰਥਮ ਦੇਖਿ ਕਰਿ ਦੁਖ ਗੁਰ ਕੇਰੇ। ਅਬਿ ਗੁਰ ਪਤਨੀ
ਸੁਤ ਦੁਖ ਹੇਰੇ–॥ ੪੩ ॥ ਏਵ ਬਿਚਾਰਤਿ ਆਰਤਿ ਹੋਤੇ। ਬਦਨ ਖਿਨ
ਦੁਤਿ,ਨਹੀਂ ਉਦੋਤੇ[8]। ਪ੍ਰਵਿਸ਼ੇ ਜਾਇ ਸੁਧਾਸਰ ਨਗਰੀ। ਅੱਸ੍ਰ ਬਿਮੋਚਿ

---

[1]ਆਦਮੀ। [2]ਵਿਆਕੁਲ ਹੋਕੇ। [3]ਚਿੱਕੜ ਰੂਪ ਰਿਦਾ (ਸਾਡਾ) ਪਾਟ ਨਾ ਗਿਆ। [4]ਜੰਗਲ ਦੇ। [5]ਟੇਢੀਆਂ ਜੂਨਾਂ (ਭਾਵ ਭੰਭਟ)। [6]ਕੇਤਕੀ ਫੁਲ ਤੇ ਵਿੰਨ੍ਹਿਆਂ ਜਾਂਦਾ ਹੈ। [7]ਤੇ ਪੰਜੇ ਹੀ ਜੀਉਂਦੇ ਹਾਂ। [8]ਮੁਖ ਸ਼ੋਭਾ ਤੋਂ ਖੀਣ ਹੈ, ਪ੍ਰਕਾਸ਼ਦਾ ਨਹੀਂ। *ਜਲ ਦੇ ਵਿਛੜਿਆਂ (ਸੁਕ ਗਿਆਂ ਛੱਪੜ ਦਾ) ਚਿੱਕੜ ਤ੍ਰੇੜੋ ਤ੍ਰੇੜ ਹੋ ਜਾਂਦਾ ਹੈ। ਸਾਡਾ ਦਿਲ ਕਿਉਂ ਨਾ ਫਟ ਗਿਆ।

ਬਿਲੋਕਤਿ ਸਗਰੀ॥੪੪॥ ਜਹਿਂ ਸ੍ਰੀ ਹਰਿ ਗੋਵਿੰਦ ਅਨੰਦਤਿ। ਆਇ ਖਰੇ ਪਗ ਪੰਕਜ ਬੰਦਤਿ। ਦਿਨ ਕੋ ਗਿਨਤਿ[1] ਗੁਰੂ ਜਬਿ ਗਏ। 'ਏਤਿਕ ਬਿਰਹ ਤਿਨਹੁੰ ਕੇ ਭਏ' ॥੪੫॥ਕਰਤਿ ਪ੍ਰਤੀਖਨ 'ਕਬਿ ਇਤ ਆਵੈਂ?।ਪ੍ਰਿਯ ਦਰ-ਸ਼ਨ ਸੁੰਦਰ ਦਿਖਰਾਵੈਂ। ਬੈਠਹਿਂ ਜਬਹਿ ਲਗਾਇ ਦਿਵਾਨ। ਸਿਖ ਸੰਗਤਿ ਦਰਸਹਿਂ ਗਨ ਆਨਿ॥ ੪੬ ॥ ਦੇਖਿ ਤਿਨਹੁ ਕੋ ਹੋਇ ਅਨੰਦਾ*। ਜਨਮ ਜਨਮ ਕੇ ਕਾਟੈਂ ਫੈਦਾ*।ਮਨ ਉਦਾਸ ਤਬਿ ਪ੍ਰਾਪਤਿ ਸ਼ਾਂਤੀ।ਹੋਇ ਖੁਸ਼ੀ ਕਬਿ, ਸੀਤਲ ਛਾਤੀ' ॥੪੭॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰਾਸੇ 'ਸ੍ਰੀ ਅਰਜਨ ਬੈਕੁੰਠ ਗਮਨ ਪ੍ਰਸੰਗ' ਬਰਨਨੰ ਨਾਮ ਅਸਟ ਤ੍ਰਿੰਸਤੀ ਅੰਸੂ ॥੩੮॥

੩੮. [ਸ੍ਰੀ ਅੰਮ੍ਰਿਤਸਰ ਪੰਜੇ ਸਿੱਖ ਪੁੱਜੇ]।

ਦੋਹਰਾ ॥ ਆਦਿ ਬ੍ਰਿੱਧ ਗੁਰਦਾਸਿ[2] ਗਨ ਚਹੁੰਦਿਸਿ ਮਹਿਂ ਗੁਰੁ ਦਾਸ[3]। ਸਿਮਰਤਿ ਸ੍ਰੀ ਅਰਜਨ ਗੁਰੂ ਸਭਿ ਉਰ ਦਰਸ਼ਨ ਪਯਾਸ ॥ ੧ ॥ ਚੌਪਈ ॥ 'ਲਵਪੁਰਿ ਤੇ ਗਮਨਯੋ ਕਿਤ ਸ਼ਾਹੂ। ਸੁਧਿ ਪਹੁੰਚੀ ਕਬਿ ਕੀ ਹਮ ਪਾਹੂ†। ਅਬਿ ਕਿਸ ਕਾਰਨ ਇਤ ਨਹਿਂ ਆਏ।ਕੋ ਕਾਰਜ ਨਹਿਂ ਅਪਰ ਬਤਾਏ[4]॥ ੨ ॥ ਆਜ ਕਾਲ ਆਵਹਿਂ' ਚਿਤਵੰਤੇ। ਬੈਠੇ ਹਰਿਗੋਵਿੰਦ ਦੁਤਿਵੰਤੇ। ਇਤਨੇ ਮਹਿਂ ਪੰਚਹੁੰ ਚਲਿ ਆਏ। ਬਦਨ ਬਿਬਰਨ[5] ਦੁਖਿਤ ਜ਼ਰਦਾਏ[6]॥ ੩ ॥ ਦੀਨ ਮਨੈ ਹੁਇ ਬੰਦਨ ਕਰੀ। ਗਿਰਾ ਨ ਮੁਖ ਤੇ ਜਾਤਿ ਉਚਰੀ। ਕਰਿ ਤੂਰਨਤਾ ਹਰਿਗੋਵਿੰਦ। ਬੂਝਤਿ 'ਕਿਸ ਥਲ ਗੁਰੂ ਬਿਲੰਦ ?॥੪॥ ਕਿਮ ਪੰਚਹੁੰ ਤੁਮ ਤਜਿ ਕਰਿ ਆਏ?।ਬਰਣ ਜ਼ਰਦ ਮੁਖ ਕੋ ਦਰਸਾਏ?। ਕੈ ਆਵਤਿ ? ਗੁਰੁ ਵਹਿਰ ਸਥਾਨਾ। ਥਿਰੇ ਪਖਾਰਨਿ ਪਦ ਅਰੁ ਪਾਨਾ॥ ੫॥ਤਊ ਏਕ ਦੁਇ ਆਵਤਿ ਆਗੇ। ਕਿਮ ਪੰਚਹੁੰ ਗਮਨੇ ਗੁਰੁ ਤਯਾਗੇ?। ਬਦਨ ਪ੍ਰਫੁੱਲਿਤਿ ਨਹਿਨ ਤੁਮਾਰਾ।ਕਯੋਂ ਕਾਰਣ ਨਹਿਂਕਰਤਿਉਚਾਰਾ?' ॥ ੬ ॥ ਕਹਤਿ ਸਕਲ ਪੰਚਹੁੰ ਮੁਖ ਦੇਖੈ[7]। 'ਨਾਹਿਨ ਕੁਸ਼ਲੀ' ਕਰਤਿ ਪਰੇਖੈ[8]। ਪੁਨ ਸ੍ਰੀ ਹਰਿ ਗੋਵਿੰਦ ਬਖਾਨੀ। 'ਮੌਨਿ, ਨੰਮ੍ਰਿ ਸਿਰ ਕਰਿ ਕਯੋਂ ਠਾਨੀ? ॥ ੭ ॥ ਦਲਕਤਿ[9] ਰਿਦਾ ਦੇਖਿ ਤੁਮ ਹਾਲ। ਕਯੋਂ ਨਹਿਂ

---

[1]ਦਿਨਾਂ ਨੂੰ ਗਿਣ ਰਹੇ ਸੀ। [2]ਭਾਈ ਬੁੱਢਾ ਤੇ ਗੁਰਦਾਸ ਆਦਿਕ। [3]ਗੁਰਾਂ ਦੇ ਦਾਸ। [4]ਹੋਰ ਕੀ ਕੰਮ ਹੈ, ਨਹੀਂ ਦੱਸ ਗਏ। [5]ਬੇਰੰਗ। [6]ਪੀਲੇ। [7](ਹੋਰ) ਸਾਰੇ (ਸਿੱਖ) ਕਹਿੰਦੇ ਹਨ ਪੰਜਾਂ ਦਾ ਮੂੰਹ ਦੇਖਕੇ। [8]ਪਰਖਣਾ ਕਰਦੇ ਹਨ ਕਿ ਸੁਖ ਨਹੀਂ ਹੈ। [9]ਧੜਕਦਾ ਹੈ। *ਕਈ ਨੁਸਖਿਆਂ ਵਿਚ ਇਹ ਦੋ ਤੁਕਾਂ ਨਹੀਂ ਹਨ ਤੇ ਇਸ ਅੰਤਲੀ ਚੌਪਈ ਦੇ ਦੋ ਹੀ ਚਰਣ ਲਿਖੇ ਹਨ।

†ਕਵੀ ਜੀ ਨੂੰ ਇਹ ਖਬਰ ਠੀਕ ਨਹੀਂ ਮਿਲੀ। ਪਾਤਸ਼ਾਹ ਅਜੇ ਲਾਹੌਰ ਹੀ ਸੀ।

ਬੋਲਤਿ ਬਾਕ ਉਤਾਲ ?'। ਗੁਰੁ ਬਾਣੀ[1] ਕੋ ਸੁਨਤਿ ਪਿਰਾਣਾ। ਚਾਹਸਿ ਚਿਤ–ਮੈਂ ਕਰਿਵ ਬਖਾਣਾ–॥੮॥ਸ਼ੁਸ਼ਕ ਕੰਠ ਅਰੁ ਅਧਰ ਕਪੋਲਾ।ਕਹੈ ਕਿ 'ਮੁਹੁ ਨਹਿਂ ਨਿਕਸਤਿ ਬੋਲਾ'। ਰੁਦਤਿ ਬਾਰਿ ਇਕਿ ਨਿਕਸਿ ਪੁਕਾਰੀ[2]। ਨਿਖੁਟੇ ਅੱਸ਼੍ਰ ਨ ਬਹਿ ਦ੍ਰਿਗ ਬਾਰੀ[3]॥੯॥ ਦਾਸਨਿ ਜੁਤ ਸ਼੍ਰੀ ਹਰਿਗੋਵਿੰਦ। ਬਦਨ ਬਨਜੋ ਬਨ ਬਿਕਸਿ ਬਿਲੰਦ[4]।ਹਿਮ ਸੀ ਗਿਰਾ[5] ਲਗੀ ਮੁਰਝਾਇ। ਪੁਨ ਪੂਛਤਿ 'ਦਿਹੁ ਸਕਲ ਸੁਨਾਇ॥ ੧੦॥ ਕਿਸ ਨੇ ਗੁਰ ਰਾਖੇ ਅਟ-ਕਾਇ?।ਕਹਾਂ ਬਿਘਨ ਭਾ ਕਹੁ ਸਮੁਝਾਇ?। ਸ਼ਾਹ ਚਵਣੋ, ਅਬਿ ਕੋ ਥਿਰੁ ਥਿਯੋ[6] ?। ਜਿਨਹੁ ਗੁਰੂ ਨਹਿਂ ਆਵਨਿ ਦਿਯੋ ?॥੧੧॥ ਜਿਮ ਛੂਟਹਿਂ ਸਭਿ ਕਰਹਿਂ ਉਪਾਇ। ਕਹੋ ਸਾਚ ਤੁਮ ਕਣੋਂ ਬਿਲਲਾਇ। ਅਹਿਦੀ ਆਯਹੁ ਤਬਿ ਕੇ ਜਾਨਹਿਂ। ਤੁਰਕ ਮੰਦਮਤਿ ਬਿਗਰਨਿ ਠਾਨਹਿ[7]॥੧੨॥ ਚੁਗਲੀ ਉਗਲਤਿ ਮੁਗ਼ਲ ਬਿਗਾਰਾ। ਕਿਮ ਹੋਈ ਗਤਿ ਕਰਹੁ ਉਚਾਰਾ ?'। ਬਿਧੀਆ ਧਰਿ ਧੀਰਜ ਦਿਢ ਹੀਯੋ।ਸਭਿ ਪ੍ਰਸੰਗ ਤਬਿ ਬਰਨਨ ਕੀਯੋ॥੧੩॥ 'ਮਿਲੇ ਸ਼ਾਹੁ ਸੋਂ ਪੂਰਬ ਜਾਇ। ਥਿਰੁ ਹੁਇ ਘਰੀ ਚਾਰਿ ਨਿਕਸਾਇ। ਨਿਕਸਤਿ ਵਹਿਰ ਸਿਪਾਹੀ ਬ੍ਰਿੰਦ। ਭਏ ਸੰਗ ਗਮਨੇ ਗ੍ਰਿਹ ਚੰਦੁ॥ ੧੪॥ ਸ਼ਾਹੁ ਸੰਗ ਸੰਬਾਦ ਬਖਾਨਯੋ।ਸੋ ਹਮ ਨੇ ਕੁਛ ਸੁਨਯੋ ਨ ਜਾਨਯੋ।ਕਿਮ ਤਹਿਂ ਭਈ ਨ ਕੁਛ ਗਤਿ ਜਾਨੀ। ਪਹੁੰਚੇ ਪੁਨ ਬਡ ਦੁਸ਼ਟ ਸਥਾਨੀ॥ ੧੫॥ ਅੰਤਰਿ ਜਬਹਿ ਪ੍ਰਵੇਸ਼ਤਿ ਭਏ। ਦ੍ਰਿਢ ਕਿਵਾਰ ਦੋਨਹੁਂ ਦੇ ਦਏ। ਹਮ ਕੋ ਡਯੋਢੀ ਥਾਨ ਟਿਕਾਏ। ਅੰਤਰਿ ਸ਼੍ਰੀ ਸਤਿਗੁਰੂ ਬਿਠਾਏ॥੧੬॥ ਖਾਨ ਪਾਨ ਅਰੁ ਸੁਪਤਨਿ ਬਰਜੇ। ਪੁਨ ਸਜਾਇ ਦੁਖ ਕਹਿ ਕਹਿ ਤਰਜੇ[8]। –ਲਿਹੁ ਨਾਤਾ ਨਤੁ ਕਰਿਹੌਂ ਘਾਤਿ–। ਨਹਿਂ ਸਤਿਗੁਰ ਮਾਨੀ ਤਿਸ ਬਾਤਿ ॥ ੧੭॥ ਤੀਨ ਦਿਵਸ ਬਡਿ ਦੀਨਿ ਸਜਾਇ। ਹੋਤਿ ਭਈ ਸਭਿ ਗੁਰੂ ਰਜਾਇ। ਨਾਂਹਿ ਤ ਕਣਾ ਮਾਰਨਿ ਤਿਸ ਕੇਰੋ। ਤੁਰਕਨਿ ਰਾਜ ਪ੍ਰਤਾਪ ਬਡੇਰੋ॥ ੧੮॥ ਇਕ ਸਿਖ ਨਾਸਹਿ[9] ਬਿਲਮ ਬਿਹੀਨ। ਕਹਿ ਸਤਿਗੁਰ ਸਭਿ ਬਰਜਨ ਕੀਨਿ। ਮਾਰਿ ਖਾਇ ਬੈਠੇ ਮੁਰਝਾਏ। ਹਮ ਹੇਰਤਿ ਗੁਰੁ

[1]ਗੁਰਾਂ ਦੇ ਬਚਨ। [2]ਚੀਕ ਨਿਕਲੀ। [3]ਅੰਝੂ ਮੁੱਕ ਗਏ, ਨੇਤ੍ਰਾਂ ਤੋਂ ਜਲ ਨਹੀਂ ਵਹਿੰਦਾ। [4]ਮੁਖ ਕਵਲਾਂ ਦੇ ਬਨ ਵਤ ਖਿੜਿਆ ਸੀ ਬੜਾ। [5]ਬਰਫ ਵਰਗੀ ਬਾਣੀ। [6]ਕੌਣ ਟਿਕਿਆ ਹੋਇਆ ਹੈ, (ਅ) ਕਿਸ ਨੇ ਟਿਕਾ ਲਏ ਹਨ। [7]ਬਿਗੜ ਗਏ ਹਨ। [8]ਤਾੜਨਾ ਕੀਤੀ। [9]ਨਾਸ਼ ਕਰ ਦੇਵੇ (ਰਾਜ)।

ਸਹੀ ਸਜਾਏ ॥੧੯॥ਨਿਕਸੇ ਰਾਵੀ ਕਰਨਿ ਸ਼ਨਾਨ। ਤਟ ਪਰ ਥਿਰ ਹੁਇ ਤ੍ਯਾਗੇ ਪ੍ਰਾਨ । ਲਵਪੁਰਿ ਸੰਗਤਿ ਮਿਲੀ ਬਿਸਾਲ। ਜਲ ਪ੍ਰਵਾਹ ਕੀਨਸਿ ਤਤਕਾਲਾ ॥ ੨੦ ॥ ਦ੍ਰਿਗ ਆਗੇ ਅਸ ਕੌਤਕ ਹੋਵਾ । ਹਮ ਸਿਖ ਨਾਮ[1] ਸਰਬ ਹੀ ਜੋਵਾ । ਮਰਨੈ ਆਗੇ ਮਹਦ ਕੁਭਾਗੇ[2]। ਰਿਦਾ ਨ ਬਿਦਰਯੋ[3] ਦੁਖ ਨਹਿੰ ਲਾਗੇ' ॥ ੨੧ ॥ ਹਰਿ ਗੁਵਿੰਦ ਸੁਨਿ ਦੁਖਦ ਮਹਾਨਾ। ਬਾਨੀ ਬਾਨ ਲਗੀ ਜਨੁ ਕਾਨਾ। ਬੇਧਯੋ ਰਿਦਾ ਪੁਕਾਰਤਿ ਊਚੇ। 'ਤਜਿ ਏਕਲਿ ਪਰਲੋਕ ਪਹੂਚੇ ॥ ੨੨ ॥ ਸਗਰੀ ਸੰਗਤਿ ਕੇਰਿ ਅਲੰਬ। ਕਰਹਿੰ ਪ੍ਰਤੀ-ਖਨ ਦਾਸ ਕਦੰਬ[4]' । ਅਲਪ ਆਰਬਲ ਗੁਰੁ ਜਬਿ ਰੋਏ। ਕਰੀ ਪੁਕਾਰ ਊਚ ਸਭਿ ਕੋਏ ॥ ੨੩ ॥ ਬੈਠੀ ਹੁਤੀ ਗੰਗ ਚਿਤ ਸ਼ਾਂਤੀ। ਸੁਨਤਿ ਕੂਕ ਦਲਕੀ[5] ਤਬਿ ਛਾਤੀ। ਸੁਧਿ ਕੋ ਦਾਸੀ ਤੁਰਤਿ ਪਠਾਈ। 'ਗੁਰੁ ਪ੍ਰਲੋਕ ਭਾ' ਆਨਿ ਸੁਨਾਈ ॥ ੨੪ ॥ ਮਨਹੁ ਅਚਾਨਕ ਬੱਜ੍ਰ ਪ੍ਰਹਾਰਾ । ਕੰਚਨ ਬੇਲਿ[6] ਗਿਰੀ ਇਕ ਬਾਰਾ । 'ਹਾਇ ਹਾਇ' ਕਹਿ ਕਹਿ ਮੁਰਝਾਈ । ਰੁਦਤਿ ਬ੍ਰਿੰਦ ਦਾਸੀਨਿ ਉਠਾਈ ॥ ੨੫॥ ਕੇਸ ਉਖਾਰਤਿ ਬਾਹੁ ਉਸਾਰਤਿ'* । ਆਰਤਿ ਸ਼ੋਕ ਬਿਸਾਲ ਪੁਕਾਰਤਿ । ਸਗਰ ਨਗਰ ਮਹਿੰ ਸੁਨਯੋ ਪ੍ਰਸੰਗ । ਦੌਰਤਿ ਆਵਤਿ ਰੁਦਿਤਿਉਤੰਗ॥੨੬॥ਮਿਲੇ ਸਮੂਹ ਆਇ ਨਰਨਾਰੀ। ਰੋਦਤਿ ਊਚੇ ਕਰਤਿ ਪੁਕਾਰੀ॥ਬਿਰਲਾਪਹਿਂ ਤਜਿ ਅੱਸ਼੍ਰੁਨਿ ਆਪਹਿ। ਪਰਤਾਪਹਿਂ[8] ਗੁਨ ਸਿਮਰ ਕਲਾਪਹਿਂ[9] ॥੨੭॥ 'ਪੁੱਤ੍ਰ ਬਾਲ ਬੈਸ ਤ੍ਯਾਗ ਗੁਸਾਈਂ !॥ਸਿਰ ਪਰ ਸ਼ੱਤ੍ਰ ਦੁਸ਼ਟ ਸਮੁਦਾਈ । ਤੁਮ ਬਿਨ ਕੋ ਦਿਵਾਨ ਅਬਿ ਲਾਵਹਿ। ਕਿਸ ਤੇ ਸਿਖੈ ਮਨ ਬਾਂਛਤਿ ਪਾਵਹਿਂ॥੨੮॥ਕਰਹਿ ਕੌਨ ਦਾਸਨਿ ਕੱਲ੍ਯਾਨ । ਚਹੁੰ ਦਿਸ਼ਿ ਕੇ ਪਗ ਪੂਜਤਿ ਆਨਿ।ਕੋ ਸੁਧਿ ਲੈਹੈ ਪਹੁੰਚਿ ਹਮਾਰੀ।ਰਾਜ ਤੁਰਕ ਕੋ ਬਹੁ ਬੁਰਿਆਰੀ ॥ ੨੯ ॥ ਜਿਨਹੁੰ ਚਹਯੋ ਕਰਿਬੇ ਅੱਨ੍ਯਾਇ । ਪਰਯੋ ਅੰਧੇਰ ਨ ਸੂਝਹਿ ਕਾਇ। ਉਚਿਤਾਨੁਚਿਤ[10] ਬਿਚਾਰ ਨ ਕਾਈ।ਗਹੇ ਬਲੀ ਨਿਬਲਨ ਕੌ ਖਾਈ ॥੩੦॥ ਕਿਤ ਗਮਨੇ ਹਮਰੇ ਰਖਵਾਰੇ'। ਊਚੀ ਬਾਹੁ ਉਸਾਰ ਪੁਕਾਰੇ।ਨਗਰ ਨਾਰਿ ਹੋਈ ਸਮੁਦਾਇ।ਰੁਦਤਿ* ਸ਼ਬਦ ਕੌ ਬਿਦਤ ਉਠਾਇ ॥੩੧॥ ਸੀਸ ਕੇਸ ਬਿਥਰੇ ਸਭਿ ਕੇਰੇ। ਸਿਮਰਿ ਪ੍ਰੇਮ ਗੁਰੁ ਦੁਖਤਿ

[1]ਅਸੀਂ ਸਿਖ ਨਾਮ (ਧਰਾਕੇ) । [2]ਖੋਟੇ ਭਾਗਾਂ ਵਾਲਿਆਂ ਦਾ...। [3]ਨਾ ਫਟਿਆ। [4]ਸਾਰੇ। [5]ਧੜਕੀ। [6]ਸੋਨੇ ਦੀ ਵੇਲ ਵਤ। (ਅ) ਇਕ ਪ੍ਰਕਾਰ ਦੀ ਵੇਲ ਜੋ 'ਕਾਂਚਨਾਰ' ਜਾਤੀ ਵਿਚੋਂ ਹੈ। ਜਿਸ ਦੇ ਫੁਲ ਪੀਲੇ ਹੁੰਦੇ ਹਨ। [7]ਉੱਚੀਆਂ ਕਰਕੇ । [8]ਬਹੁਤ ਦੁਖੀ ਹੁੰਦੇ ਹਨ। [9]ਸਾਰੇ ਬਹੁਤੇ ਗੁਣ ਯਾਦ ਕਰਕੇ। [10]ਯੋਗ ਅਯੋਗ।

*ਵੇਖੋ ਅਗਲੇ ਪੰਨੇ ਦੀ ਟੂਕ।

ਘਨੇਰੇ। 'ਮਹਾਂ ਸ਼ਕਤਿ ਜੁਤਿ ਚਾਹਤਿ ਜੇਤੀ। ਅੱਛਤ[1] ਸਹੀ ਬਿਪਦ ਕਿਮ ਏਤੀ ॥੩੨॥ ਜਰੀ ਅਜਰ ਉਰ ਧੀਰਜ ਧਾਰੀ। ਹੁਇ ਅਸ ਛਿਮਾ ਨ ਆਨ ਮਝਾਰੀ'। ਇੱਤ੍ਯਾਦਿਕ ਗੁਨ ਰੁਦਤਿ ਭਨੰਤੀ। ਪੀਟਤਿ ਹਾਥਨਿ ਸੀਸ ਹਨੰਤੀ*॥੩੩॥ਇਮ ਅੰਤਰ ਬਡਿ ਮਾਚ੍ਯੋ ਰੌਰਾ। ਸੁਨਤਿ ਦੂਰ ਤੇ ਆਇ ਸੁ ਦੌਰਾ[2]। ਰੁਦਤਿ ਅਧਿਕ ਸ੍ਰੀ ਹਰਿ ਗੋਵਿੰਦ। ਸਿਖ ਸੰਗਤਿ ਚਹੁੰਦਿਸ਼ਿ ਮਹਿਂ ਬ੍ਰਿੰਦ ॥੩੪॥ ਸਕਲ ਰੋਇ ਕਰਿ ਗੁਰੁ ਸਿਮਰੰਤੇ। ਆਪ ਬਿਮੋਚਤਿ ਲੋਚਨ ਅੰਤੇ[3]। ਵਧ੍ਯੋ ਸ਼ੋਕ ਸਭਿ ਮਹਿਂ ਤਬਿ ਐਸੇ। ਬਾਸ ਇਹਾਂ ਕਰੁਨਾ ਰਸ[4] ਜੈਸੇ ॥੩੫॥ 'ਹਾਇ ਪਿਤਾ,ਗੁਨ ਨਿਧਿ,ਸੁਖ ਦਾਨੀ!। ਕੌਨ ਦੁਲਾਰ ਕਰਹਿ ਬਹੁ ਆਨੀ। ਸੁਖਿ ਬੈਠਨਿ ਪਿਤ ਅੰਕ ਬਡੇਰੇ। ਕਰਿ ਸਨੇਹ ਸਿਰ

---

[1](ਸ਼ਕਤੀ ਦੇ) ਹੁੰਦਿਆਂ। [2](ਜੋ) ਦੂਰੋਂ ਸੁਣਦਾ ਹੈ (ਉਹ) ਦੌੜਿਆ ਆਉਂਦਾ ਹੈ। [3]ਜਲ (=ਅੰਸੂ) ਛਡਦੇ ਹਨ ਨੇਤ੍ਰਾਂ ਦੇ ਕੋਇਆਂ ਵਿਚੋਂ। [4]ਮਾਨੋਂ ਕਰੁਨਾ ਰਸ (ਸ਼ੋਕ ਤੇ ਰੋਣ) ਏਥੇ ਆ ਵਸਿਆ ਹੈ।

*ਸ੍ਰੀ ਗੁਰੂ ਜੀ ਦਾ ਅਚਾਨਕ ਸਾਕਾ ਤੇ ਐਸ੍ਰੇ ਅਸਹ ਕਸ਼ਟਾਂ, ਖੇਦਾਂ, ਤੇ ਪੀੜਾ ਦਾ ਸਹਾਰਨਾ ਅਪਣੇ ਆਪ ਵਿਚ ਇਕ ਮਹਾਂ ਸ਼ੋਕਦਾਇਕ ਹੋਣੀ ਹੈ। ਓਹ ਵੀਣਾ ਦੇ ਵਜਾਵਣ ਹਾਰ ਸੰਗੀਤ ਰੂਪ ਗੁਰੂ, ਓਹ ਬਾਣੀ ਰਚਨਹਾਰ ਕਵਿਤਾ ਦੇ ਕੋਮਲ ਸਰੀਰ, ਓਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੰਕਲਤ ਕਰਤਾ ਦੇ ਦਰਬਾਰ ਸਾਹਿਬ ਜੈਸੇ ਪਵਿੱਤ੍ਰ ਮੰਦਰ ਦੇ ਰਚਨਹਾਰ ਕਲਾ ਕੌਸਲੀਏ, ਓਹ ਦਯਾ ਛਿਮਾਂ ਦੇ ਸੁਹਲ ਦਾਤੇ, ਓਹ ਪ੍ਰੇਮ ਦਾ ਅਵਤਾਰ ਕਿਨ੍ਹਾਂ ਦਯਾ ਹੀਨ ਕਠੋਰ ਕਸ਼ਟਾਂ ਦੇ ਮੂੰਹ ਆਏ, ਕੌਣ ਹੈ ਜੋ ਅੱਜ ਬੀ ਸੁਣਕੇ ਨਹੀਂ ਰੋ ਪੈਂਦਾ। ਉਸ ਵੇਲੇ ਦੇ ਪ੍ਰੇਮੀ ਨਿਜ ਪਰਿਵਾਰ ਤੇ ਸੰਗਤਾਂ ਨੂੰ ਜਿਨ੍ਹਾਂ ਨੇ ਦਰਸ਼ਨ ਕੀਤੇ, ਬਚਨ ਸੁਣੇ ਤੇ ਨਾਦ ਨਾਲ ਮਸਤ ਹੋਏ ਕਿਵੇਂ ਉਨ੍ਹਾਂ ਦੇ ਕਲੇਜੇ ਫਟੇ ਹੋਣਗੇ? ਕੌਣ ਅੰਦਾਜ਼ਾ ਕਰ ਸਕਦਾ ਹੈ? ਪਰੰਤੂ ਗੁਰੂ ਜੀ ਸ੍ਰੀ ਗੁਰੂ ਹਰਿਗੋਬਿੰਦ ਜੀ ਦੀ ਮਾਤਾ ਜੀ ਨੂੰ ਦੱਸ ਗਏ, ਸਮਝਾ ਗਏ ਤੇ ਮੋਹ ਮਾਯਾ ਤੋਂ ਵਰਜਕੇ ਉੱਚਾ ਕਰ ਗਏ ਸਨ; ਉਨ੍ਹਾਂ ਦਾ ਪਿੱਟਣਾ ਆਦਿ ਜੋ ਕ੍ਰਿਯਾ ਦੱਸੀਆਂ ਹਨ ਏਹ ਕਵਿ ਜੀ ਦੇ ਕਰੁਣਾ ਰਸ ਦੇ ਨਕਸ਼ਾ ਕੇਂਨ੍ਹਣ ਦੇ ਅੰਗ ਪ੍ਰਤਿ ਅੰਗ ਹਨ, ਇਨ੍ਹਾਂ ਨੂੰ ਵਾਕਯਾ ਸਮਝਣਾ ਭੁੱਲ ਹੈ। ਮਾਤਾ ਜੀ ਪਤਿਬ੍ਰਤ ਧਰਮ ਦਾ ਨਮੂਨਾ ਸਨ, ਸਾਰੀ ਉਮਰ ਸੇਵਾ ਕਰਦੇ ਤੇ ਨਾਮ ਸਿਮਰਦੇ ਰਹੇ, ਅੰਤ ਸਮੇਂ ਸਤਿਗੁਰ ਉਨ੍ਹਾਂ ਨੂੰ ਪੂਰਨ ਗਯਾਨ ਅਰੂੜ ਕਰਕੇ ਟੁਰੇ, ਉਨ੍ਹਾਂ ਦੇ ਪ੍ਰੇਮ ਦੀ ਥਾਹ ਤੇ ਬਿਰਹੋਂ ਦਾ ਅੰਤ ਨਹੀਂ ਲਿਆ ਜਾ ਸਕਦਾ, ਪਰ ਐਸੇ ਕਰਤੱਵ ਉਨ੍ਹਾਂ ਵਿਚ ਸੰਭਵ ਨਹੀਂ ਹਨ। ਅੱਗੇ ਜਦ ਬਾਹਰੋਂ 'ਹੁਕਮ ਸਤ' ਲਈ ਸੰਗਤਾਂ ਦਾ ਆਵਨਾਂ ਲਿਖਿਆ ਹੈ ਉਥੇ ਕਵੀ ਜੀ ਆਪ ਮਾਤਾ ਜੀ ਦੇ ਮੁਖੋਂ ਲਿਖਦੇ ਹਨ ਯਥਾ—'ਕਰਹੁ ਨ ਸ਼ੋਕ ਸੁਨਾਵਹੁ ਬਾਨੀ':—[ਦੇਖੋ ਇਹੋ ਰਾਸ ਅੰਸੂ ੪੧ ਅੰਕ ੪] ਇਹੋ ਹੀ ਗੁਰਮਤ ਦੀ ਮ੍ਰਿਯਾਦਾ 'ਮੈ ਪਿਛੈ ਕੀਰਤਨੁ ਕਰਿਅਹੁ ਨਿਰਬਾਣੁ ਜੀਉ' ਇਸ ਮਹਾਂ ਵਾਕ ਵਿਚ ਪ੍ਰਗਟ ਹੈ।

ਹਾਥ ਸੁ ਫੇਰੇ ॥੩੬॥ ਸੋ ਅਬਿ ਕਹਾਂ ਨ ਪ੍ਰਾਪਤਿ ਮੋਹੀ। ਅੰਤਿ ਸਮੇਂ ਨਹਿਂ ਦਰਸ਼ਨ ਹੋਹੀ। ਭੂਤ ਭਵਿੱਖਤਿ ਬਿਦਤਿ[1] ਬ੍ਰਿਤੰਤਾ। ਇਮ ਕਿਸ ਰੀਤਿ ਪ੍ਰਾਨ ਕਰਿ ਅੰਤਾ? ॥੩੭॥ ਅਲਖ ਗਤੀ ਗੁਰ ਕੀ ਬਿਸਮਾਵਤਿ। ਨਹੀਂ ਅਪਰ ਤੇ ਜਾਨੀ ਜਾਵਤਿ*'। ਪੁਨ ਸ਼੍ਰੀ ਹਰਿਗੋਵਿੰਦ ਉਚਾਰੇ। 'ਨਿਕਟ ਪੰਚ,ਜਬਿ ਗੁਰੂ ਪਧਾਰੇ॥੩੮॥ਅੰਤ ਸਮੈਂ ਕਿਮ ਕਿਧ ਫੁਰਮਾਵਨਿ। ਤੁਮ ਕੋ ਕੀਨਸਿ ਕਹਾਂ ਜਨਾਵਨਿ?।ਸੋ ਅਬਿ ਬਾਕਨਿ ਕਰਹੁ ਬਤਾਵਨਿ। ਸੁਨਿ ਹਮ ਧਰਹਿਂ ਮਹਦ ਸੁਖ ਪਾਵਨਿ' ॥੩੯॥ ਇਮ ਪ੍ਰਸੰਗ ਬੂਝਤਿ ਬਹੁ ਰੋਏ। ਨਹੀਂ ਧੀਰ ਮਨ ਸ਼ੋਕ ਪਰੋਏ। ਅੱਸ਼੍ਰ ਬਿਮੋਚਤਿ ਗਰ ਲਗਿ ਜਾਈ। ਗਦਗਦ ਗਿਰਾ ਮਹਾਂ ਅਕੁਲਾਈ ॥੪੦॥ ਤਜੋਂ ਅਵਲੋਕਤਿ ਸੇਵਕ ਸਾਰੇ। ਬਹੁਤ ਬਿਸੂਰਤਿ ਅੱਸ਼੍ਰ ਡਾਰੇ। ਦੀਨ ਮਨੇ ਦੁਖ ਲਹਤਿ ਘਨੇਰੇ। ਗਜਾਨੀ ਤਊ ਪ੍ਰੇਮ ਗੁਰੁ ਕੇਰੇ ॥ ੪੧ ॥ ਗੁਰ ਸਨੇਹ ਕੀ ਮਹਿਮਾ ਮਹਾਂ। ਤਜਹਿਂ ਗਜਾਨ ਮਿਲਿ ਰੋਦਤਿ ਤਹਾਂ। ਕੇਤਿਕ ਧਜਾਨ ਠਾਨਿ ਭੇ ਮੌਨ।ਗੁਨ ਸਿਮ-ਰਤਿ ਉਚਰਤਿ ਸੁਖ ਭੌਨ ॥ ੪੨ ॥ ਸਭਿ ਕੀ ਦਸ਼ਾ ਦੇਖਿ ਬ੍ਰਿਧ ਭਾਈ। ਬ੍ਰਹਮ ਗਜਾਨ ਕੀ ਜਿਸ ਦ੍ਰਿਢਤਾਈ। ਦੈਬੇ ਹੇਤੁ ਸਕਲ ਕੋ ਧੀਰਜ। ਗੁਰ ਕੋ ਜਸੁ ਕਹਿਬੇ ਅਰੁ ਬੀਰਜ[2]॥੪੩॥ਦੋਹਰਾ॥ਬੋਲਜੋ ਚਹਤਿ ਪ੍ਰਬੋਧਬੇ[3] ਸ਼੍ਰੀ ਗੁਰ ਹਰਿਗੋਵਿੰਦ।ਸ਼ੋਕਨਿਵਾਰਨਿ ਸਕਲਕੋ ਬੈਠੇ ਦਾਸ ਜਿ ਬ੍ਰਿੰਦ॥੪੪॥

ਇਤਿ ਸ਼੍ਰੀ ਗੁਰੁ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰਾਸੇ 'ਸੁਧਾਸਰ ਸੁਧਿ ਹੋਵਨ' ਪ੍ਰਸੰਗ ਬਰਨਨੰ ਨਾਮ ਏਕ ਊਨਿ ਚੱਤ੍ਵਾਰਿੰਸਤੀ ਅੰਸੂ ॥੩੯॥

੪੦. [ਸ਼੍ਰੀ ਗੁਰ ਹਰਿ ਗੁਵਿੰਦ ਜੀ ਨੇ ਪ੍ਰਸ਼ਨ ਕੀਤਾ]।

ਦੋਹਰਾ॥ ਹਰਿ ਗੁਵਿੰਦ ਅਰੁ ਬ੍ਰਿੰਦ ਸਿਖ ਰੁਦਤਿ ਸ ਸ਼ੋਕ ਬਿਲੰਦ। ਦੇਖਤਿ ਭਾਖਤਿ ਬ੍ਰਿੱਧ ਤਬਿ 'ਕੀਜਹਿ ਖੇਦ ਨਿਕੰਦ[4] ॥ ੧ ॥ ਚੌਪਈ ॥ ਸਤਿਗੁਰ ਨਹਿਂ ਸੋਚਨ ਕੇ[5] ਯੋਗ। ਸੁਜਸੁ ਬਿਥਾਰਜੋ ਚੌਦਸ ਲੋਗ। ਘਨ ਸਮਾਨ ਤਨ ਧਰਿ ਬਿਦਤਾਵੈਂ। ਜਗ ਕਾਰਜ ਕਰਿ ਬਹੁਰ ਬਿਲਾਵੈਂ[6] ॥ ੨ ॥ ਪਰਮ ਧਾਮ ਬੈਕੁੰਠ ਸਿਧਾਰੈਂ। ਬ੍ਰਿੰਦ ਅਨੰਦ ਬਿਲੰਦ ਬਿਹਾਰੈਂ[7]। ਕਰਿ ਗਾਦੀ ਪਰ ਪੁੱਤਰ ਅਬਾਦੀ[8]। ਭਏ ਸਰੂਪ ਲੀਨ ਨਿਜ ਆਦੀ[9] ॥ ੩ ॥ ਜੇ ਕਾਰਜ ਕਰਿਬੇ ਕਹੁ ਆਏ। ਨੀਕੇ ਪੂਰਨ ਕਰਿ ਸਮੁਦਾਏ। ਕਾਨ੍ਹੇ ਸ੍ਰਾਪ ਸਾਚ

---

[1](ਦਾ) ਪ੍ਰਗਟ ਹੈ। [2]ਬਲ। [3]ਸਮਝਾਉਣ ਲਈ। [4]ਦੁਖ ਦੂਰ ਕਰੋ। [5]ਸ਼ੋਕ ਕਰਨ ਦੇ। [6]ਲੋਪ ਹੋ ਜਾਂਦੇ ਹਨ। [7](ਵਿਚ) ਵਿਚਰਦੇ ਹਨ। [8]ਭਾਵ, ਇਸਥਿਤ। [9]ਆਪਣੇ ਮੁੱਢਲੇ (ਸਰੂਪ) ਵਿਚ।

*ਪਾ: -ਅਚਰਜ ਭਏ ਨਹੀਂ ਬਿਦਤਾਵਤਿ।

ਕੇ ਹੇਤੁ। ਸਹੀ ਸਜਾਇ ਸੁ ਚੰਦੂ ਨਿਕੇਤ ॥ ੪ ॥ ਪੂਰਨਤਾ ਦਿਖਾਇ ਬ੍ਰਹਮ ਗਯਾਨੀ। ਜਿਨ ਕੇ ਤਨਹੰਤਾ ਬ੍ਰਿਤਿ ਹਾਨੀ॥ਨਿਜ ਸਰੂਪ ਤੇ ਫੁਰਨੋ ਆਨ। ਉਠਨਿ ਨ ਦੀਨਸਿ ਇਕ ਰਸਵਾਨ ॥ ੫ ॥ ਜਗ ਕੀ ਬਰਤਣ ਸਹਿਜ ਸੁਭਾਇ। ਬਿਨਾ ਜਤਨ ਜਿਮ ਹੋਤੀ ਜਾਇ। ਭਗਤ ਕਬੀਰ ਨਾਮ ਦਿਉ ਆਦਿ। ਭੀਰ ਪਰੀ ਕੀਨਸਿ ਪ੍ਰਭੁ ਯਾਦਿ ॥ ੬ ॥ ਕਛ ਤੇ ਕਛ ਕਰਿ ਨਰਨਿ ਦਿਖਾਈ॥ਗਯਾਨ ਊਨਤਾ ਇਹੀ ਜਨਾਈ[1]*।ਸੱਤਿ ਆਤਮਾ ਜਗ ਸਭਿ ਕਾਚੋ। ਜਿਸ ਕੇ ਉਰ ਨਿਸ਼ਚੈ ਅਸ ਸਾਚੋ ॥ ੭ ॥ ਸੋ ਨਾਨੱਤ੍ਵ[2] ਪਰ ਫੁਰਨਾ ਕਰਹਿ ਨ। ਅਪਨ ਸਰੂਪ ਲਖਹਿ, ਅਨ ਧਰਹਿ ਨ[3]। ਅਸ ਸੁਾਮੀ ਨਹਿੰ ਸੋਚਨਿ ਜੋਗ। ਕ੍ਰਿਪਾ ਤਿਨਹੁ ਉਧਰੇ ਬਹੁ ਲੋਗ ॥੮॥ ਪੂਰਬ ਪੁੰਨਨਿ ਫਲ ਕੋ ਪਾਇ। ਭੋਗ ਬਿਸ਼ੈ ਜਗ ਚਲੇ ਗਵਾਇ[4]। ਭਗਤਿ ਨ, ਜੋਗ ਨ ਗਯਾਨ ਵਿਰਾਗੇ। ਸੇ ਸੋਚਨ ਕੇ ਜੋਗ ਕੁਭਾਗੇ ॥ ੯ ॥ ਨਰ ਤਨ ਜਿਨਹੁਂ ਅਕਾਰਥ ਖੋਵਾ। ਸੱਤਿਨਾਮ ਨਹਿੰ ਸਿਮਰਨਿ ਹੋਵਾ। ਫਾਸੀ ਪਰੇ ਘਏ ਜਮ ਲੋਗ। ਸੋ ਮੂਰਖ ਸੋਚਨਿ ਕੇ ਜੋਗ॥੧੦॥ ਮਰਿ ਕਰਿ ਬਹੁਜੋਨੀ ਭਰਮਾਵੈਂ। ਕਰੇ ਪਾਪ ਕੈ ਨਰਕ ਸਿਧਾਵੈਂ। ਜਿਨ ਕਬਿਹੂੰ ਸਤਿਸੰਗ ਨ ਕਰੇ। ਸੇ ਸੋਚਨ ਕੇ ਜੋਗ ਜਿ ਮਰੇ ॥ ੧੧ ॥ ਗੁਰ ਸ਼ਰਧਾ ਉਰ ਜਿਨ ਕੇ ਨਾਂਹਿ ਨ। ਤ੍ਰਿਸ਼ਨਾ ਤੇ ਮਨ ਬਰਜਨੇ ਜਾਂਹਿ ਨ। ਗੁਨ ਤਜਿ ਅਵਗੁਨ ਸੰਗ੍ਰਹਿ ਕਰੇ। ਸੇ ਸੋਚਨਿ ਕੇ ਜੋਗ ਜਿ ਮਰੇ ॥ ੧੨ ॥ ਨਹਿੰ ਗੁਰ ਧਯਾਨ ਨ ਗੁਰ ਕੀ ਸੇਵ। ਗੁਰ ਬਿਹੀਨ ਧਾਰਤਿ ਅਹੰਮੇਵ।ਗੁਰ ਹਰਿ ਕੀ ਲਖਹਿ ਨ ਬਡਿਆਈ। ਸੇ ਸੋਚਨਿ ਕੋ ਜੋਗ ਸਦਾਈ ॥੧੩॥ ਇਸ ਜਗ ਅਰੁ ਪਰ-ਲੋਕ ਮਝਾਰੇ। ਸਤਿਗੁਰ ਸਦਾ ਸਹਾਇ ਹਮਾਰੇ। ਸਿਮਰਨਿ ਕਰੇ ਦਰਸ ਦੈਂ ਆਨਿ[5]। ਸੇ ਕਨੌਂ ਸੋਚਨਿ ਜੋਗ ਮਹਾਂਨ ॥੧੪॥ ਬੰਦਨ ਕਰਹੁ, ਕਰਾਹੁ ਕਰਾਵੋ। ਕਿਰਤਨ ਸੁਨਹੁ, ਅਨੰਦ ਉਪਾਵੋ। ਸਿਮਰੇ ਨਿਤ ਹਾਜ਼ਰ ਗੁਰ ਅਹੈਂ। ਪਰਮ ਪ੍ਰੇਮ ਮਨ ਕੋ ਸਭਿ ਲਹੈਂ[6]॥੧੫॥ਦ੍ਰਿਸ਼ਟਿ ਮਾਨ ਹੈਂ ਜਿਤਿਕ ਅਕਾਰ। ਸਭਿ ਕੂਰੇ ਹੈਂ ਬਿਨਸਨਿਹਾਰ।ਇਨ ਸੋਂ ਮੋਹ ਕਰਹਿ ਅੱਗਯਾਨੀ। ਜੋ ਲਖਿਯਤਿ ਹੈ ਸੁਪਨ ਸਮਾਨੀ ॥ ੧੬ ॥ ਤੁਮ ਕੌ ਉਚਿਤ ਨ ਐਸੇ

[1]ਇਹ (ਉਹਨਾਂ ਨੇ) ਗਯਾਨ ਦੀ ਕਮੀ ਦਿਖਾਈ। [2]ਨਾਨਾਪਨ ਭਾਵ ਸੰਸਾਰ। [3]ਦ੍ਵੈਤ ਨਹੀਂ ਧਾਰਦੇ। [4]ਭੋਗ ਕੇ ਵਿਸ਼ਯ ਜਗ ਵਿਚ ਗਵਾਕੇ (ਆਪਣੀ ਉਮਰ) ਚਲੇ ਗਏ। [5]ਆਕੇ ਦਰਸ਼ਨ ਦੇਂਦੇ ਹਨ। [6]ਸਭ ਦੇ ਮਨ ਦਾ ਅਤਿ ਪ੍ਰੇਮ ਜਾਣਦੇ ਹਨ।

*ਕਬੀਰ ਆਦਿਕਾਂ ਤੋਂ ਗੁਰੂ ਜੀ ਦੀ ਅਧਿਕਤਾ ਕੈਸੀ ਸੁੰਦਰ ਦਰਸਾਈ ਹੈ।

ਕਰਿਬੋ। ਹਰਖ ਸ਼ੋਕ ਅੱਗ੍ਯਾਨੀ ਧਰਿਬੋ। ਤਖਤ ਬੈਠਿ ਅਬਿ ਸਿੱਖ ਉਧਾਰੋ। ਸ਼ੱਤ੍ਰ ਗਨ ਜੇ ਸਕਲ ਸੰਘਾਰੋ’॥੧੭॥ ਇਮ ਸੁਨਿਕੈ ਬ੍ਰਿਧ ਕੇ ਬਚ ਕਾਨ। ਸ੍ਰੀ ਹੈਰਿਗੋਬਿੰਦ ਭੇ ਸਵਧਾਨ। ਪੰਚ ਸਿੱਖ ਕੋ ਬੂਝਨਿ ਲਾਗੇ। ‘ਕਹਰੋ ਅੰਤ ਜਿਮ ਕਹੁ ਹਮ ਆਗੇ’॥੧੮॥ ਸੁਨਤਿ ਪਿਰਾਣਾ ਕਹਿ ਮ੍ਰਿਦੁ ਬਾਨੀ। ‘ਇਮ ਸ੍ਰੀ ਸਤਿਗੁਰੁ ਤੁਮਹਿ ਵਖਾਨੀ।–ਹਰਿਗੁਵਿੰਦ ਸੰਗ ਜਾਇ ਮਿਲੀ-ਜੈ। ਹਮ ਦਿਸ਼ਿ ਤੇ ਬਹੁ ਧੀਰਜ ਦੀਜੈ॥੧੯॥ਕਰਹੁ ਨ ਸ਼ੋਕ ਗੁਵਿੰਦ ਗੁਨ ਗਾਵਹੁ। ਅਪਰ ਸਕਲ ਕੋ ਕਹਹੁ ਮਿਟਾਵਹੁ। ਸਾਯੁਧ ਹੋਹੁ ਤਖਤ ਪਰ ਰਾਜਹੁ। ਜਥਾ ਸ਼ਕਤਿ ਸੈਨਾ ਸੰਗ ਸਾਜਹੁ ॥ ੨੦ ॥ ਪ੍ਰਥਮ ਚੰਦੂ ਤੇ ਪਲਟਾ ਲੀਜਹਿ। ਹਤਹੁ ਕੁਮੌਤ ਮਹਾਂ ਦੁਖ ਦੀਜਹਿ*। ਸ੍ਰੀ ਗੁਰ ਅਮਰ ਦਾਸ ਕੀ ਅੰਸ। ਨਿਕਟ ਹਕਾਰਹੁ ਕੁਲ ਅਵਿਤੰਸ਼ ॥ ੨੧ ॥ ਪ੍ਰਥਮ ਰੀਤਿ ਕਰਿ ਲੀਜਹਿ ਟੀਕਾ। ਸਕਲ ਬਡਿਨਿ ਸੰਗ ਕਹਿ ਬਚ ਨੀਕਾ। ਬ੍ਰਿਧ ਆਦਿਕ ਸਿੱਖਨਿ ਸਨਮਾਨਹੁ। ਪੁਰਾ ਗੁਰਨਿ[1] ਕੀ ਰੀਤਿ ਪ੍ਰਮਾਨਹੁ ॥ ੨੨ ॥ ਨਈ ਰੀਤਿ ਇਕ ਰਣ ਕੀ ਕੀਜਹਿ। ਅਪਰ ਪ੍ਰਥਮ ਸਮ ਗਤੀ ਚਲੀਜਹਿ। ਦਾਹੁ ਦੇਹ ਨਹਿਂ ਕਰਹੁ ਹਮਾਰੀ॥ਦਿਹੁ ਪ੍ਰਵਾਹ ਇਸ ਸਲਿਤਾ ਬਾਰੀ॥੨੩॥ ਦਰਸ਼ਨ ਹਮਰੋ ਹੈ ਦਰਿਆਉ। ਸਿਰ ਉੱਤਰ ਦਿਸਿ ਦੱਛਨ ਪਾਉ†–। ਸੋਰਹ ਸਤ ਤ੍ਰੈਸਟ[2] ਗਿਨ ਸੰਮਤਿ।ਜੇਸ਼ਠ ਸ਼ੁਦੀ ਚੌਥ ਹਰਿ ਸੰਮਤ[3]॥੨੪॥ ਮਹਾਂ ਪਾਤਕੀ ਸ਼ੱਤ੍ਰ ਚੰਦੂ। ਦਈ ਸਜ਼ਾਇ ਅਨੇਕ ਬਿਲੰਦ। ਪੰਚ ਦਿਵਸ ਲੌ ਖਾਇ ਨ ਪੀਓ। ਨਹੀਂ ਦੁਸ਼ਟ ਨੇ ਆਦਰ ਕੀਓ ॥ ੨੫ ॥ ਜਨੋਂ ਕਨੋਂ ਘਾਤ ਕਰਹੁ ਤਿਸ ਕੇਰਾ। ਦੁਖ ਦੇ ਜਗ ਬਿਦਤਾਇ ਬਡੇਰਾ। ਪਿਤਾ ਬੈਰ ਕੋ ਉਚਿਤ ਸੁ ਲੈਬਾ। ਪੂਰਬ ਘੋਰ ਸਜਾਇਨਿ ਦੈਬਾ[4] ॥ ੨੬ ॥ ਬਿਸ਼ਟਾ ਮਹਿਂ ਰੁਲਾਇ ਕਰਿ ਮਾਰੋ। ਤੀਬ੍ਰ ਪੀਰ[5] ਨਰਕਨਿ ਮਹਿਂ ਡਾਰੋ। ਕਾਲ, ਕਲਪ ਕਰਿ ਪੁਨਹ ਨ ਜਾਵਦ[6]। ਲਹੈ ਸਜਾਇ ਨਰਕ ਕੀ ਤਾਵਦ ॥੨੭ ॥ ਕਰੀ ਅਵੱਗ੍ਯਾ ਕੋ ਫਲ ਭਾਰੀ। ਤਊ ਨ ਨਿਬਟੈ[7] ਬਾਕੀ ਸਾਰੀ’। ਸੁਨਤਿ ਪਿਰਾਣੇ ਕੇ ਬਚ ਬ੍ਰਿੰਦ। ਤਬਿ ਰਿਸਿ ਤੇ ਸ੍ਰੀ ਹਰਿਗੋਵਿੰਦ ॥ ੨੮॥ ਫਰਕੀ ਦੋਨੋ ਬਾਹੁ ਬਿਸਾਲਾ। ਦ੍ਰਿਗ ਜਲ ਹੋਤਿ, ਅਧਰ ਚਲ ਚਾਲਾ[8]।

[1]ਪਹਿਲੇ ਗੁਰਾਂ ਦੀ। [2]ਭਾਵ, ੧੬੬੩। [3]ਜੇਠ ਸ਼ੁਦੀ ਚੌਥ ਨੂੰ ਪ੍ਰਭੂ (ਦੇ ਹੁਕਮ) ਅਨੁਸਾਰ। [4]ਸਜ਼ਾਵਾਂ ਦੇਣੀਆਂ। [5]ਤਕੜੀ ਪੀੜ (ਦੇਕੇ)। [6]ਕਲਪ ਦਾ ਸਮਾ ਪੂਰਾ ਨ ਹੋਵੇ ਜਦ ਤਕ। [7]ਨਿਬੜੇਗੀ। [8]ਨੇਤ੍ਰਾਂ ਵਿਚ ਜਲ ਹੋ ਗਿਆ ਤੇ ਹੋਠ ਫਰਕੇ।

*ਦੇਖੋ ਇਸੇ ਰਾਸ ਦੇ ਅੰਸੂ ੩੭ ਅੰਕ ੨੮ ਦੀ ਹੇਠਲੀ ਟੂਕ।

†ਅੰਕ ੧੯ ਤੋਂ ਇੱਥੋਂ ਤਕ ਹੂਬਹੂ ਉਤਾਰਾ ਹੈ ਅੰਸੂ ੩੭ ਦੇ ਅੰਕ ੨੬ ਤੋਂ ੩੧ ਤੁਕ ਦਾ।

ਬਦਨ ਬਿਲੋਚਨ ਲਾਲ ਕਰਾਲੇ। ਭ੍ਰਿਕੁਟੀ ਬੰਕ ਚਾਪ ਕੀ ਢਾਲੇ[1]॥੨੯॥ ਸਭਿ ਕੇ ਸੁਨਤਿ ਕ੍ਰੋਧ ਕਰਿ ਬੋਲੇ। 'ਕਰਹਿਂ ਕ੍ਰਿੱਤ ਪਿਤ ਆਇਸੁ ਕੋ ਲੇ। ਜੇ ਨਹਿਂ ਚੰਦੂ ਕੋ ਹਮ ਗਹੈਂ। ਮੁਸ਼ਕੈਂ ਬੰਧੀ ਜਿ ਨਾ ਜਗ ਲਹੈਂ[2] ॥੩੦॥ ਤੌ ਹਮਰੇ ਸਿਰ ਦੋਸ਼ ਬਿਸਾਲੇ। ਚਢਹੁ ਜਿਨਹੁ ਫਲ ਦੁਖਦ ਕਰਾਲੇ। ਜੋ ਨਿਤ ਵਜਸ਼ਨ ਪਰੇ ਪਰਦਾਰਾ। ਕੈ ਪਰ ਦਰਬ ਚੋਰ ਬਟਪਾਰਾ ॥੩੧॥ ਗੁਰ ਤੇ ਬੇਮੁਖ ਕੁਟਿਲ ਕੁਚਾਲੇ। ਕੂਰੇ ਕਾਇਰ ਕੁਮਤਿ ਕਰਾਲੇ। ਲਗਹਿ ਦੋਸ਼ ਅਸ ਪਾਪ ਉਦਾਰਾ[3]।ਜੇ ਨ ਕਰੌਂ ਚੰਦੂ ਮੁਖ ਕਾਰਾ ॥੩੨॥ ਮਿੱਤ੍ਰਨਿ ਦ੍ਰੋਹ ਅਕਾਰਣ ਦ੍ਰੋਹੀ[4]। ਅਪਨਿ ਭਰੋਸੋ ਦੇ ਕਰਿ ਧ੍ਰੋਹੀ[5]। ਪਰ ਸੰਪਤਿ ਕੋ ਦੇਖਤਿ ਜਰਨਾ[6]। ਪਰਜਸੁ ਸੁਨਤਿ ਰਿਦੈ ਨਹਿਂ ਜਰਨਾ ॥ ੩੩ ॥ ਗੁਰ ਨਿੰਦਕ, ਲੋਲਪ[7] ਕੁਲ ਘਾਤੀ। ਮਾਤ ਪਿਤਾ ਦੁਖਦਾਯਕ ਛਾਤੀ। ਇਨ ਅਘ ਫਲ ਤੌ ਹਮ ਹੀ ਪਾਵੈਂ। ਜੇ ਨ ਚੰਦੁ ਸਿਰ ਪਨਹਿ[8]ਲਗਾਵੈਂ' ॥੩੪॥ ਇੱਤਯਾਦਿਕ ਕਹਿ ਸਭਾ ਮਝਾਰੀ। ਪਿਤ ਪਲਟਾ ਲੈਬੇ ਇਛ ਧਾਰੀ*। ਉਠ ਪੁਨ ਸੁਧਾ ਸਰੋਵਰ ਗਏ। ਮੱਜਨ ਕਰਿ ਤਿਲਾਂਜੁਲੀ† ਦਏ ॥ ੩੫॥ ਲੌਕਿਕ ਬੈਦਕ ਜਿਤਿਕ ਬਤਾਈ। ਪਿਤਾ ਹੇਤੁ ਸਭਿ ਕਰੀ ਗੁਸਾਈਂ। ਹਟਿ ਕਰਿ‡ ਚਲਿ ਨਿਕੇਤ ਕਹੁ ਆਏ। ਮਾਤ ਗੰਗ ਜਹਿਂ ਸ਼ੋਕ ਵਧਾਏ॥ ੩੬॥ ਕਹਤਿ 'ਗੁਰੂ ਕੇ ਬਸਤ੍ਰਨਿ ਸੰਗ। ਕਰੌਂ ਦਾਹ ਮੈਂ ਅਪਨੇ ਅੰਗ। ਪਤਿ ਕੇ ਸੰਗ ਜਰਨਿ ਇਕ ਬਾਰੀ। ਪਤਿ ਬਿਨ ਜਰਤਿ ਸਦਾ ਦੁਖ ਕਾਰੀ[9]' ॥ ੩੭ ॥ ਸੁਨਿ ਸ੍ਰੀ ਹਰਿਗੋਵਿੰਦ ਦੁਖਾਰੀ। ਪਠਯੋ ਬ੍ਰਿਧ 'ਦਿਹੁ ਧੀਰਜ ਭਾਰੀ'। ਪਰਦੇ ਅੰਦਰਿ ਮਾਤ ਬਿਠਾਇ। ਕਹ੍ਯੋ ਬਾਕ 'ਦਿਹੁ ਸ਼ੋਕ ਮਿਟਾਇ ॥ ੩੮ ॥ਸ਼੍ਰੀ ਸਤਿਗੁਰ

[1]ਧਨੁਖ ਦੀ ਤਰ੍ਹਾਂ। [2]ਜੇ ਮੁਸ਼ਕਾਂ ਬੰਨ੍ਹੀਆਂ ਹੋਈਆਂ ਸੰਸਾਰ ਨਾ ਦੇਖੇ ਤਾਂ। [3]ਐਸੇ ਭਾਰੀ ਪਾਪਾਂ ਦਾ ਦੋਸ਼ ਲੱਗੇ ਸਾਨੂੰ। [4]ਮਿੱਤ੍ਰ ਨਾਲ ਧੋਖਾ ਕਰਨ ਵਾਲਾ, ਤੇ ਬਿਨਾਂ ਸਬੱਬ ਤੋਂ ਧੋਖਾ ਦੇਣ ਵਾਲਾ। [5]ਤੇ ਭਰੋਸਾ ਦੇਕੇ ਧੋਖਾ ਕਰਨ ਵਾਲਾ। [6]ਪਰਾਏ ਪਦਾਰਥਾਂ ਨੂੰ ਦੇਖ ਕੇ ਸੜਨ ਵਾਲਾ। [7]ਲੋਭੀ। [8]ਜੁੱਤੀ। [9]ਪਤਿ ਦੇ ਨਾਲ ਸੜਨਾ ਤਾਂ ਇਕ ਵਾਰ (ਸੜਨਾ ਹੈ) ਪਰ ਪਤੀ ਤੋਂ ਬਿਨਾਂ (ਭਾਵ ਉਸ ਦੇ ਵਿਯੋਗ ਵਿਚ) ਸਦਾ ਦਾ ਸੜਨਾ (ਵਧੇਰੇ) ਦੁਖਦਾਈ ਹੈ। *ਰੌਦ੍ਰ ਰਸ ਦਾ ਕਮਾਲ ਕਵਿ ਜੀ ਨੇ ਬੱਧਾ ਹੈ। ਦੇਖੋ ਇਸੇ ਰਾਸ ਦੇ ਅੰਸੂ ੪੨ ਅੰਕ ੧੨ ਦੀ ਹੇਠਲੀ ਟੂਕ।

†ਐਸੇ ਵਾਕ ਅਸੀਂ ਦੱਸ ਆਏ ਹਾਂ ਕਈ ਥਾਈਂ ਕਿ ਕਵੀ ਜੀ ਆਪ ਖੰਡਨ ਕਰਦੇ ਹਨ, ਕਿ ਗੁਰੂ ਘਰ ਵਿਚ ਸਿਵਾ ਅਰਦਾਸ ਦੇ ਕੋਈ ਹੋਰ ਮਿਰਯਾਦਾ ਨਹੀਂ ਸੀ। ਦੇਖੋ ਪਿਛੇ ਰਾਸ ੨ ਅੰਸੂ ੨੪ ਅੰਕ ੪੧ ਦੀ ਹੇਠਲੀ ਟੂਕ ਤੇ ਦੇਖੋ ਅਗਲੇ ਅੰਸੂ ਦੇ ਅੰਕ ੧੨ ਤੋਂ ੨੨ ਤਕ ਤੇ ਹੇਠਲੀ ਟੂਕ ਅੰਕ ੧੩ ਦੀ। ‡ਪਾਠਾਂ:—ਹੁਇ ਕਰ।

ਜੋ ਆਇਸੁ ਕਰੀ। ਹਮ ਤੁਮ ਕੌ ਚਹਿਯਤਿ ਸੋ ਧਰੀ। ਹਰਿਗੁਬਿੰਦ ਅਰੁ ਨੁਖਾ ਤੁਮਾਰੀ। ਅਲਪ ਆਰਬਲ ਲੇਹੁ ਬਿਚਾਰੀ॥ ੩੯॥ ਸ੍ਰੀ ਗੁਰ ਪਾਛੇ ਸਿੱਖ ਕਦੰਬ। ਸਭਿਹਿਨਿ ਕੇ ਤੁਮ ਅਹੋ ਅਲੰਬ। ਜਹਿਂ ਸਿਮਰੋ ਤਹਿਂ ਹਾਜ਼ਰ ਗੁਰ ਹੈਂ। ਤਿਨਿ ਹਿਤ ਸ਼ੋਕ ਸੋਚ ਕਸ਼ਾ ਧਰਿ ਹੈਂ॥੪੦॥ਤੁਮ ਬਿਨ ਸਭਿ ਕੀ ਗਤਿ ਹੈ ਕੌਨ। ਗੁਰੁ ਤੁਮ ਤਜੇ ਆਸਰਾ ਭੌਨ[1]। ਅੰਤ ਸਮੇਂ ਗੁਰੁ ਆਇਸੁ ਕਹੀ।–ਹਮ ਹਿਤ ਸ਼ੋਕ ਕਰਿਹੁ ਕੋ ਨਹੀਂ॥ ੪੧॥ ਹਰਿਗੁਬਿੰਦ ਕੋ ਤਖਤ ਬਿਠਾਵੋ। ਮੰਗਲ ਅਨਿਕ ਪ੍ਰਕਾਰ ਕਰਾਵੋ–। ਗੁਰੁ ਆਇਸੁ ਤੇ ਕਾਰਜ ਏਹੁ। ਤੁਮ ਬਸਿ[2] ਕਰਨਿ ਉਚਿਤ ਲਖਿ ਲੇਹੁ॥੪੨॥ ਗੁਰ ਪਤਿ ਕੀ ਮਰਜ਼ੀ ਬਿਨ ਜਰਨੋ। ਨਹੀਂ ਆਪ ਕੇ ਲਾਯਕ ਬਰਨੋ। ਸਿਮਰੋ ਨਿਸ ਦਿਨ ਠਾਨਹੁ ਧ੍ਯਾਨ। ਮਿਲਹੁ ਜਾਇ ਪਤਿ ਪ੍ਰਾਨ ਨਿਦਾਨ[3]॥ ੪੩॥ ਸਮਝਿ ਪਿਖਹੁ ਨਹਿਂ ਬਹੁਰ ਕਹੀਜੈ। ਸ਼ੋਕ ਸੰਤਾਪ ਤ੍ਯਾਗ ਸਭਿ ਦੀਜੈ'। ਸੁਨਿ ਬ੍ਰਿਧ ਕੇ ਬਚ ਸਯਾਨੇ ਰੰਗਾ।ਮਾਨੇ ਸਿਰ ਧਰਿ ਜਾਨੇ--ਚੰਗਾ*॥੪੪॥ ਨਹਿਂ ਅਪਰਨਿ ਸਮ ਮੋਕਹੁ ਚਹੀਯਹਿ। ਰੋਦਨਿ ਸ਼ੋਕ ਮੋਹ ਤੇ ਪੱਯਹਿ[4]। ਮੈਂ ਜਗ ਗੁਰ ਘਰਨੀ ਅਕਲੇਸ਼[5]। ਜਿਨ ਤੇ ਲੇਂ ਉਪਦੇਸ਼ ਅਸ਼ੇਸ਼–॥੪੫॥ ਅਸ ਮਨ ਜਾਨਿ ਧੀਰ ਕੋ ਧਰਿਕੈ। ਕਰੀ ਜਿਤਿਕ ਜਗ ਰੀਤਿ ਬਿਚਰਿਕੈ। ਸੋ ਅਹਿਨਿਸ ਬੀਤ੍ਯੋ ਬਿਨ ਖਾਨੇ।ਗੁਰ ਕੇ ਗੁਨ,ਅੰਧ ਚੰਦੁ ਬਖਾਨੇ॥੪੬॥ ਉਚਿਤ ਜੁ ਮਹਾਂ ਸ਼ੱਤ੍ਰੁਤਾ ਕਰਿਬੇ[6]।ਕਹਿਤ ਚਹਿਤ ਤਿਸ ਪ੍ਰਾਨਨਿ ਹਰਿਬੇ। ਸਭਿ ਸੰਗਤਿ ਗਨ ਗੌਰ ਨਿਕਾਰੈਂ।'ਪਾਪ ਆਤਮਾ ਨਰਕ ਸਿਧਾਰੈ' ॥੪੭॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰਾਸੇ 'ਸ੍ਰੀ ਹਰਿਗੋਬਿੰਦ ਪ੍ਰਣ ਕਰਣ' ਪ੍ਰਸੰਗ ਬਰਨਨੰ ਨਾਮ ਚੌਤ੍ਰਾ ਰਿੰਸਤੀ ਅੰਸੂ ॥੪੦॥

੪੧. [ਦਸਤਾਰ ਬੰਦੀ]।

ਦੋਹਰਾ॥ ਸੁਧਿ ਖਡੂਰ ਪਹੁੰਚਾਇਕੈ ਪੁਨ ਪਾਂਠ ਗੋਇੰਦਵਾਲ। ਮਉ ਡੱਲੇ ਸੁਨਿ ਕਰਿ ਅਏ ਧਾਰਤਿ ਸ਼ੋਕ ਬਿਸਾਲ॥੧॥ ਚੌਪਈ॥ ਨਰ ਨਾਰੀ ਚਢਿ ਚਢਿ ਅਸੁਵਾਰੀ। ਆਇ ਸੁਧਾਸਰਿ ਕੇਰਿ ਮਝਾਰੀ। ਰੋਦਤਿ ਪਹੁਚਹਿਂ ਕੂਕ ਪੁਕਾਰੈਂ। ਦੋਨਹੁ ਹਾਥ ਸੀਸ ਪਰ ਮਾਰੈਂ॥ ੨॥ ਇਮ ਬਿਰਲਾਪਤਿ

---

[1]ਗੁਰੂ ਜੀ ਨੇ ਤੁਹਾਨੂੰ ਹੀ ਘਰ ਦਾ ਆਸਰਾ ਛੱਡਿਆ ਹੈ। [2]ਤੁਹਾਡੇ ਅਧੀਨ। [3]ਪ੍ਰਾਣਾਂ ਦੇ ਅੰਤ ਹੋਇਆਂ। [4]ਰੋਣਾਂ ਤੇ ਸ਼ੋਕ ਮੋਹ ਕਰਕੇ ਪਾਈਦਾ ਹੈ। [5]ਕਲੇਸ਼ ਰਹਿਤ। [6]ਭਾਰੀ ਵੈਰ ਕਰਨੇ ਦੇ ਜੋ ਜੋਗ ਹੈ।

*ਮਾਤਾ ਜੀ ਪਤਿਬ੍ਰਤ, ਨਾਮੀ ਤੇ ਗੁਰਬਾਣੀ ਦੇ ਗਜਾਤਾ ਸੇ, ਉਨ੍ਹਾਂ ਨੂੰ ਪਤਾ ਸੀ 'ਸਤੀਆ ਏਹਿ ਨ ਆਖੀਅਨਿ ਜੋ ਮੜਿਆ ਲਗਿ ਜਲੰਨ੍ਹਿ॥' ਉਹਨਾਂ ਨੂੰ ਸਤੀ ਹੋਣ ਦਾ ਸੰਕਲਪ ਗੁਜ਼ਾਰਨਾ ਸੰਭਵ ਹੀ ਨਹੀਂ।

ਆਵਤਿ ਨਾਰੀ। ਪ੍ਰਵਿਸ਼ੈਂ ਗੰਗਾ ਸਦਨ ਮਝਾਰੀ। ਸ਼੍ਰੀ ਅਰਜਨ ਕੇ ਗੁਨ ਬਹੁ ਕਹੈਂ।ਕਮਲ ਬਿਲੋਚਨ ਤੇ ਜਲ ਬਹੈ ॥੩॥ ਸਭਿਹਿਨਿ ਕੋ ਸਨਮਾਨ ਮਹਾਨ। ਪ੍ਰਥਮ ਰਾਖਿ[1]ਪੁਨ ਕਰਹਿ ਬਖਾਨ। ਸ਼੍ਰੀ ਗੰਗਾ ਸ਼ੁਭ ਮਤਿ ਮਹਿਂ ਸਜਾਨੀ:-'ਕਰਹੁ ਨ ਸ਼ੋਕ ਸੁਨਾਵਹੁ ਬਾਨੀ ॥੪॥ ਜਗ ਗੁਰ ਕੀ ਆਗਜਾ ਜਿਮ ਹੋਇ।ਕੋ ਸੇ ਕਰਹਿਂ ਉਲੰਘਨਿ ਸੋਇ। ਅਪਰ ਨਰਨਿ ਸਮ ਤਿਨ ਤਨ ਨਾਂਹੀ। ਸਦਾ ਸੁਛੰਦ ਆਇਂ ਜਗ ਮਾਹੀ।।੫॥ ਕਰਿ ਕਾਰਜ ਨਿਜ ਸਦਨ ਸਿਧਾਵੈਂ। ਪਰ ਬਸਿ ਹੋਇ ਨ ਆਇ ਨ ਜਾਵੈਂ[2]।ਵ੍ਰਿੰਦ ਲੋਕ ਆਨੰਦ ਬਿਲੰਦੈਂ। ਸਦਾ ਮੁਕੰਦ ਦਾਸ ਨਿਜ ਬ੍ਰਿੰਦੈ ॥੬॥ ਸੁਜਸੁ ਬਿਥਾਰਿ ਚੰਦ ਮਾਨਿੰਦੈਂ। ਜਨੁ ਸੁਖਕੰਦ ਸੁ ਪਦ ਅਰਬਿੰਦੈ[3]। ਚੰਦੂ ਪਾਤਕੀ ਸਿਰ ਦੇ ਦੋਸ਼। ਗਏ ਬਿਕੁੰਠ ਪਰਮ ਸੰਤੋਸ਼'॥੭॥ਭੱਲਜਨਿ ਤੇਹਣ ਕੁਲ ਕੀ ਦਾਰਾ। ਸੁਨਿ ਸੁਨਿ ਸਭਿਹਿਨਿ ਸੁਜਸ ਉਚਾਰਾ। ਮਉ ਡੱਲੇ ਕੀ ਜੇਤਿਕ ਨਾਰੀ। ਤਿਨ ਸਨ[4] ਜਗਤ ਰੀਤਿ ਕਰਿ ਸਾਰੀ ॥ ੮ ॥ ਸਿਖ ਸੰਗਤਿ ਚਹੁੰ ਦਿਸ਼ਿਨਿ ਬਿਸਾਲੇ। ਨਿਤਪ੍ਰਤਿ ਆਇ ਸੁਧਾਸਰ ਚਾਲੇ। ਜਨੋਂ ਜਨੋਂ ਦੇਸ਼ਨਿ ਮਹਿਂ ਸੁਧਿ ਜਾਵੇ। ਸਹਤ ਮਸੰਦਨਿ ਸੰਗਤਿ ਆਵੈ॥੯॥ ਲੋਕ ਹਜ਼ਾਰਹੁਂ ਨਿਤ ਪਹੁੰਚੰਤੇ।ਮਿਲਿ ਗੁਰ ਸਿੱਖਨਿ ਸ਼ੋਕ ਧਰੰਤੇ। ਸ਼੍ਰੀ ਹਰਿ ਗੋਵਿੰਦ ਚੰਦ ਹਮੇਸ਼ੈਂ।ਬੈਠਹਿਂ ਲਾਇ ਦਿਵਾਨ ਅਸ਼ੇਸ਼ੈਂ॥੧੦॥ ਫਰਸ਼ ਬਿਸਾਲ ਪ੍ਰਥਮ ਕਰਿਵਾਵੈਂ। ਆਇ ਆਇ ਤਹਿਂ ਬੈਠਤਿ ਜਾਵੈਂ। ਦੇਗ ਅਤੋਟ ਹੋਤਿ ਦਿਨ ਸਾਰੇ। ਜਬਿ ਕੋ ਚਾਹਹਿ ਕਰਹਿ ਅਹਾਰੇ॥੧੧॥ਮਾਨਵ ਬ੍ਰਿੰਦ ਕਾਰ ਕੋ ਕਰੈਂ।ਅਧਿਕ ਸਮਾਜ ਨਿਤਾਪ੍ਰਤਿ ਧਰੈਂ। ਖਰਚ ਹੋਤਿ ਕੁਛ ਗਿਨਤੀ ਨਾਂਹੀ।ਸਰਬ ਮਸੰਦ ਕਾਰ ਨਿਰਬਾਹੀਂ॥੧੨॥*ਸ਼੍ਰੀ ਗੁਰ ਗ੍ਰਿੰਥ ਪਾਠ ਕਰਿਵਾਇਵ। ਭਾਈ ਬ੍ਰਿੱਧ ਪਠਨਿ ਕੋ ਲਾਇਵ। ਕਰਹਿਂ ਰਬਾਬੀ ਕਿਰਤਨ ਘਨੇ। ਕਬਿ ਸਿਖ ਗਾਂਇਂ ਜਿ ਰਾਗੀ ਬਨੇ॥੧੩॥ਭਜਨ ਅਖੰਡ ਪ੍ਰਵਾਹ ਬਹੰਤਾ।ਹੁਇ ਜੀਵਨਿ ਕੱਲਜਾਨ ਸੁਨੰਤਾ। ਤ੍ਰੌਦਸ਼ ਦਿਨ ਇਸ ਬਿਧਿ ਜਬਿ ਭਯੋ। ਪਢਜੋ ਸੁ ਗ੍ਰਿੰਥ ਅੰਤਿ ਲੌ ਅਯੋ[5]। ੧੪॥ ਜਗਤ ਰੀਤਿ ਕੇ ਹੇਤੁ ਗੁਸਾਈਂ।ਸੰਗਤਿ ਤਹਿਂ ਬੁਲਾਇ ਸਮੁਦਾਈ। ਰਾਮਦਾਸ ਪੁਰਿ ਪੈਂਚ ਸੁ ਨੀਕੇ । ਕਰੇ ਹਕਾਰਨਿ ਅਪਨਿ ਨਜੀਕੇ॥

---

[1]ਪਹਿਲੇ (ਸਤਿਕਾਰ) ਰੱਖਕੇ। [2]ਪਰਾਏ ਵਸ ਹੋਕੇ ਨਾ ਆਉਂਦੇ ਹਨ ਨਾ ਜਾਂਦੇ ਹਨ। [3](ਜਿਨ੍ਹਾਂ ਦੇ) ਚਰਣ ਕਮਲ ਦਾਸਾਂ ਨੂੰ ਸੁਖਕੰਦ ਹਨ। [4]ਸਮੇਤ। [5]ਭੋਗ ਤਕ ਆਇਆ।

*ਏਥੋਂ ਅਗੇ ਹੁਣ ਕਵੀ ਜੀ ਆਪ ਗੁਰੂ ਜੀ ਦੇ ਨਮਿੱਤ ਜੋ ਸੰਸਕਾਰ ਹੋਇਆ ਨਿਰੂਪਣ ਕਰਦੇ ਹਨ, ਜੋ ਸਾਰੀ ਗੁਰ ਮਿਰਯਾਦਾ ਹੈ।

੧੫॥ ਘਨੋ ਕਰਯੋ ਪੰਚਾਮ੍ਰਿਤ ਤਬੈ। ਆਨਯੋ ਤੁਰਨਿ ਤਹਿਂ ਤੇ ਸਬੈ।ਨੀਕੀ
ਪੰਗਤਿ ਸਭਾ ਮਝਾਰ।ਬ੍ਰਿੱਧ ਗ੍ਰਿੰਥ ਕੋ ਅੰਤ ਉਚਾਰ॥੧੬॥ਖਰੇ ਹੋਇ ਗੁਰ-
ਦਾਸ ਨਿਹੁਰਤਾ[1]।ਚਾਮਰ ਚਾਰੁ ਢੋਰਨਿ ਕਰਤਾ। ਜਬਹੁਂ ਗ੍ਰਿੰਥ ਕੋ ਪਾਯਹੁ
ਭੋਗ। ਸੀਸ ਨਿਵਾਯਹੁ ਸਗਰੇ ਲੋਗ॥੧੭॥ ਪੁਨ ਰੁਮਾਲ ਕੋ ਊਪਰਿ ਪਾਇ।
ਰਾਗੀ ਤਬਹਿ ਸ਼ਬਦ ਕੋ ਗਾਇ। ਪਢਿ ਅਨੰਦ ਲੌ ਕਰਿ ਅਰਦਾਸ। ਹਰਿ
ਗੋਬਿੰਦ ਲੇ ਪੋਸ਼ਿਸ਼ ਪਾਸ॥੧੮॥ਰੇਸ਼ਮ ਜ਼ਰੀ ਸਮੇਤ ਦੁਸ਼ਾਲੇ। ਸਭਿ ਅਪਨੇ
ਤਬਿ ਹਾਥ ਉਠਾਲੇ। ਸਾਹਿਬ ਬੁੱਢੇ ਕੋ ਤਬਿ ਦਈ। ਸੁੰਦਰ ਸਕਲ ਪਹਿਰ
ਤਨ ਲਈ॥੧੯॥ਰੀਤਿ ਚਲਾਵਨਿ ਜਗਤ ਮਝਾਰਾ*।ਕੀਨੋ ਸਭਿ ਬਿਧਿ ਕੋ
ਬਰਤਾਂਰਾ। ਅਪਰ ਸਿੱਖ ਪ੍ਰੀਤਮ ਗਰੁ ਬਾਨੀ। ਦੀਨੀ ਪੋਸ਼ਿਸ਼ ਚਾਰੁ ਮਹਾਨੀ
॥੨੦॥ ਰਾਗੀ ਅਪਰ ਰਬਾਬੀ ਸਾਰੇ।ਸੋ ਪੋਸ਼ਿਸ਼ ਲੇ ਕਰਿ ਤਨ ਧਾਰੇ।ਦਰਬ
ਬ੍ਰਿੰਦ ਦੀਨਿਸਿ ਤਿਸ ਕਾਲਾ। ਕਰੀ ਜਥਾਵਤਿ ਰੀਤਿ ਬਿਸਾਲਾ ॥ ੨੧ ॥
ਪੁਨ ਪੰਚਾਮ੍ਰਿਤ ਕੋ ਬਰਤਾਯੋ। ਭਾਉ ਸਹਤ ਲੇ ਸੰਗਤਿ ਖਾਯੋ। ਇਮ ਸਭਿ
ਕਰਿ ਕੈ ਚਾਲਿ ਭਲੇਰੀ। ਸਤਿਗੁਰ ਪਿਤ ਹਿਤ ਜੋ ਤਬਿ ਹੇਰੀ॥੨੨॥ਬਹੁਰੋ
ਬੰਧਨ ਕੋ ਦਸਤਾਰ[2]। ਹਿਤ ਉਤਸਵ ਕੇ ਲਿਏ ਹਕਾਰ। ਮੁਹਰੀ ਆਦਿਕ
ਭੱਲੇ ਆਇ।ਦਾਤੂ ਅੰਗਦ ਨੰਦ ਸੁਹਾਇ॥੨੩॥ਬਹੁ ਸੰਗਤਿ ਕੋ ਲਗਯੋ ਦਿਵਾਨ
।ਸੁਨਿ ਸੁਨਿ ਸੁਧਿ ਬੈਠਹਿਂ ਬਿਚ ਆਨਿ।ਸਾਲੋ ਆਦਿਕ ਬ੍ਰਿੰਦ ਮਸੰਦ।ਚਲਿ
ਪਹੁੰਚੇ ਤਬਿ ਧਨੀ ਬਿਲੰਦ॥੨੪॥ਪੂਜਾ ਜਿਤਿਕ ਪੁਰਿ ਬਸਨੇਹਾਰੀ। ਆਇ
ਸਭਿਨਿ ਅਭਿਬੰਦਨ ਧਾਰੀ।ਜਬਹੁਂ ਸਕੇਲ ਮੇਲਬਡਿ ਹੋਵਾ।ਭਿੰਨਹਿ ਭਿੰਨ
ਮਸੰਦਨਿ ਜੋਵਾ ।੨੫॥ ਸੇਲੀ ਮਾਲਾ ਮੰਜੀ ਲਯਾਇ। ਆਗੇ ਧਰੀ ਗੁਰੂ ਕੇ
ਆਇ।ਸਭਿ ਕੇ ਲਗੇ ਬਿਲੋਚਨ ਐਸੇ। ਚੰਦ ਚਕੋਰਹਿਂ ਚਿਤਵਤਿ ਜੈਸੇ ॥
੨੬॥ ਸ੍ਰੀ ਹਰਿਗੋਵਿੰਦ ਚੰਦ ਅਨੰਦੇ। ਤਿਨ ਪਿਖਿ ਮੁਸਕਾਵਤਿ ਮੰਦ ਮੰਦੇ।
ਬੁੱਢਾ ਸਨਮੁਖ ਥਿਰਯੋ ਨਿਹਾਰ।ਸਭਿ ਸੁਨਾਇ ਤਿਹ ਸੰਗ ਉਚਾਰ॥੨੭॥
'ਇਹ ਮਸੰਦ ਅਬਿ ਕਯਾ ਲੇ ਆਏ?।ਅਜਹੁਂ ਨ ਜਾਨਹਿਂ ਸਹਿਜ ਸੁਭਾਏ।
ਅਬਿ ਇਨ ਧਾਰਨਿ ਨਹਿਂ ਅਧਿਕਾਰਾ। ਸ਼ਾਂਤ ਸਰੂਪ ਜਥਾ ਗੁਰ ਧਾਰਾ ॥
੨੮ ॥ ਤੁਰਕ ਰਾਜ ਭੁਏ ਦੁਸ਼ਟ ਬਿਸਾਲੇ। ਕਯਾ ਕੀਨਹੁ ਸਤਿਗੁਰ ਪਿਤ
ਨਾਲੇ। ਲਿਯੋ ਚਹਹਿਂ ਪਲਟਾ ਤਤਕਾਲਾ†। ਬਿਨਾ ਸ਼ਸਤ੍ਰ ਕਯੋਂ ਕਰਮ

[1]ਬੇਨਤੀ ਭਾਵ ਅਰਦਾਸ ਕੀਤੀ। [2]ਦਸਤਾਰ ਬੰਦੀ ਲਈ।

*ਗੁਰਮਤ ਦੀ ਰੀਤ ਚਲਾਈ। ਸਿੰਘ ਸਭਾ ਬਣਨ ਤੋਂ ਪੰਜਾਹ ਸਠ ਬਰਸ ਪਹਿਲਾਂ ਕਵਿ ਜੀ ਇਹ ਲਿਖ ਰਹੇ ਹਨ। †ਦੇਖੋ ਇਸੇ ਰਾਸ ਦੇ ਅੰਸੂ ੪੨ ਅੰਕ ੧੨ ਦੀ ਹੇਠਲੀ ਟੂਕ।

ਕਰਾਲਾ[1]॥੨੯॥ਸੰਤਨਿ ਕੇਰਿ ਬਿਰੋਧੀ ਮਾਰੈਂ । ਗਹੈਂ ਸ਼ਸਤ੍ਰ, ਨਹਿਂ ਮਾਲਾ ਧਾਰੈਂ। ਪ੍ਰਥਮ ਹੁਤੇ ਛੱਤ੍ਰੀਮਹਿਪਾਲਾ*।ਆਯੁਧ ਕੋਅੱਭਯਾਸ ਬਿਸਾਲਾ॥੩੦॥ ਤ੍ਯਜਯੋ ਜਬਹਿ ਸ਼ਸਤ੍ਰਨਿ ਅੱਭਯਾਸ।ਲੀਨੋ ਤੁਰਕ[2] ਰਾਜ ਨਿਜ ਪਾਸ।ਦੇਸ਼ ਬਿਦੇਸ਼ ਜੀਤ ਕਰਿ ਲੀਨੇ।ਸ਼ਸਤ੍ਰਨਿ ਬਲ ਨਹਿਂ ਅਟਕਨਿ ਦੀਨੇ॥ ੩੧ ॥ ਅਬਿ ਨਿਜ ਸਿੱਖਨਿ ਸ਼ਸਤ੍ਰ ਗਹਾਵੈਂ । ਬਿੱਦ੍ਯਾ ਕਰਿ ਅੱਭਯਾਸਹਿਂ ਪਾਵੈਂ। ਜੰਘਰ ਘੋਰ ਕਰਹਿਂ, ਅਰਿ ਘਾਵੈਂ।ਗੁਰ ਸਹਾਇ ਬਡ ਰਾਜ ਕਮਾਵੈਂ'॥੩੨॥ ਸੁਨਿ ਬੋਲ੍ਯੋ ਬੁੱਢਾ ਕਰ ਜੋਰਿ । 'ਗੁਰ ਮਰਜੀ ਬਿਨ ਬਨਹਿ ਨ ਹੋਰਿ।ਪੰਚ ਗੁਰੂ ਆਗੇ ਜਗ ਭਏ । ਜਥਾ ਰੀਤਿ ਪੂਰਬ ਨਿਰਮਏ[3] ॥੩੩॥ਤਥਾ ਮਸੰਦ ਆਪ ਢਿਗ ਲਯਾਏ । ਕਰਹੁ ਆਪ ਜੈਸੇ ਮਨ ਭਾਏ।ਨਈ ਰੀਤਿ ਜੋ ਕਰਹੁ ਚਲਾਵਨਿ । ਧਰਹੁ ਸ਼ਸਤ੍ਰ ਗਨ ਦੁਸ਼ਟਨਿ ਘਾਵਨਿ ॥੩੪॥ ਜਿਮ ਰਾਵਰ ਕੀ ਮਰਜ਼ੀ ਹੋਇ।ਮਾਨਹਿ ਤਿਮ ਨੀਕੀ ਸਭਿ ਕੋਇ'।ਸੁਨਿ ਬ੍ਰਿਧ ਤੇ ਸਤਿ- ਗੁਰ ਮੁਸਕਾਏ।ਸੇਲ੍ਹੀ ਮਾਲ ਮਸੰਦ ਜੁ ਲਯਾਏ॥੩੫॥ ਦ੍ਵੈ ਕਰ ਬੰਦਿ ਬੰਦਨਾ ਕਰੀ । ਕਹ੍ਯੋ 'ਕੋਸ਼ ਮਹਿ ਦਿਹੁ ਇਨ ਧਰੀ'। ਕੋਸ਼ਪ[4] ਹੁਕਮ ਮਾਨਿ ਗੁਰ ਕੇਰ।ਆਗੇ ਤੇ ਉਠਾਇ ਤਿਸ ਬੇਰਾ ॥੩੬॥ ਤੋਸ਼ੇ ਖਾਨੇ ਮਹਿਂ ਤਬਿ ਧਰੀ । ਉਠਿ ਅਰਦਾਸ ਬ੍ਰਿੱਧ ਪੁਨ ਕਰੀ । ਪਾਂਚਹੁ ਸਤਿਗੁਰ ਕੇ ਲੇ ਨਾਮ । ਪਾਗ ਲੀਨਿ ਕਰ ਮਹਿਂ ਅਭਿਰਾਮ॥੩੭॥ਜਿਸ ਕੇ ਛੋਰਨਿ[5]ਜ਼ਰੀ ਬਿਸਾਲ। ਚਮ- ਕਤਿ ਬਹੁ ਸੁਖਮਾ[6] ਕੇ ਨਾਲ।ਸੂਖਮ ਸੂਤ ਅਧਿਕ ਜਿਸ ਕੇਰਾ । ਸ਼੍ਰੀ ਹਰ- ਗੋਵਿੰਦ ਕੋ ਤਿਸ ਬੇਰਾ॥੩੮॥ਪ੍ਰਥਮ ਬ੍ਰਿੱਧ ਬੰਧਵਾਵਨਿ ਕੀਨਿ।ਸ਼ੋਭਾ ਗੁਰਕੀ ਹੋਤਿ ਨਵੀਨ । ਪੁਨ ਮੁਹਰੀ ਦੇ ਬਹੁ ਧਨ ਸਾਥ। ਅਰਪੀ ਪਾਗ ਦਾਤੁ ਲੇ ਹਾਥਿ॥੩੯॥ ਅਪਰ ਕਹਾਂ ਲਗਿ ਕਹਹਿਂ ਬਨਾਈ । ਪੁਰਿ ਕੇ ਪੰਚ ਮਸੰਦ ਸਮੁਦਾਈ । ਸਰਬ ਅਰਪਨਾ ਕਰਹਿਂ ਅਗਾਰੀ । ਧਨ ਦਸਤਾਰ ਲਯਾਇ ਨਰ ਝਾਰੀ ॥ ੪੦ ॥ ਸੁੰਦਰ ਬਾਜਿ ਉਠੇ ਸ਼ਦਿਯਾਨੇ । ਸਭਿ ਕੇ ਉਪਜਤਿ ਅਨੰਦ ਮਹਾਨੇ । ਮੰਗਲ ਸਿਰਜੇ ਬਿਬਿਧਿ ਪ੍ਰਕਾਰੀ।ਨਵੋਂ ਨਿਸ਼ਾਨ ਝੁਲਤਿ ਦੁਤਿ ਭਾਰੀ† ॥ ੪੧ ॥ ਮੰਗਤਿ ਜਨ ਕੋ ਦਰਬ ਘਨੇਰਾ । ਦਿਯੋ ਦਾਨ ਸਤਿਗੁਰੁ ਤਿਸ ਬੇਰ।ਸ਼ੋਕ ਬਿਸਾਰਿ ਦੀਨ ਸਭਿ ਲੋਕਨਿ।ਸ਼੍ਰੀ ਹਰਿਗੋਵਿੰਦ

[1]ਕਰੜਾ ਕਰਮ ਕਿਵੇਂ ਹੋ ਸਕਦਾ ਹੈ । [2]ਤੁਰਕਾਂ ਨੇ । [3]ਪਹਿਲਾਂ ਪ੍ਰਗਟ ਕੀਤੀ। [4]ਖਜ਼ਾਨਚੀ ਨੇ। [5]ਜਿਸ ਦੇ ਪੱਲਿਆਂ ਨੂੰ । [6]ਸੋਭਾ ।

*ਪਹਿਲੇ ਸਮੇਂ ਛੱਤ੍ਰੀਆਂ ਰਾਜਿਆਂ ਵਿਚ ਹੀ ਬ੍ਰਹਮ ਵਿਦਯਾ ਹੁੰਦੀ ਸੀ, ਜੈਸੇ ਉਪਨਿਖਦਾਂ ਤੋਂ ਪਤਾ ਚਲਦਾ ਹੈ, ਇਸ ਗਲ ਵਲ ਇਸ਼ਾਰਾ ਹੈ ।

†ਪਾ:—ਦਰਬਾਰੀ ।

ਕਰਹਿਂ ਬਿਲੋਕਨਿ ॥ ੪੨ ॥ ਸਭਿ ਮਸੰਦ ਮਿਲਿ ਕੈ ਚਲਿ ਗਏ। ਸ੍ਰੀ ਗੰਗਾ ਕੋ ਬੰਦਨ ਕਿਏ। ਦੇ ਆਸ਼ਿਖ ਸਾਦਰ ਬੈਠਾਏ। ਪੁੱਤ੍ਰ ਸਮਾਨ ਜਾਨਿ ਸਮੁਦਾਏ॥੪੩॥ਸਭਿਨਿ ਜੋਰਿ ਕਰ ਅਰਜ਼ ਗੁਜ਼ਾਰੀ। 'ਸੁਨਹੁ ਮਾਤ ਜੀ! ਕਰਹੁ ਬਿਚਾਰੀ। ਤੁਰਕਨਿ ਰਾਜ ਤੇਜ ਅਤਿ ਤਪੈ। ਇਨ ਸਨ ਬਿਗਰ ਕਹਾਂ ਕੋ ਛਪੈ॥੪੪॥ਚੱਕ੍ਰਵਰਤਿ ਸਮ ਫਿਰਹਿ ਦੁਹਾਈ। ਇਕ ਇਹ ਲਖਹੁ ਅਧਿਕ ਦੁਖਦਾਈ। ਦੁਤੀਏ ਖੱਤ੍ਰੀ ਚੰਦੁ ਦਿਵਾਨ। ਸਤਿਗੁਰ ਅਰਜੁਨ ਜਿਸ ਘਰ ਹਾਨਿ[1] ॥੪੫॥ ਦੁਸ਼ਮਨ ਦੀਰਘ ਦੁਸ਼ਟ ਸਦੋਸ਼। ਕਰਹਿ ਬੈਰ ਪਾਪੀ ਅਤਿ ਰੋਸ। ਨਹਿਂ ਕਿਸ ਕੋ ਜਿਸ ਕੇ ਉਰ ਤ੍ਰਾਸ[2]। ਮਨ ਭਾਵਤਿ ਕੋ ਕਰਹਿ ਪ੍ਰਕਾਸ਼ ॥ ੪੬ ॥ ਲੋਕ ਹਜ਼ਾਰੋਂ ਨਿਤ ਅਨੁਸਾਰੀ। ਸ਼ਾਹੁ ਸਮੀਪੀ ਤੇ ਬਲ ਭਾਰੀ। ਕਰੀ ਪ੍ਰਤੱਗਯਾ ਤਿਸ ਕੋ ਮਾਰਨਿ। ਸਭਿ ਮਹਿਂ ਕੀਨੀ ਸਪਥ ਉਚਾਰਨਿ ॥ ੪੭ ॥ ਸੋ ਸੁਨਿ ਬੈਰ ਬਧਾਵਹਿ ਪਾਪੀ। ਬਿਘਨ ਕਰਹਿ ਕੋ ਬਡ ਸੰਤਾਪੀ। ਸਾਹਿਬਜ਼ਾਦੇ ਕੀ ਬਯ ਬਾਲ। ਸ਼ਸਤ੍ਰ ਧਰਨਿ ਕੇ ਪਰੇ ਸੁ ਖਯਾਲ ॥ ੪੮ ॥ ਚਮੂੰ ਨ ਪਾਸ ਲਰਹਿਂ ਰਣ ਕੈਸੇ। ਰਾਜ ਹੀਨ ਤੇ ਸੈਨ ਨ ਐਸੇ।ਮੁਲਖ ਨਹੀਂ ਧਨ ਜਹਿਂ ਤੇ ਆਵੈ।ਕਿਮ ਬਲੀਯਨਿ ਸੰਗ ਜੰਗ ਮਚਾਵੈਂ ॥ ੪੯ ॥ ਖਿਝਹਿ ਤੁਰਕਪਤਿ ਸੁਨਿ ਅਸ ਬਾਤੀ। ਚਾਰੀ ਕਰਹਿ ਜਰਹਿ ਜਿਸ ਛਾਤੀ। ਸ਼ਾਹੁ ਦਿਵਾਨ ਦੁਊ ਬਲ ਭਾਰੀ[3]। ਫਿਰਹਿ ਦੁਹਾਈ ਅਵਨਿ ਮਝਾਰੀ ॥ ੫੦ ॥ ਦੋਨਹੁਂ ਕੇ ਬਿਗਰੇ ਕਿਸ ਦੇਸ਼। ਬਸਹਿਂ ਜਾਇ ਕਰਿ, ਲਖਿਯ ਨ ਲੇਸ਼। ਹਮ ਸਭਿ ਸੁਨਿ ਕਰਿ ਧਰਿ ਮੁਖ ਮੌਨ। ਨਹਿਂ ਕੁਛ ਬੋਲੇ ਸਨਮੁਖ ਤੌਨ[4]॥੫੧॥ ਰਾਵਰ ਕੇ ਸਮੀਪ ਜਬਿ ਆਵੈਂ। ਮਨ ਪ੍ਰਸੰਨ ਤੇ ਬਾਕ ਸੁਨਾਵੈਂ। ਤਬਿ ਤੁਮ ਬੂਝਹੁ ਦਿਹੁਸਮੁਝਾਇ।–ਸੁਖ ਜੁਤ ਥਿਤਿ, ਨ ਉਪਾਧਿ ਉਠਾਇ ॥੫੨॥ ਦੇਖਹੁ ਸ੍ਰੀ ਅਰਜਨ ਕੀ ਗਾਥਾ। ਚਲਯੋ ਨ ਬਸਿ ਹੁਕਮੀਯਨਿ ਸਾਥਾ[5]।ਪ੍ਰਥਮ ਗੁਰਨਿ ਕੀ ਰੀਤਿ ਸੰਭਾਰਹੁ। ਅਪਨੇ ਸੇਵਕ ਸਿੱਖ ਉਧਾਰਹੁ–' ॥ ੫੩ ॥ ਦੋਹਰਾ ॥ ਸੁਨਿ ਸ੍ਰੀ ਗੰਗਾ ਨੇ ਕਹਯੋ 'ਕਹਨਿ ਬਨਹਿ ਤਿਨ ਸਾਥਿ। ਕਰਾਮਾਤ ਸਾਹਿਬ ਬਲੀ ਅਪਰ ਨ ਬਸ ਕੀ ਗਾਥ[6] ॥ ੫੪ ॥ ਸੋ ਮੈਂ ਬੂਝਨਿ ਕਰਿ ਭਲੇ ਮ੍ਰਿਦੁਤਾ ਜੁਤਿ

[1]ਜਿਸ ਦੇ ਘਰ ਸਰੀਰ ਤਿਆਗਿਆ। [2]ਜਿਸ (ਚੰਦੂ) ਦੇ ਦਿਲ ਵਿਚ ਕਿਸੇ ਦਾ ਭੈ ਨਹੀਂ। [3]ਪਾਤਸ਼ਾਹ ਤੇ ਚੰਦੂ ਦੋਵੇਂ ਭਾਰੀ ਬਲੀ ਹਨ। [4]ਤਿਨ੍ਹਾਂ ਦੇ। [5]ਪਾਤਸ਼ਾਹਾਂ ਨਾਲ, ਹਾਕਮਾਂ ਨਾਲ। [6]ਹੋਰ (ਸਾਡੇ) ਵੱਸ ਦੀ ਕੋਈ ਗੱਲ ਨਹੀਂ।

ਸਮੁਝਾਇ। ਬਰਜੋਂ ਬਰਜੇ ਜੇ ਰਹੇ ਬਰ ਜੇ ਮਨ ਮੇ ਆਇ[1] ॥ ੫੫ ॥ ਸੁਨਿ ਮਸੰਦ ਠਾਂਢੇ ਭਏ ਮਸਤਕ ਟੇਕਿ ਸਿਧਾਇ। ਸ਼੍ਰੀ ਗੰਗਾ ਚਿਤਵਤਿ ਗੁਰਨਿ ਦ੍ਰਿਗ ਜਲ ਝਲਕਤੋ ਆਇ ॥ ੫੬ ॥ ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰਾਸੇ 'ਸ੍ਰੀ ਹਰਿਗੋਵਿੰਦ ਪਾਗ ਬੰਧਾਵਨਿ' ਪ੍ਰਸੰਗ ਬਰਨਨੰ ਨਾਮ ਏਕ ਚਤ੍ਵਾਰਿੰਸਤੀ ਅੰਸੂ ॥ ੪੧ ॥

੪੨. [ਅਕਾਲ ਬੁੰਗਾ ਰਚਿਆ]।

ਦੋਹਰਾ ॥ ਵਹਿਰ ਅਨੰਦ ਬਿਲੰਦ ਕਰਿ ਸ਼੍ਰੀ ਹਰਿਗੋਬਿੰਦ ਚੰਦ। ਸੁੰਦਰ ਮੰਦਿਰ ਕੋ ਗਏ ਮੁਖ ਮਨਿੰਦ ਅਰਬਿੰਦ ॥੧॥ ਚੌਪਈ ॥ ਜਨਨੀ ਕੋ ਪਿਖਿ ਮਸਤਕ ਟੇਕਾ। ਨਿਕਟਿ ਬੈਠਿ ਗੇ ਜਲਧਿ ਬਿਬੇਕਾ। ਕਰਿ ਦੁਲਾਰ ਗੰਗਾ ਕਰ ਫੇਰਾ। ਰਿਦੇ ਸਨੇਹ ਅਛੇਹ ਵਡੇਰਾ॥੨॥'ਹੇ ਸੁਤ! ਅਬਿ ਅਲੰਬ ਸਭਿ ਕੇਰੇ। ਸਿਖ ਸੰਗਤਿ ਹਮ ਤੁਮ ਦਿਸ਼ ਹੇਰੇ। ਨਹੀਂ ਆਪ ਗਰ ਸੇਲੀ ਮੇਲੀ[2]। ਰੀਤਿ ਬਡਿਨ ਕੀ ਕਨੌਂ ਕਰਿ ਪੇਲੀ[3] ॥ ੩ ॥ ਚੰਦੂ ਪਾਤਕੀ ਅਧਿਕ ਬਿਰੋਧੀ। ਕੁਟਿਲ ਕੁਚਾਲੀ ਕਲਹੀ ਕ੍ਰੋਧੀ। ਤਿਸ ਹਤਿਬੇ ਪ੍ਰਣ ਕੀਨਿ ਸੁਨਾਵਨਿ। ਸਕਲ ਜਗਤ ਕੀਨਸਿ ਬਿਦਤਾਵਨਿ॥੪॥ਤੁਰਕ ਤੇਜ ਅਬਿ ਤਪਹਿ ਮਹਾਨ। ਮਹਾਂ ਬਲੀ ਲਖਿ ਬਨਯੋ ਦਿਵਾਨ। ਮੁਸ਼ਕਲ ਮਹਾਂ ਹਤਨਿ ਸੋ ਪਾਪੀ। ਕਰੀ ਸ਼ੀਘ੍ਰਤਾ ਪ੍ਰਣ ਮਹਿਂ ਆਪੀ ॥ ੫ ॥ ਮੁਖ ਤੇ ਕਹਹੁ–ਸ਼ਸਤ੍ਰ ਹਮ ਧਾਰੈਂ। ਗੁਰੂ ਪਿਤਾ ਕੋ ਬੈਰ ਸੰਭਾਰੈਂ–। ਅਪਨੇ ਘਰ ਮਹਿਂ ਸੁਭਟ ਨ ਏਕ। ਕਿਮ ਰਣ ਕਰਿਬੇ ਧਰਹੁ ਬਿਬੇਕ[4] ॥੬॥ ਸੁਨਿ ਗੰਗਾ ਤੇ ਸਤਿਗੁਰ ਬੋਲੇ। 'ਹਤੌਂ ਪਾਤਕੀ, ਪ੍ਰਣ ਨਹਿਂ ਡੋਲੋ।ਜਿਸ ਨਰ ਪਿਤ ਕੋ ਬੈਰ ਨ ਲੀਯੋ। ਕਯੋਂ ਜਨਮਯੋ ਜਗ ਕਾਯਰ ਹੀਯੋ[5] ॥ ੭ ॥ ਆਯੁਧ ਧਰੌਂ ਚਮੂੰ ਬਡ ਕਰੌਂ। ਰਿਪੂ ਸਨ ਲਰੌਂ ਪ੍ਰਾਨ ਤਿਨ ਹਰੌਂ। ਸ਼੍ਰੀ ਨਾਨਕ ਨਿਤ ਬਨਹਿਂ ਸਹਾਈ। ਹਤੌਂ ਤੁਰਕ ਰਣ ਮਹਿਂ ਸਮੁਦਾਈ ॥ ੮ ॥ ਪੁਨ ਪਿਤ ਸਤਿਗੁਰ ਆਇਸੁ ਕਹੀ। ਪਲਟਾ ਲੇਉਂ ਤਜੌਂ ਰਿਪੁ ਨਹੀਂ। ਸੇਲੀ ਮੇਲਨਿ ਕੋ ਨਹਿਂ ਕਾਲਾ। ਮੈ ਕਰਿਹੌਂ ਸੰਗ੍ਰਾਮ ਬਿਸਾਲਾ ॥ ੯ ॥ ਨਹਿਂ ਚਿੰਤਾ ਚਿਤ ਕੀਜਹਿ ਮਾਈ। ਹਮਰੇ ਪੁਰਖ ਅਕਾਲ ਸਹਾਈ। ਰਿਦੇ ਅਲਪ ਜੇ ਅਹੈਂ ਮਸੰਦ। ਸੁਨਿ ਰਣ ਕੋ ਡਰ ਧਰਹਿਂ ਬਿਲੰਦ ॥ ੧੦ ॥ ਮੈਂ ਪਰਬਤ ਕੋ ਗਰਦ ਮਿਲਾਵੌਂ। ਰਜ ਕਨ ਕੋ ਸਮ ਮੇਰੁ[6] ਬਨਾਵੌਂ।ਸੌਤ ਬਨੇ ਪਰਤਾਪ ਨ ਜਨੈਂ[7]। ਹਤੌਂ ਸ਼ੱਤ੍ਰ ਮੈਂ

---

[1]ਰੋਕਾਂਗੀ ਜੇ ਰੋਕੇ ਰਹੇ, (ਭੁਲਾ ਜੇ) ਮਨ ਵਿਚ ਚੰਗੀ (ਗੱਲ) ਆ ਜਾਵੇ ਨੇ। [2]ਆਪ ਨੇ ਗਲ ਵਿਚ ਸੇਲੀ ਨਹੀਂ ਪਾਈ। [3]ਹਟਾਈ। [4]ਵਿਚਾਰ। [5]ਗੀਦੀ ਹਿਰਦਾ। [6]ਧੂੜੀ ਦੇ ਕਿਣਕੇ ਨੂੰ ਮੇਰ ਪਰਬਤ ਤੁੱਲ। [7]ਸਿਰ ਬਣੇ ਦਾ ਪ੍ਰਤਾਪ ਨਹੀਂ ਜਾਣਦੇ(ਦੁਸ਼ਟ ਲੋਕ)।

ਬਨਿ ਸਵਧਾਨੈ ॥ ੧੧ ॥ ਜਬਿ ਲਗਿ ਚੰਦੂ ਦੁਸ਼ਟ ਨ ਮਾਰੋਂ। ਤਬਿ ਲਗਿ ਰਿਦੇ ਨ ਸ਼ਾਂਤੀ ਧਾਰੌਂ*'। ਸੁਨਿ ਬਲ ਜੁਕਤਿ ਪੁੱਤ੍ਰ ਕੇ ਬੈਨ। ਗੰਗਾ ਧਰੀ

---

*ਕਵਿ ਜੀ ਵੈਰ ਭਾਵ ਵਾਲੇ ਕ੍ਰੁਝ ਕ੍ਰੁਝ ਕੇ ਲੈਣ ਵਾਲੇ ਬਦਲੇ ਦਾ ਆਦਰਸ਼ ਨਹੀਂ ਬੰਨ੍ਹ ਰਹੇ, ਪਰ ਬੀਰ ਰਸ ਵਾਲੀ ਬ੍ਰਿਤੀ ਨੂੰ ਦਿਖਾ ਰਹੇ ਹਨ। ਸਤਿਗੁਰਾਂ ਦੇ ਰਿਦੇ ਵੈਰ ਦਾ ਨਿਵਾਸ ਨਹੀਂ ਹੈਸੀ, ਪਰ 'ਉਤਸਾਹ' ਦਾ ਸਥਾਈ ਭਾਵ ਅੰਦਰ ਹੋਣ ਕਰਕੇ ਬੀਰਤਾ ਦਾ ਰਸ ਹੁਲਾਰੇ ਮਾਰ ਰਿਹਾ ਹੈ। ਇਹ ਬੀਰਤਾ ਦਾ ਇਕ ਅਮੂਲ ਨਿਰੂਪਣ ਹੈ ਕਿ ਪਿਤਾ ਦੇ ਮਾਰ ਦੇਣ ਵਾਲੇ ਨੂੰ ਜੋ ਪੁੱਤ ਕੁਛ ਨਾ ਕਹੇ ਉਹ ਕਾਇਰ ਹੈ, ਕਾਇਰ, ਦਲਿੱਦ੍ਰੀ ਤੇ ਤਮੋ ਗੁਣੀ ਹੈ, ਉਸ ਦਾ ਸਹਾਰਾ ਧਰਮ ਤੇ ਸ਼ਾਂਤੀ ਨਹੀਂ, ਪਰ ਜੋ ਅਣਖ ਵਾਲਾ ਦਿਲ ਹੈ ਉਸ ਦੇ ਅੰਦਰ ਉਤਸਾਹ ਹੈ, ਉਤਸਾਹ ਬੀਰ ਰਸ ਦਾ ਸਥਾਈ ਭਾਵ ਹੈ, ਤੇ ਸ਼ਾਂਤ ਰਸ ਦਾ ਰੱਖਕ ਹੈ, ਸੋ ਜੋ ਪਿਤਾ ਦੇ ਅਕਾਰਣ ਕਾਤਲ ਲਈ ਬੀਰ ਰਸ ਵਿਚ ਹੈ ਓਹ ਜੁੱਧ ਮੰਡੇਗਾ, ਤੇ ਬਲੀ ਤੋਂ ਬਲੀ ਵੈਰੀ ਤੋਂ ਜੋ ਬਦਲੇ ਲੈਣ ਦਾ ਦਮ ਮਾਰੇਗਾ ਸੋ ਮਹਾਨ ਉਤਸਾਹ ਤੇ ਚੜ੍ਹਦੀਆਂ ਕਲਾਂ ਵਿਚ ਹੋਵੇਗਾ।

ਗੁਰਬਾਣੀ ਦੇ ਵਿਚਾਰ ਤੋਂ ਜੋ ਆਦਰਸ਼ਕ ਜੀਵਨ ਸਤਿਗੁਰਾਂ ਦਾ ਹੈ ਉਹ ਦੱਸਦਾ ਹੈ ਕਿ ਪੰਜਵੇਂ ਸਤਿਗੁਰਾਂ ਵਰਗੇ ਉੱਚੇ ਜੀਵਨ ਵਾਲਿਆਂ ਦਾ ਬੀ ਆਤਮ ਸ੍ਵਰੂਪ ਦਾ ਗ਼ੈਰ ਮੁਲਕ ਤੋਂ ਆਏ ਪਾਤਸ਼ਾਹਾਂ ਦਾ ਕੁਛ ਕਦਰ ਨਾ ਕਰਨਾ ਤੇ ਜਹਾਂਗੀਰ ਵਰਗੇ ਅਯਾਸ਼ ਆਦਮੀ ਦਾ ਬਿਨਾਂ ਦੋਸ਼ ਸਾਬਤ ਕੀਤੇ, ਬਿਨਾਂ ਜਵਾਬ ਸੁਣੇ, ਆਪਣੇ ਦਿਲ ਵਿਚ ਭਰੇ ਇਸਲਾਮੀ ਤਅੱਸਬ ਦੇ ਭਾਵ ਹੇਠ ਇਕ ਕਣਸੋ ਮਿਲਦੇ ਸਾਰ ਕਤਲ਼ ਦਾ ਹੁਕਮ ਦੇ ਦੇਣਾ ਉਹ ਪੀੜਾ ਹੈ ਜੋ ਮਫਤੂਹ (ਦਬੇਲ) ਕੌਮਾਂ ਆਪਣੇ ਵਿਚੋਂ ਮਰ ਮਿਟੇ ਬੀਰਰਸ ਦੇ ਕਾਰਨ ਸਹਿ ਗੁਜ਼ਰਦੀਆਂ ਹਨ,ਪਰ ਇੱਥੇਸਤਿਗੁਰੂ ਜੀ ਬਾਲਪਨੇ ਵਿਚ ਹੀ ਇਸ ਅੱਨਯਾਯ ਨੂੰ ਨਹੀਂ ਝੱਲ ਰਹੇ ਤੇ ਆਪਣੀ ਸ਼ਾਂਤ ਰਸ ਦੀ ਫੁਲਵਾੜੀ ਦੀ ਰੱਖਯਾ ਲਈ ਬੀਰ ਰਸ ਦੀ ਨੀਂਹ ਧਰ ਦੇਂਦੇ ਹਨ। ਸਹਾਰਾ ਤੇ ਸ਼ਾਂਤੀ ਵਿਚ ਰਹਿਕੇ ਦੁਖ ਝੱਲਣਾ, ਆਪ ਨੇ ਡਿੱਠਾ ਕਿ ਜ਼ਾਲਮਾਂ ਤੇ ਜਰਵਾਣਿਆਂ ਤੇ ਕੋਈ ਅਸਰ ਨਹੀਂ ਪਾ ਰਿਹਾ, ਇਸ ਲਈ 'ਸ਼ਾਂਤ ਰਸ' ਦੀ ਰੱਖਿਆ ਵਾਸਤੇ 'ਬੀਰ ਰਸ' ਨੂੰ ਪ੍ਰਚਾਰਣ ਦਾ ਪ੍ਰਣ ਕੀਤਾ। ਇਹ ਨਹੀਂ ਕਿ ਧਰਮ ਨੂੰ ਬੇਲੋੜੀ ਸ਼ੈ ਕਿਹਾ, ਪਰ ਧਰਮ ਦੀ ਰੱਖਿਆ ਵਾਸਤੇ, ਪ੍ਰਜਾ ਵਿਚ ਜ਼ਿੰਦਗੀ ਭਰਨ ਵਾਸਤੇ, ਅੱਜ ਛੇਵੇਂ ਸਤਿਗੁਰ ਨੇ ਸ਼ਾਂਤ ਰਸ ਦੇ ਨਾਲ ਬੀਰ ਰਸ ਦਾ ਬੀੜਾ ਚਾ ਲਿਆ। ਅਸਲ ਬਾਤ ਇਹ ਸੀ ਜੋ ਮਹਾਨ ਵਿਸ਼ਾਲ ਚਿੱਤ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਅੱਜ ਫੈਸਲਾ ਕੀਤਾਸੀ।

ਕਮਜ਼ੋਰ ਦਿਲ ਲੋਕ ਏਥੇ ਕਵਿ ਜੀ ਦੇ ਲਿਖੇ ਲਫਜ਼ 'ਬਦਲੇ' ਨੂੰ ਲੈਕੇ ਘਬਰਾਉਂਦੇ ਹਨ, ਇਹ ਨਹੀਂ ਤੱਕਦੇ ਕਿ ਹਿਰਾਤ ਤੋਂ ਲੈਕੇ ਬਿੰਧਯਾਚਲੋਂ ਪਾਰ ਤਕ ਇਕ ਪੱਕੀ ਪਾਤਸ਼ਾਹੀ ਦੇ ਮਾਲਿਕ ਤੇ ਖਜ਼ਾਨਿਆ ਵਾਲੇ ਤੇ ਅਣਗਿਣਤ ਫੌਜਾਂ ਦੇ ਮਾਲਿਕ ਦੇ ਪ੍ਰਬਲ ਤੇਜ ਪ੍ਰਤਾਪ ਦੇ ਸਾਹਮਣੇ ਇਕ ਫਕੀਰੀ ਗੱਦੀ ਤੇ ਬੈਠੀ ਬੇ ਫੌਜ, ਬੇ ਮੁਲਕ, ਬੇ ਖਜ਼ਾਨਾ ਵਜਕਤੀ ਪ੍ਰਣ ਕਰਦੀ ਹੈ ਕਿ ਬੀਰ ਰਸ ਧਾਰਨਾ ਹੈ ਤੇ ਇਹ ਰਾਜ ਪਲਟਾ ਦੇਣਾ ਹੈ, ਇਹ ਕਿਤਨੀ ਵਿਸ਼ਾਲਤਾ, ਸਮਰੱਥਾ, ਸ਼ਖਸੀਅਤ ਦੀ ਉੱਚਤਾ ਤੇ ਮਹਾਨਤਾ ਦਾ ਲੱਛਣ ਹੈ। ਜੋ ਹਾਲਤ ਪਿਤਾ ਜੀ ਦੀ ਬੀਤੀ ਸੀ ਸੋ ਡਰ ਦੇਣ ਵਾਲੀ ਸੀ, ਪਰ

[ਬਾਕੀ ਟੂਕ ਦੇਖੋ ਅਗਲੇ ਪੰਨੇ ਦੇ ਹੇਠ।

ਰਿਦੇ ਤਬਿ ਚੈਨ॥੧੨॥–ਇਨ ਕੋ ਕਰਾ ਸਮੁਝਾਵਨਿਬਨੈ।ਭੂਤ ਭਵਿੱਖਤਿ ਜੇ ਲਖਿ ਮਨੈ–।ਖਾਨ ਪਾਨ ਕਰਿ ਪੁਨ ਸੁਪਤਾਇ। ਉਠਿ ਪ੍ਰਾਤੀ ਜਲ ਬਿਮਲ ਨਹਾਇ॥੧੩॥ ਬ੍ਰਿਧ ਕੇ ਸੰਮਤ[1] ਸਤਿਗੁਰ ਹੋਇ।ਆਇ ਸੁਧਾਸਰ ਦਿਸ਼ਿ ਸਭਿ ਕੋਇ। ਸ਼੍ਰੀ ਹਰਿ ਮੰਦਰ ਬੰਦਨ ਕਰੇ। ਚਤੁਰ ਪ੍ਰਦੱਛਨ ਕੇ ਹਿਤ ਫਿਰੇ ॥੧੪॥ ਬਹੁਰੋ ਆਇ ਦਰਸ਼ਨੀ ਪੌਰ। ਪਿਖਿ ਅਕਾਲਬੁੰਗੇ ਕੀ ਠੌਰ।ਆਇਸੁ ਦਈ'ਸੁਥਲ ਸੁਧਰਾਵਹੁ। ਹਿਤ ਬੈਠਨਿ ਕੇ ਚਾਰੁ ਬਨਾਵਹੁ' ॥੧੫॥ਪ੍ਰਥਮ ਆਪਨੇ ਲੇਕਰਿ ਹਾਥ।ਧਰੀ ਈਂਟ ਬਲ ਤੇਜ ਕਿ ਸਾਥ।ਕਹ੍ਯੋ 'ਕੁਛਕ ਊਚਾ ਥਲ ਕਰੋ।ਜਹਿਂ ਲਗਿ ਪੌਰ ਏਕ ਸਮ ਧਰੋ[2]'॥੧੬॥ ਬਹੁਰ ਹੁਕਮ ਕੀਨਿਸਿ ਫੁਰਮਾਵਨਿ। 'ਕਰਹੁ ਹੁਕਮਨਾਮੇ ਲਿਖਵਾਵਨਿ। ਚਹੁੰ-ਦਿਸ਼ਿ ਮਹਿਂ ਮਸੰਦ ਜਹਿਂ ਭਾਰੀ।ਤਿਨ ਪਰ ਆਇਸੁ ਲਿਖਹੁ ਹਮਾਰੀ॥੧੭॥ ਜੋ ਸਿਖ ਆਨਹਿ ਸ਼ਸਤ੍ਰ ਤੁਰੰਗਾ। ਹੋਇ ਖੁਸ਼ੀ ਗੁਰ ਕੀ ਸੁਖ ਸੰਗਾ।ਸਭਿ ਆਵੈਂ ਦਰਸ਼ਨ ਹਿਤ ਕਰਿਬੋ।ਲ੍ਯਾਇਂ ਅਕੋਰ ਬਿਲਮ ਨਹਿਂ ਧਰਿਬੋ'॥੧੮॥ ।ਸੁਨਤਿ ਲਿਖਾਰੀ ਕਾਗਦ ਲਿਖੇ। ਇਸ ਬਿਧਿ ਹੁਕਮ ਭਯੋ ਤਿਸ ਬਿਖੇ[3]। 'ਸ਼੍ਰੀ ਅਰਜਨ ਬੈਕੁੰਠ ਸਿਧਾਰੇ।ਖਸ਼ਟਮ ਗੁਰੂ ਮਹਾਂ ਬਲ ਧਾਰੇ॥੧੯॥ਥਿਰੇ ਤਖਤ ਪਰ ਦਰਸਹੁ ਆਇ। ਨੀਕੇ ਸ਼ਸਤ੍ਰ ਤੁਰੰਗ ਮੰਗਾਇ। ਜੋ ਆਨਹਿ, ਲਹਿ ਖੁਸ਼ੀ ਬਿਸਾਲਾ।ਨਹਿਂ ਬਿਲਮਹੁ ਆਵਹੁ ਤਤਕਾਲਾ'॥ ੨੦॥ ਪੂਰਬ ਦਿਸ਼ਿ ਕੇ ਨਗਰ ਬਿਸਾਲੇ।ਦਿੱਲੀ ਬਹੁਰ ਆਗਰੇ ਚਾਲੇ। ਪਟਣੇ ਪੁਰ ਮਖ-ਸੂਦਾ ਬਾਦ।ਕਾਂਸ਼ੀ ਆਦਿਕ ਫਰਕਾਬਾਦ[4]॥੨੧॥ਤਿਮ ਦੱਖਨ ਸਿੱਖੀ ਜਿਸ

---

[1]ਸਲਾਹ ਮੇਲਕੇ। [2]ਜਿੱਥੋਂ ਤਕ (ਦਰਸ਼ਨੀ ਡਿਓਢੀ) ਦਾ ਦਰਵਾਜ਼ਾ ਹੈ ਇਕੋ ਜਿਹੀ (ਜ਼ਮੀਨ) ਕਰੋ। [3]ਤਿਸ (ਕਾਗਜ਼) ਵਿਖੇ। [4]ਫੱਰੁਖ਼ਾਬਾਦ।

[ਪਿਛਲੇ ਪੰਨੇ ਦੀ ਬਾਕੀ ਟੂਕ]

ਡਰ ਖਾਕੇ ਸਹਿਮ ਜਾਣ ਦੀ ਥਾਂ ਗੁਰੂ ਜੀ ਆਪਣੀ ਬਚਪਨੇ ਦੀ ਅਵਸਥਾ ਵਿਚ ਹੀ ਮਹਾਨ ਨਿਰਭੈਤਾ ਤੇ ਅਣਹੋਈ ਨੂੰ ਹੋਈ ਕਰ ਦੇਣ ਦੀ ਸਮਰੱਥਾ ਪ੍ਰਗਟ ਕਰ ਰਹੇ ਹਨ, ਜੋ ਇਨਸਾਨੀ ਨੁਕਤੇ ਤੋਂ ਬੀ ਤੱਕਿਆਂ ਉਹਨਾਂ ਦੀ ਮ਼ਹਾਨਤਾ, ਪ੍ਰਬੀਨਤਾ ਤੇ ਉਚਿਆਈ ਦੀ ਦਲੀਲ ਹੈ। ਜੋ ਨੀਂਹ ਅੱਜ ਸਤਿਗੁਰ ਨੇ ਧਰੀ, ਜਿਸ ਪਰ ਦਸਮ ਸਤਿਗੁਰਾਂ ਨੇ ਮਹਲ ਉਸਾਰਿਆ; ਉਹ ਆਪਣੇ ਵਕਤ ਸਿਰ ਤੁਰਕ ਰਾਜ ਦਾ ਦੀਵਾ ਬੁਝਾ ਦੇਣ ਵਿਚ ਕਾਮਯਾਬ ਹੋਇਆ। ਮੁਲਕਗੀਰੀ ਦੀ ਹਵਸ ਨਹੀਂ, ਰਾਜ ਦਾ ਲੋਭ ਨਹੀਂ, ਨੀਵੇਂ ਬਦਲੇ ਲੈਣ ਦੀ ਬ੍ਰਿਤੀ ਨਹੀਂ ਪਰ ਦਏਲ ਪਰਜਾ ਵਿਚ ਧਰਮ ਦਾ ਭਾਵ, ਸਚਾਈ, ਆਨ ਸ਼ਾਨ ਤੇ ਬੀਰ ਰਸ ਭਰਕੇ ਸੁਤੰਤ੍ਰਤਾ ਦੇਣ ਦੇ ਅਸੂਲ ਨੂੰ ਪਾਲਣਾ ਹੈ, ਸ੍ਰਿਸ਼ਟੀ ਨੂੰ ਮਰਨ ਦੀ ਜਾਚ ਸਿਖਾਉਣੀ ਹੈ ਤੇ ਉੱਚੇ ਜੀਵਨ ਵਿਚ ਲੈ ਜਾਣਾ ਹੈ।

ਵਿਸ਼ੇਸ਼ ਲਈ ਵੇਖੋ ਇਸੇ ਰਾਸਿ ਦੇ ਅੰਸੂ ੪੬ ਅੰਕ ੧੪ ਦੀ ਹੇਠਲੀ ਟੂਕ।

ਥਾਨ। ਪਸ਼ਚਮ ਦਿਸ਼ਿ ਕੇ ਨਗਰ ਮਹਾਨ। ਕਾਬਲ ਅਰੁ ਕੰਧਾਰ ਪਿਸ਼ੌਰ।
ਗਿਨੌਂ ਕਹਾਂ ਲਗਿ ਸਿੱਖੀ ਠੌਰ ॥੨੨॥ ਉੱਤਰ ਪੁਰਿ ਆਦਿਕ ਕਸ਼ਮੀਰ।
ਗਮਨੇ ਸ਼ੀਘ੍ਰ ਸਿੱਖ ਜਨੁ ਧੀਰ*। ਪਹੁੰਚਿ ਹੁਕਮ ਨਾਮੇ ਸਭਿ ਥਾਨ। ਪਠਿ
ਮਸੰਦ ਸੁਧਿ ਕਰੀ ਬਖਾਨ ॥ ੨੩ ॥ ਸੁਨਿ ਸਿੱਖਨ ਜੋ ਗੁਰ ਕੀ ਕਾਰ।
ਖਰਚਯੋ ਦਰਬ ਲੀਨਿ ਹਥਿਆਰ। ਚੰਚਲ ਤੁਰੰਗ† ਮੋਲ ਕਰਿ ਲਿਏ।
ਗੁਰ ਪ੍ਰਸੰਨਤਾ ਚਾਹਤਿ ਕਿਏ ॥੨੪॥ ਜਹਿਂ ਕਹਿਂ ਕਰੀ ਖਰੀਦ ਬਿਸਾਲੇ।
ਸਭਿ ਦਿਸ਼ਿ ਤੇ ਦਰਸ਼ਨ ਹਿਤ ਚਾਲੇ। ਧਨੀ ਬਿਲੰਦ ਮਸੰਦ ਅਗਾਰੀ।
ਗਮਨੇ ਸੰਗਤਿ ਸਿੱਖ ਪਿਛਾਰੀ ॥ ੨੫ ॥ ਇਤ ਸਤਿਗੁਰ ਸਭਿ ਕੀਨਿ
ਸਮਾਜਾ। ਬਸਤ੍ਰ ਬਿਭੂਖਨਿ ਪਹਿਰਨਿ ਕਾਜਾ। ਪੋਸ਼ਿਸ਼ ਪੀਤ[1] ਜ਼ਰੀ ਜੁਤ
ਛਾਜੈ[2]। ਜਾਮਾ ਬਡਿ ਅਭਿਰਾਮ ਬਿਰਾਜੈ ॥੨੬॥ ਕਲਗੀ ਜਿਗਾ ਜਵਾਹਰ
ਜਰੇ। ਮੁਕਤਾ ਗੁੱਛ ਤਿਨਹੁ ਪਰ ਕਰੇ। ਕੰਚਨ ਕੰਕਨ ਹੀਰਨਿ ਖਚੇ।
ਕੁੰਡਲ ਦਮਕ ਜ਼ੇਬ ਜੁਤ ਰਚੇ[3] ॥ ੨੭ ॥ ਮੁਕਤਾ ਮਾਲ ਉਜਾਲ ਬਿਸਾਲਾ।
ਇਕ ਸਮਾਨ ਗਨ ਗਿਰਦ ਸੁ ਢਾਲਾ[4]। ਰਚੇ ਕੋਰ ਹੀਰੇ ਬਰ ਚੀਰੇ[5]।
ਜਿਨ ਕੀ ਦਮਕ ਹੋਤਿ ਵਿਸਤੀਰੇ ॥੨੮॥ ਨਵਰਤਨੇ[6] ਸੁੰਦਰ ਬਨਵਾਏ।
ਨਵ ਵਰ ਵਰਣ[7] ਜਿਨਹੁ ਅਧਿਕਾਏ। ਤਥਾ ਸ਼ਸਤ੍ਰ ਸੁਥਰੇ ਸਮੁਦਾਏ।
ਭੂਖਨ ਸਾਜਿ ਨਵੀਨ ਬਨਾਏ ॥ ੨੯ ॥ ਹੁਕਮ ਸਭਿਨਿ ਪਰ ਗੁਰ ਕਰਿ
ਦੀਨਾ। 'ਸਾਜ ਤੁਰੰਗਨਿ[8] ਬਨਹਿ ਨਵੀਨਾ। ਕੰਚਨ ਰਜਤਿ ਬਿਭੂਖਨਿ
ਬਨੈ। ਰੇਸ਼ਮ ਡੋਰ ਜ਼ਰੀ ਗਨ ਸਨੈ' ॥੩੦॥ ਸੁਨਿ ਸੁਨਿ ਹੁਕਮ ਚੌਂਪ ਕਰਿ
ਸਾਰੇ। ਲਗੇ ਕਰਾਵਨਿ ਕਾਰਜ ਤਜਾਰੇ। ਸ਼੍ਰੀ ਗੁਰ ਬ੍ਰਿਧ ਕੇ ਸੰਮਤ ਹੋਇ।
ਗਨਕ[9] ਹਕਾਰਯੋ‡ ਨੀਕੋ ਜੋਇ ॥ ੩੧ ॥ 'ਸੁੰਦਰ ਸਮਾ ਸੁਧਾਵਨਿ ਕਾਜ।
ਜਸ ਕੀਜਹਿ ਅਭਿਖੇਕਨਿ ਰਾਜ[10]'। ਸੁਨਤਿ ਹੁਕਮ ਤਿਨ ਸੋਧਿ ਸੁਨਾਯੋ।

---

[1]ਪੀਲੀ। [2]ਸ਼ੋਭਦੀ ਹੈ। [3]ਸ਼ੋਭਾ ਸਮੇਤ ਬਣੇ। [4](ਗਲੇ ਦੇ) ਗਿਰਦ ਇਕੋ ਜਿਹੇ ਮੁੱਲ ਦੇ ਸਾਰੇ (ਮੋਤੀ) ਹਨ। [5]ਸ੍ਰੇਸ਼ਟ ਚੀਰਕੇ। [6]ਮੋਤੀ ਹੀਰਾ ਪੰਨਾ ਆਦਿ ਨੌਂ ਪ੍ਰਕਾਰ ਦੀਆਂ ਮਣੀਆਂ। [7]ਨੌਂ ਤਰ੍ਹਾਂ ਦਾ ਸ੍ਰੇਸ਼ਟ ਰੰਗ ਹੈ। [8]ਘੋੜਿਆਂ ਦਾ ਸਾਜ਼। [9]ਜੋਤਸ਼ੀ। [10]ਅਭਿਖੇਕਨਿ+ਰਾਜ=ਰਾਜ ਤਿਲਕ ਭਾਵ ਮੀਰੀ ਪੀਰੀ ਦਾ ਤਿਲਕ। (ਅ) ਅਭਿਖੇਕ=ਤਿਲਕ+ਨਿਰਾਜ (=ਨੀਰਾਜਨ)=ਆਰਤੀ।

*ਪਾ:–ਬੀਰ। †ਪਾ:–ਅੱਸ੍ਵ। ‡ਗੁਰੂ ਜੀ ਦਾ ਜੋਤਸ਼ੀ ਸੱਦਣਾ ਇਤਿਹਾਸਕ ਬਾਤ ਨਹੀਂ, ਨਾ ਹੀ ਇਹ ਮਹਿਮਾਂ ਪ੍ਰਕਾਸ਼ ਵਿਚ ਆਇਆ ਹੈ। ਮਹੂਰਤ ਸੁਧਾਉਣੇ ਗੁਰਬਾਣੀ ਵਿਰੁੱਧ ਹਨ, ਜੋ ਨਾ ਗੁਰੂ ਜੀ ਕਦੇ ਕਰਨਾ ਪਸੰਦ ਕਰਦੇ, ਨਾ ਭਾਈ ਬੁੱਢਾ ਜੀ ਕਦੇ ਸਲਾਹ ਦੇ ਸਕਦੇ ਸੀ।

ਯਥਾ:–'ਸਾਹਾ ਗਣਹਿ ਨ ਕਰਹਿ ਬੀਚਾਰੁ॥ ਸਾਹੇ ਊਪਰਿ ਏਕੰਕਾਰੁ ॥'

'ਸ਼੍ਰੀ ਸਤਿਗੁਰ ਆਛੇ ਦਿਨ ਪਾਯੋ ॥ ੩੨ ॥ ਜਿਸ ਤੇ ਦਿਨਪ੍ਰਤਿ ਵਧਹਿ ਪ੍ਰਤਾਪਾ। ਮਹਾਂ ਬਲੀ ਸ਼ੱਤ੍ਰੂ ਗਨ ਖਾਪਾ। ਦਸਮੀ ਸੁਦੀ ਅਸਾਢ ਮਝਾਰੀ। ਆਦਿਤਵਾਰ ਤੇਜ ਬਲ = ਭਾਰੀ ॥ ੩੩ ॥ ਉਦਯਾਚਲ ਤੁਲ[੧] ਤਖਤ ਬਿਸਾਲਾ। ਉਦਹੁ ਆਪਿ ਜਿਮ ਦਿਨਕਰ ਬਾਲਾ[੨]। ਤੁਰਕ ਤਾਪ ਤਮ ਤੋਮ ਤੁਰੰਤਾ[੩]। ਉਡਗਨ ਕਰਨ ਕੁਕਰਮਨਿ ਵੰਤਾ[੪] ॥ ੩੪॥ ਕਰਹੁ ਅਦ੍ਰਿਸ਼ਟ[੫] ਇਨਹੁ ਤਤਕਾਲਾ। ਨਿੰਦਕ ਪੇਚਕ ਦੁਖਦ ਕਰਾਲਾ। ਜਹਿਂ ਕਹਿਂ ਸੰਤ ਦਾਸ ਅਰਬਿੰਦਾ। ਕਰਹੁ ਪ੍ਰਫੁੱਲਿਤਿ ਹਰਖਤਿ ਬ੍ਰਿੰਦਾ ॥ ੩੫ ॥ ਚੰਦ ਚੰਦ੍ਰਕੀ[੬] ਲੈਤਾ ਕਰੋ। ਅਨੰਦ ਗੁਰੂ ਸਿਖ ਚਕਵਨਿ[੭] ਧਰੋ। ਕੈਰਵ ਕਾਨਨ ਦੋਖੀ ਜੇਤੇ[੮]। ਪਿਖਿ ਮੁਰਝਾਇ ਗਿਰਹਿਂਗੇ ਤੇਤੇ*' ॥ ੩੬॥ ਕਹੀ ਜੁਗਤਿ ਦਿਜ ਕਰਿ ਚਤੁਰਾਈ। ਸੁਨਿ ਕਰਿ ਭਏ ਪ੍ਰਸੰਨ ਗੁਸਾਈਂ। ਬਖ-ਸ਼ਯੋ ਦਰਬ ਕਿਤਿਕ ਤਿਸ ਬਾਰਾ। ਪੁਨ ਮਾਂਗਨਿ ਨਹਿਂ ਹਾਥ ਪਸਾਰਾ॥੩੭ ॥ ਪਿਖਿ ਪਿਖਿ ਦਾਸ ਉਦਾਰ ਸੁਭਾਊ। ਰਿਦੇ ਪ੍ਰਮੁਦਤਿ ਚੌਗੁਨੋ ਚਾਊ ॥ ਤਿਸ ਦਿਨ ਕੀ ਪ੍ਰਤੀਖਨਾ[੯] ਧਾਰੇ। ਸਰਬ ਵਸਤੁ ਕਰਿਵਾਇਸਿ ਤਯਾਰੇ ॥ ੩੮ ॥ ਕੇਤਿਕ ਵਸਤੁ ਬਨਾਇ ਦਿਖਾਵੈਂ। ਸਿਰਜਹਿਂ ਸੁੰਦਰ ਪਿਖਿ ਹਰ-ਖਾਵੈਂ। ਮਿਲਿ ਆਪਸ ਮਹਿਂ ਸੁਜਸੁ ਉਚਾਰੈਂ। ਧਰਿ ਸ਼ਰਧਾ ਗੁਰ ਦਰਸ ਨਿਹਾਰੈਂ॥੩੯॥'ਸੁੰਦਰ ਡੀਲ ਸੁਸ਼ੀਲ' ਉਚਾਰਤਿ।'ਆਯੁਧ ਪਹਿਰ[੧੦] ਮਹਾਂ ਦੁਤਿ ਧਾਰਤਿ। ਮਨ ਸਿੱਖਨਿ ਕੇ ਪ੍ਰੇਮ ਉਪਾਵੈਂ। ਬਿਕਸਤਿ ਮੰਦ ਮੰਦ ਦਰਸਾਵੈਂ'॥੪੦॥ ਸਭਿ ਚਾਹਤਿ–ਦਿਨ ਹੋਇ ਸੁ ਨੀਕਾ। ਬੈਠਿ ਗੁਰੂ ਨਿਕ-ਸਾਵਹਿਂ ਟੀਕਾ। ਸ਼ਸਤ੍ਰ ਸਜਾਇ ਬਿਰਾਜਹਿਂ ਖਰੇ। ਦੁਸ਼ਟ ਜਿ ਦੋਖੀ ਗਨ ਕੋ ਹਰੇਂ–॥੪੧॥ਦੋਹਰਾ॥ਸਿੱਖਨਿ ਬਿਖੈ ਅਨੰਦਤਾ ਜਿਮ ਰਵਿ ਤੇ ਅਰਬਿੰਦ ।–ਕਯਾ ਕਰਿਹੈਂ ਕਿਮ ਹੋਇ ਹੈ ? –ਚਿੰਤ ਮਸੰਦ ਬਿਲੰਦ[੧੧] ॥ ੪੨ ॥

ਇਤਿ ਸ਼੍ਰੀ ਗੁਰੁ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰਾਸੇ 'ਅਕਾਲ ਬੁੰਗਾ ਰਚਨ' ਪ੍ਰਸੰਗ ਬਰਨਨੰ ਨਾਮ ਦੋਇ ਚੱਤ੍ਵਾਰਿੰਸਤੀ ਅੰਸੂ ॥ ੪੨ ॥

---

[੧]ਸੂਰਜ ਉਦੇ ਦੇ ਪਰਬਤ ਵਾਂਙੂ। [੨]ਸਵੇਰ ਦਾ ਸੂਰਜ। [੩]ਤੁਰਕਾਂ ਦੇ ਤਪ ਦਾ ਸਮੂਹ ਹਨੇਰਾ ਤੁਰਤ ਹੀ। [੪]ਖੋਟੇ ਕਰਮ ਕਰਨ ਵਾਲੇ ਤਾਰਿਆਂ (ਵਤ) ਹਨ। [੫]ਲੋਪ ਭਾਵ ਨਾਸ਼। [੬]ਚੰਦ=ਚੰਦਰਮਾਂ। ਚੰਦ੍ਰਕੀ=ਚਾਂਦਨੀ। ਚੰਦ ਦੀ ਚਾਂਦਨੀ ਜੋ ਧੁੱਪ ਚੜ੍ਹੇ ਉਡ ਜਾਂਦੀ ਹੈ। ਸ਼ਲੇਖ ਵਿਚ ਅਰਥ ਹੈ ਚੰਦ ਚੰਦੁ ਕੀ=ਚੰਦਰਮਾਂ ਰੂਪੀ ਚੰਦੂ ਦੀ (ਲੈਤਾ ਕਰੋ)। [੭]ਚਕਵਾ ਚਕਵੀ। [੮]ਦੋਖੀ ਜੋ ਕਮੀਆਂ ਦੇ ਬਨ ਹਨ। [੯]ਉਡੀਕ। [੧੦]ਪਹਿਨ ਕੇ [੧੧]ਮਸੰਦਾਂ ਦੇ ਚਿਤ ਵਿਚ ਬੜੀ ਚਿੰਤਾ ਸੀ ਕਿ ਕੀਹ ਕਰਨਗੇ (ਤੇ ਉਸ ਦਾ ਫਲ) ਕੀ ਹੋਵੇਗਾ। *ਰਾਤ ਦਾ ਸਮਾਂ ਬਧਾ ਹੈ, ਹਨੇਰਾ, ਤਾਰੇ, ਉਲੂ, ਚੰਦ ਕਮੀਆਂ, ਸੂਰਜ ਚੜ੍ਹੇ ਗੁੰਮ ਹੋ ਜਾਂਦੇ ਹਨ, ਗੁਰੂ ਜੀ ਨੂੰ ਸੂਰਜ ਕਿਹਾ ਹੈ।

੪੩. [ਤਖਤ ਤੇ ਬਿਰਾਜਮਾਨ]।

ਦੋਹਰਾ ॥ ਦਿਵਸ ਪ੍ਰਤੀਖਤਿ ਆਇਗੋ ਦਸਮੀ ਆਦਿਤਵਾਰ। ਗਨ ਮਸੰਦ ਕਰਿ ਸ਼ੀਘ੍ਰਤਾ ਸੰਗਤਿ ਸੰਗ ਹਜ਼ਾਰ॥ ੧ ॥ ਚੌਪਈ ॥ 'ਚਲਹੁ ਪਿਖਹਿਂ ਉਤਸਾਹੁ ਬਿਸਾਲਾ'। ਜਿਤ ਕਿਤ ਤੇ ਆਏ ਤਤਕਾਲਾ। ਅਨਿਕ ਭਾਂਤਿ ਕੀ ਲਏ ਅਕੋਰਾ। ਚਹੁਂ ਦਿਸ਼ਿ ਤੇ ਚਲਿ ਗੁਰੁ ਪੁਰਿ ਓਰਾ ॥ ੨ ॥ ਬਰਹਿਂ[1] ਸੁਧਾਸਰ ਦਰਸ਼ਨ ਪਾਵੈਂ। ਮੱਜਹਿਂ, ਕਿਰਤਨ ਸੁਨਿ ਹਰਖਾਵੈਂ। ਸੰਗਤਿ ਮਿਲੀ ਆਨਿ ਸਮੁਦਾਈ। ਜੈ ਜੈ ਕਾਰ ਕਰਹਿਂ ਬਹੁ ਥਾਈਂ॥੩॥ਚਹੁਂਦਿਸ਼ਿ ਪਰੇ ਸੁਧਾਸਰ ਡੇਰੇ। ਦਰਸ਼ਨ ਹਿਤ ਚਿਤ ਚੌਂਪ ਬਡੇਰੇ। ਜਾਮ ਜਾਮਨੀ ਤੇ ਗੁਰ ਜਾਗੇ। ਸੌਚਾਚਾਰ ਕਰਨਿ ਤਬਿ ਲਾਗੇ ॥ ੪ ॥ ਕਰਿ ਸ਼ਨਾਨ ਕੋ ਆਸਨ ਮਾਰੇ। ਨਿਜ ਸਰੂਪ ਮਹਿਂ ਬ੍ਰਿਤਿ ਥਿਤਿ ਧਾਰੇ। ਟਿਕੇ ਸੱਚਿਦਾ-ਨੰਦ ਮਝਾਰੀ। ਲੀਨਹੁ ਸੁਖ ਹੋਵਤਿ ਭੁਨਸਾਰੀ ॥ ੫ ॥ ਉਦੈ ਭਯੋ ਦਿਨ-ਕਰ[2] ਜਿਸ ਕਾਲੇ। ਪਹਿਰਯੋ ਜਾਮਾ ਜਿਸ ਗਨ ਪਾਲੇ[3]। ਛਬਿ ਉਸ਼ਨੀਕ[4] ਸੀਸ ਪਰ ਧਾਰੀ। ਜਿਗਾ ਬਧੀ ਊਪਰਿ ਦੁਤਿ ਕਾਰੀ[5]॥੬॥ ਕਲਗੀ ਮੁਕਤਾ ਗੁੱਛ ਉਜਾਲਾ। ਮੁਖ ਮੰਡਲ ਪਰ ਕੁੰਡਲ ਝਾਲਾ[6]। ਮਾਲ ਬਿਸਾਲ ਸੁਢਾਲ ਜਿ ਮੁਕਤਾ[7]। ਸਬਜ਼ੇ, ਹੀਰਨਿ ਚਾਰੁ ਸੁ ਯੁਕਤਾ॥੭॥ਨਵ ਰਤਨੇ[8] ਪਹਿਰਤਿ ਛਬਿ ਪਾਏ। ਜਨੁ ਨਵ ਗ੍ਰਹ ਤਿਸ ਕੇ ਮਿਸ ਆਏ। ਅੰਗਦ ਸੁੰਦਰ ਸ਼ੋਭਤਿ ਜ਼ਾਹਿਰ। ਜਬਰ ਜ਼ੇਬ ਜਿਨ ਜਰੇ ਜਵਾਹਰ ॥ ੮॥ ਕੰਕਨ ਕੰਚਨ ਕੇ ਖਚਿ ਹੀਰੇ। ਛਾਪ ਛਲਾਯਨਿ ਛਬਿ ਗੰਭੀਰੇ[9]। ਇਮ ਸਤਿ-ਗੁਰੁ ਸ਼ੋਭਤਿ ਸ਼ੁਭ ਅੰਗ। ਬਸਤ੍ਰ ਬਿਭੂਖਨ ਉੱਤਮ ਸੰਗ॥੯॥ ਗਯੋ ਮੇਵਰੋ ਸੰਗਤਿ ਸਾਰੀ। 'ਲਿਹੁ ਦਰਸ਼ਨ' ਸੁਧਿ ਕੀਨਿ ਹਕਾਰੀ। 'ਚੌਕ ਦਰਸ਼ਨੀ ਪੌਰ ਅਗਾਰੀ। ਪਹੁੰਚਹੁ ਤਹਿਂ ਸਗਰੇ ਨਰ ਨਾਰੀ ॥੧੦॥ ਸਤਿਗੁਰ ਦਰ-ਸਹੁ ਬਾਂਛਤਿ ਪਾਵਹੁ।ਜੋ ਆਨੀ ਗੁਰ ਕਾਰ ਚਢਾਵਹੁ'। ਸੁਨਿ ਸੁਨਿ ਸੰਗਤਿ ਕਰਿ ਚਿਤ ਚਾਊ। ਬਸਤ੍ਰ ਬਿਭੂਖਨ ਪਹਿਰ ਸੁਹਾਊ॥ ੧੧ ॥ ਸਗਰੇ

---

[1]ਵੜ ਕੇ। [2]ਸੂਰਜ। [3]ਜਿਸ ਦੇ ਬਹੁਤ ਪੱਲੇ ਸਨ। [4]ਪਗ, ਦਸਤਾਰ [ਸੰਸ:, ਉਸ਼ਣੀਸ਼=ਪੱਗ]। [5]ਸੁੰਦਰਤਾ ਵਾਲੀ। [6]ਝੂਲਦੇ ਹਨ। [7]ਸੁਹਣੇ ਮੋਤੀਆਂ ਦੀ ਵਡੀ ਮਾਲਾ। [8]ਨੌਂ ਰਤਨ=ਮੋਤੀ, ਪੰਨਾਂ, ਮਾਣਿਕ, ਗੋਮੇਦ, ਹੀਰਾ, ਗੁੱਲੀਆਂ (ਮੂੰਗਾ), ਲਸਨੀਆਂ, ਨੀਲਮ, ਪੁਖਰਾਜ । ਨਵਾਂ ਰਤਨਾਂ ਦੇ ਰੰਗ ਨਵਾਂ ਗ੍ਰੈਹਾਂ ਦੇ ਰੰਗਾਂ ਨਾਲ ਸਮਤਾ ਰੱਖਦੇ ਹਨ। ਇਸ ਉਪਮਾਂ ਵਲ ਕਵਿ ਜੀ ਦਾ ਇਸ਼ਾਰਾ ਹੈ, ਅਥਵਾ ਨੌਂ ਰਤਨਾਂ ਦੇ ਬਹਾਨੇ ਸੇਵਾ ਲਈ ਨੌਂ ਗ੍ਰੈਹ ਆਏ ਹਨ, ਜਿਸ ਤੋਂ ਸਿੱਧ ਹੋਇਆ ਕਿ ਨੌਂ ਗ੍ਰੈਹ ਗੁਰਾਂ ਦੇ ਪੁਜਾਰੀ ਹਨ, ਪੂਜਜ ਨਹੀਂ ਹਨ। [9]ਬਹੁਤ।

ਆਇ ਥਿਰੇ ਤਿਸ ਥਾਨ। ਚਾਹਤਿ–ਦੇਹਿਂ ਦਰਸ ਗੁਰ ਆਨਿ–। ਇਤਨੇ ਮਹਿਂ ਸ੍ਰੀ ਹਰਿ ਗੋਵਿੰਦ। ਆਇ ਬਨਿ ਕੈ ਛੈਲ[1] ਬਿਲੰਦ ॥ ੧੨॥ ਸਿੱਖਨਿ ਚਖ ਚਕੋਰ ਕੇ ਚੰਦ[2]। ਦਿਨਕਰ ਮਨਹੁਂ ਬਦਨ ਅਰਬਿੰਦ[3]। ਚਿਤ ਚਾਤ੍ਰਿਕ ਕੇ[4] ਘਨ ਮਾਨਿੰਦ। ਬੰਦਤਿ ਕਰ ਬੰਦਹਿਂ ਨਰ ਬ੍ਰਿੰਦ ॥ ੧੩ ॥ ਫਰਸ਼ ਬਿਸਾਲ ਭਯੋ ਰੰਗਦਾਰ। ਗੁਰੁ ਕੋ ਰਚ੍ਯੋ ਸਿੰਘਾਸਨ ਚਾਰੁ। ਬ੍ਰਿਧ ਗੁਰਦਾਸ ਬਾਮ ਅਰੁ ਦਾਂਏਂ। ਅਪਰ ਮਸੰਦ ਸਿੱਖ ਸਮੁਦਾਏ ॥੧੪॥ ਨਿਜ ਮਹਿਲਨਿ ਤੇ ਚਲਿਕਰਿ ਆਇ।ਪੌਰ ਦਰਸ਼ਨੀ ਸੀਸ ਨਿਵਾਇ।ਪੁਨ ਹਰਿ-ਮੰਦਰਿ ਸੁੰਦਰ ਗਏ। ਦਰਸ਼ਨਿ ਲੈ ਅਭਿਬੰਦਨ ਕਿਏ ॥ ੧੫ ॥ ਪੁਨਹ ਪ੍ਰਦੱਛਨ ਕਰਿ ਚਲਿ ਆਏ। ਥਲ ਅਕਾਲ ਬੁੰਗੇ ਥਿਤ ਪਾਏ। ਬੈਠੇ ਆਨਿ ਸਿੰਘਾਸਨ ਚਾਰੂ। ਸ੍ਰੀ ਮੁਖ ਆਇਸੁ ਕੀਨਿ ਉਚਾਰੂ॥੧੬॥'ਆਨਹੁ ਸ਼ਸਤ੍ਰ ਜੁ ਹਮ ਬਨਵਾਏ। ਜਿਨਕੈ ਹਾਟਿਕ[5] ਅਧਿਕ ਲਗਾਏ'। ਦੌਰਤਿ ਦਾਸ ਉਤਾਇਲ ਲ੍ਯਾਏ। ਧਰੇ ਅਗਾਰੀ ਸਭਿ ਸਮੁਦਾਏ॥੧੭॥ਪੰਚਹੁਂ ਸਤਿਗੁਰ ਕੋ ਲੈ ਨਾਮ। ਗਹੇ ਖੜਗ ਦ੍ਵੈ ਬਹੁ ਅਭਿਰਾਮ। ਸੋ ਗਰ ਬਿਖੇ ਪਾਇ ਗੁਰੁ ਲੀਨੇ। ਪੁਨ ਨਿਖੰਗ[6] ਕਰ ਧਾਰਨਿ ਕੀਨੇ ॥ ੧੮ ॥ ਗਰ ਮਹਿਂ ਪਾਇ ਸੁ ਕਟ ਸੰਗ ਬਾਂਧਾ। ਜਿਸ ਮਹਿ ਸਰ ਖਰ ਕਰਿ ਅਰਿ ਬਾਧਾ[7]। ਧਨੁਖ ਕਠੋਰ ਗਹ੍ਯੋ ਤਬਿ ਹਾਥ। ਉਪਮਾ ਬਨੀ ਜਥਾ ਰਘੁਨਾਥ ॥ ੧੯ ॥ ਰਚ੍ਯੋ ਤਖਤ ਤਿਸ ਬੰਦਨ ਕੀਨਿ।ਚਢਿ ਗੁਰੁ ਬੀਰਾਸਨ ਆਸੀਨ[8]।ਬ੍ਰਿਧ ਆਦਿਕ ਗੁਰ-ਦਾਸ ਮਸੰਦ। ਅਵਿਲੋਕਤਿ ਬਿਸਮਾਇ ਬਿਲੰਦ ॥੨੦॥ ਹਾਥ ਜੋਰਿ ਕਰਿ ਬੂਝਨ ਲਾਗੇ। 'ਧਰਹਿਂ ਖੜਗ ਇਕ, ਜੇ ਭਟ ਆਗੇ[9]। ਦੋਇ ਆਪ ਲੇ ਨਿਜ ਗਰ ਪਾਇ।ਇਹ ਕਹਾ ਕਾਰਨ ਦੇਹੁ ਸੁਨਾਇ?'॥੨੧॥ਧਰੇ ਤੇਜ ਸਤਿ-ਗੁਰੁ ਬਚ ਕਹੇ। 'ਹਮ ਨੇ ਇਸ ਹਿਤ ਜੁਗ ਅਸਿ ਗਹੇ। ਇਕ ਤੇ ਲੇਂ ਮੀਰਨਿ ਕੀ ਮੀਰੀ[10]।ਦੂਸਰ ਤੇ ਪੀਰਨਿ ਕੀ ਪੀਰੀ[11]॥੨੨॥ਮੀਰੀ ਪੀਰੀ ਦੋਨੋਂ ਧਰੈਂ। ਬਚਹਿ ਸ਼ਰਨਿ, ਨਤੁ ਜੁਗ ਪਰਹਰੈਂ[12]'। ਸੁਨਿ ਸਤਿਗੁਰੁ ਕੇ ਬਾਕ

[1]ਸੁਹਣੇ। [2]ਸਿੱਖਾਂ ਦੇ ਨੇਤ੍ਰਾਂ ਰੂਪੀ ਚਕੋਰਾਂ ਦੇ ਚੰਦ। [3]ਮਾਨੋਂ (ਸਿਖਾਂ ਦੇ) ਮੁਖੜੇ ਰੂਪੀ ਕ੍ਵਲਾਂ ਦੇ ਸੂਰਜ। [4]ਦਿਲ ਰੂਪੀ ਪਪੀਹੇ ਦੇ ਮਾਨੋਂ ਬੱਦਲ। [5]ਸੋਨਾ। [6]ਭੱਥਾ। [7]ਤਿੱਖੇ ਤੀਰ ਵੈਰੀ ਨੂੰ ਵਿੰਨ੍ਹਣ ਵਾਲੇ। [8]ਬੀਰਾਸਨ ਹੋ ਬੈਠੇ। ਵੀਰ ਆਸਨ=ਇਕ ਗੋਡੇ ਨੂੰ ਟੇਕਕੇ ਦੂਸਰੇ ਪੈਰ ਭਾਰ ਯਾ ਖੱਬੇ ਪੈਰ ਤੇ ਗਿੱਟੇ ਪਰ ਸੱਜੀ ਲੱਤ ਰੱਖ ਕੇ ਬੈਠਣਾ। [9]ਜੋ ਸੂਰਮੇ ਅੱਗੇ (ਹੋਏ ਹਨ)। [10]ਪਾਤਸ਼ਾਹਾਂ ਦੀ ਪਾਤਸ਼ਾਹੀ। [11]ਪੀਰਾਂ ਦੀ ਸ਼ਕਤੀ। [12]ਨਹੀਂ ਤਾਂ ਦੋਵੇਂ ਖੋਹਵਾਂਗੇ।

ਅਡੋਲੇ।ਧਰਿ ਸ਼ਰਧਾ ਲਹਿ ਅਨੰਦ ਅਤੋਲੇ ॥੨੩॥ ਬੈਠੇ ਸਤਿਗੁਰੁ ਤਖਤ ਸੁਹਾਵਤਿ । ਸੁਰਗਨ ਮੈਂ ਜਿਮ ਸੁਰਪਤਿ ਭਾਵਤਿ । ਕੈ ਮੁਨਿ ਗਨਿ ਮੈਂ ਰਘੁ ਕੁਲ ਚੰਦ[1] । ਕੈ ਜਾਦਵ ਮਹਿਂ ਕ੍ਰਿਸ਼ਨ ਬਿਲੰਦ ॥ ੨੪ ॥ ਹੇਰਿ ਹੇਰਿ ਇਮ ਉਪਮਾ ਗਾਵਤਿ । ਦੁਹ ਦਿਸ਼ਿ ਚਾਮਰ ਚਾਰੁ ਢੁਰਾਵਤਿ । ਮਨਹੁ ਮਰਾਲ ਬਿਸਦ ਉਡ ਆਵਤਿ । ਮੁਕਤਾ ਗਨ ਪਰ ਛੁਹਨਿ ਨ ਪਾਵਤਿ॥੨੫॥ਦੁਤਿ ਅਖੰਡ ਮੁਖ ਮੰਡਲ ਕੇਰੀ । ਤੇਜ ਬਿਸਾਲ ਦਿਪਯੋ ਤਿਸ ਬੇਰੀ।ਭਯੋ ਹੁਕਮ 'ਸੰਗਤਿ ਸਭਿ ਆਵੈ।ਚਿਤ ਬਾਂਛਤ ਲੇ,ਭੇਟ ਚਢਾਵੈ' ॥੨੬॥ ਤਬਿ ਸੰਗਤਿ ਆਈ ਸਮੁਦਾਇ । ਹੁਮ ਹੁਮਾਇ ਦਰਸ਼ਨ ਚਿਤ ਚਾਇ । ਮਹਾਂ ਭੀਰ ਭੀ ਚੌਂਕ ਮਝਾਰਾ । ਦਰਸਹਿਂ ਸਤਿਗੁਰ ਖਰੇ ਹਜ਼ਾਰ॥੨੭॥ਭਈ ਇਕੱਤ੍ਰ ਸਮੋ ਲਖਿ ਨੀਕਾ । ਉਠਯੋ ਬ੍ਰਿੱਧ ਕੀਨਸਿ ਤਬਿ ਟੀਕਾ। ਕੇਸਰ ਚੰਦਨ ਕੋ ਤਬਿ ਸੋਹਾ । ਪਿਖਿ ਮੁਖ ਮੰਡਲ ਸਭਿ ਮਨਿ ਮੋਹਾ ॥੨੮॥ ਪ੍ਰਥਮ ਬ੍ਰਿੱਧ ਨੇ ਧਰੀ ਅਕੋਰ।ਨਮੋ ਕੀਨਿ ਕਰ ਜੋਰਿ ਨਿਹੋਰਿ[2]। ਬਹੁਰੋ ਨਿਕਟ ਜਿ ਰਹੈਂ ਮਸੰਦ। ਧਰਹਿਂ ਭੇਟ ਬੰਦਤਿ ਕਰ ਬੰਦਿ॥੨੯॥ਤਿਨ ਪਾਛੇ ਜੋ ਦੇਸ਼ ਬਿਦੇਸ਼।ਜਿਨਕੇ ਸੰਗਤਿ ਸੰਗ ਅਸ਼ੇਸ਼ । ਲੇ ਲੇ ਸਕਲ ਉਪਾਇਨ ਆਏ । ਧਰਹਿਂ ਅਗਾਰੀ ਭੇਟ ਬਨਾਏ॥੩੦॥ ਬਸਤ੍ਰ ਬਿਭੂਖਨ ਅਜਬ ਮਹਾਨੇ । ਬੀਨਿ ਬੀਨਿ ਜਗ ਗੁਰੁ ਹਿਤ ਆਨੇ । ਬਹੁਰ ਸ਼ਸਤ੍ਰ ਜਿਨ ਕੀ ਖਰਧਾਰਾ[3]।ਖਰਚਯੋ ਜਿਨਪਰ ਦਰਬ ਉਦਾਰਾ ॥੩੧ ॥ ਖੜਗ ਸਿਪਰ, ਬਿਧਿ ਬਿਬਿਧਿ ਤੁਫੰਗ[4] । ਚਪਲ ਬਲੀ ਤਨ ਰੁਚਿਰ ਤੁਰੰਗ । ਜਮਧਰ[5], ਤਰਕਸ਼,ਧਨੁਸ਼ ਕਰਾਲੇ[6] । ਖੰਜਰ ਖੰਡੇ ਖਰ ਕਰਿ ਭਾਲੇ[7]॥੩੨॥ਤੋਮਰ[8],ਸਾਂਗਨਿ[9],ਖਪਰੇ ਤੀਰਨਿ[10]।ਜਿਨਕੇ ਪਿਖਤਿ ਅਨੰਦ ਹੁਇ ਬੀਰਨਿ । ਸ਼ਸਤ੍ਰਨਿ ਕੋ ਸਮੂਹ ਹੁਇ ਗਯੋ । ਬਾਜੀ ਚਪਲ[11]ਤਵੇਲਾ ਭਯੋ॥੩੩॥ ਦੋਨੋ ਦਿਸ਼ਿ ਸਤਿਗੁਰੁ ਰੁਖ ਕਰੇ । ਪਰਖਹਿਂ ਆਯੁਧ ਗਹਿ ਕਰਿ ਖਰੇ।ਘੋਰਨਿ ਮੋਰ ਮਨਿੰਦਨ[12] ਹੇਰੈਂ। ਜਿਨ ਆਨੇ, ਲੇ ਖੁਸ਼ੀ ਘਨੇਰੈਂ॥੩੪॥ਧਨ ਦਿਸ਼ ਨਹੀਂ ਬਿਲੋਚਨ ਲਾਵੈਂ।ਸ਼ਸਤ੍ਰ ਤੁਰੰਗ ਸੰਗ ਹਰਖਾਵੈਂ । ਦਿਨ ਜੁਗ ਜਾਮ ਬਿਤਯੋ ਤਿਸ ਕਾਲ । ਦਰਸ ਦੀਨ,

[1]ਰਾਮ ਚੰਦ੍ਰ ਜੀ। [2]ਮੰਨਣਾ, ਸਨਮਾਨ ਕਰਨਾ (ਅ) ਬੇਨਤੀ ਕਰਨਾ (ੲ) ਕ੍ਰਿਤੱਗਜ ਹੋਣਾ। [3]ਤਿੱਖੀ ਧਾਰ (ਵਾਲੇ)। [4]ਕਈ ਤਰ੍ਹਾਂ ਦੀਆਂ ਬੰਦੂਕਾਂ। [5]ਕਟਾਰ। [6]ਭਯਾਨਕ ਧਨੁਖ (ਤੇ ਤੀਰਾਂ ਦੇ) ਭੱਥੇ। [7]ਤਿੱਖੇ ਕਰਕੇ ਬਰਛੇ। [8]ਨੇਜ਼ੇ। [9]ਬਰਛੀਆਂ। [10]ਤੀਰਾਂ ਦੀ ਕਿਸਮ ਹੈ। [11]ਚੰਚਲ ਘੋੜਿਆਂ ਦਾ। [12]ਘੋੜੇ ਮੋਰਾਂ ਵਰਗੇ।

ਸਿਖ ਕੀਨਿ ਨਿਹਾਲ॥੩੫॥ ਅਨਗਨ ਚਢੀ ਉਪਾਇਨ ਆਗੇ। ਅਨੁਰਾਗਹਿਂ ਗੁਰ ਪਗ ਬਡਭਾਗੇ। ਨੌਬਤ ਖਾਨੋ ਬਜਹਿ[1] ਅਗਾਰੀ। ਸਭਿ ਕੋ ਦਿਯੋ ਦਾਨ ਤਬਿ ਭਾਰੀ॥੩੬॥ ਢਾਢੀ, ਭਾਟ, ਕਲਾਵਤ, ਚਾਰਨਿ[2]। ਜਗ ਗੁਰੁ ਕੋ ਜਸੁ ਕੀਨਿ ਉਚਾਰਨਿ। ਬਸਤ੍ਰ,ਦਰਬ ਦੀਨੇ ਸਮੁਦਾਏ। ਪਾਇ ਦਾਨ ਕੋ ਸਭਿ ਹਰਖਾਏ॥੩੭॥ਜਿਹ ਜਿਹ ਨੀਕੋ ਲਯਾਇ ਤੁਰੰਗ।ਕੈ ਖੰਡਾ ਖਰ[3],ਖੜਗ,ਖਤੰਗ[4]।ਤੋਮਰ,ਤਬਰ[5],ਤਮਾਂਚ[6],ਤੁਫੰਗ[7]। ਸੇਲ[8],ਸਰਾਸਨ[9], ਸਾਂਗ[10] ਸੁਰੰਗ॥੩੮॥ ਤਿਸ ਕੋ ਬੂਝਹਿਂ ਨਿਕਟਹਕਾਰਿ।ਕਰਹਿਂ ਸਰਾਹਨਿ ਅਸੁ[11]ਹਥਿਯਾਰ। ਕ੍ਰਿਪਾ ਦ੍ਰਿਸ਼ਟਿ ਕੋ ਦੇਖਤਿ ਬੋਲੈਂ।'ਸੁਨਿ ਸਿਖ! ਪਾਇਂ ਸੁ[12] ਅਨੰਦ ਅਤੋਲੈ'॥੩੯॥ ਸੰਗਤਿ ਮਹਿਂ ਪ੍ਰਸਿੱਧ ਭਈ ਬਾਤ। 'ਸ਼ਸਤ੍ਰ ਤੁਰੰਗ ਤੇ ਗੁਰੁ ਹਰਖਾਤ'। ਜੋ ਨਹਿਂ ਲਯਾਏ ਉਰ ਪਛੁਤਾਏ। ਜਿਨਹੁਂ ਚਢਾਏ ਖੁਸ਼ੀ ਸੁ ਪਾਏ॥੪੦॥ਢਰੇ ਦੁਪਹਿਰੇ ਕੋ ਮਨ ਜਾਨਿ। ਜਥਾ ਜੋਗ ਦੇ ਖੁਸ਼ੀ ਮਹਾਨਿ। ਉਠਿ ਕਰਿ ਅਪਨੇ ਮਹਿਲ ਸਿਧਾਰੇ। ਤੇਜ ਤੁਰੰਗ ਹੋਇ ਅਸੁਵਾਰੇ॥੪੧॥ਦਿਯੋ ਹੁਕਮ 'ਬਡ ਬਨੈ ਤਬੇਲਾ।ਤੁਰੰਗ ਦਾਸ[13]ਗਨ ਕਰੋ ਸਕੇਲਾ। ਜੋਧਾ ਆਇਂ ਰਹਨਿ ਕੋ ਜਬੈ। ਰਾਖਿ ਲੇਹੁ ਹਮਸੋਂ ਕਹਿ ਤਬੈ॥ ੪੨॥ਸਰਬ ਤੁਰੰਗਨਿ ਦੀਜਹਿ ਦਾਨਾ[14]।ਚਪਲਨ ਚੂਨ,ਘ੍ਰਿਤਿ,ਮਿਸ਼ਟਾਨਾ[15]। ਬਾਜੀ ਕੈ ਸੁੰਦਰ ਹਥਿਯਾਰ।ਕਹਿ ਦਿਹੁ ਆਵਹਿਂ ਬੇਚਨਹਾਰ॥੪੩॥ ਮਾਝੇ ਦੇਸ਼ ਦੁਆਬੇ ਜਾਵੈਂ। ਨਗਰਨਿ ਮਹਿਂ ਸੁਧਿ ਸਭਿਨਿ ਸੁਨਾਵੈਂ। ਭਟ ਰਹਿਬੋ ਚਹਿ, ਢਿਗ ਹਮ ਆਵੈ। ਕਰਹਿ ਚਾਕਰੀ ਧਨ ਕੋ ਪਾਵੈ'॥ ੪੪॥ ਹੁਤੇ ਮਸੰਦ ਬਿਲੰਦ ਜਿ ਬ੍ਰਿੰਦ। ਤਿਨ ਸੋਂ ਕਹਿ ਸ਼੍ਰੀ ਹਰਗੋਵਿੰਦ।ਸ਼੍ਰੀ ਗੰਗਾ ਮਾਤਾ ਕੇ ਮੰਦਿਰ।ਗਮਨੇ ਤਬਹਿ ਦਿਪਹਿ ਦੁਤਿ ਸੁੰਦਰ॥੪੫॥ ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰਾਸੇ 'ਸ਼੍ਰੀ ਹਰਿਗੋਵਿੰਦ ਤਖਤਿ ਬੈਠਨਿ' ਪ੍ਰਸੰਗ ਬਰਨਨੰ ਨਾਮ ਤੀਨ ਚੱਤਵਾ ਰਿੰਸਤੀ ਅੰਸੂ॥ ੪੩॥

੪੪. [ਖਸ਼ਟਮ ਗੁਰੂ ਜੀ ਦਾ ਵੀਰ ਰਸੀ ਰੂਪਕ]।

ਦੋਹਰਾ॥ਜਨਨੀ ਰਿਦੇ ਪ੍ਰਤੀਖਤੀ ਚਹਿ ਦੇਖਨਿ ਮੁਖ ਚੰਦ। ਸ਼ਸਤ੍ਰ ਬਸਤ੍ਰ

---

[1]ਨੱਕਾਰ ਖਾਨੇ (ਵਿਚ ਵਾਜੇ) ਵਜਦੇ ਹਨ। [2]ਕੁਲ ਦੀ ਕੀਰਤੀ ਗਾਉਣ ਵਾਲਾ, [ਸੰਸਃ, ਚਾਰਣ] [3]ਤਿੱਖਾ। [4]ਤੀਰ [ਫਾਃ, ਖ਼ਦੰਗ] (ਅ) ਗਤਕਾ [ਫਾਃ, ਖ਼ਤਕ]। [5]ਜੰਗੀ ਕੁਹਾੜਾ। [6]ਤਮੰਚਹ, ਤੁਰਕੀ ਵਿਚ ਪਸਤੌਲ ਵਰਗੇ ਇਕ ਸ਼ਸਤ੍ਰ ਦਾ ਨਾਮ ਹੈ। [7]ਬੰਦੂਕ। [8]ਬਰਛਾ। [9]ਧਨੁਖ। [10]ਲੰਮੀ ਬਰਛੀ, ਭਾਲੇ ਤੋਂ ਛੁਟੇਰੀ। (ਅ) ਬਰਛੀ ਜੋ ਸੁਟਕੇ ਮਾਰੀ ਦੀ ਹੈ। [11]ਘੋੜੇ (ਤੇ)। [12]ਪਾਵੇਂਗਾ ਤੂੰ। [13]ਘੋੜੇ ਤੇ ਨੌਕਰ, (ਅ) ਘੋੜਿਆਂ ਦੇ ਨੌਕਰ, ਸਾਈਸ। [14]ਛੋਲਿਆਂ ਦਾ ਦਾਣਾ। [15]ਚੰਚਲਾਂ ਨੂੰ ਆਟਾ, ਘਿਉ, ਮਿੱਠਾ ਭਾਵ ਨਿਹਾਰੀ।

ਸੰਯੁਕਤਿ ਤਿਮ ਗੇ ਸ੍ਰੀ ਹਰਿ ਗੋਵਿੰਦ॥੧॥ਚੌਪਈ॥ ਦੇਖਿ ਦੂਰ ਤੇ ਸੁਤ ਕੀ ਸ਼ੋਭਾ। ਮਨਹੁਂ ਅਨੰਦ ਕੀ ਆਵਤਿ ਗੋਭਾ[1]। ਨਿਕਟ ਪਹੁੰਚ ਕਰਿ ਬੰਦਨ ਠਾਨੀ। ਆਸ਼ਿਖ ਦੀਨਿ ਕਹੀ ਮ੍ਰਿਦੁ ਬਾਨੀ॥੨॥ ਚਿੱਤ੍ਰਿਤਿ ਜ਼ਰੀ ਮਖ਼ਮਲੀ ਮਢਨੋ। ਅੰਤਰ ਤੇ ਦਾਸੀ ਦ੍ਰਿਤਿ ਕਢਨੋ। ਬੈਠਿ ਮੋਹਿਰੇ[2]ਪਰ ਢਿਗ ਮਾਤਾ। ਬੋਲੀ ਅਨੰਦ ਮੇਯ ਨਹਿਂ ਗਾਤੋ[3]॥੩॥'ਕਹੁ ਸੁਤਿ! ਸੰਗਤਿ ਕੇਤਿਕ ਆਈ?। ਦੇਸ਼ਨਿ ਕੇ ਮਸੰਦ ਸਮੁਦਾਈ। ਲੇ ਉਪਹਾਰਨਿ ਮਿਲੇ ਕਿ ਨਾਂਹੀ ?।ਜਿਮ ਪੂਰਬ ਤੁਮ ਪਿਤ ਕੋ ਪਾਹੀ?'॥੪॥ਸ੍ਰੀ ਹਰਿ ਗੋਵਿੰਦ ਸਕਲ ਬਤਾਯੋ।'ਬ੍ਰਿੰਦ ਮਸੰਦਨਿ ਕੋ ਸਭਿ ਆਯੋ। ਅਧਿਕ ਦੂਰ ਨਹਿਂ ਪਹੁੰਚੇ ਜੋਈ[4]। ਆਵਤਿ ਚਲੇ ਇਤਹੁਂ ਸਭਿ ਕੋਈ॥੫॥ ਸ਼ਸਤ੍ਰ ਬਸਤ੍ਰ ਅਰੁ ਚਪਲ ਤੁਰੰਗ। ਆਨੇ ਸਿੱਖਨਿ ਸ਼ਰਧਾ ਸੰਗ। ਅਧਿਕ ਪ੍ਰਸੰਨ ਕੀਨਿ ਮਨ ਮੋਰਾ। ਕਿਨ ਹੱਥਯਾਰ ਦੀਨਿ,ਕਿਨ ਘੋਰਾ॥੬॥ ਸੈਨ ਸਕੇਲੈਂ ਕੇਤਿਕ ਦਿਨ ਮੈਂ।ਜੋਧਾ ਅਚਲ ਰਹਹਿਂ ਜੋ ਰਨ ਮੈਂ।ਅਪਰ ਉਪਾਇਨ ਕੇ ਅੰਬਾਰ। ਸਿੱਖਨਿ ਅਰਪੀ ਸ਼ਰਧਾ ਧਾਰਿ ॥੭॥ ਸ੍ਰੀ ਨਾਨਕ ਸਿੱਖੀ ਬਿਦਤਾਈ। ਦੇਸ਼ ਬਿਦੇਸ਼ਨਿ ਅਵਿਨੀ ਛਾਈ'। ਸੁਨਿ ਮਾਤਾ ਸੁਖ ਪਾਇ ਘਨੇਰਾ।-ਗੁਰੁਤਾ ਭਾਰ ਉਚਿਤ ਸੁਤ ਮੇਰਾ ॥੮॥ ਦੁਇ ਸ਼ਮਸ਼ੇਰ ਗਰੇ ਸਮ ਸ਼ੇਰ[5]। ਕਟ ਨਿਖੰਗ ਕਰ ਮਹਿਂ ਧਨੁ ਹੇਰਿ[6]। ਸ਼ਸਤ੍ਰਨ ਸਹਤ ਡੀਲ ਬਰ ਬੰਕਾ[7]। ਸੁਖਦ ਸੇਵਕਨਿ ਰਿਪੁਨਿ ਅਤੰਕਾ[8]॥੯॥ਨਿਕਟ ਮਾਤ ਕੇ ਕੇਤਿਕ ਕਾਲਾ। ਨਮੋ ਕਰੀ ਉਠਿ ਆਇ ਕ੍ਰਿਪਾਲਾ। ਨਿਜ ਬੈਠਿਕ ਮਹਿਂ ਥਿਰਹਿਂ ਪ੍ਰਯੰਕਾ। ਸ਼ਸਤ੍ਰ ਉਤਾਰਿ ਗੁਰੂ ਅਕਲੰਕਾ ॥੧੦ ॥ ਦੁਇ ਘਟਿਕਾ ਲਗਿ ਸੁਖ ਮਹਿਂ ਆਏ। ਬਹੁਰ ਉਠੇ ਲੋਚਨ ਬਿਕਸਾਏ।ਸੁੱਖਾ ਛਕ*ਸੁਚੇਤ ਪੁਨ ਹੋਵੈਂ। ਚਢਿ ਤੁਰੰਗ ਪਰ ਬਾਹਰ ਜੋਵੈਂ[9] ॥ ੧੧ ॥ ਕਰਹਿਂ ਅਖੇਰਬ੍ਰਿੱਤ[10] ਕੀ ਲੀਲਾ। ਧਰਹਿਂ ਸ਼ਸਤ੍ਰ ਕਰਿ ਅੰਗ ਛਬੀਲਾ। ਆਇ ਅਕਾਲ ਤਖ਼ਤਿ ਪਰ ਸੋਹੈਂ। ਲਗਹਿ ਦਿਵਾਨ ਪਿਖਹਿਂ ਮਨ ਮੋਹੈਂ ॥ ੧੨ ॥ ਸੋਦਰ ਚੌਂਕੀ ਸ਼ਬਦ ਸੁਨੰਤੇ। ਸੰਗਤਿ ਆਇ ਰੂਪ

---

[1]ਕੇਲੇ ਦੇ ਫੁਲ ਦੀ ਕਲੀ ਜੋ ਲਟਕਦੀ ਸੁੰਦਰ ਲਗਦੀ ਹੈ, ਕਲੀ (ਅ) ਗੇਂਦਲ। [2]ਮੂਹੜਾ (ਜੋ ਮਖਮਲ ਦੀ ਜ਼ਰੀ ਕਾਢ ਨਾਲ ਮੜ੍ਹਿਆ ਹੋਇਆ ਸੀ)। [3]ਅਨੰਦ ਮੌਂਵਦਾ ਨਹੀਂ ਸਰੀਰ ਵਿਚ। [4]ਜੋ ਬਹੁਤੇ ਦੁਰਾਡੇ ਹਨ ਸੋ ਨਹੀਂ ਪਹੁੰਚੇ। [5]ਦੋ ਤਲਵਾਰਾਂ ਗਲ ਵਿਚ, ਸ਼ੇਰ ਦੇ ਵਾਂਗ। [6]ਲੱਕ ਨਾਲ ਭੱਥਾ, ਹੱਥ ਵਿਚ ਧਨੁਖ ਦਿਖਾਈ ਦਿੰਦਾ ਹੈ। [7]ਬਾਂਕਾ ਅਤੇ ਸੁੰਦਰ। [8]ਵੈਰੀਆਂ ਨੂੰ ਭੈ ਦੇਣ ਵਾਲਾ। [9]ਦੇਖਦੇ ਹਨ। [10]ਸ਼ਿਕਾਰ।

*ਏਸ ਨਿਸ਼ਾਨ ਦੀ ਟੂਕ ਅਗਲੇ ਪੰਨੇ ਤੇ ਪੜ੍ਹੋ

ਦਰਸੰਤੇ। ਬਹੁਰ ਜਾਇ ਨਿਜ ਮਹਿਲ ਮਝਾਰਾ॥ਅਨਿਕ ਸ੍ਵਾਦ ਕੇ ਅਚਹਿਂ ਅਹਾਰਾ॥ ੧੩ ॥ ਜਾਮ ਗਏ ਜਾਮਨਿ ਸੁਪਤਾਵੈਂ। ਰਹੇ ਜਾਮ ਉਠਿ ਸੌਚਿ ਨਹਾਵੈਂ। ਇਸਿ ਬਿਧਿ ਕਰਿ ਹੈਂ ਨਿਤ ਬਿਵਹਾਰੂ। ਦਿਨ ਪ੍ਰਤਿ ਬਲੀ ਹੋਤਿ ਦੁਤਿ ਚਾਰੂ ॥ ੧੪ ॥ ਮਾਝੇ ਦ੍ਵਾਬੇ ਦੇਸ਼ ਮਝਾਰੀ॥ ਸੁਧਿ ਪਸਰੀ ਸਤਿਗੁਰ ਕੀ ਸਾਰੀ। 'ਭਏ ਸ਼ਸਤ੍ਰ ਧਾਰੀ ਬਲਿ ਭਾਰੀ॥ ਸੈਨ ਸਕੇਲਨਿ ਕਰਤਿ ਉਚਾਰੀ' ॥ ੧੫ ॥ ਸੁਨਿ ਦੋਨਹੁਂ ਦੇਸ਼ਨਿ ਕੇ ਜੋਧਾ। ਲਰਹਿਂ ਮਰਹਿਂ ਮਾਰਹਿਂ ਧਰਿ ਕ੍ਰੋਧਾ। ਇਕਠੇ ਹੋਇ ਚਾਰ ਸੈ ਸੂਰ। ਹੇਤੁ ਜੀਵਕਾ ਆਇ ਹਦੂਰ ॥੧੬॥ ਥਿਰੇ ਤਖਤ ਪਰ ਸਤਿਗੁਰੁ ਹੇਰੇ॥ ਸਭਿਹਿਨਿ ਬੰਦਨ ਕਰਿ ਤਿਸ ਬੇਰੇ॥ ਬੈਠੇ ਨਹੀਂ ਖਰੇ ਸਭਿ ਰਹੇ॥ ਪਿਖਿ ਸ੍ਰੀ ਹਰਿ ਗੋਵਿੰਦ ਬਚ ਕਹੇ ॥੧੭॥'ਅਹੈਂ ਕੌਨ ? ਇਨ ਬੂਝਨਿ ਕਰੋ। ਠਾਂਢੇ ਕੌਨ ਮਨੋਰਥ ਧਰੋ?'। ਜਾਇ ਮੇਵਰੇ ਬੂਝਨਿ ਕੀਨੋ॥'ਕੌਨ ਦੇਸ਼ ਤੇ ਆਇ ਨਵੀਨੋ?॥੧੮॥ ਠਾਂਢੇ ਰਹੇ ਕਹਹੁ ਨਿਜ ਕਾਜਾ। ਪੂਛਤਿ ਆਪ ਗਰੀਬਿ ਨਿਵਾਜਾ'। ਹਾਥ ਜੋਰਿ ਕਰਿ ਦੀਨਿ ਸੁਨਾਇ। 'ਹੇਤ ਜੀਵਕਾ ਹਮ ਚਲਿ ਆਏ ॥ ੧੯ ॥ ਦੋਨਹੁਂ

ਪਿਛਲੇ ਪੰਨੇ ਦੇ* ਨਿਸ਼ਾਨ ਦੀ ਟੂਕ ਇਹ ਹੈ:–

*ਸੁੱਖੇ ਦਾ ਰਿਵਾਜ ਖਾਲਸੇ ਵਿਚ ਦਸਵੇਂ ਸਤਿਗੁਰਾਂ ਤੋਂ ਮਗਰੋਂ ਮਹਾਨ ਕਸ਼ਟਾਂ ਦੇ ਸਮੇਂ ਟੁਰਿਆ ਸੀ, ਜਦੋਂ ਦਿਨ ਰਾਤ ਦੇ ਜੁੱਧ ਜੰਗ, ਥਕੇਵੇਂ, ਮੁਸ਼ਕਲਾਂ, ਭਾਜੜਾਂ, ਫਾਕੇ ਕੜਾਕੇ ਰਹਿਣ ਲਗੇ ਤੇ ਸਰੀਰਾਂ ਨੇ ਬੀ ਥੱਕ ਕੇ ਰਹਿ ਜਾਣਾ, ਤਦੋਂ ਢਿੱਲੇ ਹੋਏ ਮਨਾਂ ਨੂੰ ਸੁਖ ਦੇਣ ਲਈ ਭੰਗ ਦੀ ਕਦੇ ਕਦਾਈਂ ਦੀ ਵਰਤੋਂ ਟੁਰੀ, ਜੋ ਖਾਸ ਨਿਹੰਗਾਂ ਸਿੰਘਾਂ ਵਿਚ ਤਾਂ ਠਾਣਾਂ ਹੀ ਲਾ ਬੈਠੀ ਤੇ ਐਨੀਂ ਵਧੀ ਕਿ ਉਸ ਸੰਪ੍ਰਦਾ ਨੂੰ ਹੀ ਨਿਰਬਲ ਕਰ ਗਈ। ਚੜ੍ਹਦੀ ਜਵਾਨੀ ਵਿਚ ਜਿਸ ਤ੍ਰਿਕਾਲੱਗ ਸੂਰਮੇਂ ਦੇ ਸਾਹਮਣੇ ਪ੍ਰਜਾ ਪੀੜਤ ਹੋ ਰਹੀ ਹੈ ਜੋ ਸਾਰੇ ਸੁਖਾਂ ਦੇ ਹੁੰਦਿਆਂ ਜੰਗੀ ਜੀਵਨ ਵਿਚ ਕਦਮ ਧਰਨ ਲੱਗਾ ਹੈ, ਭੰਗ ਦੀ ਨਿਰਬਲ ਕਰਨ ਵਾਲੀ ਵਰਤੋਂ ਕਦੋਂ ਜਾਰੀ ਕਰ ਸਕਦਾ ਹੈ ? ਕਵੀ ਜੀ ਆਪ ਸੁੱਖੇ ਦਾ ਹੁਕਮ ਦਸਵੇਂ ਪਾਤਸ਼ਾਹ ਦੇ ਸਮੇਂ ਹੋਇਆ ਦੱਸਦੇ ਹਨ, ਜਿਸ ਤੋਂ ਇਹ ਤਾਂ ਸਿੱਧ ਹੋ ਗਿਆ ਕਿ ਛੇਵੇਂ ਸਤਿਗੁਰਾਂ ਵੇਲੇ ਨਹੀਂ ਹੋਇਆ, ਤੇ ਨਾ ਸਤਿਗੁਰ ਆਪ ਪੀਂਦੇ ਸੇ। ਦੇਖੋ ਰੁਤ ੩, ਅੰਸੂ ੨੧, ਅੰਕ ੪੧। ਫੇਰ ਰੁਤ ੫, ਅੰਸੂ ੨੮, ਅੰਕ ੨੩ ਵਿਚ ਦਸਵੇਂ ਪਾਤਸ਼ਾਹ ਜੀ ਆਪ ਭੰਗ ਨੂੰ ਹਾਨੀਕਾਰਕ ਨਸ਼ਿਆਂ ਵਿਚ ਗਿਣਦੇ ਹਨ ਤੇ ਦੱਸਦੇ ਹਨ ਕਿ ਇਹ ਪੀਣ ਵਾਲੇ ਦੇ ਸਰੀਰ ਨੂੰ ਦਗਧ ਕਰਨ ਵਾਲੀ ਹੈ। ਯਥਾ:–'ਮਦਰਾ ਦਹਿਤਾ ਸਪਤ ਕੁਲ ਭੰਗੁ ਦਹੈ ਤਨ ਏਕ'। ਆਦਿ ਗੁਰੂ ਜੀ ਨੇ ਭਉ ਦੀ ਭੰਗ ਲਿਖੀ ਹੈ, ਯਥਾ:–'ਭਉ ਤੇਰਾ ਭਾਂਗ ਖਲੜੀ ਮੇਰਾ ਚੀਤੁ' ਪਰਮੇਸ਼ੁਰ ਦੇ ਭਉ ਨੂੰ ਭੰਗ ਬਣਾਓ, ਨਸ਼ੇ ਵਾਲੀ ਭੰਗ ਨਾ ਪੀਓ।

ਦੇਸ਼ਨਿ ਕੇ ਹਮ ਵਾਸੀ। ਚਾਹਤਿ ਰਿਦੇ ਰਹਨਿ ਗੁਰ ਪਾਸੀ'। ਆਨਿ
ਹਜ਼ੂਰ ਕਰੀ ਅਰਦਾਸ। 'ਬਿਤਿ[1]ਹਿਤ ਚਹਤਿ ਰਹਤਿ ਤੁਮ ਪਾਸ' ॥੨੦॥
ਤਬਿ ਸਤਿਗੁਰੁ ਨੇ ਸਭਿ ਬਿਧਿ ਜਾਨੀ।–ਜਨਮ ਧਰ੍ਯੋ ਸੁਰ ਗਨ ਜਗ
ਆਨੀ। ਬ੍ਰਿੰਦ ਗ੍ਰਾਮ ਪੁਰਿ ਮਹਿਂ ਸਮੁਦਾਇ। ਬਹੁ ਜਾਤਿਨਿ ਕੇ ਘਰ ਜਨ-
ਮਾਇ ॥੨੧॥ ਦਿਜ,ਬਾਹਜ,ਬਿਟ[2],ਸ਼ੂਦ੍ਰਨਿ ਧਾਮੂ। ਲੀਨਸਿ ਜਨਮ ਹਮਾਰੇ
ਕਾਮੂ। ਸੋ ਅਬਿ ਸੁਧਿ ਕਰਿ ਸਭਿ ਚਲਿਆਏ। ਹਨਹਿਂ ਤੁਰਕ ਗਨ ਜੰਗ
ਮਚਾਏ–॥੨੨॥ ਕਰ੍ਯੋ ਹੁਕਮੁ 'ਸਭਿਹਿਨਿ ਲਿਹੁ ਰਾਖਿ। ਦੇਗ ਬਿਖੈ ਦਿਹੁ
ਭੋਜਨ ਭਾਖਿ'। ਨਿਕਟ ਬੁਲਾਇ ਬਿਲੋਕਨਿ ਕਰੇ। ਨਈ ਬੈਸ[3] ਸਭਿ
ਕੀ, ਬਲ ਭਰੇ ॥ ੨੩ ॥ ਕਿਸ ਕੇ ਸ਼ਮਸ[4] ਅਲਪ ਹੀ ਆਈ। ਕਿਸ ਕੇ
ਨਹਿਂ, ਇਕ ਸਮ ਸਮੁਦਾਈ[5]। ਬੀਸ ਪਚੀਸਨਿ[6] ਬੈਸ ਸਰੀਰ। ਸ਼ਸਤ
ਸੁ ਬਸਤ੍ਰ ਨਹੀਂ ਕਿਸ ਤੀਰ॥੨੪॥ਜਿਨਕੋ ਤੁਰਕ ਗਵਾਰ ਕਹੰਤੇ।ਨਹਿਨ
ਚਾਕਰੀ ਹੇਤੁ ਰਖੰਤੇ। ਸਭਿ ਸਤਿਗੁਰੁ ਸੋ ਰਾਖਨਿ ਕਰੇ। ਬਸਤ੍ਰ ਸ਼ਸਤ੍ਰ ਦੇ
ਸ਼ੁਭਤਾ ਧਰੇ॥੨੫॥ਰਹਨਿ ਲਗੇ ਸਤਿਗੁਰ ਕੇ ਤੀਰ।ਆਯੁਧ ਬਿੱਦ੍ਯਾ ਨਿਤ
ਕਰਿ ਬੀਰ। ਖੰਡੇ ਖੜਗ ਤੁਫੰਗ ਕਮਾਨ। ਸਭਿ ਕੋ ਦੇ ਕੀਨੇ ਸਵਧਾਨ ॥
੨੬ ॥ ਬਹੁਰੋ ਬਖਸ਼ੇ ਸਭਿਨਿ ਤੁਰੰਗ। ਹੁਇ ਅਸਵਾਰ ਚਢਹਿਂ ਨਿਤ ਸੰਗ।
ਵਹਿਰ ਅਖੇਰ ਗੁਰੂ ਜਬਿ ਜਾਵੈਂ।ਆਯੁਧ ਬਿੱਦ੍ਯਾ ਤਿਨਹਿਂ ਸਿਖਾਵੈਂ॥੨੭॥
ਦਿਨ ਪ੍ਰਤਿ ਵਹਿਰ ਅਖੇਰ ਕਰੰਤੇ। ਤੀਰ ਤੁਫੰਗਨਿ ਬ੍ਰਿੰਦ ਛੁਟੰਤੇ। ਬਾਜ,
ਕੁਹੀ, ਜੁਰਰੇ[7], ਬਡ ਸ੍ਵਾਨ[8]। ਚੀਤੇ,ਸ੍ਯਾਹਗੋਸ਼[9] ਬਲਵਾਨ॥੨੮॥ਲਗਰ,
ਝਗਰ, ਸ਼ਿਕਰੇ[7], ਗਨ ਸੰਗ। ਕਰਹਿਂ ਅਖੇਰ ਧਵਾਇ ਤੁਰੰਗ। ਸ਼ਸਤ੍ਰ
ਧਰਨਿ ਕੋ ਸੁਜਸੁ ਉਦਾਰ।ਫੈਲ੍ਯੋ ਸਗਰੇ ਦੇਸ਼ ਮਝਾਰ॥੨੯॥ਸੁਨਿਅਬਿਦੁਲ
ਢਾਢੀ ਚਲਿ ਆਯੋ। ਭਏ ਸੁਭਟ ਤਿਨ ਕੋ ਜਸੁ ਗਾਯੋ। ਜਿਸ ਕੇ ਸੁਨਤਿ
ਬੀਰ ਰਸ ਜਾਗੇ।ਕਾਇਰ ਸੋ ਪਿ ਲਰੇ ਨਹਿਂ ਭਾਗੇ॥੩੦॥ਨਿਜ ਸੁਭਟਾਨਿ[10]
ਸੁਨਾਵਨਿ ਕਾਰਨ।ਕਰਹਿਂ ਜੰਗ ਜੈਸੇ ਬਡ ਦਾਰੁਨ।ਅਬਿਦੁਲ ਕੋ ਚਾਕਰ
ਕਰਿ ਰਾਖ੍ਯੋ। ਦਰਬ ਦਿਵਾਇ ਮਸੰਦਨਿ ਭਾਖ੍ਯੋ ॥ ੩੧ ॥ ਬਲੀ ਤੁਰੰਗ
ਦਿਯੋ ਹਿਤ ਚਰਿਬੇ[11]। ਸੁਭਟਨਿ ਵਾਰਿ ਸੁਨਾਵਨਿ ਕਰਿਬੇ। ਇਮਿ ਦਿਨ
ਪ੍ਰਤਿ ਗੁਰੁ ਸੈਨ ਸਕੇਲੇ। ਸੰਗਤਿ ਗਨ ਪਹੁੰਚਹਿ ਕਰਿ ਮੇਲੇ ॥੩੨॥ ਵਧ੍ਯੋ

[1]ਉਪਜੀਵਕਾ। [2]ਬ੍ਰਹਮਣ ਖੱਤ੍ਰੀ ਤੇ ਵੈਸ਼ [ਸਿਸਃ, ਬਿਟ]। [3]ਨਵੀਂ ਆਯੂ। [4]ਦਾੜ੍ਹੀ। [5]ਇੱਕੋ ਜਿਹੇ ਸਾਰੇ। [6]ਵੀਹ ਪੱਚੀ (ਸਾਲਾਂ ਦੀ)। [7]ਬਾਜ ਦੀ ਕਿਸਮ ਦੇ ਸ਼ਿਕਾਰੀ ਪੰਛੀਆਂ ਦੇ ਨਾਮ। [8]ਕੁੱਤੇ। [9]ਇਕ ਸ਼ਿਕਾਰੀ ਜਾਨਵਰ ਦਾ ਨਾਮ। [10]ਸੂਰਮਿਆਂ ਨੂੰ। [11]ਚਰ੍ਹਨ ਲਈ।

ਸਮਾਜ ਅਧਿਕ ਸਭਿ ਭਾਂਤੀ । ਸੁਨਿ ਪਿਖਿ ਮਾਤਾ ਸੀਤਲ ਛਾਤੀ।
ਆਇ ਉਪਾਇਨ ਪੂਜਾ ਹੋਤੇ । ਬਡ ਪੀਰਨਿ ਕੇ ਪੀਰ ਉਦੋਤੇ॥੩੩॥ਚਢੈਂ
ਸੈਨ ਸੰਗ ਸੁਭਟ ਪ੍ਰਬੀਨ। ਇਹਿ ਮੀਰਨਿ ਕੀ ਮੀਰੀ ਲੀਨਿ। ਆਇੰ
ਅਕੋਰੈਂ ਸ਼ਸਤ੍ਰ ਤੁਰੰਗ। ਅਧਿਕ ਚਮੂੰ ਬ੍ਰਿਧਤਿ ਚਢਿ ਸੰਗ ॥੩੪॥ ਚਲਤਿ
ਅਗਾਰੀ ਬਜਹਿ ਨਿਸ਼ਾਨਾ। ਝੰਡਾ ਝੂਲਤਿ ਖਰੋ ਮਹਾਨਾ। ਦਿਨਪ੍ਰਤਿ
ਉਤਸਵ ਹੋਤਿ ਨਵੀਨੇ। ਬਡੇ ਭਾਗ ਜਿਨਿ ਦੇਖਨਿ ਕੀਨੇ ॥ ੩੫ ॥ ਦੀਪ-
ਮਾਲਕਾ ਬਹੁਰੋ ਆਈ।ਚਹੁੰਦਿਸ਼ ਤੇ ਸੰਗਤਿ ਉਮਡਾਈ।-ਮੱਜਨ ਕਰਹਿਂ
ਸੁਧਾਸਰ ਮੇਲੇ । ਖਸ਼ਟਮ ਸਤਿਗੁਰੁ ਪਿਖਹਿਂ ਸੁਹੇਲੇ ॥ ੩੬ ॥ ਬਾਜੀ[1]
ਸ਼ਸਤ੍ਰ ਭੇਟ ਲੇ ਹਰਖਤਿ-। ਧਾਂਤੇ ਲਜਾਵਤਿ ਨੀਕੇ ਪਰਖਤਿ। ਪ੍ਰਿਥਕ
ਹੋਤਿ ਪੂਜਾ ਹਰਿਮੰਦਰ। ਬੈਠਹਿਂ ਤਖਤਿ ਆਪ ਬਨਿ ਸੁੰਦਰ ॥੩੭॥ ਗਨ
ਮਸੰਦ ਸੰਗਤਿ ਸੰਗਿ ਲੀਏ। ਬੰਦਨ ਕਰਹਿਂ ਦਰਸ ਚਿਤ ਦੀਏ। ਦੱਖਨ
ਦਿਸ਼ ਤੇ ਕਿਸ ਮਹਿਪਾਲਾ। ਇਕ ਗਜ ਭੇਜਯੋ ਬਲੀ ਬਿਸਾਲਾ ॥ ੩੮ ॥
ਸ਼ਸਤ੍ਰ ਤੁਰੰਗ ਬ੍ਰਿੰਦ ਤਬਿ ਆਏ। ਪੂਰੇ ਭਾਵਨੀ ਗੁਰੁ ਅਰਪਾਏ। ਸ੍ਰੀ ਹਰਿ-
ਗੋਬਿੰਦ ਰਿਦੇ ਬਿਚਾਰੈਂ।-ਸਿੱਖਨਿ ਬਿਖੈ ਰੀਤਿ ਅਬਿ ਡਾਰੈਂ-॥੩੯॥ਤਿਸਿ
ਕਾਰਨ ਤੇ ਬਾਕ ਉਚਾਰਾ।'ਗੁਰੁਪਿਤਾ ਹਿਤ ਕੀਜਹਿ ਤਯਾਰਾ।ਇਕ ਹਾਥੀ
ਅਰੁ ਪੰਚ ਤੁਰੰਗ।ਸ਼ਸਤ੍ਰ ਬਸਤ੍ਰ ਬਹੁ ਬਿਧਿ ਕੇ ਸੰਗ'॥੪੦॥ਖਰੇ ਹੋਇ ਕਰਿ
ਤਖਤ ਅਗਾਰੀ। ਪਿਤਾ ਧਯਾਨ ਕੋ ਧਰਿ ਤਿਸ ਬਾਰੀ। ਲੇ ਕਰਿ ਹੁਕਮ
ਖਰੋ ਗੁਰਦਾਸ। ਕਹਿ ਗੁਰੁ ਨਾਮ ਕੀਨਿ ਅਰਦਾਸ ॥੪੧॥ਅਰਪੀ[2] ਵਸਤੂ
ਲੀਨਿ ਸੰਭਾਰੀ। ਗਜ ਢਾਢੀ ਕੋ ਹਿਤ ਅਸਵਾਰੀ। ਲੇ ਤਿਨ ਸੁਜਸੁ
ਗੁਰੂ ਕੋ ਕਰਯੋ। 'ਤੀਨ ਲੋਕਪਤਿ ਪ੍ਰਭੁ ਅਵਤਰਯੋ' ॥ ੪੨ ॥ ਬਹੁਰ ਗਏ
ਸਤਿਗੁਰੁ ਹਰਿਮੰਦਿਰ। ਬਸਤ੍ਰ ਤੁਰੰਗ ਦਿਏ ਬਹੁ ਸੁੰਦਰ । ਸ੍ਰੀ ਮੁਖ ਤੇ
ਫੁਰਮਾਵਨਿ ਕੀਨੇ। 'ਜੋ ਇਹ ਰੀਤਿ ਕਰਹਿ ਸਿਖ ਚੀਨੇ॥੪੩॥ ਅਰਪਹਿ
ਵਸਤੁ ਜਿ ਮ੍ਰਿਤਕ ਪਿਛਾਰੀ। ਹੋਇ ਅਖੈ ਫਲ ਬਹੁ ਤਿਸਿ ਬਾਰੀ। ਪ੍ਰਾਪਤਿ
ਸੁਖ ਪਰਲੋਕ ਮਝਾਰ।ਮਿਟਹਿ ਸਜਾਇ ਅਘੀ[3] ਹੁਇ ਭਾਰ॥੪੪॥ਕਰਹਿ
ਰੀਤਿ ਸਿਖ ਹੈ ਜਿ ਹਮਾਰੋ। ਜਥਾ ਸ਼ਕਤਿ ਅਰਪਹਿ ਸੁਖ ਭਾਰੋ' । ਨਿਜ
ਪਿਤ ਹਿਤ ਕੇ ਮਿਸਿ ਬਿਦਤਾਈ*। ਜਿਮ ਸਿੱਖਨਿ ਕੋ ਹੁਇ ਸੁਖਦਾਈ
॥੪੫॥'ਧੰਨਿ ਧੰਨਿ' ਸਭਿਹੂਨਿ ਉਚਾਰੀ।ਮਹਾਂ ਬਲੀ ਸਤਿਗੁਰ ਉਪਕਾਰੀ

[1]ਘੋੜੇ। [2]ਅਰਪੀਆਂ ਹੋਈਆਂ। [3](ਜੋ)ਪਾਪੀ। *ਭਾਵ ਸਿਖਾਂ ਨੂੰ ਦਾਨ ਦੇਣ ਦੀ ਰੀਤੀ ਪ੍ਰਗਟ ਕੀਤੀ।

ਅਧਿਕ ਚਮੂੰ ਕੀਨੀ ਨਿਜ ਸੰਗ। ਬਖਸ਼ੇ ਆਯੁਧ ਬ੍ਰਿੰਦ ਤੁਰੰਗ ॥ ੪੬ ॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰਾਸੇ 'ਸਤਿਗੁਰੂ ਬਿਲਾਸ' ਪ੍ਰਸੰਗ ਬਰਨਨੰ ਨਾਮ ਚਤੁਰ ਚੱਤ੍ਵਾ ਰਿੰਸਤੀ ਅੰਸੂ ॥ ੪੪ ॥

੪੫. [ਉਤਸਾਹ, ਬਖਸ਼ਿਸ਼ ਆਦਿਕ ਬਿਲਾਸ]।

ਦੋਹਰਾ ॥ ਗੁਰੂ ਗਰੀਬ ਨਿਵਾਜ ਤਬਿ ਨਾਮ ਅਪਨ ਬਿਦਤਾਇ। ਰਾਖੇ ਸੰਗ ਗਰੀਬ ਜਨ ਬਖਸ਼ਿਸ਼ ਦੇ ਬਡਿਆਇ ॥੧॥ ਚੌਪਈ ॥ ਬਿੱਦ੍ਯਾ ਸ਼ਸਤ੍ਰਨਿ ਕੀ ਬਹੁ ਪਾਈ। ਤੁਪਕ ਚਲਾਇ ਤੁਰੰਗ ਧਵਾਈ। ਤੋਮਰ ਹਨਹਿਂ ਖਤੰਗ[1] ਪ੍ਰਹਾਰਹਿਂ। ਹਿਤ ਅਖੇਰ ਬਨ ਜੀਵ ਸੰਘਾਰਹਿਂ ॥੨॥ ਧੌਂਸਾ ਧੁੰਕਾਰਤਿ ਪੁਨ ਆਵੈਂ।ਆਵਤਿ ਕੋ ਨਰ ਦੇਖਨਿ ਧਾਵੈਂ[2]।ਸੁਨਹਿਂ ਸੁਜਸੁ ਰਹਿਬੇ ਹਿਤ ਸੂਰ। ਦੂਰਿ ਦੂਰਿ ਤੇ ਆਇਂ ਹਦੂਰ॥੩॥ ਕਬਹੁਂ ਪੰਚ ਕਬਿ ਦਸ ਕੋ ਰਾਖੈਂ।ਪਰਹਿਂ ਸ਼ਰਨਿ ਜੇ ਬਿਤਿ ਅਭਿਲਾਖੈਂ[3]। ਦਯਾ ਕਰਹਿਂ ਬਖਸ਼ਹਿਂ ਸੁਖ ਸਾਰੋ।ਬਸਤ੍ਰ ਸ਼ਸਤ੍ਰ ਅਸੁ[4] ਰੁਚਰਿ ਅਹਾਰੋ ॥ ੪ ॥ ਗੁਰੁ ਉਪਕਾਰ ਜਾਨਿ ਕਰਿ ਬੀਰ। ਮਨ ਤੇ ਅਰਪਣੋ ਸਰਬ ਸਰੀਰ। ਜਹਿਂ ਗੁਰ ਕੋ ਕਾਰਜ ਬਨਿ ਜਾਇ। ਮਾਰਨਿ ਮਰਨਿ ਬਿਖੈ ਮੁਦਪਾਇਂ॥੫॥ਕਹੈਂ ਪਰਸਪਰ ਜੋਧਾ ਐਸੇ। 'ਹਮਹਿ ਮਿਲੇ ਪਤਿ ਰਘੁਬਰ ਜੈਸੇ*। ਸਰਬ ਮ੍ਰਿਗਨਿ ਤੇ ਜੋਨੀ ਹੀਨ[5]।ਕੋ ਕਾਰਜ ਕਬਿ ਬਨਹਿ ਕਿਸੀ ਨ ॥੬॥ ਅਸ ਬਾਨਰ ਬਨ ਮਹਿਂ ਗਨ ਹੇਰੇ†। ਤਿਨ ਪਰ ਕਰੁਨਾ ਧਾਰਿ ਘਨੇਰੇ। ਮਹਾਂਬਲੀ ਰਾਵਨ ਦਸ ਸੀਸ। ਪ੍ਰਾਕ੍ਰਮ[6]ਗਰਬ ਹਰਯੋ ਮਿਲਿ ਕੀਸ[7] ॥ ੭ ॥ ਤਿਨ ਸਮ ਸਭਿ ਬਾਤਨਿ ਤੇ ਹੀਨ। ਕ੍ਰਿਪਾ ਦ੍ਰਿਸ਼ਟਿ ਹਮ ਪਰ ਗੁਰੁ ਕੀਨਿ। ਜੋ ਕਹਿਵਾਇ ਜਹਾਨ ਪਨਾਹ[8]। ਤਿਨ ਕੇ ਸੰਗ ਜੰਗ ਕੀ ਚਾਹ ॥੮॥ ਹੀਨ ਜੂਨ ਬਾਨਰਨਿ[9] ਸਮਾਨ। ਜੇ ਨ ਕਰਹੁਗੇ ਰਣ ਘਮਸਾਨ। ਤੌ ਕੀਸਨਿ ਤੇ[9] ਹੀਨ ਅਹੈਂ ਕੋ। ਜਿਸ ਕੀ ਸਮਤਾ ਹਮਹਿ ਕਹੈ ਕੋ ॥੯॥ ਰਣ ਮਹਿਂ ਨ੍ਰਿਭੈ ਸ਼ੱਤ੍ਰ ਗਨ ਆਇ।ਹਤਹੁ ਸ਼ਸਤ੍ਰ,ਗੁਰੂ ਸੰਗ ਸਹਾਇ'। ਇਮ ਆਪਸਿ ਮਹਿਂ ਕਹਿ ਪ੍ਰਣ ਕਰੈਂ। ਅਧਿਕ ਬੀਰਤਾ ਕੋ ਉਰ ਧਰੈਂ ॥ ੧੦ ॥ ਵਹਿਰ ਅਰੁਢਹਿਂ ਗੁਰੂ ਸੁਨਾਵੈਂ[10]। 'ਤੁਮਰੇ ਹੁਕਮ[11] ਓਜ

---

[1]ਤੀਰ [ਫਾ:, ਖਦੰਗ]। [2]ਦੌੜਦੇ ਹਨ। [3]ਰੋਜ਼ੀ ਦੀ ਚਾਹ ਕਰਕੇ। [4]ਘੋੜਾ। [5]ਸਾਰੇ ਬਨ ਪਸ਼ੂਆਂ [ਸੰ:, ਮ੍ਰਿਗ=ਬਨ ਪਸ਼ੂ] ਤੋਂ ਤੁੱਛ ਜੋਨੀ ਵਾਲੇ (ਬਾਂਦਰ)। [6]ਬਲ। [7]ਬਾਂਦਰਾਂ ਨਾਲ ਮਿਲਕੇ। [8]ਜੋ 'ਜਹਾਂ ਪਨਾਹ' ਪਾਤਸ਼ਾਹ ਕਹਾਉਂਦਾ ਹੈ। [9]ਬਾਂਦਰਾਂ ਤੋਂ। [10]ਗੁਰੂ ਜੀ ਨੂੰ ਸੁਣਾਉਂਦੇ ਹਨ। [11](ਹੇ ਗੁਰੂ ਜੀ!) ਆਪ ਦੇ ਹੁਕਮ ਨਾਲ (ਅਸੀਂ)।

*ਭਾਵ (ਜਿਸ ਰਾਮਚੰਦ੍ਰ ਨੇ) ਸਭ ਪਸ਼ੂਆਂ ਤੋਂ ਨੀਵੇਂ, ਜਿਸ ਤੋਂ ਕਿਸੇ ਦਾ ਕਦੇ ਕੰਮ ਨਹੀਂ ਸੰਵਰਿਆ ਐਸੇ ਬਾਂਦਰਾਂ ਨੂੰ ਬਨ ਵਿਚ ਵੇਖਕੇ ਉਹਨਾਂ ਤੇ ਕ੍ਰਿਪਾ ਧਾਰ ਕੇ ਰਾਵਣ ਮਹਾਂ ਬਲੀ ਦਾ ਬਲ ਤੇ ਹੰਕਾਰ ਦੂਰ ਕੀਤਾ।

†ਪਾ:-ਅਸ ਬਨ ਮਹਿਂ ਹਰਿ ਕਪਿ ਗਨ ਹੇਰੇ।

ਦਿਖਰਾਵੈਂ। ਅਰਪਣੈ ਰਾਵਰ ਕੇ ਪਗ ਸੀਸ। ਤੁਮਹਿ ਪ੍ਰਵਾਹ ਨ ਹੇ ਜਗਦੀਸ਼! ॥ ੧੧ ॥ ਦੁਹਿ ਲੋਕਨਿ ਕੀ ਚਹਿ ਕੱਲਯਾਨ। ਪਰੇ ਸ਼ਰਨਿ ਰਾਵਰ ਕੀ ਆਨਿ'। ਇਸ ਬਿਧਿ ਬਹੁਤ ਬੀਰ ਰਸ ਵਧੇ। ਆਯੁਧ ਬਿੱਦਯਾ ਕੋ ਨਿਤ ਸਧੇ[੧] ॥੧੨॥ ਜੋਧਾ ਬ੍ਰਿੰਦ ਬਿਲੰਦ ਅਨੰਦਤਿ। ਗੁਰ ਸੁਖਕੰਦ ਬੰਦਿ ਕਰ ਬੰਦਤਿ। ਸਰਬ ਦਰਬ ਲੇ ਸਦਨ ਪੁਚਾਵੈਂ। ਭੋਜਨ ਦੇਗ ਬਿਖੇ ਨਿਤ ਖਾਵੈਂ ॥੧੩॥ ਸ਼ਸਤ੍ਰ ਬਸਤ੍ਰ ਬਖਸ਼ਹਿਂ[੨] ਭਟ ਗਨ ਕੋ। ਜੋ ਅਭਿਲਾਖਤਿ ਮਨ ਮਹਿਂ ਰਨ ਕੋ। ਇਮ ਨਿਤਪ੍ਰਤਿ ਅਤਿ ਚਿਤ ਉਤਸਾਹਤਿ। ਚਮੂੰ ਸਹਤ ਗੁਰ ਕਾਨਨ ਗਾਹਤਿ[੩] ॥੧੪॥ ਛੋਰਹਿਂ ਬਾਜ ਬਿਹੰਗ* ਪਕਰਾਵੈਂ। ਸ੍ਵਾਨਨਿ ਤੇ ਮ੍ਰਿਗ ਸਸਾ ਗਹਾਵੈਂ। ਗਨ ਜੋਧਾ ਆਯੁਧ ਤੇ ਮਾਰਹਿਂ।ਕਰਹਿਂ ਅਖੇਰ ਜੀਵ ਸੰਘਾਰਹਿਂ॥੧੫॥ਜਿਮ ਰਘੁਬਰੁ ਗਨ ਸੈਨ ਸਕੇਲੇ। ਸਰਜੂ[੪] ਤੀਰ ਅਖੇਰ ਸੁ ਖੇਲੇ। ਗਨ ਜਾਦਵ ਕੋ ਸੰਗ ਚਢਾਇ। ਜਥਾ ਕ੍ਰਿਸ਼ਨ ਕਾਨਨ ਫਿਰਿ ਆਇ ॥੧੬॥ਅਪਰ ਮਹਾਂ ਧਰਮਾਤਮ ਰਾਜੇ। ਬਿਚਰੇ ਬਨ ਅਖੇਰ ਬ੍ਰਿਤ ਕਾਜੇ†। ਤਿਮ ਸ਼੍ਰੀ ਸਤਿਗੁਰੁ ਹਰਿਗੋਵਿੰਦ। ਕਰਹਿਂ ਸ਼ਿਕਾਰ ਬਿਹਾਰ ਬਿਲੰਦ॥੧੭॥ਚਮੂੰ ਚਢਹਿ,ਨਭ ਮਹਿਂ ਰਜ ਛਾਵੈ।ਛੁਟੈਂ ਤੁਫੰਗਨਿ ਸ਼ਬਦ ਉਠਾਵੈਂ।ਮਹਾਂ ਕੁਦਾਇ ਪਲਾਇ ਤੁਰੰਗ। ਅਸ ਸ਼ੋਭਤਿ ਜਨੁ ਜਾਹਿਂ ਕੁਰੰਗ[੫]॥੧੮॥ਦਿਨਪ੍ਰਤਿ ਸਤਿਗੁਰ ਚਾਰੁ ਸ਼ਰੀਰ।ਬਲ ਜੁਤਿ ਬੰਧਹਿ ਰਿਦੇ ਬਹੁ ਧੀਰ। ਚਰਨ ਬਿਲੰਦ ਮ੍ਰਿਦੁਲ ਅਰਬਿੰਦ। ਨਖ਼ ਸੁੰਦਰ ਜੁਤਿ ਅੰਗੁਰੀ ਬ੍ਰਿੰਦ ॥੧੯॥ ਏਡੀ[੬] ਜੁਕਤ ਅਰੁਣ ਹੈ ਬਰਣ। ਗੁਲਫ ਉਤੰਗ ਸ਼ੁਭੋਪਰਿ ਚਰਣ[੭]।ਜਾਨੂੰ[੮] ਜੰਘ ਮਹਾਂ ਦ੍ਰਿਢ ਹੋਇ। ਮਨਹੁਂ ਓਜ ਕੇ ਥੰਭ ਖਰੋਇ ॥੨੦॥ ਆਯੁਤ ਛਾਤੀ ਅਤਿਸ਼ੈ ਗਾਢੇ। ਬੱਜ੍ਰ ਕਪਾਟਕਠਨਿ ਰਿਪੁ ਠਾਂਢੇ[੯]। ਉਦਰ ਸਤ੍ਰਿਵਲੀ ਸੁੰਦਰ ਸੋਹਤਿ।ਨਾਭਿ ਗੰਭੀਰ ਦਿਖਤਿ ਚਿਤ ਮੋਹਤਿ॥੨੧॥ਬਾਹੁ ਅਜਾਨ[੧੦] ਸੁ ਅਸ ਅਨੁਮਾਨੋ‡।ਸ਼ੁਭਤਿ ਕਰੀਕਰ[੧੧] ਬਲੀ ਮਹਾਨੋ।ਦਿਪਤਿ ਪ੍ਰਚੰਡ ਬਡੇ ਭੁਜਦੰਡ। ਮਨਹੁ ਬੱਜ੍ਰ ਕੇ ਇਹ ਜੁਗ ਖੰਡ[੧੨] ॥ ੨੨ ॥ ਤੁੰਗ

[੧]ਸ਼ਸਤ੍ਰ ਵਿਦਯਾ ਦੀ ਸਾਧਨਾਂ ਕਰਦੇ ਹਨ। [੨](ਗੁਰੂ ਜੀ) ਬਖ਼ਸ਼ਦੇ ਹਨ। [੩]ਬਨ ਨੂੰ ਗਾਹੁੰਦੇ ਹਨ। [੪]ਨਦੀ ਦਾ ਨਾਮ [ਸਂ:, ਸਰਯੁ]। [੫]ਮਾਨੋਂ ਹਰਨ ਜਾਂਦੇ ਹਨ। [੬]ਅੱਡੀ। [੭]ਉੱਚੇ ਗਿੱਟੇ ਚਰਣਾਂ ਉਪਰ ਸ਼ੋਭਦੇ ਹਨ। [੮]ਗੋਡੇ। [੯]ਖੜੇ ਸ਼ੱਤ੍ਰੂ ਦੇ (ਅੱਗੇ) ਬੱਜ੍ਰਵਤ ਕਠਨ ਤਖਤੇ ਹਨ ਅਥਵਾ ਖੜੇ ਤਖਤੇ ਹਨ। [੧੦]ਆਜਾਨੁ ਬਾਹੁ=ਬਾਹਾਂ ਗੋਡਿਆਂ ਤਕ ਲੰਮੀਆਂ। ਅਵਤਾਰ ਦੀ ਇਕ ਨਿਸ਼ਾਨੀ ਮੰਨੀ ਗਈ ਹੈ। [੧੧]ਹਾਥੀ ਦੀ ਸੁੰਡ। [੧੨]ਦੋ ਟੁਕੜੇ।

*ਪਾ:-ਬਿਹਰ।

†ਹਿੰਦੂ ਮਤ ਅਨੁਸਾਰ ਸ਼ਿਕਾਰ ਨੂੰ ਵਿਹਤ ਸਿੱਧ ਕਰ ਰਹੇ ਹਨ।

‡ਪਾ:-ਸੁ ਅਰਲਾ ਮਾਨੋ।

ਸਿਕੰਧਨਿ ਤੇ ਬਹੁ ਛੈਲ[੧]।ਜਿਮ ਕ੍ਰਿਖਿਚਰ ਸੂੰਨੋ ਬਡਿ ਬੈਲ[੨]।ਗ੍ਰੀਵਾ ਸਵਾ ਗਿਲਸ਼ਤਿ[੩]ਉਚੇਰੀ। ਮੁਕਤਾ ਹੀਰਨਿ ਦਿਪਤਿ ਘਨੇਰੀ॥੨੩॥ਚਿਬੁਕ ਚਾਰੁ ਚੌਰੀ ਕੁਛ ਗੋਲ। ਸੁੰਦਰ ਦਮਕਤਿ ਜੁਗਲ ਕਪੋਲ। ਅਧਰ ਮ੍ਰਿਦੁਲ ਅਰੁ ਲਾਲਬਿਸਾਲਾ। ਹੀਰਨਿ ਪੰਕਤਿ ਦੰਤ ਉਜਾਲਾ॥੨੪॥ ਮੁਸਕਾਵਤਿ ਐਸੇ ਦਮਕਾਵਤਿ। ਸੰਪੁਟ ਬਿੱਦ੍ਰਮ ਕਲੀ ਲਖਾਵਤਿ[੪]। ਮੁਖ ਮੰਡਲ ਆਧੁਤ ਦਿਪਤਾਵੈ। ਕਮਲ ਪ੍ਰਫੁੱਲਤਿ ਮਹਤ ਲਖਾਵੈ॥੨੫॥ ਸਾਰਦ ਚੰਦ[੫] ਮਨੋ ਸੁਖਕੰਦ। ਬਚਨ ਸੁਧਾ ਸ੍ਰਵਤੇ ਗਨ ਬੁੰਦ[੬]। ਦੀਰਘ ਦਰਸ਼ਨ ਦੇਖਤਿ ਭਾਵੈ। ਕੀਰ ਨਾਸਕਾ[੭] ਤੁੰਗ ਸੁਹਾਵੈਂ ॥ ੨੬ ॥ ਕੁੰਡਲ ਕਰਨ[੮] ਜਰਾਊ ਬਨੇ।ਡੋਲਤਿ ਰੁਚਿਰ, ਲਾਗਿ ਧਨ ਘਨੇ*।ਕਮਲ ਪਾਂਖੁਰੀ ਚਾਰੁ ਸਰੀਖੀ। ਆਂਖਿ ਬਡੀ ਜੁਗ ਤੀਖੀ ਤੀਖੀ॥੨੭॥ਬਰਨੀ ਕੁਟਿਲ, ਕੋਰ ਸਮ ਬਾਨਾ[੯]। ਤਿਰਛੀ ਚਿਤਵਨ[੧੦]ਕ੍ਰਿਪਾ ਨਿਧਾਨਾ। ਦੁੰਦਭਿ ਸੁਰ ਸੋਂ ਸ਼ਬਦ ਗੰਭੀਰ[੧੧]। ਉਪਦੇਸ਼ਤਿ ਸਿੱਖਨਿ ਬਰ ਬੀਰ॥੨੮॥ ਭ੍ਰਿਕੁਟੀ[੧੨] ਕੁਟਿਲ ਕਮਾਨ ਸਮਾ-ਨਾ। ਭਰਜੋ ਭਾਗ ਤੇ ਭਾਲ ਮਹਾਨਾ। ਮੇਚਿਕ ਚਿੱਕ੍ਰਨਿ[੧੩]†ਕੇਸ ਵਿਸ਼ੇਸ਼‡। ਸਿਰ ਉਸ਼ਨੀਕ ਸੁਹਾਇ ਅਸ਼ੇਸ਼ ॥ ੨੯ ॥ ਕਲਗ਼ੀ ਜਿਗਾ ਜ਼ੇਬ ਜਿਨ ਜਾਹਰ। ਜਬਰ ਜੋਤਿ ਜਗਮਗਤਿ ਜਵਾਹਰ। ਸਰਬ ਬਿਭੂਖਨ ਭੂਖਤਿ ਭਾਰੇ। ਬਰਣ ਬਰਣ ਬਰ ਬਸਤ੍ਰ ਸੁ ਧਾਰੇ॥੩੦॥ਧਨੁ ਬਿੱਦਯਾ[੧੪] ਅੱਭਯਾਸ ਕਮਾਵੈਂ। ਕਹਿ ਕਹਿ ਖਪਰੇ ਤੀਰ ਘਰਾਵੈਂ[੧੫]। ਧਰਿ ਧਰਿ ਮਾਰਹਿਂ ਦੂਰਿ ਨਿਸ਼ਾਨਾ। ਬਡੇ ਬੇਗ ਤੇ ਛੂਟਹਿਂ ਬਾਨਾ॥੩੧॥ਚਾਂਪ[੧੬]ਕਠੋਰ ਕਹਤਿ ਬਨਿ-

---

੧.੨ਸੁੰਞੀ (=ਰਾਖੀ ਹੀਨ) ਖੇਤੀ ਨੂੰ ਚਰਨ ਵਾਲੇ ਬੈਲ ਦੇ ਮੋਢਿਆਂ ਨਾਲੋਂ (ਮੋਢੇ) ਉੱਚੇ ਤੇ ਸੁਹਣੇ ਹਨ। ੩ਸਵਾ ਗਿੱਠ। ੪ਗੁਲੀਆਂ ਦੇ ਡੱਬੇ ਵਿਚ (ਚੰਬੇ ਦੀਆਂ) ਕਲੀਆਂ (ਜਿਵੇਂ) ਦਿੱਸਦੀਆਂ ਹੈਨ। ੫ਸਰਦ ਰੁਤ ਦਾ ਚੰਦ੍ਰਮਾਂ। ੬ਅੰਮ੍ਰਿਤ ਦੀਆਂ ਸਮੂਹ ਬੂੰਦਾਂ ਸ੍ਰਵਦੀਆਂ ਹਨ। ੭ਤੋਤੇ ਵਤ ਨਾਸਾਂ। ੮ਕੰਨਾਂ ਵਿਚ। ੯ਝਿੰਮਣੀਆਂ ਟੇਢੀਆਂ ਤੇ ਅੱਖਾਂ ਦੇ ਕੋਏ ਤੀਰ ਵਤ (ਤਿੱਖੇ)। ੧੦ਨਿਗਾਹ। ੧੧ਧੌਂਸੇ ਤੋਂ ਵੀ ਆਵਾਜ਼ ਗੰਭੀਰ ਹੈ। ੧੨ਭਰਵੱਟੇ। ੧੩ਕਾਲੇ ਤੇ ਚੀਕਣੇ। ੧੪ਧਨੁਖ ਵਿਦ੍ਯਾ। ੧੫ਘੜਾਂਵਦੇ ਹਨ। ੧੬ਧਨੁਖ। *ਕਵਿ ਜੀ ਸਰੀਰ ਦੀ ਸੁੰਦਰਤਾ ਤੇ ਬਲ ਵਧਦਾ ਦੱਸਕੇ ਸਰੀਰ ਦੇ ਅੰਗਾਂ ਦੀ ਮਹਿਮਾ ਵਿਚ ਗਏ ਹਨ। ਕੰਨਾਂ ਵਿਚ ਕੁੰਡਲਾਂ ਦਾ ਹਿਲਕੇ ਦਿਲ ਹਿਲਾਉਣ ਵਾਲਾ ਵਲਵਲਾ ਪੈਦਾ ਕਰਦਾ ਹੈ। ਇਸ ਨੂੰ ਆਪ ਨੇ ਸੁੰਦਰਤਾ ਤੇ ਪ੍ਰੇਮ ਦੇ ਨੁਕਤੇ ਤੋਂ ਲਿਖਿਆ ਹੈ, ਵਾਸਤਵ ਵਿਚ ਸਤਿਗੁਰੂ ਜੀ ਕੁੰਡਲ ਪਹਿਨਣ ਵਾਲੇ ਨਹੀਂ ਸਨ।

†ਪਾ:-ਚਿੱਕ੍ਰਨ। ‡ਦਸਮ ਗੁਰੂ ਜੀ ਤੋਂ ਪਹਿਲੇ ਸਤਿਗੁਰਾਂ ਦਾ ਕੇਸ਼ਾ ਧਾਰੀ ਹੋਣ ਦਾ ਸਬੂਤ ਹੈ।

ਵਾਵਹਿਂ। ਬਡ ਬਲ ਕਰਿ ਜੋ ਐਂਚਨੋ ਜਾਵਹਿ। ਸੰਮਤ ਏਕ ਬਿਤਹਿ ਪੁਨ ਕਹੈਂ। ਧਨੁ[1] ਦੁਗਨੋ ਵਿਢ ਕਰ ਮਹਿਂ ਗਹੈਂ ॥੩੨॥ ਜੰਗੀ ਤੀਰ ਫੁਲਾਦੀ ਖਪਰੇ।ਕਹਿ ਕਹਿ ਬਿੰਦ ਕਰਾਵਹਿਂ ਅਪਰੇ।ਹੇਰਿ ਹੇਰਿ ਤੀਖਨ ਬਡ ਤੀਰ। ਸ੍ਰੀ ਸਤਿਗੁਰੁ ਹਰਿ ਗੋਵਿੰਦ ਧੀਰ[2] ॥ ੩੩ ॥–ਤੁਰਕ ਸ਼ੱਤ੍ਰ ਗਨ ਅੰਗ ਮਝਾਰਾ। ਮਮ ਕਰ ਤੇ ਪ੍ਰਵਿਸ਼ਹਿਂ ਕਿਸ ਬਾਰਾ। ਕਬਹੁੰ ਜੰਗ ਮਹਿਂ ਹੋਇ ਨਿਸੰਗ। ਕਰੌਂ ਪ੍ਰਹਾਰਨਿ ਖਰਨਿ* ਖਤੰਗ[3]–॥ ੩੪ ॥ ਕਬਿ ਭੁਵੰਗ ਕੋ ਗਹੇ ਚਲਾਵੈਂ। ਮਾਰਿ ਲੱਛ ਕੌ[4] ਤਰੈ ਗਿਰਾਵੈਂ। ਮੁੰਗਰੀ ਗਹਿ ਭਾਰੀ ਕੋ ਫੇਰਹਿਂ। ਅਨਿਕ ਵਾਰਿ ਬਾਹਨਿ ਤੇ ਪ੍ਰੇਰਹਿਂ[5]॥੩੫॥ਸਰਬ ਨਰਨਿ ਤੇ ਡੀਲ ਬਡੇਰੋ। ਨਹਿਂ ਸਮ ਅਪਰ ਕਹੂ ਕਿਤ ਹੇਰੋ†। ਭੁਜਾ ਜੰਘ ਆਦਿਕ ਅੰਗ ਸਾਰੇ। ਕਰਹਿਂ ਸਰਾਹਨਿ ਮਿਲਹਿਂ ਨਿਹਾਰੇ ॥੩੬॥ ਦੂਰਿ ਦੂਰਿ ਕੇ ਮਾਨਵ ਆਵੈਂ। ਕਰਿ ਦਰਸ਼ਨ ਮਨ ਬਾਂਛਤਿ ਪਾਵੈਂ।ਪਿਖਿ ਸਰੂਪ ਕੋ ਮਨ ਬਿਰਮਾ-ਵੈਂ।ਮਿਲਿ ਆਪਿਸ ਮਹਿਂ ਕਹੈਂ ਸੁਨਾਵੈਂ।੩੭॥ 'ਅਵਿਨੀ ਪਰ ਸ਼ਰੀਰ ਨਰ ਕੋਈ।ਅਬਿ ਤੋ ਨਹਿਂ ਨ, ਭਵਿਖਜ ਨ ਹੋਈ।ਆਯੁਧ ਧਰਨਿ ਉਚਿਤ ਬਲ ਭਾਰੇ। ਰਣ ਮਹਿਂ ਰਿਸਹਿਂ ਜਿ ਸ਼ਸਤ੍ਰ ਪ੍ਰਹਾਰੇ ॥੩੮॥ ਕੋ ਅਸ ਸ਼ੱਤ੍ਰ ਕਰਹਿ ਨ ਤ੍ਰਾਸਾ। ਹਨੇ ਮੁਸ਼ਟ ਤੇ ਕਰਹਿਂ ਬਿਨਾਸ਼ਾ। ਸੁਨੀ ਕਥਾ[6] ਦ੍ਵਾਪੁਰੈ ਮਹਿ ਭਏ।ਪਾਂਡਵ ਪੰਚ ਮਹਾਂ ਬਲਿ ਥਏ।੩੯॥ਹੁਤੇ ਸਮੇਤ ਸਿ ਨਰ ਜੁ ਪ੍ਰਮਾਨੇ[7]। ਤਿਨ ਤੇ ਸਵਾ ਗਿਲਸ਼ਤਿ[8] ਮਹਾਨੇ। ਪੰਚਹੁੰ ਭ੍ਰਾਤਾ ਡੀਲ ਬਡੇਰੇ। ਜਿਨ ਕੋ ਬਲ ਕਹੀਅਤਿ ਬਹੁਤੇਰੇ॥੪੦॥[9]ਤਿਮ ਇਸ ਸਮੇਂ ਜੁ ਨਰਨਿ ਪ੍ਰਮਾਨ। ਸ੍ਰੀ ਹਰਿ ਗੋਵਿੰਦ ਤਿਤੇ ਮਹਾਂਨ[9]। ਐਹੋ ਡੀਲ ਸੁਸ਼ੀਲ ਬਿਸਾਲਾ। ਨਹਿਂ ਪੱਯਤ ਜਗ ਮੇਂ ਇਸ ਕਾਲਾ॥੪੧॥ਅਜਹੁ ਸਰੀਰ ਵਧਹਿ ਬਹੁ ਬਰਖਨਿ[10]। ਤਰੁਨਿ ਅਵਸਥਾ ਲਗਿ ਹੁਇ ਪਰਖਨਿ'। ਦਰਸ਼ਨ ਕਰਹਿਂ ਜਾਂਹਿ ਜਿਸ ਦੇਸ਼।ਕਹੈਂ ਸੁਜਸੁ ਅਰੁ ਡੀਲ ਵਿਸ਼ੇਸ਼॥੪੨॥ਆਯੁਧ ਬਿੱਦਯਾ ਕੌ ਅੱਭਯਾਸ। ਪਰਚਹਿਂ ਸਤਿਗੁਰੁ ਕਰਹਿਂ ਬਿਲਾਸ। ਤਿਮ ਹੀ ਸੁਭਟ ਸੰਗ ਗਨ ਕਰੈਂ। ਧਨੁਖ ਤੁਫੰਗਨਿ ਕੋ ਕਰ ਧਰੈਂ ॥ ੪੩ ॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ 'ਸ੍ਰੀ ਗੁਰ ਬਿਲਾਸ' ਪ੍ਰਸੰਗ ਬਰਨਨੰ ਪੰਚ ਚੱਤਵਾ ਰਿੰਸਤੀ ਅੰਸੂ ॥ ੪੫ ॥

---

[1]ਧਨੁਖ। [2]ਧੀਰਜਵਾਨ ਜੀ (ਚਿਤਵਦੇ ਹਨ ਕਿ)। [3]ਤਿੱਖੇ ਤੀਰ। [4]ਨਿਸ਼ਾਨੇ ਨੂੰ। [5]ਬਾਹਾਂ ਨਾਲ ਫੇਰਦੇ ਹਨ। [6]ਸੁਣੀ ਹੈ ਕਥਾ ਕਿ। [7](ਓਦੋਂ ਦੇ)ਆਦਮੀ ਜਿਸ ਅੰਦਾਜ਼ੇ ਦੇ ਸਮੇਤ ਹੁੰਦੇ ਸਨ। [8]ਸਵਾ ਗਿੱਠ। [9]ਇਸਵੇਲੇ(ਕੁਮਾਰਅਵਸਥਾ ਵਿਚਹੀ ਆਮ)ਨਰਾਂਦੇ ਕੱਦ ਤੋਂ ਆਪਦਾ ਸਰੀਰ ਉਤਨਾਤਾਵ ਸਵਾ ਗਿੱਠ ਵਡਾਹੈ। [10]ਤੇ ਅਜੇ ਅਗਾਂਹ ਦੇ ਸਾਲਾਂ ਵਿਚ ਬੜਾ ਸਰੀਰ ਵੱਧਣਾ ਹੈ। *ਪਾਃ—ਸਬਲ। †ਉਸ ਸਮੇਂ ਦੇ ਯਵਨੀ ਲੇਖਕਾਂ ਨੇ ਬੀ ਗੁਰੂ ਜੀ ਦਾ ਕੱਦ ਬਹੁਤ ਲੰਮਾਂ ਤੇ ਗੁਾਂਡੀਲ ਲਿਖਿਆ ਹੈ।

੪੬. [ਚੰਦੂ ਨੇ ਡਰ ਕੇ ਫੇਰ ਸਗਾਈ ਹਿਤ ਦੂਤ ਭੇਜੇ]।

ਦੋਹਰਾ ॥ ਸ਼੍ਰੀ ਗੁਰ ਹਰਿ ਗੋਵਿੰਦ ਜੀ ਇਸ ਬਿਧਿ ਸਮੋ ਬਿਤਾਇ।ਭਰਜੋ ਮਹਾਂ ਬਲ ਦੇਹਿ ਮਹਿਂ ਦੀਰਘ ਡੀਲ ਸੁਹਾਇ॥੧॥ਚੌਪਈ॥ ਉਤ ਚੰਦੂ ਕੀ ਸੁਨੋ ਕਹਾਨੀ। ਮਹਾਂ ਪਾਤਕੀ ਮਤਿ ਉਰਿ ਹਾਨੀ। ਸ਼੍ਰੀ ਅਰਜਨ ਘਰ ਤਜਜੋ ਸਰੀਰ। ਦੇ ਕਰਿ ਦੋਸ਼ ਮੂਢ ਸਿਰ,ਧੀਰ[1]॥੨॥ਉਰ ਮਹਿਂ ਡਰਪਤਿ ਦੁਸ਼ਟ ਮਹਾਂਨ।–ਇਮ ਨਹਿਂ ਬਿਦਤਹਿ ਬੀਚ ਜਹਾਨ। 'ਸ਼੍ਰੀ ਸਤਿਗੁਰੁ ਚੰਦੂ ਨੇ ਮਾਰੇ'।ਛਪੀ ਰਹੈ, ਨਹਿਂ ਹੋਇ ਉਘਾਰੇ–॥੩॥ ਨੁਖਾ ਜਾਰਿ[2] ਤਤਛਿਨ ਮਗ ਪਰਜੋ। ਦਿਲੀ ਸ਼ਾਹੁ ਨਿਕਟ ਚਿਤ ਧਰਜੋ।–ਕੋ ਨਹਿਂ ਕਹਹਿ ਹਟਕ ਸਭਿ ਰਾਖੋਂ।ਕਿਸ ਧਨ ਦੇ ਕਿਸ ਬਿਨਤੀ ਭਾਖੋਂ॥੪॥ ਚਹਤਿ ਜੁ ਹਤਨੋ[3]ਬਿਦਤਿ ਨਹਿਂ ਹੋਇ। ਭਯੋ ਜਤਨ ਕੇ ਤਤਪਰ ਸੋਇ–। ਅਨਿਕ ਭਾਂਤਿ ਚਿਤਵਤਿ ਮਗ ਜਾਤੋ।–ਸੁਨਤਿ ਸ਼ਾਹੁ ਚਿਤ ਹ੍ਵੈ ਨ ਰਿਸਾਤੋ[4]–॥੫॥ਪਹੁੰਚਜੋ ਪੁਰੀ ਸਦਨ ਤਬਿ ਗਯੋ। ਕਲਹਿਸੁਤਾ[5]ਦੇਖਤਿ ਦੁਖ ਭਯੋ। ਜਿਸ ਹਿਤ ਪਾਪ ਕੀਨਿ ਬਹੁ-ਤੇਰਾ।ਤਊ ਨ ਤਿਸ ਕੋ ਸੁਖ ਕਿਮ ਹੇਰਾ॥੬॥ਜਹਾਂਗੀਰ ਕੇ ਤੀਰਜਿ ਜਾਇਂ[6]। ਸਭਿ ਸੋਂ ਮਿਲਜੋ ਪ੍ਰੇਮ ਉਪਜਾਇ। ਬਹੁ ਮੋਲਾ ਕਿਸ ਹੂੰ ਪਟ ਦੇਤਿ। ਕਾਹੂੰ ਕੁਸ਼ਾਮਤਿ ਕਰਿ ਖੁਸ਼ਿ[7] ਲੇਤਿ ॥੭॥ ਕਿਸ ਹੂੰ ਦਰਬ ਦੀਨਿ ਹਰਿਖਾਵੈ।ਫੇਰ ਘੇਰ ਤੇ ਬਾਤ ਜਨਾਵੈ। 'ਮਰਜੋ ਗੁਰੂ ਅਰਜਨ ਲਵਪੁਰਿ ਮੈਂ। ਨਿਸ ਹੈਜ਼ਾ ਹੁਇ ਗਯੋ ਉਦਰ ਮੈਂ॥੮॥ ਸ਼ਾਹੁ ਸਮੀਪ ਨ ਕਹਹੁ ਪ੍ਰਸੰਗ।ਜੇ ਚਲ ਪਰਹਿ ਕਹਹੁ ਇਸ ਢੰਗ। ਕੋ ਕੋ ਨਾਮ ਲੇਤਿ ਹੈ ਮੇਰੋ। ਤੁਮ ਢਿਗ ਕਹੈ ਝਿਰਕ ਦਿਹੁ ਫੇਰੋ॥੯॥ਹੋਇਨ ਅਸ ਸੁਨਿਕੈ ਪਤਿਸ਼ਾਹੂ।ਮੁਝ ਪਰ ਕੋਪ ਕਰਹਿ ਉਰ ਮਾਹੂ'।ਨਰ ਸਭਿ ਸਭਾ ਕੇਰ ਅਪਨਾਇ।ਤ੍ਰਸਤਿ ਜਤਨ ਚਿਤਵਤਿ ਸਮੁਦਾ-ਇ॥੧੦॥ ਮਿਲਜੋ ਸ਼ਾਹੁ ਕੋ ਪਾਸ ਪਹੂਚਾ।ਸੁਜਸੁ ਉਚਾਰਤਿ ਭਾ ਤਿਹ ਮੂਚਾ[8]। ਨਹਿਂ ਸਤਿਗੁਰੁ ਕੀ ਕਿਨਹੂੰ ਸੁਨਾਈ। ਅਪਰ ਪ੍ਰਸੰਗਨਿ ਬਾਤ ਚਲਾਈ॥ ੧੧॥ਇਮ ਨਿਤਪ੍ਰਤਿ ਰਹਿ ਸ਼ਾਹੁ ਅਗਾਰੇ। ਸਨੇ ਸਨੇ ਮਨ ਤ੍ਰਾਸ ਬਿਸਾਰੇ। ਸਿੱਖਨਿ ਬਿਖੈ ਬਿਦਤ ਬਹੁ ਭਯੋ। 'ਚੰਦੂ ਘਰ ਗੁਰੁ ਤਨ ਤਜਿ ਦਯੋ॥੧੨॥ ਤਊ ਡਰਤਿ ਨਹਿਂ ਸਕਤਿ ਉਚਾਰੈਂ[9]। ਮਿਲੈਂ ਪਰਸਪਰ ਅਘੀ ਧਿਕਾਰੈਂ[10] ।ਸਨੇ ਸਨੇ ਕਹਿਂ ਆਪਸ ਮਾਂਹੀ।'ਕੀਨ ਮਹਾਂ ਅਘ ਪਚਹਿ ਸੁ ਨਾਂਹੀ[11]॥੧੩॥

---

[1]ਭਾਵ ਗੁਰੂ ਜੀ ਨੇ। [2]ਨੂੰਹ ਦਾਹ ਕਰਕੇ। [3]ਮਾਰਨਾ। [4]ਕ੍ਰੋਧਵਾਨ ਨਾ ਹੋ ਜਾਵੇ। [5]ਕਲਹ ਰੂਪ ਪੁੱਤ੍ਰੀ। [6]ਜੋ ਜਾਂਦੇ ਸਨ। [7]ਖੁਸ਼ੀ। [8]ਬਹੁਤਾ। [9]ਉਚਾਰ ਨਹੀਂ ਸਕਦੇ। [10]ਪਾਪੀ ਨੂੰ ਧ੍ਰਿਕਾਰ ਦੇ ਹਨ। [11]ਪਚੇਗਾ ਨਹੀਂ।

ਸ੍ਰੀ ਹਰਿ ਗੋਬਿੰਦ ਗੁਰ ਸੁਤ ਬਲੀ। ਤਿਨ ਹੂੰ ਪ੍ਰਣ ਕੀਨਸਿ ਬਿਧਿ ਭਲੀ।
–ਪਿਤੁ ਕੌ ਬੈਰਿ ਲੇਇ ਹੌਂ ਐਸੇ। ਹਤੌਂ ਦੁਸ਼ਟ ਅਪਜਸੁ ਜੁਤਿ ਜੈਸੇ*॥੧੪॥
ਹਲਤਿ ਬਿਖੈ ਕਰਿ ਆਨਨ ਕਾਰਾ। ਤਥਾ ਪਲਤਿ ਮਹਿਂ ਜਾਇ ਦੁਖਾਰਾ–
। ਹਿਤ ਹਤਿਬੇ ਬਹੁ ਸਪਥ ਕਰੀ ਹੈ। ਸਰਬ ਸਭਾ ਕੇ ਸ੍ਰਵਨਿ ਪਰੀ

*ਨਿਰਦੋਸ਼ ਪਿਤਾ ਦੇ ਮਾਰੇ ਜਾਣ ਦਾ ਬਦਲਾ ਲੈਣਾ ਬੀਰ ਰਸੀ ਸੁੰਦਰਤਾ ਹੈ। ਕੋਈ ਕਾਇਰ ਇਹ ਪ੍ਰਣ ਨਹੀਂ ਕਰ ਸਕਦਾ। ਪਰ ਸਤਿਗੁਰਾਂ ਦਾ ਭਾਵ ਬਦਲਾ ਤੇ ਵੈਰ ਲੈਣਾ ਨਹੀਂ ਸੀ ਜੋ ਬਾਰ ਬਾਰ ਜ਼ਿਕਰ ਆ ਰਿਹਾ ਹੈ, ਸਗੋਂ ਸਤਿਗੁਰੂ ਜੀ ਆਪਣੇ ਬੀਰ ਰਸੀ ਠਾਠ ਨੂੰ ਕਿਸੇ ਹੋਰ ਉਚੇ ਭਾਵ ਤੋਂ ਧਾਰਨ ਕਰ ਰਹੇ ਹਨ। ਜਿਸ ਸਰਦ ਮਿਹਰੀ ਨਾਲ ਬਿਨਾਂ ਵਿਚਾਰੇ, ਬਿਨਾਂ ਜੋਖੇ, ਤੋਲੇ, ਬਿਨਾਂ ਦਰਯਾਫਤ ਕੀਤੇ ਤੇ ਸੁਣੇ ਕੇਵਲ ਚੰਦੂ ਵਰਗੇ ਵੈਰੀਆਂ ਤੇ ਸ਼ਹੋਈ ਮੁਤਅੱਸਬਾਂ ਦੇ ਆਖੇ ਲੱਗਕੇ ਜਹਾਂਗੀਰ ਨੇ–ਜੈਸਾ ਕਿ ਉਸ ਨੇ ਆਪ ਮੰਨਿਆਂ ਹੈ ਕਿ–ਚਿੱਤ ਵਿਚ ਪਹਿਲੋਂ ਹੀ ਬੈਠੇ ਤਅੱਸਬ ਦੇ ਭਾਵ ਨਾਲ ਗੁਰੂ ਜੀ ਦੇ ਸਰੀਰ ਹਰਨ ਦਾ ਹੁਕਮ ਦੇ ਦਿਤਾ, ਇਹ ਨਜਾਯਜ਼ਸ਼ੀਲ ਰਾਜ ਪ੍ਰਬੰਧ ਦੇ ਮੂਲੋਂ ਵਿਰੁੱਧ ਹੈਸੀ। ਜੋ ਕਲੇਸ਼ ਹਿੰਦੀ ਪ੍ਰਜਾ ਨੂੰ ਇਨ੍ਹਾਂ ਬਿਦੇਸੋਂ ਆਕੇ ਮਾਲਿਕ ਬਣ ਬੈਠੇ ਤੇ ਤਅੱਸਬੀ ਪਾਤਸ਼ਾਹਾਂ ਤੋਂ ਸੀ ਤੇ ਜੋ ਅਟਕ ਕਾਜ਼ੀ ਲੋਕ ਸ਼ਾਹੀ ਦਬਾਉ ਹੇਠਾਂ ਦੇ ਕੇ ਸਤ ਧਰਮ ਦੀ ਰੋਕ ਹੋ ਖੜੋਂਦੇ ਸਨ, ਏਹ ਉਪੱਦ੍ਰਵ ਦੂਰ ਕਰਨਾ ਪ੍ਰਯੋਜਨ ਸੀ। ਜ਼ਿਮੀਦਾਰੇ ਪ੍ਰਬੰਧ ਹੇਠਾਂ ਪ੍ਰਜਾ ਇਸ ਤਰ੍ਹਾਂ ਦੀ ਮੁਰਦਾ ਤੇ ਕਾਇਰ ਹੋ ਰਹੀ ਸੀ ਕਿ ਪੰਚਮ ਗੁਰੂ ਜੀ ਵਰਗੀ ਮਹਾਨ ਪਵਿੱਤ੍ਰ ਤੇ ਸਨਮਾਨ ਵਾਲੀ ਪੂਰਨ ਸ਼ਾਂਤਿ ਮਯ ਗੁਣ ਸ਼ੀਲ ਵਜਕਤੀ ਨਿਰਦਯਤਾ ਨਾਲ ਕਤਲ ਕੀਤੀ ਗਈ, ਪਰ ਪਰਜਾ ਨੇ ਅਗੋਂ ਉਫ ਤਕ ਨਾ ਕੀਤੀ। ਇਸ ਪਰਮ ਸ਼ਾਂਤਿਮਯ ਸਹਾਰੇ ਨੇ ਮੋਏ ਦਿਲਾਂ ਵਾਲੀ ਪ੍ਰਜਾ ਵਿਚ ਕੋਈ ਅੰਦੋਲਨ ਨਾ ਖਾਧਾ, ਕੋਈ ਸ਼ੋਰ ਨਾ ਪਾਇਆ ਕਿ ਪਾਤਸ਼ਾਹ ਨੂੰ ਪਤਾ ਲਗਦਾ ਕਿ ਮੈਂ ਬੁਰਾ ਕੀਤਾ ਹੈ, ਸਗੋਂ ਚੰਦੂ ਤੇ ਮੁਰਤਜ਼ਾ ਖਾਂ ਨੇ ਆਪ ਸਾਰਾ ਕੁਛ ਸਿਰੇ ਚਾੜ੍ਹਿਆਂ ਤੇ ਲੋਕਾਂ ਦੀ ਅਵਾਜ਼ ਉਠ ਹੀ ਨਾ ਸਕੀ। ਇਹ ਮੁਰਦਿਹਾਨ, ਇਹ ਰੂਹ, ਮਨ, ਇਖ਼ਲਾਕ ਤੇ ਸਰੀਰਕ ਸਾਹਸ ਦੀ ਮੌਤ ਜਿਸ ਵਿਚ ਪ੍ਰਜਾ ਮਰ ਰਹੀ ਸੀ, ਉਸ ਵਿਚ ਜੀਵਨ ਭਰਨਾ ਸੀ। ਧਰਮ, ਪ੍ਰੇਮ ਭਾਵ, ਤ੍ਯਾਗ, ਉੱਚ ਜੀਵਨ ਤਾਂ ਸਿਖਾਂ ਵਿਚ ਆ ਗਿਆ ਸੀ, ਉਸ ਵਿਚ ਸ੍ਵੈ ਸਤਿਕਾਰ, ਅਣਖ, ਅੰਨਯਾਯ ਅੱਗੇ ਅਝੁਕਤਾ ਤੇ ਅਮੂਲ ਤੇ ਧਰਮ ਦੀ ਖ਼ਾਤਰ ਸਾਹਸ ਨਾਲ ਟਾਕਰਾ ਕਰਨਾ ਤੇ ਹੱਸਦੇ ਹੱਸਦੇ ਮਰ ਜਾਣਾ ਇਹ ਅਮਲੀ ਤ੍ਯਾਗ ਹੁਣ ਸਤਿਗੁਰ ਨੇ ਸਿਖਾਲਣਾ ਸੀ। ਹਾਂ ਉਹ ਆਤਮ ਉੱਨਤੀ ਜੋ ਸਿੱਖਾਂ ਵਿਚ ਆ ਗਈ ਸੀ, ਉਸ ਨੂੰ ਬੀਰ ਰਸ ਦੀ ਗੁੱਝ ਵਿਚ ਪਾਕੇ ਸਰਬ ਸਾਧਾਰਣ ਵਿਚ ਸ੍ਵੈ ਸਤਿਕਾਰ, ਸ੍ਵੈ ਰਖ੍ਯਾ ਤੇ ਆਪਣੀ ਤੇ ਪ੍ਰਜਾ ਦੀ ਰਖ੍ਯਾ ਵਾਸਤੇ ਸਰੀਰ ਅਰਪ ਦੇਣਾ, ਤੇ ਸਰੀਰ ਚੁਪ ਕਰਕੇ ਕਸਾਈ ਅੱਗੇ ਭੇਟਾ ਨਾ ਧਰ ਦੇਣਾ, ਪਰ ਉਸ ਸਰੀਰ ਨਾਲ ਹੱਥ ਵਿਚ ਸ਼ਸਤ੍ਰ ਫੜਕੇ ਕਸਾਈ ਦਾ ਮੁਕਾਬਲਾ ਕਰਕੇ ਮਰਨਾ ਯਾ ਮਾਰ ਦੇਣਾ ਤੇ ਧਰਮ ਭਾਵ ਤੋਂ ਹੀਣ ਜ਼ਾਲਮਾਂ ਨੂੰ ਉਹਨਾਂ ਦੇ ਆਪਣੇ ਅਖਤਿਆਰ ਕੀਤੇ ਵਤੀਰੇ ਨਾਲ ਹੀ ਹੋਸ਼ ਦਿਵਾ ਦੇਣੀ ਤੇ ਬਦੀ ਜ਼ੁਲਮ ਕਰਨੋਂ ਉਹਨਾਂ ਨੂੰ ਅਸਮਰਥ ਕਰ ਦੇਣਾ ਇਹ ਪ੍ਰਯੋਜਨ

[ਬਾਕੀ ਟੂਕ ਦੇਖੋ ਅਗਲੇ ਪੰਨੇ ਦੇ ਹੇਠ]

ਹੈ[1]॥੧੫॥ ਦੇਸ਼ ਬਿਦੇਸ਼ ਬਿਖੈ ਬਿਦਤਾਈ।–ਸਤਿਗੁਰੁ ਹਤਹਿਂ ਨ ਤਜਹਿਂ ਕਦਾਈ–[1]।ਕੇਤਿਕ ਸਿਖ ਤਿਨ ਮਹਿਂ ਜੋ ਸਜਾਨੇ[2]।ਮਰਨੋ ਕਠਨ ਚੰਦੂ ਕੋ ਜਾਨੇ॥੧੬॥ [3]ਸ਼ਾਹੁ ਦਿਵਾਨ ਹੁਕਮ ਜਗ ਚਾਲੇ। ਕਿਮ ਪਕਰਨਿ ਇਹ ਬਨੈ ਸੁਖਾਲੇ। ਲੋਕ ਹਜ਼ਾਰਹੁਂ ਮਾਨੈਂ ਬੈਨਾ।ਬੈਠੇ ਪਿਖਹਿਂ ਸਮੁਖ ਤਿਸ[3] ਨੈਨ

[1]ਭਾਵ ਸਾਰੀ ਸਭਾ ਨੇ ਸੁਣੀ ਹੈ। [2]ਚਤੁਰ (ਪਰ ਵਿਸ਼ਵਾਸ਼ ਹੀਨ)। [3]ਭਾਵ ਚੰਦੂ ਦੇ।

[ਪਿਛਲੇ ਪੰਨੇ ਦੀ ਬਾਕੀ ਟੂਕ]

ਸੀ ਸਤਿਗੁਰਾਂ ਦਾ ਬੀਰ ਰਸ ਧਾਰਨ ਕਰਨੇ ਤੇ ਕਰਾਉਣੇ ਦਾ। ਕੋਈ ਲੋਭ ਲਾਲਚ ਆਪਣੀ ਗਰਜ਼ ਵਿਚ ਨਹੀਂ ਸੀ। ਕਿਸੇ ਸੁਹਣੇ ਵੱਗ ਵਿਚ ਜੇ ਬਘਿਆੜ ਆ ਵੜੇ ਤਾਂ ਉਸ ਵਾਗੀ ਦਾ ਧਰਮ ਤੇ ਫਰਜ਼ ਸ਼ਾਂਤਿ ਮਯ ਹੋਕੇ ਸੌਂ ਜਾਣਾ ਨਹੀਂ, ਪਰ ਵੱਗ ਦੀ ਰਾਖੀ ਕਰਨਾ ਹੈ। ਤਿਵੇਂ ਬਘਿਆੜ ਪਾਤਸ਼ਾਹ ਨੇ ਜੋ ਅੱਤਯਾਚਾਰ ਕੀਤਾ ਸੀ ਉਹ ਉਸ ਜ਼ਾਲਮ ਨੇ ਸ਼ੁਰੂ ਹੀ ਵਾਗੀ ਤੋਂ ਕੀਤਾ ਸੀ ਕਿ ਵਾਗੀ ਨੂੰ ਮਾਰ ਲਵਾਂ ਤੇ ਵੱਗ ਸਾਰਾ ਮਾਰਨਾ ਫੇਰ ਕੁਛ ਬਾਤ ਹੀ ਨਹੀਂ, ਜੈਸਾ ਕਿ ਪਾਤਸ਼ਾਹ ਆਪ ਮੰਨ ਰਿਹਾ ਹੈ ਕਿ ਮੈਂ ਇਹ ਦੁਕਾਨ ਦੇਰ ਤੋਂ ਬੰਦ ਕਰਨੀ ਚਾਹੁੰਦਾ ਸਾਂ। ਸੋ ਮਾਲਿਕ ਨੂੰ ਮਾਰ ਦਿਓ, ਘਰ ਬਾਰ ਲੁਟ ਲਓ, ਬਾਲ ਬੱਚੇ ਕੈਦ ਕਰ ਦਿਓ, ਏਹ ਹੁਕਮ ਦੇਕੇ ਆਪਣੇ ਵਲੋਂ ਉਸ ਨੇ ਤਾਂ ਅਰਸ਼ੀ ਦਾਤੇ ਦੀ (ਉਸ ਦੇ ਆਪਣੇ ਲਫਜ਼ਾਂ ਵਿਚ) ਹੱਟ ਬੰਦ ਕਰ ਹੀ ਦਿਤੀ ਸੀ। ਪਰ ਛੇਵੇਂ ਸਤਿਗੁਰਾਂ ਬਚਪਨ ਵਿਚ ਹੀ ਐਸੀ ਸੁਰਤ ਸੰਭਾਲੀ ਕਿ ਘਰ ਬਾਰ ਹਰਿ ਮੰਦਰ, ਨਗਰੀ, ਗੁਰੂ ਗ੍ਰੰਥ ਸਾਹਿਬ ਜੀ ਸੰਭਾਲੇ, ਰੱਬੀਯਤ ਦੇ ਵਾਗੀ ਹੋਕੇ ਅਰਸ਼ੀ ਵੱਗ ਨੂੰ ਸੰਭਾਲਣ ਦਾ ਕੱਰ ਸਿਰ ਤੇ ਚਾਇਆ। ਫਿਰ ਹੁਣ ਸੋਚੋ ਕਿ ਇਸ ਉੱਚ ਸੁਰਤੇ ਵਾਗੀ ਦਾ ਧਰਮ ਕੀ ਹੋਵੇ? ਸ਼ਾਂਤਿ ਮਯ ਰਹਿਕੇ ਬਘਿਆੜ ਨੂੰ ਵੱਗ ਵਿਚ ਵਿਚਰਨ ਦੇਵੇ ਯਾਂ ਕਿ ਨਿਰੋਲ ਪਰੋਪਕਾਰ ਦੇ ਭਾਵ ਵਿਚ ਭਰਕੇ ਬੀਰ ਰਸੀ ਸਾਮਾਨ ਕਰਕੇ ਆਪਣੇ ਰੂਹਾਨੀ ਵੱਗ ਦੀ ਰਾਖੀ ਕਰੇ? ਇਹ ਪਰੋਪਕਾਰ, ਇਹ ਰਖਯਾ, ਇਹ ਰਾਖੀ ਦਾ ਆਪਣਾ ਫਰਜ਼ ਤੇ ਧਰਮ ਵਿਚਾਰ ਕੇ ਕੁਮਾਰ ਸਤਿਗੁਰਾਂ ਨੇ ਸਾਰਾ ਠਾਠ ਬੀਰ ਰਸੀ ਸਾਜਿਆ। ਹਾਂ ਖੜਗ ਧਾਰਨ ਕੀਤੀ, ਕਸ਼ਟ ਦੇਣ ਲਈ ਨਹੀਂ, ਪਰ ਕਸ਼ਟ ਹਰਨ ਲਈ। ਹਾਂ ਖੜਗ ਨੂੰ ਢਾਲ ਬਣਾਕੇ ਮੋਈ ਪ੍ਰਜਾ–ਮੋਈ ਕੌਮ, ਮਰ ਮਿਟੀ ਸ੍ਰਿਸ਼ਟੀ–ਵਿਚ ਧਰਮ ਭਾਵ ਦੇ ਨਾਲ ਸ੍ਵੈ ਸਤਿਕਾਰ, ਸਾਹਸ, ਸੱਚ ਲਈ ਮਰਨ ਤੇ ਫਰਜ਼ ਲਈ ਜਾਨ ਦੇਣ ਦੀ ਜਾਚ ਸਿਖਾਲਣ ਲਈ। ਸੋ ਐਉਂ ਬੀਰ ਰਸੀ ਪੂਣ ਕੀਤਾ ਤੇ ਬੀਰ ਰਸ ਤੋਰਿਆ ਅਰ ਸਭ ਨੂੰ ਉੱਚੇ ਕਰ ਦੇਣ ਦੇ ਰਾਹੇ ਪਾ ਦਿਤਾ। ਜੇ ਕਦੀ ਨਿਰਾ ਪਿਤਾ ਦਾ ਹੀ ਬਦਲਾ ਮਾਤ੍ਰ ਲੈਣਾ ਸੀ ਤਾਂ ਚੰਦੂ ਨੂੰ ਕਿਸੇ ਤੋਂ ਚੁਪਾਤੇ ਮਰਵਾ ਦੇਣਾ ਕੋਈ ਔਖੀ ਗਲ ਨਹੀਂ ਸੀ। ਅਤੇ ਫੇਰ ਜੇ ਇਉਂ ਹੀ ਚੰਦੂ ਨੂੰ ਮਾਰਨਾ ਸੀ ਤਾਂ ਉਸ ਦੇ ਮਾਰੇ ਜਾਣ ਮਗਰੋਂ ਬੀਰ ਰਸੀ ਸਾਮਾਨ ਛਡ ਦੇਂਦੇ ਸਗੋਂ ਉਹ ਮਗਰੋਂ ਹੋਰ ਵਧੇ ਹਨ ਤੇ ਤੁਰਕਾਂ ਨਾਲ ਜੰਗ ਬੀ ਮਗਰੋਂ ਹੋਏ ਹਨ, ਜਿਸ ਤੋਂ ਸਪਸ਼ਟ ਹੈ ਕਿ ਵੀਰ ਰਸ ਧਾਰਨੇ ਦਾ ਕਾਰਣ ਮਹਾਨ ਉੱਚਾ ਤੇ ਗੰਭੀਰ ਸੀ ਤੇ ਆਪ ਨੇ ਧਰਮ, ਕੌਮ ਤੇ ਦੇਸ਼ ਵਿਚ ਕੋਈ ਨਵੀਂ ਰੂਹ ਫੂਕਣੀ ਸੀ ਜਿਸ ਦੇ ਨਾ ਹੋਣ ਕਰਕੇ ਸਦੀਆਂ ਤੋਂ ਪ੍ਰਜਾ ਦਬੇਲ ਤੇ ਹੀਣੀ ਹੋ ਰਹੀ ਸੀ। ਵਿਸ਼ੇਸ਼ ਲਈ ਦੇਖੋ ਇਸੇ ਰਾਸਿ ਦੇ ਅੰਸੂ ੪੨ ਅੰਕ ੧੨ ਦੀ ਟੂਕ।

॥੧੭॥ਸਤਿਗੁਰ ਸੁਤ ਕੀ ਬੈਸ ਨਵੀਨਾ। ਬਿਨਾਂ ਬਿਚਾਰੇ ਪ੍ਰਨ*ਕੋ ਕੀਨਾ।
ਸ਼ਾਹੁ ਸੰਗ ਕੋ[1]ਸਕਹਿ ਬਿਗਾਰ ?।ਰਾਜ ਕਰਤਿ ਜਗ ਕੋਸ ਹਜ਼ਾਰ॥੧੮॥
ਅਨਗਨ ਸੈਨ ਕੋਸ਼[2]ਜਿਸ ਪਾਸ। ਜਹਿਂ ਕਹਿਂ ਰਹਯੋ ਪ੍ਰਤਾਪ ਪ੍ਰਕਾਸ਼।ਤਿਸ
ਦਿਵਾਨ ਕੋ ਮੁਸ਼ਕਲ ਪਕਰਨਿ। ਹਮ ਇਹ ਕਰਹਿਂ ਬਿਚਾਰਨਿ ਕੋ ਮਨ'॥
੧੯॥ਕੇਤਿਕ ਸਿੱਖ ਕਹੈਂ ਤਿਰਤਾਂਹਿ[3]।'ਸਕਲ ਸ਼ਕਤਿ ਹੈ ਸਤਿਗੁਰ ਮਾਂਹਿ।
ਕਰਹਿਂ ਰੰਕ ਕੋ ਰਾਉ ਬਿਸਾਲ। ਰਾਉ ਰੰਕ ਤਤਛਿਨ ਬਚ ਨਾਲ॥੨੦॥
ਅਨਬਨ ਕੋ ਤਤਕਾਲ ਬਨਾਵੈਂ। ਬਨੀ ਬਾਤ ਕੋ ਬਹੁ ਬਿਗਰਾਵੈਂ।ਜਾਵਤ
ਅਜ਼ਮਤ ਨਹਿਂ ਬਿਦਤਾਇੰ।ਤਾਵਤ ਨਰ ਸਮ ਕ੍ਰਿਤੀ[4]ਕਰਾਇੰ॥੨੧॥ਕਰਾ-
ਮਾਤਰੋਕਨਿ ਮਤਘਨੋ[5]।ਨਿਤ ਬਿਵਹਾਰ ਕਰੈਂ ਨਰਮਨੋ।ਜਬਿ ਚਾਹੈਂ ਨਿਜ
ਪ੍ਰਨ ਨਿਰਬਾਹਨਿ। ਭਾਵਤਿ[6] ਕਰਹਿਂ ਰੁਕਹਿਂ ਕਿਮ ਨਾਂਹਿਨ॥੨੨॥ਛਟਮ
ਗੁਰੂ ਸ੍ਰੀ ਨਾਨਕ ਰੂਪ। ਜਿਨ ਕੇ ਸੁੰਦਰ ਚਰਿਤ ਅਨੂਪ। ਜਿਸ ਗੁਰ ਅਰ-
ਜਨ ਕੇ ਗਨ ਦਾਸ। ਕਰਾਮਾਤ ਬਹੁ ਭਾਂਤਿ ਪ੍ਰਕਾਸ਼॥ ੨੩ ॥ ਤਿਸ ਗੁਰੂ
ਅਪਰ ਨਰਨ ਸਮ ਪ੍ਰਾਨਾ। ਰਿਪੁ ਘਰ ਤਜਿ ਬੈਕੁੰਠ ਪਯਾਨਾ[7]। ਤਿਨ ਕੋ
ਸੁਤ ਤਿਨ ਕੇ ਸਮ ਅਹੈ। ਜੋਤਿ ਸਭਿਨਿ ਗੁਰ ਏਕੋ ਰਹੈ॥ ੨੪॥ ਹਮਰੇ
ਤੁਮਰੇ ਦੇਖਤਿ ਕਰੈਂ।ਬਡਿ ਦੁਖਦੇ ਰਿਪੁ ਪ੍ਰਾਨਨਿ ਹਰੈਂ।ਹਮਕੋਨਿਸ਼ਚੈ ਇਹ
ਬਿਸਵਾਸ। ਚੰਦੂ ਹਤਹਿਂ ਸ਼ਾਹੁ ਕੇ ਪਾਸ'॥੨੫॥ ਇਮ ਸਿਖ ਮਿਲਿ ਕਰਿ
ਬਚਨ ਉਚਾਰੈ। ਉਰ ਸ਼ਰਧਾ ਧਰਿ, ਕੋਇ ਨ ਧਾਰੈ[8]।ਬਿਥਰਤਿ ਸੁਧਿ ਚੰਦੂ
ਤਬਿ ਸੁਨੀ। ਬਹੁਤ ਬਿਸੂਰਤਿ ਮੁੰਡੀ ਧੁਨੀ[9]॥੨੬॥-ਗੁਰ ਸੁਤ ਭਯੋ ਮਹਦ
ਬਲਵਾਨਾ। ਤੁਵ ਹਤਨੇ ਹਿਤ ਪ੍ਰਣੈ ਬਖਾਨਾ[10]।ਬਹੁਤ ਸਪਥ ਖਾਇ ਸੁਨਿ
ਕਰਿਕੈ। ਹਤਹੁਂ ਕੁਮ੍ਰਿਤੁ ਸ਼ੱਤ੍ਰ ਕੋ ਧਰਿਕੈ[11]-॥੨੭॥ਕੇਤਿਕ ਬਰਖ ਬਿਤੇ
ਦੁਖ ਭਰੈ। ਗਿਨਤੀ ਚਿੰਤਾ ਬਹੁ ਬਿਧਿ ਕਰੈ।-ਹਰਿ ਗੁਵਿੰਦ ਕੋ ਗਹਿ ਕਰਿ
ਕੈਸੇ।ਦੇਊਂ ਸਜਾਇ ਹਤੋਂ ਪਿਤ ਜੈਸੇ॥੨੮॥ ਕੈ ਮਾਨੈ ਮਮ ਦੁਹਿਤਾ ਬ੍ਯਾਹ।
ਕੈ ਡਰਪੈ ਹੈ ਅਬਿ ਉਰ ਮਾਂਹਿ।ਪਿਤ ਕੀ ਗਤਿ ਕੋ ਰਿਦੈ ਬਿਚਾਰਹਿ।ਹੁਇ
ਸਨਬੰਧ ਸਰਬ ਡਰੁ ਡਾਰਹਿ[12]-॥੨੯॥ਇਕ ਦਿਨ ਨਿਜ ਦਾਰਾ ਕੇ ਸੰਗ।
ਕਹਯੋ ਗੁਰੂ ਕੋ ਅਖਿਲ ਪ੍ਰਸੰਗ। 'ਬਹੁ ਸਜਾਇ ਦੇ ਰਹਯੋ ਮਨਾਇ। ਨਹੀਂ

[1]ਕੌਣ। [2]ਖਜ਼ਾਨੇ। [3]ਤਿਨ੍ਹਾਂ ਨੂੰ। [4]ਕਾਰ। [5]ਕਰਾਮਾਤ ਦੇ ਰੋਕਣ ਦਾ ਮਤ ਵਿਸ਼ੇਸ਼ ਕਰਕੇ। [6](ਮਨ) ਇੱਛਤ। [7]ਗਏ। [8](ਕੋਈ) ਭਰੋਸਾ ਧਾਰਦਾ ਹੈ, ਕੋਈ ਨਹੀਂ ਧਾਰਦਾ। [9]ਸਿਰ ਧੁਨਿਆਂ ਭਾਵ ਸਿਰ ਫੇਰਿਆ। [10]ਪ੍ਰਣ ਕਹਿਆ ਹੈ। [11]ਮਾਰੂੰਗਾ ਖੋਟੀ ਮੌਤ ਵੈਰੀ ਨੂੰ ਪਕੜ ਕੇ। [12]ਦੂਰ ਕਰੇਗਾ।

*ਵੇਖੋ ਇਸੇ ਅੰਸੂ ਦੇ ਅੰਕ ੧੪ ਦੀ ਹੇਠਲੀ ਟੂਕ;

ਬਨਾਹੁ ਸੁਤ ਮਨ ਮਹਿਂ ਲਜਾਇ॥੩੦॥ਅਬਿ ਤਿਹ ਸੁਤ ਪਿਤ ਬੈਰ ਸੰਭਾਰੈ।
ਮੋਕਹੁ ਚਾਹਤਿ ਕਰਨਿ ਸੰਘਾਰੈ । ਭਾਗਹੀਨ ਦੁਹਿਤਾ ਅਸ ਭਈ।ਅਖਿਲ
ਜਾਤਿ ਮਹਿਂ ਮਮ ਪਤ ਗਈ ॥ ੩੧ ॥ ਇਤਨੇ ਜਤਨ ਕਰੇ ਬਹੁਤੇਰਾ ।
ਬਨਾਹੁ ਨ ਬਨ੍ਯੋ ਕਤਹੂੰ ਇਸ ਕੇਰਾ[1] । ਸੁਨਤਿ ਭਾਰਜਾ ਨੇ ਸਮੁਝਾਵਾ ।
'ਪ੍ਰਥਮ ਕੁਵਾਕ ਆਪ ਤੈਂ ਗਾਵਾ ॥੩੨॥ ਤਿਸ ਤੇ ਵਧ੍ਯੋ ਬਿਰੋਧ ਬਿਸਾਲ॥
ਸਿਖ ਕੀ ਸੁਤਾ ਨੁਖਾ ਕਿਯ ਕਾਲਾ[2] । ਜਗਤ ਗੁਰੂ ਤਿਨ ਮਾਨ ਬਡੇਰਾ ।
ਨਹੀਂ ਸਹਾਰ ਸਕੇ ਬਚ ਤੇਰਾ ॥ ੩੩ ॥ ਅਬਿ ਭੀ ਤਿਸ ਕੋ ਪੁੱਤ੍ਰ ਬਿਲੰਦ ।
ਸੁਨ੍ਯੋ ਨਾਮ ਸ਼੍ਰੀ ਹਰਿਗੋਵਿੰਦ।ਕਰਹੁ ਸੰਧਿ ਜੈਸੇ ਬਨਿ ਆਵੈ। ਮਾਨੈ ਬਨਾਹ
ਸਦਨ ਲੇ ਜਾਵੈ ॥ ੩੪॥ ਬਿਨੈ ਕਰਹੁ ਭੇਜੋ ਕਰ ਜੋਰਿ । ਤਜਹੁ ਦਿਵਾਨੀ
ਕੋ ਉਰ ਜੋਰ। ਮਾਨ ਲੇਹਿ ਇਮ ਜਤਨ ਰਚੀਜਹਿ । ਆਛੇ ਨਰਨਿ ਪਠਾ-
ਵਨਿ ਕੀਜਹਿ॥ ੩੫ ॥ ਜੋ ਪ੍ਰਸੰਨ ਜਿਮ ਕਿਮ ਤਿਨ ਕਰੈ। ਜਿਸ ਤੇ ਪਿਤਾ
ਬੈਰ ਕੋ ਹਰੈ। ਨਤੁ ਤੁਰਕੇਸ਼ੁਰ ਕੋ ਬਿੱਸ੍ਵਾਸ*।ਕਹਾਂ ਕਰਤਿ ਹੈ, ਤਜਿ ਉਰ
ਆਸ ॥੩੬॥ ਪਠਹੁ ਬਿਨੈ ਭਨਿ ਸੁਤਾ ਸਗਾਈ'।ਸੁਨਿ ਤ੍ਰਿਯ ਤੇ ਚੰਦੂ ਚਿਤ
ਆਈ।–ਆਛੀ ਕਹੈ ਕਰਨਿ ਇਮ ਬਨੈ। ਜੇ ਅਬਿ ਬਨਾਹੁਕਰਨਿ ਮਨ ਮਨੈ
॥੩੭॥ਇਕ ਤੌ ਸੁਤਾ ਪਾਇ ਪਤਿ ਭਾਰੀ।ਮਿਟਹਿ ਦੋਸ਼ ਜੌ ਰਹਿਨ ਕੁਮਾਰੀ।
ਦੁਤੀਯੇ ਮਾਰਨਿ ਹੇਤੁ ਉਪਾਇ। ਬਹੁਰ ਨ ਕਰਹਿ, ਤ੍ਰਾਸ[3] ਮਿਟਿ ਜਾਇ–
॥੩੮॥ ਘਰ ਤੇ ਨਿਕਸਿ ਸਭਾ ਮਹਿਂ ਆਯੋ।ਗੁਰੁ ਦਿਸ਼ਿ ਚਿੰਤਾ ਮਹਿਂ ਚਿਤ
ਲਾਯੋ।ਜੁਗ ਆਛੇ ਨਰ ਕੀਨਸਿ ਤ੍ਯਾਰ।ਲਿਖੀ ਪੱਤ੍ਰਿਕਾ ਬਹੁਬਿਸਤਾਰ॥੩੯
॥ 'ਬੈਰ ਅਕਾਰਣ ਪਿਤਾ ਤੁਮਾਰੇ।ਮੋ ਸਨ ਬਾਂਧ੍ਯੋ ਕਿਸਹੁੰ ਉਚਾਰੇ[3]।ਇਹ ਜਿ
ਰੰਕ ਸਿਖ ਤੁਮ ਢਿਗ ਆਵੈਂ । ਕਛੂ ਬਾਤ ਤੇ ਕਛੂ ਬਨਾਵੈਂ ॥੪੦॥ ਜਾਨਿ
ਦੇਹੁ ਅਬਿ ਜ੍ਯੋਂ ਕ੍ਯੋਂ ਹੋਈ । ਭਾਵੀ ਮੇਟ ਸਕਹਿ ਨਹਿਂ ਕੋਈ।ਕ੍ਰੋਧ ਬਸੀ
ਹੁਇ ਕ੍ਯਾ ਨ ਕਰੰਤਾ । ਲੋਭੀ ਗੁਨ ਅਵਗੁਨ ਨ ਲਖੰਤਾ ॥ ੪੧ ॥ ਇਹ
ਮਮ ਸੁਤਾ ਕਰਹੁ ਨਿਜ ਦਾਸੀ।ਜਸੁ ਜੁਤਿ ਬਨਾਹੁ ਲਿਜਾਵਹੁ ਪਾਸੀ।ਦੋਨਹੁ
ਦਿਸ਼ਿ ਤੇ ਮਿਟਹਿ ਕਲੇਸ਼ੂ । ਹਮ ਤੁਮ ਸਾਕ ਆਨੰਦ ਵਿਸ਼ੇਸ਼ੂ॥੪੨॥ ਭਲੀ
ਬਾਤ ਤੌ ਮਾਨਹੁ ਐਸੇ । ਸੰਧਿ[4] ਬਨਾਹ ਕਰਿ ਜੈਸ ਕੈਸੇ। ਜੇ ਕਰਿ ਪਿਤ ਕੋ

---

[1]ਮਰ ਗਈ। [2](ਮੇਰਾ) ਛਰ। [3]ਕਿਸੇ ਦੇ ਕਹੇ ਕਹਾਏ। [4]ਮੇਲ ਕਰਕੇ।

*ਇਸ ਤੋਂ ਸਪਸ਼ਟ ਹੈ ਕਿ ਬਿਦੇਸੋਂ ਆਕੇ ਹਾਕਮ ਬਣੇ ਤੁਰਕਾਂ ਦਾ ਪ੍ਰਜਾ ਵਿਚ ਕੁਛ ਇਤਬਾਰ ਨਹੀਂ ਸੀ। ਚਾਹੇ ਉਹ ਏਥੇ ਰਹਿ ਪਏ ਸਨ, ਪਰ ਹਿੰਦੂ ਪ੍ਰਜਾ ਤੋਂ ਦਿਲੋਂ ਘ੍ਰਿਣਾ ਕਰਦੇ ਸਨ।

ਬੈਰ ਸੰਭਾਰੋ। ਮੁਝ ਕੋ ਹਤਿਬੇ ਹੇਤ ਉਚਾਰੋ॥੪੩॥ਤੌ ਸੁਨਿ ਲੇਹੁ ਜਥਾ ਮੈਂ ਲਹਯੋ। ਤੁਵ ਪਿਤ ਮੋਕਹੁ ਕੂਕਰ ਕਹਯੋ। ਲਗਯੋ ਗੈਲ[੧] ਮੈ ਹ੍ਵੈ ਕੈ ਸ੍ਵਾਨ। ਹਟਯੋ ਤਬਹਿ ਕਰਿ ਪ੍ਰਾਨਨ ਹਾਨਿ ॥੪੪॥ ਨਹਿਂ ਆਗੇ ਮੇਰੋ ਬਲ ਜਾਨੇ। ਤਬਹਿ[੨] ਮਰਨ ਭਾ ਲੇਹਿ ਪਛਾਨੇ। ਅਬਿ ਤੌ ਜਾਨਿ ਲਿਯੋ ਨਿਰਧਾਰੇ। ਤਜਹੁ ਬੈਰ ਸੁਭਸੰਧਿ ਬਿਚਾਰੇ'॥੪੫॥ਤਬਹਿ ਦੂਤ ਨਿਜ ਨਿਕਟਬੁਲਾਏ। ਮ੍ਰਿਦੁਲ ਨਿਠੁਰ ਬਚ ਕਹਿ ਸਮੁਝਾਏ।'ਮੋਹਿ ਪ੍ਰਤਾਪ ਸੁਨਾਵਹੁ ਮਹਾਂ।ਤ੍ਰਾਸ ਧਰਹਿ ਉਚਰਹੁ ਤਿਮ ਤਹਾਂ ॥੪੬॥ ਜਯੋਂ ਕਯੋਂ ਨਾਤਾ ਦੇ ਕਰਿ ਆਵਹੁ। ਕਰਹੁ ਕਾਜ ਧਨ ਮੁਝ ਤੇ ਪਾਵਹੁ।ਸ਼ਾਹੁ ਦਿਸ਼ਾ ਤੇ ਤ੍ਰਾਸ ਦਿਖਾਵਹੁ।–ਕਯੋਂ ਬਿਨ ਕਾਰਨ ਦ੍ਰੋਹ ਕਮਾਵਹੁ–॥੪੭॥ਉਕਤਿ ਜੁਕਤਿ ਕੀ ਕਰਿਚਤੁਰਾਈ। ਕਰਹੁ ਮਨਾਵਨਿ ਸੁਤਾ ਸਗਾਈ'। ਇੱਤਯਾਦਿਕ ਬਹੁਤੇ ਸਮੁਝਾਏ। ਅਪਰ ਬਹੁਤ ਨਰ ਸੰਗ ਪਠਾਏ ॥੪੮॥ ਚਲੇ ਬਹਿਲ ਪਰ ਹ੍ਵੈ ਅਸਵਾਰ। ਕਿਤਿਕ ਪਿਆਦੇ ਗਮਨੇ ਲਾਰਿ[੩]। ਨਿਸ ਬਿਸਰਾਮਹਿਂ ਦਿਵਸ ਪਯਾਨਹਿਂ। ਗ੍ਰਾਮ ਨਗਰ ਉਲੰਘੇ ਬਹੁ ਥਾਨਹਿ ॥ ੪੯ ॥ ਸਤੱਦ੍ਰਵ ਸਲਿਤਾ ਹ੍ਵੈ ਕਰਿ ਪਾਰ। ਚਲੇ ਬਿਪਾਸਾ ਤਰਿ ਕੈ ਬਾਰ। ਪੰਥ ਸਰਬ ਉਲੰਘਯੋ ਨਿਤ ਚਾਲੇ। ਪਿਖਯੋ ਸੁਧਾਸਰ ਨਗਰ ਬਿਸਾਲੇ ॥ ੫੦ ॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰਾਸੇ 'ਚੰਦੂ ਕੋ' ਪ੍ਰਸੰਗ ਬਰਨਨੰ ਨਾਮ ਖਸ਼ਟ ਚੱਤ੍ਵਾ ਰਿੰਸਤੀ ਅੰਸੂ ॥ ੪੬ ॥

੪੭. [ਦੂਤ ਵਾਪਸ ਦਿੱਲੀ ਆਏ]।

ਦੋਹਰਾ ॥ ਚੰਦੂ ਪਠੇ ਜੁ ਦੂਤ ਨਿਜ ਪ੍ਰਵਿਸ਼ੇ ਪੁਰਿਮਹਿਂ ਆਇਕਰਿ ਨਿਵੇਸ[੪] ਕਿਸ ਥਲ ਭਲੇ ਵਸਤੂ ਅਖਿਲ ਟਿਕਾਇ॥੧॥ ਚੌਪਈ ॥ ਲਏ ਨੀਰ ਕਰ ਚਰਨ ਪਖਾਰੇ।ਪਹਿਰੇ ਬਸਤ੍ਰ ਮੋਲ ਜਿਨ ਭਾਰੇ। ਸਤਿਗੁਰੁ ਕੀ ਸੁਧਿ ਸੁਨਿ ਕਰਿ ਕਾਨ। 'ਅਹੈਂ ਅਕਾਲ ਤਖਤ ਕੇ ਥਾਨ' ॥ ੨॥ ਆਨਿ ਪਹੂਚੇ ਬੀਚ ਦਿਵਾਨ। ਬੈਠੇ ਸੁਭਟ ਬ੍ਰਿੰਦ ਸਵਧਾਨ। ਤੋਮਰ, ਤੁਪਕ, ਤੀਰ,ਤਰਵਾਰ। ਸੇਫ[੫] ਸੈਹਥੀ[੬] ਸੇਲ[੭] ਸੰਭਾਰ ॥੩॥ ਸਿਪਰ[੮] ਸਰੋਹੀ[੯] ਸਾਂਗ ਧਰੰਤੇ। ਸ਼ਸਤ੍ਰ ਬਸਤ੍ਰ ਤੇ ਅਧਿਕ ਸੁਭੰਤੇ। ਸ੍ਰੀ ਹਰਿ ਗੋਵਿੰਦ ਤਖਤ ਬਿਰਾਜੇ। ਬਿਰਦ

---

[੧]ਪਿੱਛੇ। [੨]ਤਦੇ ਹੀ ਤਾਂ। [੩]ਨਾਲ। [੪]ਡੇਰਾ। [੫]ਤਲਵਾਰ [ਅ:, ਸੇਫ]। [੬]ਬਰਛੀ [ਪ੍ਰਾਕ੍ਰਿਤ, ਸਹੱਤ੍ਥ]। [੭]ਸੇਲੇ। [੮]ਢਾਲ। [੯]ਤਲਵਾਰ। ਸਿਰੋਹੀ ਰਾਜਪੂਤਾਨੇ ਦਾ ਇਕ ਸਥਾਨ ਹੈ ਜਿੱਥੋਂ ਦੀ ਤਲਵਾਰ ਬਹੁਤ ਵਧੀਆ ਲੋਹੇ ਦੀ ਤੇ ਅਤਿ ਲਚਕਦਾਰ ਹੁੰਦੀ ਹੈ, ਇੱਥੋਂ ਦੀ ਹੋਣ ਕਰਕੇ ਸਿਰੋਹੀ ਦਾ ਅਰਥ ਹੀ ਤਲਵਾਰ ਹੋ ਗਿਆ।

ਨਿਬਾਹਨਿ ਲੋਚਨ ਲਾਜੇ[1]॥੪॥ਜੁਗ ਗਰ ਮਹਿਂ ਸੋਭਤਿ ਸ਼ਮਸ਼ੇਰ।ਜੋ ਰਿਪੁ ਕੋ ਦਾਰੁਨ ਸਮ ਸ਼ੇਰ। ਧਨੁਖ ਨਿਠੁਰ ਬਡ ਧਰਯੋ ਅਗਾਰੀ। ਫੇਰਤਿ ਸਰ ਚੁਟਕੀ ਕਰ ਧਾਰੀ[2]॥੫॥ਕ੍ਰਿਪਾ ਦ੍ਰਿਸ਼ਟਿ ਸਿੱਖਨਿ ਪਰ ਕਰਤੇ। ਕਬਿ ਕਬਿ ਫੇਰਤਿ ਤੀਰ ਨਿਹਰਤੇ[3]।ਪ੍ਰਭੁ ਕੀ[4] ਪ੍ਰਭੁਤਾ ਪਿਖਿ ਬਿਸਮਾਇ।ਤੇਜ ਬਿਸਾਲ ਸਹਯੋ ਨਹਿਂ ਜਾਇ ॥ ੬ ॥ ਤ੍ਰਸਤਿ ਰਿਦੇ ਗੁਰੁ ਨਿਕਟ ਪਧਾਰੇ। ਪਦ ਅਰਬਿੰਦ ਬੰਦਨਾ ਧਾਰੇ। ਪੁਨ ਪਾਤੀ ਧਰਿ ਦੀਨਿ ਅਗਾਰੀ। 'ਪਠੀ ਦਿਵਾਨ ਸਮੀਪ ਤੁਮਾਰੀ' ॥ ੭ ॥ ਦੇਖਤਿ ਸ੍ਰੀ ਮੁਖ ਤੇ ਫੁਰਮਾਯੋ। ਪਢਯੋ ਪਾਰਸੀ ਨਿਕਟ ਬੁਲਾਯੋ। 'ਕਰਹੁ ਸੁਨਾਵਨਿ ਕਯਾ ਲਿਖ ਭੇਜਾ।ਕਰਕਤਿ ਜਿਸ ਕੇ ਨਾਮ[5] ਕਰੇਜਾ ॥ ੮ ॥ ਰਿਸਿ ਤੇ ਸੁਲਗਤਿ ਹੈ ਨਿਤ ਛਾਤੀ*। ਅਬਿ ਕਯਾ ਕਹਿ ਭੇਜਯੋ ਲਿਖਿ ਪਾਤੀ?'।ਖੋਲਿ ਪਠਯੋ ਮਤਲਬ ਸਭਿ ਜਾਨਾ।ਗੁਰੁ ਬੋਲੇ ਕਰਿ ਉਚ ਬਖਾਨਾ॥੯॥ ਮ੍ਰਿਦੁਲ ਕਠੋਰ ਜਿ ਬਾਕ ਸੁਨਾਏ[6]। ਸਕਲ ਲੋਕ ਸੁਨਿਹੀਂ[7] ਚਿਤ ਲਾਏ।ਆਸ਼ੈ ਕੌਰਾ ਮਧੁਰ ਕਹਿਨ ਕੋ।–ਜਿਮ ਕਿਮ ਕਰਿ ਲੇ ਪਾਨ ਗ੍ਰਿਹਿਨ[8] ਕੋ–॥ ੧੦ ॥ ਸੁਨੀ ਪਿਤਾ ਕੀ ਬਾਤ ਮਹਾਨਾ।–ਮੈਂ ਇਮ ਕਰੇ ਪ੍ਰਾਨ ਤਿਨ ਹਾਨਾ।ਗੈਲ ਲਗਯੋ ਕੂਕਰ ਕੀ ਨਯਾਈ–।ਸੁਨਤਿ ਗੁਰੂ ਕੇ ਰਿਸ ਉਰ ਛਾਈ॥੧੧॥'ਸੁਨਹੁ ਦੂਤ ਮਮ ਕਹਯੋ ਸੁਨਾਵਹੁ–ਕਯੋਂ ਏਤਿਕ ਚਿਤ ਮਹਿਂ ਗਰਬਾਵਹੁ ?। ਸਮਾਂ ਸਮੀਪ ਆਇ ਅਬਿ ਗਇਊ। ਕਿਤਿਕ ਕਾਲ ਤੁਵ ਪ੍ਰਾਨਨਿ ਛਇਊ[9] ॥ ੧੨ ॥ ਸ਼ਾਂਤਿ ਰੂਪ ਗੁਰੁ ਪਿਤਾ ਹਮਾਰੇ। ਨਹਿਂ ਰਿਸ ਧਰਿ ਬਚ ਦੰਡ ਪ੍ਰਹਾਰੇ[10]। ਕੂਕਰ ਗੈਲ[11] ਭੌਂਕਤੋ ਤਾਵਤਿ। ਹਤਹਿ ਨ ਦੰਡ ਪ੍ਰਚੰਡਹਿ ਜਾਵਤਿ[12] ॥ ੧੩ ॥ ਪਿਤ ਕੋ ਪਲਟਾ ਨਹਿਂ

---

[1]ਲੱਜਾ ਦਾ ਬਿਰਦ ਨਿਬਾਹੁਣ ਵਾਲੇ ਨੇਤਰ ਹਨ। [2]ਚੁਟਕੀ ਨਾਲ ਹੱਥ ਵਿਚ ਧਾਰਕੇ। [3]ਤੀਰ ਫੇਰ ਰਹੇ ਦਿਖਾਈ ਦਿੰਦੇ ਹਨ। [4]ਭਾਵ ਗੁਰੂ ਜੀ ਦੀ। [5]ਜਿਸ ਦਾ ਨਾਮ(ਸੁਣਿਆਂ)। [6]ਸੁਣਾਏ (ਚਿੱਠੀ ਦੇ)। [7]ਸੁਣਦੇ ਹਨ। [8]ਵਿਵਾਹ। [9]ਨਾਸ਼ ਹੋਣਗੇ। [10]ਗੁੱਸੇ ਵਿਚ ਨਹੀਂ ਆਏ ਤੇ ਬਚਨਾਂ ਰੂਪ ਡੰਡੇ ਨਹੀਂ ਮਾਰੇ। [11]ਪਿੱਛੇ। [12]ਜ਼ੋਰ ਨਾਲ ਜਿੰਨਾ ਚਿਰ ਡੰਡਾ ਨਹੀਂ ਮਾਰੀਦਾ।

*ਇਸ ਵਿਚ ਵੈਰ ਭਾਵ ਤੋਂ ਮੁਰਾਦ ਨਹੀਂ ਲੈਣੀ ਚਾਹੀਏ, ਪਰ ਪਿਤਾ ਪ੍ਰੇਮ ਵਿਚ, ਗੁਰੂ ਪ੍ਰੇਮ ਵਿਚ ਰਚ ਰਹੇ ਜੀਉਂਦੇ ਮਨ ਵਿਖੇ ਜੋ ਅਣਖ ਵਾਲਾ ਜੀਉਂਦਾ ਜਾਗਦਾ ਬੀਰਰਸ ਤੇ ਸ਼ਾਂਤਿ ਰਸ ਦਾ ਮਿਸਰਤ ਭਾਵ ਹੈ ਉਸ ਭਾਵ ਤੋਂ ਮੁਰਾਦ ਹੈ। ਵਾਹਿਗੁਰੂ ਰੂਪ ਸਤਿਗੁਰੂ ਦੀ ਛਾਤੀ ਕਿਉਂ ਸੁਲਗ ਸਕਦੀ ਹੈ, ਉਹ ਤਾਂ ਸਦਾ ਠੰਢੀ ਹੈ, ਸਦਾ ਸੀਤਲ ਹੈ, ਪਰ ਹਾਂ ਆਤਮਿਕ, ਮਾਨਸਿਕ ਤੇ ਬੀਰ ਰਸੀ ਜੀਵਨ ਨਾਲ ਨਿੱਘ ਵਾਲੀ ਹੈ, ਮੁਰਦਿਹਾਨ ਦੀ ਸਰਦੀ ਵਾਲੀ ਨਹੀਂ ਹੈ।

ਨਰ ਲੇਤਿ। ਸੋ ਨਰ ਨਹਿਂ, ਪਸੂ ਮੰਦ ਅਚੇਤਿ। ਜੇਤਿਕ ਤੁਵ ਤੇ ਹ੍ਵੈ
ਤਕਰਾਈ।ਕਰਿ ਲੀਜਹਿ ਬਹੁ ਰਿਤਵ ਉਪਾਈ॥੧੪॥ਹਤੌਂ ਕੁਮ੍ਰਿਤੁਤੋਹਿ
ਕੋ ਐਸੋ।ਹਲਤ ਪਲਤ ਬਡ ਸੰਕਟ ਜੈਸੋ।ਕਰੀ ਪ੍ਰਤੱਗਯਾ ਤੈਂ ਸੁਨਿ ਲੀਨਿ।
ਕਰੌਂ ਸਾਚ ਸੋ ਲਿਹੁ ਮਨ ਚੀਨਿ ॥੧੫॥ ਸ਼੍ਰੀ ਗੁਰੂ ਅਰਜਨ ਕੋ ਅਪਰਾਧੀ।
ਸਭਿ ਸਾਧਨਿ ਕੋ ਤੂ ਸਮ ਬਯਾਧੀ[1]*। ਸਕਲ ਸੰਤ ਹੇਰਤਿ ਦਿਸ਼ਿ ਮੇਰੀ*।
ਕਹਿ ਬਚ ਕਰਹਿਂ ਭਸਮ ਕੀ ਢੇਰੀ॥੧੬॥ ਅਸ ਪਾਪੀ ਕੋ ਤਯਾਗਹਿ ਕੌਨ[2]।
ਕਰਹਿਂ ਬਿਨਾਸ਼ਨ ਤੁਵ ਜੁਤਿ ਭੌਨ[3]।ਸ਼੍ਰੀ ਅਰਜਨ ਕੋ ਰੁਖ ਸਭਿ[4] ਦੇਖੇ। ਭਏ
ਛਿਮੀ ਰਿਸ ਖੋਇ ਵਿਸ਼ੇਖੇ ॥੧੭॥ ਤੂੰ ਮੂਰਖ ਕਯਾ ਕਹਿ ਗਰਬਾਵੈਂ।ਕੇਤਿਕ
ਦਿਨ ਮਹਿਂ ਅਬਿ ਫਲ ਪਾਵੈਂ। ਬਚਹਿਂ ਨ ਹੁਇ ਸੁਰਪਤਿ[5] ਰਖਵਾਰੋ।
ਅਪਰਨਿ ਕੀ ਗਿਨਤੀ ਕਯਾ ਧਾਰੋ ॥੧੮॥ ਸੰਤਨ ਕੇ ਬਨ ਮਹਿਂ ਬਿਨ
ਤ੍ਰਾਸ। ਕਰਤਿ ਖੋਟ ਬਡਿ ਫਿਰਤਿ ਹੁਲਾਸ*। ਜੌ ਲਗਿ ਬਲੀ ਕੇਹਰੀ
ਦਾਰੁਨ। ਮਿਲਿ ਕਰਿ ਕਰਤਿ ਨ ਪ੍ਰਾਨ ਬਿਦਾਰਨ–' ॥੧੯॥ ਸੁਨਿ ਕਰ
ਜੋਰਿ ਦੂਤ ਪੁਨ ਕਹੈ 'ਸਦਨ ਗੁਰੂ ਨਾਨਕ ਕੋ ਅਹੈ। ਕਰਹੁ ਛਿਮਾ ਸਨ-
ਬੰਧ ਬਨਾਵਹੁ। ਬਨਹਿ ਹੀਨ ਜਿਸ ਦੁਹਿਤਾ ਲਯਾਵਹੁ॥੨੦॥ ਕਰ ਜੋਰਹਿ
ਅਰੁ ਸੀਸ ਨਿਵਾਵੈ। ਰਹੈ ਅਧੀਨ ਸੁ ਸੇਵ ਕਮਾਵੈ। ਜਿਸ ਹਿਤ ਇਤਿਕ
ਬਧਯੋ ਬਿਰੋਧੇ। ਦੁਹਿ ਦਿਸ਼ਿ ਮਹਿਂ ਅਤਿਸ਼ੈ ਚਿਤ ਕ੍ਰੋਧੇ ॥ ੨੧ ॥ ਸੋ ਤੁਮ
ਬਯਾਹੁ ਲੇਹੁਗੇ ਜਬੈ। ਮਿਟਹਿ ਕਲੇਸ਼ ਤੁਰਤ ਹੀ ਤਬੈ'।ਸੁਨਤਿ ਗੁਰੂ ਬੋਲੇ
ਧਰਿ ਕ੍ਰੋਧੈ। 'ਇਹ ਤੁਮ ਕਹਾਂ ਕਹਤਿ ਬਿਨ ਬੋਧੈ[6]॥ ੨੨ ॥ ਚੰਦੂ ਕੁਟੰਬ
ਕੁਮੁਦ ਸਮੁਦਾਇ[7]। ਗੁਰੁ ਸੂਰਜ ਸਭਿ ਕੋ ਮੁਰਝਾਇ। ਜੇ ਅਰਬਿੰਦ
ਬਨਾਵਹੁ ਤਿਨੈ। ਗੁਰ ਤੁਖਾਰ[8]ਦੁਖਦਾਯਕ ਬਨੈ ॥੨੩॥ ਜਾਵਤਿ ਚੰਦੂ ਕੇ
ਤਨ ਪ੍ਰਾਨ[9]। ਹਮਹਿਂ ਨ ਸ਼ਾਂਤੀ ਹੋਵਤਿ ਆਨਿ। ਰੁਚਿ ਸੋਂ ਖਾਨ ਨ ਪਾਨ
ਨ ਸੋਵਨਿ। ਨਹਿਂ ਸੋਹਤਿ ਚਿੰਤਾ ਚਿਤ ਖੋਵਨਿ ॥੨੪॥ ਜੇ ਕਰਿ ਪਸ਼ਚਮ
ਸੂਰਜ ਉਦੇ। ਅਗਨਿ ਚੰਦ੍ਰਮਾਂ ਸ੍ਰਵਹਿ[10] ਜਿ ਕਦੇ। ਪੰਖ ਲਗਾਇ ਮੇਰੁ
ਉਡਿ ਜਾਵੈ। ਥਿਰਾ ਅਥਿਰਾ, ਸਮੁੰਦ ਸੁਕਾਵਹਿ[11] ॥ ੨੫॥ ਇੱਤਯਾਦਿਕ

[1]ਤੂੰ ਸਾਰੇ ਸੰਤਾਂ ਨੂੰ ਵਯਾਧੀ (ਰੋਗ) ਤੁੱਲ ਹੈਂ। [2](ਮਾਰੇ ਬਿਨਾਂ) ਕੌਣ ਛਡੇ। [3]ਤੈਨੂੰ ਸਮੇਤ ਘਰ ਦੇ।
[4]ਸਾਰੇ (ਸੰਤ)। [5](ਭਾਵੇਂ) ਇੰਦ੍ਰ ਬੀ। [6]ਬਿਨਾਂ ਵਿਚਾਰ। [7]ਸਾਰਾ ਕਵੀਆਂ ਵਾਂਙੂ ਹੈ। [8]ਬਰਫ।
[9]ਤਨ ਵਿਚ ਪ੍ਰਾਨ ਹਨ। [10]ਚੰਦ੍ਰਮਾਂ ਤੋਂ ਅਗ ਸਿੰਮੇ। [11]ਧਰਤੀ ਚਲ ਪਏ, ਸਮੁੰਦਰ ਸੁੱਕ ਜਾਵੇ।
*ਸਪਸ਼ਟ ਹੈ ਕਿ ਚੰਦੂ ਨੂੰ 'ਸੰਤ ਦੋਖੀ' ਸਾਧੂ ਲੋਕ ਸਮਝ ਰਹੇ ਹਨ।

ਸਭਿ ਹੁਇ ਬਿੱਪ੍ਰੀਤ। ਤਊ ਨ ਬਯਾਹ ਕਰਹਿਂ ਕਿਸਿ ਰੀਤਿ। ਜਿਸ ਨੇ ਪਿਤਾ ਹਤਯੋ ਬਿਨ ਤ੍ਰਾਸ। ਮੈਂ ਚਾਹੌਂ ਤਿਸ ਕਰਨਿ ਬਿਨਾਸ਼॥੨੬॥ਤਿਸ ਸੋਂ ਕਹੁ ਕੈਸੋ ਸਨਬੰਧ*। ਹਤਨੋ ਬਨਹਿ ਤਾਂਹਿ ਮਤਿ ਅੰਧ। ਬਹੁਰ ਨ ਐਸੀ ਬਾਤ ਸੁਨਾਵਹੁ। ਪੱਤ†ਸਮੇਤ ਨਿਕੇਤ ਸਿਧਾਵਹੁ॥ ੨੭॥ ਹਮ ਦਿਸ਼ਿ ਤੇ ਕਹਿ ਦੇਹੁ ਸੰਦੇਸ਼ਾ।–ਪਹੁੰਚਯੋ[1] ਤੁਵ ਢਿਗ ਅਧਿਕ ਕਲੇਸ਼ਾ। ਅਪਦਾ ਪਰੈ ਆਨਿ ਅਬਿ ਐਸੇ। ਜਤਨ ਅਨਿਕ ਤੇ ਮਿਟਹਿ ਨ ਕੈਸੇ–॥ ੨੮॥ ਜਾਨਿ ਦੂਤ ਤੁਮ ਕੋ ਅਬਿ ਤਜਹਿਂ‡। ਨਾਂਹਿ ਤ ਪਕਰ ਸਾਸਨਾ ਸਜਹਿਂ[2]। ਜਿਸ ਤੇ ਮੂਢ ਮਤੀ ਸੋ ਜਾਨੈ। ਕੇਤਿਕ ਦਿਨ ਮਹਿਂ ਪ੍ਰਾਨਨਿ ਹਾਨੈ'॥੨੯॥ ਇਮ ਕਹਿ ਕਰਿ ਤਿਨ ਕੋ ਅਪਮਾਨਾ। ਦਿਏ ਉਠਾਇ ਕਠੋਰ ਬਖਾਨਾ। ਝੂਰਤਿ ਨਿਜ ਡੇਰੇ ਕਹੁ ਆਏ। ਨਹਿਂ ਕੁਛ ਕਹਯੋ ਗਯੋ ਸੁ ਲਜਾਏ॥੩੦॥ ਬਸੇ ਨਿਸਾ ਇਕ, ਡਰਪਤਿ ਰਹੇ।–ਹਮਹੁ ਆਨਿ ਕੋ ਲੇਹਿ ਨ ਗਹੇ–। ਤ੍ਰਾਸਤਿ ਨਹੀਂ ਸੁਪਤਿ ਸੁਖ ਸੰਗ। ਭਈ ਪ੍ਰਭਾਤਿ ਚਢੇ ਤਿਸ ਢੰਗ॥੩੧॥ ਦੋਹਰਾ॥ ਸਗਰੋ ਪੰਥ ਉਲੰਘਿ ਕੈ ਦਿੱਲੀ ਪ੍ਰਵਿਸ਼ੇ ਆਇ। ਚੰਦੂ ਪਾਪੀ ਸੋਂ ਮਿਲੇ ਸਕਲ ਪ੍ਰਸੰਗ ਸੁਨਾਇ॥੩੨॥ ਮਹਾਂ ਦੁਸ਼ਟ ਮਤਿ ਪਾਤਕੀ ਸੁਨਤਿ ਭਯੋ ਦੁਖ ਪਾਇ। ਬੂਝਤਿ 'ਕਹੋ ਪ੍ਰਸੰਗ ਸਭਿ ਕਿਮ ਦੇਖਯੋ ਤੁਮ ਜਾਇ?' ॥ ੩੩॥ ਚੌਪਈ॥ ਕਹਤਿ ਭਏ 'ਸੁਨਿ ਕਾਨ ਦਿਵਾਨ। ਉਤਰੇ ਪ੍ਰਥਮ ਏਕ ਹਮ ਥਾਨ। ਲੋਕਨਿ ਕੋ ਬੂਝਯੋ–ਗੁਰੁ ਕਿਤ ਹੈ?।ਕਬਿ ਹਮ ਮਿਲਹਿਂ ਹੋਇ ਇਕ ਚਿਤ ਹੈ?–॥੩੪॥ਤਬਹੁ ਸਿੱਖ ਇਕ ਸਕਲ ਬਤਾਏ।–ਖੇਲਤਿ ਅਬਿ ਸ਼ਿਕਾਰ ਕੋ ਆਏ। ਬੈਠੇ ਸ਼ੋਭਤਿ ਤਖਤ ਸਥਾਨ। ਗਨ ਸੁਭ-ਟਨਿ ਕੋ ਲਾਗਿ ਦਿਵਾਨ॥ ੩੫॥ ਮਿਲਹੁ ਕਰਹੁ ਦਰਸ਼ਨ ਇਸ ਬੇਰਾ।

---

[1]ਪਹੁੰਚਿਆ ਹੀ (ਜਾਣ)। [2]ਦੰਡ ਦੇਂਦੇ। *ਦਸੋ ਸਤਿਗੁਰੂ ਕਦੇ ਬਦੀ ਨੂੰ ਅਧਵਾਟਿਓਂ ਹੋਕੇ ਅਗੋਂ ਨਹੀਂ ਮਿਲੇ, ਭਾਵ ਇਹ ਕਿ ਕਿਸੇ ਮਨੋਰਥ ਲਈ ਕਿਸੇ ਬਹਾਨੇ ਕਿਸੇ ਪੱਜ ਨਾਲ ਲਪੇਟੀ ਹੋਈ ਬਦੀ ਅੰਗੀਕਾਰ ਨਹੀਂ ਕੀਤੀ, ਜਦ ਬਦੀ ਦਾ ਟਾਕਰਾ ਆਇਆ, ਨਿਰਭੈ ਹੋਕੇ ਉਸ ਨੂੰ ਡਾਂਟਿਆ, ਮੁਕਾਬਲਾ ਕੀਤਾ, ਖੇਦ ਸਹਾਰੇ, ਝੱਲੇ, ਪਰ ਹਾਰਿਆ ਦਾਉ ਬਦੀ ਨੂੰ ਕਦੇ ਨਹੀਂ ਦਿਤਾ, ਉਸ ਨਾਲ ਵਪਾਰ ਨਹੀਂ ਕੀਤਾ। ਸੰਤ ਦੋਖੀ, ਅਵਤਾਰ ਘਾਤਕ, ਵੱਢੀ ਖੋਰ, ਦੀਵਾਨ ਦੀ ਲੜਕੀ ਦਾ ਲੋਭ, ਪਦਾਰਥ ਦਾ ਲਾਲਚ, ਬਲ ਦਾ ਭੈ, ਪਿਤਾ ਨਾਲ ਹੋਏ ਸਲੂਕ ਦਾ ਤ੍ਰਾਸ ਆਪਣੇ ਜੀਵਨ ਦਾ ਭੈ, ਕੋਈ ਸ਼ੈ ਪ੍ਰੇਰ ਨਹੀਂ ਸਕੀ ਕਿ ਬਦੀ ਨਾਲ ਗੁਰੂ ਜੀ ਸੁਦਾਗਰੀ ਕਰ ਲੈਣ; ਇਹ ਮਹਾਨ ਵਿਸ਼ਾਲਤਾ ਹੈ। ਇਥੇ ਬੀ ਕਵੀ ਜੀ ਦੇ ਲਿਖੇ ਤੋਂ ਇਹੀ ਭਾਵ ਸਹੀ ਹੁੰਦਾ ਹੈ।

†ਪਾ:–ਪਤੀ। ‡ਇਹ ਉਤਮ ਨੀਤੀ ਹੈ ਕਿ ਦੂਤ ਨੂੰ ਕਦੀ ਨਹੀਂ ਮਾਰਦੇ।

ਐਸੋ ਸਮੋ ਨ ਪਾਵਹੁ ਫੇਰਾ–। ਸੁਨਿ ਹਮ ਬਿਸਮੇ–ਕਯਾ ਇਹ ਕਹੈ?।ਗਾਦੀ ਏਹੁ ਫਕੀਰਨਿ ਅਹੈ ॥ ੩੬ ॥ ਕਰਨਿ ਸ਼ਿਕਾਰ ਸ਼ਸਤ੍ਰ ਗਨ ਧਰਿਬੇ। ਔਰ ਤਖਤ ਪਰ ਬੈਠਨਿ ਕਰਿਬੇ–।–ਇਹ ਗਤਿ ਕਬਿਤੇ ਕੀਨਿਨਵੀਨ?। ਪਤਿਸ਼ਾਹਿਨ ਕੀ ਰੀਤਿ ਪ੍ਰਬੀਨ ॥ ੩੭ ॥ ਚਮੂੰ ਰਾਖਨੀ ਬਲੀ ਤੁਰੰਗ। ਅਪਰ ਸਮਾਜ ਸ਼ਾਹ ਜਿਮ ਸੰਗ[1]–। ਸੁਨਿ ਸਿਖ ਕਹਯੋ–ਜਬੈ ਸੁਧਿ ਆਈ। ਚੰਦੂ ਕਰਯੋ ਪਾਪ ਅਧਿਕਾਈ ॥ ੩੮ ॥ ਸ੍ਰੀ ਅਰਜਨ ਤਨੁ ਤਯਾਗ ਸਿਧਾਰੇ।ਤਬਿ ਤੇ ਕ੍ਰੋਧ ਅਧਿਕ ਉਰ ਧਾਰੇ। ਦੋਇ ਖੜਗ ਨਿਜ ਗਰ ਮਹਿ ਪਾਏ। ਅੰਗ ਸੰਗ ਧਨੁ ਤਰਕਸ਼ ਲਾਏ ॥ ੩੯ ॥ ਰਾਖਿ ਲਈ ਸੈਨਾ ਸਮੁਦਾਈ। ਹਤਨਿ ਚੰਦੂ ਹਿਤ ਸਪਥ ਅਲਾਈ। ਦਿਨ ਪ੍ਰਤਿ ਸਭਿ ਸਮਾਜ ਅਧਿਕਾਯੋ। ਬੈਠਨਿ ਹੇਤੁ ਤਖਤ ਬਨਵਾਯੋ–॥ ੪੦ ॥ ਤਬਿ ਹਮ ਸੁਨਿਕੈ ਗਏ ਅਗਾਰੀ। ਦੇਖੇ ਬਹੁ ਬੈਠੇ ਭਟ ਭਾਰੀ। ਆਪ ਸ਼ਸਤ੍ਰ ਜੁਤ ਤਖਤ ਸੁਹਾਏ। ਜਾਇ ਨਿਕਟ ਹਮ ਸੀਸ ਨਿਵਾਏ॥ ੪੧॥ ਲੇ ਤੁਮ ਨਾਮ ਦਈ ਜਬਿ ਪਾਤੀ। ਚਿਤਵਤਿ ਪਿਤ ਕੋ ਸੁਲਗਤਿ ਛਾਤੀ।ਜਬਿ ਪਢਵਾਇ ਸੁਨੀ ਰਿਸ ਧਾਰੀ। ਬਹੁ ਕਠੋਰ ਤਬਿ ਗਿਰਾ ਉਚਾਰੀ ॥ ੪੨ ॥–ਪਿਤਾ ਬੈਰ ਕੋ ਤਯਾਗਹਿੰ ਨਾਂਹਿਨ।ਤ੍ਰਾਸ ਰਿਦੇ ਮਹੁ ਮਾਨਹਿੰ ਕਾਹਿ ਨ। ਚੰਦੂ ਸੰਗ ਕਹਹੁ ਅਸ ਜਾਈ। 'ਅਪਦਾ ਘੋਰ ਮੂਢ ਨਿਯਰਾਈ[2]'–॥ ੪੩ ॥ ਇਕ ਤੌ ਤਨ ਕੀ ਬੈਸ ਨਵੀਨ। ਦੂਜੇ ਸ਼ਸਤ੍ਰ ਅੰਗ ਧਰਿ ਲੀਨਿ। ਤੀਜੇ ਸੁਭਟਨਿ ਕੋ ਨਿਤ ਸੰਗ। ਮਾਰਿ ਮਾਰਿ ਕਰਿ ਚਾਹਸਿ ਜੰਗਿ ॥ ੪੪ ॥ ਤੁਝ ਤੇ ਕੁਛ ਉਪਾਇ ਹੁਇ ਆਵੈ। ਭਲੀ ਅਹੈ ਤੌ ਜੇ ਬਚਿ ਜਾਵੈਂ। ਸੋ[3] ਉਰ ਕਰਤਿ ਅਧਿਕ ਉਤਸਾਹੂ। ਕੁਛ ਨਹਿੰ ਤ੍ਰਾਸ ਕਰਤਿ ਚਿਤ ਮਾਂਹੂ' ॥ ੪੫ ॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰਾਸੇ 'ਦੂਤ ਆਵਨਿ ਜਾਇ' ਪ੍ਰਸੰਗ ਬਰਨਨੰ ਨਾਮ ਸਪਤ ਚੱਤਵਾ ਰਿੰਸਤੀ ਅੰਸੂ ॥ ੪੭ ॥

੪੮. [ਜਹਾਂਗੀਰ ਪਾਸ ਚੁਗਲੀ]।

ਦੋਹਰਾ ॥ ਸ੍ਰੀ ਹਰਿ ਗੋਵਿੰਦ ਚੰਦ ਕੋ ਬੋਲਨਿ ਅਰ ਬਿਵਹਾਰ। ਸੁਨਿ ਚੰਦੂ ਚਿੰਤਾ ਅਧਿਕ ਅਨਿਕ ਉਪਾਵ ਬਿਚਾਰਿ ॥ ੧ ॥ ਚੌਪਈ ॥–ਨਹਿੰ ਮਾਨਹਿ ਮਮ ਸੁਤਾ ਸਗਾਈ। ਪਿਤਾ ਦਸ਼ਾ ਦਿਖਿ ਤ੍ਰਾਸ ਨ ਪਾਈ। ਬਧਤਿ ਬਧਤਿ ਬਧਿ ਗਯੋ ਬਿਰੋਧਾ। ਅਜਹੁ ਨ ਮੋਰੋ ਮਾਨਤਿ ਕ੍ਰੋਧਾ[4] ॥ ੨॥ ਕੈ ਮੇਰੋ ਅਬਿ ਹੋਇ ਬਿਨਾਸ਼ਾ। ਕੈ ਜੀਵਨਿ ਤੇ ਸੋ ਬਿਨ ਆਸਾ। ਹਰਿਗੁਵਿੰਦ ਕੋ ਜਬਿ

---

[1]ਨਾਲ (ਰੱਖਦੇ ਹਨ)। [2]ਨੇੜੇ ਆਈ ਹੈ। [3]ਭਾਵ ਗੁਰੂ ਜੀ। [4]ਭਾਵ ਮੇਰੇ ਕ੍ਰੋਧ ਤੋਂ ਡਰਦਾ ਨਹੀਂ।

ਪਕਰਾਵੈਂ। ਤਬਹਿ ਬੈਰ ਪੂਰਨ ਸਫਲਾਵੈਂ[1]॥੩॥ ਪੁਨ ਧਨ ਖਰਚੈਂ ਅਧਿਕ ਸੁ ਐਸੇ। ਪਕਰ੍ਯੋ ਮਰਹਿ ਨ ਨਿਕਸਹਿ ਜੈਸੇ–। ਇੱਤ੍ਯਾਦਿਕ ਮਨ ਗਿਨਹਿ ਬਿਸਾਲਾ। ਚਿੰਤਾ ਮਹਿਂ ਦਿਨ ਰੈਨ ਦੁਖਾਲਾ ॥ ੪ ॥ ਸ਼ਾਹੁ ਸਮੀਪਨਿ ਰਿਸ਼ਵਤਿ ਦੇਤਿ। ਕਹਿਬੇ ਕੋ ਅਵਸਰ ਨਹਿਂ ਲੇਤਿ।ਜਹਾਂਗੀਰ ਢਿਗ ਪਹੁੰਚਹਿ ਜਬੈ। ਅਨਿਕ ਘਾਤਿ[2] ਬਾਤਨਿ ਕਹਿ ਤਬੈ ॥੫॥ ਹਜ਼ਰਤਿ ਕੋ ਰੁਖ਼ ਇਕ ਦਿਨ ਪਾਇ। ਕਰ ਜੋਰਤਿ ਕਹਿ ਬਿਨੈ ਬਨਾਇ। ਮਾਝੇ ਦੇਸ਼ ਹਕੀਕਤਿ ਸਾਰੀ। ਕਹਤਿ ਆਇ ਜੈਸੇ ਧਨ ਭਾਰੀ ॥ ੬ ॥ 'ਸ਼੍ਰੀ ਅਰਜਨ ਜੋ ਤੁਮ ਬੁਲਵਾਏ। ਲਵਪੁਰਿ ਮਿਲੇ ਆਪ ਢਿਗ ਆਏ। ਤਿਨ ਪਰਲੋਕ ਭਯੋ ਤਹਿਂ ਜਬਿ ਤੇ। ਸੁਤ ਬੈਠ੍ਯੋ ਗਾਦੀ ਪਰ ਤਬਿ ਤੇ' ॥ ੭॥ ਜਹਾਂਗੀਰ ਸੁਨਿ ਬੂਝਨ ਲਾਗੇ। 'ਕਬਿ ਕੇ ਕਿਮ ਸ਼੍ਰੀ ਗੁਰੁ ਤਨ ਤ੍ਯਾਗੇ?। ਹਮ ਜਬਿ ਮਿਲੇ ਕਿਤਿਕ ਦਿਨ ਪਾਛੇ। ਭਾ ਪਰਲੋਕ ਕੌਨ ਬਲ ਆਛੇ ॥ ੮ ॥ ਸ਼ਾਂਤਿ ਰੂਪ ਸ਼ੋਭਤਿ ਜਿਨ ਸੂਰਤਿ। ਮਨਹੁ ਵਿਰਾਗ ਧਰੀ ਨਿਜ ਮੂਰਤਿ। ਮ੍ਰਿਦੁਲ ਬਚਨ ਸੁਨਿਬੇ ਰੁਚਿ ਜਾਗੈ।ਪ੍ਰਭੁ ਲਿਵ ਲਗਹਿ ਧੰਧ ਜਗ ਤ੍ਯਾਗੈ*'॥੯॥ ਸੁਨਿ ਜਸੁ ਚੰਦੂ ਜਰ ਬਰ ਗਯੋ। ਬਾਤ ਫਰੇਬ ਬਨਾਵਤਿ ਭਯੋ। 'ਸੁਨਹੁ ਸ਼ਾਹੁ ਜੀ ਲਵਪੁਰਿ ਮਾਂਹੀ। ਮਿਲੇ ਗੁਰੂ ਜਬਿ ਰਾਵਰਿ ਪਾਹੀ ॥੧੦॥ ਤਿਸ ਪਾਛੇ ਕੇਤਿਕ ਦਿਨ ਰਹੇ। ਹੈਜ਼ਾ ਹੋਇ ਮਹਾਂ ਦੁਖ ਲਹੇ। ਰਾਵੀ ਤੀਰ ਜਾਇ ਤਨ ਤ੍ਯਾਗਾ। ਸੰਗਤ ਮਿਲੀ ਦਿਯੋ ਤਹਿਂ ਦਾਗਾ[3] ॥੧੧॥ ਤਿਨਕੋ ਸੁਤ ਸ਼੍ਰੀ ਹਰਿ ਗੋਵਿੰਦ। ਥਿਰ ਗਾਦੀ ਪਰ ਤਰੁਨ[4] ਬਿਲੰਦ। ਤਿਨ ਕੋ ਬੋਲਨਿ ਅਰੁ ਬਿਵਹਾਰੂ। ਲਵਪੁਰਿ ਤੇ ਆਈ ਅਖਬਾਰੂ[5] ॥ ੧੨॥ ਸੋ ਖਤ ਪਠਿ ਕੈ ਮੈਂ ਬਿਸਮਾਯੋ। ਸਕਲ ਅਪੂਰਬ[6] ਬਨੋਂਤ ਬਨਾਯੋ। ਤਖਤ ਨਾਮ ਗਾਦੀ ਕੋ ਰਾਖ੍ਯੋ। ਆਯੁਧ ਬਿੱਦ੍ਯਾ ਮਹਿਂ ਅਭਿਲਾਖ੍ਯੋ ॥ ੧੩ ॥ ਤਜ੍ਯੋ ਫਕੀਰੀ ਕੋ ਬਹੁ ਬੇਸ। ਸਮਤਾ ਚਾਹਤਿ ਸ਼ਾਹੁ ਬਿਸ਼ੇਸ਼। ਸੰਗ ਚਮੂੰ ਹਿਤ ਜੰਗ ਕਰਨਿ ਕੇ। ਰਾਖਤਿ ਦਿਨ ਪ੍ਰਤਿ ਸੁਭਟ ਬਰਨ ਕੇ[7] ॥੧੪॥ ਕਹਿਵਾਵਨਿ ਲਾਗ੍ਯੋ–ਪਤਿਸ਼ਾਹੂ–। ਕਰਹਿ ਅਖੇਰ ਬ੍ਰਿੱਤਿ ਬਨ ਮਾਂਹੂ। ਪੂਰਬ ਸਾਕੇ ਬ੍ਰਿੰਦ ਪਵਾੜੇ[8]। ਜਿਨਹੁ ਕੀਨਿ ਬਡ ਜੰਗ ਅਖਾੜੇ॥੧੫॥ ਤਿਨ ਕੋ ਸੁਨਹਿ ਢਾਢੀਅਨਿ ਪਾਸ। ਪੁਨ ਅਪਨੋ ਬਲ ਕਹੈ ਪ੍ਰਕਾਸ਼। ਥਿਨਾ ਪਰ

[1]ਸਫਲਾ ਕਰਾਂਗਾ। [2]ਅਨੇਕਾਂ ਦਾਉ ਦੀਆਂ। [3]ਸਸਕਾਰ ਕੀਤਾ। [4]ਜਵਾਨ। [5]ਖਬਰ। [6]ਨਵੀਂ। [7]ਤਰ੍ਹਾਂ ਤਰ੍ਹਾਂ ਦੇ। [8]ਬਹੁਤੇ ਝਗੜੇ।

*ਇਹ ਗਲ ਕਵੀ ਜੀ ਨੂੰ ਉੱਕੀ ਗ਼ਲਤ ਮਿਲੀ ਹੈ। ਦੇਖੋ ਟੂਕ ਪੰਨਾ ੨੩੭੭ ਦੀ।

ਗਨੇ ਬਿਨ ਤੁਮ ਕਹੇ[1]। ਸੈਨ ਸਕੇਲਤਿ ਗਨ ਨਿਤ ਅਹੇ॥੧੬॥ਅਸ ਨਹਿਂ ਹੋਇ ਉਠਾਵਹਿ ਦੁੰਦ। ਕਿਮ ਟਿਕ ਰਹੈਂ ਸੁਭਟ ਮਿਲਿ ਬ੍ਰਿੰਦ। ਕੈ ਨਿਜ ਚਮੂੰ ਚਢਾਵਨਿ ਕਰੀਅਹਿ। ਬਿਨਾ ਲਰੇ ਤੇ ਪ੍ਰਥਮ ਪਕਰੀਅਹਿ ॥ ੧੭ ॥ ਕੈ ਭੇਜੋ ਨਰ ਆਛੋ ਕੋਇ। ਅਪਨੇ ਨਿਕਟਿ ਹਕਾਰਹੁ ਸੋਇ। ਦਬਯੋ ਰਹੈ ਨਹਿਂ ਦੁੰਦ ਉਠਾਵੈ। ਆਗੈ ਆਪ ਕਰਹੁ ਜਯੋਂ ਭਾਵੈ॥੧੮॥ ਸ਼ਾਹੁ ਸਮੀਪੀ ਜੇ ਉਮਰਾਊ। ਚੰਦੂ ਬਾਤ ਕੋ ਕਰਿ ਪੁਸ਼ਟਾਊ[2]। ਰਿਸ਼ਵਤਿ ਲੈਨਹਾਰ ਜੇ ਨਰ ਹੈਂ। ਬੁਰਾ ਭਲਾ ਨ ਬਿਚਾਰਤਿ ਉਰ ਹੈਂ ॥੧੯॥ ਜਿਸ ਤੇ ਲੈਂ ਤਿਸ ਕੋ ਰੁਖ਼ ਕਰੈਂ। ਸਾਚ ਕਿ ਝੂਠ ਬਿਚਾਰ ਨ ਧਰੈਂ। ਜਹਾਂਗੀਰ ਉਰ ਤਥਾ ਪਛਾਨੀ। ਮਿਲਿ ਸਕਲਨਿ ਜਿਮ ਕੀਨਿ ਬਖਾਨੀ ॥੨੦॥ ਸ੍ਰੀ ਗੁਰੁ ਗਾਦੀ ਕੇ ਗੁਨ ਭਾਰੇ। ਅਪਨਿ ਬਡਿਨਿ ਪਰ ਲਖਿ ਉਪਕਾਰੇ। ਦੁਸ਼ਟਨਿ ਤੇ ਦੂਤੀ[3] ਸੁਨਿ ਕਾਨ। ਸੰਸੈ ਹੋਤਿ ਸ਼ਾਹੁ ਕੇ ਆਨਿ॥ ੨੧ ॥-ਪ੍ਰਥਮ ਬਾਰਤਾ ਤਸਕਰ ਕੇਰੀ। ਕਹਤਿ ਰਹੇ ਨਹਿਂ ਨਿਰਨੈ ਹੇਰੀ। ਤਿਨ ਕੋ ਤਨ ਬਿਨਸਯੋ ਸੁਤ ਰਹਯੋ। ਬੈਠਯੋ ਗੁਰਤਾ ਪਦ ਕੋ ਲਹਯੋ॥੨੨॥ਜਾਵਤਿ ਕਰੌਂ ਨਹੀਂ ਨਿਰਧਾਰੇ। ਤਾਵਤਿ ਬਨਹਿ ਨ ਕਰਨਿ ਬਿਗਾਰੇ-।ਰਹਯੋ ਗਿਨਤ ਕੁਛ ਹੁਕਮ ਨ ਦਯੋ। ਉਠਯੋ ਸਭਾ ਤੇ ਅੰਤਰ ਗਯੋ॥ ੨੩ ॥ ਦਿਨ ਦੂਸਰ ਮਹਿਂ ਚਿਤਵਤਿ ਸ਼ਾਹੁ। ਆਯੋ ਤਬਿ ਵਜ਼ੀਰਖਾਂ ਪਾਹੂ। ਗੁਰੁ ਬ੍ਰਿਤਾਂਤ ਬੂਝਯੋ ਤਿਸ ਤੀਰ। 'ਸੰਤ ਰੂਪ ਸ੍ਰੀ ਅਰਜਨ ਧੀਰ ॥ ੨੪ ॥ ਹਮ ਨੇ ਸੁਨਯੋ ਭਯੋ ਪਰਲੋਕਾ। ਲਵਪੁਰਿ ਮਹਿਂ ਤਿਨ ਦਰਸ ਬਿਲੋਕਾ। ਦੂਤੀ ਕਰਤਿ ਰਹਯੋ ਤਬਿ ਚੰਦੂ। ਸੁਨਿ ਮੈਂ ਭਯੋ ਨ ਨਿਠੁਰ[4] ਬਿਲੰਦੂ॥ ੨੫ ॥ ਅਬਿ ਤਿਨ ਕੋ ਨੰਦਨ ਇਕ ਸੁਨਯੋ।ਅਪਰ ਬ੍ਰਿਤੰਤ ਚੰਦੂ ਨੇ ਭਨਯੋ। ਸੁਭਟ ਸ਼ਸਤ੍ਰ ਜੁਤ ਗਨ ਢਿਗ ਰਾਖੈ। ਦੁੰਦ[5] ਦੇਸ਼ ਕਰਿਬੋ ਅਭਿਲਾਖੈ ॥ ੨੬ ॥ ਇਹ ਪ੍ਰਸੰਗ ਸਭਿ ਮੋਹਿ ਸੁਨਾਵਹੁ। ਪਠਹਿਂ ਸੈਨ ਕੈ ਨਹਿਨ ? ਬਤਾਵਹੁ[6]। ਨਾਹਿ ਤ ਨਰ ਨੀਕੋ ਇਕ ਜਾਇ।ਨਿਕਟ ਹਮਾਰੇ ਲਯਾਇ ਬੁਲਾਇ॥੨੭॥ਜੋ ਚਿਤ ਮਹਿਂ ਨਹਿਂ ਚਹਤਿ ਬਖੇਰਾ। ਆਵਹਿਂ ਦਿੱਲੀ ਪੁਰਿ ਬਿਨ ਬੇਰਾ। ਜੇ ਨਹਿਂ ਮਾਨਹਿ,ਮਨ ਮਹਿਂ ਔਰ[7]।ਗਮਨੈ ਚਮੂੰ ਜਾਇ[8]ਤਿਸ ਠੌਰ' ॥ ੨੮ ॥ ਕਿੰਚ-

[1]ਬਿਨਾਂ ਇਲਾਕੇ ਦੀ ਮਲਕੀਅਤ ਦੇ (ਤੇ) ਬਿਨਾਂ ਆਪ ਦੇ ਕਹੇ (ਆਗਜਾ) ਦੇ। [2]ਪੁਸ਼ਟੀ। [3]ਚੁਗਲੀ। [4]ਕਰੜਾ। [5]ਉਪੱਦ੍ਰਵ। [6](ਤੂੰ) ਦੱਸ। [7](ਤਾਂ) ਮਨ ਵਿਚ (ਕੁਛ) ਹੋਰ ਹੈ, (ਭਾਵ ਜੁੱਧ ਦੀ ਇੱਛਾ ਹੈ)। [8](ਤਾਂ ਫਿਰ) ਸੈਨਾਂ ਤੁਰ ਜਾਵੇ।

ਬੇਗ ਅਰੁ ਖਾਨ ਵਜ਼ੀਰ। ਸੁਨਿਕੈ ਸਕਲ ਸ਼ਾਹੁ ਕੇ ਤੀਰ। ਜੁਗ ਕਰ ਜੋਰੇ ਅਰਜ਼ ਗੁਜ਼ਾਰੀ।'ਸ਼੍ਰੀ ਗੁਰ ਅਰਜਨਿ ਪਰ ਉਪਕਾਰੀ॥੨੯॥ਧਨ ਅਨ-ਗਨ ਤੇ ਤਾਲ ਲਵਾਯਹੁ। ਹਿੰਦੂ ਤੁਰਕ ਸਭਿ ਕੇ ਸੁਖਦਾਯਹੁ। ਦੁਤਿਯ ਤਾਲ ਇਕ ਲਗੇ ਬਨਾਵਨਿ। ਤਿਸ ਮਹਿਂ ਬਿਘਨ ਕੀਨਿ ਉਮਰਾਵਨਿ ॥ ੩੦ ॥ ਨਿਤਪ੍ਰਤਿ ਦੇਤੇ ਦੇਗ਼ ਖ਼ਰਾਇਤ। ਅਲਹਿ ਖ਼ੁਦਾਇ ਯਾਦ ਹਰ ਸਾਇਤ[1]। ਤਿਨ ਮਹਿਂ ਤਸਕਰ ਆਦਿਕ ਦੋਸ਼ਾ। ਕੌਨ ਸੁਮਤਿ ਸੁਨਿ ਕਰਹਿ ਭਰੋਸਾ ॥ ੩੧ ॥ ਚੰਦੂ ਦਿਵਾਨ ਜਾਤਿ ਨਿਜ ਜਾਨਹਿ[2]। ਮਹਿਮਾ ਲਖਹਿ ਨ, ਮਤਸਰ ਠਾਨਹਿ। ਸ਼੍ਰੀ ਅਰਜਨ ਤਨ ਤਜ੍ਯਾਗਯੋ ਤਹਾਂ। ਬੀਤ ਗਈ[3] ਸੋ ਕਹੀਯਹ ਕਹਾਂ ॥ ੩੨ ॥ ਅਬਿ ਤਿਨ ਕੋ ਸੁਤ ਬਲੀ ਬਿਲੰਦ। ਤਰੁਨ ਬੈਸ ਸ਼੍ਰੀ ਹਰਿ ਗੋਵਿੰਦ। ਗੁਰੁਤਾ ਗਾਦੀ ਕੀਨਿ ਅਬਾਦੀ। ਦਾਸਨਿ ਅਹਿਲਾਦਤਿ ਦੇ ਸ਼ਾਦੀ[4] ॥੩੩॥ ਪੂਜਹਿ ਜਗਤ, ਪਦਾਰਥ ਦੇਤਿ। ਮਨ ਬਾਂਛਤਿ ਗੁਰੁ ਤੇ ਬਰ ਲੇਤਿ। ਤਿਨਹੁ ਸੰਗ ਭੀ ਮਤਸਰ ਧਰੈ। ਚੰਦੂ ਆਪ ਢਿਗ ਦੂਤੀ ਕਰੈ ॥ ੩੪ ॥ ਮਾਲਿਕ ਮੁਲਖ ਆਪ ਤੁਮ ਅਹੋ। ਨਜ਼ਾਵ ਸਭਿਨਿ ਕੇ ਕਰਿਬੇ ਚਹੋ। ਬਸਹਿ ਜਥਾ ਸੁਖ ਪ੍ਰਜਾ ਤੁਮਾਰੀ। ਰਾਵ ਰੰਕ ਹਰੂਓ ਅਰੁ ਭਾਰੀ ॥ ੩੫ ॥ ਕੀਰਤਿ ਪਸਰੀ ਅਖਿਲ ਜਹਾਨ। ਸੁਖੀ ਆਸ਼ਿਖਾ ਦੇਤਿ ਮਹਾਨ।ਅਬਿ ਨਿਰਨੈ ਕਰਿ ਸਕਲ ਪ੍ਰਸੰਗ। ਬਰਤਹੁ ਸ਼੍ਰੀ ਅਰਜਨ ਸੁਤ ਸੰਗ॥੩੬॥ਪਠਹੁ ਆਪਿ ਅਬਿ ਕੋ ਉਮਰਾਵ।ਮਿਲਹਿ ਜਾਇ ਕਰਿ ਸਹਿਜ ਸੁਭਾਵ। ਬਿਨੈ ਬਖਾਨਹਿ ਤੁਮਰੀ ਦਿਸ਼ਿ ਤੇ। ਹੁਇ ਪ੍ਰਸੰਨ ਚਿਤ ਆਵਹਿ ਜਿਸ ਤੇ ॥੩੭॥ ਪ੍ਰਥਮ ਪਿਤਾ ਤਿਨ ਕੋ ਚਲਿ ਆਯੋ। ਜਯੋਂ ਕਯੋਂ ਕਰਿ ਤਨੁ ਕੋ ਤਜਵਾਯੋ। ਨਾਂਹਿ ਤ ਕੋਪ ਕਰਹਿ ਦੇ ਸ੍ਰਾਪ। ਕਹਯੋ ਸਫਲ ਹੁਇ ਜਾਨਹੁ ਆਪ' ॥ ੩੮ ॥ ਸੁਨਿ ਕਰਿ ਸ਼ਾਹੁ ਖਾਨ ਕੇ ਬੈਨ। ਕਰਯੋ ਸਰਾਹਨਿ 'ਤੂੰ ਮਤਿ ਐਨ[5]'। ਅਪਰ ਸਭਾ ਕੇ ਮਾਨਵ ਬ੍ਰਿੰਦ। ਕਹੈਂ ਤਥਾ ਜਿਮ ਭਾਖਹਿ ਚੰਦੁ[6]॥੩੯॥ਇਸ ਕਾਰਨ ਤੇ ਭੇਜਨਿ ਤੇਰੋ। ਹੈ ਨੀਕੇ ਨਿਰਨੈ ਕਰਿ ਹੇਰੋਂ। ਜਿਮ ਪ੍ਰਸੰਨ ਹੁਇ ਕਰਿ ਚਲਿ ਆਵਹਿਂ। ਪਾਵਨ ਦਰਸ਼ਨ ਅਪਨਿ ਦਿਖਾਵਹਿਂ ॥ ੪੦ ॥ ਇਸ ਕੇ ਸਮ ਨਹਿਂ ਨੀਕੀ ਔਰ। ਕਹੈਂ ਨ ਰਿਸ ਕਰਿ ਕੁਛ ਤਿਸ ਠੌਰ। ਨਹੀਂ ਦੇਸ਼ ਮਹਿਂ ਦ੍ਵੰਦ ਉਠਾਵੈਂ।

[1]ਹਰ ਘੜੀ। [2]ਆਪਣੀ ਜਾਤ ਦੇ ਕਰਕੇ ਜਾਣਦਾ ਹੈ। [3]ਬੀਤ ਗਈ (ਗੱਲ)। [4]ਅਨੰਦ ਦੇਕੇ ਖ਼ੁਸ਼ੀ ਕਰਦੇ ਹਨ। [5]ਬੁੱਧੀ ਦਾ ਘਰ ਹੈਂ। [6]ਚੰਦੂ।

ਮਿਟਹਿ ਜੁ ਇਮ ਸੰਦੇਹ ਉਪਾਵੈਂ[1] ॥੪੧॥ ਮਿਲਿਬੋ ਪਾਕ ਪੀਰ ਕੋ ਹੋਇ। ਯਾਦ ਖ਼ੁਦਾਇ ਘਰੀ ਸ਼ੁਭ ਸੋਇ। ਯਾਂਤੇ ਬਾਤ ਇਸੀ ਬਿਧਿ ਨੀਕੀ। ਭਨੀ ਗਿਰਾ ਤੈਂ ਭਾਵਤਿ ਜੀਕੀ ॥ ੪੨ ॥ ਹੋਤਿ ਭੋਰ ਕੁਛ ਲੇਹੁ ਅਕੋਰ। ਗਮਨ ਕਰਹੁ ਸਤਿਗੁਰੁ ਕੀ ਓਰ। ਕਰਤਿ ਪ੍ਰਸੰਨ ਇਤਹਿ ਕੋ ਲਜਾਵਹੁ। ਕਿੰਚ-ਬੇਗ ਲੈ ਸੰਗ ਸਿਧਾਵਹੁ' ॥ ੪੩ ॥ ਖਾਂ ਵਜ਼ੀਰ ਸੁਨਿ ਜਹਾਂਗੀਰ ਤੇ। ਹਰ-ਖਯੋ ਜਾਨਯੋ ਮਿਲਨਿ ਪੀਰ ਤੇ। ਆਇਸੁ ਮਾਨੀ ਕੀਨਿ ਸਲਾਮ। ਲੀਨਿ ਸਕੇਲ ਸਮਾਜ ਤਮਾਮ ॥੪੪॥ ਕਲਗ਼ੀ ਜਿਗਾ ਮੁਕਤ ਕੀ ਮਾਲਾ। ਖੀਨ ਖਾਵ[2] ਪਟ ਜ਼ਰੀ ਦੁਸ਼ਾਲਾ। ਅਪਰ ਅਕੋਰ ਜੋਰਿ ਕਰਿ ਸਾਰੀ। ਕਿਤਿਕ ਚਮੂ ਸੰਗ ਕੀਨਸਿ ਤਯਾਰੀ ॥ ੪੫ ॥ ਨੀਕੇ ਸ਼ਕੁਨ ਭਏ ਪੁਰਿ ਨਿਕਸੇ। ਹੇਰਿ ਬਿਚਾਰਤਿ ਗਮਨਤਿ ਬਿਕਸੇ। ਸਨੇ ਸਨੇ ਮਗ ਉਲੰਘਯੋ ਸਾਰੇ। ਸ਼੍ਰੀ ਅੰਮ੍ਰਿਤਸਰ ਪਹੁੰਚ ਨਿਹਾਰੇ ॥ ੪੬ ॥ ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰਾਸੇ 'ਜਹਾਂਗੀਰ' ਪ੍ਰਸੰਗ ਬਰਨਨੰ ਨਾਮੁ ਅਸ਼ਟ ਚੱਤ੍ਵਾਰਿੰਸਤੀ ਅੰਸੂ ॥ ੪੮ ॥

੪੯. [ਜਹਾਂਗੀਰ ਦਾ ਸੱਦਾ। ਗੁਰੂ ਘਰ ਵਿਚ ਮਸਲਤ]।

ਦੋਹਰਾ ॥ ਡੇਰਾ ਕਰਿ ਕੈ ਸੁਧਾਸਰ ਖਾਂ ਵਜ਼ੀਰ ਬੁਧਿਵਾਨ। ਇਕ ਨਰ ਸੁਧਿ ਹਿਤ ਗੁਰੂ ਢਿਗ ਪਠਯੋ ਸੁ ਬਾਕ ਬਖਾਨਿ ॥੧ ॥ ਚੌਪਈ ॥ 'ਕਰਹੁ ਬੰਦਗੀ ਗੁਰੂ ਅਗਾਰੀ। ਪਠਯੋ ਸ਼ਾਹੁ ਮੈਂ ਪਾਸ ਤੁਮਾਰੀ। ਰਾਵਰ ਕੀ ਰਜਾਇ ਜਿਸ ਕਾਲਾ। ਦਿਹੁ ਦਰਸ਼ਨ ਮੁਹਿ ਕਰਹੁ ਨਿਹਾਲਾ' ॥ ੨ ॥ ਗਯੋ ਸੁ ਸਿੱਖਨਿ ਪਾਸ ਸੁਨਾਯੋ। ਤਿਨਹੁ ਜਾਇ ਕਰਿ ਸਕਲ ਬਤਾਯੋ। ਸ਼੍ਰੀ ਹਰਿ ਗੋਬਿੰਦ ਸੁਨਤਿ ਬਖਾਨਾ। 'ਆਜ ਕਰਹੁ ਬਿਸਰਾਮ ਮਹਾਨਾ॥੩॥ ਹੁਇ ਹੈ ਮੇਲਿ ਹਮਾਰੋ ਕਾਲੀ[3]। ਸੰਧਯਾ ਸਮੈ ਕਰਹੁ ਇਸ ਢਾਲੀ। ਗੁਰੂ ਦੇਗ਼ ਤੇ ਰਸਦ ਪੁਚਾਵਹੁ। ਜੇਤਿਕ ਨਰ,ਪ੍ਰਥਮਹਿ ਪਿਖਿ ਆਵਹੁ॥੪॥ ਦੇਹੁ ਤੁਰੰਗਨਿ ਕੇ ਹਿਤ ਦਾਨਾ। ਤ੍ਰਿਣਨਿ ਆਦਿ ਸੇਵਾ ਜੇ ਨਾਨਾ'। ਸੁਨਿ ਕਰਿ ਹੁਕਮ ਮਸੰ-ਦਨਿ ਤਬੈ। ਕਹਯੋ ਜਥਾ, ਕੀਨਿਸ ਤਿਮ ਸਬੈ ॥੫॥ ਕ੍ਰਿਪਾ ਅਪਨਿ ਪਰ ਲਖਿ ਕਰਿ ਆਛੇ। ਸਕਲ ਸੈਨ ਜੁਤਿ ਲੀਨਸਿ ਬਾਂਛੇ। ਖਾਨ ਪਾਨ ਕਰਿ ਸੁਖ ਕੋ ਪਾਇ।ਗੁਰੂ ਸੁਜਸੁ ਕਰਿ ਨਿਸ ਸੁਪਤਾਇ॥੬॥ਪ੍ਰਾਤ ਹੋਤਿ ਅੰਮ੍ਰਿਤ-ਸਰ ਨ੍ਹਾਇ। ਹਰਿਮੰਦਿਰ ਅਰਦਾਸ ਕਰਾਇ। ਧਰਿ ਸ਼ਰਧਾ ਨਿਜ ਸੰਗੀ

---

[1]ਇਸ ਤਰ੍ਹਾਂ ਦਾ ਸੰਸਾ ਜੋ (ਅਸੀਂ) ਕਰਦੇ ਹਾਂ ਮਿਟ ਜਾਵੇ। [2]ਜ਼ਰੀ ਦਾ ਬਣਿਆਂ ਕਪੜਾ [ਫ਼ਾ:, ਕਿਮ.ਖਾਬ, ਕਿਮਖ਼੍ਵਾਬ]। [3]ਕੱਲ ਨੂੰ।

ਸੰਗ[1]। ਕਰਹਿਂ ਸਰਾਹਨਿ ਕੇ ਸੁ ਪ੍ਰਸੰਗ ॥੭॥ ਸੋ ਦਿਨ ਅਰਧ ਬੀਤਿ ਜਬਿ ਗਯੋ। ਭੇਟ ਸਕਲ ਲੈ ਤਯਾਰ ਸੁ ਭਯੋ।ਸ਼੍ਰੀ ਹਰਿ ਗੋਬਿੰਦ ਫਰਸ਼ ਕਰਾਇਸ । ਤਖਤ ਅਕਾਲ ਜਹਾਂ ਸੁਠ ਥਾਇ ਸੁ ॥ ੮ ॥ ਜਾਮ ਦਿਵਸ ਤੇ ਸਤਿਗੁਰ ਆਇ। ਬਸਤ੍ਰ ਸ਼ਸਤ੍ਰ ਤਨ ਰੁਚਿਰ ਸਜਾਏ। ਬੋਲਤਿ ਆਇ ਨਕੀਬ[2] ਅਗਾਰੀ। ਕੰਚਨਿ ਰਜਤ ਦੰਡ ਕੋ ਧਾਰੀ ॥ ੯ ॥ ਮਨਹੁ ਕੁਰੰਗ ਕੁਦਾਇ ਤੁਰੰਗ। ਸੁੰਦਰ ਸਜਤਿ ਬਿਭੂਖਨਿ ਸੰਗ। ਸੁਭਟ ਸੈਂਕਰੇ ਆਗੂ ਪਾਛੇ। ਸ਼ਸਤ੍ਰ ਬਸਤ੍ਰ ਆਛੇ ਤਨ ਕਾਛੇ[3] ॥੧੦॥ ਨੌਬਤਿ ਬਜਹਿ ਦਰਸ਼ਨੀਪੌਰਿ। ਆਏ ਤਹਿਂ ਸੋਢੀ ਸਿਰਮੌਰਗਹਯ ਤੇ ਉਤਰ ਬੰਦਨਾ ਕਰਿ ਕੈ। ਪੁਲ ਪਰ ਗਮਨੇ ਅੰਤਰ ਬਰਿਕੈ ॥੧੧॥ ਨਮੋ ਕੀਨਿ ਹਰਿ ਮੰਦਿਰ ਆਗੇ। ਪੁਨਹਿ ਪ੍ਰਦਛਨਾ ਦੇਵਨਿ ਲਾਗੇ। ਲੇ ਹਰਿ ਪੌਰਿ ਆਚਮਨ[4] ਆਏ। ਬੈਠਿ ਤਖਤ ਪਰ ਗੁਰੂ ਸੁਹਾਏ ॥ ੧੨ ॥ ਸਭਾ ਸਹਤ ਸੁਰਪਤਿ ਜਨੁ ਬੈਸੇ। ਗਾਇ ਰਬਾਬੀ ਰਾਗਨਿ ਤੈਸੇ। ਬੈਠੇ ਸੁਨਿ ਸੰਗਤਿ ਬਹੁ ਆਈ। ਦਰਸ਼ਨ ਦੇਖਤਿ ਭੇਟ ਚਢਾਈ ॥੧੩॥ ਤਬਿ ਵਜ਼ੀਰ ਖਾਂ ਗੁਰੂ ਹਕਾਰਾ। ਆਯੋ ਲੇਕਰਿ ਭੇਟ ਉਦਾਰਾ। ਤਰੁਨ ਬੈਸ ਬੈਸੇ ਗੁਰੁ ਹੇਰੇ। ਮਸੁ ਭੀਜਤਿ[5] ਮੁਖ ਸ਼ੁਭਤਿ ਬਡੇਰੇ ॥੧੪॥ ਜਨੁ ਪਸਰਯੋ ਚਹਿ ਤਮ ਢਿਗ ਇੰਦੂ[6]।ਕੈ ਅਰਬਿੰਦ ਮਲਿੰਦੇ ਬ੍ਰਿੰਦੂ[7]। ਬੰਦਨ ਕੀਨਿ ਅਨੰਦ ਬਿਲੰਦੇ। ਲਖਿ ਗੁਰੁ ਕੋ ਸੁਖਕੰਦ ਮੁਕੰਦੇ॥ ੧੫॥ ਬੰਦਿ ਹਾਥ ਪੁਨ ਬਿਨੈ ਬਖਾਨੀ।'ਹਜ਼ਰਤ ਤੁਮਹਿ ਬੰਦਗੀ ਠਾਨੀ'। ਬੈਠਯੋ ਨਿਕਟ'ਕੁਸ਼ਲ ਕਹੁ ਆਛੇ?'।ਕਹਯੋ 'ਸਕਲ ਤੁਮ ਕਰੁਨਾ ਬਾਂਛੇ'[8] ॥੧੬॥ਬੂਝਯੋ'ਕਹੁ ਕਾਰਨ ਆਗਵਨੂ?।ਪਠਯੋ ਸ਼ਾਹ ਕਾਰਜ ਅਸ ਕਵਨੂ?' ।ਸੁਨਿ ਵਜ਼ੀਰ ਖਾਂ ਜੁਗ ਕਰ ਜੋਰੇ।'ਲੇਨਿ ਹੇਤੁ ਆਯਹੁ ਤੁਮ ਓਰੇ ॥ ੧੭॥ ਚਹੈ ਤੁਮਾਰੋ ਦਰਸ਼ਨ ਸ਼ਾਹੂ। ਕੇਤਿਕ ਦਿਨ ਤੇ ਕਰਤਿ ਉਮਾਹੂ। ਸ਼ਰਧਾ ਧਾਰਿ ਅਕੋਰ ਪਠਾਈ। ਸਮ ਮੁਰੀਦ ਕੇ ਬਿਨੈ ਅਲਾਈ' ॥ ੧੮ ॥ ਸੁਨਿ ਕਰਿ ਸ਼੍ਰੀ ਹਰਿ ਗੋਵਿੰਦ ਕਹਯੋ। 'ਬਡੇ ਗੁਰਨਿ ਜਿਮ ਦਰਸ਼ਨ ਚਹਯੋ। ਦੁਸ਼ਟ ਪਾਤਕੀ ਸਦਨ ਉਤਾਰੇ। ਤਹਿਂ ਤਨ ਤਜਿ ਪਰਲੋਕਸਿਧਾਰੇ ॥੧੯॥

---

[1]ਆਪਣੇ ਸਾਥੀਆਂ ਨਾਲ। [2]ਚੋਬਦਾਰ ਜੋ ਆਵਾਜ਼ ਦੇਂਦਾ ਹੈ ਆਓਣ ਦੀ [ਅ:,ਨਕ਼ੀਬ]। [3]ਸਜਾਏ ਹੋਏ। [4]ਹਰਕੀ ਪੌੜੀ ਤੋਂ ਅੰਮ੍ਰਿਤ ਲੈਕੇ। [5]ਭਾਵ ਮੁੱਛਾਂ ਦਾੜ੍ਹਾ ਫੁੱਟ ਰਿਹਾ ਹੈ। [6]ਮਾਨੋਂ ਚੰਦ ਪਾਸ ਅਨ੍ਹੇਰਾ ਪਸਰਿਆ ਚਾਹੁੰਦਾ ਹੈ। [7]ਜਾਂ ਭੌਰੇ ਕਵਲ ਦੇ ਉਦਾਲੇ ਆ ਰਹੇ ਹੈਨ। [8]ਕ੍ਰਿਪਾ ਚਾਹੁੰਦੇ ਹਾਂ।

ਸ਼ਾਹਨਿ ਕੋ ਅਸ ਅਹੇ ਅਵਾਹਨਿ[1]।ਨਹਿਂ ਸੁਧਿ ਕਰੀ ਕੈਸਿ ਹੂ ਪਾਵਨਿ[2]'।
ਸੁਨਿ ਵਜ਼ੀਰਖਾਂ ਪੁਨਹ ਬਤਾਈ। 'ਦੁਗਲੀ ਅਬਿ ਉਗਲੀ ਤਿਸ ਥਾਈਂ ॥
੨੦ ॥ ਦੁਸ਼ਮਨ ਬਾਤ ਕਰੈ ਅਣਹੋਤੀ । ਹੁਇ ਕਿਮ, ਕਿਮਹੂ ਕਰਹਿ
ਉਦੋਤੀ[3]।ਮਿਲਹੁ ਆਪ ਅਬਿ ਹਜ਼ਰਤ ਸੰਗਿ। ਬਿਦਤਿ ਹੋਹਿ ਸਭਿ ਛਪਯੋ
ਪ੍ਰਸੰਗ ॥ ੨੧ ॥ ਦਿੱਲੀ ਚਲਹੁ ਸੁ ਬਦਲਾ ਲੇਹੁ । ਦੁਸ਼ਟ ਪਾਤਕੀ ਸਿਰ
ਪਗ ਦੇਹੁ । ਬਿਨਾਂ ਮਿਲੇ ਨਹਿਂ ਪ੍ਰਾਪਤਿ ਹੋਵਹਿ[4] । ਨਹੀਂ ਤਿਦਾਰਕ ਮੂਰਖ
ਜੋਵਹਿ[5]॥੨੨॥ਅਬਿ ਹਜ਼ਰਤ ਕੋ ਬਹੁਤ ਸਿਖਾਯੋ। ਮੁਝ ਬੂਝਯੋ ਮੈਂ ਸਕਲ
ਬਤਾਯੋ।ਸੁਨਤਿ ਸ਼ਾਹੁ ਨੇ ਮੋਹਿ ਪਠਾਵਾ।–ਆਨੋ ਜਾਇ ਗੁਰੂ ਇਸ ਥਾਵਾ–
॥ ੨੩ ॥ ਸੁਨਿ ਕਰਿ ਨਿਰਨੈ ਹੋਵਹਿ ਸਾਰੀ। ਜਿਮ ਸ਼੍ਰੀ ਅਰਜਨ ਸੰਗਿ
ਗੁਜ਼ਾਰੀ। ਚਲਨਿ ਆਪਿ ਕੋ ਦਿੱਲੀ ਨੀਕੋ। ਭਲਾ ਆਪ ਕੋ ਭਾਵਤਿ ਜੀ
ਕੋ ॥ ੨੪ ॥ ਇਕ ਤੌ ਸ਼ਾਹੁ ਸੰਦੇਹ ਮਿਟਾਵੈ। ਦੁਤੀਏ ਬਦਲਾ ਤੁਮ ਕੋ
ਪਾਵੈ[6]।ਆਗੇ ਆਪ ਅਹੋ ਸਰਬੱਗਯ।ਕਯਾ ਹਮ ਜਾਨਿ ਸਕਹਿਂ ਅਲਪੱਗਯ'॥
੨੫ ॥ ਅਪਨਿ ਹਿਤੂ ਲਖਿ ਸ਼੍ਰੀ ਗੁਰੁ ਤਬੈ । ਹੋਨਿਹਾਰ ਉਰ ਜਾਨਤਿ ਸਬੈ।
ਕਹਯੋ ਕਿ 'ਟਿਕਹੁ ਆਜ ਕੀ ਰੈਨਿ । ਕਹੈਂ ਪ੍ਰਾਤ ਕੋ ਉੱਤਰ ਬੈਨ' ॥੨੬॥
॥ਕਹਿ ਸੁਨਿ ਕਰਿ ਇਮ ਸੰਧਯਾ ਹੋਈ।ਨਿਜ ਨਿਜ ਥਾਨ ਗਏ ਸਭਿ ਕੋਈ।
ਪਿਖਿ ਸਰੂਪ ਸੁਨਿ ਬਾਕ ਅਮੋਲੇ। ਕਰਿ ਵਜ਼ੀਰ ਖਾਂ ਅਨੰਦ ਅਤੋਲੇ ॥
੨੭ ॥ ਟਿਕਯੋ ਜਾਮਨੀ ਅਪਨੇ ਡੇਰੇ । ਖਾਨ ਪਾਨ ਗੁਰੁ ਪਠਯੋ ਘਨੇਰੇ ।
ਅਪਨਿ ਮਾਤ ਸੰਗ ਬਾਤ ਜਨਾਈ।'ਹਮਹਿਂ ਸ਼ਾਹੁ ਨੇ ਪਠਯੋ ਬੁਲਾਈ'॥੨੮॥
ਸੁਨਤਿ ਗੰਗ ਚਿਤ ਚਿੰਤ ਬਿਸਾਲਾ। ਸੁਤ ਕੇ ਸੰਮਤ ਹੁਇ ਤਿਸ ਕਾਲਾ।
ਗਨ ਮਸੰਦ ਅਰ ਸਿੱਖਯ ਜੁ ਸਯਾਨੇ।ਪਠਯੋ ਜੁ ਨਰ ਸਗਰੇ ਸੰਗ ਆਨੇ[7]' ॥
੨੯ ॥ ਨਿਸ ਮਹਿਂ ਸ਼੍ਰੀ ਮਾਤਾ ਕੇ ਪਾਸ। ਸਭਾ ਕਰੀ ਸਤਿਗੁਰੁ ਸੁਖ ਰਾਸਿ।
ਜਥਾ ਜੋਗ ਬੈਠੇ ਜਬਿ ਸਬੈ।ਸ਼ਾਹੁ ਪ੍ਰਸੰਗ ਸੁਨਾਯੋ ਤਬੈ॥੩੦॥'ਬਡੇ ਗੁਰਨਿ
ਕੇ ਸੰਗੀ ਅਹੋ। ਸਯਾਨੇ ਸਭਿ ਨਿਜ ਨਿਜ ਮਤਿ ਕਹੋ। ਮਿਲਨਿ ਸ਼ਾਹੁ
ਸੰਗ ਹੈ ਇਹ ਨੀਕੋ ?। ਕਿਧੌਂ ਨਹੀਂ?ਕਿਮ ਭਾਵਤਿ ਜੀ ਕੋ?' ॥੩੧॥ਹੁਤੇ
ਪੁਰਾਤਨ ਜਿਤਿਕ ਮਸੰਦ। ਕਹਯੋ ਬਿਚਾਰਤਿ ਬੁੱਧਿ ਬਿਲੰਦ। 'ਆਗੇ ਸ਼੍ਰੀ

---

[1]ਬੁਲਾਵਣਾ। [2]ਭਾਵ ਕਿਸੇ ਨੂੰ ਖਬਰ ਬੀ ਨਾ ਲੱਗੀ। [3]ਗੱਲ ਹੁੰਦੀ ਕਿਵੇਂ ਹੈ ਤੇ ਦੱਸਦਾ ਕਿਵੇਂ ਹੈ। [4](ਬਦਲਾ) ਨਹੀਂ ਪ੍ਰਾਪਤ ਹੋਵੇਗਾ। [5](ਮਿਲੇ ਬਿਨਾਂ) ਮੂਰਖ ਸਜ਼ਾ ਨਹੀਂ ਦੇਖੇਗਾ। [6]ਆਪ ਨੂੰ ਬਦਲਾ ਲੈ ਦੇਵੇ। [7]ਆਦਮੀ ਭੇਜਕੇ ਸਾਰੇ ਸਾਥ ਲਿਆਂਦੇ (ਸਿੱਖ ਮਸੰਦ ਆਦਿ)।

ਅਰਜਨ ਜੀ ਗਏ। ਚੰਦੂ ਦੁਸ਼ਟ ਕਹਾਂ ਕਰਿ ਦਏ ॥ ੩੨ ॥ ਘਰ ਸ਼ਾਹੁਨਿ ਕੇ ਅਧਿਕ ਅੰਧੇਰ*। ਮਿਲਿ ਇਕ ਬੇਰਿ ਨ ਬੂਝੈਂ ਫੇਰਿ। ਅਪਰ ਨਹੀਂ ਕਿਨਿ ਖਬਰ ਸੁਨਾਈ। ਗੁਜ਼ਰਨੋ ਗਜ਼ਬ ਸੁ ਰਾਖਿ ਛਪਾਈ ॥੩੩॥ ਅਸ ਅੰਧੇਰ, ਤਹਾਂ ਕਨੌਂ ਜਾਵਹੁ। ਅਪਨਿ ਆਪ ਕੋ ਨਹੀਂ ਬਚਾਵਹੁ।ਮਹਾਂ ਸ਼ੱਤ੍ਰੁ ਜੋ ਸ਼ਾਹੁ ਦਿਵਾਨ। ਛਲ ਤੇ ਕਰਤਿ ਆਨ ਕੀ ਆਨ ॥ ੩੪ ॥ ਅਪਰ ਨ ਸ਼ਾਹੁ ਨਿਕਟ ਹਿਤਕਾਰੀ। ਤੁਰਕ ਰਾਜ ਗੁਰੁ ਸ਼ਰਧ ਨ ਧਾਰੀ†। ਲਰਨਿ ਬਿਖੈ ਸਮਸਰਤਾ ਨਾਂਹਿ ਨਾ ਕੋ ਥਲ ਦੇਸ਼ ਮਵਾਸੀ ਜਾਹਿ ਨ[1] ॥੩੫॥ਜਹਾਂ ਬਸਹਿ ਅਰਿਕੈ ਰਣ ਕਰੈ[2]। ਅਸ[3] ਨ ਭਰੋਸਾ ਕਿਸ ਪਰ ਧਰੈਂ। ਸੰਧਿ ਕਰਨਿ ਅਰੁ ਕਰਨਿ ਬਿਖੇਰੋ। ਦੋਨਹੁੰ ਬਿਖੈ ਦੋਸ਼ ਗਨ ਹੇਰੋ[4]॥੩੬॥ਇਕ ਜੰਗਲ[5] ਜਹਿਂ ਪਾਇ ਨ ਪਾਨੀ। ਪਹੁੰਚਿ ਨ ਸਕਹਿ ਸੈਨ ਤਿਸ ਥਾਨੀ। ਜੋ ਕਰਿ ਬੂਝਹੁ ਮਤੋ ਹਮਾਰੋ। ਤੌਨ ਦੇਸ਼ ਕੇ ਬੀਚ ਸਿਧਾਰੋ ॥ ੩੭ ॥ ਅਪਨੇ ਸਿੱਖ ਬਿਰਾੜ ਘਨੇਰੇ। ਸੋ ਸਭਿ ਮਿਲਹਿਂ ਰਹਹਿਂ ਤੁਮ ਨੇਰੇ।ਅਪਰ ਸੰਗਤਾਂ ਸਭਿ ਚਲਿ ਆਵੈਂ।ਮਿਟਹਿ[6] ਸ਼ਾਹੁ, ਨਹਿਂ ਪੁਨਹ ਬੁਲਾਵੈ' ॥ ੩੮ ॥ ਬਿਧੀ-ਚੰਦ ਜੇਠਾ ਰੁ ਪਿਰਾਣਾ। ਕਹਨਿ ਲਗੇ'ਪੂਰਬ ਕਿਮ ਜਾਣਾ? ।ਸ਼੍ਰੀ ਅੰਮ੍ਰਿਤ-ਸਰ ਬੈਠੇ ਰਹੀਅਹਿ। ਬਿਗਰਹਿ ਸ਼ਾਹੁ ਜਿ ਨਿਰਨੈ ਲਹੀਅਹਿ ॥ ੩੯ ॥ ਪਠਹਿ ਚਮੂੰ ਤਿਸ ਕੋ ਬਲ ਦੇਖਿ। ਮਿਲਹਿਂ ਕਰਹਿਂ ਸੰਗ੍ਰਾਮ ਵਿਸ਼ੇਖ। ਪੁਨ ਰੋਕੇ ਹਮ ਰਹੈਂ ਨ ਕੈਸੇ। ਸਿਕਤਾ ਤ੍ਰਿਣ ਪੁਲ ਤੇ ਰੌ ਜੈਸੇ[7] ॥੪੦॥ ਜੰਗਲ ਦੇਸ਼ ਪ੍ਰਵੇਸ਼ਹਿਂ ਜਾਈ। ਸੈਨ ਸਕੇਲਹਿਂ ਤਹਿਂ ਸਮੁਦਾਈ। ਬਿਨ ਬਿਗਰੇ ਬਿਨ ਨਿਰਨੈ ਕਰੇ। ਨਹਿਂ ਪ੍ਰਸਥਾਨ ਮਤੋ ਹਮ ਧਰੇਂ' ॥ ੪੧ ॥ ਸ੍ਰੀ ਰੀਗਾ ਸੁਨਿਕੈ ਇਸ ਭਾਂਤੀ। ਪਤਿ ਕੋ ਸਿਮਰਤਿ ਧਰਕਤਿ ਛਾਤੀ। ਨਹਿਨ ਬਿਖੇਰੇ ਤੇ ਸੁਖ ਮਾਨਹਿ। ਸ਼ਾਹੁ ਨਿਕਟ ਤੇ ਸੰਸੈ ਠਾਨਹਿ ॥ ੪੨ ॥ 'ਇਕ

---

[1]ਦੇਸ਼ ਵਿਚ ਕੋਈ ਥਾਂ ਨਹੀਂ ਜਿੱਥੇ (ਕੋਈ) ਆਕੀ ਹੋਵੇ। [2]ਜਿੱਥੇ ਵੱਸ ਕੇ ਕੋਈ ਅੜ ਕੇ ਰਣ ਕਰ ਸਕੇ। [3]ਐਸਾ, ਐਵੇਂ। [4]ਮਿਲਨ ਤੇ ਲੜਨ ਦੋਹਾਂ ਵਿਚ ਕਈ ਦੋਖ ਹੈਨ। [5]ਮਾਲਵਾ। [6]ਟਲ ਜਾਏਗਾ। [7]ਰੇਤ ਅਤੇ ਘਾਹ ਦੇ ਪੁਲ (ਬੰਨ੍ਹਣ ਤੋਂ) ਜਿਵੇਂ ਹੜ੍ਹ ਨਹੀਂ (ਰੋਕਿਆਂ ਰੁਕਦਾ)।

*ਕਵਿ ਜੀ ਜਗਾ ਜਗਾ ਜਹਾਂਗੀਰ ਦੀ ਤਾਰੀਫ ਕਰਦੇ ਹਨ, ਪਰ ਦੇਖੋ ਇਨ੍ਹਾਂ ਪਾਤਸ਼ਾਹਾਂ ਦੇ ਘਰ ਅੰਧੇਰ ਹੁੰਦਾ ਹੈ, ਇਹ ਨਿਸ਼ਚਾ ਸਾਰੀ ਪਰਜਾ ਦਾ ਕਵਿ ਜੀ ਆਪ ਹੀ ਦੱਸ ਰਹੇ ਹਨ।

†ਤੁਰਕਾਂ ਦਾ ਰਾਜ ਹੈ (ਭਾਵ ਇਹ ਰਾਜ) ਕੋਈ ਭਿਆਨਕ ਸ਼ੈ ਹੈ ਤੇ ਗੁਰੂ ਘਰ ਤੇ ਸ਼ਰਧਾ ਨਹੀਂ ਹੈ, ਇਹ ਗੱਲ ਏਥੇ ਕਵੀ ਜੀ ਹੁਣ ਆਪ ਪਰਤੱਖ ਦੱਸ ਰਹੇ ਹਨ।

ਪੁੱਤ੍ਰਾ ਮੈਂ ਦੇਖਤਿ ਜੀਵਤਿ। ਨਿਕਟ ਰਹਨਿ ਤੇ ਸੀਤਲ ਥੀਵਤਿ। ਕਿਮ ਤੁਮ ਸੰਘਰ ਕਰਨਿ ਉਚਾਰਾ। ਭਯੋ ਤਰੁਨ ਨਹਿਂ ਬਲ ਸੰਭਾਰਾ॥ ੪੩॥ ਕਵਨ ਕਾਜ ਸੁਧਰਹਿ ਜਬਿ ਲਰੋ।ਨਾਹਕ ਬਿਨ ਆਈ ਮ੍ਰਿਤੁ ਮਰੋ*।ਅਸ ਮਸਲਤਿ ਕੋ ਕਬਿਹੁਂ ਨ ਠਾਨਹੁ। ਕਰਹੁ ਬਖੇਰਾ[1] ਸਭਿ ਕਿਛ ਹਾਨਹੁ॥ ੪੪॥ ਅਪਨੋ ਪੁਰਿ ਤ੍ਯਾਗਨਿ ਕਿਮ ਚਾਹੋ। ਬਡੇ ਬਿਘਨ ਜਾਨਹੁ ਰਣ ਮਾਹੋ। ਪਿਤਾ ਪਿਤਾਮਾ ਕੋ ਜਹਿਂ ਬਾਸ।।ਲਾਇ ਦਰਬ ਜਹਿਂ ਰਚੇ ਅਵਾਸ॥ ੪੫॥ ਕੂਪ ਤਾਲ ਆਦਿਕ ਲਗਵਾਏ। ਲੋਕ ਜਤਨ ਤੇ ਨਗਰ ਬਸਾਏ। ਬੁਨਿਆਦੀ[2] ਇਹ ਥਾਨ ਹਮਾਰੋ। ਬਸੇ ਰਹੈਂ ਜਿਮ ਤਥਾ ਉਚਾਰੋ॥੪੬॥ ਪ੍ਰਥਮ ਕਰਹੁ ਨਿਰਨੈ ਸਭਿ ਐਸੇ।ਸ਼ਾਹੁ ਹਕਾਰਤਿ ਹੈ ਅਬਿ ਕੈਸੇ। ਜਿਸ ਤੇ ਨਹਿਂ ਬਿਗਰੈ, ਰਸ ਰਾਖੋ। ਇਮ ਬਿਚਾਰ ਕਰਿ ਮਸਲਤਿ ਭਾਖੋ' ॥੪੭॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰਾਸੇ 'ਮਸਲਤਿ ਕਰਨਿ' ਬਰਨਨੰ ਨਾਮ ਉਨਪੰਚਾਸਤਿ ਅੰਸੂ॥ ੪੯॥

੫੦. [ਦਿੱਲੀ ਜਾਣ ਦੀ ਤਿਆਰੀ]।

ਦੋਹਰਾ॥ ਸ਼੍ਰੀ ਗੰਗਾ ਕੇ ਬਾਕ ਸੁਨਿ ਬ੍ਰਿਧ ਭਾਈ ਗੁਰਦਾਸ। ਲਖਹਿ ਭਵਿੱਖ੍ਯਤਿ ਸਗਲ ਗਤਿ ਬੋਲੇ ਕਰਤਿ ਪ੍ਰਕਾਸ਼[3]॥ ੧॥ ਚੌਪਈ॥ 'ਮਾਤਾ ਜੀ! ਸੁਨੀਅਹਿ ਹਮ ਕਹੇ। ਸ਼੍ਰੀ ਹਰਿਗੋਵਿੰਦ ਸਭਿ ਗਤਿ ਲਹੇ। ਹੋਨਿਹਾਰ ਇਨ ਤੇ ਨਹਿਂ ਛਾਨੀ। ਜੋ ਕਰਨੋ ਸਗਰੋ ਮਨ ਜਾਨੀ॥੨॥ ਪ੍ਰਥਮ ਸਪਥ ਹਿਤ ਚੰਦੂ ਮਾਰਨਿ। ਬੈਠਿ ਸਭਿਨਿ ਮਹਿਂ ਕੀਨਿ ਉਚਾਰਨਿ। ਦੁਤੀਏ ਗੁਰ ਅਰਜਨ ਬਿਰਤਾਂਤਿ। ਹੋਵਨਿ ਲਗ੍ਯੋ ਅਬਹਿ ਬੱਖ੍ਯਾਤਿ॥ ੩॥ ਪਲਟੋ ਲੈਬੇ ਕੋ ਅਬਿ ਸਮੋਂ। ਦਿੱਲੀ ਚਲੋ ਇਹੀ ਮਤ ਹਮੋਂ[4]। ਬਿਨਾ ਚਲੇ ਨਹਿਂ ਮਾਰਨਿ ਹੋਇ।ਪੂਰਨ ਕਰਹਿਂ ਸਪਥ ਕਰਿ ਜੋਇ[5]॥੪॥ ਸ਼੍ਰੀ ਅੰਮ੍ਰਿਤਸਰ ਬਸਹੁ ਸੁਖਾਰੇ। ਜਹਾਂਗੀਰ ਨਹਿਂ ਕਰਹਿ ਬਿਗਾਰੇ। ਆਗੇ ਸ਼ਾਹਿਜਹਾਂ ਜਬਿ ਹੋਇ। ਜਿਮ ਗੁਰੁ ਕਰਹਿਂ ਬਰਤਿ ਹੈ ਸੋਇ॥੫॥ਅਬਿ ਚੰਦੂ ਕੋ ਗਰਦ ਮਿਲਾਵਹੁ। ਸੁਜਸੁ ਬਿਸਾਲ ਜਗਤ ਮਹਿਂ ਪਾਵਹੁ। ਇਕ ਵਜ਼ੀਰ ਖਾਂ ਨਿਤ ਢਿਗ ਸ਼ਾਹੁ। ਸਤਿਗੁਰੁ ਕੋ ਸੇਵਕ ਸੁਖ ਚਾਹੂ॥੬॥ ਤਿਸ ਨੇ ਸਰਬ

---

[1](ਜੇ) ਬਖੇੜਾ ਕਰੋਗੇ ਤਾਂ। [2]ਮੁੱਢ ਦਾ। [3]ਪ੍ਰਗਟ। [4]ਸਾਡਾ ਹੈ। [5]ਜੋ ਕੀਤੀ ਹੈ।

*ਕਵਿ ਜੀ ਇਸ ਵੇਲੇ ਮਾਤਾ ਜੀ ਵਲੋਂ 'ਮਾਂ ਦੀ ਮਮਤਾ' ਦਾ ਕਮਾਲ ਦਿਖਾ ਰਹੇ ਹਨ, ਮਾਤਾ ਜੀ ਉਸ ਵੇਗ ਵਿਚ ਹੋਰ ਸਾਰਾ ਕੁਛ ਭੁੱਲ ਕੇ ਆਪਣੇ ਮੋਹ ਦੇ ਭਾਵ ਅੱਖਾਂ ਅੱਗੇ ਲਿਆਕੇ ਬਿਧੀ ਚੰਦ ਤੇ ਜੇਠੇ, ਪਿਰਾਣੇ ਦੀ ਗੱਲ ਨੂੰ ਕੱਟ ਰਹੇ ਹਨ, ਬੇਅਦਬੀ ਦਾ ਭਾਵ ਨਹੀਂ।

ਬਾਤਿ ਸਮੁਝਾਈ।-ਚਲਹਿਂ ਗੁਰੂ, ਚੰਦੂ ਲੇਂ ਘਾਈ[1]। ਜਹਾਂਗੀਰ ਚਹਿ ਫਰਜ਼ ਉਤਾਰਾ।ਲਿਹੁ ਪਲਟਾ ਜਿਸ ਨੇ ਗੁਰ ਮਾਰਾ-॥੭॥ਨਹਿਂ ਆਛੇ ਕੁਛ ਕਰਨਿ ਬਖੇਰਾ। ਬਿਗਰੇ ਪਰਿ ਹੈ ਜੰਗ ਬਡੇਰਾ। ਕੌਨ ਕਾਜ ਹਿਤ ਕਰਹੁ ਬਿਖਾਦਾ। ਅਸ ਕੀਜਹਿ ਜਿਮ ਹੁਇ ਅਹਿਲਾਦਾ॥੮॥ ਸ੍ਰੀ ਅਰਜਨ ਸਭਿ ਅੰਤਰਜਾਮੀ। ਚਹੈਂ ਸੁ ਕਰੈਂ ਜਗਤ ਕੇ ਸ੍ਵਾਮੀ। ਸਮੋ ਜਾਨਿ ਤਨ ਤਜਿਬੋ ਆਵਾ। ਸਿਮਰਜੋ ਗਜਾਨੀ[2] ਸ੍ਰਾਪ ਅਲਾਵਾ॥ ੯॥ ਸਾਚੁ ਕਰਨਿ ਹਿਤ ਬਚ ਤਿਸ ਕੇਰਾ। ਦੇ ਚੰਦੂ ਸਿਰ ਦੋਸ਼ ਬਡੇਰਾ। ਗਏ ਬਿਕੁੰਠ ਮੁਕੰਦ ਸੁਛੰਦੇ। ਨਹੀਂ ਪ੍ਰਤੰਤਰ[3] ਰੂਪ ਅਨੰਦੇ* ॥੧੦॥ ਪੰਚਹੁੰ ਸਤਿਗੁਰੁ ਕੇ ਅਬਿ ਰੂਪ। ਸ੍ਰੀ ਹਰਿ ਗੋਵਿੰਦ ਜੋਤਿ ਅਨੂਪ॥ਜਿਮ ਚਾਹੈਂ ਇਹ ਕਰਹਿਂ ਗੁਸਾਈ। ਸਭਿ ਪਰ ਬਲੀ ਚਿੰਤ ਨਹਿਂ ਕਾਈ॥ ੧੧ ॥ ਮਹਾਂ ਪ੍ਰਤਾਪਵੰਤ ਰਣਧੀਰ। ਇਨ ਕੀ ਸਮ ਨਹਿਂ ਅਪਰ ਸਰੀਰ'। ਇਸ ਪ੍ਰਕਾਰ ਜਬਿ ਬ੍ਰਿਧ ਨੇ ਕਹਜੋ। ਸ੍ਰੀ ਗੰਗਾ ਨੀਕੋ ਮਨ ਲਹਜੋ॥ ੧੨ ॥ ਸਤਿਗੁਰੁ ਮੰਦ ਮੰਦ ਮੁਸਕਾਏ। ਕਹਜੋ ਕਿ 'ਚਹਸਿ ਦੁਸ਼ਟ ਮਰਿਵਾਏ। ਬ੍ਰਿਧ ਕੋ ਕਹਜੋ ਨ ਫੇਰਹਿ ਕੋਈ। ਜਿਮ ਬਚ ਕਹਿ ਤਿਮ ਹੀ ਸਚੁ ਹੋਈ॥੧੩॥ਹੋਨਿਹਾਰ ਸੋ ਕਰਹਿ ਉਚਾਰੀ। ਜੋ ਉਚਰਹਿ ਸੋ ਹੋਵਨਿਹਾਰੀ। ਪਾਹਨ ਰੇਖ ਮਿਟਹਿ ਨਹਿਂ ਜੈਸੇ। ਗਜ ਰਦ ਨਿਕਸਿ ਨ ਪ੍ਰਵਿਸ਼ਹਿਂ ਕੈਸੇ[4]' ॥੧੪॥ ਸੁਨਿ ਗੁਰੁ ਤੇ ਗੁਰੁਦਾਸ ਬਖਾਨੀ। 'ਖਸ਼ਟ ਗੁਰਨਿ ਢਿਗ ਇਹੁ ਅਗਵਾਨੀ[5]। ਸ਼ੁਭ ਮਤਿ ਇਨ ਸਮ ਕਿਸ ਕੀ ਕਹੀਅਹਿ। ਨਿਪੁਨ ਜਿਤੇਂਦ੍ਰੀ ਮਨ ਬਸਿ ਲਹੀਅਹਿ॥ ੧੫ ॥ ਇਨ ਕੀ ਮਸਲਤਿ ਸਭਿ ਸੁਖਦਾਈ। ਦਿੱਲੀ ਚਲਨਿ ਮੋਹਿ ਮਨ ਭਾਈ। ਇਸ ਮਤ ਤੇ ਸੁਖ ਬਾਸ ਅਵਾਸਾ[6]। ਦੁਤੀਏ ਚੰਦੂ ਦੁਸ਼ਟ ਬਿਨਾਸ਼ਾ॥੧੬॥

[1]ਚੰਦੂ ਨੂੰ ਮਾਰ ਲੇਣਗੇ। [2]ਭਾਵ ਕਾਹਨੇ ਨੇ ਜੋ। [3]ਅਧੀਨ। [4]ਹਾਥੀ ਦੇ ਦੰਦ ਬਾਹਰ ਨਿਕਲੇ ਫੇਰ ਅੰਦਰ ਨਹੀਂ ਵੜਦੇ। [5]ਮੁਖੀਆ। [6]ਇਸ ਸਲਾਹ ਨਾਲ (ਇਕ ਤਾਂ) ਘਰ ਸੁਖੀ ਵੱਸੇਗਾ।

*ਜਹਾਂਗੀਰ ਦੇ ਆਪਣੇ ਲਿਖੇ ਮੁਜਬ ਉਸ ਦੇ ਦਿਲ ਵਿਚ ਤਅੱਸਬ ਦਾ ਗੁੱਸਾ ਭਰਿਆ ਸੀ ਕਿ ਮੁਸਲਮਾਨਾਂ ਨੂੰ ਬੀ ਮੁਰੀਦ ਬਣਾਉਂਦੇ ਹਨ, ਇਨ੍ਹਾਂ ਨੂੰ ਕਿਵੇਂ ਮੁਕਾਵਾਂ ? ਸੋ ਖੁਸਰੇ ਦਾ ਬਹਾਨਾ ਮਾਤ੍ਰ ਸੁਣਦੇ ਸਾਰ ਬਿਨਾਂ ਤਹਿਕੀਕਾਤ ਕੀਤੇ, ਚੰਦੂ ਤੇ ਤਅੱਸਬੀ ਹੁੱਦੇਦਾਰ ਆਦਿ ਦ੍ਵੈਖੀਆਂ ਦੇ ਆਖੇ ਲੱਗਕੇ ਕਤਲ ਦਾ ਹੁਕਮ ਦੇ ਦਿਤਾ ਸੀ। ਸੋ ਇਸ ਹਿਸਾਬ ਗੁਰੂ ਜੀ ਸਤ ਧਰਮ ਦੇ ਪ੍ਰਚਾਰ ਬਦਲੇ ਸਾਕਾ ਕਰ ਗਏ, ਇਹ ਬਾਤ ਜਹਾਂਗੀਰ ਦੇ ਲੇਖ ਤੋਂ ਬੀ ਸਾਬਤ ਹੋ ਗਈ। ਕਾਨ੍ਹੇ ਦਾ ਸ੍ਰਾਪ ਪੂਰਾ ਕਰਨਾ ਤੇ ਚੰਦੂ ਨੂੰ ਦੋਸ਼ ਦੇਣਾ ਆਦਿ ਬਾਤਾਂ ਕੁਛ ਮੁੱਲ ਨਹੀਂ ਰੱਖਦੀਆਂ। ਵਿਸ਼ੇਸ਼ ਲਈ ਦੇਖੋ, ਇਸੇ ਰਾਸ ਦੇ ਅੰਸੂ ੩੭ ਅੰਕ ੪੮ ਦੀ ਹੇਠਲੀ ਟੂਕ।

ਤ੍ਰਿਤੀਏ ਸਪਥ ਕਰਹਿੰਗੇ ਪੂਰੀ*। ਮਿਲਨਿ ਸ਼ਾਹੁ ਸੋਂ ਹ੍ਵੈ ਬਿਧਿ ਰੂਰੀ। ਕਰਤਿ ਅਨੰਦ ਬਿਲੰਦ ਬਿਲਾਸਾ। ਆਇ ਸੁਧਾਸਰ ਬਾਸਹਿਂ ਬਾਸਾ'॥੧੭॥ ਸ੍ਰੀ ਗੰਗਾ ਸੁਨਿ ਮਨ ਹਰਖਾਨੀ। 'ਇਹ ਸਭਿ ਬਡਿਅਨਿ ਕੇ ਇਸਥਾਨੀ। ਇਨ ਕੋ ਕਹਨਿ ਕਰਨਿ ਹੀ ਬਨੈ। ਸ਼ੁਭ ਸਭਿ ਹੋਇ ਜਥਾ ਬਚ ਭਨੈਂ ॥੧੮॥ ਖਾਂਵਜ਼ੀਰ ਜਿਮ ਜੁਗਤਿ ਬਤਾਵੈ। ਮਿਲਨਿ ਸ਼ਾਹੁ ਸੋਂ ਤਿਮ ਬਨਿ ਆਵੈ। ਨਿਤਪ੍ਰਤਿ ਨਿਕਟ ਹਕਾਰਨਿ ਕਰੀਅਹਿ। ਦਾਨ ਮਾਨ ਦੇ ਤੋਸਨ[1] ਧਰੀਅਹਿ† ॥ ੧੯ ॥ ਤੁਰਕਨਿ ਗਨ ਮਹਿਂ ਅਤਿ ਹਿਤਕਾਰੀ। ਰਾਖਹੁ ਮੇਲਿ ਰਹੈ ਅਨੁਸਾਰੀ। ਸਕਲ ਸ਼ਾਹੁ ਸੋਂ ਬ੍ਰਿਥਾ ਜਨਾਵੈ। ਆਛੇ ਕਹਿ ਕਹਿ ਤੁਮਹਿ ਮਿਲਾਵੈ'॥੨੦॥ਇਮ ਮਸਲਤਿ ਕਰਿ ਸ੍ਰੀ ਗੁਰੁ ਤਬੈ। ਉਠੇ, ਗਏ ਨਿਜ ਨਿਜ ਥਲ ਸਬੈ। ਸੁਪਤਿ ਜਥਾ ਸੁਖ ਨਿਸਾ ਬਿਤਾਈ। ਜਾਗੇ ਜਬਿ ਪ੍ਰਭਾਤਿ ਹੁਇ ਆਈ ॥ ੨੧ ॥ ਸੌਚ ਸ਼ਨਾਨ ਕੀਨਿ ਬਿਧਿ ਆਛੇ। ਸਭਾ ਲਾਇ ਬੈਠੇ ਕਹਿ ਪਾਛੇ। 'ਖਾਂ ਵਜ਼ੀਰ ਤ੍ਰੈ ਆਨਿ ਹਾਕਰੇ। ਕਹਹੁ ਜਾਇ ਥਿਤ ਸਭਾ ਮਝਾਰੇ'॥੨੨॥ ਹੁਕਮ ਸੁਨਤਿ ਨਰ ਤੂਰਨ ਗਯੋ। ਡੇਰੇ ਜਾਇ ਨਿਹਾਰਤਿ ਭਯੋ। 'ਸਤਿਗੁਰੁ ਕਰਯੋ ਯਾਦ ਤੁਝ ਤਾਈਂ। ਗਮਨਹੁ, ਬੈਠੇ ਸਭਾ ਲਗਾਈ'॥੨੩॥ ਕਰਿ ਉਰ ਹਰਖ ਪਹਿਰਿ ਪਟ ਆਛੇ। ਚਲਿ ਆਯੋ ਤਿਮ ਨਰ ਕੇ ਪਾਛੇ। ਕਿੰਚਬੇਗ ਲੀਨਹੁ ਨਿਜ ਸਾਥ। ਦਰਸੇ ਜਾਇ ਸਤਿ-ਗੁਰੂ ਨਾਥ॥੨੪॥ਬੰਦੇ ਹਾਥ ਬੰਦਗੀ ਕੀਨਿ।ਗੁਰ ਕੇ ਕਹੇ ਗਯੋ ਆਸੀਨ[2]। ਕਿੰਚਬੇਗ ਕਰ ਜੋਰਿ ਉਚਾਰਾ।'ਹਜ਼ਰਤਿ ਬਾਂਛਤਿ ਦਰਸ ਤੁਮਾਰਾ ॥੨੫॥ ਸ੍ਰੀ ਅਰਜਨ ਕੋ ਸਿਮਰਤਿ ਰਹਯੋ। ਕਰਿ ਕਰਿ ਪ੍ਰੇਮ ਸੁਜਸੁ ਕਹੁ ਕਹਯੋ। ਸੁਨੀ ਕੁਟਿਲਤਾ ਚੰਦੂ ਕੇਰੀ। ਰਿਦੇ ਬਿਸੂਰਤਿ ਭਾ ਬਹੁ ਬੇਰੀ॥੨੬॥ ਤੁਮ ਤੇ ਸੁਨਹਿ ਬ੍ਰਿਤਾਂਤ ਜੁ ਸਾਚਾ। ਸਿਰ ਤੇ ਚਾਹਿਸਿ ਫਰਜ਼ ਉਤਾਰਾ। ਯਾਂਤੇ

[1]ਪ੍ਰਸੰਨ। [2]ਬੈਠ ਗਿਆ।

*ਇਹ ਸਧਾਰਣ ਨੀਤੀ ਦੀਆਂ ਬਾਤਾਂ ਹੋ ਰਹੀਆਂ ਹਨ, ਗੁਰੂ ਹਿਰਦੇ ਵਿਚ ਬਹੁਤ ਉਚੇ ਭਾਵ ਹੈਸਨ, ਜੋ ਆਮ ਸਮਝ ਤੋਂ ਬਹੁਤ ਉਚੇਰੇ ਉਡਦੇ ਸਨ, ਕੁਛ ਪਿੱਛੇ ਦਰਸਾ ਆਏ ਹਾਂ।

†ਦਾਨ ਮਾਨ ਦੇਕੇ ਮਤਲਬ ਸਾਧਣਾ ਭਾਈ ਗੁਰਦਾਸ ਜੀ ਦੀ ਕਲਮ ਦੱਸ ਰਹੀ ਹੈ ਕਿ ਉਸ ਉਚੇ ਦਿਮਾਗ ਦੇ ਗਥਰ ਵਿਚ ਆਉਣ ਵਾਲੀਆਂ ਗਲਾਂ ਨਹੀਂ ਸਨ, ਨਾ ਹੀ ਕਵੀ ਜੀ ਦਾ ਇਹ ਭਾਵ ਹੈ। ਉਪਰ ਛੇ ਅੰਕ ਵਿਚ ਆਖਿਆ ਹੈ ਕਿ ਵਜ਼ੀਰ ਖਾਂ ਗੁਰੂ ਕਾ ਸੇਵਕ ਪ੍ਰੇਮੀ ਹੈ, ਸੋ ਸਿਖ ਨੂੰ ਸਿਰੋਪਾ ਦਾ ਦੇਵਣਾ ਤੇ ਉਸ ਦੇ ਭਾਵ ਦਾ ਸਤਿਕਾਰ ਕਰਨਾ ਸ਼੍ਰੇਸ਼ਟਾਚਾਰ ਹੈ।

ਉਚਿਤ ਆਪ ਕੋ ਆਛੇ। ਦੀਜਹਿ ਦਰਸ ਸ਼ਾਹੁ ਬਹੁ ਬਾਂਛੇ' ॥ ੨੭ ॥ ਪੁਨ ਵਜ਼ੀਰਖਾਂ ਬਾਕ ਸੁਨਾਵੈ। 'ਹਜ਼ਰਤਿ ਪ੍ਰੇਮ ਸਮੇਤ ਬੁਲਾਵੈ।ਬਡੇ ਗੁਰੁਨਿ ਕੋ ਸੁਨਜੋ ਬ੍ਰਿਤਾਂਤ। ਮੁਖ ਤੇ ਹਾਹ ਕਹੀ ਪਛੁਤਾਤ[1]॥੨੮॥ਸ੍ਰੀ ਨਾਨਕ ਗਾਦੀ ਬਡ ਜਾਨਹਿ। ਸਦਾ ਅਦਾਇਬ ਰਾਖਿ ਬਖਾਨਹਿ। ਕਹਿ ਬਹੁ ਬਾਰਿ ਦੋਸ਼ ਗਨ ਚਾਰੀ[2]।ਚੁਗਲ[3]ਸ਼ਾਹੁ ਕੀ ਸੁਮਤਿ ਬਿਗਾਰੀ ॥੨੯॥ ਸੋ ਕੁਕਰਮ ਕੋ ਅਬਿ ਫਲ ਪਾਵੈ। ਦ੍ਰੋਹ ਅਕਾਰਣ ਮੂਢ ਉਠਾਵੈ। ਗੁਰੁ ਸੰਤਨਿ ਕੋ ਦ੍ਰੋਹੀ ਹੋਇ। ਸਕਹਿ ਬਚਾਇ ਨ ਬਿਧਿ ਲੌ[4] ਕੋਇ ॥ ੩੦ ॥ ਅਬਿ ਕੀਜਹਿ ਚਲਿਬੇ ਕੀ ਤਯਾਰੀ। ਹਮ ਹਰਖਹਿਂ ਜਬਿ ਲਿਹੁ ਰਿਪੁ ਮਾਰੀ'। ਕ੍ਰਿਪਾ ਦ੍ਰਿਸ਼ਟਿ ਤੇ ਦੇਖਿ ਗੁਸਾਈਂ। ਬੋਲਤਿ ਮੰਦ ਮੰਦ ਮੁਸਕਾਈ ॥੩੧॥'ਸਤਿਗੁਰ ਘਰ ਕੋ ਤੂੰ ਸਿਖ ਅਹੈਂ।ਅਪਰ ਦੁਸ਼ਟ ਚੰਦੂ ਹਿਤ ਚਹੈਂ[5]। ਗਨ ਤੁਰਕਨਿ ਬਨ ਬੰਸ ਬਿਸਾਲੂ[6]। ਤੋ ਸਮ ਸਫਲਜੋ ਕੋਇ ਰਸਾਲੂ[7] ॥੩੨॥ ਉਰ ਸ਼ਰਧਾ ਪਿਖਿ ਪ੍ਰੇਮ ਬਡੇਰਾ। ਮਾਨ ਸਹਤ ਮਾਨਜੋ ਬਚ ਤੇਰਾ। ਦਿੱਲੀ ਕੋ ਕਰਿ ਹੈਂ ਪ੍ਰਸਥਾਨਾ। ਬਿਫਲ ਨ ਤੋਰ ਆਗਮਨਿ ਠਾਨਾ'॥੩੩॥ਸੁਨਤਿ ਬੰਦਗੀ ਕਰਿ ਹਰਖਾਯੋ। 'ਸਤਿਗੁਰੁ ਧੰਨਿ ਮੋਹਿ ਅਪਨਾਯੋ!। ਰੋਗ ਜਲੰਧਰ ਉਦਰ ਬਿਸਾਲਾ। ਪੀੜਾ ਦੇਤਿ ਮਹਾਂ ਸਭਿ ਕਾਲਾ ॥ ੩੪ ॥ ਪਰਜੋ ਸਦਨ ਬਿਲਲਾਵਤਿ ਰਹੌਂ।ਹੋਤਿ ਬਿਖਾਦ ਸਕਲ ਹੀ ਸਹੌਂ। ਨਿਕਟ ਗਰੀ ਮਹਿਂ ਸਿਖ ਇਕ ਜਾਵਤਿ। ਪਾਠ ਸੁਖਮਨੀ ਮੁਖਹੁੰ ਅਲਾਵਤਿ ॥ ੩੫ ॥ ਜਬਿ ਮਮ ਕਾਨ ਪਰੀ ਧੁਨਿ ਆਨਿ। ਪੀਰਾ ਭਈ ਉਦਰ ਕੀ ਹਾਨ। ਸਿਖ ਸ਼ਨਾਨ ਹਿਤ ਗਯੋ ਅਗਾਰੀ।ਹੋਨਿ ਲਗੀ ਬਾਧਾ ਪੁਨ ਭਾਰੀ॥੩੬॥ਕਿਤਿਕ ਬੇਰਿ ਮਹਿਂ ਸਿਖ ਪੁਨ ਆਯੋ। ਪਾਠ ਸੁਖਮਨੀ ਮੈਂ ਸੁਨਿ ਪਾਯੋ। ਬਹੁਰ ਭਯੋ ਸੁਖ ਰਿਦੇ ਬਿਚਾਰਾ। ਇਸ ਤੇ ਮਿਟਤਿ ਕਸ਼ਟ ਮਮ ਭਾਰਾ॥੩੭॥ ਇਤਨੇ ਮਹਿਂ ਸਿਖ ਜਬਿ ਚਲਿ ਗਯੋ। ਧੁਨਿ ਕੋ ਸੁਨਤਿ ਨ ਮੈਂ ਪੁਨ ਭਯੋ। ਬਾਧਾ ਅਧਿਕ ਬਧੀ ਤਬਿ ਮੇਰੇ। ਜਾਨੀ ਮਹਿਮਾ ਮਨ ਤਿਸ ਬੇਰੇ॥੩੮॥ਪਠਿ ਕਰਿ ਨਰਕੋ ਸੋ ਬੁਲਵਾਯੋ।ਜਬਿ ਗੁਰੁ ਸਿੱਖ ਨਿਕਟ ਚਲਿਆਯੋ।ਸਰਬ ਬ੍ਰਿਤਾਂਤ ਬੂਝਿ ਕਰਿ ਰਾਖਾ। ਪਾਠ ਸੁਖਮਨੀ ਥਿਤ ਹ੍ਵੈ ਭਾਖਾ॥੩੯॥ ਜਬਿ ਲੌ ਸੁਨਜੋ

[1]ਪਛੁਤਾਕੇ। [2]ਬਹੁਤੀ ਚੁਗਲੀ ਕਰਕੇ। [3]ਚੁਗਲ (ਚੰਦੂ) ਨੇ। [4]ਬ੍ਰਹਮਾਂ ਤਕ। [5]ਹੋਰ (ਉਮਰਾਵ) ਦੁਸ਼ਟ ਚੰਦੂ ਦਾ ਹਿਤ ਚਾਹੁੰਦੇ ਹਨ। [6]ਤੁਰਕਾਂ ਦਾ ਸਮੂਹ ਵਡੇ ਬਾਂਸਾਂ ਦਾ ਬਨ ਹੈ, ਭਾਵ ਅਨਉਪਕਾਰੀ ਤੇ ਨਿਰਾਫਲ ਹੈ। [7]ਕੋਈ (ਇਕ) ਅੰਬ ਹੈ।

ਨ ਪੀਰਾ ਭਈ। ਹਟੇ ਪਾਠ, ਪੁਨ ਤੈਸੇ ਥਿਈ।ਤਬਿ ਮੈਂ ਸਿੱਖ ਅਪਰ ਢਿਗ ਰਾਖੇ। ਨਿਸ ਦਿਨ ਪਾਠ ਸੁਖਮਨੀ ਭਾਖੇਂ ॥ ੪੦ ॥ ਮਾਨਹੁੰ ਗੁਰ ਹਿਤ ਕਰਨਿ ਕਰਾਹੁ। ਸੁਨਤਿ ਸੁਨਤਿ ਭਾ ਸਭਿ ਰੁਜ ਦਾਹ। ਕਿਤਿਕ ਦਜੌਸ ਮਹਿਂ ਭਯੋ ਅਰਾਮ। ਕਰਿ ਸ਼ਨਾਨ ਰੁਜ ਗਏ ਤਮਾਮ॥੪੧॥ਬਡੇ ਗੁਰੁਨਿ ਢਿਗ ਮੈਂ ਤਬਿ ਆਯੋ। ਸਕਲ ਬਿਨੈ ਭਨਿ ਸੀਸ ਨਿਵਾਯੋ। ਉਰ ਸ਼ਰਧਾ ਲਖਿ ਕੈ ਸਿਖ ਕੀਨੋ। ਲਿਯੋ ਅਲੰਬ ਭਯੋ ਰੁਜ ਹੀਨੋ ॥ ੪੨॥ਇਮ ਮੋਕਹੁ ਗੁਰ ਭੇ ਸੁਖਦਾਈ। ਰੋਗ ਸੋਗ ਤੇ ਲੀਨਿ ਬਚਾਈ। ਤਬਿ ਕੋ ਮੈਂ ਸਿਖ ਰਾਵਰਿ ਘਰ ਕੋ। ਅਪਰ ਨ ਪ੍ਰਿਯ ਤੁਮ ਤੇ ਮਮ ਉਰ ਕੋ ॥ ੪੩॥ ਮੁਝ ਤੇ ਸੇਵਾ ਬਨੀ ਨ ਕੋਈ। ਕ੍ਰਿੱਤ ਅਚਾਨਕ ਲਵਪੁਰਿ ਹੋਈ। ਸ਼ਾਹੁ ਸੰਗ ਚਢਿ ਕਰਿ ਚਲਿ ਗਏ। ਕਿਸ ਤੇ ਸੁਧ ਨਹਿਂ ਸੁਨਿਤੇ ਭਏ॥੪੪॥ ਜਿਮ ਰਾਵਰਿ ਕੇ ਪਿਤਾ ਮਹਾਨ। ਗਨ ਤੁਰਕਨਿ ਮਹਿਂ ਮੁਝ ਸੁਖਦਾਨ। ਤਿਮ ਅਬਿ ਕ੍ਰਿਪਾ ਆਪ ਕਰਿ ਦੀਨੀ। ਸਵਲੀ ਮੋਹਿ ਬਸੀਠੀ[1] ਕੀਨੀ ॥ ੪੫ ॥ ਜਨ ਪ੍ਰੇਮੀ ਕੇ ਆਪ ਅਧੀਨ। ਕਰੁਨਾ ਕਰਹੁ ਜਾਨਿ ਕਰਿ ਦੀਨ। ਬਿਰਦ ਗਰੀਬ ਨਿਵਾਜ਼ ਤੁਮਾਰਾ। ਗਮਨ ਮਤੋ ਕਿਯ, ਸੋ ਸੰਭਾਰਾ[2]" ॥੪੬॥ ਤਬਿ ਸਤਿਗੁਰ ਕਰਿ ਖੁਸ਼ੀ ਬਿਸਾਲੀ। ਕਹਯੋ 'ਪਯਾਨ ਮਹੂਰਤਿ* ਕਾਲੀ।ਜੁਗ ਕੋਸਨਿ ਪਰਿ ਹੁਇ ਹੈ ਡੇਰਾ। ਪੁਨ ਬਹੁ ਗਮਨਹਿਂ ਅਗਲਿ ਸਵੇਰਾ'॥੪੭॥ ਸੁਭਟ ਆਦਿ ਮਾਨਵ ਜੇ ਸਾਰੇ।ਤਯਾਰੀ ਕਰਨੀ ਗੁਰੂ ਉਚਾਰੇ।ਸੁਨਿ ਸਭਿ-ਹਿਨਿ ਕੈ ਭਾ ਉਤਸਾਹੂ। ਸ਼ਸਤ੍ਰ ਬਸਤ੍ਰ ਸਜਿ ਰਿਦੇ ਉਮਾਹੂ ॥ ੪੮ ॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰਾਸੇ 'ਵਜ਼ੀਰਖਾਨਿ ਮਿਲਨ' ਪ੍ਰਸੰਗ ਬਰਨਨੰ ਨਾਮ ਪੰਚਾਸਤੀ ਅੰਸੂ ॥ ੫੦ ॥

੫੧. [ਦੋ ਕੋਹਾਂ ਤੇ ਡੇਰਾ]।

ਦੋਹਰਾ॥ਉਠੇ ਸਭਾ ਤੇ ਸਤਿਗੁਰੂ ਪੁਨ ਮਾਤਾ ਢਿਗ ਜਾਇ। ਨਮੋ ਕਰੀ ਬੈਠੇ ਤਬਹਿ ਚਲਨਿ ਪ੍ਰਸੰਗ ਸੁਨਾਇ ॥ ੧ ॥ ਚੌਪਈ ॥ ਮਸਲਤਿ ਭਈ 'ਗੋਰ ਪ੍ਰਸਥਾਨਾ। ਪਹੁੰਚਹਿ ਦਿੱਲੀ ਸ਼ਾਹੁ ਸਥਾਨਾ। ਪਾਛੇ ਬ੍ਰਿਧ ਭਾਈ ਗੁਰਦਾਸ। ਸਕਲ ਕਾਰ ਕਰਿ ਹੈਂ ਤੁਮ ਪਾਸਿ ॥ ੨ ॥ ਸਭਿ ਬਿਧਿ ਮਹਿਂ ਦੋਨਹੁ ਬਹੁ

---

[1]ਵਿਚੋਲਗੀ। [2]ਸੋ (ਬਿਰਦ) ਸੰਭਾਲਿਆ ਹੈ। *ਮਹੂਰਤ ਤੋਂ ਭਾਵ ਮਹੂਰਤ ਸੋਧਣਾ ਨਹੀਂ ਲੈਣਾ ਚਾਹੀਏ ਕਿਉਂਕਿ ਸਤਿਗੁਰੂ ਜੀ ਦੇ ਇਹ ਪਵਿੱਤ੍ਰ ਵਾਕ ਹਨ:—"ਥਿਤੀ ਵਾਰ ਸੇਵਹਿ ਮੁਗਧ ਗਵਾਰ" ॥ [ਬਿਲਾ: ਮ: ੩ ਵਾ ਸਤ] ਕਿੰਤੂ ਜਿਵੇਂ ਕਹੀਂਦਾ ਹੈ, 'ਘੜੀ ਭਰ ਚਲਾਂਗੇ', ਤਿਵੇਂ 'ਮਹੂਰਤ ਮਾਤਰ ਕਲ੍ਹ ਚਲਾਂਗੇ' ਭਾਵ ਥੋੜਾ ਸਫਰ ਕਰਾਂਗੇ।

ਸਜਾਨੇ । ਹਰਿਮੰਦਿਰ ਕੀ ਸੇਵ ਮਹਾਨੇ । ਆਵਨਿ ਜਾਨੋ ਸੰਗਤਿ ਕੇਰਾ । ਦੇਗ ਚਲਾਵਨਿ ਕਾਜ ਬਡੇਰਾ ॥ ੩ ॥ ਸਰਬ ਅਕੋਰ ਸੰਭਾਰਨਿ ਕਰਨੀ । ਜਿਤਿਕ ਮਸੰਦ ਤਿਨਹੁ ਸੁਧਿ ਧਰਨੀ। ਸਿੱਖਨਿ ਕੋ ਦੈਬੋ ਸਿਰੁਪਾਉ।ਸਦਾ ਕਾਰ ਇਹ ਸਹਿਜ ਸੁਭਾਉ'॥੪॥ਸੁਨਿ ਜਨਨੀ,ਸੁਤ ਕੋ ਬ੍ਰਿਹ ਜਾਨਾ। ਮਹਾਂ ਸਨੇਹ ਰਿਦਾ ਅਕੁਲਾਨਾ । ਜਬਿ ਕੇ ਜਨਮੇਂ, ਦੇਖਤਿ ਰਹੀ । ਅਬਿ ਲੌ ਪ੍ਰਿਥਕ ਭਈ ਕਬਿਨਹੀਂ॥੫॥ਲੋਚਨ ਜਲ ਬੂੰਦੈਂ ਝਲਕਾਈ।ਦੀਰਘ ਸ੍ਵਾਸ ਭਰਤਿ ਦੁਖ ਪਾਈ । 'ਸੁਨਹੁ ਪੁੱਤ੍ਰ ! ਸਮਝਾਵੈਂ ਕਹਾਂ । ਗੁਰ ਗਾਦੀ ਥਿਤਿ ਬੁਧਿ ਮਤਿ ਮਹਾਂ[1] ॥੬॥ ਭੂਤ ਭਵਿੱਖਤਿ ਕੇ ਸਰਬੱਗ੍ਯ । ਕ੍ਯਾ ਬਚ ਕਹੈ ਜੀਵ ਅਲਪੱਗ੍ਯ।ਤਊ ਸੁਚੇਤ ਰਹੋ ਸਭਿ ਕਾਲਾ।ਨਹੀਂ ਦੁਸ਼ਟ ਕੇ ਪਰਿਯੇ ਜਾਲਾ[2] "੭॥ ਦ੍ਰੋਹੀ ਮਹਾਂ, ਦਯਾ ਨਹਿਂ ਜਾਂਕੇ । ਕਰਮ ਚੰਡਾਲ ਹਿੰਦੁ ਤਨ ਤਾਂਕੇ। ਤੁਮਰੇ ਪਿਤਾ ਮਹਾਂ ਸਮਰੱਥ।ਭੰਜਨ ਘੜਨ ਜਿਨਹੁ ਕੇ ਹੱਥ ॥੮ ॥ ਛਿਮਾ ਨਿਧਾਨ ਸ਼ਾਂਤਿ ਚਿਤ ਹੋਇ । ਦੁਸ਼ਟ ਅਘੀ ਹਤਿ ਕਰਜੋ ਨ ਕੋਇ। ਸ਼ਕਤਿ ਬਿਸਾਲੀ ਨਹੀਂ ਜਨਾਈ।ਤਜਜੋ ਸਰੀਰਸਮਾ ਨਿਯਰਾਈ॥੯॥ਤਿਸ ਬਿਧਿ ਆਪ ਚਲੇ ਵਿਗ ਸ਼ਾਹੂ। ਬੈਸ ਨਵੀਨ ਧਰਤਿ ਉਤਸਾਹੂ।ਹੇ ਸੁਤ ਮੈਂ ਵਾਰੀ ਬਹੁਵਾਰੀ[3]।ਬਿਨਾ ਪਿਖੇ ਮੁਝ ਸੰਕਟ ਭਾਰੀ॥੧੦॥ਇਕ ਅਲੰਬ ਤੁਮ ਦੇਖਤਿ ਰਹੌਂ।ਸਦਾ ਅਨੰਦ ਰਿਦੇ ਬਹੁ ਲਹੌਂ।ਕਹਾਂ ਕਰੌਂ ਮੈਂ ਤੁਮ ਤੇ ਪਾਛੈ। ਪੁੱਤ੍ਰ ਸਦਨ ਜਬਿ ਪਿਖੌਂ ਨ ਆਛੈ॥੧੧॥ਉਦਜੋ ਪਾਪ ਫਲ ਰਹੌਂ ਇਕੇਲੀ*।

---

[1](ਆਪ) ਮਹਾਨ ਬੁਧਿਵਾਨ ਹੋ। [2]ਬੰਧਨ ਵਿਚ। [3]ਮੈਂ ਬਹੁਤ ਵਾਰ ਕੁਰਬਾਨ ਹਾਂ।

*ਵਾਤਸਲ ਰਸ ਦਾ ਨਕਸ਼ਾ ਬੰਨ੍ਹਣ ਲਈ ਸਾਧਾਰਣ ਮਾਤਾ ਦੇ ਪ੍ਰੇਮ ਦਾ ਵਰਣਨ ਸੁਹਣਾ ਹੈ, ਅਰ 'ਕਰਮ ਸਰਬਥਾ ਬਲਵਾਨ ਹੈ' ਇਸ ਗੱਲ ਦਾ ਚੰਗਾ ਪ੍ਰਤਿਪਾਦਨ ਹੈ, ਪਰ ਸਾਈਂ ਦੇ ਚਰਨਾਂ ਨਾਲ ਲਿਵ ਪ੍ਰਾਪਤ ਮਾਤਾ ਗੰਗਾ ਜੀ, ਗੁਰੂ ਅਰਜਨ ਜੀ ਦੀ ਅਰਧੰਗੀ,ਪੂਰਨ ਸ਼ਰਧਾ ਤੇ ਸਿੱਖੀ ਭਾਵਨਾ ਵਾਲੀ, ਕਰਮ ਖੰਡ ਦੀ ਉਡਾਰੀ ਵਾਲੀ ਮਾਤਾ, ਕਦ ਕਰਮਾਂ ਤੇ ਪਾਪਾਂ ਦਾ ਨਾਂ ਲੈਕੇ ਐਸਾ ਪ੍ਰਲਾਪ ਕਰ ਸਕਦੀ ਹੈ, ਉਹ ਜਾਣਦੀ ਹੈ, 'ਕਰਮ ਬਧ ਤੁਮ ਜੀਉ ਕਹਤ ਹੌ ਕਰਮਹਿ ਕਿਨਿ ਜੀਉ ਦੀਨੁਰੇ ॥' ਮਾਤਾ ਉਸ ਦਰਜੇ ਦੀ ਵਜਕਤੀ ਹੈ 'ਧਰਮ ਰਾਇ ਅਬ ਕਹਾ ਕਰੇਗੋ ਜਉ ਫਾਟਿਓ ਸਗਲੋ ਲੇਖਾ' ॥ 'ਧਰਮ ਰਾਇ ਕਾ ਦਫਤਰੁ ਸੋਧਿਆ ਬਾਕੀ ਰਿਜਮ ਨ ਕਾਈ' ॥ ਇਹ ਸੱਚ ਹੈ ਕਿ ਮਾਤਾ ਜੀ ਦਾ ਮਾਤ੍ਰੀ ਪ੍ਰੇਮ ਤੇ ਗੁਰੂ ਪ੍ਰੇਮ ਇਸ ਵੇਲੇ ਠਾਠਾਂ ਮਾਰਦਾ ਸੀ, ਪਰ ਉਹ ਬੜੇ ਉੱਚੇ ਅਰਸ਼ੀ ਭਾਵਾਂ ਦਾ ਇਕ ਉਮਡਾਉ ਸੀ, ਜਿਸ ਵਿਚ ਰਜ਼ਾ ਦਾ ਸਹਾਰਾ ਬੋਹਿਥਾ ਸੀ। ਅੰਕ ੨੫ ਵਿਚ ਕਵਿ ਜੀ ਆਪ ਮਾਤਾ ਜੀ ਨੂੰ 'ਸੁਮਤਿ ਪ੍ਰਬੀਨੀ' ਦੱਸਦੇ ਹਨ।

ਰਿਦੇ ਪ੍ਰਤੀਖਤਿ ਅਧਿਕ ਦੁਹੇਲੀ। ਕਰਹੁ ਸ਼ੀਘ੍ਰਤਾ ਆਵਿਨਿ ਮਾਂਹੀ। ਮੁਝ ਦਿਸ਼ਿ ਪਿਖਹੁ ਬਿਸਾਰਹੁ ਨਾਂਹੀ ॥੧੨॥ ਨਿਤ ਪ੍ਰਤਿ ਸੁਧਿ ਪਹੁੰਚਾਵਨਿ ਕਰੀਅਹਿ। ਸਾਵਧਾਨਤਾ ਸਭਿ ਬਿਧਿ ਧਰੀਅਹਿ। ਕਰਮ ਕਾਲ ਕਰਿ ਭਯੋ ਵਿਯੋਗ। ਇਸ ਮਹਿਂ ਬਸਿ ਨਾਹਿਨ ਕਿਸੁ ਲੋਗ'॥੧੩॥ ਸ਼੍ਰੀ ਹਰਿਗੋਵਿੰਦ ਸੁਨਿ ਜਨਨੀ ਤੇ। ਧੀਰਜਿ ਦੀਨਿ ਭਾਖਿ ਸੁਭ ਗੋਤੇ। 'ਨਹਿਂ ਕੀਜਹਿ ਚਿਤ ਮਹਿਂ ਦੁਚਿਤਾਈ। ਗੁਰ ਸਹਾਇ ਤੇ ਸ਼ੁਭ ਬਨਿਆਈ ॥੧੪॥ ਜਬਹਿ ਫਰਾਗ਼ਤਿ[1] ਕੀ ਬਿਧਿ ਜੋਵੈਂ। ਨਹਿਂ ਠਹਿਰਹਿਂ ਆਵਨਿ ਤਬਿ ਹੋਵੈ। ਕੁਸ਼ਲ ਛੇਮ ਕੀ ਸੁਧਿ ਪਹੁੰਚਾਵੈਂ। ਸਭਿ ਬਿਧਿ ਤੇ ਅਨੰਦ ਉਪਜਾਵੈਂ' ॥੧੫॥ ਇਮ ਭਨਿ ਸੁਨਿ ਜਨਨੀ ਕੇ ਸੰਗਿ। ਜਿਤ ਕਿਤ ਬਿਦਤਯੋ ਚਲਨਿ ਪ੍ਰਸੰਗ। ਕਰਿ ਤਯਾਰੀ ਸੇਵਕ ਸਮੁਦਾਇ। ਸੁਭਟ ਸ਼ਸਤ੍ਰ ਬਸਤਰ ਤਨ ਲਾਇ ॥੧੬॥ ਚਹੀਅਹਿ ਵਹਿਰ ਜਿ ਵਸਤੁ ਅਨੇਕ। ਕਰੀ ਸੰਭਾਰਨਿ ਗਿਨਿ ਗਿਨਿ ਏਕ। ਤਿਸ ਦਿਨ ਤਯਾਰੀ ਕਰਤਿ ਗੁਜ਼ਾਰਾ। ਭਈ ਜਾਮਨੀ ਖਾਇ ਅਹਾਰਾ ॥ ੧੭ ॥ ਸੁਪਤਿ ਜਥਾ ਸੁਖ ਪ੍ਰਾਤੀ ਜਾਗੇ। ਸੌਚ ਸ਼ਨਾਨ ਕਰਨਿ ਸਭਿ ਲਾਗੇ। ਬਸਤ੍ਰ ਸ਼ਸਤ੍ਰ ਸਤਿਗੁਰੂ ਸਜਾਏ। ਖੜਗ ਧਨੁਖ ਤਰਕਸ਼ ਅੰਗ ਲਾਏ ॥ ੧੮ ॥ ਤਯਾਰ ਹੋਨਿ ਕੋ ਬਜਯੋ ਨਿਸ਼ਾਨਾ। ਜਨੁ ਘਨੁ ਘੋਖਤਿ ਘੋਖ ਮਹਾਨਾ[2]। ਕਸੇ ਤੁਰੰਗਨਿ ਤੰਗ ਬਨਾਏ। ਸੁਭਟ ਸੁਚੇਤ ਤਯਾਰ ਹੁਇ ਆਏ ॥ ੧੯ ॥ ਸਤਿਗੁਰ ਲੇ ਪ੍ਰਸਾਦਿ ਸਮੁਦਾਏ। ਸ਼੍ਰੀ ਹਰਿ ਮੰਦਿਰ ਕੀ ਦਿਸ਼ਿ ਆਏ। ਕਰੀ ਨਮੋ ਹੁਇ ਖਰੇ ਅਗਾਰੀ। ਕੁਸ਼ਲ ਸਕਲ ਹਿਤ ਬਿਨੈ ਉਚਾਰੀ ॥੨੦॥ ਲਖਿ ਸਥਾਨ ਸ਼ੁਭ ਪਿਤਾ ਪਿਤਾਮਾ। ਦਈ ਪ੍ਰਦੱਛਨ ਕੀਨਿ ਪ੍ਰਨਾਮਾ। ਕਰਿ ਕੈ ਪੂਜ ਪ੍ਰਸਾਦ ਬ੍ਰਤਾਯੋ। ਸਗਰੀ ਸੰਗਤਿ ਸਾਦਰ ਪਾਯੋ ॥ ੨੧ ॥ ਪੁਨ ਸਤਿਗੁਰੁ ਨਿਜ ਮਾਤਾ ਪਾਸ। ਆਇ ਨਮੋ ਕਰਿ ਦੇਤਿ ਹੁਲਾਸ। ਗਮਨਿ ਸਮੈਂ ਲਖਿ ਦ੍ਰਿਗ ਜਲ ਰੋਕਾ। ਬਾਰਿ ਬਾਰਿ ਸੁਤ ਬਦਨ ਬਿਲੋਕਾ॥੨੨॥'ਸ਼੍ਰੀ ਨਾਨਕ ਆਦਿਕ ਗੁਰੁ ਪੰਚ। ਸਦਾ ਸਹਾਇਕ ਹੁਇਂ, ਸੁਖ ਸੰਚ[3]। ਬਿਘਨ ਅਨੇਕ ਬਿਦਾਰਨਿ ਕਰੈਂ। ਸਖਾ ਮਿਲਾਇ,ਰਿਪੁਨਿਪਰਹਰੈਂ[4]'॥੨੩॥ਮਸਤਕ ਚੁਮਤਿਗਰੇ ਲਗਾਇ।ਭਈ ਬਿਬਸਿ ਕੁਛ ਕਹਯੋ ਨ ਜਾਇਵ। ਗਯੋ ਗਰਾ ਭਰਿ ਗਦ ਗਦ ਬਾਨੀ।ਸੁਤ ਸਨੇਹ ਮਹਿਂ ਮਤਿ ਲਪਟਾਨੀ ॥੨੪॥ ਕਹਿ ਬਹੁ ਬਾਰਿ ਧੀਰ ਗੁਰ ਦੀਨੀ।

[1]ਵਿਹਲ। [2]ਮਾਨੋਂ ਬੱਦਲ ਦੇ ਗੱਜਣ ਦੀ ਬੜੀ ਗੂੰਜ ਹੈ। [3]ਸੁਖ ਮਿਲਣ। [4]ਸੱਜਣ ਦਾ ਸੰਗ ਮਿਲਾਉਣ ਤੇ ਵੈਰੀਆਂ ਦਾ ਨਾਸ਼ ਕਰਨ।

'ਅਹੋ ਮਾਤ! ਤੁਮ ਸੁਮਤਿ ਪ੍ਰਬੀਨੀ । ਅਪਰਨਿ ਕੋ ਸਮੁਝਾਵਨਿ ਬਨੈ।ਕਸੋਂ
ਉਰ ਕਰਤਿ ਕਸ਼ਟ ਕੇ ਸਨੈ[1]॥੨੫॥ਕੇਤਿਕ ਦਿਨ ਮਹਿਂ ਸੁਖ ਸੋਂ ਆਵਹਿਂ।
ਬਸਹਿਂ ਨਿਕਟ ਆਨੰਦ ਉਪਜਾਵੈਂ'। ਸੁਨਿ ਜਨਨੀ ਬੋਲੀ ਬਡਭਾਗਨਿ ।
ਸੁੰਦਰ ਸੂਰਤਿ ਸੁਤ ਅਨੁਰਾਗਨਿ[2]॥੨੬॥'ਪੁੱਤ੍ਰ!ਸੁਨਹੁ ਬਡ ਜਤਨ ਕਰੰਤੇ।
ਪ੍ਰਾਪਤਿ ਭਏ ਆਪਿ ਦੁਤਿਵੰਤੇ । ਪੁਨਿ ਸ਼ੱਤ੍ਰਨਿ ਬਹੁ ਬਿਘਨ ਉਠਾਏ ।
ਨਿਜਕਰ ਦੇਕਰਿ ਗੁਰੂਬਚਾਏ॥੨੭॥ਅਬਿਲੌ ਮੈਂ ਤੁਮ ਪਾਰਨਿ ਕੀਨੇ[3] ।
ਦੇਖਤਿ ਮੈਂ ਨਿਤ ਤ੍ਰਿਪਤਿ ਬਿਹੀਨੇ । ਇਕ ਪੁੱਤ੍ਰ ਦੇਖਹੁ ਦਿਸ਼ਿ ਮੋਹੀ ।
ਮਿਲਹੁ ਤੁਰਤ ਜਿਮ ਸੁਖ ਮਨ ਹੋਹੀ'॥੨੮॥ 'ਹੇ ਜਨਨੀ! ਜਬਿ ਅਵਸਰ
ਪਾਵੌਂ।ਤੁਮਕੋ ਸਿਮਰਿ ਤੁਰਤ ਹੀ ਆਵੌਂ।ਕਰਹੁ ਅਨੰਦ ਬਿਦਾ ਅਬਿ ਦੀਜੈ।
ਸਤਿਗੁਰ ਸੌਂਪ ਅਸੀਸ ਭਨੀਜੈ' ॥ ੨੯ ॥ ਇਮ ਕਹਿ ਬੰਦਨ ਕਰਿ ਘਰ
ਨਿਕਸੇ । ਕਮਲ ਬਿਸ਼ਾਲ ਬਿਲੋਚਨ ਬਿਗਸੇ । ਸ਼ੁਭ ਸਜਾਇ ਸੇਵਕ ਹਯ
ਲਜਾਯੋ। ਸ਼੍ਰੀ ਸਤਿਗੁਰੁ ਨਾਨਕ ਉਰ ਧਯਾਯੋ ॥੩੦॥ ਭਏ ਅਰੂਢਨਿ ਜਬੈ
ਗੁਸਾਈਂ । ਧੁਨਿ ਦੁੰਦਭਿ ਹਨਿ ਡੰਕ ਉਠਾਈ । ਅਸੁ ਅਸੁਵਾਰ ਹੋਇ
ਕਰਿ ਚਾਲੇ । ਸੰਗ ਸੁਭਟਿ ਚਢਿ, ਗਹਿ ਅਸਿ ਢਾਲੇ[4] ॥੩੧॥ ਸ਼ਗੁਨ ਭਏ
ਚਹੁੰ ਦਿਸ਼ਿ ਤੇ ਨੀਕੇ । ਅਵਿਲੋਕਤਿ ਹੁਲਸਾਵਨਿ ਜੀਕੇ।ਫਰਕਯੋ ਦਹਿਨ
ਬਿਲੋਚਨ ਸੁੰਦਰ । ਭੁਜਾਦੰਡ ਦਹਿਨੋ ਬਲ ਮੰਦਰ ॥ ੩੨ ॥ ਨਿਰਮਲ
ਦਿਵਸ ਬਾਯੁ ਸੁਖਕਾਰੀ । ਮਿਲੀ ਦੁਘਟ[5] ਧਰਿ ਸੁੰਦਰ ਨਾਰੀ । ਮ੍ਰਿਗਨਿ
ਮਾਲ ਦਾਹਨਿ ਕੋ ਆਈ[6]। ਮਧੁਰ ਬਿਹੰਗਨਿ ਸ਼ਬਦ ਸੁਨਾਈ ॥੩੩॥ ਸ਼ੱਤ੍ਰ
ਬਿਨਾਸ਼ ਜਨਾਵਨਿ ਕਰਿਹੀ । ਸਤਿਗੁਰ ਹਿਤ ਕੋ ਬਿਦਤਾਚਰਹੀ[7]।ਧੌਂਸਾ
ਧੁੰਕਤਿ ਜਾਤਿ ਅਗਾਰੀ । ਚਮੂੰ ਤੁਰੰਗਨਿ ਬਲੀ ਪਿਛਾਰੀ ॥ ੩੪ ॥ ਕਿੰਚ-
ਬੇਗ ਅਰੁ ਖਾਨ ਵਜ਼ੀਰ।ਭਏ ਅਰੂਢਨਿ ਗਮਨੇ ਧੀਰ। ਹਯਨਿ ਕੁਦਾਵਤਿ
ਮਾਰਗ ਜਾਤੇ । ਆਯੁਧ ਬਿੱਦਯਾ ਮਹਿਂ ਉਮਹਾਤੇ ॥ ੩੫ ॥ ਦੋਇ ਕੋਸ ਪਰ
ਕੀਨਸਿ ਡੇਰਾ । ਉਤਰੇ ਗੁਰੂ ਜਾਇ ਤਿਸ ਬੇਰਾ । ਹੁਤੋ ਮਖਮਲੀ ਤੰਬੂ
ਸੁੰਦਰ । ਉਪਰਿ ਜ਼ਰੀ ਪਸ਼ਮ ਪਟ ਅੰਦਰਿ[8]॥੩੬॥ਚਾਂਦੀ ਚੋਬ ਚਤੁਰਕੀ[9]
ਰਚੀ।ਕੰਚਨ ਕਲਸ ਰੁਚਿਰ ਦੁਤਿ ਖਚੀ।ਅਪਰ ਕਨਾਤ ਚਾਨਣੀ ਚਾਰੁ ।

[1]ਹਿਰਦੇ ਨੂੰ ਦੁਖ ਸਹਤ ਕਿਉਂ ਕਰਦੀ ਹੈਂ ? [2]ਸੁਹਣੀ ਸੂਰਤ ਵਾਲੇ ਪੁੱਤ੍ਰ ਦੇ ਹਿਤ ਵਾਲੀ। [3]ਪਾਲਣਾ ਕੀਤੀ ਹੈ । [4]ਤਲਵਾਰ ਤੇ ਢਾਲ ਫੜਕੇ । [5]ਦੋ ਘੜੇ । [6]ਮ੍ਰਿਗਮਾਲ (ਖੱਬੇ ਪਾਸਿਓਂ) ਸੱਜੇ ਪਾਸੇ ਵੱਲ ਨੂੰ ਆਈ । [7]ਪ੍ਰਗਟ ਕਰ ਰਹੀ ਹੈ [ਵਿਦਿਤ+ਆਚਰਹੀ]। [8]ਉਹ ਜ਼ਰੀ ਤੇ ਅੰਦਰੋਂ ਊਂਨ ਦਾ ਸੀ (ਬਣਿਆਂ ਹੋਇਆ) । [9]ਸਿਆਣੇ ਆਦਮੀ ਦੀ ।

ਰੇਸ਼ਮ ਡੋਰ ਖਿਚੀ ਦਿਸ਼ਿ ਚਾਰ ॥ ੩੭॥ ਬੀਚ ਪ੍ਰਯੰਕ ਡਸਾਇ ਨਵੀਨੋ। ਸੂੱਛ ਬਿਛੌਨਾ ਛਾਦਨਿ ਕੀਨੋ। ਸੇਜ ਬੰਦ ਬਡ ਗੁੰਫੇ ਜ਼ਰੀ। ਐਂਚਿ ਚਹੂੰ ਦਿਸ਼ਿ ਬੰਧਨ ਕਰੀ ॥ ੩੮ ॥ ਧਰਯੋ ਮ੍ਰਿਦੁਲ ਸੁੰਦਰ ਉਪਧਾਨੁ[1]। ਹਯ ਤੇ ਉਤਰਿ ਗੁਰੂ ਭਗਵਾਨ। ਚਢਿ ਪ੍ਰਯੰਕ ਪਰ ਬਠਿ ਬਿਰਾਜੇ॥ਜਿਨਕੇ ਨਾਮ ਲੇਤਿ ਜਮ ਲਾਜੇ॥੩੯॥ਫਰਸ਼ ਬਿਸਾਲ ਚਹੂੰਦਿਸ਼ਿ ਹੋਵਾ॥ਉਪਜਤਿ ਹਰਖ ਬੈਠਿ ਜਿਨ ਜੋਵਾ॥ਗਨ ਮਸੰਦ ਅਰੁ ਬ੍ਰਿਧ ਗੁਰੁਦਾਸ॥ ਜੇਠਾ ਲੰਙ ਪਿਰਾਣਾ ਪਾਸ॥੪੦॥ ਅਪਰ ਸਿੱਖ ਸਗਰੇ ਚਲਿ ਆਏ। ਨਰ ਨਾਰੀ ਪੁਰਿ ਤੇ ਉਮ-ਡਾਏ। ਜਥਾ ਸ਼ਕਤਿ ਲੇ ਪਾਨ ਉਪਾਇਨਿ। ਅਰਪਹਿਂ ਆਨਿ ਗੁਰੂ ਕੇ ਪਾਇਨਿ॥੪੧॥ਸੁਭਟ ਆਇ ਗਨ ਲਗਯੋ ਦਿਵਾਨ। ਗਾਇਂ ਰਬਾਬੀ ਰਾਗ ਮਹਾਨ। ਚਮਰ ਚਾਰੁ ਚਲਚਾਲ[2] ਢੁਰੰਤਾ*। ਉਠਿ ਅਰਦਾਸ ਕਰਤਿ ਮਤਿਵੰਤਾ ॥੪੨॥ ਸੂਰਜ ਮੁਖੀ ਧਰੇ ਕਰ ਖਰੋ[3]। ਕਿਹ ਕਰ ਦੰਡੁ ਹੇਮ ਕੋ ਖਰੋ। ਮੇਲਾ ਮਹਦ ਸਕੇਲਨਿ ਹੋਵਾ। ਚਢਤਿ ਗੁਰੂ ਦਰਸ਼ਨ ਸਭਿ ਜੋਵਾ ॥੪੩॥ਕੇਤਿਕ ਨਰ ਨਾਰੀ ਹਟਿ ਆਏ। ਸਤਿਗੁਰੁ ਗੁਨ ਬਰਨਤਿ ਸਮੁ-ਦਾਇ। ਕਿਤਿਕ ਨਿਸਾ ਬਸਿਬੇ ਮਤਿ ਧਾਰੀ।—ਗੁਰੁ ਹਿਤ ਹਮੇ ਪੁੰਨ ਹੁਇ ਭਾਰੀ—॥੪੪॥ਸੰਧਯਾ ਭਈ ਦਰਸ ਕੋ ਦੇਤਿ॥ਕ੍ਰਿਪਾ ਦ੍ਰਿਸ਼ਟਿ ਤੇ ਦੁਖ ਹਰਿ ਲੇਤਿ। ਕਿਸ ਕੇ ਸੰਗਿ ਭਨੀ ਮ੍ਰਿਦੁ ਬਾਨੀ। ਕਿਹ ਸਨਮਾਨ ਕੀਨਿ ਸ਼ੁਭ ਜਾਨੀ ॥੪੫॥ ਪੁਰਿ ਜਨ ਸਭਿਨਿ ਸੰਗ ਕਹਿ ਬੈਨ॥ ਦੀਨਿ ਦਿਲਾਸਾ ਰਹੇ ਸੁ ਰੈਨ। ਖਾਨ ਪਾਨ ਕਰਿਕੈ ਸਮੁਦਾਏ। ਬਹੁਰ ਜਥਾ ਸੁਖ ਮਹਿਂ ਸੁਪਤਾਏ ॥੪੬॥ਖਰੇ ਪਾਹਰੂ ਚਹੁਦਿਸ਼ਿ ਬਿਖੈ। ਅਪਨਿ ਪਰਾਯੋ ਪਰਖਤਿ ਪਿਖੈ। ਸਾਵਧਾਨ ਭਟ ਬਨੇ ਮਹਾਨ। ਸੁਪਤੇ ਸਿਮਰਤਿ ਗੁਰੁ ਭਗਵਾਨ ॥ ੪੭ ॥

ਇਤਿ ਸ਼੍ਰੀ ਗੁਰੁ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰਾਸੇ 'ਸ੍ਰੀ ਹਰਗੋਵਿੰਦ ਦਿੱਲੀ ਪ੍ਰਸਥਾਨ' ਪ੍ਰਸੰਗ ਬਰਨਨੰ ਨਾਮ ਏਕ ਪੰਚਾਸਤਿ ਅੰਸੂ ॥੫੧॥

੫੨. [ਗੁਰੂ ਜੀ ਦਿੱਲੀ ਪੁੱਜੇ]।

ਦੋਹਰਾ॥ਸ਼੍ਰੀ ਹਰਿਗੋਵਿੰਦ ਜੀ ਉਠੇ ਕਰਿ ਸਭਿ ਸੌਚ ਸ਼ਨਾਨ। ਬਸਤ੍ਰ ਸ਼ਸਤ੍ਰ ਕੋ ਪਹਿਰ ਕਰਿ ਹੋਤਿ ਭਏ ਸਵਧਾਨ॥੧॥ ਚੌਪਈ॥ ਬਜਯੋ ਕੂਚ ਕੋ ਤਬਹਿ ਨਗਾਰਾ। ਕੀਨਿਸਿ ਤਯਾਰੀ ਕਰਨਿ ਪਧਾਰਾ। ਬ੍ਰਿਧ ਗੁਰੁਦਾਸ ਮਸੰਦ ਜਿ ਬ੍ਰਿੰਦ॥ਆਇ ਨਿਕਟ ਬੰਦਤਿ ਕਰ ਬੰਦਿ॥੨॥ ਬੈਠਿ ਗਏ ਚਹੁੰਦਿਸ਼ਿ ਮਹਿਂ

[1]ਤਕੀਆ, ਸਿਰਹਾਣਾ। [2]ਚੰਚਲ ਚਾਲ ਵਿਚ। [3]ਗੋਲ ਪੱਖਾ ਹੱਥ ਵਿਚ ਫੜਕੇ ਖਲੋਤੇ।

*ਪਾ:—ਚੰਚਾਲ ਚਲੰਤਾ।

ਸਾਰੇ। ਸ਼੍ਰੀ ਹਰਿ ਗੋਬਿੰਦ ਬਾਕ ਉਚਾਰੇ।"ਬ੍ਰਿਧ ਸਾਹਿਬ! ਭਾਈ ਗੁਰਦਾਸ!। ਤੁਮ ਸਜਾਨੇ ਕਰਿ ਬਾਸ ਅਵਾਸ॥੩॥ ਹਰਿ ਮੰਦਿਰ ਕੀ ਕਰੀਅਹਿ ਸੇਵਾ। ਪੂਜਨਿ ਕਰਹੁ ਸਦਾ ਗੁਰੁਦੇਵਾ। ਸਿਖ ਸੰਗਤਿ ਆਵਤਿ ਜਿਮ ਆਗੇ। ਸਰਬ ਰੀਤਿ ਕਰਿ ਤਿਮ ਬਡਿਭਾਗੇ॥੪॥ਕਾਰ ਦੇਗ ਕੀ ਤਥਾ ਚਲਾਵਹੁ। ਅਪਰ ਸਰਬ ਕਾਰਜ ਸੁਧਰਾਵਹੁ। ਕਿਤਿਕ ਸੁਭਟ ਰਹਿੰ ਸੰਗ ਤੁਮਾਰੇ। ਦਾਸ ਬ੍ਰਿੰਦ ਹੋਵਹਿੰ ਅਨੁਸਾਰੇ॥੫॥ ਸਦਾ ਪ੍ਰਸੰਨ ਮਾਤ ਕੋ ਰਾਖਹੁ। ਹਮਰੀ ਦਿਸ਼ਿ ਤੇ ਆਛੇ ਭਾਖਹੁ। ਸੰਮਤ[1] ਹੋਇ ਕਾਰ ਕੋ ਕਰੀਅਹਿ। ਸਭਿ ਦਿਸਿ ਸਾਵਧਾਨਤਾ ਧਰੀਅਹਿ" ॥੬॥ ਇਮ ਬ੍ਰਿਧ ਕੋ ਸਭਿ ਸੌਂਪਿ ਸਮਾਜਾ। ਚਾਹਤੇ ਚਢਨਿ ਗਰੀਬ ਨਿਵਾਜਾ। ਪੁਰਿਜਨ[2] ਅਰ ਸਿਖ ਸੇਵਕ ਸਾਰੇ। ਸਭਿ ਪਰ ਕਰੁਨਾ ਦ੍ਰਿਸ਼ਟਿ ਨਿਹਾਰੇ॥੭॥ ਦੇ ਕਰਿ ਖੁਸ਼ੀ ਭਏ ਅਸਵਾਰ। ਕਰਿ ਕੈ ਜਥਾ ਜੋਗ ਸਭਿ ਕਾਰ। ਖਾਂ ਵਜ਼ੀਰ ਕੋ ਸੰਗ ਮਿਲਾਇ। ਮਾਰਗ ਦਿੱਲੀ ਤਬਹਿ ਸਿਧਾਇ॥੮॥ ਆਗੇ ਬਾਜਤਿ ਚਲਹਿ ਨਗਾਰਾ। ਭਾਟ ਨਕੀਬਨਿ ਸੁਜਸੁ ਉਚਾਰਾ। ਜਿਸ ਮਗ ਜਗ ਗੁਰੁ ਕਰਤਿ ਪਯਾਨਾ। ਸੁਨਹਿੰ ਨਾਰਿ ਨਰ ਜੋ ਸੁਧ ਕਾਨਾ॥ ੯॥ ਜਥਾ ਸ਼ਕਤਿ ਲੇ ਤੁਰਤ ਉਪਾਇਨਿ। ਪੂਜਹਿੰ ਆਨਿ ਗੁਰੂ ਕੇ ਪਾਇਨਿ। ਕ੍ਰਿਪਾ ਦ੍ਰਿਸ਼ਟਿ ਕਰਿ ਚਲਤਿ ਅਗੇਰੇ। ਜਹਿੰ ਕਰਿ ਡੇਰਾ ਹੇਤ ਬਸੇਰੇ॥੧੦॥ ਤਹਿੰ ਤੇ ਆਇ ਦਰਸ ਕੋ ਕਰੈਂ। ਪੁਰਹਿੰ ਕਾਮਨਾ ਜੋ ਉਰ ਧਰੈਂ। ਹੋਤਿ ਪ੍ਰਭਾਤਿ ਗਮਨ ਕੋ ਠਾਨੈ। ਸੈਨ ਭਟਨਿ ਕੀ ਸਾਥ ਪਯਾਨੈ॥ ੧੧ ॥ ਮਗ ਮਹਿੰ ਖੇਲਤਿ ਕਰਹਿੰ ਅਖੇਰੇ। ਬਾਜ, ਕੁਹੀ, ਸ਼ਿਕਰੇ ਜੁ ਬਡੇਰੇ। ਬਨ ਕੇ ਜੀਵ ਉਧਾਰਤਿ ਜਾਤੇ। ਪੂਰਬ ਬਡੇ ਭਾਗ ਜਿਨ ਜਾਤੇ॥੧੨॥ ਅਨਿਕ ਬਿਲਾਸਨਿ ਕੋ ਬਿਲਸੰਤੇ[3]। ਪੰਥ ਬਿਖੈ ਗਮਨਤਿ ਹਰਖੰਤੇ। ਖਾਂ ਵਜ਼ੀਰ ਨਿਜ ਸੁਭਟਨਿ ਸਾਥ। ਚਲਤਿ ਸੰਗ ਨਿਤ ਸ਼੍ਰੀ ਗੁਰੁ ਨਾਥ॥੧੩॥ਅਨਿਕ ਰੀਤਿ ਤੇ ਗੁਰੂ ਰਿਝਾਵੈ। ਸ਼ਾਹੁਨਿ ਕੇ ਸੁਪ੍ਰਸੰਗ ਚਲਾਵੈ। ਸੰਗ ਅਖੇਰ ਬ੍ਰਿੱਤ ਕੋ ਕਰੈ। ਜਿਮ ਗੁਰੁ ਹਰਖਹਿੰ ਤਿਮ ਉਰ ਧਰੈ॥ ੧੪॥ ਮਧੁਰ ਬਚਨ ਤੇ ਬਹੁ ਸਨਮਾਨੈ। ਬੈਠਹਿ ਨਿਕਟ ਪ੍ਰੇਮ ਕੋ ਠਾਨੈ। ਜਿਤ ਕਿਤ ਕੇ ਨਰ ਪੂਜੈਂ ਗੁਰਕੋ। ਹੇਰਤਿ ਅਧਿਕਤਿ ਸ਼ਰਧਾ ਉਰ ਕੋ॥੧੫॥ ਸੰਗ ਤੁਰਕ ਗਨ ਮਹਿਮਾ ਹੇਰੇ। ਸੇਪਿ ਕਰਹਿੰ ਸ਼ਰਧਾ ਬਹੁਤੇਰੇ। ਇਸ ਬਿਧਿ ਕੇਤਿਕ ਦਿਨ ਪ੍ਰਸਥਾਨੇ। ਕ੍ਰਮ ਕਰਿ[4] ਸਕਲ ਪੰਥ ਉਲੰਘਾਨੇ॥੧੬॥

---

[1]ਭਾਵ ਮਾਤਾ ਜੀ ਦੇ ਅਨੁਸਾਰੀ ਹੋਕੇ। [2]ਨਗਰ ਦੇ ਵਾਸੀ। [3]ਅਨੰਦਾਂ ਨੂੰ ਮਾਣਦੇ ਹੋਏ। [4]ਹੌਲੀ ਹੌਲੀ।

ਬ੍ਰਿਧ ਗੁਰਦਾਸ ਮਸੰਦ ਜਿ ਸਾਰੇ। ਗੁਰੁ ਰੁਖਸਦ ਕਰਿ[1]ਸਦਨ ਸਿਧਾਰੇ।
ਮਿਲੇ ਮਾਤ ਗੰਗਾ ਕੋ ਜਾਈ। ਬਤਸਨ ਢਿਗ ਜਿਮ ਧੇਨੁ ਲਵਾਈ[2]॥੧੭॥
ਸਿਮਰਤਿ ਸੁਤ ਕੋ ਰਿਦਾ ਦੁਹੇਲੀ।ਮੌਨ ਠਾਨਿ ਕਰਿ ਥਿਰੀ ਅਕੇਲੀ। ਪਤਿ
ਬ੍ਰਿਤੰਤ ਕੋ ਚਿਤਵਤਿ ਚਿੰਤਾ।–ਤੁਰਕੇਸ਼ੁਰ[3]ਸੁਧਿ ਨਹੀ ਲਖੰਤਾ ॥ ੧੮ ॥
ਖੱਤ੍ਰੀ ਸ਼ੱਤ੍ਰ ਵਧ੍ਯੋ ਤਿਸ ਪਾਸੀ। ਗਨ ਛਲਬਲ ਕੋ ਕਰਤਿ ਪ੍ਰਕਾਸ਼ੀ। ਅਬਿ
ਭੀ ਚਾਰੀ[4] ਕਰਿ ਬੁਲਵਾਇ–।ਇਮ ਬੈਠੀ ਸੋਚਤਿ ਦੁਖ ਪਾਇ॥੧੯॥ ਹਾਥ
ਜੋਰਿ ਬ੍ਰਿਧ ਨੇ ਤਬਿ ਕਹ੍ਯੋ।'ਕ੍ਯੋਂ ਮਾਤਾ ਏਤੋ ਦੁਖ ਲਹ੍ਯੋ?। ਪੁੱਤ੍ਰ ਤੁਮਾਰੋ
ਪ੍ਰਭੂ ਬਲੀ ਹੈ। ਕਰਹਿ ਤਹਾਂ ਸਭਿ ਬਾਤ ਭਲੀ ਹੈ॥੨੦॥ਸਗਰੇ ਜਗ ਸਿਰ-
ਜਨਿ ਅਰੁ ਹਾਨਿ।ਨਿਜ ਬਲ ਤੇ ਕਰਿ ਸਕਹਿ ਮਹਾਨ। ਬਡੇ ਗੁਰੁਨਿ ਸਮ
ਜਾਨਹੁ ਨਾਂਹੀ। ਤਨੁ ਕੋ ਅੰਤ ਸਮੋਂ ਲਖਿ ਤਾਂਹੀ ॥ ੨੧ ॥ ਦੇ ਕਰਿ ਸਿਰ
ਚੰਦੂ ਕੇ ਦੋਸ਼।ਗਏ ਬਿਕੁੰਠ ਰਹੇ ਬਿਨੁ ਰੋਸ*।ਪਿਤ ਕੋ ਪਲਟੋ ਅਬਿ ਇਹ
ਲਹੈਂ।ਮਿਲਹਿਂ ਸ਼ਾਹੁ ਸੋ ਸ਼ੱਤ੍ਰ ਦਹੈਂ॥੨੨॥ਨਹਿਂ ਚਿੰਤਾ ਚਿਤ ਕੀਜਹਿਮਾਈ।
ਮਿਲਹਿਂ ਪੁੱਤ੍ਰਸੋਂ ਅਨੰਦ ਉਪੈਯਾਈ। ਸੁਖ ਪੌਤ੍ਰਨਿ ਕੋ ਕਰਹਿਂ ਨਿਹਾਰਨਿ।
ਸਾਚਿ ਬਚਨ ਮਮ ਕਰਿ ਉਰ ਧਾਰਨ' ॥ ੨੩ ॥ ਇੱਤਜਾਦਿਕ ਬਹੁ ਬ੍ਰਿਧ
ਸਮੁਝਾਈ। ਕਹੇ ਬ੍ਰਿੱਧ ਕੇ ਸ਼ਾਂਤਿ ਸੁ ਪਾਈ। ਨਿਤ ਗੰਗਾ ਗੁਰੁ ਨਾਨਕ
ਧ੍ਯਾਵੈ। ਕਰਹਿ ਤਿਹਾਵਲ ਬਹੁ ਬਰਤਾਵੈ ॥ ੨੪ ॥ ਨਿਜ ਘਰ ਕੀ ਨਿਤ
ਤੋਰਹਿ ਕਾਰੀ। ਸੰਗਤਿ ਆਵੈ ਸਦਾ ਹਜ਼ਾਰੀ। ਹਰਿ ਮੰਦਿਰ ਮਹਿਂ ਪੂਜਾ
ਹੋਇ। ਬਾਂਛਤਿ ਕੋ ਪ੍ਰਾਪਤਿ ਸਭਿ ਕੋਇ ॥੨੫॥ ਇਸ ਪ੍ਰਕਾਰ ਸਗਰੋ ਬਿਵ-
ਹਾਰ। ਸੰਮਤ ਮਾਤ[5] ਚਲਹਿ ਸਭਿ ਕਾਰ। ਉਤ ਸ਼੍ਰੀ ਹਰਿ ਗੁਵਿੰਦ ਗੁਨ
ਖਾਨੀ। ਮਗ ਗਮਨੇ ਜਹਿਂ ਪੁਰਿ ਪਤਿ ਪਾਨੀ[6]॥੨੬॥ਕਰਤਿ ਸਿਵਰ ਦਿੱਲੀ
ਪੁਰਿ ਗਏ।ਖਾਂਵਜ਼ੀਰ ਸੰਗ ਬੂਝਤਿ ਭਏ।'ਤੁਵ ਮਰਜ਼ੀਕਹੁ ਕੌਨ ਸਥਾਨ?
ਡੇਰਾ ਕਰਹਿਂ ਜਹਾਂ ਸੁਖ ਠਾਨਿ ॥ ੨੭ ॥ ਸਰਬ ਰੀਤਿ ਜਹਿਂ ਬਸਹਿਂ
ਸੁਖਾਰੇ।ਦਿਨ ਸਮੂਹ ਕੋ ਕਰਨਿ ਗੁਜ਼ਾਰੇ। ਜਹਾਂ ਸੁਭਟ ਰਹਿਂ ਆਛੀ ਰੀਤਿ।
ਸੰਗਤਿ ਗਨ ਦਰਸੈ ਜੁਤਿ ਪ੍ਰੀਤਿ'॥੨੮॥ਸੁਨਤਿ ਖਾਨ ਕਰ ਜੋਰਿ ਉਚਾਰੀ।

---

[1]ਗੁਰੂ ਜੀ ਨੂੰ ਵਿਦਾ ਕਰਕੇ। [2]ਲਵੇਰੀ ਗਊ ਦੇ ਕੋਲ ਜਿਵੇਂ ਵੱਛੇ। [3]ਜਹਾਂਗੀਰ। [4]ਚੁਗਲੀ।
[5]ਮਾਤਾ ਜੀ ਦੀ ਰਾਇ ਅਨੁਸਾਰ। [6]ਜਿੱਥੇ ਪਾਣੀਪਤ ਸ਼ਹਿਰ ਹੈ। *ਇੱਥੇ ਕਵਿ ਜੀ ਆਪ
ਦੱਸ ਰਹੇ ਹਨ ਕਿ ਗੁਰੂ ਜੀ ਨੇ ਆਪਣੇ ਕਸ਼ਟਾਂ ਵਿਚ ਕੋਪ ਨਹੀਂ ਕੀਤਾ।

'ਬਸਹੁ ਰਿਦੇ ਤੁਮ ਧਯਾਨ ਜੁ ਧਾਰੀ। ਜਹਿਂ ਸਤਿਸੰਗਿ ਪ੍ਰਭੂ ਗੁਨ ਗਾਵੈਂ। ਤਹਾਂ ਬਸਹੁ ਤੁਮ ਕੋ ਬਨਿ ਆਵੈ॥੨੯॥ ਸਿਮਰਹਿਂ ਸੰਤ ਰੂਪਅਬਿਨਾਸ਼ੀ। ਤਿਨ ਕੇ ਆਪ ਬਸਤਿ ਹੋ ਪਾਸੀ। ਨਗਰ ਸੁਧਾਸਰ ਸ੍ਰੀ ਹਰਿ ਮੰਦਰ। ਨਿਸ ਦਿਨ ਬਸਹੁ ਤਿਸੀ ਕੇ ਅੰਦਰ॥੩੦॥ਜਿਨ ਕੇ ਸਦਾ ਸਤੋਗੁਨ ਲਹੋ। ਜਨੁ ਪ੍ਰੇਮੀ ਕੇ ਉਰ ਨਿਤ ਰਹੋ। ਜੋ ਮਾਨਹਿ ਭਾਣਾ ਕਰਤਾਰ। ਤਨੁ ਹੰਤਾ ਜੁਤਿ ਤਜੈ ਬਿਕਾਰ॥੩੧॥ ਸ਼ਰਲ ਸਧੀਰਜ ਉਰ ਕੋ ਹੇਰੇ। ਤਹਾਂ ਬਾਸ ਨਿਜ ਕਰਹੁ ਬਡੇਰੇ। ਸਤਿਗੁਰੁ ਸ਼ਬਦ ਸਦੀਪਕ ਜਾਗ[1]। ਸਿਹਜਾ ਸਿੱਖਨ ਸੇਵ ਜੁ ਲਾਗ[2] ॥ ੩੨ ॥ ਸੱਤਿਨਾਮ ਸਿਮਰਨਿ ਲਿਵ ਮਹਾਂ। ਇਹ ਸੌਰਭ ਤੇ ਮਹਿਕਤਿ ਜਹਾਂ[3]। ਪ੍ਰੇਮਾ ਭਗਤਿ ਸੁਖਦ ਜਹਿਂ ਪੌਨ। ਬਸਹੁ ਅਨੰਦ ਕਰਿ ਅਸ ਉਰ ਭੌਨ॥੩੩॥ ਇਸ ਪੁਰ ਮਹਿਂ ਮਜਨੂ ਅਸਥਾਨ*। ਅਵਿਲੋਕਨਿ ਰਮਣੀਕ ਮਹਾਨ। ਕੇਤਿਕ ਕਹਤਿ ਸੁਨੇ ਮੈਂ ਐਸੇ।ਸ੍ਰੀ ਨਾਨਕ ਜੀ ਤਿਸ ਥਲ ਬੈਸੇ॥੩੪॥ ਤਹਾਂ ਬਾਸ ਸੁਖ ਸਾਥ ਕਰੀਜੈ। ਪ੍ਰਥਮ ਚਲਹੁ ਦੇਖਨਿ ਕਰਿ ਲੀਜੈ। ਦਿਲ ਪਸੰਦ ਕਰਿ ਉਤਰਹੁ ਫੇਰ। ਨਾਂਹਿਤ ਅਪਰ ਥਾਨਕੋ ਹੇਰਿ' ॥ ੩੫ ॥ ਇਮ ਕਹਿ ਖਾਂ ਵਜ਼ੀਰ ਲੇ ਚਾਲਾ। ਜਾਇ ਦਿਖਾਯਹੁ ਥਾਨ ਬਿਸਾਲਾ। ਸ੍ਰੀ ਜਮਨਾ ਕੋ ਸੁੰਦਰ ਤੀਰ। ਪਾਵਨ ਪਰਮ ਪ੍ਰਵਾਹਤਿ ਨੀਰ॥੩੬॥ ਜਿਸ ਦੇਖੇ ਉਰ ਹੋਤਿ ਅਨੰਦ। ਇਕ ਸਮ ਥਲ,ਕੁਛ ਊਚ ਬਿਲੰਦ[4]। ਅਵਲੋਕਤਿ ਮੁਦ ਉਤਰ ਪਰੇ ਹੈਂ। ਲਖਿ ਗੁਰੁ ਰੁਖ਼ ਕੋ ਸਿਵਰ ਕਰੇ ਹੈਂ॥੩੭॥ਤੰਬੂ ਸ਼ਮਯਾਨੇ ਗਨ ਤਾਨੇ।ਰੇਸ਼ਮ ਡੋਰ ਜੁ ਐਂਚਿ ਬੰਧਾਨੇ।

---

[1]ਸਤਿਗੁਰੂ ਦਾ ਸ਼ਬਦ ਰੂਪ ਦੀਪਕ ਜਾਗਿਆ ਹੈ ਜਿਨ੍ਹਾਂ ਦੇ ਰਿਦੇ। [2](ਉਹਨਾਂ) ਸਿਖਾਂ ਦੀ ਸੇਵਾ ਵਿਚ ਜੋ ਲੱਗਾ ਹੈ (ਉੱਥੇ ਆਪ ਦੀ) ਸਿਹਜਾ ਹੈ। [3]ਇਸ ਸੁਗੰਧੀ ਨਾਲ ਜਿੱਥੇ ਮਹਿਕ ਹੋ ਰਹੀ ਹੈ। [4]ਕੁਛ ਉਚਿਆਈ ਉਤੇ ਪੱਧਰਾ ਥਾਂ ਹੈ।

*ਇਹ ਟਿਕਾਣਾਂ ਜਮਨਾਂ ਦੇ ਕਿਨਾਰੇ ਉੱਚੇ ਥਾਉਂ ਤੇ ਹੈ। ਦਿੱਲੀ ਸ਼ਹਿਰ ਇੱਥੋਂ ਦ੍ਰੂ ਕੁ ਮੀਲ ਹੈ। ਇੱਥੇ ਹੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਹਾਥੀ ਜਿਵਾਇਆ ਸੀ ਤੇ ਲੋਦੀ ਪਾਤਸ਼ਾਹ ਆ ਕੇ ਮਿਲਿਆ ਸੀ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਏਥੇ ਅਸਥਾਨ ਹੈ। ਛੇਵੇਂ ਗੁਰਾਂ ਦੀ ਯਾਦਗਾਰ ਵਿਚ ਸੰਗ ਮਰਮਰ ਦੀਆਂ ਚਰਨਪਾਦਕਾਂ ਏਥੇ ਹਨ। ਮਜਨੂੰ ਇਕ ਸਤਿਗੁਰਾਂ ਦਾ ਸਿਖ ਸੀ, ਜਿਸ ਨੇ ਏਥੇ ਬੈਠਕੇ ਘਾਲ ਕੀਤੀ ਸੀ, ਉਸ ਦੀ ਸਮਾਧ ਬੀ ਹੈ। ਮਜਨੂੰ ਦਾ ਟਿੱਲਾ ਇਸੇ ਨਾਮ ਤੇ ਪ੍ਰਸਿੱਧ ਹੈ। ਸ੍ਰੀ ਰਾਮਰਾਇ ਜੀ ਬੀ ਏਥੇ ਹੀ ਟਿਕੇ ਸਨ।

ਖਰੀ ਕਨਾਤ ਬਨਾਤ ਖਰੀ ਕੀ[੧]। ਕਿਤ ਕਿਤ ਚਿੱਤ੍ਰਤਿ ਕਾਰ ਜ਼ਰੀ ਕੀ॥
੩੮॥ ਗੁਰੁ ਕੇ ਚਹੁੰਦਿਸ਼ਿ ਭਟ ਸਮੁਦਾਇ।ਨਿਜ ਨਿਜ ਤੰਬੂ ਤਹਾਂ ਲਗਾਇ।
ਪੰਗਤਿ ਲਗੀ ਤੁਰੰਗਨਿ ਕੇਰੀ। ਜਹਾਂ ਦ੍ਰਿਸ਼ਟਿ ਕਰਿ ਨਿਤ ਗੁਰੁ ਹੇਰੀ[੨]
॥੩੯॥ਤਬਿ ਵਜ਼ੀਰ ਖਾਂ ਨਿਕਟ ਹਕਾਰਾ।"ਕਰਹੁ ਆਪਨੇ ਸਦਨ ਉਤਾਰਾ।
ਜੋ ਅਵਸਰ ਬਨਿ ਹੈ ਤੁਵ ਆਜੁ। ਕਰਹੁ ਜਨਾਵਨਿ ਆਪਨਿ ਕਾਜੂ[੩] ॥
੪੦॥ ਨਾਂਹਿ ਤ ਪਾਤਿਸ਼ਾਹੁ ਕੇ ਪਾਸੀ। ਸੁਧਿ ਹਮਰੀ ਕਰਿ ਦੇਹੁ ਪ੍ਰਕਾਸ਼ੀ"।
ਅਸ ਕਹਿ ਸਿਰੋਪਾਉ ਬਡ ਮੋਲ। ਬਖਸ਼ਯੋ ਸਤਿਗੁਰੁ ਕਹਿ ਮ੍ਰਿਦੁ ਬੋਲਿ॥
੪੧ ॥ ਕਿੰਚਬੇਗ ਕੋ ਦੂਸਰ ਦਇ। ਲੇ ਦੋਨੋ ਸਿਰ ਪਰ ਧਰਿ ਲਏ। ਠਾਂਢੇ
ਹੋਇ ਬੰਦਗੀ ਠਾਨੀ। ਬੋਲੇ ਮ੍ਰਿਦੁਲ ਸ ਬਿਨਤੀ ਬਾਨੀ॥ ੪੨ ॥ 'ਗੁਰੁ
ਘਰ ਕੇ ਹਮ ਸਦਾ ਗ਼ੁਲਾਮ। ਬਖਸ਼ਯੋ ਤੁਮ[੪] ਹਮ ਪਾਸ ਤਮਾਮ'।ਰੁਖਸਦ
ਹੋਇ ਸਦਨ ਕੋ ਗਏ। ਸ਼ੀਲ ਸਰੂਪ ਸਰਾਹਤਿ ਭਏ ॥੪੩॥ ਉਤਰੇ ਪਗ
ਕਰ ਨੀਰ ਪਖਾਰੇ।ਨਿਰਮਲ ਬਸਤ੍ਰ ਸਕਲ ਤਨੁ ਧਾਰੇ।ਗਏ ਦੁਰਗ ਮਹਿਂ
ਮਿਲਿ ਕਰਿ ਦੋਊ। ਸ਼ਾਹੁ ਸੰਗ ਮਿਲਿਬੋ ਚਹਿ ਸੋਊ ॥੪੪॥ ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰਾਸੇ 'ਦਿੱਲੀ ਪ੍ਰਵੇਸ਼ ਸ੍ਰੀ ਹਰਿਗੋਵਿੰਦ' ਪ੍ਰਸੰਗ ਬਰਨਨ ਨਾਮ ਦੋਇ ਪੰਚਾਸਤੀ ਅੰਸੂ ॥ ੫੨ ॥

੫੩. [ਮਜਨੂੰ ਦੇ ਟਿੱਲੇ ਵਾਲੇ ਸੰਤ ਨੂੰ ਉਪਦੇਸ਼]।

ਦੋਹਰਾ॥ਪਾਯੋ ਅਵਸਰ ਮਿਲਨਿ ਕੋ ਗਮਨੇ ਹਜ਼ਰਤ ਪਾਸ।ਅਧਿਕ ਅਦਬ
ਤੇ ਬੰਦਗੀ ਨਿਵ ਨਿਵ ਕਰਤਿ ਪ੍ਰਕਾਸ਼॥ ੧॥ ਚੌਪਈ ॥ ਨੰਮ੍ਰੀ ਹੋਤਿ ਗਏ
ਜਬਿ ਨੇਰੇ। ਜਹਾਂਗੀਰ ਇਨ ਦਿਸ਼ਿ ਦ੍ਰਿਗ ਫੇਰੇ। ਦੇਖਤਿ ਬੋਲਯੋ ਸ਼ਾਹੁ
ਸੁਜਾਨ।"ਖਾਂ ਵਜੀਰ!ਢਿਗ ਆਉ ਬਖਾਨ[੫]॥੨॥ ਸ਼੍ਰੀ ਜਗ ਗੁਰੁ ਅਰਜਨ ਕੇ
ਨੰਦ। ਨਾਮ ਜਿਨਹੁਂ ਸ਼੍ਰੀ ਹਰਿ ਗੋਵਿੰਦ। ਗੁਰਤਾ ਗਾਦੀ ਪਰ ਅਬਿ ਬੈਸੇ।
ਆਇ ਕਿਧੌਂ ਨ,ਕਹੁ ਸੁਧਿਕੈਸੇ?"॥੩॥ਖਾਂਵਜ਼ੀਰ ਕਰਜੋਰਿ ਅਗਾਰੀ।ਚਾਤੁ-
ਰਤਾ ਜੁਤਿ ਗਿਰਾ ਉਚਾਰੀ।"ਬਯ ਮਹਿਂ ਅਲਪ, ਬ੍ਰਿੱਧ ਬੁਧਿ ਮਾਂਹੀ। ਡੀਲ
ਬਿਲੰਦ ਔਰ ਅਸ ਨਾਂਹੀ[੬]॥੪॥ਪ੍ਰਿਯ ਮੂਰਤਿ ਸੂਰਤਿ ਅਤਿ ਸੁੰਦਰ।ਸਾਹਿਬ
ਕਰਾਮਾਤ ਗੁਨ ਮੰਦਿਰ। ਕਰਯੋ ਬਿਲੋਕਨਿ ਜਬਿ ਹਮ ਜਾਇ। ਤੁਮਰੀ
ਦਿਸ਼ਿ ਤੇ ਕਹਯੋ ਸੁਨਾਇ॥੫॥ਕ੍ਰਿਪਾ ਦ੍ਰਿਸ਼ਟਿ ਕੋ ਠਾਨਿ ਮਹਾਨਾ।ਜਿਮ ਹਮ
ਭਨਯੋ ਸੁਨਯੋ ਤਿਮ ਮਾਨਾ। ਹੁਇ ਅਸਵਾਰ ਆਪ ਚਲਿ ਆਏ। ਆਨਿ ਸੁ

[੧]ਚੰਗੀ ਬਨਾਤ ਦੀ ਕਨਾਤ ਖੜੀ ਕੀਤੀ। [੨]ਦੇਖ ਸੱਕਣ। [੩]ਆਪਣਾ ਕੰਮ (ਭਾਵ ਸ੍ਰੀ ਗੁਰੂ ਅਰਜਨ ਸਾਹਿਬ ਜੀ ਦਾ ਸਾਕਾ ਦੱਸਣਾ)। [੪]ਬਖਸ਼ਿਆ ਹੋਇਆ ਹੈ ਆਪ ਦਾ। [੫]ਨੇੜੇ ਆਕੇ ਦੱਸ ਕਿ। [੬]ਹੋਰ ਇਨ੍ਹਾਂ ਜੇਹਾ ਕੋਈ ਨਹੀਂ।

ਉਤਰੇ ਮਜਨੂੰ ਥਾਂਏ'॥੬॥ ਸੁਨਤਿ ਸ਼ਾਹੁ ਬਹੁ ਭਯੋ ਪ੍ਰਸੰਨ। ਕਹ੍ਯੋ ਵਜ਼ੀਰ
ਖਾਨ ਕੋ ਧੰਨ। 'ਮੁਝ ਢਿਗ ਕਰਤਿ ਹੁਤੇ ਨਰ ਚਾਰੀ[1] ।–ਗੁਰੂ ਨ ਐਹੈਂ
ਨਿਕਟ ਤੁਮਾਰੀ॥੭॥ਕਿੰਚਬੇਗ ਅਰੁ ਖਾਂਨਵਜ਼ੀਰ।ਛੂਛੇ ਹਟਿ ਆਵਹਿਂ ਤੁਮ
ਤੀਰ–।ਤਿਨ ਤੇ ਸੁਨਿ ਮੈਂ ਮਾਨਤਿ ਰਹ੍ਯੋ।ਇਸ ਮਹਿਂ ਤੁਵ ਬੁਧਿ ਕੋ ਬਲ
ਲਹ੍ਯੋ॥੮॥ਆਛੀ ਭਈ ਗੁਰੂ ਚਲਿ ਆਇ।ਗਨ ਦੋਸ਼ਨਿ ਤੇ ਮੋਹਿ ਬਚਾਇ।
ਅਬਿ ਸਭਿ ਭਾਂਤਿ ਕਰਹੁ ਤਿਨ ਸੇਵਾ। ਹਰਖਾਵਹੁ ਨੀਕੇ ਗੁਰੁਦੇਵਾ॥੯॥
ਹਮ ਸੋਂ ਮੇਲ ਕਰਾਵਹੁ ਕਾਲੀ। ਸਭਿ ਤੇ ਗੁਰੁ ਗਾਦੀ ਸੁ ਬਿਸਾਲੀ'। ਇਮ
ਕਹਿ ਉਠ੍ਯੋ ਸਭਾ ਤਜਿ ਸ਼ਾਹੂ।ਖਾਂਵਜ਼ੀਰ ਆਯਹੁ ਗੁਰੁ ਪਾਹੂ ॥੧੦॥ ਸ਼ਾਹੂ
ਬ੍ਰਿਤਾਂਤ ਭਯੋ ਸੋ ਭਾਖਾ। 'ਕਰਹਿ ਪ੍ਰਾਤਿ ਮਿਲਿਬੇ ਅਭਿਲਾਖਾ'। ਤਬਿ ਲੌ
ਜਾਮ ਦਿਵਸ ਰਹਿ ਗਯੋ।–ਗੁਰੁ ਆਇ–ਸੰਗਤਿ ਸੁਨਿ ਲਯੋ॥ ੧੧॥ ਲਘੁ
ਬਿਸਾਲ ਗੁਰੁ ਸਿਖ ਨਰ ਨਾਰੀ। ਮਿਲਿ ਕਰਿ ਸਗਰੇ ਪੁਰੀ ਮਝਾਰੀ। ਉਰ
ਅਨੰਦ ਧਰਿ ਕਰਿ ਚਲਿ ਆਇ। ਅੱਗ੍ਰ ਮਸੰਦ ਸਿੱਖ ਸਮੁਦਾਇ॥੧੨॥ਆਨਿ
ਕਰ੍ਯੋ ਦਰਸ਼ਨ ਤਿਹ ਸਮੈ। ਧਰਹਿਂ ਉਪਾਇਨ ਕਰਿ ਕਰਿ ਨਮੈ। ਸ਼ਬਦ
ਰਬਾਬੀ ਗਾਵਤਿ ਰਾਗ। ਸੁਨਹਿਂ ਪ੍ਰੇਮ ਤੇ ਜੇ ਬਡਭਾਗ॥੧੩॥ਦਿੱਲੀ ਪੁਰਿਕੇ
ਨਰ ਸਮੁਦਾਇ। ਭਈ ਭੀਰ ਗੁਰ ਦਰਸ਼ਨ ਆਇ। ਸੁੰਦਰਤਾ ਸਰੀਰ ਬਡ
ਡੀਲਾ। ਆਯੁਧ ਧਾਰੀ ਰੂਪ ਛਬੀਲਾ॥ ੧੪ ॥ ਰੀਤਿ ਨਵੀਨਿ ਹੇਰਿ ਕਰਿ
ਸੰਗਤਿ । ਬਿਸਮਹਿਂ ਰਿਦੇ ਨਿਕਟਿ ਥਿਤ ਪੰਗਤ। ਰਾਜ ਸਾਜ ਕੋ ਬਨੌਤ
ਬਨਾਵਾ।ਪੂਰਬ ਗੁਰਨਿ ਰੀਤਿ ਨਹਿਂ ਪਾਵਾ॥੧੫॥ਹੇਰਿ ਹੇਰਿ ਹਰਖਤਿ ਸਿਖ
ਪਰਖਤਿ। ਕ੍ਰਿਪਾ ਦ੍ਰਿਸ਼ਟਿ ਜਨੁ ਅੰਮ੍ਰਿਤ ਬਰਖਤਿ।ਸਭਿਹਿਨਿ ਕੀ ਹੋਵਤਿ
ਅਰਦਾਸ। ਕੇਤਿਕ ਪੂਰਵਤਿ ਉਰ ਕੀ ਆਸ ॥੧੬॥ ਦਰਸ਼ਨ ਕਰਤਿ ਨ
ਤ੍ਰਿਪਤੇ ਕੋਈ। ਨਿਕਟਿ ਥਿਰੇ ਕੋ ਖਰੇ ਸੁ ਹੋਈ। ਗੁਰੁ ਕੀ ਕਾਰ ਸਰਬ ਲੇ
ਆਇ। ਭਯੋ ਉਪਾਇਨ ਕੋ ਸਮੁਦਾਇ ॥੧੭॥ ਬ੍ਰਿੰਦ ਦੇਵਤਾ ਇਕਠੇ ਹੋਇ।
ਜਥਾ ਬਿਸ਼ਨੁ ਪੂਜਹਿ ਸਭਿ ਕੋਇ। ਕੈ ਸੁਰਗੁਰੁ ਕੋ ਮਿਲਿ ਸੁਰ ਸਾਰੇ।ਤਿਮ
ਪੂਜਨਿ ਭਾ ਗੁਰੂ ਉਦਾਰੇ॥੧੮॥ ਸਨਾਨੇ ਸਿਖ ਸ੍ਰੀ ਅਰਜਨ ਗਾਥਾ।ਕਰਤਿ
ਭਏ ਤਬਿ ਸ੍ਰੀ ਗੁਰੁ ਸਾਥਾ।'ਸ਼ਾਂਤਿਰੂਪ ਨਿਤ ਪਰਉਪਕਾਰੀ। ਸਿੱਖ ਉਧਾਰੇ
ਜਿਨਹੁਂ ਹਜ਼ਾਰੀ ॥ ੧੯ ॥ ਦੁਸ਼ਟ ਫਰੇਬ ਅਨੇਕ ਬਨਾਇ। ਜਹਾਂਗੀਰ ਬਹੁ
ਰੀਤਿ ਸਿਖਾਇ। ਲਿਯੋ ਅੰਤ ਕੋ ਸਿਰ ਅਘ ਭਾਰੀ[2]।ਮਹਿਮਾ ਨਹਿਂ ਮਤਿ-

---

[1]ਚੁਗਲੀ। [2](ਚੰਦੂ ਨੇ) ਅੰਤ ਨੂੰ (ਆਪਣੇ) ਸਿਰ ਭਾਰੀ ਪਾਪ ਲਿਆ।

ਮੰਦ ਬਿਚਾਰੀ'॥੨੦॥ਇਮਕਹਿ ਲੋਚਨ ਤੇ ਜਲ ਡਾਰਾ। ਸਤਿਗੁਰੁ ਕੋ ਉਰ ਰੂਪ ਚਿਤਾਰਾ। ਸੰਗਤਿ ਤੇ ਸੁਨਿ ਕਰਿ ਅਰੁ ਦੇਖਿ। ਬੋਲੇ ਗੁਰ ਦੇ ਧੀਰ ਵਿਸ਼ੇਸ਼॥੨੧॥'ਸਤਿਗੁਰੁ ਸਦਾ ਅਮਰ ਪਹਿਚਾਨਹੁ।ਅੰਗ ਸੰਗ ਨਿਜ ਸਿੱਖਨਿ ਜਾਨਹੁ। ਦੋਨਹੁ ਲੋਕਨਿ ਬਿਖੈ ਸਹਾਇ। ਅਨਿਕ ਬਿਘਨ ਤੇ ਲੇਤਿ ਬਚਾਇ॥ ੨੨॥ ਕਰਨੋ ਹੁਤੋ ਸੁ ਕਾਰਨ ਤੈਸੇ। ਗੁਰੁ ਸੁਛੰਦ ਪਰਤੰਤ੍ਰ ਨ ਕੈਸੇ।ਜਹਾਂ ਅਰਾਧਹਿਂ ਤਹਿਂ ਮੌਜੂਦ। ਦਾਸਨਿ ਕੇ ਪੂਰਤਿ ਮਖਸੂਦ[1]॥੨੩॥ ਤਿਨ ਹਿਤ ਚਿੰਤ ਨ ਕਰੀਅਹਿ ਕੋਇ। ਸਿਮਰਹੁ ਅੰਤ ਸਹਾਇਕ ਹੋਇ'। ਕਹਤਿ ਸੁਨਤਿ ਰਵਿ ਅਸਤਯੋ ਜਾਇ। ਸੌਦਰ ਚੌਂਕੀ ਭੋਗ ਸ ਪਾਇ॥੨੪॥ ਕਰਿ ਕਰਿ ਬੰਦਨ ਸਭਿ ਘਰਿ ਗਏ। ਸੁੰਦਰ ਰੂਪ ਸਰਾਹਤਿ ਭਏ। 'ਇਨ ਕੋ ਤੇਜ ਪ੍ਰਤਾਪ ਬਿਸਾਲਾ।ਨਿਜ ਸ਼ੱਤ੍ਰਨ ਗਨ ਕੋ ਇਹ ਕਾਲਾ'॥੨੫॥ਚਮੂੰ ਸਕਲ ਕਰਿ ਖਾਨ ਰੁ ਪਾਨਾ।ਦੀਨਿ ਤੁਰੰਗਨਿ ਤ੍ਰਿਨੁ ਅਰੁ ਦਾਨਾ। ਬਹੁਰ ਸਭਿਨਿ ਕੀਨਿਸਿ ਬਿਸਰਾਮੂ। ਸਤਿਗੁਰੁ ਸਿਮਰ ਰੂਪ ਅਭਿਰਾਮੂ॥ ੨੬॥ ਮਜਨੂ ਥਾਨ ਰਹਹਿ ਇਕ ਸੰਤ।-ਗੁਰੁ ਮੁਝਿ ਆਇ ਮਿਲੈਂ-ਚਿਤਵੰਤਿ। ਨਿਤਪ੍ਰਤਿ ਨੇਮ ਧਾਰਿ ਸਿਮਰੰਤਾ।-ਬੂਝੋਂ ਪ੍ਰਸ਼ਨ ਪੁਰਖ ਭਗਵੰਤਾ-॥੨੭॥ ਸੋ ਆਯੋ, ਜਬਿ ਭਏ ਇਕੰਤ। ਦੇਖਿ ਦਰਸ ਗੁਰੁ ਕੋ ਹਰਖੰਤਿ। ਸਾਦਰ ਕਰਯੋ ਬਿਠਾਵਨਿ ਪਾਸ।ਕਰ ਬੰਦਨ ਪਦ,ਧਰੇ ਹੁਲਾਸ॥੨੮॥ ਹਾਥ ਜੋਰਿ ਕਰਿ ਬੂਝਨਿ ਕੀਨ।'ਉਰ ਸ਼ੰਸ਼ੈ ਮੁਝ ਕਰਹੁ ਸੁ ਹੀਨੋ।ਇਹ ਜਗ ਸਾਚ ਕਿ ਝੂਠੋ ਬਨਯੋ?।ਨਿਸ਼ਚੈ ਭਯੋ ਨ ਮੈਂ ਮਨ ਗੁਨਯੋ॥੨੯॥ਜੇ ਕਰਿ ਸਾਚ ਇਸੇ ਠਹਿਰਾਵੋਂ।ਪੂਰਬ ਮਰੇ ਨਹੀਂ ਦ੍ਰਿਸ਼ਟਾਵੋਂ[2]। ਜੇ ਕਰਿ ਝੂਠੋ ਕਰੌਂ ਬਿਚਾਰਨਿ। ਸਭਿ ਪ੍ਰਤੱਖਯ ਹੀ ਹੋਤਿ ਨਿਹਾਰਨਿ॥੩੦॥ ਸਾਚ ਝੂਠ ਦੋਨਹੁਂ ਬਿਧਿ ਕਹੈਂ। ਆਪਸ ਬਿਖੈ ਬਿਰੋਧੀ ਅਹੈਂ। ਤਿਮਰ ਤੇਜ[3] ਇਕਠੇ ਨਹਿਂ ਹੋਇਂ। ਯਾਂਤੇ ਨਿਰਨੈ ਮੋਹਿ ਨ ਕੋਇ'॥੩੧॥ਸੁਨਿ ਸਤਿਗੁਰੁ ਤਬਿ ਉੱਤਰ ਦੀਨਿ।'ਜਬਿ ਨਰ ਸੁਪਤਹਿ ਨਿੰਦ੍ਰਾ ਲੀਨਿ। ਸੁਪਨ ਅਵਸਥਾ ਜਬਿਹੂੰ ਪਾਇ। ਸਗਲ ਜਗਤ ਜਾਨਹੁ ਤਿਸ ਭਾਇ॥੩੨॥ ਜਬਿ ਲੌ ਸੁਪਨਾ ਨਰ ਕੋ ਰਹੈ।ਤਬਿ ਲੌ ਸਾਚੋ ਹੀ ਤਿਸ ਲਹੈ। ਭੈ ਪਾਵਤਿ ਅਰੁ ਭਾਜਯੋ ਜਾਤਿ। ਕੈ ਪ੍ਰਿਯ ਦੇਖਤਿ ਉਰ ਹਰਖਾਤਿ॥੩੩॥ ਜੇ ਸੁਪਨੇ ਕੋ ਝੂਠੋ ਜਾਨਹਿ। ਤ੍ਰਾਸ ਬਿਖਾਦ ਹਰਖ ਕਯੋਂ ਠਾਨਹਿ। ਤਬਿ ਸਾਚੋ ਲਖਿ ਕੈ ਸਭਿ ਕਰੈ। ਬੀਰਜ ਬਿਨ ਸਾਚੇ ਕਯੋਂ

[1]ਕਾਮਨਾ [ਅ:, ਮਕ਼ਸੂਦ]। [2]ਨਹੀਂ (ਮੈਨੂੰ) ਨਜ਼ਰ ਆਉਂਦੇ। [3]ਅੰਧੇਰਾ ਤੇ ਪ੍ਰਕਾਸ਼।

ਗਿਰੈ ॥ ੩੪ ॥ ਜਾਗ੍ਰਤ ਜਬਹਿ ਅਵਸਥਾ ਪਾਇ। ਜੇ ਸਾਚੋ ਤਬਿ ਕਯੋਂ ਨ ਦਿਸਾਇ[1]। ਯਾਂਤੇ ਅਨਰ ਵਚਨਿ[2] ਪ੍ਰਭੁ ਮਾਯਾ। ਜਾਨੀ ਪਰਹਿ ਨ ਬਿਨ ਗੁਰੁ ਦਾਯਾ ॥ ੩੫ ॥ ਸਾਚ ਝੂਠ ਕਿਛੁ ਕਹੀ ਨ ਜਾਇ। ਤਿਹ[3] ਕਾਰਜ ਇਹ ਜਗ ਤਿਸ ਭਾਇ। ਮਾਯਾ ਕੋ ਆਖਯ[4] ਅੱਗ੍ਯਾਨਾ। ਇਸ ਕੋ ਰੂਪ,ਨ ਨਿਜ ਕੋ ਜਾਨਾ[5] ॥ ੩੬ ॥ ਵਸਤੁ ਸੱਤ੍ਯ ਕੌ ਜਾਨਹਿ ਨਾਂਹੀ। ਕਲਪਹਿ ਅਪਰ ਤਿਸੀ ਕੇ ਮਾਂਹੀ। ਦੇ ਦ੍ਰਿਸ਼ਟਾਂਤ ਤੋਹਿ ਸਮੁਝਾਵੈਂ। ਜਗ ਕੀ ਰਚਨਾ ਤਥਾ ਜਨਾਵੈਂ ॥ ੩੭ ॥ ਤਮ ਮਹਿਂ ਰਜੁ ਕੋ[6] ਨਾਂਹਿ ਨ ਜਾਨਹਿ। ਭ੍ਰਮ ਤੇ ਬਿਸੀਯਰ[7] ਤਿਸ ਕੋ ਮਾਨਹਿ। ਭੈ ਧਰਿ ਕੈ ਭਾਜਤਿ ਕੰਪਾਇ[8]। ਜੇ ਹੁਇ ਝੂਠੋ ਕਯੋਂ ਡਰ ਪਾਇ ॥ ੩੮ ॥ ਜੇ ਸਾਚੋ ਹੁਇ ਬਿਨਸੈ ਨਾਂਹੀ[9]। ਯਾਂਤੇ ਅਨਰ ਵਚਨਿ ਲਖਿ ਤਾਂਹੀ। ਤਿਮ ਬ੍ਰਹਮ ਰੂਪ ਨਹੀਂ ਜਿਨ ਜਾਨਾ।ਤਿਸ ਕੋ ਭਾਖਤਿ ਹੈਂ ਅੱਗ੍ਯਾਨਾ ॥੩੯॥ ਜਬਿ ਅੱਗ੍ਯਾਨ ਬ੍ਰਹਮ ਕੋ ਭਯੋ*।ਤਿਸ ਅੱਗ੍ਯਾਨ ਜਗਤ ਨਿਰਮਯੋ।ਸਤਿਗੁਰੁ ਬਡੇ ਭਾਗ ਤੇ ਮਿਲੇ। ਸੋ ਉਪਦੇਸ਼ ਦੇਹਿਂ ਜਬਿ ਭਲੇ ॥ ੪੦ ॥ ਜੈਸੇ ਰੱਜੁ[10]ਗ੍ਯਾਤਾ ਕੋਇ। ਉਪਦੇਸ਼ਹਿ–ਅਹਿ ਨਹਿਂ ਇਹ ਹੋਇ। ਮੈਂ ਨੀਕੇ ਹੇਰੀ ਰਜੁ–,ਕਹੈ। ਭੈ ਅਰੁ ਕੰਪ ਤਿਸੀ ਕੋ ਦਹੈ ॥੪੧॥ ਤਿਮ ਉਪਦੇਸ਼ ਗੁਰੂ ਜਬਿ ਕਰੈ। ਬ੍ਰਹਮ ਅੱਗ੍ਯਾਨ[11]ਤਿਸੀ ਕੋ ਹਰੈ। ਕਲਪਯੋ ਜਗਤ ਸਰਪ ਕੀ ਨ੍ਯਾਈ। ਬ੍ਰਹਮ ਰਜੂ ਸਮ ਲਖਿ ਸੁਖ ਪਾਈ ॥ ੪੨ ॥ ਬੰਧ੍ਯਾ ਸੁਤ ਸਮ[12] ਜਗ ਨਹਿਂ ਕੂਰੋ। ਇੰਦ੍ਰਯ ਵਿਸ਼ਯ ਦਿਖਤਿ ਬਿਧਿ ਰੂਰੋ[13]।ਸੱਤ੍ਯ ਬ੍ਰਹਮ ਕੀ ਸੱਤ੍ਯਾ ਸੰਗ। ਭਾਸਤਿ ਹੈ ਸਤਿ ਨਾਨਾ ਰੰਗ[14]॥੪੩॥ਜਹਿਂ ਸਾਚੋ ਹੋਵੈ ਧਿਸ਼ਟਾਨ[15]।ਤਹਾਂ ਕਲਪਨਾ ਬਨਿ ਹੈ

---

[1]ਜੇ (ਸੁਪਨਾ) ਸੱਚਾ ਸੀ ਤਾਂ ਤਦੋਂ (ਜਾਗਿਆਂ) ਕਿਉਂ ਨਹੀਂ ਦਿੱਸਦਾ। [2]ਭਾਵ ਸੱਤ ਅਸੱਤ ਤੋਂ ਵੱਖਰੀ। [3]ਤਿਸ ਭਾਵ ਮਾਇਆ ਦਾ। [4]ਨਾਮ। [5]ਆਪਣੇ ਸਰੂਪ ਦਾ ਨਾ ਜਾਨਣਾ (ਇਹੀ) ਇਸ (ਅੱਗ੍ਯਾਨ) ਦਾ ਸਰੂਪ ਹੈ। [6]ਅੰਧਕਾਰ ਵਿਚ ਰੱਸੀ ਨੂੰ। [7]ਸੱਪ। [8]ਕੰਬਦਾ ਹੈ। [9]ਨਾਸ਼ ਨਾ ਹੋਵੇ (ਸਰਪ)। [10]ਰੱਸੀ ਦਾ। [11]ਬ੍ਰਹਮ (ਜਾਣਨ ਵੱਲੋਂ) ਅੱਗ੍ਯਾਨ। [12]ਜਿਵੇਂ ਇਸਤ੍ਰੀ ਦੇ ਪੁੱਤ੍ਰ ਵਤ। [13]ਇੰਦ੍ਰੀਆਂ ਦਾ ਵਿਸ਼ਾ ਹੋਕੇ (ਜਗਤ) ਦਿੱਸਦਾ ਹੈ ਸੁਹਣੀ ਤਰ੍ਹਾਂ। [14]ਨਾਨਾਂ ਰੰਗ ਦਾ (ਜਗਤ)। [15]ਜਿੱਥੇ ਸੱਚਾ ਅਧਿਸ਼ਟਾਨ (ਭਾਵ ਆਸਰਾ) ਹੋਵੇ। *ਜਦੋਂ (ਜੀਵ ਨੂੰ) ਬ੍ਰਹਮ ਵਲੋਂ ਅਗ੍ਯਾਨ ਹੋ ਗਿਆ। ਜੇ ਇਸ ਦਾ ਅਰਥ ਕਰੋ ਕਿ ਬ੍ਰਹਮ ਨੂੰ ਅੱਗ੍ਯਾਨ ਹੋ ਗਿਆ ਤਾਂ ਗੁਰਮਤ ਵਿਰੁੱਧ ਹੈ। ਸ਼੍ਰੀ ਗੁਰ ਨਾਨਕ ਜੀ ਦਾ ਕਾਦਰ ਤੇ ਕਰਤਾ ਬ੍ਰਹਮ ਕਦੇ ਅੱਗ੍ਯਾਨ ਹੇਠ ਨਹੀਂ ਆਇਆ। ਰਚਨਾਂ ਉਸ ਦਾ ਖੇਲ ਹੈ, ਉਸ ਦਾ ਚੋਜ ਹੈ, ਜਿੱਥੇ ਬੁਧੀ ਦੀ ਪਹੁੰਚ ਨਹੀਂ।

ਆਨਿ[1]।ਜਾਵਤਿ ਨਹਿਂ ਧਿਸ਼ਟਾਨ ਸੁ ਜਾਨਹਿ। ਤਾਵਤਿ ਭ੍ਰਮ ਤੇ ਕਲਪਨਿ ਠਾਨਹਿ ॥ ੪੪ ॥ ਨਿਸ਼ਚੈ ਹੋਇ ਗ੍ਯਾਨ ਧਿਸ਼ਟਾਨ[2]। ਪੁਨਹ ਕਲਪਨਾ ਕਰਹਿ ਨ ਆਨ। ਯਾਂਤੇ ਸੁਨਹੁ ਸੰਤ ਸੂਤ ਮਾਂਹਿ। ਜਿਹ ਅਲੰਬ ਜਗ, ਜਾਨਹੁ ਤਾਂਹਿ॥੪੫॥ਜਿਸ ਜਾਨੇ ਸਗਰੋ ਭ੍ਰਮ ਜਾਇ।ਸਭਿ ਬਚਿੱਤ੍ਰਤਾ ਏਕ[3] ਲਖਾਇ। ਬ੍ਰਹਮ ਸਰੂਪ ਆਪ ਹੁਇ, ਮਾਨਿ[4]। ਸਤਿ ਚੇਤਨ ਆਨੰਦ ਮਹਾਨ॥ ੪੬॥ ਜੇ ਮਾਯਾ ਕੋ ਕੀਜਹਿ ਨਿਰਨੋ। ਇਸ ਕੋ ਅੰਤ ਨ ਕ੍ਯੋਂਹੂੰ ਬਰਨੋ। ਜੁਗ ਕੋਟਾਨਿਕੋਟ ਗਨ ਹੇਰੈ। ਤਊ ਸੁ ਲਖਿਯਤਿ ਪਰੇ ਪਰੇਹੈ ॥ ੪੭॥ ਮਾਯਾ ਕੀ ਹੈ ਸ਼ਕਤਿ ਅਨੰਤ। ਖੋਜਿ ਖੋਜਿ ਹਾਰੇ ਬੁਧਿਵੰਤ। ਕਿਸ ਤੇ ਪਾਰ ਨ ਪਾਯੋ ਜਾਇ। ਯਾਂਤੇ ਏਕ ਰਹੈ ਲਿਵਲਾਇ[5]॥੪੮॥ਸੋਈ ਭਗਤ ਸੰਤ ਸੋ ਗ੍ਯਾਨੀ॥ਸੋਈ ਤਤ ਬੇਤਾ ਗੁਨ ਖਾਨੀ। ਧੰਨ ਪੁਰਖ ਤਿਨ ਲੀਨਸਿ ਲਾਹਾ। ਬਿਨੁ ਇਕ ਜਾਨੇ ਅਖਿਲ ਫਨਾਹਾ[6] ॥੪੯ ॥ ਸੁਨਿ ਸਤਿਗੁਰੁ ਕੇ ਬਾਕ ਸੁ ਸਾਧੂ। ਜਾਨੇ–ਇਹ ਅਵਤਾਰ ਅਗਾਧੂ–। ਕ੍ਰਿਪਾ ਦ੍ਰਿਸ਼ਟਿ ਤੇ ਭਯੋ ਨਿਹਾਲ। ਤਬਿ ਗੁਰੁ ਮਹਿਮਾ ਲਖੀ ਬਿਸਾਲ ॥੫੦॥'ਧੰਨ ਧੰਨ ਗੁਰੁ'ਕਹਿ ਸੁਭ*ਬਾਨੀ। ਪਦ ਅਰਬਿੰਦ ਬੰਦਨਾ ਠਾਨੀ॥ 'ਸੰਸੈ ਹੀਨ ਭਯੋ ਉਰ ਮੇਰ॥ ਸੁਨਤਿ ਬਾਕ ਅਰੁ ਦਰਸ਼ਨ ਹੇਰਾ'॥੫੧॥ ਜਾਇ ਆਪਨੇ ਥਾਨ ਰਹ੍ਯੋ ਹੈ। ਚਿਤਵਤਿ ਚਿਤ, ਜੋ ਗੁਰੁ ਕਹ੍ਯੋ ਹੈ। ਡੇਢ ਜਾਮ ਨਿਸਿ ਗਈ ਬਿਤੀਤਿ। ਉਪਦੇਸ਼੍ਯੋ ਲਖਿ ਕੈ ਯੁਤਿ ਪ੍ਰੀਤਿ॥੫੨॥ ਪੁਨ ਸਤਿਗੁਰੁ ਸ੍ਰੀ ਹਰਿ ਗੋਵਿੰਦ। ਭਏ ਅਰੂਢ ਪ੍ਰਯੰਕ ਬਿਲੰਦ। ਪੌਢਿ ਰਹੇ ਸੁਖ ਪਾਇ ਬਡੇਰੇ। ਸਾਵਧਾਨ ਚਾਕਰ ਚਹੁੰ ਫੇਰੇ ॥ ੫੩ ॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰਾਸੇ 'ਦਿੱਲੀ' ਪ੍ਰਸੰਗ ਬਰਨਨੰ ਨਾਮ ਤ੍ਰੀਨ ਪੰਚਾਸਤਿ ਅੰਸੂ ॥ ੫੩ ॥

੫੪. [ਜਹਾਂਗੀਰ ਨਾਲ ਮੇਲ]।

ਦੋਹਰਾ ॥ ਨਿਸਾ ਜਾਮ ਜਾਗੇ ਗੁਰੂ ਕੀਨੋ ਸੌਚ ਸ਼ਨਾਨ। ਆਸਨ ਕਰਿ ਆਸੀਨ ਤਬਿ ਨਿਜ ਸਰੂਪ ਧਰਿ ਧ੍ਯਾਨ॥੧॥ ਚੌਪਈ॥ਆਸਾਵਾਰ ਰਬਾਬੀ ਗਾਵੈਂ। ਰਾਗ ਰਾਗਨੀ ਰੁਚਿਰ ਬਸਾਵੈਂ। ਕੇਤਿਕ ਸਿੱਖ ਸੁਨਹਿਂ ਤਹਿਂ ਆਇ। ਕਿਤਿਕ ਕੰਠ ਤੇ ਪਾਠ ਅਲਾਇਂ ॥੨॥ ਸੱਤਿਨਾਮ ਸਿਮਰਤਿ ਸਭਿ ਡੇਰੇ। ਜਨੁ ਅੰਮ੍ਰਿਤ ਬਰਖੰਤਿ ਬਡੇਰੇ। ਪ੍ਰਾਤ ਹੋਤਿ ਲੈ ਸਤਿਗੁਰੁ ਬਾਨੀ।ਪਠਤਿ

---

[1]ਆ ਕੇ। [2]ਅਧਿਸ਼ਟਾਨ ਦਾ ਗਿਆਨ। [3]ਨਾਨਾ ਪ੍ਰਕਾਰ ਦਾ ਜਗਤ ਇੱਕੋ (ਬ੍ਰਹਮ ਰੂਪ)। [4]ਜਾਣੋਂ। [5]ਭਾਵ, ਕਿਉਂਕਿ ਮਾਇਆ ਦਾ ਪਾਰਾਵਾਰ ਨਹੀਂ, ਤਾਂਤੇ ਇਸ ਨੂੰ ਛੱਡ ਕੇ ਇਕ ਵਾਹਿਗੁਰੂ ਵਿਚ ਲਿਵ ਲਾਵੇ। [6]ਜਾਣੇ ਕਿ ਇਕ ਤੋਂ ਬਿਨਾਂ ਸਭ ਨਾਸ਼ਮਾਨ ਹੈ। *ਪਾਃ–ਸੁਰ।

ਸੁਨਤਿ ਕਰਿ ਪ੍ਰੀਤਿ ਮਹਾਨੀ ॥ ੩ ॥ ਸੂਰ ਉਦੈ ਸਭਿ ਸੁਰ[1]ਸੁ ਆਏ । ਗੁਰੁ
ਤੰਬੂ ਦਰ ਪਰ ਸਮੁਦਾਏ। ਸ੍ਰੀ ਹਰਿ ਗੋਵਿੰਦ ਚੰਦ ਆਨਿੰਦੇ*। ਬਿਕਸੇ ਜੁਗ
ਲੋਚਨ ਅਰਬਿੰਦੇ ॥ ੪ ॥ ਸੂਖਮ ਬਸਤ੍ਰ ਮਹਿਦ ਅਭਿਰਾਮਾ। ਗਨ ਪਾਲਨਿ
ਕੋ ਪਹਿਰਯੋ ਜਾਮਾਂ । ਰੰਗਦਾਰ ਸੁੰਦਰ ਦਸਤਾਰ । ਸਿਰ ਪਰ ਸ਼ੋਭਤਿ ਦੁਤੀ
ਉਦਾਰ ॥੫॥ ਊਪਰ ਜਿਗਾ ਜਵਾਹਰ ਜਰੇ। ਕਲਗੀ ਮੁਕਤਾ ਕੋ ਗੁਛ ਧਰੇ।
ਨਵ ਰਤਨੇ ਅੰਗਦ[2] ਭੁਜ ਪਾਏ । ਜਬਰ ਜਵਾਹਰ ਗਰੇ ਸੁਹਾਏ॥੬॥ ਵਹਿਰ
ਫ਼ਰਸ਼ ਕਰਿਵਾਇ ਬਿਸਾਲਾ । ਤੰਬੂ ਤੇ ਨਿਕਸੇ ਤਿਸ ਕਾਲਾ । ਖਰੇ ਸਕਲ
ਹੁਇ ਬੰਦਨ ਠਾਨੀ । ਦਰਸ਼ਨ ਕਰਤਿ ਗੁਰੂ ਗੁਨਖਾਨੀ ॥ ੭ ॥ ਕੰਚਨ
ਖਚਤਿ ਪ੍ਰਯੰਕ ਬਡੇਰਾ। ਆਸਤਰਨ ਤੇ[3] ਮ੍ਰਿਦੁਲ ਘਨੇਰਾ । ਬੈਠੇ ਲਗਯੋ
ਦਿਵਾਨ ਮਹਾਨਾ । ਜੋਧਾ ਥਿਰੇ ਸ਼ਸਤ੍ਰ ਧਰਿ ਨਾਨਾ॥੮॥ਸਿਖ ਮਸੰਦ ਸੇਵਕ
ਸਮੁਦਾਏ । ਖਰੇ ਮੇਵਰੇ ਅਰਜ਼ ਅਲਾਏ । ਪੁਰਿ ਬਾਸੀ ਸਿਖ ਕਰੇ ਕਰਾਹ।
ਆਵਨਿ ਲਾਗੇ ਗੁਰੁ ਕੇ ਪਾਹ ॥ ੯॥ ਜਿਨਹੁ ਭਾਵਨੀ ਪੂਰਨ ਹੋਈ । ਅਰ-
ਪਨਿ ਲਗੇ ਆਨਿ ਕਰਿ ਸੋਈ।ਪੁਰਿ ਤੇ ਗੁਰੁ ਲਗਿ ਲਾਰੋ[4] ਪਰਯੋ।ਦਰਸ਼ਨ
ਕਰਨਿ ਪ੍ਰੇਮ ਉਰ ਭਰਯੋ ॥੧੦॥ ‘ਕੌਸ ਸੈਂਕਰੇ ਜਿਨ ਹਿਤ ਜਾਤੇ । ਆਏ
ਘਰ ਮਹਿਂ ਸੋ ਸੁਖ ਦਾਤੇ । ਕੋ ਅਸ ਮੰਦ ਭਾਗ ਹੈ ਭਾਰੇ । ਜਾਇ ਨਹੀਂ ਗੁਰ
ਦਰਸ ਨਿਹਾਰੇ’॥੧੧॥ਇਮ ਆਪਸ ਮਹਿਂ ਕਹਿ ਕਹਿ ਚਾਲੇ । ਸੌਚ ਸ਼ਨਾ-
ਨਨਿ ਠਾਨਿ ਉਤਾਲੇ ; ਲੈ ਲੈ ਸੰਗ ਕਰਾਹ ਉਮਾਹੇ । ਚਲਿ ਆਵਤਿ ਸ੍ਰੀ
ਸਤਿਗੁਰ ਪਾਹੇ ॥੧੨॥ ਹੋਨਿ ਲਗੀ ਸਭਿ ਕੀ ਅਰਦਾਸ । ਬਰਤਹਿ ਪੰਚਾਂ-
ਮ੍ਰਿਤ ਗੁਰੁ ਪਾਸਿ । ਬਹੁ ਉਤਸਵ ਕਰਿ ਕਰਿ ਨਰ ਨਾਰੀ । ਦਰਸਹਿਂ ਗੁਰੁ
ਪਰ ਹ੍ਵੈ ਬਲਿਹਾਰੀ ॥ ੧੩ ॥ ਗਨ ਸੰਗਤਿ ਕੋ ਮੇਲ ਸਕੇਲੇ । ਦਰਸਹਿਂ
ਚਹੁੰਦਿਸ਼ਿ ਗੁਰੂ ਸੁਹੇਲੇ[5]।ਇਤਨੇ ਮਹਿਂ ਵਜ਼ੀਰ ਖਾਂ ਆਯੋ।ਪਗ ਪੰਕਜ ਪਰ
ਸੀਸ ਨਿਵਾਯੋ॥੧੪॥ਸਾਦਰ ਤਿਸੇ ਬਿਠਾਵਨਿ ਕੀਨਿ । ਪਿਖਿ ਸਰੂਪ ਮੁਦ
ਪ੍ਰੇਮ ਪ੍ਰਬੀਨ।ਹਾਥ ਜੋਰਿ ਕਰਿ ਅਰਜ਼ ਗੁਜ਼ਾਰੀ । ‘ਹਜ਼ਰਤ ਕਰਤਿ ਯਾਦ
ਹਿਤ ਧਾਰੀ॥੧੫॥ ਦਰਸ ਅਪੂਰਬ[6] ਹੇਰਨਿ ਚਾਊ। ਸੁਨਿ ਗੁਨ ਗਨ ਮਨ
ਸਹਿਜ ਸੁਭਾਊ । ਗੁਰ ਜੀ ਬਾਰਿ ਬਾਰਿ ਤੁਮ ਬਾਤਿ । ਬੂਝਤਿ ਰਹਯੋ ਰਿਦੇ
ਹਰਖਾਤਿ ॥੧੬॥ ਕ੍ਰਿਪਾ ਧਾਰਿ ਨਿਜ ਕਰਹੁ ਪਯਾਨਾ। ਮਿੱਤ੍ਰਨਿ ਸੁਖ ਦਿਹੁ

[1]ਸੂਰਜ ਚੜ੍ਹੇ ਸਾਰੇ ਸੂਰਮੇਂ । [2]ਬੁਹੱਟੇ । [3]ਵਿਛਾਵਣੇ ਕਰਕੇ। [4]ਕਤਾਰ। [5]ਸੁਖਦਾਈ । [6]ਨਵੀਨ ! ਸੁੰਦਰ ।

*ਪਾ:—ਮਨਿੰਦੇ ।

ਸ਼ੱਤ੍ਰੁਨਿ ਹਾਨਾ’। ਸੁਨਿ ਕਰਿ ਸ਼੍ਰੀ ਹਰਿਗੋਵਿੰਦ ਚੰਦਾ। ਸ਼੍ਰੀ ਮੁਖ ਤੇ ਬੋਲੇ ਜਗ
ਬੰਦਾ ॥੧੭॥ ‘ਅਬਿ ਸੰਗਤਿ ਸਗਰੀ ਚਲਿ ਆਈ। ਧਰਿ ਸ਼ਰਧਾ ਦਰਸਹਿ
ਸੁਖ ਪਾਈ। ਪੂਰਨ ਇਨਹੁ ਭਾਵਨੀ ਹੋਇ। ਬਰਤਿ ਕਰਾਹੁ ਲੇਤਿ ਸਭਿ
ਕੋਇ॥੧੮॥ਗੁਰੁ ਪ੍ਰਸਾਦਿ ਲੇ ਘਰ ਬਰਤਾਵੈਂ। ਸਭਿ ਪਰਵਾਰ ਜਨਮ ਸਫ-
ਲਾਵੈਂ।ਬਹੁ ਪ੍ਰੇਮੀ ਦਰਸ਼ਨ ਹਿਤ ਆਇ।ਕਿਮ ਇਨ ਤ੍ਯਾਗ ਸਕਹਿਂ,ਚਲਿ
ਜਾਇ॥੧੯॥ਜਬਿ ਇਨ ਕੀ ਹੁਇ ਪੂਰਨ ਆਸਾ।ਕਰਿ ਕਰਿ ਦਰਸ਼ਨ ਜਾਹਿਂ
ਅਵਾਸਾ। ਤਬਿ ਹਮ ਚਲਹਿਂ ਸ਼ਾਹੁ ਕੇ ਪਾਸੀ। ਮਿਲਹਿਂ ਭਲੇ, ਦਿਲ ਹੋਹਿਂ
ਹੁਲਾਸੀ’॥੨੦॥ ਸੁਨਿ ਵਜ਼ੀਰ ਖਾਂ ਬਹੁਰ ਉਚਾਰੇ। ‘ਹਮ ਭੀ ਸੇਵਕ ਸਿੱਖ
ਤੁਮਾਰੇ।ਦੇਹੁ ਪ੍ਰਸਾਦਿ ਖਾਇ ਸੁਖ ਪਾਵੈਂ।ਮਾਨੁਖ ਜਨਮ ਅਪਨਿ ਸਫਲਾਵੈਂ
॥੨੧॥ਹਜ਼ਰਤਿ ਕੇ ਹਿਤ ਦੀਜਹਿ ਔਰ।ਪਹੁੰਚਾਵੈਂ ਮੈਂ ਤਿਸ ਹੀ ਠੌਰ’।ਤਬਿ
ਸਤਿਗੁਰੁ ਦੀਨੇ ਦੁਇ ਥਾਲ। ਭਰਿ ਕਰਾਹੁ ਸੰਗ ਸ੍ਵਾਦ ਬਿਸਾਲ ॥ ੨੨ ॥
‘ਇਕ ਕੋ ਰਾਖਹੁ ਅਪਨਿ ਅਵਾਸ। ਦੂਸਰ ਦੇਹੁ ਸ਼ਾਹ ਕੇ ਪਾਸ’।ਲੇ ਵਜ਼ੀਰ
ਖਾਂ ਕਰਿ ਕੈ ਨਮੋ।ਉਠਿ ਤੂਰਨ ਗਮਨ੍ਯੋ ਤਿਸ ਸਮੋ॥੨੩॥ ਨਿਜ ਨਿਕੇਤਿ
ਇਕ ਪਠਿ ਕਰਿ ਥਾਲਾ। ਦੂਸਰਿ ਸ਼ਾਹੁ ਨਿਕਟਿ ਲੇ ਚਾਲਾ। ਉਤਲਾਵਤਿ
ਦਰ[1] ਉਲੰਘ ਤਮਾਮਾ।ਹਜ਼ਰਤ ਕੀਨਿ ਸ਼ਨਾਨ ਹਮਾਮ[2] ॥੨੪॥ ਨਿਕਸ੍ਯੋ
ਵਹਿਰ ਅਸਨ ਰੁਚਿ ਜਾਗੀ[3]। ਹੁਤੀ ਸੀਤ ਰੁਤ ਬਹੁ ਛੁਧਿ ਲਾਗੀ। ਤਬਿ
ਕਰਾਹੁ ਲੇ ਪਹੁੰਚ੍ਯੋ ਤਹਾਂ।ਹੇਰਤਿ ਹਜ਼ਰਤ ਮੁਖ ਤੇ ਕਹਾ॥੨੫॥‘ਕਹੁ ਵਜ਼ੀਰ
ਖਾਂ ਕ੍ਯਾ ਲੇ ਆਯੋ?।ਸਤਿਗੁਰ ਸੰਗ ਨਹੀ ਦ੍ਰਿਸ਼ਟਾਯੋ’। ਕਰ ਜੋਰਤਿ ਤਬਿ
ਕਹ੍ਯੋ ਸੁਨਾਇ।ਸ਼੍ਰੀ ਗੁਰੁ ਕ੍ਰਿਪਾ ਪ੍ਰਸਾਦ ਪਠਾਇ॥੨੬॥ਆਪ ਤ੍ਯਾਰਿ ਹੋਵਤਿ
ਹਿਤ ਆਵਨਿ। ਪ੍ਰਥਮ ਕਰਹੁ ਮੁਖ ਮਹਿਂ ਇਹ ਪਾਵਨਿ’। ਹੁਤੀ ਛੁਧਾ
ਢਿਗ ਸ਼ਾਹੁ ਮੰਗਾਯੋ। ਭਰ੍ਯੋ ਕਵਰ[4] ਕਰ ਆਨਨ ਪਾਯੋ ॥੨੭॥ਸ੍ਵਾਦ ਅਪੂ-
ਰਬ[5] ਪਾਇ ਅਜਾਇਬ[6]। ਕਹ੍ਯੋ ‘ਧੰਨ ਗੁਰੁ ਨਾਨਕ ਸਾਹਿਬ’।ਇਕ ਸ਼ੁਭ
ਅਸਨ ਦੁਤਿਯ ਗੁਰੁ ਕਲਾ।ਤ੍ਰਿਤੀਏ ਛੁਧਾ ਸ੍ਵਾਦ ਅਤਿ ਭਲਾ॥੨੮॥ ਅਪਰ
ਗ੍ਰਾਸ[4] ਪੁਨ ਮੁਖ ਮਾਹਿਂ ਪਾਇ।ਖਾਵਤਿ ਰੁਚਿ ਤੇ ਬਚਨ ਅਲਾਇ।‘ਸ਼੍ਰੀ ਨਾਨਕ
ਬ੍ਰਿਧ ਬਧ ਬਹੁ ਹੋਵੈਂ[7]। ਅਸ ਪ੍ਰਸਾਦ ਜਿਨ ਹਿਤ ਕਰਿ ਜੋਵੈਂ[8]॥੨੯॥ਬਨਾ

[1]ਦਰਵਾਜ਼ੇ। [2]ਗਰਮ ਪਾਣੀ ਨਾਲ ਨ੍ਹਾਉਣ ਦਾ ਸ਼ਨਾਨ ਅਸਥਾਨ[ਅ਼ਃ ਹਮਾਮ]। [3]ਭੋਜਨ(ਦੀ)ਰੁਚੀ [4]ਗਰਾਹੀ। [5]ਨਵੀਂ ਤਰਾਂ ਦਾ। [6]ਅਨੋਖਾ। [7]ਹੋਣਗੇ। [8]ਐਹੋ ਜਿਹਾ ਪ੍ਰਸ਼ਾਦ ਜਿਨ੍ਹਾਂ ਦੇ ਵਾਸਤੇ ਬਣਾਉਂਦੇ ਪ੍ਰਤੀਤ ਹੁੰਦੇ ਹਨ (ਅ) ਐਹੋ ਜਿਹਾ ਪ੍ਰਸ਼ਾਦ ਜਿਨ੍ਹਾਂ ਦਾ ਪ੍ਰੇਮ ਕਰਕੇ (ਮੈਂ) ਡਿੱਠਾ ਹੈ।

ਦਸਨ[1] ਸੋ ਖਾਇੰ ਸੁਖਾਰੇ। ਸਾਦ ਬਿਸਾਲ ਸਭਿਨਿ ਇਕਸਾਰੇ।ਅਬਿ ਲੌ ਮੈਂ ਨ ਸ੍ਵਾਦ ਅਸ ਪਾਯੋ। ਇਹ ਸਮ ਅਪਰ ਅਸਨ ਬਹੁ ਖਾਯੋ' ॥੩੦॥ ਕਹਿ ਵਜ਼ੀਰ ਖਾਂ'ਜੋ ਗੁਰਬਾਨੀ। ਅਤਿ ਸ੍ਵਾਦਲ ਸਗਰੇ ਦੁਖ ਹਾਨੀ।ਮੇਰੋ ਦਰਦ ਸੁਨਤਿ ਜਿਸ ਗਯੋ।ਪਰਖੀ ਤਬਿ ਤਨ ਸਭਿ ਸੁਖ ਦਯੋ॥੩੧॥ਸੁੰਦਰ ਅਤਿ ਸਰੂਪ ਬਡ ਡੀਲ। ਦੇਖਤਿ ਰਹੀਅਹਿ ਮ੍ਰਿਦੁਲ ਸੁਸ਼ੀਲ। ਮਸੁ ਭੀਜਤਿ[2] ਮੁਖ ਨੇਤ੍ਰ ਬਿਸਾਲ। ਕ੍ਰਿਪਾ ਦ੍ਰਿਸ਼ਟਿ ਦੇਖਨਿ ਸ਼ੁਭ ਢਾਲਿ॥੩੨॥ ਬੋਲਤਿ ਮਨਹੁ ਝਰਤਿ ਹੈਂ ਫੂਲ। ਤੁਮ ਪਰ ਖੁਸ਼ੀ ਕਰਹਿਂ ਅਨੁਕੂਲ'।ਇਮ ਬੋਲ-ਤਿ ਅਚਵਨ ਕੋ ਕਰਯੋ। ਬੈਠਨਿ ਤਖਤ ਸ਼ਾਹੁ ਚਲਿ ਪਰਯੋ॥੩੩॥ ਸੁਨਿ ਗੁਨ ਪੁਨ ਵਜ਼ੀਰ ਖਾਂ ਸੰਗ। ਕਹਯੋ'ਜਾਹੁ ਚਢਿ ਬੇਗ ਤੁਰੰਗ।ਆਨਹੁ ਅਬੈ ਹਮਾਰੇ ਪਾਸਿ।ਦਰਸ਼ਨ ਕਰੌਂ ਗੁਰੂ ਸੁਖ ਰਾਸਿ'॥੩੪॥ਹਰਖਤਿ ਹਜ਼ਰਤ ਤੇ ਸੁਨਿ ਕਰਿਕੈ। ਗਯੋ ਗੁਰੂ ਢਿਗ ਹਯ ਪਰ ਚਰਿਕੈ। ਪਹੁੰਚਯੋ ਉਤਲਾਵਤਿ ਤਬਿ ਪਾਸ। ਕਰੀ ਨਮੋ ਭਾਖੀ ਅਰਦਾਸ ॥੩੫॥ ਗੁਰੂ ਭਨਯੋ'ਹਮ ਆਗੇ ਤਯਾਰ'।ਇਮ ਕਹਿ ਭਏ ਸੁ ਅਸੁ ਅਸੁਵਾਰ।ਜੇਠਾ ਆਦਿ ਪੰਚ ਸਿਖ ਸਾਥ। ਗਮਨ ਕੀਨਿ ਸ੍ਰੀ ਸਤਿਗੁਰੁ ਨਾਥ॥੩੬॥ ਸਨੇ ਸਨੇ ਹਯ ਕੋ ਠਹਿਰਾਵੈਂ। ਤੇਜ ਹੋਤਿ ਕੁਛ ਅਲਪ ਕੁਦਾਵੈਂ।–ਮੋ ਤੇ ਜਾਤਿ·ਅਗਾਰੀ ਪੌਨ–। ਰਿਸਤਿ ਮਰੋਰਤਿ ਹੈ ਪਗ ਦੌਨ[3]॥੩੭॥ ਅਵਨੀ ਬਜਤਿ ਪਰਤਿ ਜਬਿ ਪੌਰ[4]।ਪਹੁੰਚੇ ਏਵ ਦੁਰਗ ਕੇ ਪੌਰ। ਜੋ ਦੇਖਤਿ ਸੋ ਸੀਸ ਨਿਵਾਵੈ। ਧੀਰਜ ਮਾਨ ਰਿਦੇ ਬਿਸਰਾਵੈ[5]॥੩੮॥ਮੂਰਤਿ ਪਿਖਹਿ ਅਪੂਰਬ ਅਹੈ।ਸੁੰਦਰਤਾ ਦੇਖਤਿ ਹੀ ਰਹੈ। ਇਹਗੁਰੁ ਰੂਪ ਕਿਤਿਕਨਰ ਜਾਨੈਂ।ਕਿਤਿਕਬਿਲੋਕਤਿਬੂਝਨਿਠਾਨੈਂ॥੩੯॥ 'ਕੌਨ ਦੇਸ਼ ਕੋ ਬਡ ਮਹਿਪਾਲਾ?।ਜਹਾਂ ਬਸੈਂ,ਤਿਨ ਭਾਗ ਬਿਸਾਲਾ'।ਪਹੁੰਚੇ ਜਹਾਂਗੀਰ ਕੇ ਤੀਰ। ਸ੍ਰੀ ਹਰਿ ਗੋਵਿੰਦ ਬੀਰ ਸਧੀਰ॥੪੦॥ ਚੌਕੀ ਤਖਤ ਸਮਾਨ ਬਿਛਾਈ। ਸੁਜਨੀ ਸੇਤ ਸ੍ਵੱਛ ਸੰਗਿ ਛਾਈ[6]।ਦ੍ਵੈ ਉਮਰਾਵ ਆਇ ਅਗੁਵਾਏ। ਮਿਲੇ ਦੇਖਿ ਕਰਿ ਸੀਸ ਨਿਵਾਏ॥੪੧॥ ਲੇ ਕਰਿ ਗਏ ਸ਼ਾਹੁ ਕੇ

---

[1]ਦੰਦਾਂ ਤੋਂ ਬਿਨਾਂ। [2]ਮੁੱਛਾਂ ਦਾਹੜਾ ਫੁੱਟ ਰਿਹਾ ਹੈ। [3](ਇਸ ਕਰ ਕੇ) ਕ੍ਰੋਧ ਕਰਕੇ ਮਰੋੜ ਕੇ ਦੋਵੇਂ ਪੈਰਾਂ ਨੂੰ। [4]ਪ੍ਰਿਥਵੀ ਤੇ ਜਦ ਪੈਰ ਪੈਂਦਾ ਹੈ ਤਦ ਵੱਜਦੀ ਭਾਵ ਸ਼ਬਦ ਉਤਪਤ ਹੁੰਦਾ ਹੈ। [5]ਧੀਰਜ ਤੇ ਮਾਣ ਨੂੰ ਰਿਦੇ ਤੋਂ ਭੁਲਾ ਦੇਂਦਾ ਹੈ (ਜੋ ਬੀ ਦਰਸ਼ਨ ਕਰਦਾ ਹੈ)। [6]ਪਵਿੱਤ੍ਰ ਚਿੱਟੀ ਸੋਜ਼ਨੀ ਨਾਲ ਢੱਕੀ ਹੋਈ। [ਫਾ:, ਸੋਜ਼ਨੀ=ਵਿਛੌਣੇ ਦਾ ਇਕ ਕਪੜਾ ਜਿਸ ਪਰ ਸੂਈ ਨਾਲ ਬਹੁਤ ਕੰਮ ਕੀਤਾ ਹੁੰਦਾ ਹੈ]।

ਤੀਰ। ਬੈਠਿ ਗਏ ਚੌਂਕੀ ਪਰ ਧੀਰ। ਸਾਦਰ ਬੰਦਨ ਕਰਿ ਕੈ ਸ਼ਾਹੂ। ਰੂਪ ਬਿਲੋਕਤਿ ਬੈਠੇ ਪਾਹੂ ॥ ੪੨ ॥ ਮਨਹੁ ਬੀਰ ਰਸ ਧਰਯੋ ਸਰੀਰ। ਦਿਪਤਿ ਪ੍ਰਤਾਪ ਰਿਦੇ ਗੰਭੀਰ। ਹਜ਼ਰਤਿ ਹੇਰਤਿ ਬਿਸਮ ਬਿਚਾਰੀ।–ਇਹ ਗਾਦੀ ਸੰਤਨਿ ਮਤ ਧਾਰੀ[1] ॥ ੪੩ ॥ ਗੁਰੂ ਪ੍ਰਥਮ ਸਭਿ ਤੈਸੇ ਭਏ।ਇਨ ਕੀ ਕ੍ਰਾਂਤਿ ਲਖੋ ਮਤ ਨਏ[2]। ਵਹਿਰ ਬੇਸ ਮਹਿਂ ਫਰਕ ਮਹਾਨਾ। ਅੰਤਰ ਕੀ ਗਤਿ ਜਾਇ ਨ ਜਾਨਾ ॥੪੪॥ ਜੇ ਮਤ ਰਾਜ ਸਾਜ ਕੋ ਧਾਰੀ[3]। ਹਿੰਦੂ ਤੁਰਕ ਜਿਮ ਦਾਵੇ ਕਾਰੀ[4]। ਤੌ ਨਿਜ ਗਾਦੀ ਰੀਤਿ ਬਿਗਾਰੀ। ਹੋਇ ਨ ਬਡਿਆਈ ਪੁਨ ਭਾਰੀ॥੪੫॥ ਜੇ ਅੰਤਰਿ ਮਤ ਸੰਤਨਿ ਹੋਈ।ਬਾਹਰ ਬੇਖ ਬਿਗਾਰ ਨ ਕੋਈ[5] ।ਤਥਾ ਪ੍ਰਸ਼ਨ ਕਰਿ ਪਰਖੋਂ ਅਬੈ–।ਇਮ ਬਿਚਾਰਿ ਬੋਲਯੋ ਬਚ ਤਬੈ॥੪੬॥ 'ਸੁਨਹੁ ਪੀਰ ਜੀ!ਜਗ ਮਤ ਦੋਇ। ਹਿੰਦੂ ਤੁਰਕ ਮਹਿਂ ਨਰ ਸਭਿ ਕੋਇ। ਰਾਮ,ਖੁਦਾਇ, ਕ੍ਰਿਪਾਲ, ਕਰੀਮ। ਅਲਹ,ਅਕਾਲ,ਅਨੰਤ, ਰਹੀਮ ॥੪੭॥ ਇਮ ਕਹਿ ਕ੍ਰਿਯਾ ਪ੍ਰਿਥਕ ਹੀ ਕਰੈਂ।ਨਿਜ ਨਿਜ ਕੋ ਸ਼ੁਭ ਸਭਿਹਿ ਉਚਰੈਂ। ਕੌਨ ਦੌਨਿ ਮਹਿਂ ਆਛੋ ਅਹੈ ? ।ਜਗ ਬੰਧਨ ਤੇ ਕੋ ਛੁਟਿ ਰਹੈ?' ॥ ੪੮ ॥ ਸ੍ਰੀ ਹਰਿ ਗੋਵਿੰਦ ਸੁਨਤਿ ਬਖਾਨਾ। 'ਸਿਰਜਨਹਾਰ ਏਕ ਹਮ ਜਾਨਾ।ਇਕ ਸਮ ਪੰਚਹੁੰ ਤਤ ਤੇ ਬਨੇ। ਇੰਦ੍ਰਯ ਦੇਹਿ ਏਕ ਸਮ ਸਨੇ॥੪੯॥ਕਰਨਹਾਰ ਕੋ ਸਿਮਰਹਿ ਜੋਇ। ਸਭਿ ਤੇ ਦੀਰਘ ਜਾਨਹੁ ਸੋਇ। ਇਸ ਪਰ ਭਗਤ ਕਬੀਰ ਬਖਾਨਾ। ਦੂਹੂੰ ਦਿਸ਼ਨਿ ਕੋ ਭੇਦ ਮਿਟਾਨਾ॥੫੦॥ਸ਼੍ਰੀ ਗ੍ਰੰਥ ਜੀ ਵਾਕ ॥

ਪ੍ਰਭਾਤੀ ਸ੍ਰੀ ਕਬੀਰ ਜੀ ਕੀ ॥

ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ॥ ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ॥ ੧ ॥ ਲੋਗਾ ਭਰਮਿ ਨ ਭੂਲਹੁ ਭਾਈ ॥ ਖਾਲਿਕੁ ਖਲਕ ਖਲਕ ਮਹਿ ਖਾਲਕੁ ਪੂਰਿ ਰਹਿਓ ਸ੍ਰਬ ਠਾਂਈ॥ ੧ ॥ ਰਹਾਉ ॥ ਮਾਟੀ ਏਕ ਅਨੇਕ ਭਾਂਤਿ ਕਰਿ ਸਾਜੀ ਸਾਜਨ ਹਾਰੈ॥ ਨਾ ਕਛੁ ਪੋਚ[6] ਮਾਟੀ ਕੇ ਭਾਂਡੇ ਨਾ ਕਛੁ ਪੋਚ ਕੁੰਭਾਰੈ ॥ ੨॥ ਸਭਿ ਮਹਿ ਸਚਾ ਏਕੋ ਸੋਈ ॥ ਤਿਸਕਾ ਕੀਆ ਸਭੁ ਕਛੁ ਹੋਈ॥ਹੁਕਮੁ ਪਛਾਨੈ ਸੁ ਏਕੋ ਜਾਨੈ ਬੰਦਾ ਕਹੀਐ ਸੋਈ॥ ੩ ॥ ਅਲਹੁ ਅਲਖੁ ਨ ਜਾਈ ਲਖਿਆ ਗੁਰਿ ਗੁੜੁ ਦੀਨਾ ਮੀਠਾ ॥ ਕਹਿ ਕਬੀਰ ਮੇਰੀ ਸੰਕਾ ਨਾਸੀ ਸਰਬ ਨਿਰੰਜਨੁ ਡੀਠਾ ॥ ੪ ॥ ੩ ॥

---

[1]ਸੰਤਾਂ ਦਾ ਮਤਾ ਧਾਰਨ ਵਾਲਿਆਂ ਦੀ ਸੀ। [2]ਸ਼ੋਭਾ ਤੋਂ (ਦਿੱਸਦਾ ਹੈ ਕਿ) ਇਨ੍ਹਾਂ ਨਵਾਂ ਮਤ ਧਾਰਨ ਕੀਤਾ ਹੈ। [3]ਧਾਰਨ ਦਾ ਹੈ। [4]ਹਿੰਦੂ ਤੁਰਕ ਜਿਵੇਂ ਦਾਵਾ ਕਰਦੇ ਹਨ। [5](ਤਾਂ) ਬਾਹਰਲੇ ਭੇਖ ਦਾ ਕੋਈ ਵਿਗਾੜ ਨਹੀਂ। [6]ਕਮੀ।

ਚੌਪਈ॥ ਵਹਿਰ ਬਨਾਉ ਏਕ ਸਮ ਬਨਯੋ। ਅੰਤਰ ਬ੍ਰਹਮ ਏਕ ਹੀ ਭਨਯੋ।
ਜੋ ਨਰ ਚਹਿ ਅਪਨੀ ਕੱਲਯਾਨ। ਤਜਿ ਦਾਵੇ ਕੋ ਭਜਿ ਭਗਵਾਨ ॥੫੧॥
ਮਾਨੁਖ ਜਨਮ ਅਮੋਲਕ ਰਤਨ। ਦੁਰਲਭ ਪ੍ਰਾਪਤਿ ਹੁਇ ਬਡ ਜਤਨ
ਬਿਸ਼ਿਯਨਿ ਬਿਲਸਨਿ, ਬੰਧਨਿ ਦਾਵੇ[1]। ਇਕ ਬਿਰਾਟਿਕਾ[2]ਬਦਲੇ ਜਾਵੇ॥
੫੨ ॥ ਜੇ ਲਾਗੇ ਸਿਮਰਨਿ ਸਤਿਨਾਮ। ਸੇ ਲਾਹਾ ਲੈ ਗੇ ਨਿਜ ਧਾਮ।
ਜਿਸ ਕੇ ਛੁਟਿ ਜਾਇ ਭ੍ਰਮ ਉਰ ਕਾ।ਤਿਸ ਕੈ ਕਯਾ ਹਿੰਦੂ ਕਯਾ ਤੁਰਕਾ॥੫੩
॥ ਸਭਿ ਮਹਿੰ ਪੂਰਨ ਏਕ ਪਛਾਨਹਿਂ। ਜਥਾ ਗਗਨ ਬਯਾਪਕ ਜਗ
ਜਾਨਹਿ। ਸੱਤਾ ਚੇਤਨ ਕੀ ਸਭਿ ਪਾਇ। ਇਕ ਸਮ ਹੀ ਸਭਿ ਪਰਹਿ
ਲਖਾਇ॥੫੪॥ਜਿਨਹੁਦੇਹਿ ਹੰਤਾ ਦਿਢ ਧਾਰੀ।ਤੇ ਦਾਵੇ ਬਾਂਧਹਿ ਭ੍ਰਮਭਾਰੀ॥
ਹਲਤਿ ਨਹੀਂ ਸੁਖ, ਪਲਤਿ ਨ ਢੋਈ। ਪ੍ਰਭੁ ਤੇ ਸਦਾ ਦੁਹਾਗਨਿ ਸੋਈ ॥
੫੫ ॥ ਨਹਿੰ ਤਨੁ ਹੰਤਾ, ਹੋਤਿ ਨ ਦਾਵੇ। ਤਨ ਬਿਨ ਅਪਨਿ ਰੂਪ ਲਖਿ
ਪਾਵੇ[3]। ਹਲਤਿ ਮਹਾਂ ਸੁਖ, ਪਲਤਿ ਅਨੰਦੇ। ਸੋ ਪ੍ਰਭੁ ਪਤਿ ਕੀ ਪ੍ਰਿਆ[4]
ਬਿਲੰਦੇ॥੫੬॥ ਛੁਟਿਬੋ ਨਹਿੰ ਜਾਨਹਿ ਨਰ ਅੰਧਾ। ਦਾਵੇ ਬੰਧਨ ਤੇ ਲਹਿ
ਬੰਧਾ।ਤਨ ਹੰਤਾ ਕੇ ਬਿਨਾ ਬਿਸਾਰੇ[5]। ਨਹਿੰ ਪ੍ਰਭੁ ਪਾਯਤਿ ਅਪਰ ਅਪਾਰੇ
॥ ੫੭ ॥ ਯਾਂਤੇ ਸੁਨਹੁ ਸ਼ਾਹੁ ਤਨ ਮਾਨ। ਇਸ ਕੇ ਤਯਾਗਨਿ ਤੇ ਦੁਖ
ਹਾਨ।ਜਬਿ ਤਨ ਹੰਤਾ ਭਈ ਬਿਨਾਸ਼।ਤਬਿ ਦਾਵੇ ਬੰਧਨ ਕਿਤ ਆਸ' ॥
੫੮ ॥ ਸੁਨਿ ਹਜ਼ਰਤ ਨੇ ਰਿਦੇ ਬਿਚਾਰਾ।–ਨਯੋ ਬੇਸ ਇਕ ਬਾਹਰ ਧਾਰਾ।
ਪ੍ਰਥਮ ਗੁਰੂ ਕੇ ਮਤ ਸਮ ਮਤ ਹੈ।ਨਿਸ਼ਚਾ ਏਕਰੀਤਿ ਹੀ ਚਿਤ ਹੈ[6]–॥੫੯॥
'ਧੰਨ ਪੀਰ ਜੀ' ਬਾਕ ਬਖਾਨਾ। 'ਸ਼੍ਰੀ ਨਾਨਕ ਕੇ ਹੋ ਤੁਮ ਥਾਨਾ।ਜਿਨਕੋ
ਸੁਜਸੁ ਚੰਦ ਸਮ ਚਾਰੂ। ਹਿੰਦੂ ਤੁਰਕ ਸਭਿ ਕਰਤਿ ਉਚਾਰੂ' ॥ ੬੦ ॥
ਇਮ ਕਹਿ ਅਰਪਯੋ ਦਰਬ ਹਜ਼ਾਰਾ।ਕਰੀ ਭੇਟ ਉਰ ਸ਼ਰਧਾ ਧਾਰਾ।ਸੋ ਜੇਠੇ
ਨੇ ਲੀਨਿ ਉਠਾਇ। ਰੰਗ ਸ਼ਾਹੁ ਸੰਗਿ ਤੇ ਹਰਖਾਇ[7] ॥੬੧॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰਾਸੇ 'ਸਤਿਗੁਰੂ ਸ਼ਾਹੁ ਮੇਲ' ਪ੍ਰਸੰਗ ਬਰਨਨੰ ਨਾਮ ਚਤੁਰ ਪੰਚਾਸਤਿ ਅੰਸੂ ॥ ੫੪ ॥

੫੫. [ਜਹਾਂਗੀਰ ਨਾਲ ਸ਼ਿਕਾਰ। ਸ਼ੇਰ ਮਾਰਿਆ]।

ਦੋਹਰਾ॥ 'ਖੁਸ਼ੀ ਕਰਹੁ ਨਿਜ ਪੀਰ ਜੀ ਸਭਿ ਸਥਾਨ ਨਿਜ ਜਾਨਿ। ਦਿਹੁ

---

[1]ਵਿਸ਼ਿਆਂ ਦਾ ਭੋਗਣਾ ਤੇ ਦਾਵੇ ਬੰਨ੍ਹਣੇ। [2]ਕੌਡੀ। [3]ਸਰੀਰ ਤੋਂ ਬਿਨਾਂ ਆਪਣੇ (ਆਤਮ) ਸਰੂਪ ਨੂੰ ਜਾਣਦੇ ਹਨ। [4]ਪਿਆਰੀ (ਇਸਤ੍ਰੀਆਂ)। [5]ਦੇ ਭੁਲਾਏ ਬਿਨਾਂ। [6]ਚਿਤ ਵਿਚ ਇਕ ਹੀ ਤਰ੍ਹਾਂ ਦਾ ਨਿਸ਼ਚਾ ਹੈ। [7](ਗੁਰੂ ਜੀ ਨਾਲ) ਸ਼ਾਹ ਦੇ ਪ੍ਰੇਮ ਕਰਨ ਤੇ ਅਨੰਦ ਹੋਏ।

ਦਰਸ਼ਨ ਕੋ ਦਿਨ ਇਹਾਂ ਮਮ ਇਛ ਪੂਰਨ ਠਾਨਿ' ॥੧ ॥ ਚੌਪਈ ॥ ਇਮ ਕਹਿ ਸਨਿਕੈ ਕਰੇ ਬਿਸਰਜਨ[1] । ਉਠਿ ਨਿਕਸੇ ਲੇ ਅਪਨੇ ਸਿਖ ਜਨ । ਸ਼ਾਹੁ ਸਭਾ ਬਰਖ਼ਾਸਤ ਭਈ । ਨਿਜ ਨਿਜ ਥਾਨ ਸਕਲ ਚਲਿ ਗਈ ॥ ੨ ॥ ਆਏ ਸ਼੍ਰੀ ਸਤਿਗੁਰੁ ਨਿਜ ਡੇਰੇ । ਚਹੁੰਦਿਸ਼ਿ ਬੰਦਨ ਹੋਤਿ ਘਨੇਰੇ । ਕੁਛ ਬਿਸਰਾਮ ਪੌਢਿ ਕਰਿ ਕੀਨਿ । ਘਟਿਕਾ ਚਤੁਰ ਬਿਤਾਇ ਪ੍ਰਬੀਨ ॥ ੩ ॥ ਬਹੁਰ ਉਠੇ ਚਢਿ ਚਲੇ ਤੁਰੰਗ । ਨਦੀ ਬਿਲੋਕਨਿ ਸ਼ਯਾਮਲ ਰੰਗ । ਤੀਰ ਤੀਰ ਗਮਨੇ ਗੁਰ ਧੀਰ।ਹੇਰਤਿ ਬਿਮਲ ਪ੍ਰਵਾਹਤਿ ਨੀਰ ॥੪॥ ਦੂਰਿ ਇਕੰਤ ਥਾਨ ਬਹੁ ਸੁੰਦਰ। ਉਤਰ ਪਰੇ ਤਹਿਂ ਸ਼੍ਰੀ ਗੁਨ ਮੰਦਰ। ਸੌਚਾਚਾਰ ਕਰਯੋ ਥਲ ਥਿਰੇ । ਜਲ ਕਰ ਚਰਨ ਪਖਾਰਨਿ ਕਰੇ ॥ ੫ ॥ ਹਾਥ ਜੋਰਿ ਤਹਿਂ ਸਿੱਖਨਿ ਬੂਝੇ।'ਸ਼ਾਹੁ ਸੰਗ ਕਿਮ ਬਾਕ ਅਰੁਝੇ[2]? । ਮੁਲਾਕਾਤ ਕੈਸੇ ਕਰਿ ਭਈ?। ਪੂਰਬ ਆਇ ਕੀਨਿ ਅਬਿ ਨਈ[3] ॥ ੬ ॥ ਰਹੇ ਪ੍ਰਸੰਨ ਕਿ ਨਹਿਂ ਦਿਸ਼ਿ ਦੋਊ । ਚਾਰੀ ਕਰਤਿ ਰਹਯੋ ਸਠ ਜੋਊ' । ਨਿਜ ਪ੍ਰਿਯ ਜਾਨਿ ਦਾਸ ਸਿਖ ਸਾਰੇ । ਮਿਲੇ ਜਥਾ, ਸੁ ਪ੍ਰਸੰਗ ਉਚਾਰੇ ॥ ੭ ॥ 'ਨਹੀਂ ਸ਼ਾਹੁ ਕੇ ਰਿਦੇ ਖੁਟਾਈ । ਸਾਦਰ ਮਧੁਰੀ ਗਿਰਾ ਅਲਾਈ । ਹਿੰਦੂ ਤੁਰਕ ਬਾਦ ਕੀ ਗਾਥਾ । ਬੂਝਤਿ ਰਹਯੋ ਹਮਾਰੇ ਸਾਥਾ ॥੮॥ ਜਿਮ ਸੰਸੈ ਕੀਨੋ ਹਮ ਆਗੇ । ਉੱਤਰ ਪਾਇ ਕਰਯੋ ਅਨੁਰਾਗੇ[4]' । ਸੁਨਿ ਸਿੱਖਨਿ–ਹਿਤਕਾਰੀ ਸ਼ਾਹੁ–। ਹਾਥ ਜੋਰਿ ਪੁਨ ਕਹਿ ਗੁਰੁ ਪਾਹੂ ॥ ੯ ॥ 'ਪਾਪੀ ਕਰਿ ਕੋ ਪਾਪ ਮਹਾਨਾ । ਰਾਖਯੋ ਗੋਪ, ਨਹੀ ਇਨ[5] ਜਾਨਾ । ਸੋ ਬਿਦਤਾਵਹੁ ਬਦਲਾ ਲੀਜੈ । ਜਸ ਕੀਨਸਿ ਤਸ ਫਲ ਕੋ ਦੀਜੈ' ॥੧੦॥ ਸੁਨਿ ਸਤਿਗੁਰੁ ਬੋਲੇ ਸਿਖ ਭਾਵਤਿ । ' ਗੁਰੁ ਪਿਤ ਪਲਟਾ ਲੇਹਿਂ ਨ ਜਾਵਤ । ਤਾਵਤ ਸੁਖ ਸੋਂ ਨੀਂਦ ਨ ਆਵੈ । ਖਾਨ ਪਾਨ ਰੁਚਿ ਤੇ ਨਹਿਂ ਭਾਵੈ॥੧੧॥ ਕੇਤਿਕ ਦਿਨ ਮਹਿਂ ਗਹਿ ਕਰਿ ਤਾਂਹੀ । ਹਤੌਂ ਕੁਮੌਤ ਤਜੌਂ ਕਿਮ ਨਾਂਹੀ । ਪੂਰੀ ਕਰਹਿਂ ਸਪਥ ਏ ਕਹੀ । ਗੁਰੁ ਦੋਖੀ ਉਬਰਹਿ ਅਬਿ ਨਹੀਂ' ॥੧੨॥ ਇਸ ਪ੍ਰਕਾਰ ਕਰਿ ਬਚਨ ਬਿਲਾਸ । ਚਹੈਂ ਦੁਸ਼ਟ ਕੋ ਕਰਿਬੋ ਨਾਸ਼। ਚਢਿ ਤੁਰੰਗ ਪਰ ਡੇਰੇ ਆਏ । ਖਾਨ ਪਾਨ ਕਰਿ ਨਿਸਾ ਬਿਤਾਏ ॥੧੩॥ ਬਹੁਰ ਸ਼ਾਹੁ ਜਬਿ ਯਾਦ ਕਰੰਤਾ । ਢਿਗ ਹਕਾਰਿ ਗੁਰੁ ਦਰਸ ਲਹੰਤਾ । ਚਢਿ ਸ਼ਿਕਾਰ ਕੋ

[1]ਵਿਦਾ । [2]ਬਚਨਾਂ ਵਿਚ ਲੱਗੇ । [3]ਨਵੀਂ (ਮੁਲਾਕਾਤ) । [4]ਪ੍ਰੇਮ ਕੀਤਾ । [5]ਭਾਵ ਬਾਦਸ਼ਾਹ ਨੇ ।

ਵਹਿਰ ਸਿਧਾਵੈਂ। ਬਡੇ ਝੀਲ ਫਿਰਿ ਬਾਹਰਿ ਆਵੈਂ[1] ॥ ੧੪ ॥ ਭਈ ਸ਼ਾਹ ਕੋ ਸੁਧਿ ਗੁਰੁ ਕੇਰੀ। ਖਿਲਤਿ ਅਖੇਰ ਬ੍ਰਿਤੀ ਬਹੁਤੇਰੀ। ਇਕ ਦਿਨ ਲੇ ਕਰਿ ਅਪਨੇ ਸੰਗ। ਗਏ ਸ਼ਿਕਾਰ ਅਰੂਢਿ ਤੁਰੰਗ॥੧੫॥ਮੀਰ ਸ਼ਿਕਾਰਨਿ[2] ਸ਼ਿਕਰੇ[3] ਲੀਨਿ। ਜੁਰਰੇ, ਬਾਜ ਰੁ ਸ੍ਵਾਨ[4], ਕੁਹੀਨਿ[5]। ਗਨ ਗਡੀਅਨੇ ਪਰ ਹੈਂ ਚੀਤੇ[6]। ਕਾਨਨ ਗਮਨੇ ਮ੍ਰਿਗ ਭੈ ਭੀਤੇ ॥ ੧੬ ॥ ਹਤੇ ਝਪਟ ਤੇ ਲਪਟ ਬਿਹੰਗਾ। ਸੂਕਰ ਸਸੇ ਝੰਖਾਰ ਕੁਰੰਗਾ। ਕੋ ਤੁਪਕਨਿ ਤੇ ਮਾਰਿ ਗਿਰਾਏ। ਕੋ ਤੀਰਨਿ ਤਰਵਾਰਨਿ ਘਾਏ ॥੧੭॥ ਪਾਢੇ[7] ਘੇਰਿ ਘੇਰਿ ਗੁਰੁ ਮਾਰੇ। ਕਰਿ ਲਾਘਵਤਾ[8] ਤੀਰ ਪ੍ਰਹਾਰੇ। ਨਿਜ ਆਗੇ ਕੋ ਜਾਨਿ ਨ ਦੀਯੋ। ਤੁਰਕੇਸ਼ੁਰ ਹੇਰਤਿ ਹਿਤ ਹੀਯੋ॥੧੮॥ ਆਯੁਧ ਬਿੱਦਯਾ ਮਹਿਂ ਬਡਿ ਜਾਨੇ। ਦੇਖਿ ਤਮਾਸ਼ੇ ਉਰ ਹਰਖਾਨੇ। ਸੁਨਯੋ ਪ੍ਰਥਮ ਕਿਤ ਕੇਹਰਿ ਬਲੀ। ਭਈ ਸ਼ਾਹੁ ਕੇ ਉਰ ਸੁਧਿ ਭਲੀ ॥ ੧੯ ॥ ਭਨਯੋ ਸਭਿਨਿ ਸੋਂ 'ਕਰਹੁ ਪਯਾਨਾ। ਜਿਤ ਦਿਸ਼ਿ ਕੇਹਰਿ ਸੁਨਯੋ ਮਹਾਂਨਾ'। ਤਬਿ ਆਗੂ ਹੁਇ ਲੇ ਗੁਰੁ ਸੰਗ। ਚਲਯੋ ਸ਼ਾਹੁ ਚਢਿ ਤੁੰਗ ਮਤੰਗ ॥ ੨੦ ॥ ਖੋਜਨ ਕਰਯੋ ਸੁ ਕਾਨਨ ਜਬੈ। ਭਭਕਤਿ ਨਿਕਸਯੋ ਕੇਹਰਿ ਤਬੈ। ਹੇਰਤਿ ਸੂਰਾ ਕਿਤਿਕ ਪਲਾਏ। ਕੋ ਸੁਨਿ ਸ਼ਬਦ ਨਿਕਟ ਨਹਿਂ ਆਏ ॥੨੧॥ ਘੋਰਾ ਠਰੇ[9]ਮੂਤ੍ਰ ਕੋ ਛੋਰਾ। ਗਜ ਨਹਿਂ ਗਮਨਹਿਂ ਘੋਰ ਸੁ ਓਰਾ[10]। ਸ਼ਾਹੁ ਮਤੰਗ ਥਿਰਹਿ ਨਹਿਂ ਕੈਸੇ। ਮਹਾਂ ਬੀਰ ਤੇ ਕਾਇਰ ਜੈਸੇ ॥੨੨॥ ਤਬਿ ਪੁਕਾਰ ਕਰਿ ਗੁਰੁ ਸੋਂ ਕਹਯੋ।ਖਰੇ ਸੁ ਧੀਰਜ ਕੋ ਜਬਿ ਲਹਯੋ। 'ਤੁਮ ਹੀ ਕਰਹੁ ਪ੍ਰਹਾਰਨਿ ਇਸੈ॥ਜਬਿ ਲੌ ਘਾਤ ਕਰਹਿ ਨਹਿਂ ਕਿਸੈ'॥੨੩॥ਸ੍ਰੀ ਸਤਿਗੁਰ ਘੋਰਾ ਤਬਿ ਛੋਰ। ਖੜਗ ਸਿਪਰ ਗਹਿ ਗੇ ਤਿਸ ਓਰ। ਤੁਪਕ ਛੁਟਨਿ ਕਹਿ ਸ਼ਾਹੁ ਹਟਾਈ।ਪਿਖਨਿ ਤਮਾਸ਼ੋ ਲਗਿ ਸਮੁਦਾਈ ॥ ੨੪ ॥ ਬਰਯੋ ਬਿਰੇ[11] ਮਹਿਂ ਕੇਹਰਿ ਜਹਾਂ। ਲਗੇ ਬਿਲੋ-ਚਨ ਸਭਿ ਕੇ ਤਹਾਂ। ਧੀਰਜ ਸਹਤ ਜਾਤਿ ਗੁਰੁ ਆਗੇ। ਮਨਹੁਂ ਬੀਰ ਰਸ ਸੋਵਤਿ ਜਾਗੇ॥੨੫॥ਬਰਨ ਬਦਨ ਕੋ ਅਰੁਨ[12]ਬਿਸਾਲ। ਗਮਨਤਿ ਗਹੇ ਖੜਗ ਅਰੁ ਢਾਲ॥ਨਿਕਟ ਹੋਇ ਕਰਿ ਸ਼ੇਰ ਪ੍ਰਚਾਰਯੋ[13]।'ਨਿਕਸਿ ਵਹਿਰ

[1]ਬਾਹਰ ਸੰਘਣੇ ਬਨ ਫਿਰਕੇ ਆਉਂਦੇ ਹਨ। [ਪੰ:, ਝੱਲ=ਸੰਘਣਾ ਬਨ]। [2]ਸ਼ਿਕਾਰੀ ਮਹਿਕਮੇ ਦਾ ਅਫਸਰ। [3]ਬਾਜ਼ੇ ਦੀ ਕਿਸਮ ਦਾ ਛੋਟਾ ਸ਼ਿਕਾਰੀ ਪੰਛੀ। [4]ਕੁੱਤੇ। [5]ਕੁਹੀਆਂ। [6]ਗੱਡੀਆਂ ਉੱਤੇ ਹਨ ਚਿੱਤਦੇ ਸ਼ਿਕਾਰ ਲਈ। [7]ਪਾੜ੍ਹੇ। [8]ਫੁਰਤੀ। [9]ਠਿਠੰਬਰੇ, ਸੰਕੁਚੇ। (ਅ) ਲਿੱਦ [ਸੁੱਟਦਾ]। [10]ਉਹ ਤਰਫ ਭਿਆਨਕ (ਹੈ ਐਸੀ)। [11]ਝੱਲ। [12]ਲਾਲ। [13]ਵੰਗਾਰਿਆ।

ਅਬਿ ਕਨੋਂ ਬਲ ਹਾਰਨੋ ?' ॥੨੬॥ ਸਨਮੁਖ ਦ੍ਰਿਸ਼ਟਿ ਭਈ ਜਬਿ ਦੋਊ। ਨਿਕਸ੍ਯੋ ਗਰਜਤਿ ਕੇਹਰਿ ਸੋਊ। ਫੇਰਤਿ ਲਾਂਗੁਲ ਟੌਰ[1] ਕਰਾਲਾ। ਝਟ-ਕਤਿ ਸਟਾ[2] ਭੀਮ[3] ਜਨੁ ਕਾਲਾ ॥੨੭॥ ਲਾਂਬੀ ਬੇਲ[4] ਭਯਾਨਕ ਦਾਂਤ। ਬਦਨ ਪਸਾਰਿ ਆਇ ਭਭਕਾਤਿ। ਹੇਰਤਿ ਲੋਕ ਸਕਲ ਬਿਸਮਾਇ।-ਸ੍ਰੀ ਗੁਰ ਬਚਹਿਂ ਨ ਇਸ ਅਗਾਵਾਇ॥੨੮॥ਹਮ ਆਗੇ ਅਸ ਕੇਹਰਿ ਮਹਾਂ।ਨਹੀਂ ਬਿਲੋਕਨਿ ਕੀਨੋ ਕਹਾਂ-। ਠਾਂਢੇ ਦੂਰ ਤ੍ਰਾਸ ਕੋ ਪਾਵੈਂ। ਦੇਖਤਿ ਗਨ, ਕੋ ਨਿਕਟ ਨ ਆਵੈ ॥੨੯॥ ਆਵਤਿ ਸਨਮੁਖ ਬਦਨ ਪਸਾਰਾ। ਧਰਿ ਧੀਰਜ ਸਤਿਗੁਰੂ ਨਿਹਾਰਾ। ਬਾਮ ਹਾਥ ਧਰਿ ਸਿਪਰ ਅਗਾਰੀ। ਕਰਿ ਪ੍ਰਾਕ੍ਰਮ ਕੋ ਮੁਖ ਪਰਿ ਮਾਰੀ॥੩੦॥ਕ੍ਰੁਪੇ, ਓਜ ਤੇ ਦੀਨਿ ਧਕੇਲਾ। ਆਗੇ ਹੋਇ ਪਛੇਲਾ ਮੇਲਾ[5]। ਚੰਦ੍ਰਹਾਸ[6] ਚਮਕਨੋ ਕਰ ਦਾਇ। ਗਿਰਤਿ ਸ਼ੇਰ ਕੇ ਉਦਰ ਲਗਾਇ॥੩੧॥ਬਹੀ ਭਗੌਤੀ[6] ਗੁਰੁ ਕੇ ਕਰ ਕੀ।ਕਰਿ ਤਕਬੀਰ[7]ਤੁਰਤ ਦੋ ਧਰ ਕੀ। ਗਿਰਨੋ ਪ੍ਰਿਥੀ ਪਰ ਪਗ ਉਲਟਾਇ। ਮਰਨੋ ਜਾਨਿ ਦੇਖਨਿ ਗਨ ਆਇ ॥੩੨॥ ਬਰਛੇ ਹਤੇ ਸ਼ਾਹੁ ਕੇ ਹਾਥੀ। ਤਿਤ ਦਿਸ਼ਿ ਕਰਨੋ ਜਤਨ ਕੇ ਸਾਥੀ। ਕੀਨਿ ਬਿਲੋਕਨਿ ਹ੍ਵੈ ਕਰਿ ਪਾਹੂ। ਬਲੀ ਸ਼ੇਰ ਤੇ ਬਿਸਮਨੋ ਸ਼ਾਹੂ ॥੩੩॥ 'ਧੰਨ ਧੰਨ' ਸਤਿਗੁਰੁ ਕੋ ਕਹੈ।ਖਰੋ ਨਿਕਟਿ ਤਿਸ ਕੀ ਦਿਸ਼ਿ ਲਹੈ। ਕੇਹਰਿ ਕੋ ਨਿਕਸਨੋ ਤਬਿ ਜੀਵ। ਮਹਾਂ ਪ੍ਰਕਾਸ਼ਵੰਤਿ ਸੋ ਥੀਵ ॥ ੩੪ ॥ ਆਰੁਨਤਾ[8] ਫੈਲੀ ਸਭਿ ਗੈਨ[9]। ਦੇਖਤਿ ਸ਼ਾਹ ਉਠਾਏ ਨੈਨ। ਬੂਝੇ ਗੁਰੂ 'ਕਹਾਂ ਇਹ ਭਯੋ?।ਕੌਨ ਹੁਤੋ ਮਰਿ ਕਿਤ ਇਹ ਗਯੋ?॥੩੫॥ਕਨੋਂ ਪ੍ਰਕਾਸ਼ ਐਸੋ ਦ੍ਰਿਸ਼ਟਾਯੋ। ਪਿਖਨੋ ਅਪੂਰਬ ਮੈਂ ਬਿਸਮਾਯੋ'। ਸੁਨਿ ਸ੍ਰੀ ਹਰਿ ਗੋਵਿੰਦ ਬਖਾਨੋ। 'ਕਾਸਮ ਬੇਗ ਨਾਮ ਇਸ ਜਾਨੋ ॥੩੬॥ ਤੁਮ ਹਕਾਰਿਕੈ ਬੂਝਨਿ ਕੀਜੈ। ਸੁਨਨੋ ਚਹਹੁ ਸੋ ਉੱਤਰ ਲੀਜੈ'। ਜਹਾਂਗੀਰ ਲੇ ਨਾਮ ਗੁਹਾਰਾ[10]। ਤਿਨ ਤਰੁ ਪਰ ਥਿਰੁ ਹੋਇ ਉਚਾਰਾ॥੩੭॥ 'ਪੂਰਬ ਜਨਮ ਹੁਤੋ ਨਰ ਤਨ

[1]ਸ਼ੇਰ ਤੇ ਸਾਨ੍ਹ ਦੀ ਪੂਛ ਦਾ ਅੰਤਲਾ ਵਾਲਾਂ ਦੇ ਗੁੱਛੇ ਵਾਲਾ ਥਾਂ ਜਿਥੇ ਕਦੇ ਵਲੇਵਾਂ ਜਿਹਾ ਬੀ ਹੁੰਦਾ ਹੈ, ਇਸ ਨੂੰ ਪੰਜਾਬੀ ਵਿਚ ਟੌਰ ਕਹਿੰਦੇ ਹਨ। [2]ਸ਼ੇਰ ਦੀ ਗਰਦਨ ਦੇ ਵਾਲ, ਅਯਾਲ [ਸੰਸ:, ਸਟਾ]। [3]ਡਰਾਉਣੀ। [4]ਪਸ਼ੂਆਂ ਦੀ ਬਹੁਤੀ ਲੰਬਾਈ ਨੂੰ ਲੰਮੀ ਬੇਲ ਕਹਿੰਦੇ ਹਨ। [5]ਪਿੱਛਾ ਕੀਤਾ। [6]ਤਲਵਾਰ। [7]ਜ਼ਿਬਹ ਕਰਨ ਵਾਂਙੂ ਖੁੱਭੀ ਤਲਵਾਰ ਸਾਰੇ ਪੇਟ ਵਿਚ ਫਿਰਕੇ (ਪੇਟ ਨੂੰ) (ਦੋ ਧਰ ਕੀ=) ਦੋ ਫਾੜ ਕਰ ਗਈ। ਤਕਬੀਰ ਉਹ ਕਲਾਮ ਹੈ ਜੋ ਜਾਨਵਰ ਦੇ ਗਲੇ ਛੁਰੀ ਫੇਰਨ ਵੇਲੇ ਮੁਸਲਮਾਨ ਪੜ੍ਹਦੇ ਹਨ, ਉਸ ਤੋਂ ਮੁਹਾਵਰਾ ਹੋ ਗਿਆ ਹੈ ਤਕਬੀਰ ਕਰਨਾ= ਜ਼ਿਬਹ ਕਰਨਾ। [8]ਲਾਲੀ। [9]ਅਕਾਸ਼ ਵਿਚ। [10]ਬੁਲਾਇਆ।

ਮੈਂ। ਅਬਿ ਕੇਹਰਿ ਹੁਇ ਬਾਸੌਂ ਬਨ ਮੈਂ।ਪਾਤਿਸ਼ਾਹ ਅਕਬਰ ਤੁਵ ਤਾਤ[1]। ਲਗਤਿ ਕਬੀਲੇ ਮਹਿਂ ਤਿਸ ਭ੍ਰਾਤ ॥ ੩੯ ॥ ਇਕ ਦਿਨ ਅਮਰਦਾਸ ਗੁਰੁ ਪਾਸ।ਗਯੋ ਸ਼ਾਹੁ ਕਰਿ ਦਰਸ਼ਨ ਆਸ।ਹੁਤੋ ਸੰਗਿ ਮੈਂ ਦਿਖਿ ਰਿਸ ਛਾਈ। –ਕਯਾ ਪੂਜਨਿ ਹਿੰਦੂ ਢਿਗ ਜਾਈ?–॥੩੯॥ਚਲਯੋ ਨਹੀਂ ਮੇਰੋ ਕੁਛਚਾਰਾ। ਮੁਖ ਤੇ ਬਹੁ ਅਪਵਾਦ[2] ਉਚਾਰਾ। ਨਰਨਿ ਸੁਨਾਇ ਨਿੰਦ ਮੈਂ ਕਰੀ। ਜਰੀ ਨ ਗੁਰੁ ਕੀਰਤ, ਮਤਿ ਜਰੀ[3] ॥ ੪੦ ॥ ਨਿਸ ਮਹਿਂ ਡੇਰਾ ਗੋਇੰਦਵਾਲ। ਉਠਯੋ ਅਚਾਨਕ ਸੂਲ ਬਿਸਾਲ।ਖਾਨੇ ਬਿਖੈ ਮਾਸ ਰਹਿ ਕਾਚਾ। ਖਾਯੋ ਮੈਂ ਸੁ ਉਦਰ ਨਹਿਂ ਪਾਚਾ[4]॥੪੧॥ਗੁਰੁ ਅਰੁ ਮਾਸ ਚਿਤਵਨਾ ਚਿਤ ਮੈਂ।ਦੁਖ ਤੇ ਹੋਤਿ ਭਯੋ ਤਬਿ ਮ੍ਰਿਤੁ ਮੈਂ।ਮਾਸ ਦੋਸ਼ ਤੇ ਧਰਿ ਤਨ ਸ਼ੇਰ।ਗੁਰੁ ਚਿਤਵਤਿ ਫਲ ਲਹਯੋ ਘਨੇਰ ॥੪੨॥ਆਪ ਆਨਿ ਕਰਿ ਮੁਝ ਕੋ ਮਾਰਾ।ਭਵ ਸਾਗਰ ਤੇ ਕੀਨਿ ਉਧਾਰਾ। ਤੂੰ ਬਡਭਾਗ ਦਰਸ ਕੋ ਪਾਵਤਿ। ਧਯਾਨ ਜੁਗੀਸ਼ਨਿ ਕੇ ਜੋ ਭਾਵਤਿ' ॥ ੪੩ ॥ ਇਮ ਕਹਿ ਸੁਰਗ ਬਿਖੈ ਚਲਿ ਗਯੋ। ਸੁਨਤਿ ਸ਼ਾਹ ਮਨ ਮੈਂ ਬਿਸਮਯੋ।ਰੂਪ ਅਕਾਰ ਨ[5] ਦੇਖਤਿ ਭਯੋ। ਜਨੁ ਤਰੁ ਬੋਲਤਿ ਇਮ ਸੁਨਿ ਲਯੋ ॥ ੪੪ ॥ ਸਤਿਗੁਰ ਕੀ ਮਹਿਮਾ ਬਡਿ ਜਾਨੀ। ਬਲੀ ਬੀਰ ਅਤਿ ਕੀਰਤਿ ਠਾਨੀ। 'ਕਰਾਮਾਤ ਸਾਹਿਬ ਗੁਰੁ ਗਾਦੀ। ਕਰੀ ਹਜ਼ਾ-ਰਨਿ ਕੇ ਘਟ ਸ਼ਾਦੀ ॥੪੫॥ ਬਡੇ ਬਹਾਦੁਰ ਗੁਰੁ ਬਲ ਭਾਰੀ। ਗੇਰਯੋ ਸ਼ੇਰ ਸਿਪਰ ਮੁਖ ਮਾਰੀ। ਜਥਾ ਡੀਲ ਤਿਮ ਆਯੁਧ ਧਾਰੀ। ਕੋਇ ਨ ਸਮਸਰ ਹੋਇ ਤੁਮਾਰੀ' ॥੪੬॥ਹਜ਼ਰਤਿ ਹਰਖਤਿ ਲੇ ਗੁਰੁ ਤੀਰ। ਸਨੇ ਸਨੇ ਹਟਿ ਗਮਨੇ ਧੀਰ। ਰੂਪ ਬਿਲੋਕਤਿ ਸੁਜਸੁ ਬਖਾਨਤਿ। ਗੁਰੁ ਬੋਲਤਿ ਸੁਨਿ ਪੁਨ ਸਨਮਾਨਤਿ॥੪੭॥ਪੁਰਿ ਕੇ ਨਿਕਟ ਗਏ ਜਿਹ ਸਮੋ।ਸ਼ਾਹੁ ਬੰਦਿ ਕਰ ਕੀਨੀ ਨਮੋ। ਸਤਿਗੁਰੁ ਨਿਜ ਡੇਰੇ ਕੋ ਆਏ।ਸ਼ਾਹੁ ਦੁਰਗ ਪ੍ਰਵਿਸ਼ਯੋ ਨਿਜ ਥਾਏ॥੪੮॥ਸਭਿ ਉਮਰਾਵ ਜਿਨਹੁੰ ਗੁਰੁ ਦੇਖੇ। ਆਪਸ ਮਹਿਂ ਜਸੁ ਕਰਤਿ ਵਿਸ਼ੇਖੇ। 'ਬਲੀ ਬਹਾਦੁਰ ਬੀਰ ਬਿਲੰਦ। ਉਤਰਿ ਕੇਹਰੀ ਕਰਯੋ ਨਿਕੰਦ॥੪੯॥ਕਰਿ ਬਹਾਦੁਰੀ ਸ਼ਾਹੁ ਦਿਖਾਈ। ਕੀਰਤਿ ਆਪ ਬਦਨ ਤੇ ਗਾਈ[6]'। ਖਾਨ ਪਾਨ ਕਰਿ ਖਿਲਕਤ ਸਾਰੀ। ਸੁਪਤਿ ਜਥਾ ਸੁਖ ਨਿਸਾ ਗੁਜ਼ਾਰੀ ॥ ੫੦ ॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰਾਸੇ 'ਕੇਹਰਿ ਨਿਕੰਦਨ' ਪ੍ਰਸੰਗ ਬਰਨਨੰ ਨਾਮ

[1]ਪਿਤਾ। [2]ਨਿੰਦਾ। [3](ਮੇਰੀ) ਸੜੀ ਮਤ ਨੇ। [4]ਨਾ ਪਚਿਆ। [5]ਨਾ ਰੂਪ ਤੇ ਨਾ ਆਕਾਰ। [6]ਕਹੀ ਹੈ ਆਪ (ਸ਼ਾਹ ਨੇ ਗੁਰੂ ਜੀ ਦੀ)।

ਪੰਚ ਪੰਚਾਸਤਿ ਅੰਸੂ ॥ ੫੫ ॥

੫੬. [ਦਿੱਲੀ ਤੋਂ ਕੂਚ]।

ਦੋਹਰਾ ॥ ਬੀਤਿ ਗਈ ਸੋ ਜਾਮਨੀ ਕੀਨੇ ਸੌਚ ਸ਼ਨਾਨ।ਬਸਤ੍ਰ ਸ਼ਸਤ੍ਰ ਗੁਰੁ ਪਹਿਰ ਕਰਿ ਬੈਠੇ ਲਾਇ ਦਿਵਾਨ ॥੧॥ ਚੌਪਈ ॥ ਹਾਨਨਿ ਪੰਚਾਨਨ ਕੋ ਕਾਨਨਿ[1]। ਕੋ ਆਨਨ ਭਨਿ ਕੋ ਸੁਨਿ ਕਾਨਨਿ[2]। ਸੁਧਿ ਹਿਤ ਆਇ ਸਿੱਖ ਪੁਰਿ ਬਾਸੀ। ਦੇਖਤਿ ਦਰਸ਼ਨ ਬੈਠੇ ਪਾਸੀ ॥੨॥ ਬੂਝਤਿ ਭੇ ਪ੍ਰਸੰਗ ਜਿਮ ਭਯੋ। 'ਕੇਹਰਿ ਬਲੀ ਆਪਿ ਹਤਿ ਦਯੋ। ਸੁਖ ਸਰੀਰ ਸਾਰੇ ਪਰ ਰਹ੍ਯੋ? ਨਖ ਕੋ ਘਾਤ ਨਹੀਂ ਕਿਤ ਲਹ੍ਯੋ?'॥੩॥ਢਿਗ ਮਸੰਦ ਨੇ ਸਕਲ ਸੁਨਾਈ। 'ਜੰਬੁਕ[3] ਸਮ ਸੁਖੇਨ ਲਿਯ ਘਾਈ'। ਇਤਨੇ ਮਹਿੰ ਵਜ਼ੀਰ ਖਾਂ ਆਯੋ। ਹਾਥ ਜੋਰਿ ਕਰਿ ਸੀਸ ਨਿਵਾਯੋ॥੪॥ਬੈਠ੍ਯੋ ਨਿਕਟ ਸੁਜਸੁ ਬਹੁ ਕਹ੍ਯੋ।'ਸ਼ਾਹੁ ਆਪਿ ਢਿਗ ਆਵਨਿ ਚਹ੍ਯੋ ।–ਸ੍ਰੀ ਸਤਿਗੁਰ ਡੇਰੇ ਬਿਚ ਰਹੋ। ਨਹਿੰ ਆਗਵਨ ਇਹਾਂ ਕੋ ਚਹੋ–॥੫॥ ਤਿਮ ਕਹਿ ਮੋਕਹੁ ਪਠ੍ਯੋ ਅਗਾਰੀ। ਭਯੋ ਪ੍ਰਸੰਨ ਹੇਰਿ ਬਲ ਭਾਰੀ'।ਬੈਠਿ ਰਹ੍ਯੋ ਕਹਿ ਗੁਰੂ ਸਮੀਪ। ਉਤ ਭਾ ਤ੍ਯਾਰਿ ਤੁਰਕ ਅਵਨੀਪ[4]॥੬॥ਚਲਿ ਮਜਨੂੰ ਕੇ ਆਇ ਸਥਾਨ। ਗੁਰੁ ਕਰਿਵਾਇਸਿ ਫਰਸ਼ ਮਹਾਨ।ਕਰਿ ਡਸਵਾਵਨਿ ਬਡਿ ਮਸਨੰਦ[5]। ਧਰਿ ਪਾਛੇ ਉਪਧਾਨੁ[6] ਬਿਲੰਦ ॥੭॥ ਗਾਦੀ ਪਰ ਬੈਠੇ ਗੁਰੁ ਪੂਰੇ। ਚਾਮਰ ਚਲਹਿ ਚਲਾਚਲ[7] ਰੂਰੇ। ਬਡੋ ਦਿਵਾਨਿ ਲਗ੍ਯੋ ਤਿਹ ਸਮੋ।ਆਨਿ ਅਨੇਕ ਠਾਨਿ ਤੇ ਨਮੋ॥੮॥ ਜਹਾਂਗੀਰ ਜਬਿ ਬੈਠੇ ਹੇਰੇ।ਹਯ ਤੇ ਉਤਰਿ ਆਇ ਤਬਿ ਨੇਰੇ।ਕਰਿ ਅਭਿਬੰਦਨ ਬੈਠ੍ਯੋ ਪਾਸ। ਕਹਿ ਅਖੇਰ ਕੇ ਬਾਕ ਬਿਲਾਸ ॥੯॥ 'ਕੇਹਰਿ ਬਲੀ ਆਪਿ ਨੇ ਮਾਰਾ। ਪੁਨ ਬ੍ਰਿਤੰਤ ਤਿਨ[8] ਅਪਨਿ ਉਚਾਰਾ। ਸਾਹਿਬ ਕਰਾਮਾਤ ਗੁਰੁ ਗਾਦੀ। ਸਿੱਖਨਿ ਦਿਯੋ ਗ੍ਯਾਨ ਅਹਿਲਾਦੀ' ॥੧੦॥ ਸ੍ਰੀ ਹਰਿਗੋਵਿੰਦ ਸੁਨਤਿ ਉਚਾਰਾ। 'ਜੀਤਿ ਸਮੇਂ ਜਿਸ ਜਸ ਮਨ ਧਾਰਾ[9]। ਪਾਇ ਜੂਨ ਤਸ ਕਰਮ ਅਧੀਨ। ਭੋਗਤਿ ਦੁਖ ਸੁਖ ਕੋ ਜਿਮ ਕੀਨ[10]'॥੧੧॥ ਘਟਿਕਾ ਏਕ ਬੈਠਿ ਕਰਿ ਸ਼ਾਹੂ। ਗਮਨ੍ਯੋ ਪੁਨ ਉਰ ਧਾਰਿ ਉਮਾਹੂ।ਇਸ ਪ੍ਰਕਾਰ ਬੀਤੇ ਦਿਨ ਕੇਤੇ। ਸਤਿਗੁਰੁ ਨਿਜ ਸਿੱਖਨਿ ਸੁਖ ਦੇਤੇ ॥ ੧੨ ॥ ਪੁਰਿ ਤੇ ਸਿਖ ਸੰਗਤਿ ਚਲਿ ਆਵੈਂ।ਭਏ ਬਿਲੋਚਨ ਕੋ[11] ਫਲ ਪਾਵੈਂ।ਚੰਦ

---

[1]ਮਾਰਨਾ ਸ਼ੇਰ ਦਾ ਬਣ ਵਿਚ। [2]ਕਿਸੇ ਕਿਹਾ ਮੂੰਹੋਂ, ਕਿਸੇ ਸੁਣਿਆਂ ਕੰਨੀਂ। [3]ਗਿੱਦੜ। [4]ਭਾਵ ਜਹਾਂਗੀਰ। [5]ਗੱਦੀ। [6]ਸਿਰਹਾਣਾ। [7]ਚੰਚਲ। [8]ਭਾਵ ਸ਼ੇਰ ਨੇ। [9]ਜਿਸ ਨੇ ਜਿਹੋ ਜਿਹਾ ਮਨ ਵਿਚ ਧਾਰਿਆ ਹੈ। [10]ਜਿਵੇਂ (ਕਰਮ) ਕੀਤਾ। [11]ਨੇਤ੍ਰਾਂ ਦੇ ਹੋਣ ਦਾ।

ਬਦਨ ਕੋ ਦਰਸ਼ਨ ਕਰਿ ਕਰਿ। ਬੈਠਤਿ ਨਿਕਟ ਅਨੰਦ ਉਰ ਭਰਿ ਭਰਿ ॥੧੩॥ ਕਮਲ ਪਾਂਖਰੀ ਆਂਖਿ ਬਿਸਾਲੇ। ਤੀਖਨ ਕੋਰ ਬਾਨ ਅਨਿ-ਯਾਲੇ[1]। ਦਰਸ਼ਨ ਕਰਹਿੰ ਕਾਮਨਾ ਪਾਵੈਂ। ਅਨਿਕ ਅਕੋਰਨਿ ਕੋ ਅਰ-ਪਾਵੈਂ ॥੧੪॥ ਇਸ ਪ੍ਰਕਾਰ ਸਿੱਖੀ ਬਿਸਤਾਰੀ। ਕਰਨਿ ਪਯਾਨ ਸ਼ਾਹੁ ਭਾ ਤਯਾਰੀ। ਪਠਯੋ ਵਜ਼ੀਰਖਾਨ ਕੋ ਤਬੈ। ਕਰਿ ਬੰਦਨ ਪ੍ਰਸੰਗ ਕਹਿ ਸਬੈ ॥੧੫॥ 'ਹਜ਼ਰਤਿ ਚਹੀ ਕਰਨਿ ਅਸੁਵਾਰੀ। ਕਹਯੋ ਆਪ ਸੋਂ-ਕੀਜਹਿ ਤਯਾਰੀ। ਨਗਰ ਆਗਰੇ ਚਲਿ ਕਰਿ ਥਿਰੈਂ। ਕੇਤਿਕ ਦਿਨ ਬਿਲਾਸ ਤਹਿੰ ਕਰੈਂ॥੧੬॥ਕਰਹੁ ਆਪਿ ਭੀ ਸੈਲ ਘਨੇਰੇ-।ਸ਼ਾਹੁ ਚਹਤਿ ਹੈ ਮੇਲ ਬਡੇਰੋ। ਖੇਲਹੁ ਮਿਲਿ ਅਖੇਰ ਬਿਧਿ ਨਾਨਾ। ਬਨ ਉਪਬਨ[2]ਕੋ ਪਿਖਹੁ ਮਹਾਨਾ ॥੧੭॥ ਕਹਯੋ ਸ਼ਾਹੁ ਮਨ ਪ੍ਰੇਮੀ ਹ੍ਵੈ ਕੈ।ਗਮਨਹੁ ਸੰਗ ਕ੍ਰਿਪਾ ਨਿਜ ਕੈ ਕੈ-'। ਇੱਤਯਾਦਿਕ ਕਹਿ ਕੀਨੇ ਤਯਾਰਿ।ਭਏ ਸਾਥਿ ਸਤਿਗੁਰੁ ਅਸਵਾਰੁ ॥੧੮॥ ਗਮਨੇ ਪੰਥ ਆਗਰੈ ਚਲੇ। ਹਿਤ ਅਖੇਰ ਹਜ਼ਰਤ ਕਬਿ ਮਿਲੇ। ਹਨਹਿੰ ਮ੍ਰਿਗਨਿ ਕਹੁ ਅਧਿਕ ਧਵਾਇ। ਦੇਖਤਿ ਓਜ ਸ਼ਾਹੁ ਹਰਖਾਇ ॥੧੯॥ ਇਮ ਕ੍ਰਮ ਕ੍ਰਮ ਤੇ ਪਹੁੰਚੇ ਜਾਈ। ਥਿਰੇ ਆਗਰੇ ਪਿਖਿ ਸ਼ੁਭ ਥਾਈ।ਕਬਿ ਕਬਿ ਮਿਲਹਿੰ ਨਿਕਟ ਬੁਲਵਾਵਹਿੰ।ਹੋਇ ਏਕਠੇ ਵਹਿਰ ਸਿਧਾਵਹਿੰ॥੨੦॥ਇਕ ਦਿਨ ਕਿਸ ਕੇ ਮੁਖ ਤੇ ਸੁਨਯੋ। ਗੁਰ ਕੋ 'ਸਚੁ ਪਤਿਸ਼ਾਹੁ' ਸੁ ਭਨਯੋ। ਜਹਾਂਗੀਰ ਉਰ ਸੰਸੈ ਭਯੋ।-ਮੁਝ ਤੇ ਭੀ ਊਚੋ ਪਦ ਥਿਯੋ-॥੨੧॥ ਰਹਯੋ ਗਿਨਤਿ ਚਿਤ ਮਹਿ ਅਧਿਕਾਯੋ।-ਇਹ ਕਿਮ ਨਾਮ ਅਪਨਿ ਧਰਵਾਯੋ। ਸਾਚੋ ਪਾਤਿਸ਼ਾਹੁ ਨਰ ਕਹੈਂ। ਇਤੀ ਜਿਠਾਈ[3] ਕਯੋਂ ਕਰਿ ਲਹੈਂ-॥੨੨॥ ਏਕ ਦਯੋਸ ਪੁਨ ਚਢੇ ਸ਼ਿਕਾਰ। ਭਯੋ ਮੇਲ ਬੋਲਯੋ ਹਿਤ ਧਾਰਿ। 'ਸੁਨਯੋ ਜਗਤ ਮਹਿਂ ਨਾਮ ਤੁਹਾਰਾ।ਕਹਿਂ-ਸਾਚਾ ਪਤਿਸ਼ਾਹੁ-ਉਦਾਰਾ॥੨੩॥ ਗੁਰੂ ਨਾਮ ਤੁਮ ਕੋ ਬਨਿ ਆਵੈ। ਜਥਾ ਪ੍ਰਥਮ ਹੀ ਬਿਧਿ ਕਹਿਵਾਵੈਂ"। ਸੁਨਿ ਬੋਲੇ ਸ਼੍ਰੀ ਹਰਿਗੋਵਿੰਦ। 'ਐਸੇ ਨਾਮ ਜਿ ਕਹਿੰ ਜਗ ਬ੍ਰਿੰਦ ॥੨੪॥ ਅਰ-ਪਹਿੰ ਭੇਟ ਆਇ ਦਰਸੈ ਹੈਂ। ਦੂਰਿ ਦੂਰਿ ਤੇ ਸੰਗਤਿ ਐਹੈ। ਹਮ ਨਹਿੰ ਕਿਸ ਕੋ ਕਹੈਂ ਕਦਾਈ। ਆਪਹਿ ਨਾਮ ਧਰੈਂ ਸਮੁਦਾਈ'॥੨੫॥ ਜਹਾਂਗੀਰ ਕੋ ਕਹਿ ਸਮੁਝਾਯੋ। ਤਊ ਨ ਨਿਸ਼ਚੇ ਤਿਸ ਉਰ ਆਯੋ। ਸ਼੍ਰੀ ਗੁਰੁ ਜਾਨਿ ਲੀਨਿ ਮਨ ਕੇਰੀ।-ਲਖਿ ਨ ਸਕਹਿ ਬਿਨੁ ਲੋਚਨ ਹੇਰੀ-॥੨੬॥ ਬਿਪਨ

[1]ਨੇਤ੍ਰਾਂ ਦੇ ਕੋਨੇ ਮਾਨੋ ਬਾਣ ਹਨ ਤਿੱਖੀ ਚੁੰਝ ਵਾਲੇ। [2]ਬਾਗ। [3]ਵਡਿਆਈ।

ਸ਼ਿਕਾਰ ਖੇਲਿ ਕਰਿ ਆਏ। ਧਨੁ ਤਰਕਸ਼, ਕਟ ਖੜਗ ਸੁਹਾਏ। ਸੰਗਤਿ ਅਧਿਕ ਆਗਰੇ ਨਗਰ। ਹਿਤ ਗੁਰੁ ਦਰਸ਼ਨ ਆਏ ਸਗਰ॥੨੭॥ ਉੱਤਮ ਅਨਿਕ ਅਕੋਰਿਨ ਲਜਾਏ। ਪੰਚਾਂਮ੍ਰਿਤ ਕਰਿ ਕੈ ਸਮੁਦਾਏ। ਮਨੋ-ਕਾਮਨਾ ਜਿਮ ਕਰਿ ਆਵੈਂ। ਦਰਸ਼ਨ ਕਰੇ ਗੁਰੂ ਕੇ, ਪਾਵੈਂ ॥ ੨੮ ॥ ਸੁੰਦਰ ਡੀਲ ਬਿਲੰਦ ਸੁਸ਼ੀਲਾ। ਮੁਖ ਮੰਡਲ ਜਨੁ ਚੰਦ ਛਬੀਲਾ। ਭੁਜਾ ਪ੍ਰਲੰਬ-ਤਿ ਆਯੁਤ[1] ਛਾਤੀ। ਦਿਪਤਿ ਦਸਨ ਜਨੁ ਹੀਰਨਿ ਪਾਂਤੀ[2] ॥ ੨੯ ॥ ਕ੍ਰਿਪਾ ਭਰੇ ਅਰਬਿੰਦ ਬਿਲੋਚਨ। ਪਿਖਹਿਂ ਕਟਾਖਨਿ ਬੰਧਨਿ ਮੋਚਨ। ਇੱਤ੍ਯਾਦਿਕ ਸੁੰਦਰਤਾ ਸਾਰੀ। ਮਹਾਂਰਾਜ ਕੇ ਲੱਛਣ ਭਾਰੀ ॥੩੦॥ ਕਰਿ ਦਰਸ਼ਨ ਸੰਗਤਿ ਹਰਖਾਵੈ। ਜੋਧਾ ਗੁਰੂ ਬਿਲੰਦ ਸੁਹਾਵੈ॥ 'ਇਹ ਘਾਲਹਿਂ-ਗੇ ਕਬਿ ਘਮਸਾਨਾ। ਮਹਾਂਬੀਰ ਕਰਿ ਹੈਂ ਰਿਪੁ ਹਾਨਾ'॥੩੧॥ਇੱਤਿ੍ਯਾਦਿਕ ਜਸੁ ਕੋ ਬਿਸਤਾਰੈਂ। ਬਾਰਿ ਬਾਰਿ ਗੁਰ ਰੂਪ ਨਿਹਾਰੈਂ। ਕੁਸ਼ਲ ਪ੍ਰਸ਼ਨ ਗੁਰੁ ਸਭਿ ਸੋਂ ਕਰੈਂ। ਕ੍ਰਿਪਾ ਦ੍ਰਿਸ਼ਟਿ ਦਾਸਨਿ ਪਰਿ ਧਰੈਂ॥੩੨॥ਨਿਕਟਿ ਨਿਕਟਿ ਕੇ ਪੁਰਿ ਅਰੁ ਗ੍ਰਾਮੂ। ਆਵੈਂ ਸੁਨਤਿ ਸੁਜਸੁ ਅਭਿਰਾਮੂ। ਸਿੱਖ੍ਯ ਸੈਂਕਰੇ ਬਨਹਿਂ ਨਵੀਨ। ਲੋਕ ਪ੍ਰਲੋਕ ਸ਼੍ਰੇਯ ਕੋ ਚੀਨ ॥੩੩॥ ਦਿਨ ਪ੍ਰਤਿ ਰਹਤਿ ਅਧਿਕ ਹੀ ਮੇਲੇ। ਦਰਸ਼ਨ ਕਰਿ ਕਰਿ ਹੋਹਿਂ ਸੁਹੇਲੇ। ਮਨੋ ਕਾਮਨਾਂ ਗੁਰੁ ਤੇ ਪਾਵੈਂ। ਜਹਿਂ ਕਹਿਂ ਗਮਨਹਿਂ ਜਸ ਬਿਦਤਾਵੈਂ ॥ ੩੪ ॥ ਬਹੁਰੋ ਇਕ ਦਿਨ ਚਢੇ ਸ਼ਿਕਾਰ। ਜਹਾਂਗੀਰ ਹ੍ਵੈ ਕਰਿ ਅਸੁਵਾਰ। ਕਹਿ ਕਰਿ ਸਤਿ-ਗੁਰ ਸੰਗ ਚਢਾਏ। ਹਯਨਿ ਕੁਦਾਵਤਿ ਚਲੇ ਅਗਾਏ ॥੩੫॥ ਸ਼੍ਰੀ ਹਰਿ-ਗੋਵਿੰਦ ਦੂਸਰਿ ਸ਼ਾਹੂ। ਦੋਨਹੁ ਅਸੁ ਪਰ ਗਮਨਤਿ ਰਾਹੂ। ਕਾਨਨ ਚਲੇ ਜਾਤਿ ਉਤਸਾਹੂ। ਭਨਤਿ ਸੁਨਤਿ ਬਚ ਆਪਸਿ ਮਾਂਹੂ ॥੩੬॥ ਜਹਾਂ ਮ੍ਰਿਗਨਿ ਕੋ ਅਧਿਕ ਬਸੇਰੋ। ਲਿਏ ਜਾਤਿ ਭੇਤੀ ਜਿ ਅਗੇਰੋ। ਕੂਕਰ,ਚੀਤੇ, ਬਾਜ ਘਨੇਰੇ। ਬਹਰੀ,ਜੁੱਰਰੇ ਬੇਗ ਬਡੇਰੇ ॥ ੩੭ ॥ ਸੰਗਿ ਬਾਵਰੈਂ[3] ਲੇਤਿ ਸਿਧਾਏ। ਜਾਏ ਪ੍ਰਵੇਸ਼ੇ ਬਨ ਸਮੁਦਾਏ। ਸਤਿਗੁਰੁ ਅਰੁ ਹਜ਼ਰਤ ਇਕ ਸੰਗਿ। ਕਰੈਂ ਧਵਾਵਨਿ ਬੇਗ ਤੁਰੰਗ ॥੩੮॥ ਬਨ ਕੇ ਜੀਵ ਘੇਰਿ ਕਰਿ ਮਾਰਹਿਂ। ਨਿਕਸਹਿਂ ਅੱਗ੍ਰ ਨ ਜਿਯਤ ਸਿਧਾਰਹਿਂ। ਤੀਰਨਿ ਸੰਗਿ ਐਂਚਿ ਗੁਰੁ ਹਨੇ। ਜਹਾਂਗੀਰ ਸੰਘਾਰਤਿ ਘਨੇ ॥ ੩੯ ॥ ਸ੍ਵਾਨ ਗਹੈਂ ਅਰੁ ਚੀਤੇ ਛੋਰਹਿਂ। ਜਾਨਿ

---

[1]ਚੌੜੀ। [2]ਪੰਕਤੀ। [3]ਜਾਲ (ਅ) ਬਾਵਰੀਆ। ਇਕ ਨੀਚ ਜਾਤ ਜੋ ਜਾਲ ਨਾਲ ਸ਼ਿਕਾਰ ਫੜਦੇ ਹਨ [ਪੰਜਾਬੀ, ਬੌਰ=ਹਰਨ ਫੜਨ ਦਾ ਜਾਲ। ਬੌਰ ਤੋਂ ਬੌਰੀਆ, ਬਾਵਰੀਆ]।

ਨ ਦੇਤਿ ਫਾਂਧ ਕਰਿ ਦੌਰਹਿਂ। ਇਸ਼ ਬਿਧਿ ਕਰਿ ਅਖੇਰ ਕੋ ਨਾਨ। ਪਿਖਹਿਂ ਤਮਾਸ਼ੇ ਕਰਤਿ ਪਯਾਨਾ ॥ ੪੦ ॥ ਬਹੁਰਿ ਭਈ ਤੀਛਨ ਬਡ ਘਾਮ। ਚਾਹਤਿ ਉਤਰਨਿ ਹਿਤ ਬਿਸਰਾਮ। ਬਨ ਕੋ ਛੋਰਤਿ ਹਟੇ ਪਿਛੇਰੇ।ਹੇਰਤਿ ਛਾਯਾ ਸਘਨ ਘਨੇਰੇ ॥੪੧॥ ਦੇਖਿ ਸਥਾਨ ਰੁਚਿਰ ਤਰੁ ਤਰੇ। ਉਤਰਯੋ ਸ਼ਾਹੁ ਖੇਦ[1] ਪਰਹਰੇ। ਤਿਸਤੇ ਕਿਤਿਕ ਦੂਰਿ ਗੁਰੁ ਥਿਰੇ। ਤਰੇ ਤਰੋਵਰ ਕੇ ਸੁਖ ਕਰੇ ॥ ੪੨ ॥ ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰਾਸੇ 'ਦਿੱਲੀ ਤੇ ਕੂਚ ਕਰਨਿ' ਪ੍ਰਸੰਗ ਬਰਨਨੰ ਨਾਮ ਖਟ ਪੰਚਾਸਤਿ ਅੰਸੂ ॥ ੫੬ ॥

੫੭. [ਸੱਚਾ ਪਾਤਸ਼ਾਹ। ਘਾਹੀ]।

ਦੋਹਰਾ ॥ ਸ਼ਾਹੁ ਤਰੋਵਰ ਕੇ ਤਰੇ ਅਲਪ ਨਰਨਿ ਤਿਹ ਸਗ। ਬੈਠਯੋ ਹਿਤ ਬਿਸਰਾਮ ਕੇ ਖਰੋ ਸਮੀਪ ਤੁਰੰਗ ॥੧॥ ਚੌਪਈ ॥ ਤੈਸੇ ਕਿਤਿਕ ਦੂਰ ਗੁਰ ਥਿਰੇ। ਘਾਮ[2] ਤਪਤ ਨਿਰਵਾਰਨਿ ਕਰੇ। ਤਹਿਂ ਇਕਿ ਘਾਹੀ ਚਲਿ ਕਰਿ ਆਯਹੁ। ਘਾਸ ਖੁਰਚਬੇ ਹਿਤ ਲਲਚਾਯਹੁ॥ ੨ ॥ ਆਵਤਿ ਸੁਨਯੋ-ਗੁਰੂ ਇਤ ਆਏ।ਹਿਤ ਸ਼ਿਕਾਰ ਕੇ ਅੱਗ੍ਰ ਸਿਧਾਏ-।ਹਰਖਯੋ-ਮੈਂ ਇਤ ਦਰਸ਼ਨ ਪਾਊਂ। ਮਨੋ ਕਾਮਨਾ ਸਭਿ ਪੁਰਵਾਊਂ[3] ॥ ੩ ॥ ਸੰਗ ਨਰਨਿ ਕੀ ਭੀਰ ਨ ਕੋਈ। ਮਸਤਕ ਟੇਕੋਂ ਦਰਸ਼ਨ ਹੋਈ। ਹਾਥ ਜੋਰਿ ਮੈਂ ਅਰਜ਼ ਗੁਜਾਰੌਂ। ਮਨ ਤਨ ਕੇ ਦੁਖ ਸਭਿ ਨਿਰਵਾਰੌਂ-॥ ੪ ॥ ਇਮੰ ਚਿਤਵਤਿ ਚਲਿ ਕਰਿ ਤਹਿਂ ਆਯਹੁ।ਜਹਾਂਗੀਰ ਜਹਿਂ ਥਿਰ ਸੁਖ ਪਾਯਹੁ। ਬੂਝਨਿ ਲਗਯੋ 'ਸਾਚ ਪਤਿਸ਼ਾਹੁ।ਕਿਤ ਉਤਰਯੋ ਕਹੀਅਹਿ ਮੁਝ ਪਾਹੁ?'॥੫॥ਸ਼ਾਹੁ ਨਰਨਿ ਕੁਛ ਸਮਝਯੋ ਨਾਂਹੀ।ਜਾਨਯੋ ਹਜ਼ਰਤਿ ਹੇਰਨਿ ਚਾਹੀ। ਦਿਯੋ ਬਤਾਇ 'ਅਮਕ ਤਰੁ ਤਰੇ।ਛਾਯਾ ਸਘਨ ਬਿਖੈ ਤਹਿਂ ਥਿਰੇ'॥੬॥ਇਮ ਹੀ ਬੂਝਤਿ ਪਹੁੰਚਯੋ ਜਾਇ। ਜਹਾਂਗੀਰ ਬੈਠਯੋ ਜਿਸ ਥਾਇਂ। ਬਰਜਨ ਵਾਰੋ[4] ਨਰ ਜਹਿਂ ਖਰੋ। ਤਿਸ ਢਿਗ ਜਾਇ ਬੂਝਬੋ ਕਰੋ ॥੭॥ 'ਬੈਠਯੋ ਜਹਿਂ ਸਾਚੋ ਪਤਿਸ਼ਾਹੂ। ਭੇਟ ਚਢਾਵਨਿ ਚਾਹਤਿ ਪਾਹੂ'।ਸ਼ਾਹ ਸਮੁਖ ਦੇਖਤਿ ਇਮ ਕਹਯੋ।'ਆਵਨਿਦੇਹੁ ਕਹਾਂ ਇਨ ਲਹਯੋ[5]'॥੮॥ਕਿਨਹੁ ਨ ਬਰਜਯੋ ਰੁਖ਼ ਕੋ ਹੇਰੇ। ਕਰ ਧਰਿ ਟਕਾ ਗਯੋ ਤਬਿ ਨੇਰੇ। ਬੇਖ ਸਰੂਪ ਦੇਖਿ ਸੋ ਘਾਹੀ[6]।ਅਧਿਕ ਅਨੰਦ ਧਾਰਿ ਉਰ ਮਾਂਹੀ॥੯॥ਆਗੇ ਟਕਾ ਰਾਖਿ ਨਿਜ ਕਰ ਤੇ।ਬੰਦਨ ਕਰੀ ਨੰਮ੍ਰਿ ਹੁਇ ਸਿਰ ਤੇ। ਹਾਥ ਜੋਰਿ ਪੁਨ ਅਰਜ਼ ਗੁਜ਼ਾਰੀ।'ਸਾਚੋ ਪਾਤਸ਼ਾਹੁ,ਗੁਰੁ ਭਾਰੀ!॥੧੦॥

[1]ਥਕਾਨ। [2]ਧੁੱਪ ਦੀ। [3]ਪੂਰੀ ਕਰਵਾਵਾਂਗਾ। [4]ਰੋਕਣ ਵਾਲਾ। [5]ਇਹ ਕੀ ਜਾਣਿਆਂ ਚਾਹੁੰਦਾ ਹੈ। [6](ਸ਼ਾਹ ਦਾ) ਭੇਖ ਸਰੂਪ ਦੇਖਕੇ।

ਦਰਸ਼ਨ ਕੀ ਅਭਿਲਾਖ ਘਨੇਰੀ। ਸੁਨਹੁ ਸ਼੍ਰੋਨ ਦੇ ਬਿਨਤੀ ਮੋਰੀ॥–ਦੀਨ ਦੁਨੀ ਕੋ ਮਾਲਿਕ ਅਹੈਂ।ਸਾਚੋ ਪਾਤਿਸ਼ਾਹੁ–ਇਮ ਕਹੈਂ॥੧੧॥ਦਾਸ ਗਰੀਬ ਜਾਨਿ ਕਰਿ ਮੋਹੀ। ਬਨਹੁ ਸਹਾਇ ਮ੍ਰਿਤੁ ਜਬਿ ਹੋਹੀ। ਅਪਰ ਕਾਮਨਾ ਕੋਇ ਨ ਨਾਥ।ਜਮ ਤੇ ਰਾਖਹੁ ਦੇ ਕਰਿ ਹਾਥ' ॥੧੨॥ ਜਹਾਂਗੀਰ ਸੁਨਿਕੈ ਬਿਸਮਾਯੋ।–ਗੁਰੂ ਜਾਨਿ ਮੋਕਹ ਇਹ ਆਯੋ। ਮੋ ਮਹਿ ਕਹਾਂ ਸ਼ਕਤਿ ਹੈ ਐਸੇ।ਰੱਛਾ ਕਰੋਂ ਪਲਤਿ[1]ਮਹਿੰ ਜੈਸੇ ॥੧੩॥ ਦੁਨੀਆਂ ਮਹਿਂ ਕਰਿਬੇ ਸਮ-ਰੱਥ।ਨਹੀਂ ਦੀਨ ਕੁਛ ਹਮਰੇ ਹੱਥ।ਸ਼੍ਰੀ ਹਰਿਗੋਵਿੰਦ ਮੁਝ ਕੋ ਜਾਨਾ।ਯਾਂਤੇ ਇਸ ਬਿਧਿ ਬਾਕ ਬਖਾਨਾ ॥੧੪॥ ਦੀਨ ਦੁਨੀ ਜੋ ਕਰਹਿ ਸਹਾਇ। ਸਚ ਪਤਿਸ਼ਾਹਿਤ ਤਿਸ ਬਨਿਆਇ। ਗੁਰੂ ਕਹਤਿ ਥੇ ਜੋ ਮਮ ਪਾਸ। ਕਰਹਿਂ ਆਪ ਨਰ ਨਾਮ ਪ੍ਰਕਾਸ਼॥੧੫॥ਹਮ ਨਹਿਂ ਕਿਸ ਕੇ ਸੰਗ ਬਖਾਨਹਿਂ। ਸਾਚੋ ਪਾਤਿਸ਼ਾਹੁ ਜਗੁ ਜਾਨਹਿਂ। ਕਹੈਂ ਆਪ ਹੀ ਤੇ ਇਹ ਨਾਮੂ।ਬਿਦਤਯੋ ਸਗਰੇ ਪੁਰਿ ਅਰੁ ਗ੍ਰਾਮੂ ॥੧੬॥ ਇਹ ਕਹਿਬੋ ਗੁਰ ਕੋ ਸਭਿ ਸਾਚਾ। ਲਗਨਿ ਨ ਦੇਤਿ ਦਾਸ ਦੁਖ ਆਂਚਾ[2]–। ਇਮ ਚਿਤ ਮਹਿਂ ਚਿਤਵਤਿ ਭਾ ਸ਼ਾਹੂ। ਗੁਰ ਨਿਸ਼ਚੈ[3]ਹੋਯਹੁ ਉਰ ਮਾਂਹੂ॥੧੭॥'ਘਾਹੀ ਸੁਨਿ[4]'ਤਬਿ ਕਹਯੋ ਸੁਨਾਈ।'ਹਮ ਦੁਨੀਆਂ ਕੇ ਸ਼ਾਹੁ ਕਹਾਈਂ।ਅੰਤਕਾਲਹੂੰ ਨਹੀਂ ਸਹਾਇ।ਤਹਿਂ ਕੁਛ ਹਮਰੇ ਬਸ ਨ ਬਸਾਇ ॥੧੮॥ਸਾਚੋ ਸ਼ਾਹੁ ਗੁਰੂ ਜਿਸ ਕਹੈਂ। ਅਪਰ ਥਾਨ ਸੋ ਉਤ-ਰਯੋ ਅਹੈ। ਤਿਨ ਢਿਗ ਪਹੁੰਚਹੁ ਅਰਜ਼ ਗੁਜ਼ਾਰੋ। ਰਿਦੇ ਮਨੋਰਥ ਕੋ ਤਹਿਂ ਸਾਰਹੁ'॥੧੯॥ਇਮਸੁਨਿ ਟਕਾ ਉਠਾਇ ਸੁ ਘਾਹੀ।ਗਮਨਯੋ ਅਪਰ ਨਰਨਿ ਕੇ ਪਾਹੀ। 'ਸ਼੍ਰੀ ਹਰਿ ਗੋਵਿੰਦ ਸਚ ਪਤਿਸ਼ਾਹੂ। ਉਤਰੇ ਕਹਾਂ? ਦੇਖਿਬੇ ਚਾਹੂ ॥ ੨੦ ॥ ਮੋਹਿ ਬਤਾਵਹੁ ਸੋ ਇਸ ਥਾਨ। ਬਿਦਤ ਗਰੀਬ ਨਿਵਾਜ ਮਹਾਨ'। ਸੁਨਿ ਲੋਕਨਿ ਗੁਰੁ ਥਾਨ ਬਤਾਯੋ। ਜਹਿਂ ਤਰੁ ਛਾਯ ਅਰਾਮ ਸੁ ਪਾਯੋ ॥ ੨੧ ॥ ਪਹੁੰਚਯੋ ਜਾਇ ਦਰਸ ਕੋ ਕਰਿਕੈ। ਬੰਦਨ ਕੀਨਿ ਧਰਨਿ ਸਿਰ ਧਰਿ ਕੈ। ਟਕਾ ਰਾਖਿ ਕਰਿ ਅਰਜ਼ ਗੁਜ਼ਾਰੀ। 'ਮੈਂ ਆਯਹੁ ਗੁਰੂ ਸ਼ਰਨਿ ਤੁਮਾਰੀ ॥੨੨॥ ਅੰਤਕਾਲ ਮਹਿਂ ਬਨਹੁ ਸਹਾਈ। ਜਮਦੂਤਨਿ ਤੇ ਲੇਹੁ ਬਚਾਈ। ਅਭਿਲਾਖਤਿ ਬਹੁ ਦਿਨ ਤੇ ਦਰਸ਼ਨ। ਆਜ ਭਾਗ ਬਡਿ ਤੇ ਭਾ ਪਰਸਨ ॥੨੩॥ ਨਾਮ ਗ਼ਰੀਬ ਨਿਵਾਜ ਤੁਮਾਰਾ। ਕਰਹੁ ਨਿਬਾਹਨ ਬਿਰਦ ਉਦਾਰਾ'। ਸੁਨਿ ਸਤਿਗੁਰੂ ਕ੍ਰਿਪਾਲ ਬਖਾਨਾ। 'ਸਿਮਰਹੁ ਸੱਤਿ-

[1]ਪ੍ਰਲੋਕ। [2]ਸੇਕ। [3](ਦਾ) ਭਰੋਸਾ। [4]ਹੇ ਘਾਹੀ ਸੁਣ।

ਨਾਮ ਕੱਲਜਾਨਾ[1] ॥ ੨੪ ॥ ਧਰਮ ਕਿਰਤ ਕਰਿ ਖਾਹੁ ਅਹਾਰਾ। ਇਨ ਦੋਇਨ ਤੇ ਸਦਾ ਸੁਖਾਰਾ। ਨਹਿਂ ਜਮਦੂਤ ਦੇਖਿਬੇ ਪਾਵਹਿਂ। ਕਰ ਦੇ ਕਰਿ ਸਤਿਗੁਰੂ ਬਚਾਵਹਿਂ' ॥੨੫॥ ਸੁਨਿ ਬੰਦਨ ਕਰਿ ਗਮਨਜੋ ਘਾਹੀ।ਅਧਿਕ ਅਨੰਦ ਧਾਰਿ ਉਰ ਮਾਂਹੀ। ਤਪਤ ਨਿਵਾਰੀ ਸਮਾਂ ਬਿਤਾਇ। ਚਢਜੋ ਸ਼ਾਹੁ ਸਤਿਗੁਰੂ ਬੁਲਾਇ ॥੨੬॥ ਮਹਿਮਾ ਮਹਾਂ ਮਾਨ ਕਰਿ ਮਨ ਮੈਂ। ਜਹਾਂਗੀਰ ਪ੍ਰੇਮੀ ਗੁਰ ਤਨ ਮੈਂ। ਦੇਖਤਿ ਨਿਕਟਿ ਤੁਰੰਗ ਚਲਾਵੈ। ਮੁਸਕਾਵਤਿ ਮੁਖ ਬਾਕ ਅਲਾਵੈ॥੨੭॥ ਸਨੈ ਸਨੈ ਪੁਰਿ ਮੈਂ ਚਲਿ ਗਏ। ਨਿਜ ਨਿਜ ਸਿਵਰ ਉਤਰਤੇ ਭਏ। ਸੁਖ ਸੋਂ ਨਿਸ ਦਿਨ ਕਿਤਿਕ ਬਿਤਾਏ। ਕਬਿ ਕਬਿ ਸ਼ਾਹੁ ਮਿਲਹਿ ਬਿਗਸਾਏ॥੨੮॥ਪੁਨ ਇਕ ਦਿਨ ਤੈਸੇ ਚਢਿ ਸ਼ਾਹੂ।ਗੁਰੂ ਬੁਲਾਏ ਪਠਿ ਨਰ ਪਾਹੂ। ਹੁਤੋ ਪ੍ਰਭਾਤ ਸਮੋ ਹੁਇ ਤਯਾਰ। ਜ਼ੀਨ ਤੁਰੰਗ ਸਜਿ ਭੇ ਅਸਵਾਰ॥੨੯॥ ਨਗਰ ਆਗਰੇ ਇਕ ਘਰ ਮਾਂਹੀ।ਸਿਖ ਕੀ ਸੁਤਾ ਅਸਿਖ ਕੇ ਬਯਾਹੀ। ਗੁਰੁ ਦਰਸ਼ਨ ਕੋ ਚਾਹਤਿ ਰਹੈ। ਪਤਿ ਸਸੁਰਾਰ[2] ਨ ਆਇਸੁ ਲਹੈ॥੩੦॥ਜਬਿ ਇਸ਼ਨਾਨ ਕਰਨਿ ਕਉ ਲਾਗਹਿ।ਮੁਖ ਤੇ ਇਮ ਕਹਿ ਮਨੁ ਅਨੁਰਾਗਹਿ।–ਸ਼੍ਰੀ ਗੁਰ ਸਾਚੇ ਜੇ ਕਰਿ ਅਹੈਂ। ਸਭਿ ਘਟ ਘਟ ਕੀ ਸੁਧਿ ਕੋ ਲਹੈਂ ॥ ੩੧ ॥ ਤੌਂ ਮਮ ਆਸਾ ਪੂਰਨ ਕਰੀਅਹਿ। ਅਪਨੇ ਦਰਸ਼ਨ ਇਹਾਂ ਦਿਖਰੀਅਹਿ–। ਇਸ ਬਿਧਿ ਬੋਲਤਿ ਲੇ ਕਰਿ ਨੀਰ। ਕਰਹਿ ਸੁ ਮੱਜਨ ਸੌਚ ਸ਼ਰੀਰ ॥੩੨॥ ਨਿਤਪ੍ਰਤਿ ਕਹਿਬੇ ਕੋ ਕਰਿ ਨੇਮ। ਚਾਹਤਿ ਦਰਸ਼ਨ ਮਨ ਮਹਿਂ ਪ੍ਰੇਮ। ਤਿਸ ਕੋ ਚਿਤਵਤਿ ਸਤਿਗੁਰੁ ਚਾਲੇ। ਕਰਤਿ ਨਿਬਾਹਨ ਬਿਰਦ ਬਿਸਾਲੇ॥ ੩੩ ॥ ਜਾਤਿ ਬੀਥਕਾ[3] ਤਿਸ ਘਰ ਜੋਈ।ਹਯ ਚਪਲਾਇ ਚਲਹਿਂ ਚਹਿ ਸੋਈ।ਲੇਕਰਿ ਜਲ ਕੋ ਹੇਤ ਸ਼ਨਾਨ। ਚਢੀ ਸਦਨ ਪਰ ਸਮਾਂ ਪਛਾਨ ॥ ੩੪ ॥ ਉਤ ਤੇ ਸਤਿਗੁਰ ਤਹਿਂ ਚਲਿ ਆਏ। ਤਿਸ ਕੇ ਸਦਨ ਜਬਹਿ ਨਿਯਰਾਏ। ਸਿਖ ਤਨੁਜਾ ਜਬਿ ਜਲ ਤਨ ਡਾਰਤਿ। ਜਿਮ ਨਿਤ ਬੋਲਤਿ ਤਥਾ ਉਚਾਰਤਿ ॥ ੩੫ ॥ 'ਜੇ ਸਾਚੋ ਗੁਰ ਅੰਤਰਜਾਮੀ। ਪੂਰਹਿਂ ਕਾਮਨਾ ਮਮ ਜਗਸ੍ਵਾਮੀ। ਇਹਾਂ ਆਇ ਦਰਸ਼ਨ ਦਿਖਰਾਵਹਿਂ। ਮੁਖ ਮੰਡਲ ਦੁਤਿ ਸਦਨ ਸੁਹਾਵਹਿਂ' ॥ ੩੬ ॥ ਸੁਨਿ ਸਤਿ ਗੁਰੁ ਨਿਜ ਸ਼੍ਰੌਨ ਮਝਾਰਾ। ਰੋਕਿ ਤੁਰੰਗਮ ਬਾਕ ਉਚਾਰਾ। 'ਸਮੈ ਸ਼ਨਾਨ ਬਖਾਨਤਿ ਜਾਚਾ। ਚਾਹਤਿ ਪਰਖਜੋ ਜੋ ਗੁਰ ਸਾਚਾ॥੩੭॥ ਸੋ ਉਠਿ ਕਰਿ

[1]ਮੁਕਤੀ ਦਾਤਾ। [2]ਪਤੀ ਤੇ ਸਹੁਰੇ ਦੀ। [3]ਗਲੀ।

ਪੁਰਵੌਂ ਨਿਜ ਆਸਾ। ਨਿਤ ਚਾਹਤਿ ਜਿਸ ਦਰਸ਼ਨ ਪਾਸਾ'। ਸੁਨਿ ਕਰਿ ਤਨੁ ਕੋ ਤੁਰਤ ਅਛਾਦਾ। ਤਤਛਿਨ ਉਠੀ ਧਰੇ ਅਹਿਲਾਦਾ॥੩੮॥ ਸੁੰਦਰ ਬਦਨ ਚੰਦ ਮਾਨਿੰਦਾ। ਸ੍ਰੀ ਹਰਿ ਗੋਵਿੰਦ ਰੂਪ ਬਿਲੰਦਾ। ਲੋਚਨ ਕੀਨਿ ਚਕੋਰਨ ਜੋਰਾ[1] । ਹੁਇ ਬਲਿਹਾਰੀ ਜੁਗ ਕਰ ਜੋਰ॥੩੯॥ ਅਧਿਕ ਪ੍ਰਸੰਨ ਭਈ ਮਨਮਾਹੀ*।ਪ੍ਰੇਮ ਅਧਿਕ ਜਾਂਕੇ ਤਨਮਾਂਹੀ*।ਸੀਸ ਨਿਵਾਇ ਬੰਦਨਾ ਠਾਨੀ। ਰੁਕੀ ਪ੍ਰੇਮ ਤੇ ਆਇ ਨ ਬਾਨੀ ॥ ੪੦ ॥ 'ਧੰਨ ਗੁਰੂ ਪੂਰਨ ਅਵ-ਤਾਰਾ। ਕਰਯੋ ਸਫਲ ਮੁਝ ਸੰਸੈ ਟਾਰਾ। ਪੁਰਵੋ ਦਾਸ ਮਨੋਰਥ ਘਨੇ। ਕਰੋ ਉਧਾਰਨਿ ਜਾਂਹਿ ਨ ਗਨੇ'॥੪੧॥ਜਸੁ ਕੋ ਕਰਤਿ ਰਹੀ ਚਿਰ ਕਾਲ। ਚਲੇ ਗੁਰੂ ਸੋ ਭਈ ਨਿਹਾਲ। ਚੰਚਲ ਚਾਰੂ ਤੁਰੰਗ ਚਲਾਵਤਿ। ਦੇਖਤਿ ਮੁਖ ਨਰ ਨਾਰਿ ਲੁਭਾਵਤਿ ॥੪੨॥ਸ਼ਾਹੁ ਸੰਗ ਮਿਲਿ ਗਮਨੇ ਬਨ ਮੈਂ। ਕਰਤਿ ਅਖੇਰਨਿ ਬਾਂਛਤਿ ਮਨ ਮੈਂ। ਸ਼ੂਕਰ ਸਸਾ ਕੁਰੰਗ ਹਰਾਇ। ਸ੍ਵਾਨ ਰੁ ਚੀਤੇ ਛੋਰਿ ਗਹਾਏ ॥੪੩ ॥ ਅਭਿਲਾਖਤਿ ਫਿਰਿ ਬਨ ਕੇ ਮਹੀਆ। ਹਟੇ ਨਗਰ ਕੋ ਹਰਖ ਉਮਹੀਆ। ਨਿਜ ਡੇਰੇ ਮਹਿਂ ਆਨਿ ਬਿਰਾਜੇ। ਡੀਲ ਦਰਾਜ਼ ਪ੍ਰਲੰਬ ਭੁਜਾ[2] ਜੇ॥੪੪॥ਜਸੁ ਬਿਸਤ੍ਰਿਤਿ ਭਯੋ ਤਿਸ ਦੇਸ਼। ਦਿਨ-ਪ੍ਰਤਿ ਸੰਗਤਿ ਆਇ ਵਿਸ਼ੇਸ਼। ਦਾਸਨਿ ਕਰਹਿਂ ਕਾਮਨਾ ਪੂਰੀ। ਜਗ ਮਾਂਹਿ ਸੁਨਿ ਇਹ ਕੀਰਤਿ ਰੁਰੀ ॥ ੪੫ ॥ ਸੇਵਕ ਨਏ ਅਨੇਕ ਸੁਜਾਨੇ। ਆਵਤਿ ਦਰਸ਼ਨਕੋ ਸੁਖ ਮਾਨੇ।ਲੇਂ ਗੁਰੁਤੇ ਪਗ ਪਾਹੁਲ ਘਨੇ।ਉਪਦੇਸ਼ਹਿਂ ਦਾਸਨਿ ਹਿਤ ਸਨੇ ॥ ੪੬ ॥ ਸੁਨਿ ਕਰਿ ਸੁਜਸੁ ਸੁਜਨ ਹਰਖਾਵਹਿਂ। ਨਿੰਦਕ ਚੰਦੂ ਆਦਿ ਦੁਖ ਪਾਵਹਿਂ। ਕਰਹਿ ਮੇਲ ਕੋ ਸ਼ਾਹੁ ਘਨੇਰੇ। ਕਬਿ ਹਕਾਰਿ, ਕੈ ਆਵਤਿ ਡੇਰੇ[3] ॥ ੪੭ ॥ ਦਰਬ ਅਕੋਰ ਬਸਤ੍ਰ ਬਹੁ ਮੋਲ। ਅਰਪਹਿ ਹਯ ਜੋ ਦੇਸ਼ਨਿ ਟੋਲੇ। ਇਸ ਬਿਧਿ ਕੇਤਿਕ ਦਿਵਸੁ ਬਿਤਾਏ। ਨਗਰ ਆਗਰੇ ਥਿਰ ਸੁਖ ਪਾਏ ॥ ੪੮ ॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰਾਸੇ 'ਆਗਰੇ ਆਗਵਨ' ਬਰਨਨੰ ਨਾਮ ਸਪਤ ਪੰਚਾਸਤਿ ਅੰਸੂ ॥ ੫੭ ॥

---

[1]ਜੋੜ ਦਿਤੇ (ਅ) ਚਕੋਰਾਂ (ਦੇ ਨੈਣਾਂ ਦਾ) ਜੋੜਾ ਬਣਾ ਦਿਤਾ। [2]ਲੰਬਾ ਕੱਦ ਤੇ ਲੰਬੀਆਂ ਹੀ ਬਾਹਾਂ। [3]ਕਦੇ ਬੁਲਾਂਵਦਾ ਹੈ, ਕਦੇ ਡੇਰੇ ਆਂਵਦਾ ਹੈ (ਆਪ)।

*ਇਹ ਦੋ ਤੁਕਾਂ ਬਹੁਤੇ ਲਿਖਤ ਨੁਸਖਿਆਂ ਵਿਚ ਨਹੀਂ ਹਨ; ਇਕ ਲਿਖਤੀ ਨੁਸਖੇ ਵਿਚ ਜਿਥੇ ਇਹ ਤੁਕਾਂ ਨਹੀਂ ਹਨ, ਅਗਲੀਆਂ ਦੋ ਤੁਕਾਂ ਤੋਂ ਅਗੇ ਇਹ ਪਾਠ ਹੈ:—ਹਾਥ ਬੰਦ ਕਰਿ ਅਰਜ਼ ਗੁਜਾਰੀ। ਬਖਸ਼ਹੁ ਗੁਰ ਜੀ ਸ਼ਰਨਿ ਤਿਹਾਰੀ ॥ ੪੦ ॥

੫੮. [ਸ਼ਾਹ ਨੂੰ ਨਜੂਮੀ ਤੋਂ ਭਰਮਾਵਣਾ]।

ਦੋਹਰਾ ॥ ਦਿਨ ਪ੍ਰਤਿ ਪਿਖਿ ਇਖਲਾਸ ਕੋ ਜਹਾਂਗੀਰ ਗੁਰੁ ਕੇਰ[1]। ਅਦਬ ਕਰਹਿਂ ਉਮਰਾਵ ਸਭਿ ਬੰਦਹਿਂ ਜਬਿਹੂੰ ਹੇਰਿ ॥੧॥ ਚੰਦੂ ਕੇ ਮੇਲੀ ਦੁਖਹਿਂ ਨਿੰਦਕ ਅਪਰ ਬਿਸਾਲ। ਜਥਾ ਚੋਰ ਪਿਖਿ ਚੰਦ ਕੋ ਜਾਨਹਿ ਦੁਖਦ ਕਰਾਲ ॥੨॥ ਚੌਪਈ ॥ ਚੰਦੂ ਸੁਨਹਿ ਸ਼ਾਹੁ ਕੋ ਮੇਲ। ਕਰਹਿ ਅਖੇਰ ਹੋਹਿ ਗੁਰ ਗੈਲਿ[2]। ਦਰਬ ਪੰਚ ਸੈ ਨੀਤਿ ਪੁਚਾਵੈ। ਕਹਹਿ ਮਧੁਰ ਸਨਮਾਨ ਬਧਾਵੈ ॥੩॥ –ਮਮ ਪ੍ਰਾਨਨਿ ਕੋ ਸ਼ੱਤ੍ਰ ਮਹਾਂ। ਸ਼ਾਹੁ ਸੰਗ ਮਿਲਿ ਧਨ ਗਨ ਲਹਾ। ਨਿਤ ਪ੍ਰਤਿ ਮਿਲਹਿ ਵਧਹਿ ਅਧਿਕਾਇ। ਇਮ ਜੇ ਭਯੋ ਮੋਹਿ ਦੁਖਦਾਇ ॥੪॥ ਬਿਨ ਉਪਾਇ ਬਿਨ ਚਿੰਤ ਜਿ ਰਹੋਂ।ਨਹੀਂ ਬਚੌਂ ਤਿਨ ਤੇ ਦੁਖ ਸਹੋਂ। ਮੈਂ ਬਨਿ ਚੁਗਲ ਮੁਗਲ ਪਤਿ ਪਾਸ। ਚੁਗਲੀ ਉਗਲੀਬੋਲਯੋ ਤਾਸ[3] ॥੫॥ ਬੁਰਾ ਕਰਨਿ ਤਿਸ[4] ਕੀਨਿ ਉਪਾਇ। ਭਲਾ ਬਿਸਾਲ ਬਨਤਿ ਨਿਤ ਜਾਇ। ਖਰ ਕੰਟਕ ਲਖਿ ਬੋਵਨਿ ਕਰਯੋ[5]। ਸੋ ਤੋ ਰਹਯੋ ਕਮਲ ਸ਼ੁਭ[6] ਖਿਰਯੋ ॥ ੬ ॥ ਧਨ ਸੁਗੰਧਤਾ[7] ਜਿਸ ਤੇ ਪਾਈ[8]। ਯੌਂ ਬਿਪਰੀਤਿ ਭੁਈ ਬਰਿਆਈ[9]*। ਅਬਿ ਕੋ ਜਤਨ ਬਨਾਵੌਂ ਐਸੇ। ਹਰਿਗੁਵਿੰਦ ਕਾਰਾ-ਗ੍ਰਹ ਬੈਸੇ ॥ ੭ ॥ ਤਹਾਂ ਦਰਬ ਕੋ ਲੋਭ ਦਿਖਾਵੌਂ। ਕੈਦ ਬਿਖੈ ਕਹਿ ਕੈ ਮਰਿਵਾਵੌਂ। ਤੌ ਬਚਾਇ ਮੇਰੋ ਹੁਇ ਜਾਇ। ਮਿਲਹਿ ਨ ਸ਼ਾਹੁ ਸੰਗ ਕਿਮ ਆਇ– ॥੮ ॥ ਇਮ ਗਿਨਤੀ ਕੋ ਗਿਨਤਿ ਹਮੇਸ਼। ਸੰਕਟ ਚਿੰਤਾ ਜਿਸਹਿ ਵਿਸ਼ੇਸ। ਗਿਨਤਿ ਗਟੀ ਕੋ ਜਤਨ ਬਿਚਾਰਾ। ਮਿਲਯੋ ਨਜੂਮੀ ਸੋਂ ਹਿਤ ਧਾਰਾ ॥ ੯ ॥ ਨਿਸ ਮੇਂ ਤਿਮਰ ਭਏ ਘਰ ਗਯੋ। ਦਰਬ ਪੰਚ ਸੈ ਤਿਸ ਕੋ ਦਯੋ। ਭਨਤਿ ਬਿਨੈ ਸਮੁ[10] ਤਿਸਕੇ ਸਾਥਾ। 'ਮੇਰੋ ਭਲੋ ਅਹੈ ਤੁਵ ਹਾਥਾ ॥੧੦॥ ਚਿਤ ਦੇ ਕਰਹੁ ਇਹੀ ਉਪਕਾਰ। ਅਪਰ ਦੇਉਂ ਧਨ ਪੰਚ ਹਜ਼ਾਰ। ਹੁਇ ਲਚਾਰ ਮੈਂ ਤੁਝ ਢਿਗ ਆਯੋ। ਬਨਿ ਸਹਾਇ ਅਬਿ ਹੌਂ ਸ਼ਰਨਾਯੋ' ॥ ੧੧ ॥ ਸੁਨਤਿ ਨਜੂਮੀ ਬੋਲਨਿ ਕੀਨਿ। 'ਸ਼ਾਹੁ ਦਿਵਾਨ ਭਏ ਕਿਮ ਦੀਨ। ਸਿਰ ਕੇ ਜੋਰ ਕਰੌਂ ਤੁਵ ਕਾਜਾ। ਫੇਰ ਸ਼ਾਹੁ ਮਤਿ ਸਹਤ

[1]ਜਹਾਂਗੀਰ ਤੇ ਗੁਰੂ ਜੀ ਦੀ ਸੱਜਨਤਾ ਮੇਲਮਿਲਾਪ। [2]ਗੁਰੂ ਜੀ ਦੇ ਨਾਲ ਹੋਕੇ। [3]ਚੁਗਲੀ ਉਗਲਕੇ ਤਿਸ (ਬਾਦਸ਼ਾਹ ਨੂੰ ਗੁਰੂ ਜੀ ਬਾਬਤ) ਕਹਿਆ। [4]ਭਾਵ ਗੁਰੂ ਜੀ ਦਾ ਬੁਰਾ ਕਰਨ ਦਾ। [5](ਚੁਗਲੀ ਨੂੰ) ਤ੍ਰਿੱਖਾ ਕੰਡਾ ਜਾਣਕੇ ਬੀਜਿਆ ਸੀ। (ਅ) (ਬੁਰਾ ਕਰਨ ਨੂੰ) ਤ੍ਰਿੱਖਾ ਕੰਡਾ ਜਾਣਕੇ'' ''। [6](ਸਤਿਕਾਰ ਰੂਪ ਸ਼ੁਭ) ਕਮਲ। [7]ਸੁਗੰਧਤਾ ਰੂਪੀ ਧਨ। [8]ਮਿਲਿਆ। [9]ਮੱਲੋ ਮੱਲੀ। [10]ਬੇਨਤੀ ਵਾਂਗ। *ਪਾ:–ਬੁਰਿਆਈ।

ਸਮਾਜਾ[1] ॥ ੧੨ ॥ ਕੋ ਦੁਖ ਭਯੋ ਸੁਨਾਵਨ ਕਰੀਅਹਿ ?। ਮੈਂ ਨਿਰਵਾਰੌਂ ਚਿੰਤ ਨ ਧਰੀਅਹਿ'।ਸੁਨਿਤਬਿ ਸਭਿਹਿ ਬ੍ਰਿਤੰਤਉਚਾਰਾ।'ਹਿੰਦੂ ਗੁਰੂ ਸੰਗ ਬੈਰ ਹਮਾਰਾ ॥੧੩॥ ਤੁਝ ਤੇ ਪਰਦਾ ਨਾਂਹਿਨ ਰਾਖੌਂ । ਜਥਾ ਭਈ ਸਗਰੀ ਮੈਂ ਭਾਖੌਂ । ਗੁਰੁ ਅਰਜਨ ਕੋ ਸਦਨ ਉਤਾਰਾ। ਦੇ ਸਜਾਇ ਬਡ ਪੂਰਬ ਮਾਰਾ ॥ ੧੪ ॥ ਅਬਿ ਤਿਸ ਕੋ ਸੁਤ ਹਰਿਗੋਵਿੰਦ । ਕਰਯੋ ਸ਼ਾਹੁ ਸੋਂ ਮੇਲ ਬਿਲੰਦ । ਮੈਂ ਕਰਿ ਚਾਰੀ ਇਹਾਂ ਹਕਾਰਾ । ਆਇ ਆਪਨੋ ਕਾਜ ਸਵਾਰ॥ ੧੫ ॥ ਤਿਸ ਕੋ ਹਤਯੋ ਚਹਤਿ ਮੈਂ ਅਬੈ । ਇਮ ਉਪਾਇ ਚਿਤਵਯੋ ਸੁਨਿ ਸਬੈ । ਤੂੰ ਕਹਿ ਸ਼ਾਹੁ ਸੰਗ ਅਸ ਬਾਤ । ਸਾਢਸਤੀ[2] ਆਈ ਬੱਖਯਾਤ ॥੧੬ ॥ ਮੁਖ ਮੁਰਝਾਇ ਬਨਹੁ ਦਿਲਗੀਰਿ । ਜਿਸ ਤੇ ਸ਼ਾਹੁ ਧਰੈ ਨਹਿੰ ਧੀਰ । ਮ੍ਰਿਤੁ ਕੋ ਭੈ ਦਿਖਰਾਵਨਿ ਕਰੀਅਹਿ । ਬੂਝੈ ਜਤਨ ਤ ਏਵ ਉਚਰੀਅਹਿ ॥ ੧੭ ॥–ਹਰਿਗੁਵਿੰਦ ਆਖਯ[3] ਬੱਖਯਾਤ । ਸੋਢੀ ਹੋਇ ਸੁ ਖੱਤ੍ਰੀ ਜਾਤਿ । ਹਿਤ ਤੁਮਰੇ ਸੋ ਫੇਰਹਿ ਮਾਲਾ । ਥਲ ਗੁਲੇਰ[4] ਮਹਿਂ ਬੈਠਿ ਨਿਰਾਲਾ ੧੮ ॥ ਤਬਿ ਸੁਖੇਨ ਦਿਨ ਬਿਤਹਿਂ ਤੁਮਾਰੇ–।ਏਵ ਪ੍ਰਬੋਧਹੁ ਜਾਇ ਸਕਾਰੇ। ਟਰਹਿ ਸ਼ੱਤ੍ਰ ਤਬਿ ਲਿਹੁ ਧਨ ਘਨੋ। ਕਰਹੁ ਜਤਨ ਬਹੁ ਬੁਧਿ ਤੇ ਭਨੋ' ॥ ॥੧੯॥ ਤਬੱਹਿ ਨਜੂਮੀ ਧੀਰਜ ਦੀਨਿ। 'ਮੈਂ ਇਮ ਕਰੌਂ ਚਿੰਤ ਕਰਿ ਹੀਨ। ਸ਼ਾਹੁ ਕਰਹਿ ਨਿਤ ਮੈਂ ਜੁ ਬਤਾਇ।ਪੂਰਬ ਅਨਿਕ ਬਾਰ ਪਤਿਯਾਇ॥੨੦॥ ਇਕ ਮੇਰੇ ਕਹਿਬੇ ਕੀ ਦੇਰਿ। ਸੁਨਤਿ ਗੁਰੂ ਕੋ ਪਠਹਿ ਗੁਲੇਰ'। ਗਯੋ ਚੰਦੂ ਤਬਿ ਹਰਖ ਧਰੰਤਾ। ਜਾਨ੍ਯੋ–ਗਹਯੋ ਨ ਛੁਟਹਿ ਕਦੰਤਾ ॥ ੨੧ ॥ ਪਿਤ ਕੈ ਸਮ ਕਰਿ ਕੈ ਇਸ ਹਾਨ । ਤਬਿ ਨਿਚਿੰਤ ਹੁਇ ਟਿਕੌਂ ਸਥਾਨ–। ਨਿਸ ਮਹਿਂ ਪਰਯੋ ਰਹਯੋ ਨਹਿਂ ਸੋਵਾ । ਗਿਨਤ ਗਟੀ ਚਿਤ ਚਿੰਤ ਪਰੋਵਾ॥ ੨੨॥ਭਈ ਪ੍ਰਭਾਤਿ ਨਜੂਮੀ ਗਯੋ। ਬਗਲ ਕਿਤਾਬ ਮਲਿਨ[5] ਮੁਖ ਕਿਯੋ । ਜਾਇ ਸਲਾਮ ਸ਼ਾਹੁ ਸੋਂ ਕਰੀ । ਕਹਿਨ ਬਾਤ ਚਾਤੁਰਤਾ ਧਰੀ ॥ ੨੩ ॥ ਮਲਿਨਨਜੂਮੀ ਕੀ ਦਿਸ਼ ਹੇਰਿ । ਸ਼ਾਹੁ ਬਿਹਸ ਬੂਝਤਿ 'ਹੈ ਖੈਰ ?। ਕਿਮ ਆਵਤਿ ਹੈ ਮਨ ਮੁਰਝਾਯੋ ?। ਕਛੁ ਕਾਜ ਤੌ ਨਹਿਂ ਬਿਗਰਾਯੋ ?' ॥੨੪॥ ਸੁਨਿ ਕਰਿ ਕਹਨਿ ਲਾਗਿਛਲ ਸਾਨੀ।'ਬਿੱਦਯਾ ਕਰਹਿਂ ਬਿਚਾਰ ਮਹਾਨੀ।

[1]ਔਰੰਗਾ ਬਾਦਸ਼ਾਹ ਦੀ ਮੱਤ ਸਭਾ ਦੇ ਸਮੇਤ । [2]ਗ੍ਰਹ ਛਨਿੱਛਰ ਦੀ ਸਾਢੇ ਸੱਤ ਵਰ੍ਹੇ ਯਾ ਸਾਢੇ ਸੱਤ ਮਹੀਨੇ ਯਾ ਸਾਢੇ ਸੱਤ ਦਿਨ ਦੀ ਇਕ ਦਸ਼ਾ, ਜਿਸ ਦਾ ਫਲ ਜੋਤਸ਼ੀ ਬਹੁਤ ਬੁਰਾ ਦੱਸਦੇ ਹਨ । [ਪੰਜਾਬੀ, ਸਾੜ੍ਹ ਸਤੀ। =ਸਾਢੇ+ਸੱਤ+ਈ] । [3]ਨਾਮ (ਹੋਦੇ) । [4]ਗ੍ਵਾਲੀਅਰ । [5]ਉਦਾਸ ।

ਦਯੋ ਆਪ ਕੋ ਸਭਿ ਕੁਛ ਖਾਤਿ[1]। ਰਹਿੰ ਦਿਨ ਰੈਨ ਖੈਰ ਤੁਵ ਗਾਤਿ[2] ॥ ੨੫ ॥ ਖੋਜਨਿ ਕਰੇ ਭਲੇ ਗ੍ਰੈਹ ਸਾਰੇ। ਸਾਢਸਤੀ ਅਬਿ ਚਢੀ ਤੁਮਾਰੇ। ਕ੍ਰੂਰ ਮਹਦ ਇਹ ਦੁਖ ਕੀ ਦਾਤਾ। ਜਿਸ ਪਰ ਚਢਤਿ ਕਰਤਿ ਇਹ ਘੌਤਾ ॥ ੨੬ ॥ ਪੁਨ ਉਪਾਇ ਮੈਂ ਅਧਿਕ ਬਿਚਾਰੇ। ਜਿਸ ਤੇ ਨੀਕੋ ਰਹੈ ਤੁਮਾਰੇ'। ਸੁਨਤਿ ਸ਼ਾਹੁ ਦਲਕਯੋ[3] ਧਰਿ ਤ੍ਰਾਸਾ। 'ਕਬਿ ਤੇ ਚਢੀ ਕਹਹੁ ਮੁਝ ਪਾਸਾ ? ॥ ੨੭ ॥ ਜਤਨ ਬਿਚਾਰਯੋ ਸੋ ਕਹਿ ਦੀਜੈ। ਸਾਢਸਤੀ ਬਲ ਜਿਸ ਤੇ ਛੀਜੈ'। ਤਬਹਿ ਨਜੂਮੀ ਬਾਕ ਉਚਾਰੇ। 'ਦੁਖਦ ਚਢੀ ਇਹ ਆਜ ਤਿਹਾਰੇ ॥੨੮॥ ਬਹੁ ਲੋਕਨਿ ਕੋ ਨਹੀਂ ਸੁਨਾਵਹੁ।ਰਾਖਹੁ ਗੋਪ ਮਹਾਂ ਫਲ ਪਾਵਹੁ।ਸੋਢਿ ਬੰਸ ਖੱਤ੍ਰੀ ਸ਼ੁਭ ਜਾਤੀ। ਹਰਿ ਗੋਵਿੰਦ ਨਾਮ ਬੱਖਯਾਤੀ ॥ ੨੯ ॥ ਕਰਹਿ ਸ਼ਨਾਨ ਤੀਨ ਹੂੰ ਕਾਲਾ। ਦੁਰਗ ਗੁਆਲਿਯਰ ਥਾਨ ਨਿਰਾਲਾ। ਗਹਿ ਕਰਿ ਮਾਲਾ ਬੈਠਹਿ ਬਰਨੀ[4]। ਠਾਨਿ ਮੌਨਿ ਕਰਿ ਐਸੇ ਕਰਨੀ॥੩੦॥ਤੁਮਰੇ ਹੇਤੁ ਮਨੋਰਥ ਧਾਰੈ।ਪਾਕ ਅਲਾਹ ਰਿਦੈ ਸੰਭਾਰੈ।ਕਰਹ ਜਤਨ ਹੁਇ ਖੈਰ ਤੁਮਾਰੀ।ਸਾਢਸਤੀ ਬਲ ਹੁਇ ਨਿਰਵਾਰੀ॥੩੧॥ਅਪਨੇ ਦੇਸ਼ ਅਸ਼ੇਸ਼ ਵਿਸ਼ੇਸ਼। ਖੋਜਹੁ ਅਸ ਨਰ ਮਿਟਹਿ ਕਲੇਸ਼'। ਸੁਨਤਿ ਸ਼ਾਹੁ ਚਿਤ ਚਿੰਤ ਪਰੋਵਾ। ਕਹੇ ਨਜੂਮੀ ਕੇ ਡਰੁ ਹੋਵਾ ॥ ੩੨॥ ਇਕ ਚੰਦੂ ਦੁਇ ਤ੍ਰੈ ਉਮਰਾਉ। ਹੁਤੇ ਸਮੀਪ, ਬਿਲੋਕਿ ਸੁਭਾਉ। ਸਭਿਨਿ ਏਕ ਮਤਿ ਪੂਰਬ ਗਿਨਯੋ। ਤਊ ਨ ਬਿਨੁ ਬੂਝੇ ਤਿਨ ਭਨਯੋ ॥੩੩॥ ਕਿਤਿਕ ਕਾਲ ਸੋਚਤਿ ਰਹਿ ਸ਼ਾਹੂ। ਬੋਲਯੋ ਬਹੁਰ ਬਿਲੋਕੇ ਪਾਹੂ। 'ਅਸ ਨਰ ਹੈ ਕਿ ਨਹੀਂ ਕਿਸ ਠਾਹਰ ?। ਨਤੁ ਖੋਜਹੁ ਪੁਰਿ ਕਰਿ ਬਹੁ ਆਹਰ ॥੩੪॥ਕਰਹਿ ਜੁ ਬਰਨੀ ਫੇਰੈ ਮਾਲਾ। ਮੋਹਿ ਬਿਖਾਦ ਬਿਨਾਸ਼ ਬਿਸਾਲਾ। ਅਸ ਆਨਹੁ ਖੋਜਹੁ ਪੁਰਿ ਸਾਰੇ।ਤਿਸ ਕੋ ਦੈ ਹੌਂ ਦਰਬ ਉਦਾਰੇ'॥੩੫॥ਚੰਦੂ ਇਕ ਉਮਰਾਵ ਸੁ ਪ੍ਰੇਰਾ। ਸ਼ਾਹੁ ਸੰਗ ਬੋਲਯੋ ਤਿਸ ਬੇਰਾ। 'ਐਸੋ ਨਰ ਰਾਵਰ ਕੇ ਪਾਸ। ਸਗਰੇ ਪਤੇ ਮਿਲਤਿ ਹੈਂ ਤਾਸ[5] ॥੩੬॥ ਜੋ ਹਿੰਦੁਨਿ ਮਹਿੰ ਗੁਰੂ ਕਹਾਵੈ। ਲਾਖਹੁੰ ਸਿਖ ਬਨਿ ਸੀਸ ਨਿਵਾਵੈਂ।ਜਿਨਹੁ ਵਹਿਰ ਕੇਹਰਿ ਕੋ ਮਾਰਾ। ਸੋ ਇਸ ਬਿਧਿ ਕੋ ਰਿਦੇ ਬਿਚਾਰਾ ॥੩੭॥ ਸੋਢੀ ਕੁਲ ਖੱਤ੍ਰੀ ਤਿਨ ਜਾਤਿ। ਹਰਿ ਗੋਵਿੰਦ ਨਾਮ ਬੱਖਯਾਤਿ। ਕਰਾਮਾਤ ਭੀ ਸੁਨੀ ਸੁ ਰਾਖੈ। ਲੋਕ ਸਕਲ–ਗੁਰ ਗੁਰ–ਤਿਸ

---

[1]ਖਾਂਦਾ ਹਾਂ। [2]ਤੇਰੇ ਸਰੀਰ ਦੀ ਸੁਖ। [3]ਕੰਬ ਗਿਆ। [4]ਕਿਸੇ ਕੰਮ ਦੀ ਸਿਧੀ ਲਈ ਜਪ ਆਦਿ ਕਰਨ ਬੈਠਣਾ। [5]ਤਿਸਦੇ।

ਭਾਖੈਂ॥੩੮॥ ਦਰਬ ਪੰਚ ਸੈ ਰਾਵਰਿ ਘਰ ਤੇ।ਪਹੁੰਚਤਿ ਨਿਤਿ ਅਨੰਦ ਸੋਂ ਬਰਤੇ।'ਕਹੈ ਸ਼ਾਹੁ'ਸੋ ਤੌ ਗੁਰੁ ਪੀਰ।ਮੁਰਉਰ ਸ਼ਰਧਾ ਪਿਖਿ ਕੈ ਤੀਰ[1]॥੩੯॥ ਕਿਮ ਇਹ ਬਾਤ ਕਹਨਿ ਬਨਿ ਆਵੈ। ਬਰਨੀ ਕਰਨੀ[2] ਦੂਰਗ ਸਿਧਾਵੈਂ। ਸ੍ਰੀ ਨਾਨਕ ਗਾਦੀ ਜੁ ਭਲੀ ਹੈ। ਤਿਸ ਪਰ ਬੈਠਯੋ ਬਾਕ[3]ਬਲੀ ਹੈ' ॥੪੦॥ ਸੁਨਿ ਬੋਲਯੋ ਤਬਿ ਚੰਦੂ ਕੁਪੱਤਾ।'ਤੁਮ ਕੁਲ ਕੇ ਦੀਪਕ ਚਵਗੱਤਾ। ਜਹਾਂ ਪਨਾਹ[4] ਆਪ ਬਡਭਾਗੇ। ਸਭਿ ਜਗ ਕੇ ਦ੍ਰਿਗ ਤੁਮ ਦਿਸ਼ਿ ਲਾਗੇ ॥੪੧॥ ਖ਼ੈਰ ਸ਼ਰੀਰ ਜਿ ਹੋਹਿ ਤੁਮਾਰੇ। ਤੌ ਗਿਨਤੀ ਅਸ ਕਹਾਂ ਬਿਚਾਰੇ। ਤੁਮ ਤੇ ਸ੍ਰੇਸ਼ਟ ਅਪਰ ਨ ਕੋਈ। ਰਾਵਰਿ ਸ਼੍ਰੇਯ ਕਰਹਿ ਨਹਿਂ ਜੋਈ[5] ॥ ੪੨ ॥ ਸ੍ਰੀ ਨਾਨਕ ਗਾਦੀ ਪਰ ਬੈਸਾ। ਰਿਦੈ ਨ ਸੰਸਾ ਕੀਜਹਿ ਐਸਾ। ਸੋ ਬੇਦੀ ਕੁਲ ਮਹਿਂ ਤਨ ਪਾਯੋ। ਇਹ ਸੋਢੀ ਖੱਤ੍ਰੀ ਕੁਲ ਜਾਯੋ ॥ ੪੩ ॥ ਬਿਨਾ ਸੰਦੇਹ ਪਠਾਵਨਿ ਕਰੀਅਹਿ। ਅਪਰ ਨ ਗਿਨਤੀ ਕੋਇ ਬਿਚਰੀਅਹਿ। ਜੇ ਰਾਵਰਿ ਤਨੁ ਕੀ ਸੁਖ ਹੋਇ।ਪ੍ਰਾਨ ਦੇਤਿ ਹਮ ਦੇਰਿ ਨ ਕੋਇ॥੪੪॥ ਤੁਮਰੋ ਕਸ਼ਟ ਜਿ ਬਾਂਟਯੋ ਜਾਇ। ਹਮ ਸਹਿ ਲੇਹਿਂ ਰਿਦੇ ਹਰਖਾਇ। ਜੇ ਇਮ ਸੁਨਿ ਹੈ ਹਰਿਗੋਬਿੰਦ। ਕਰਹਿ ਜਾਪ ਲਹਿ ਅਨੰਦ ਬਿਲੰਦ ॥੪੫॥ ਨਹਿਂ ਸੰਕਹੁ ਤੁਮ ਆਪ ਉਚਾਰਹੁ। ਦਿਹੁ ਸਨਮਾਨ ਸਮੀਪ ਹਕਾਰਹੁ'। ਪੁਨ ਤੀਸਰ ਉਮਰਾਵ ਬਖਾਨੈ। 'ਬਿੱਦਜਾ ਮਹਾਂ ਨਜੂਮੀ ਜਾਨੈ ॥੪੬॥ ਜਾਪ ਜੁ ਕਰਹਿ ਨਾਮ ਤਿਸ ਜਾਤਿ[6]। ਜਾਨੀ ਬਿਚ ਕਿਤਾਬ ਬੱਖਯਾਤਿ। ਖੋਜੇ ਬਿਨਾ ਨਿਕਟ ਸੋ ਪਾਯੋ। ਹੋਇ ਨ ਜਗ, ਅਸ ਨਹੀਂ ਬਤਾਯੋ[7]॥੪੭॥ਆਗੈ ਬਹੁਤ ਬਾਰਿ ਪਤਿਯਾਵਾ । ਜਥਾ ਕਹੈ ਤਿਮ ਬਨਯੋ ਬਨਾਵਾ' । ਕਹਯੋ ਨਜੂਮੀ'ਹਮ ਇਹ ਕਾਮ। ਖੋਜਹਿਂ ਹਜ਼ਰਤ ਹਾਲ ਤਮਾਮ ॥੪੮॥ ਦੇਖਤਿ ਬੁਰੋ ਆਇ ਬਤਲਾਊਂ। ਕਹੇ ਜਤਨ ਸਭਿ ਖੇਦ ਮਿਟਾਊਂ । ਸਦਾ ਸ਼ਾਹੁ ਕੀ ਸ਼੍ਰੇਯ ਕਰੰਤੇ। ਦਰਬ ਸਮੂਹ ਸਦੀਵ ਲਹੰਤੇ ॥੪੯॥ ਹਰਿਗੋਵਿੰਦ ਕਰਿ ਹੈ ਚਾਲੀਸਾ[8]। ਸਿਮਰਹਿ ਨਾਮ ਅਲਹ ਜਗਦੀਸ਼ਾ। ਕਰਹਿ ਸ਼ਾਹੁ ਕੀ ਖ਼ੈਰ ਖ਼ੁਦਾਇ। ਮਿਟਹਿ ਕਲੇਸ਼ ਅਨੇਕ ਬਲਾਇ' ॥੫੦॥ ਸੁਨਿ ਉਮਰਾਉ ਕਹਤਿ 'ਹਮ ਜਾਨਾ। ਗੁਨ ਬਿੱਦਜਾ ਤੁਮ ਬਿਖੈ[9] ਮਹਾਨਾ*। ਅਜ਼ਮਤ

---

[1]ਮੇਰੇ ਰਿਦੇਦੀ ਸ਼ਰਧਾ ਦੇਖ ਕੇ (ਮੇਰੇ) ਪਾਸ ਆਏ ਹਨ। [2]ਕਰਨ ਲਈ। [3]ਬਚਨਾਂ (ਦਾ)। [4]ਜਗਤ ਦਾ ਆਸਰਾ। [5]ਜੇ ਆਪ ਦਾ ਸੁਖ ਨਾ ਤੱਕਣਾ ਕਰੇ। [6]ਤਿਸਦਾ ਨਾਮ ਤੇ ਜਾਤੀ। [7]ਐਸਾ ਨਹੀਂ ਦੱਸਿਆ ਜੋ ਜਗਤ ਵਿਚ ਨਾ ਹੋਵੇ। [8]ਚਾਲੀ ਦਿਨ। [9]ਭਾਵ ਹੇ ਨਜੂਮੀ ਤੇਰੇ ਵਿਚ ਗੁਣ"।

*ਪਾ:—ਗੁਰ ਬਿਦਜਾ ਕੇ ਬਿਖੇ ਮਹਾਨਾ।

ਜੁਤਿ ਮਤਿ ਸੰਤ ਸੁਭਾਇ[੧]*।ਜਾਪ ਕਰਨਿ,ਸੋ ਦਯੋ ਬਤਾਇ[੨]॥੫੧॥ ਤਿਸ ਤੇ ਭਲੋ ਨ ਕਯੋਂ ਹੁਇ ਸ਼ਾਹੂ। ਬਸਹਿ ਇਕੰਤ ਦੁਰਗ ਕੇ ਮਾਂਹੂ। ਇਕ ਚਿਤਿ ਸਿਮਰਹਿ ਨਾਮ ਖੁਦਾਇ।ਸਾਢਸਤੀ ਆਦਿਕ ਦੁਖ ਜਾਇ' ॥੫੨॥ ਏਵ ਉਤਾਰ ਚਢਾਉ ਸੁਨਾਏ। ਜਹਾਂਗੀਰ ਕੋ ਮਨ ਭਰਮਾਏ। ਸਭਿ ਕੇ ਕਹੇ ਜਾਨਿ ਕਰਿ ਸਾਚੀ। ਡਰਤਿ ਮਰਨਿ ਤੇ ਗਿਰਾ ਉਬਾਚੀ ॥ ੫੩ ॥ 'ਜਾਇ ਆਪ ਮੈਂ ਤਿਨ ਕੇ ਡੇਰੇ।ਕਹੌਂ ਬਿਨੈ ਜੁਤਿ ਬਾਕ ਅਗੇਰੇ।ਕ੍ਰਿਪਾ ਕਰਹਿਂ ਲੇਵਹਿਂ ਬਚ ਮਾਨਿ। ਕਰਹਿਂ ਜਾਪ ਤੇ ਮਮ ਕੱਲਯਾਨ' ॥੫੪॥ ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰਾਸੇ 'ਸ਼ਾਹੁ ਕੋ ਨਜੂਮੀ ਭ੍ਰਮਾਵਨਿ' ਪ੍ਰਸੰਗ ਬਰਨਨੰ ਨਾਮ ਅਸ਼ਟ ਪੰਚਾਸਤਿ ਅੰਸੂ ॥ ੫੮ ॥

੫੯. [ਦੁਰਗ ਗੁਆਲੀਅਰ ਪ੍ਰਵੇਸ਼]।

ਦੋਹਰਾ ॥ ਸੁਧਿ ਭੋਜਨ ਕੇ ਕਰਨਿ ਕੀ ਸ਼ਾਹੁ ਨਹੀਂ ਸੁਧਿ ਕੋਇ। ਦਾਸਨਿ ਕਹਿ ਬਹੁ ਬਾਰਿ ਤਬਿ ਅਚਯੋ ਕੁਛਕ ਉਠਿ ਸੋਇ ॥ ੧ ॥ ਚੌਪਈ ॥ ਚਾਰ ਪਾਂਚ ਮੂਢਨਿ ਕੇ ਮਤਿ ਕੀ। ਸੁਨਿ ਕਰਿ ਬਾਤ ਚਿੰਤ ਚਿਤ ਮ੍ਰਿਤੁ ਕੀ। ਚਢਿ ਗਜ ਪਰ ਗਮਨਯੋਂ ਗੁਰੁ ਓਰੇ। ਬਰਜੇ ਰਖੇ ਸਾਥਿ ਨਰ ਥੋਰੇ ॥੨॥ ਖੁਸ਼ੀ ਨ ਚਿਤ ਕੋ ਭਾਵਤਿ ਕੋਈ। ਤਿਸੀ ਸੰਦੇਹ ਬਿਖੇ ਬ੍ਰਿਤਿ ਹੋਈ।ਪਹੁੰ-ਚਯੋ ਗੁਰੁ ਢਿਗ ਬੰਦਨ ਧਾਰੀ। ਅਰਪੀ ਚਾਰੁ ਅਕੋਰ ਅਗਾਰੀ ॥ ੩ ॥ ਮੌਨ ਠਾਨਿ ਕਰਿ ਬਦਨ ਮਲੀਨਾ। ਬੈਠਯੋ ਸ਼ਾਹ ਨਿਕਟ ਮਨ ਦੀਨਾ। ਸਤਿ-ਗੁਰੁ ਚਤੁਰ, ਪਰਖਿ ਮੁਰਝਾਯੋ। ਹਿਤ ਬੂਝਨਿ ਕੇ ਬਾਕ ਅਲਾਯੋ ॥ ੪ ॥ ਹਜ਼ਰਤ!ਕਹਹੁ ਕਵਨ ਹੈ ਕਾਰਨ?।ਜਿਸ ਤੇ ਏਵ ਦਸ਼ਾ ਕਿਯ ਧਾਰਨਿ। ਬਦਨ ਪ੍ਰਕਾਸ਼ਤਿ ਨਹੀਂ ਤੁਮਾਰਾ। ਮਨਹੁ ਜੂਪ ਮਹਿਂ ਮਨ ਕੋ ਹਾਰਾ॥੫॥ ਨਹੀਂ ਬਿਲੋਚਨਿ ਬਿਕਸਤਿ ਆਛੇ। ਨਹਿਂ ਪੂਰਬ ਸਮ ਬੋਲਨਿ ਬਾਛੇ। ਕੋ ਅਸ ਕਾਜ ਬਿਗਾਰਯੋ ਕਾਂਹੂ? ।ਜਿਸ ਤੇ ਖੁਸ਼ੀ ਨਹੀਂ ਮਨ ਮਾਂਹੂ' ॥ ੬ ॥ ਕਹਯੋ ਸ਼ਾਹ 'ਕਯਾ ਕਹੌਂ ਸੁਨਾਈ। ਅਸਮੰਜਸ[੩] ਗਤਿ ਕਹੀ ਨ ਜਾਈ। ਤਊ ਅਵੱਸ਼ਯ ਬਨੀ ਅਬਿ ਆਨਿ।ਸੁਨਹੁ ਪੀਰ ਜੀ ਕਰੌਂ ਬਖਾਨ॥੭॥ਸਾਢ-ਸਤੀ ਮੋਰੇ ਪਰ ਆਈ। ਅਪਰ ਨਹੀਂ ਕੁਛ ਹੋਤਿ ਉਪਾਈ। ਏਕ ਜਤਨ ਸੋ ਹਾਥ ਤੁਮਾਰੇ। ਜਿਸ ਤੇ ਉਪਜਹਿ ਖੈਰ ਹਮਾਰੇ॥ ੮ ॥ ਦੁਰਗ ਗੁਆ-ਲਿਯਰ ਮਹਿਂ ਥਿਰ ਹ੍ਵੈ ਕੈ। ਸਿਮਰਹੁ ਅਲਹ ਮਾਲ ਕਰ ਲੈ ਕੈ[੪]। ਇਕ

[੧](ਗੁਰੂ ਜੀ) ਕਰਾਮਾਤ ਸਹਤ ਸੰਤ ਸੁਭਾ ਵਾਲੇ ਹੋਕੇ। [੨]ਤੂੰ ਦੱਸ ਦਿੱਤੇ ਹਨ ਉਹ (ਗੁਰੂ ਜੀ)। [੩]ਅਣਬਣ। [੪]ਮਾਲਾ ਹੱਥ ਵਿਚ ਫੜ ਕੇ ਅੱਲਾ ਨੂੰ ਸਿਮਰੋ।

*ਪਾ:-ਅਜ਼ਮਤ ਜੁਤ ਹੈ ਸੰਤ ਸੁਭਾਇ।

ਚਾਲੀਸਾ ਜੋ ਤੁਮ ਕਰੋ। ਸਾਢਸਤੀ ਕੋ ਬਲ ਪਰਹਰੋ ॥ ੯ ॥ ਖ਼ੈਰ ਹੋਇ
ਸਭਿ ਰੀਤਿ ਹਮਾਰੇ। ਹੁਇ ਬਰਨੀ ਜਬਿ ਏਵ ਤੁਮਾਰੇ'। ਸ੍ਰੀ ਸਤਿਗੁਰ ਸੁਨਿ
ਸਭਿ ਲਖਿ ਪਾਈ। ਜਥਾ ਦੁਸ਼ਟ ਮਿਲਿ ਕੀਨਿ ਖੁਟਾਈ ॥੧੦॥–ਅਬਿ ਜੇ
ਕਰਹਿਂ ਹਟਾਵਨਿ ਸ਼ਾਹੂ। ਮਲਿਨ[1] ਹੋਇ, ਸੰਸੈ ਮਨ ਮਾਂਹੂ। ਜੇ ਨਹਿਂ ਜਾਇਂ,
ਕੁਟਿਲ ਮਿਲਿ ਕਹੈਂ। ਹਮ ਸੋਂ ਬਿਗਰੈ, ਭੇਦ ਨ ਲਹੈ[2]–॥੧੧॥ ਉਰ ਬਿਚਾਰ
ਗੁਰੁ ਕਹਯੋ ਬਨਾਈ। 'ਤੋ ਪਰਿ ਸਾਢਸਤੀ ਨਹਿਂ ਆਈ। ਨਹੀਂ ਕਸ਼ਟ
ਕੁਛ ਆਵਹਿ ਨੇਰੇ। ਸ਼੍ਰੇਯ ਅਹੈ ਤੇਰੀ ਹਮ ਹੇਰੇ॥੧੨॥ ਜਿਸ ਪਰ ਸਾਢਸਤੀ
ਅਬਿ ਆਈ। ਤਿਸ ਤੇ ਬਨਹਿ ਨ ਏਕ ਉਪਾਈ। ਕਾਲ ਜਾਇ ਭਖਿ ਦੇਖਤਿ
ਤੇਰੇ। ਮਰਹਿ ਕੁਮ੍ਰਿਤੁ ਪਾਪ ਫਲ ਪ੍ਰੇਰੇ॥੧੩॥ ਹਮਰੇ ਪ੍ਰਵਿਸ਼ੇ ਦੁਰਗ ਮਝਾਰੇ।
ਉਪਜਤਿ ਹੈ ਕੱਲਯਾਨ ਤੁਮਾਰੇ। ਤੌ ਹਮ ਜਾਹਿਂ ਜਾਪ ਕੋ ਕਰੈਂ। ਸਭਿ ਸੰਕਟ
ਤੇਰੇ ਪਰਹਰੈਂ'॥੧੪॥ ਸੁਨਤਿ ਸ਼ਾਹੁ ਹਰਖਯੋ ਮਨ ਮਾਂਹੂ।–ਸਾਢਸਤੀ ਬਲ
ਹੋਇ ਬਿਨਾਹੂ–। 'ਧੰਨ ਗੁਰੂ ਜੀ ਤੁਮ ਸਭਿ ਲਾਯਕ। ਸ਼ਰਨਾਗਤਿ ਕੇ
ਕਸ਼ਟ ਨਸਾਯਕ॥੧੫॥ ਖ਼ਾਤਰ ਜਮਾਂ[3] ਰਿਦੇ ਅਬਿ ਹੋਈ। ਸੰਕਟ ਮੋਹਿ ਛੁਵੈ
ਨਹਿਂ ਕੋਈ। ਕ੍ਰਿਪਾ ਧਾਰਿ ਹੁਇ ਹਰਖ ਸਮੇਤਾ। ਜਾਪ ਕਰਨਿ ਗਮਨਹੁ ਮਮ
ਹੇਤਾ ॥ ੧੬ ॥ ਤੁਮ ਤੇ ਆਛੋ ਕੋ ਹੁਇ ਪਯਾਰੋ। ਜਿਨ ਕੇ ਦਿਏ ਪ੍ਰਾਨ ਤਨ
ਧਾਰੋਂ'। ਪਰਵਾਨਾ ਤਬਿ ਸ਼ਾਹੁ ਲਿਖਾਯੋ। ਦੁਰਗ ਪਤੀ ਕੇ ਪਾਸ ਪਠਾਯੋ॥੧੭॥
'ਸ੍ਰੀ ਹਰਿ ਗੋਵਿੰਦ ਇਹਠਾਂ ਆਵੈਂ। ਕਰਿ ਚਾਲੀਸਾ ਮੋਹਿ ਬਚਾਵੈਂ। ਆਛੋ ਥਲ
ਡੇਰਾ ਕਰਿਵਾਵਹੁ। ਜੋ ਕਿਛ ਚਹੈਂ ਸੁ ਪਾਸ ਪਠਾਵਹੁ ॥੧੮॥ ਦੇਤੇ ਰਹਿਯੋ
ਅਧਿਕ ਅਨੰਦ। ਮਾਨਹੁੰ ਕਹਯੋ ਸਕਲ ਕਰ ਬੰਦਿ। ਨਿਕਟ ਹਮੇਸ਼ ਜਾਹੁ
ਇਕ ਬਾਰੀ। ਬੂਝਤਿ ਰਹਹੁ ਲੇਹੁ ਸੁਧਿ ਸਾਰੀ' ॥ ੧੯॥ ਇਮ ਕਹਿ ਸ਼ਾਹੂ
ਬੰਦਨਾ ਕਰੀ। ਗ੍ਰਿਹ ਕੌ ਗਮਨਿ ਸੁ ਇੱਛਾ ਧਰੀ। ਸਤਿਗੁਰ ਕਹਯੋ 'ਰਹੋ
ਸਭਿ ਡੇਰਾ। ਹਮ ਗਮਨੈਂ ਤਿਤ ਹੋਤਿ ਸਬੇਰਾ ॥੨੦॥ ਕਰਹਿਂ ਨਿਵਾਰਨਿ
ਬਾਧਾ ਤੋਰੀ। ਬਹੁਰ ਬਿਨਾਸ਼ਹਿਂ ਕੁਟਿਲ ਜਿ ਖੋਰੀ[4]'। ਸੁਨਤਿ ਸ਼ਾਹੁ ਕਹਿ
'ਮੈਂ ਅਨੁਸਾਰੇ[5]। ਕਰਹੁ ਪ੍ਰਥਮ ਮੋ ਪਰ ਉਪਕਾਰੇ'॥੨੧॥ ਗਯੋ ਸ਼ਾਹੁ ਉਠਿ
ਅਪਨੇ ਧਾਮੂ। ਸ੍ਰੀ ਹਰਿਗੋਵਿੰਦ ਤਨ ਅਭਿਰਾਮੂ। ਤਯਾਰੀ ਕਰਤਿ ਭਏ ਨਿਜ
ਸਾਰੀ। ਸਭਨਿ ਸੁਨਾਵਤਿ ਗਿਰਾ ਉਚਾਰੀ ॥ ੨੨ ॥ 'ਪੰਚ ਸਿੱਖ ਗਮਨਹਿਂ
ਹਮ ਸੰਗ। ਰਹੈ ਚਮੂੰ[6] ਸੁਧਿ ਲੇਹੁ ਤਰੰਗ। ਹੋਵਤਿ ਰਹੈ ਦੇਗ ਇਸ ਰੀਤਿ।

[1]ਉਦਾਸ। [2]ਵਿਗੜੇਗਾ (ਬਾਦਸ਼ਾਹ) ਤੇ (ਵੈਰ ਦਾ) ਭੇਦ ਨਹੀਂ ਜਾਣੇਗਾ। [3]ਤਸੱਲੀ। [4]ਖੋਰੀ=ਛੁਪ ਕੇ ਵੈਰ ਕਰਨ ਵਾਲਾ। [5]ਅਨੁਸਾਰ ਹਾਂ। [6]ਸੈਨਾਂ (ਇੱਥੇ)।

ਸਭਿ ਕੀ ਸੁਧਿ ਸਭਿ ਬਿਧਿ ਲਿਹੁ ਨੀਤ'॥੨੩॥ ਕਹਯੋ ਮਸੰਦਨਿ ਕੋ ਸਮੁ-
ਝਾਇ। 'ਹਮ ਆਵਹਿਂ ਦਿਨ ਕਿਤਿਕ ਬਿਤਾਇ। ਸਭਿਨਿ ਸੰਭਾਰ ਕਰੋ
ਹੁਸ਼ਿਯਾਰ। ਰਹਹੁ ਸੁਚੇਤ ਨਿਵੇਸ[1] ਮਝਾਰ'॥੨੪॥ਖਾਨ ਪਾਨ ਕਰਿ ਨਿਸਾ
ਬਿਤਾਈ। ਭਈ ਭੋਰ ਗਮਨੇ ਗੋਸਾਈਂ।ਪੰਚ ਸਿੱਖ ਲੇ ਸੰਗ ਪਯਾਨੇ।ਪਹੁੰਚੇ
ਜਾਇ ਗੁਆਲਿਯਰ ਥਾਨੇ ॥੨੫॥ ਦੁਰਗਪਤੀ ਆਖਯ ਹਰਿਦਾਸ। ਸਿਮ-
ਰਤਿ ਸਦਾ ਸ ਹਿਤ ਗੁਰਪਾਸ[2] ।–ਕਿਮ ਦਰਸ਼ਨ ਮੈਂ ਚਲਿ ਕਰਿ ਪਾਵੋਂ।
ਨਹੀਂ ਦੁਰਗਕੋ ਛੋਰਿ ਸਿਧਾਵੋਂ॥੨੬॥ਅਹੈਂ ਕੈਦ ਇਸ ਮਹਿਂ ਬਹੁਰਾਜੇ।ਮੇਰੇ
ਗਏ ਬਿਗਰਹੈਂ ਕਾਜੇ। ਸ਼ਾਹੁ ਤਕੀਦ ਕਰਤਿ ਬਹੁ ਬਾਰੀ। ਦੁਰਗ ਬਿਸਾਸ[3]
ਨ ਕੀਜਹਿ ਧਾਰੀ ॥ ੨੭ ॥ ਨਹੀਂ ਕੋਸ ਭਰ ਛੋਰਿ ਸਿਧਾਵਹੁ। ਨਿਜ
ਦਰਮਾਹਾ[4] ਬੈਠੇ ਪਾਵਹੁ। ਨਹੀਂ ਦੁਰਗ ਤਜਿ ਜਾਯਹੁ ਜਾਵੈ–। ਸਿਮਰਹਿ
ਸਤਿਗੁਰੁ–ਦਰਸ ਦਿਖਾਵੈਂ–॥ ੨੮ ॥ ਗਯੋ ਸ਼ਾਹ ਕੋ ਜਬਿ ਪਰਵਾਨਾ।
ਕਰਤਿ ਪ੍ਰਤੀਖਨ ਹਰਖ ਮਹਾਨਾ। ਪਹੁੰਚੇ ਤਹਿਂ ਸ੍ਰੀ ਹਰਿ ਗੋਵਿੰਦ। ਤਬਿ
ਹਰਿਦਾਸ ਉਠਯੋ ਕਰ ਬੰਦਿ॥੨੯॥ਬੰਦਨ ਕੀਨਿ ਭਾਉ ਬਡ ਧਾਰ॥ਲੇਕਰਿ
ਸੰਗ ਸੁ ਦੁਰਗ ਮਝਾਰ॥ਪ੍ਰਵਿਸ਼ਯੋ ਆਛੋ ਥਲ ਜਹਿਂ ਹੇਰ॥ਜਾਇ ਕਰਾਯਹੁ
ਸਤਿਗੁਰੁ ਡੇਰਾ ॥ ੩੦ ॥ ਇਕ ਸੁੰਦਰ ਪਰਯੰਕ ਡਸਾਯੋ। ਆਸਤਰਨ ਸੋਂ
ਨੀਕੇ ਛਾਯੋ। ਤਿਸ ਪਰ ਬਿਨਤੀ ਭਾਖਿ ਬਿਠਾਇ।ਬੈਠਿ ਤਰੇ ਮਨ ਬਾਂਛਤਿ
ਪਾਇ ॥ ੩੧ ॥ ਕਹਤਿ ਭਯੋ 'ਸੁਨਿ ਸੁਜਸੁ ਤੁਮਾਰਾ। ਚਹਤਿ ਰਹਯੋ ਮੈਂ
ਦਰਸ ਉਦਾਰ॥ਘਟਿ ਘਟਿ ਕੀ ਤੁਮ ਜਾਨਨਿ ਹਾਰੇ।ਆਨ ਦਿਯੋ ਦਰਸ਼ਨ
ਇਸ ਬਾਰੇ ॥੩੨॥ ਕਰਯੋ ਨਿਹਾਲ ਮੋਹਿ ਕੋ ਆਛੇ। ਦੇਤਿ ਮਨੋਰਥ ਦਾਸ
ਜੁ ਬਾਂਛੇ'। ਭਾਉ ਹੇਰਿ ਕਰਿ ਬਹੁ ਹਰਿਦਾਸ। ਸ੍ਰੀ ਮੁਖ ਤੇ ਕਿਯ ਬਾਕ
ਪ੍ਰਕਾਸ਼ ॥ ੩੩ ॥ 'ਗੁਰੁ ਘਰ ਕੇ ਜੋ ਸ਼ਰਧਾ ਧਾਰੀ। ਦੁਹ ਲੋਕਨਿ ਗਤਿ
ਲਹਤਿ ਸੁਖਾਰੀ। ਸ੍ਰੀ ਨਾਨਕ ਜਗ ਗੁਰ ਸਭਿ ਮਾਲਕ।ਚਾਰ ਪਦਾਰਥ ਦੇ
ਤਤਕਾਲਕ' ॥ ੩੪ ॥ ਸੁਨਤਿ ਹਰਖ ਕਰਿ ਕੈ ਹਰਿਦਾਸ। ਵਸਤੁ ਜੁ
ਚਹਿਯਤਿ ਪਠੀ ਸੁ ਪਾਸ। ਕੈਦ ਬਿਖੈ ਮਹੀਪਾਲ ਬਿਸਾਲਾ। ਉਮਰ ਕੈਦ
ਜਿਨ ਕੀ ਸਭਿ ਕਾਲਾ ॥੩੫॥ ਕਬਹੁੰ ਨ ਛੋਡਨਿ ਜਿਨ ਕੋ ਹੋਇ। ਤਿਸੀ
ਦੁਰਗ ਮਹਿਂ ਗੇਰਤਿ ਸੋਇ। ਸੁਨੀ ਸਭਿਨਿ 'ਸਤਿਗੁਰੁ ਇਤ ਆਏ'।ਭਏ
ਅਨੰਦ ਮਨਹੁੰ ਛੁਟਕਾਏ ॥ ੩੬ ॥ ਕਰ ਜੋਰੇ ਸਭਿ ਹੀ ਤਹਿਂ ਆਇ। ਗੁਰੁ

[1]ਘਰ। [2]ਪਿਆਰ ਨਾਲ ਗੁਰੂ ਜੀ ਦੀ ਸਮਾਪਤਾ। [3](ਦਾ) ਭਰੋਸਾ। [4]ਰੋਜ਼ੀਨਾ।

ਕੋ ਦਰਸ ਕੀਨਿ ਸੁਖ ਪਾਇ। ਸਭਿ ਕੇ ਊਪਰ ਬਸਤ੍ਰ ਮਲੀਨ। ਤਨ ਤੇ
ਦੁਰਬਲ ਚਿੰਤਾ ਪੀਨ ॥੩੭॥ ਕੇਸ਼ ਸ਼ਮਸ਼ ਮਹਿਂ ਜੂੰਕ[1] ਘਨੇਰੀ। ਪਾਇਨ
ਪਰੀ ਪੀਨ ਹੀ ਬੇਰੀ[2]। ਜੀਰਨਪਟ ਤਨ ਧਾਰਨਿ ਕਰੇ।ਮੁਕਤਿ ਹੋਨਿ ਕੀ[3]
ਆਸ ਨ ਧਰੇ॥੩੮॥ਬਿਛੁਰੇ ਪਰਵਾਰਨਿ ਅਰੁ ਦੇਸ਼। ਨਿਸ ਦਿਨ ਜਿਨਹੁੰ
ਕਲੇਸ਼ ਵਿਸ਼ੇਸ਼ । ਜਰਾਸਿੰਧ ਜਿਮ ਰਾਜੇ ਗਹੇ । ਦੇਖਿ ਕ੍ਰਿਸ਼ਨ ਕੋ ਆਨੰਦ
ਲਹੇ ॥ ੩੯ ॥ ਤਿਮ ਸਭਿ ਪਿਖਿ ਸ੍ਰੀ ਹਰਿ ਗੋਵਿੰਦ । ਨਾਮ ਕ੍ਰਿਯਾ ਜੁਗ ਕੀ
ਮਾਨਿੰਦ*। ਦੇਖਤਿ ਕ੍ਰਿਪਾ ਕ੍ਰਿਪਾਲ ਬਿਸਾਲਾ। ਸਭਿ ਕੋ ਦਈ ਧੀਰ ਤਿਸ
ਕਾਲਾ ॥ ੪੦ ॥ ਰਹਨਿ ਲਗੇ ਪੁਨ ਦੁਰਗ ਮਝਾਰੇ। ਸਭਿ ਕੇਦਿਨਿ ਕੋ
ਦੇਤਿ ਅਹਾਰੇ। ਪਾਤਸ਼ਾਹੁ ਤੇ ਧਨੁ ਬਹੁ ਆਵੈ।ਪੁਨ ਹਰਿਦਾਸ ਰਸਦ
ਪਹੁੰਚਾਵੈ ॥ ੪੧ ॥ ਬਨਹਿ ਤਿਹਾਵਲ ਨਿਤ ਸਮੁਦਾਇ। ਜਿਤੇ ਦੁਰਗ
ਮਹਿਂ ਸਗਰੇ ਖਾਇਂ। ਛੁਧਿਤਿ ਰਹਨਿ ਪਾਵੈ ਨਹਿਂ ਕੋਈ। ਸ੍ਵਾਦਲ ਅਸਨ
ਦੇਤਿ ਬਹੁ ਹੋਈ ॥ ੪੨ ॥ ਜੇਤਿਕ ਕੈਦੀ ਬ੍ਰਿੰਦ ਸਿਪਾਹੀ। ਸਤਿਗੁਰੁ ਦੇਂ
ਪੰਚਾਂਮ੍ਰਿਤ ਖਾਂਹੀ। ਤਊ ਬਚਹਿ ਪੁਨ ਵਹਿਰ ਦਿਵਾਵੈਂ। ਆਨਿ ਲੋਕ ਗਨ
ਲੇ ਕਰਿ ਖਾਵੈਂ ॥ ੪੩ ॥ ਇਕ ਦੁਇ ਕਾਲ ਬੀਤ ਕਰਿ ਗਏ।ਗੁਰੂ ਅਹਾਰ
ਨ ਕਰਤੇ ਭਏ। ਪੰਚ ਸਿੱਖ ਜੇਠਾ ਰੁ ਪਿਰਾਣਾ। ਸਭਿਹਿਨਿ ਪਿਖਿ ਕਰ
ਜੋਰਿ ਵਖਾਣਾ ॥ ੪੪ ॥ 'ਇਹ ਕਾਰਨ ਭਾ ਕੌਨ ਗੁਸਾਈਂ?।ਆਪ ਨਹੀ
ਭੋਜਨ ਕੋ ਖਾਂਹੀ।ਧਿਕ ਹਮਰੋ ਤੁਮਰੇ ਬਿਨ ਖਾਯੋ। ਬਰਤਨੋਦੇਖਤਿ ਲੇਂ ਮੁਖ
ਪਾਯੋ' ॥੪੫॥ ਸ੍ਰੀ ਮੁਖ ਤੇ ਫੁਰਮਾਵਨਿ ਕੀਨਿ। 'ਇਹ ਭੋਜਨ ਹਮ ਖਾਹਿਂ
ਕਬੀ ਨ। ਵਹਿਰ ਜਾਇ ਮਿਹਨਤ ਕਰਿ ਲਯਾਵਹੁ। ਰਸਦ ਖਰੀਦਹੁ
ਬਿਪਨੀ ਜਾਵਹੁ[4] ॥ ੪੬ ॥ ਤਿਸਤੇ ਤਯਾਰ ਅਹਾਰ ਕਰੀਜਹਿ। ਹਿਤ
ਭੋਜਨ ਕੇ ਸੋ ਹਮ ਦੀਜਹਿ।ਨਾਂਹਿ ਤ ਰਹਿ ਹੈਂ ਪੌਨ ਅਹਾਰੀ। ਜਬਿ ਲਗਿ
ਬਾਸਹਿਂ ਦੁਰਗ ਮਝਾਰੀ' ॥ ੪੭ ॥ ਸੁਨਿ ਸਤਿਗੁਰ ਤੇ ਬਹੁਰ ਸੁਨਾਈ।
'ਹਮ ਨਿਜ ਹਾਥਨਿ ਲਯਾਇਂ ਕਮਾਈ। ਕੀਜਹਿ ਭੋਜਨ ਆਪ ਹਮੇਸ਼ੂ।

[1]ਜੂੰਆਂ। [2]ਪੈਰਾਂ ਵਿਚ ਪਈ ਤਕੜੀ ਬੇੜੀ। [3]ਰਿਹਾ ਹੋਣ ਦੀ। [4]ਦੁਕਾਨ ਤੇ ਜਾਕੇ।

*ਦੋਹਾਂ ਦਾ ਨਾਮ ਤੇ ਕ੍ਰਿਆ ਇੱਕੋ ਜਿਹੀ ਹੈ। ਭਾਵ ਕ੍ਰਿਸ਼ਨ ਤੇ ਗੋਬਿੰਦ ਇਕ ਨਾਮ ਹੈ ਤੇ ਰਾਜਿਆਂ ਦਾ ਛੁੜਾਨਾ ਰੂਪ ਕ੍ਰਿਆ ਭੀ ਦੋਹਾਂ ਨੇ ਇੱਕੋ ਕੀਤੀ, ਪਰ ਭਾਈ ਨੰਦ ਲਾਲ ਜੀ ਸਤਿਗੁਰ ਹਰਿਗੋਬਿੰਦ ਜੀ ਬਾਬਤ ਇਹ ਲਿਖਦੇ ਹਨ:-"ਵ ਮੰਜ਼ਲਿ ਉਲੀਆਇਸ਼ ਅਜ਼ ਹਰ ਉਲਵੀ ਬਰਤਰ" [ਸਲਤਨਤ ਬਸ਼ਮ] ਅਰਥਾਤ ਉਸ ਦਾ ਬਜ਼ੁਰਗ ਮਰਤਬਾ ਹਰ ਉੱਚੇ ਤੋਂ ਉੱਚਾ ਹੈ ਅਰਥਾਤ ਆਪ ਸ੍ਰੀ ਕ੍ਰਿਸ਼ਨ ਜੀ ਤੋਂ ਬੀ ਉੱਚੇ ਹਨ।

ਹਮ ਕੋ ਅਹੈ ਸੁਖੇਨ ਬਿਸ਼ੇਸ਼ੂ' ॥ ੪੮ ॥ ਲੇ ਆਗ੍ਯਾ ਗਮਨੇ ਤਿਸ ਬੇਰੇ। ਵਹਿਰ ਦੁਰਗ ਕੇ ਨਿਕਟ ਠਠੇਰੇ[1]।ਤਿਨ ਸੋਂ ਨਿਜ ਮਿਹਨਤ ਠਹਿਰਾਈ। 'ਕਰਹਿਂ ਅਪਰ ਤੇ ਦੁਗਨਿ ਕਮਾਈ॥੪੯॥ਸਰਬ ਜਾਮਨੀ ਕ੍ਰਿਤੀ ਕਰੈ ਹੈਂ। ਏਕ ਰਜਤਪਣ ਦੋਨਹੁਂ ਲੈਹੈਂ'[2]। ਕਹ੍ਯੋ ਠਠੇਰਨਿ 'ਜੇ ਬਹੁ ਘਾਲਿ[3]। ਦੇਹਿਂ ਮਜੂਰੀ ਤੁਮਹਿਂ ਬਿਸਾਲ'॥੫੦॥ਸੰਧ੍ਯਾ ਤੇ ਗਹਿ ਲੀਨਿ ਵਿਦਾਨ[4]।ਘਰਨਿ ਲਗੇ ਕਰਿ ਤਾਨ[4] ਮਹਾਨ।ਜਥਾ ਠਠੇਰਾ ਬਿਧੀ ਬਤਾਵੈ।ਪਕਰਿ ਹਥੌਰੇ ਤਥਾ ਲਗਾਵੈਂ॥੫੧॥ਹੋਤਿ ਭੋਰ ਲਗਿ ਬਾਸਨ ਬ੍ਰਿੰਦ।ਘਰੇ ਅਗਾਰੀ ਤੇ ਸੁ ਬਿਲੰਦ। ਹੋਇ ਪ੍ਰਸੰਨ ਰਜਤਪਣ ਦੀਨਿ।ਦੋਨਹੁ ਰਸਦ ਖਰੀਦਨਿ ਕੀਨਿ॥੫੨॥ਚੂਨ ਸੁ ਚਾਵਰ ਸੂਖਮ ਲੀਨੇ।ਘ੍ਰਿਤ ਮਿਸ਼ਟਾਨ ਲਿਯੋ ਸ਼ੁਭ ਚੀਨੇ। ਪਯ[5] ਖਰੀਦ ਗੁਰ ਕੇ ਢਿਗ ਲ੍ਯਾਏ। ਪਾਕ ਸਿੱਧ[6] ਸਭਿ ਕੀਨਿ ਬਨਾਏ॥੫੩॥ ਸਭੀ ਤ੍ਯਾਰ ਕਰਿ ਥਾਰ ਪਰੋਸਾ।ਸਤਿਗੁਰ ਕੋ ਅਚਾਇ ਕਰਿ ਪੋਸਾ[7]। ਸਭਿਹਿਨਿ ਪਾਇ ਅਨੰਦ ਵਿਸ਼ੇਸ਼ੂ।ਕਰਤਿ ਭੁਏ ਤਿਮ ਕਾਰ ਹਮੇਸ਼ੂ॥੫੪॥ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰਾਸੇ 'ਸ੍ਰੀ ਗੁਰੁ ਹਰਿਗੋਵਿੰਦ ਦੁਰਗ ਪ੍ਰਵੇਸ਼ਨਿ' ਪ੍ਰਸੰਗ ਬਰਨਨੰ ਨਾਮ ਏਕ ਉਨਸਸ਼ਟੀ ਅੰਸੂ ॥ ੫੯ ॥

੬੦. [ਗੁਆਲੀਅਰ ਨਿਵਾਸ। ਪ੍ਰੇਮੀ ਸਿੱਖਾਂ ਦੀ ਸਲਾਹ]।

ਦੋਹਰਾ॥ ਉਰ ਹਰਖਤਿ ਚੰਦੂ ਭਯੋ ਪੁਰ੍ਯੋ ਮਨੋਰਥ ਜਾਨਿ। ਦਯੋ ਨਜੂਮੀ ਕੋ ਦਰਬ ਅਰੁ ਉਮਰਾਵਨਿ ਮਾਨ॥੧॥ਚੌਪਈ॥–ਪਰੇ ਕੈਦ ਅਬਿ ਕਰਿਹੋਂ ਹਾਨ। ਛੂਟਨਿ ਨਿਕਸਨਿ ਹੋਹਿ ਤਹਾਂ ਨ[8]–। ਜਤਨ ਬਿਚਾਰਤਿ ਮਾਰਨਿ ਕੇਰਾ। ਨਿਸ ਦਿਨ ਗਿਨਤੀ ਗਿਨਹਿ ਘਨੇਰਾ॥੨॥ਜਮਾਂਦਾਰ ਕੋ ਲਿਖ੍ਯੋ ਬਨਾਇ। 'ਇਹੁ ਮਮ ਰਿਪੁ ਜਾਨਹੁ ਇਤ ਆਇ। ਕਰਿ ਉਪਾਵ ਮੈਂ ਤੁਝ ਢਿਗ ਭੇਜਾ।ਇਸ ਦੁਖ ਤੇ ਮਮ ਪਾਕ[9] ਕਰੇਜਾ॥੩॥ ਨਹੀਂ ਦੁਰਗ ਤੇ ਨਿਕਸਨਿ ਪਾਵੈ।ਇਮ ਕੀਜਹਿ ਜਿਮ ਜਮ ਘਰ ਜਾਵੈ। ਸੋ ਉਪਾਉ ਮੈਂ ਕਹੌਂ ਬਨਾਈ। ਪੋਸ਼ਿਸ਼ ਸਭਿ ਵਿਹੁ ਜ਼ਹਿਰ ਲਗਾਈ ॥੪॥ ਅਤਿ ਤੀਛਨ ਜਿਸ ਤੇ ਤਤਕਾਲ। ਤਜਹਿ ਪ੍ਰਾਨ ਪਹਿਰਤਿ ਬਿਕਰਾਲ[10]। ਨਿਜ ਨਰ ਆਛੋ ਕੀਨਿ ਪਠਾਵਨਿ। ਇਹ ਬਨਵਾਵਹਿ ਹਿਤ ਪਹਿਰਾਵਨਿ॥੫॥ਤੁਮ ਨਿਜ ਕਰ ਲੈ ਕੇ ਢਿਗ ਜਾਵੋ।–ਪੋਸ਼ਿਸ਼ ਪਠੀ ਸ਼ਾਹੁ–ਬਤਰਾਵੋ। ਕਹਹੁ ਕਪਟ ਕੇ ਮਾਧੁਰ ਬੈਨ।ਪਹਿਰਾਵੋ ਤਨ ਹੇਰਤਿ ਨੈਨ॥੬॥ ਜਬਿ ਮਮ ਰਿਪੁ ਜਮ ਧਾਮ ਪਹੂਚੇ।

---

[1]ਕਸੇਰਾ, ਭਾਂਡੇ ਘੜਨ ਵਾਲਾ। [2]ਕਮਾਈ ਕਰੋਗੇ। [3]ਹਥੌੜਾ। [4]ਬਲ। [5]ਦੁੱਧ। [6]ਰਸੋਈ ਤਿਆਰ। [7]ਤ੍ਰਿਪਤ ਕੀਤਾ। [8]ਛੁੱਟ ਕੇ ਤਿੱਥੋਂ ਨਿਕਲਨਾ ਨਹੀਂ ਹੋਵੇਗਾ। [9]ਪੱਕ ਗਿਆ ਹੈ। [10]ਭਿਆਨਕ।

ਤੋਹਿ ਮਰਾਤਬ ਕਰਿ ਹੌਂ ਊਚੇ। ਸ਼ਾਹੁ ਨਿਕਟ ਤੇ ਮਾਨ ਕਰਾਵੌਂ। ਹੇਤ ਗੁਜ਼ਾਰੇ ਗ੍ਰਾਮ ਦਿਵਾਵੌਂ ॥੭॥ ਪੰਜ ਹਜ਼ਾਰ ਦਰਬ ਮੈਂ ਦੈਹੌਂ। ਅਪਨਿ ਸਖਾ ਪਜਾਰੋ ਕਰਵੈਹੌਂ'।ਇਮਲਿਖਿ ਕਰਿ ਆਛੋਨਰ ਭੇਜਾ।ਕਹ੍ਯੋ ਕਿ'ਦਰਬਸੰਗ ਗਨ ਲੇ ਜਾ'॥੮॥ਪਠ੍ਯੋ ਪਾਤਕੀ ਕੋ ਨਰ ਗਯੋ।ਦੇਖਿ ਦੁਰਗਪਤਿ ਕੋ ਖਤ ਦਯੋ।ਪਠਿ ਕਰਿ ਜਾਨ੍ਯੋ ਅਖਿਲ ਹਵਾਲ।ਸਤਿਗੁਰ ਢਿਗ ਪਹੁੰਚ੍ਯੋ ਤਤ-ਕਾਲ॥੯॥'ਤੁਝਕੋ ਪਠ੍ਯੋ ਸ਼ਾਹੁ ਇਸ ਥਾਨੇ।ਸਭਿ ਫਰੇਬ ਇਹ ਚੰਦੂ ਠਾਨੇ। ਲੋਕਨਿ ਕੋ ਧਨ ਦੇ ਸਿਖਲਾਯੋ। ਹਤ੍ਯੋ ਚਹਤਿ ਇਸ ਦੁਰਗ ਪਠਾਯੋ ॥੧੦॥ਅਪਰ ਨ ਬਰਨੀ ਕਰਨੀ ਕੋਈ।ਇਹ ਪ੍ਰਪੰਚ[1] ਸਭਿ ਤਿਸ ਤੇ ਹੋਈ। ਅਬਿ ਮੁਝ ਕੋ ਲਿਖਿ ਭੇਜ੍ਯੋ ਤੈਸੇ। ਮੈਂ ਤਿਸ ਕਹੀ ਨ ਮਾਨੌਂ ਕੈਸੇ' ॥੧੧॥ ਸਭਿ ਪਢਿ ਕਰਿ ਸਤਿਗੁਰਨਿ ਸੁਨਾਯੋ।ਪੁਨ ਪਾਵਕ ਮੈਂ ਸੋ ਖਤ ਪਾਯੋ।ਸ੍ਰੀ ਹਰਿ ਗੋਬਿੰਦ ਬਾਕ ਉਚਾਰੇ।'ਮਰਹਿ ਦੁਸ਼ਟ ਪਹੁੰਚੈ ਜਮਦ੍ਵਾਰੇ॥੧੨॥ਆਨਿ ਸਮਾ ਢਿਗ ਪਹੁੰਚ੍ਯੋ ਤਾਂਹੀ। ਹਤੌਂ ਕੁਮੌਤ ਬਚਹਿ ਅਬਿ ਨਾਂਹੀ'। ਜਮਾਂ-ਦਾਰ ਸੁਨਿ ਕਰਿ ਹਰਖਾਯੋ।'ਇਹ ਬਡ ਪਾਪੀ ਬਹੁਤ ਬਚਾਯੋ[2]॥੧੩॥ਕਰੀ ਅਵੱਗ੍ਯਾ ਬਡਿਹੁੰ ਬਡੇਰੀ[3]।ਅਬਿ ਲੌ ਨਹਿੰ ਬਾਧਾ ਕੁਛ ਹੇਰੀ।ਦਿਹੁ ਸਜ਼ਾਇ ਤਬਿ ਦੁਸ਼ਟ ਜੁ ਸਾਰੇ।ਨਿਰਧਾਰਹਿੰ ਰਾਵਰਿ ਡਰਧਾਰੇ[4]'॥੧੪॥ਵਹਿਰਜਾਇ ਚੰਦੂ ਨਰ ਹੇਰਾ। ਕਹ੍ਯੋ 'ਜਾਹੁ ਨਿਜ ਸਦਨ ਸਵੇਰਾ। ਹਮ ਤੇ ਅਘ ਅਸ ਹੋਤਿ ਨ ਕੋਈ। ਭਲੋ ਜਾਨਿ ਤੁਮ ਕੀਜਹਿ ਸੋਈ ॥ ੧੫॥ ਲਿਖ੍ਯੋ ਸ਼ਾਹੁ–ਇਨ ਰਾਖਿ ਸੁਖਾਰੇ–। ਚਹਿ ਚੰਦੂ ਅਘ ਹਮ ਨਹਿੰ ਧਾਰੇ[5]'। ਗਯੋ ਨਿਰਾਸਾ ਜਾਇ ਸੁਨਾਯੋ। ਬਹੁ ਦੁਖ ਤੇ ਮਨ ਮਹਿੰ ਮੁਰਝਾਯੋ॥੧੬॥ਨਿਸ ਦਿਨ ਜਿਸ ਕੇ ਚਿੰਤ ਬਿਸਾਲਾ।–ਹਤੌਂ ਕਿਮੈਂ ਨਤੁ ਮੇਰੋ ਕਾਲਾ–। ਉਮਰਾਵਨਿ ਧਨ ਦੀਨਿ ਸਿਖਾਯਹੁ।'ਨਹੀਂ ਸ਼ਾਹੁ ਕੇ ਯਾਦ ਕਰਾਯਹੁ॥੧੭॥ ਗੁਰ ਕੋ ਜ਼ਿਕਰ ਕਰਹੁ ਕਬਿ ਨਾਂਹੀ।ਜਿਸ ਤੇ ਬਸਹਿ ਦੁਰਗ ਕੇ ਮਾਂਹੀ।ਸ਼ਾਹੁ ਜਿ ਕਹੈ,ਫੇਰਿ ਮਤਿ ਦੀਜੈ।–ਨਿਜ ਸੁਖ ਹਿਤ ਗੁਰ ਨਹਿੰ ਨਿਕਸੀਜੈ॥੧੮॥ਬਸਹਿ ਦੁਰਗ ਸਿਮਰੰਤਿ ਖੁਦਾਇ। ਤੁਮਰੀ ਬਿਨ ਸਹਿ ਅਖਿਲ ਬਲਾਇ। ਨਿਜ ਸੁਖ ਚਹਹੁ ਦੁਰਗ ਮਹਿੰ ਰਾਖੋ–।ਸਿਮਰਹਿ ਸ਼ਾਹੁ ਜਿ, ਇਸ ਬਿਧਿ ਭਾਖੋ'॥੧੯॥

[1]ਛਲ। [2]ਬਹੁਤ ਬਚਿਆ ਰਿਹਾ ਹੈ। [3]ਵਡਿਆਂ ਤੋਂ ਵਡੇ ਦੀ (ਅ) ਵਡੀ ਤੋਂ ਵਡੀ (ੲ) ਵਡਿਆਂ ਦੀ ਬੜੀ ਅਵੱਗਯਾ ਕੀਤੀ ਹੈ। [4](ਚੰਦੂ ਨੂੰ) ਸਜ਼ਾ ਦਿਓ, ਤਦ ਜੋ ਸਾਰੇ ਦੁਸ਼ਟ ਹਨ ਆਪ ਦਾ ਨਿਸ਼ਚੇ ਡਰ ਧਾਰਨਗੇ। [5]ਚੰਦੂ ਪਾਪ ਚਾਹੁੰਦਾ ਹੈ (ਇਨ੍ਹਾਂ ਨਾਲ ਪਰ) ਅਸੀਂ ਨਹੀਂ ਕਰਦੇ।

ਇੱਤਯਾਦਿਕ ਨਿਤ ਕਪਟ ਰਚੰਤਾ। ਮਹਾਂ ਦੁਸ਼ਟ ਅਘ ਨਹੀਂ ਲਖੰਤਾ। ਇਸੀ ਰੀਤਿ ਦਿਨ ਬੀਤੇ ਚਾਲੀ।ਨਹੀਂ ਸ਼ਾਹੁ ਕਬਿ ਕੀਨਿ ਸੰਭਾਲੀ॥੨੦॥ ਬੈਠਿ ਸਭਾ ਮਹਿਂ ਜ਼ਿਕਰ ਜਿ ਕਰਨੋ। ਕਹਿ ਕਰਿ ਉਮਰਾਵਨਿ ਸੋ ਹਰਨੋ। 'ਤੁਮਰੇ ਤਨ ਸੁਖ ਹੁਇ ਗੁਰ ਬੈਸੋ।ਦੁਰਗ ਬਿਖੈ ਨਿਕਸਾਉ ਨ ਕੈਸੋ॥੨੧॥ ਦਰਬ ਜਾਤਿ ਗਾਵਰ ਕੇ ਘਰ ਤੇ।ਨਿਤ ਅਨੰਦ ਸੋਂ ਬੈਠਨੋ ਬਰਤੇ। ਤੁਮਰੇ ਕੁਸ਼ਲ,ਗੁਰੂ ਧਨ ਪਾਵੈ।ਇਸ ਮਹਿਂ ਦੋਸ਼ ਨ ਕੁਛ ਬਨਿ ਆਵੈ'॥੨੨॥ਇਮ ਫਰੇਬ ਕੀ ਕਹਿ ਕਹਿ ਬਾਤਿ। ਜਹਾਂਗੀਰ ਕੀ ਮਤਿ ਬਿਚਲਾਤਿ। ਦੁਇ ਦਿਨਉਪਰ ਬਹੁਰ ਗੁਜ਼ਾਰੇ।ਮਿਲਿ ਸਿਖ ਪੰਚਹੁੰ ਕੀਨਿ ਬਿਚਾਰੇ॥੨੩॥ 'ਸ੍ਰੀ ਅਰਜਨ ਕੀ ਸਮ ਇਹ ਬਾਤਿ। ਚੰਦੂ ਤਕਹਿ ਗੁਰੂ ਤਨ ਘਾਤਿ। ਸ਼ਾਹੁ ਸਮੀਪੀ ਸਭਿ ਅਪਨਾਏ। ਤਿਮ ਭਾਖਹਿਂ ਜਿਮ ਦੇਤਿ ਸਿਖਾਏ॥੨੪॥ ਜਹਾਂ-ਗੀਰ ਕਿਮ ਧੀਰਜ ਗਹੈ। ਸਗਰੇ ਨਰ ਬਦ ਮਸਲਤਿ[1]ਕਹੈਂ। ਅਵਨੀਪਨ ਕੇ ਸ਼੍ਰਵਣ ਬਡੇਰੇ। ਜਿਸ ਕਿਸ ਤੇ ਸੁਨਿ ਲੇਤਿ ਨ ਹੇਰੇ[2]॥੨੫॥ਦੋਇ ਤੀਨ ਮਿਲਿ ਫੇਰਹਿਂ ਮਤਿ ਕੋ। ਪੁਰਹਿਂ ਕਾਜ ਨਿਜ, ਕਹਤਿ ਅਸਤਿ[3] ਕੋ।ਜਹਾਂ ਕਚਹਿਰੀ ਸਮਸਰ[4] ਸਾਰੀ। ਇਕ ਆਸ਼ੇ ਪਰ ਕਰਤਿ ਉਚਾਰੀ॥੨੬॥ ਸੋ ਕਾਰਜ ਪੁਰਵਹਿ ਨਹਿਂ ਕੈਸੇ।ਕਰਹੁ ਬਿਚਾਰਨ ਨਿਜ ਉਰ ਐਸੇ। ਸਤਿਗੁਰ ਛਿਮਾ ਨਿਧਾਨ ਮਹਾਨੇ। ਲਵਪੁਰਿ ਰਾਖੇ ਬਰਜਿ ਰਿਸਾਨੇ[5] ॥ ੨੭॥ ਨਿਜ ਬਲ ਨਹਿਂ ਸੰਭਾਰਨਿ ਕੀਨਿ। ਹਮ ਕੋ ਅਜ਼ਮਤਿ ਕਰਨਿ ਨ ਦੀਨ। ਸਹਿ ਕਰਿ ਸਰਬ ਸਜ਼ਾਇ ਸਰੀਰ। ਗਮਨਿ ਕੀਨਿ ਬੈਕੁੰਠ ਸਧੀਰ ॥੨੮॥ ਇਹ ਕੌਤਕ ਸਭਿ ਚੰਦੂ ਕੇਰੇ। ਸ਼ਾਹੁ ਰਿਦੇ ਕੁਛ ਸਮਝਿ ਨ ਪਰੇ। ਦੁਰਗ ਗ੍ਵਾਲਿਯਰ ਗੁਰੂ ਬਿਠਾਏ। ਤਹਿਂ ਕਜ਼ਾ ਕਰਹਿ ਲਖੀ ਨਹਿਂ ਕਾਏ[6]*॥੨੯॥ ਮਾਨਿ.ਬਾਕਜੋ ਦਏ ਬਿਠਾਈ।–ਬਹੁਰਬੁਲਾਵੌਂ–ਸੁਧਿ ਨਹਿਂ ਆਈ।ਜੇ ਸੁਧਿ ਹੋਹਿ ਤਿਨਹੁੰ ਮਤਿ ਫੇਰੀ। ਨਹੀਂ ਹਕਾਰੇ ਗੁਰ ਇਸ ਬੇਰੀ ॥ ੩੦ ॥ ਆਪੇ ਸ਼ਾਹੁ ਬੁਲਾਵਹਿ ਪਾਹੀ।ਨਹਿਂ ਅਸ ਆਸ ਧਰਹੁ ਉਰ ਮਾਂਹੀ।ਅਰੁ ਸਤਿਗੁਰ ਅਜ਼ਮਤਿ ਨ ਦਿਖਾਵੈਂ।ਸਹੈਂ ਸਕਲ ਜੈਸੇ ਬਨਿ ਆਵੈ॥੩੧॥ ਯਾਂਤੇ ਕਰਹੁ ਬਿਚਾਰਨਿ ਬਾਤਿ।ਜਿਸਤੇ ਗੁਰਸਿੱਖਨਿ ਕੁਸ਼ਰਾਤ[7]।ਜੇਠੇ ਤੇ ਸੁਨਿ ਸਕਲ

[1]ਬੁਰੀ ਸਲਾਹ। [2]ਰਾਜਿਆਂ ਦੇ ਕੰਨ ਵੱਡੇ ਹੁੰਦੇ ਹਨ, ਸਭ ਦੀ ਸੁਣ ਲੈਂਦੇ ਹਨ, ਪਰ (ਅੱਖੀਂ) ਵੇਖਦੇ ਨਹੀਂ। (ਕਹਾਵਤ ਹੈ:–ਰਾਜਾ ਕੰਨ ਕਿ ਅੱਖੀਂ ?) [3]ਝੂਠ। [4]ਇੱਕੋ ਜਿਹੀ। [5]ਛਿਮਾ ਨਿਧਾਨ ਸਤਿਗੁਰ (ਅਰਜਨ) ਜੀ ਨੇ (ਸਾਨੂੰ) ਲਾਹੌਰ ਵਿਚ ਗੁੱਸਾ ਕਰਕੇ (ਕੁਛ ਕਰਨ ਲੱਗਿਆਂ ਨੂੰ) ਵਰਜ ਲਿਆ ਸੀ। [6]ਕੋਈ। [7]ਕੁਸ਼ਲ ਹੋਵੇ। *ਪਾ:–ਜਾਏ।

ਪਿਰਾਨਾ। ਸਭਿਨਿ ਸੁਨਾਵਤਿ ਬਾਕ ਬਖਾਨਾ॥੩੨॥ 'ਗੁਰ ਮਰਜ਼ੀ ਜੇਕਰਿ ਇਮ ਨਾਂਹੀ। ਕਰਹੁ ਜਿ ਤੁਮ ਲਖਿ ਕੈ ਉਰ ਮਾਂਹੀ॥ ਕਰਹਿੰ ਕ੍ਰੋਧ ਤੇ ਬਾਕ ਉਚਾਰਨਿ।ਪਰਹਿ ਆਨਿ ਤਬਿ ਸੰਕਟ ਦਾਰੁਨ॥੩੩॥ਕਹਹੁਸਹਾਇਕ ਹੁਇ ਤਬਿ ਕੌਨ। ਨਹਿਂ ਢਿਗ ਖਚਹਿਂ ਨ ਗਮਨੇ ਭੌਨ[੧]। ਕਰਹੁ ਕਾਰ ਹੁਇ ਗੁਰ ਅਨੁਸਾਰੀ। ਸਭਿ ਬਿਧਿ ਉਪਜਹਿ ਕੁਸ਼ਲ ਤੁਹਾਰੀ'॥੩੪॥ ਇਤਨੇ ਬਿਖੈ ਆਇ ਬ੍ਰਿਧ ਭਾਈ। ਸਭਿ ਉਠਿ ਚਰਨ ਪਰੇ ਸਹਿਸਾਈ। ਸਿੱਖਨਿ ਅਪਨੇ ਬਿਖੈ ਬਿਠਾਯੋ। 'ਅਬਹਿ ਅਰਾਮ ਸਤਿਗੁਰੂ ਪਾਯੋ ॥ ੩੫ ॥ ਜਬਿ ਉਠਿ ਬੈਠਹਿਂ, ਦਰਸ਼ਨ ਕੀਜਹਿ। ਦੇਸ਼ ਸੁਧਾਸਰ ਕੀ ਸੁਧਿ ਦੀਜਹਿ। ਆਵਨ ਭਯੋ ਆਪ ਕੋ ਕੈਸੇ?। ਸੁਮਤਿ ਸਹਤ ਸੁਧਿ ਦਿਹੁ ਹਮ ਤੈਸੇ'॥੩੬॥ ਬ੍ਰਿਧ ਤਬਿ ਕਹੀ'ਗੁਰੂ ਸੁਧਿ ਪਾਈ। ਦੁਰਗ ਗੁਆਲਿਯਰੁ ਥਿਰੇ ਸੁ ਜਾਈ।ਕਿਸ ਕਾਰਨ ਤੇ ਤਹਾਂ ਪਠਾਏ। ਜਾਨਯੋ ਜਾਇ ਨ ਲੋਕ ਬਤਾਏ ॥੩੭॥ ਸੁਨਤਿ ਮਾਤ ਬਯਾਕੁਲ* ਮੁਰਝਾਈ। ਉਰ ਸੰਦੇਹ ਸਮੂਹ ਉਠਾਈ। ਪਠਿ ਦਾਸੀ ਕੋ ਮੋਹਿ ਬੁਲਾਵਾ। ਚਿਤ ਸੰਕਟ ਗਨ ਸਕਲ ਸੁਨਾਵਾ ॥ ੩੮ ॥ ਮੋ ਪ੍ਰਤਿ ਹੁਕਮ ਮਾਤ ਦਿਯ ਏਹੁ।–ਤੁਮ ਤਹਿਂ ਜਾਹੁ, ਸਰਬ ਸੁਧਿ ਲੇਹੁ। ਬਨਹੁ ਸਹਾਇਕ ਸ਼ੀਘ੍ਰ ਕਰੀਜੈ। ਠਾਨਹੁ ਜਤਨ ਦੁਰਗ ਨਿਕਸੀਜੈ–॥ ੩੯ ॥ ਇਸ ਸੇਵਾ ਹਿਤੁ ਮੈਂ ਚਲਿ ਆਯੋ। ਮਾਤ ਬਾਕ ਕੋ ਨਹਿਂ ਉਲਟਾਯੋ'।ਸੁਨਿ ਜੇਠਾ ਬੋਲਯੋ 'ਤੁਮ ਸਯਾਨੇ।ਉਚਿਤ ਉਪਾਉ ਕੌਨ ਅਬਿ ਠਾਨੇ?' ॥ ੪੦ ॥ ਨਿਜ ਸੰਬਾਦ ਸੁਨਾਇ ਸੁ ਦੀਨਾ। 'ਤੁਮ ਆਗੇ ਹਮ ਐਸੇ ਕੀਨਾ[੨]। ਨਹੀਂ ਰਜਾਇ ਗੁਰੂ ਤੇ ਲੀਨੀ। ਯਾਂ ਤੇ ਮਸਲਤਿ ਭੀ ਸਭਿ ਹੀਨੀ[੩] ॥੪੧॥ ਤੁਮ ਅਰੁ ਗੁਰ ਮਹਿਂ ਭੇਦ ਨ ਕੋਊ। ਆਪ ਕਹਹੁ ਹਮ ਠਾਨਹਿਂ ਸੋਊ। ਬਿਨ ਅਜ਼ਮਤਿ ਹੋਇ ਨ ਛੁਟਕਾਰਾ। ਪਰਯੋ ਬਿਘਨ ਅਸ,ਲੇਹੁ ਬਿਚਾਰਾ ॥੪੨॥ ਜੇ ਕਰਿ ਤ੍ਰਾਸ ਪਾਇ ਉਰ ਸ਼ਾਹੂ। ਤੌ ਨਿਕਸਾਇ ਦੁਰਗ ਕੇ ਮਾਂਹੂ[੪]। ਨਾਂਹਿ ਤ ਤਿਸ ਕੋ ਬਿਗਰਤਿ ਕਯਾ ਹੈ। ਗੁਰੂ ਬਿਠਾਇ ਨਿਚਿੰਤ ਭਯਾ ਹੈ॥ ੪੩॥ ਜੇ ਕਬਿ ਸਿਮਰਹਿ ਗੁਰ ਗੁਨ ਜਾਨਿ। ਚਹੈ ਹਕਾਰਨਿ ਕੋ ਹਿਤ ਠਾਨਿ। ਚੰਦੂ ਕੇ ਪੱਖੀ ਸਮੁਦਾਇ। ਕਹਿ ਬਹੁ ਬਿਧਿ ਤੇ ਮਤਿ ਬਿਚਲਾਇਂ॥ ੪੪ ॥ ਅਵਧਿ ਬਦੀ[੫] ਤਿਨਿ ਬਾਸੁਰ ਚਾਲੀ। ਬਿਤੀ ਅਧਿਕ ਲਖਿ ਆਜ ਸੁ ਬਯਾਲੀ। ਹਮ ਚਾਹਤਿ ਹੈਂ ਕਰਯੋ ਉਪਾਇ। ਕਿਮ ਰਾਵਰ ਕੀ ਅਹੈ

---

[੧]ਨਾ ਨੇੜੇ ਬਚਾਂਗੇ ਤੇ ਨਾ ਘਰ ਗਿਆਂ ਹੀ। [੨]ਤੁਹਾਥੋਂ ਪਹਿਲੇ ਅਸਾਂ ਐਸਾ (ਗੁਰਮਤਾ) ਕੀਤਾ ਹੈ। [੩]ਨਿਸ਼ਫਲ। [੪]ਕਿਲ੍ਹੇ ਦੇ ਵਿੱਚੋਂ। [੫]ਮਿਥੀ ਸੀ। *ਪਾ:–ਸੁਨਤਿ ਬਾਤ ਮਾਤਾ।

ਰਜਾਇ?' ॥੪੫॥ ਸੁਨਿ ਭਾਈ ਬ੍ਰਿਧਿ ਨੇ ਮਨ ਜਾਨੀ। ਜਥਾ ਭਵਿੱਖਤਿ ਮਹਿਂ ਪ੍ਰਭੁ ਠਾਨੀ[1]। ਕਹ੍ਯੋ ਬਾਕ ਸਿੱਖਨਿ ਸਮੁਝਾਇ। 'ਤੁਰਕੇਸ਼ੁਰ ਦਿਹੁ ਤ੍ਰਾਸ ਦਿਖਾਇ॥ ੪੬ ॥ ਮਾਤ ਹੁਕਮ ਤੇ ਮੈਂ ਇਹ ਕਹ੍ਯੋ। ਜਤਨ ਕਰਨਿ ਕੋ ਪਠਵਨਿ ਚਹ੍ਯੋ।–ਕਿਸ ਕੇ ਕਹੇ ਕਰੀ ਅਸ ਬਾਤ?–। ਗੁਰੁ ਬੂਝਹਿ ਲਿਹੁ ਨਾਮ ਸੁ ਮਾਤ' ॥ ੪੭ ॥ ਇਮ ਸਿੱਖਨਿ ਮਿਲਿ ਮਸਲਤਿ ਹੋਈ। 'ਜਾਹਿਂ ਜਾਮਨੀ ਮਹਿਂ ਤਹਿਂ ਦੋਈ'। ਬ੍ਰਿਧ ਆਇਸੁ ਤੇ ਉਰ ਹਰਖਾਇ। ਕਰਨਿ ਉਪਾਉ ਸਭਿਨਿ ਮਨ ਭਾਇ॥੪੮॥ਢਰੇ ਦੁਪਹਿਰੇ ਸਤਿਗੁਰੁ ਜਾਗੇ। ਮਿਲ੍ਯੋ ਬ੍ਰਿੱਧ ਭਾਈ ਅਨੁਰਾਗੇ। ਜਿਮ ਬੂਝੀ ਸੁਧਿ ਸਰਬ ਬਤਾਈ। ਅਤਿ ਅਨੰਦ ਪਿਖਿ ਰਹ੍ਯੋ ਸਮਾਈ[2] ॥ ੪੯ ॥ ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰਾਸੇ 'ਸਿੱਖਨਿ ਮਸਲਤਿ ਕਰਨਿ' ਪ੍ਰਸੰਗ ਬਰਨਨੰ ਨਾਮ ਸਸ਼ਟੀ ਅੰਸੂ ॥ ੬੦ ॥

੬੧. [ਰਾਤੀਂ ਜਹਾਂਗੀਰ ਨੂੰ ਸ਼ੇਰਾਂ ਨੇ ਡਰਾਇਆ]।

ਦੋਹਰਾ ॥ ਸ਼੍ਰੀ ਹਰਿ ਗੋਵਿੰਦ ਬ੍ਰਿੱਧ ਕੋ ਦੇਖਿ ਰਹੇ ਹਰਖਾਇ।'ਕਹਹੁ ਸੁਧਾਸਰ ਸੁਧਿ ਸਕਲ ਸਿਖ ਸੰਗਤਿ ਸਮੁਦਾਇ ॥੧॥ ਚੌਪਈ॥ ਪ੍ਰਿਯ ਪੁੱਤ੍ਰਾ ਜੁ ਪ੍ਰਤੀ-ਖਤਿ–ਆਵੈਂ[3]–। ਅਸ ਮਮ ਮਾਤ ਸਨੇਹ ਉਪਾਵੈ। ਸਕਲ ਕੁਸ਼ਲ ਤਿਨ ਅਹੈ ਸਰੀਰ?। ਪਿਖਨਿ ਚਹਤਿ ਮਮ ਕੋ ਧ੍ਰਿਤਿ ਧੀਰ ॥੨॥ਕਿਮ ਆਗਵਨ ਆਪਕੋ ਭਯੋ?।ਕਾਯਾਂ ਨਿਬਲ ਖੇਦ ਮਗ ਲਯੋ।ਅਸੁ ਪਰ ਚਢਨੋ ਚਲਨਿ ਹਮੇਸ਼। ਹੁਯੋ ਹੋਇਗੋ ਸ਼੍ਰਮਤਿ ਵਿਸ਼ੇਸ਼ ॥ ੩ ॥ ਸ਼੍ਰੀ ਨਾਨਕ ਕੇ ਹੇਰਨਿ ਹਾਰੇ।ਬਡੀ ਅਵਸਥਾ ਬਲ ਤਨੁ ਹਾਰੇ। ਬੈਠਿ ਰਹਨਿ ਹੀ ਤੁਮ ਬਨਿ ਆਵੈ। ਦਰਸ਼ਨ ਤੇ ਗਨ ਦੋਸ਼ ਮਿਟਾਵੈ॥੪॥ਬਚਨ ਤੁਮਾਰੇ ਸੁਧਾ ਸਮਾਨ*।ਸ਼੍ਰਵਨ ਕਰੇ ਸੁਖ ਲਹੈਂ ਮਹਾਨ*'। ਕ੍ਰਿਪਾ ਸਹਤ ਕੋਮਲ ਗੁਰੁਬਾਨੀ। ਸੁਨਤਿ ਅਨੰਦਤਿ ਆਪ ਬਖਾਨੀ[4]॥੫॥'ਛੋਰਿ ਸੁਧਾਸਰ ਕੋ ਜਿਮ ਆਇ।ਕੁਸ਼ਲ ਛੇਮ ਸੋਂ ਬਸਹਿ ਤਿਥਾਇ।ਸਰਬ ਓਰ ਤੇ ਸੰਗਤਿ ਆਵੈ।ਮੁਦਤਿ ਰਿਦੇ ਅੰਮ੍ਰਿਤ-ਸਰ ਨਾਵੈ॥੬॥ ਹਰਿ ਮੰਦਿਰ ਮਹਿਂ ਜਾਹਿਂ ਬਹੋਰੀ। ਪਰਮ ਪ੍ਰੇਮ ਤੇ ਅਰਪਿ ਅਕੋਰੀ। ਸਿਮਰਤਿ ਹੈਂ ਇਕ ਦਰਸ ਤੁਹਾਰਾ। ਕਰਹਿਂ ਪ੍ਰਤੀਖਨ ਭਾਉ

[1]ਕਰਨਾ ਹੈ। [2](ਗੁਰੂ ਜੀ ਦਾ) ਦਰਸ਼ਨ ਕਰਕੇ ਅਤੀ ਅਨੰਦ ਵਿਚ ਸਮਾ ਰਹਿਆ। [3]ਪਿਆਰੀ ਪੁੱਤ੍ਰ ਵਾਲੀ ਮਾਤਾ ਜੀ ਉਡੀਕ ਰਹੀ ਹੈ ਸਾਡੇ ਆਵਣ ਨੂੰ। [4]ਕ੍ਰਿਪਾ ਵਾਲੀ ਕੋਮਲ ਗੁਰਬਾਣੀ ਸੁਣ ਕੇ (ਬੁੱਢਾ ਜੀ) ਆਪ ਅਨੰਦ ਹੋਕੇ ਦੱਸਣ ਲੱਗੇ ਕਿ। *ਇਕ ਲਿਖਤੀ ਨੁਸਖੇ ਵਿਚ ਇਨ੍ਹਾਂ ਦੋਹਾਂ ਤੁਕਾਂ ਦਾ ਪਾਠ ਨਹੀਂ ਹੈ, ਤੇ ਚੌਪਈ ਪੂਰੀ ਕਰਨ ਲਈ ਉਸ ਨੁਸਖੇ ਵਿਚ ਅਗਲੀਆਂ ਦੋ ਤੁਕਾਂ ਤੋਂ ਅੱਗੇ ਇਹ ਪਾਠ ਹੈ:–ਕਹਿਤ ਬ੍ਰਿੱਧ 'ਸੁਨੀਐ ਗੁਨ ਮੰਦਰਿ।ਅਤਿਸ਼ੈ ਪ੍ਰੇਮ ਮਾਤ ਰਿਦਅੰਦਰ'।

ਉਦਾਰਾ ॥੭॥ ਰਾਵਰਿ ਕੀ ਸੁਧ ਪਹੁੰਚੀ ਜਾਇ।–ਸ਼ਾਹੁ ਮਿਲਯੋ ਬਹੁ ਪ੍ਰੇਮ ਉਪਾਇ। ਸੰਗ ਅਖੇਰ ਸ਼ੇਰ ਕੋ ਮਾਰਾ। ਭਯੋ ਜਗਤ ਮਹਿਂ ਸੁਜਸੁ ਤੁਮਾਰਾ॥ ੮॥ਡੇਰੇ ਬਿਖੈ ਸ਼ਾਹੁ ਚਲਿਆਯੋ। ਗੁਰੂ ਅਦਾਇਬ ਅਧਿਕ ਵਧਾਯੋ–।ਪੁਨਹ ਦੁਰਗ ਮਹਿਂ ਪ੍ਰਵਿਸ਼ਨਿ ਸੁਨਯੋ। ਮਾਤ ਬਿਸੂਰਤਿ ਸਿਰ ਕੋ ਧੁਨਯੋ॥੯॥ਬਡੇ ਗੁਰਨਿ ਕਹੁ ਸਿਮਰਨਿ ਕਰਿਤੀ। ਤੁਮ ਦਿਸ਼ਿ ਤੇ ਸ਼ੰਕਾ ਉਰ ਧਰਿਤੀ। ਅਧਿਕ ਬਿਖਾਦ ਰਿਦੈ ਮਹਿਂ ਪਾਯੋ।ਪਠਿ ਦਾਸੀ ਤਬਿ ਮੋਹ ਬੁਲਾਯੋ–॥੧੦॥ ਚਿਤ ਕੀ ਚਿੰਤਾ ਸਕਲ ਸੁਨਾਈ। ਕਹਯੋ ਕਿ–ਤੁਮ ਜਾਵਨਿ ਬਨਿਆਈ। ਕਾਰਜ ਸਕਲ ਸੁਧਾਰਹੁ ਜਾਇ। ਜਯੋਂ ਕਯੋਂ ਕਰਿ ਮਮ ਸੁਤ ਕੋ ਲ੍ਯਾਇ– ॥੧੧॥ਸੁਨਿ ਕਰਿ ਮੈਂ ਪੁਨ ਬਹੁਸਮੁਝਾਈ।–ਸ੍ਰੀ ਸਤਿਗੁਰ ਸਮਰੱਥਸਦਾਈ । ਜਿਮ ਚਿਤ ਚਹੈਂ ਕਰੈਂ ਸੋ ਬਾਤਿ। ਰਹੁ ਨਿਚਿੰਤ, ਕੀਰਤਿ ਅਵਦਾਤ– ॥ ੧੨ ॥ ਤਊ ਸਨੇਹ ਆਪ ਕੋ ਧਾਰਤਿ। ਅੱਸ਼੍ਰ ਬਿਲੋਚਨ ਤੇ ਬਹੁ ਡਾਰਤਿ। ਇਕ ਪੁੱਤ੍ਰ, ਪੁਨ ਪ੍ਰਥਮ ਬਿਛੁੰਨੇ[1]। ਆਏ ਦੂਰ ਬ੍ਰਿੰਦ ਦਿਨ ਪੁੰਨੇ[2] ॥੧੩॥ਦੁਰਗ ਗੁਆਲਿਯਰੁ ਪ੍ਰਵਿਸ਼ੇ ਆਪ। ਸੁਨਿ ਮਾਤਾ ਕੈ ਮਹਤ ਸੰਤਾਪ। ਕਹਯੋ ਮੋਹਿ ਪ੍ਰਤਿ ਪੁਨਹ ਬਨਾਇ।–ਤੁਮ ਸਯਾਨੇ ਜਾਵਨਿ ਬਨਿ ਆਇ– ੧੪॥ ਮੈਂ ਸੁਨਿ ਕੈ ਨਹਿਂ ਹੁਕਮ ਹਟਾਯੋ। ਬਡੀ ਮਜ਼ਲ ਕਰਿ ਤੁਮ ਢਿਗ ਆਯੋ। ਅਬਿ ਇਹਠਾਂ ਬੈਠਨਿ ਤੁਮ ਕੇਰਾ।ਨਹਿਂ ਆਛੋ ਕਰਿ ਨਿਰਨੈ ਹੇਰਾ ॥ ੧੫ ॥ ਅਬਿ ਜਿਮ ਕਹਹੁ ਲਿਖਹਿਂ ਸੁਧਿ ਪਾਛੇ। ਜਿਸਤੇ ਮਾਤਾ ਰਹਿ ਮਨ ਆਛੇ। ਜਾਇ ਬੇਗ ਤੇ ਕੁਸ਼ਲ ਸੁਨਾਵੈਂ। ਕਰਹਿ ਪ੍ਰਤੀਖਨਿ–ਸੁਤ ਅਬਿ ਆਵੈਂ[3]–'॥੧੬॥ ਸੁਨਿ ਕਰਿ ਸ੍ਰੀ ਹਰਿਗੋਵਿੰਦ ਚੰਦ। ਕਹਿ ਮੁਸਕਾਵਤਿ ਦੇਤਿ ਅਨੰਦ। 'ਸਭਿ ਬਿਧਿ ਲਿਖਹੁ ਮਾਤ ਕੋ ਧੀਰ। ਸਹਿ ਸੇਵਕ ਹਮ ਕੁਸ਼ਲ ਸਰੀਰ ॥ ੧੭ ॥ ਕੇਤਿਕ ਦਿਨ ਮਹਿਂ ਦਰਸਹਿਂ ਆਇ। ਕਿਮਹੁ ਨ ਚਿਤ ਮਹਿਂ ਚਿੰਤਉਪਾਇ।ਮੇਲ ਸ਼ਾਹੁਕੋ ਜੋ ਅਬਿ ਹੋਇ।ਚਲਹਿਂ ਸਦਨ ਕਹੁ ਬਿਲਮ ਨ ਕੋਇ' ॥ ੧੮ ॥ ਸੁਨਿ ਸਤਿਗੁਰੁ ਤੇ ਲਿਖਿ ਅਰਦਾਸ। ਪਠੀ ਤੁਰਤ ਹੀ ਮਾਤਾ ਪਾਸ। ਇਮ ਸਤਿਗੁਰੁ ਕੋ ਭਯੋ ਬ੍ਰਿਤੰਤ। ਧੀਰਜ ਕੇ ਸਮੇਤ ਭਗਵੰਤ ॥੧੯॥ ਜਹਾਂਗੀਰ ਕੀ ਸੁਨੋ ਕਹਾਨੀ। ਪੁਨ ਚੰਦੂ ਨੇ ਹਿਕਮਤ ਠਾਨੀ।–ਸ਼ਾਹੁ ਚਲਹਿ ਦਿੱਲੀ ਅਬਿ ਆਛੇ।ਗੁਰੂ ਹਕਾਰਨ ਕੋ ਨਹਿਂ ਬਾਂਛੇ ॥ ੨੦ ॥ ਪਰਚਹਿ ਅਪਰ ਖਯਾਲ ਮਹਿਂ ਜਾਇ। ਯਾਂ ਤੇ ਇਸ ਲੇ ਚਲੌਂ ਚਢਾਇ–।ਜਬਿ ਗੁਰ ਜਾਇ ਗੁਆਲਿਯਰ ਬਰੇ। ਸ਼ਾਹ

[1]ਪਹਿਲੀ ਵੇਰ ਵਿਛੁੜੇ ਹੋ। [2]ਬੀਤ ਗਏ ਹਨ। [3]ਪੁੱਤ੍ਰ ਜੀ ਹੁਣ ਆਂਵਦੇ ਹਨ।

ਸਾਥ ਇਮ ਬੋਲਨਿ ਕਰੇ[1] ॥੨੧॥ 'ਚਲੀਅਹਿ ਦਿੱਲੀ ਕੇ ਬਡ ਮੰਦਿਰ। ਤਹਿੰ ਨਵਰੋਜ[2] ਕਰਹੁ ਮਿਲਿ ਸੁੰਦਰ'।ਇੱਤਯਾਦਿਕ ਬਹੁ ਬਾਤ ਬਨਾਇ। ਸਭਿ ਉਮਰਾਵਨਿ ਦਿਯੋ ਸਿਖਾਇ॥ ੨੨॥ 'ਜਨੌਂ ਕਨੌਂ ਕਰਿ ਅਬਿ ਸ਼ਾਹੁ ਚਢਾਵਹੁ। ਚਲਹੁ ਸਕਲ ਨਿਜ ਘਰ ਸੁਖ ਪਾਵਹੁ'। ਦਿਨ ਪ੍ਰਤਿ ਸਰਬ ਕਚਹਿਰੀ ਕਹੈ। 'ਅਬ ਦਿੱਲੀ ਮਹਿਂ ਸੁਖ ਬਹੁ ਅਹੈ' ॥੨੩॥ ਸੁਨਿ ਸਭਿ ਤੇ ਚਿਤ ਬਿਖੈ ਬਿਚਾਰੀ। ਗਮਨਿ ਕਰਨਿ ਕਹੁ ਹੋਯਹੁ ਤਯਾਰੀ। ਜਹਾਂਗੀਰ ਗਜ ਚਢਿ ਕਰਿ ਚਾਲਾ। ਦਿਨ ਪ੍ਰਤਿ ਮਜਲੈਂ ਕਰਤਿ ਬਿਸਾਲਾ ॥੨੪॥ ਦਿੱਲੀ ਆਨਿ ਪ੍ਰਵੇਸ਼ਯੋ ਸ਼ਾਹੂ। ਮਿਲੀ ਬ੍ਰਿੰਦ ਬੇਗਮ ਨਿਜ ਨਾਹੂ[3]। ਚੰਦੂ ਅਧਿਕ ਅਨੰਦਤਿ ਭਯੋ।–ਗੁਰੂ ਬ੍ਰਿਤੰਤ ਬਿਸਰਿ ਅਬਿ ਗਯੋ ॥੨੫॥ਦੁਰਗ ਗੁਆਲਿਯਰ ਛੋਰਯੋ ਦੂਰਿਕੋ ਨਹਿਂ ਕਰਿ ਹੈ ਜ਼ਿਕਰ ਹਜੂਰ। ਗੁਰੂ ਕੈਦੀਅਨਿ ਮਹਿਂ ਪਰ ਗਯੇ। ਮਰਹਿ ਤਹਾ ਹੀ ਰਿਪੁ ਮਮ ਛਯੋ[4]–॥ ੨੬ ॥ ਪੀਰਨਿ ਹੇਤੁ ਸ਼ੀਰਨੀ ਆਨਿ। ਤੁਰਕ ਸਮੀਪਿ ਦਰੂਦ ਬਖਾਨਿ[5]। ਧਰਿ ਉਰ ਹਰਖ ਦਈ ਬਰਤਾਇ। ਚਿੰਤਾ ਕਸ਼ਟ ਬਿਲੰਦ ਬਿਲਾਇ[6] ॥ ੨੭ ॥–ਸ੍ਰੀ ਅਰਜਨ ਪੂਰਬ ਮੈਂ ਮਾਰਯੋ। ਤਿਸ ਕੋ ਪੁੱਤ੍ਰ ਕੈਦ ਮਹਿਂ ਡਾਰਯੋ। ਅਬਿ ਸੁਖ ਨੀਂਦ ਸੋਵਨੋ ਕਰੋਂ।ਸਭਿ ਪੀਰਨਿ ਕੇ ਪਗ ਸਿਰ ਧਰੋਂ ॥੨੮॥ ਕਰੀ ਮਦਤ ਮੇਰੀ ਬਲ ਲਾਇ–। ਇਮ ਕਹਿ ਮੂਰਖ ਅਧਿਕ ਮਨਾਇ। ਇਸ ਪ੍ਰਕਾਰ ਦਿਨ ਕਿਤਿਕ ਬਿਤਾਏ। ਨਹਿਂ ਗੁਰ ਸਿਮਰਯੋ ਨਹੀਂ ਬੁਲਾਏ ॥੨੯॥ ਤਬਿ ਸਿੱਖਨਿ ਅਜ਼ਮਤਿ ਕੋ ਜਤਨ। ਕਰਤਿ ਭਏ ਸ਼ੱਤ੍ਰੁ ਕੋ ਹਤਨਿ। ਇਸ ਪ੍ਰਕਾਰ ਹੀ ਦਿਵਸ ਬਿਤਾਵਾ। ਜਾਮਨਿ ਭਈ ਤਿਮਰ ਕੋ ਛਾਵਾ ॥੩੦॥ ਲਿਯੋ ਪਿਰਾਣਾ ਜੇਠੇ ਸੰਗ।ਦਾਰੁਨ ਬਨੇ ਕੇਹਰੀ ਅੰਗਿ[7]। ਆਗੇ ਦਿੱਲੀ ਪੁਰਿ ਮਹਿਂ ਸ਼ਾਹੂ। ਬਿਖਮ ਬਿਸਾਲ ਦੁਰਗ ਕੇ ਮਾਂਹੂ ॥੩੧॥ ਰੰਗ ਮਹਿਲ ਚਾਮੀਕਰ ਕੇਰਾ[8]। ਤਿਸ ਅੰਤਰ ਪਰਯੰਕ ਬਡੇਰਾ। ਚਹੁੰ ਦਿਸ਼ਿ ਬਿਖੈ ਮਹਾਂ ਤਕਰਾਈ। ਜਾਗਹਿਂ ਨਰ ਨਾਰੀ ਸਮੁਦਾਈ॥੩੨॥ ਪੌਰਨਿ ਬੁਰਜਨਿ ਨੇਰਹਿ ਨੇਰੇ। ਰਹੈਂ ਪਾਹਰੂ ਗਿਰਦ ਘਨੇਰੇ। ਜਹਾਂ-ਗੀਰ ਸੁਖ ਸੋਂ ਪਰਿ ਸੋਵਾ। ਜਾਇ ਦੁਹੂੰ ਸਿੱਖਨਿ ਤਬਿ ਜੋਵਾ ॥੩੩॥ ਨਹਿਂ

[1](ਚੰਦੂ) ਬੋਲਿਆ ਸ਼ਾਹ ਨਾਲ। [2]ਸਾਲ ਦਾ ਪਹਿਲਾ ਦਿਨ ਜੋ 'ਫਰਵਰਦੀਨ' ਮਹੀਨੇ ਦਾ ਪਹਿਲਾ ਦਿਨ ਹੁੰਦਾ ਹੈ, ਇਹ ੨੨ ਮਾਰਚ ਨੂੰ ਹੋਯਾ ਕਰਦਾ ਹੈ। ਆਮ ਮੁਰਾਦ ਖੁਸ਼ੀ ਮਨਾਉਣ ਦੀ ਬੀ ਹੁੰਦੀ ਹੈ। [3]ਪਤੀ ਨੂੰ। [4]ਮਰੇਗਾ ਓਥੇ ਹੀ, ਮੇਰਾ ਵੈਰੀ ਛੈ ਹੋਯਾ। [5]ਦਰੂਦ ਪੜ੍ਹਾਕੇ। [6]ਦੂਰ ਕੀਤਾ। [7]ਸ਼ੇਰ ਦਾ ਰੂਪ। [8]ਸ਼ੀਸ਼ ਮਹੱਲ ਸੋਨੇ ਦਾ।

ਕੋ ਦੇਖ ਸਕ੍ਯੋ ਜਾਬ ਗਇ। ਭੀਮ ਸ਼ੇਰ ਕੇ ਤਨ ਧਰਿ ਲਏ। ਦੀਰਘ ਦਾਂਤ ਬਿਸਦ[1] ਦਰਸੰਤੇ। ਲਾਂਗੁਲ[2] ਸਟਾ[3] ਝਟਕ[4] ਪਟਕੰਤੇ ॥ ੩੪ ॥ ਤੀਖਨ ਨਖ ਅਰੁ ਆਂਖਨਿ ਲਾਲ। ਬਦਨ ਪਸਾਰਿ ਬਿਸਾਲ ਕਰਾਲ। ਆਧੀ ਰਾਤਿ ਸ਼ਾਹੁ ਢਿਗ ਗਇ।ਤਬਹਿ ਉਦਰ ਪਰ ਦੋ ਪਦ ਦਏ ॥ ੩੫ ॥ ਸ਼ਾਹੁ ਅਚਾਨਕ ਆਂਖ ਉਘਾਰੀ। ਦੇਖਿ ਕੇਹਰੀ ਦਾਰੁਨ ਭਾਰੀ। 'ਹਾਇ,ਹਾਇ' ਡਰ ਧਾਰਿ ਉਚਾਰ੍ਯੋ।–ਸਾਢਸਤੀ ਇਹ ਅਈ–ਬਿਚਾਰ੍ਯੋ ॥ ੩੬ ॥–ਇਸ ਡਰ ਤੇ ਮੁਝ ਰਾਖਨਿ ਹੇਤੁ।ਜਾਪ ਕਰਤਿ ਗੁਰੁ ਕ੍ਰਿਪਾ ਨਿਕੇਤ–।ਇਮ ਉਰ ਸਿਮਰਤਿ ਡਰ੍ਯੋ ਬਿਲੰਦ। ਉਚਰਿ ਨਾਮ ਸ੍ਰੀ 'ਹਰਿ ਗੋਵਿੰਦ ॥ ੩੭ ॥ ਬਨਹੁ ਸਹਾਇਕ ਅਬਿ ਤੁਮ ਆਇ।ਸ਼ੇਰਨਿ ਤੇਂ ਮੁਝ ਲੇਹੁ ਬਚਾਇ'। ਗੁਰੁ ਕੋ ਧ੍ਯਾਵਨਿ ਜਬਿ ਕਿਯ ਸ਼ਾਹੁ।ਸ੍ਰੀ ਗੁਰੁ ਉਠੇ ਜਾਨਿ ਮਨ ਮਾਂਹੁ ॥ ੩੮ ॥ ਤਤਛਿਨ ਆਇ ਹਟਾਵਨਿ ਕੀਨੇ। ਦੋਨਹੁ ਦਿਸ਼ਿਨਿ ਦੂਰ ਕਰਿ ਦੀਨੇ। ਬਹੁਰ ਪਸਾਰ ਤੁੰਡ[5] ਕੋ ਆਇ।ਭੀਮ[6] ਅਕਾਰ ਕਰੇ ਦਰਸਾਇ ॥੩੯॥ ਗੁਰੁ ਸੋਂ ਡਰ ਧਰਿ ਕਹੈ'ਬਚਾਵਹੁ।ਇਨ ਦੋਇਨ ਕੋ ਦੂਰ ਹਟਾਵਹੁ'। ਤਬਿ ਗੁਰ ਧਰਿ ਕਰ ਦੁਹਿਨ[7] ਰੁਮਾਲੁ। ਦੁਹਿ ਸ਼ੇਰਨ ਦਿਯ ਬਦਨ ਬਿਸਾਲੁ ॥੪੦॥ ਕਰੇ ਹਟਾਵਨਿ ਦੂਰਿ ਸਿਧਾਰੇ। ਨਰ ਮੁਖ ਕਰ ਤਿਨ[8] ਬਾਕ ਉਚਾਰੇ। 'ਸ੍ਰੀ ਗੁਰੁ ਨੇ ਅਬਿ ਤੋਹਿ ਬਚਾਯਹੁ।ਸਮਝਹੁ ਮਹਿਮਾ ਨਹਿਂ ਬਿਸਰਾਯਹੁ'॥੪੧॥ ਭਏ ਲੋਪ ਗੁਰੁ ਕੇਹਰਿ ਦੋਊ[9]।ਸੁਪਤ੍ਯੋ ਸ਼ਾਹੁ ਨ,ਡਰਿ ਧਰਿ ਸੋਊ। ਜਾਗਿ ਜਾਮਨੀ ਜਾਮ ਗੁਜ਼ਾਰੀ। ਭਈ ਪ੍ਰਭਾਤ ਸਿਮਰਿ ਗਤਿ ਸਾਰੀ ॥੪੨॥ ਬੋਲੇ ਨਿਕਟ ਨਜੂਮੀ ਸ੍ਯਾਨੇ। ਆਇ ਸਲਾਮਨਿ ਕਰਿ ਨਿਜਕਾਨੇ[10]। ਤਿਨ ਸੋਂ ਨਿਸ ਕੀ ਸਕਲ ਸੁਨਾਈ। 'ਭਯੋ ਤ੍ਰਾਸ ਬਡ ਨੀਂਦ ਨ ਆਈ ॥੪੩॥ ਜੁਗ ਕੇਹਰਿ ਜੁਗ ਦਿਸ਼ਿ ਚਲਿ ਆਇ। ਪਾਇਨ ਸੋਂ ਮਮ ਉਦਰ ਦਬਾਇ। ਕਹੀ ਨਜੂਮੀ ਕੀ ਸਚੁ ਜਾਨੀ।–ਸਾਢਸਤੀ ਤਨ ਧਰਿ ਨਿਜਕਾਨੀ[11]॥੪੪॥ ਜਿਸ ਹਿਤ ਸਤਿਗੁਰੁ ਰਾਖੇ ਰਾਖੇ[12]–। ਇਮ ਬਿਚਾਰ ਤਿਨ ਨਾਮ ਸੁ ਭਾਖੇ।ਲਿਯੇ ਨਾਮ ਤਤਛਿਨ ਚਲਿ ਆਏ। ਜੁਗ ਸ਼ੇਰਨਿ ਤੇ ਲੀਨਿ ਬਚਾਏ' ॥ ੪੫ ॥ ਸੁਨੀ ਬਾਤ ਬੋਲੇ ਤਬਿ ਸ੍ਯਾਨੇ। 'ਜੀਵ ਅਵਸਥਾ ਤੀਨਹੁ ਜਾਨੇ। ਗਾਢੀ ਨੀਂਦ ਬਿਖੈ ਜਬਿ ਸੋਵੈ।ਇੰਦ੍ਰੈ ਮਨ ਆਦਿਕ ਲੈ ਹੋਵੈਂ ॥੪੬॥ ਬਸਹਿ ਰਿਦੇ ਮਹਿਂ ਲੈ ਬੁਧਿ ਸੰਗ। ਕਛੁ ਸੁਧਿ ਰਹੈ ਨ ਆਦਿਕ ਅੰਗ। ਤਹਿਂ ਤੇ ਜਬਿ

[1]ਉੱਜਲ। [2]ਪੂਛ। [3]ਗਰਦਨ ਦੇ ਵਾਲ। [4]ਝਟਕਾਕੇ। [5]ਮੁੱਖ। [6]ਭਿਆਨਕ। [7]ਦੋਹਾਂ ਹੱਥਾਂ ਵਿਚ। [8]ਸ਼ੇਰਾਂ ਨੇ। [9]ਗੁਰੂ ਜੀ ਤੇ ਦੋਵੇਂ ਸ਼ੇਰ। [10]ਨੇੜੇ ਆਏ, ਨਜ਼ਦੀਕ ਆਏ। [11]ਨਜ਼ਦੀਕ ਆਈ। [12]ਰਖਵਾਲੇ ਰੱਖੇ।

ਉਥਾਨ ਕੋ ਪਾਵੈ।ਸੁਪਨ ਅਵਸਥਾ ਗਰ ਮਹਿਂ ਆਵੈ॥੪੭॥ਸੂਖਮ ਤੇ ਅਤਿ ਸੂਖਮ ਨਾਰੀ[1] । ਤਿਸ ਮਹਿਂ ਰਚਹਿ ਸ੍ਰਿਸ਼ਟਿ ਇਹ ਸਾਰੀ। ਗਿਰ[2] ਸਾਗਰ ਜੁਤ ਅਵਨਿ[3] ਬਨਾਵੈ।ਚੰਦੁ ਸੂਰ ਰਚਿ ਗਗਨ ਚਢਾਵੈ॥੪੮॥ ਤਹਾਂ ਤ੍ਰਾਸ ਕੈ ਆਨੰਦ[4] ਹੋਇ। ਦੁਖ ਸੁਖ ਸ਼ੱਤ੍ਰ ਮਿੱਤ੍ਰ ਸਭਿ ਜੋਇ[5]। ਜਾਗ੍ਰਤਿ ਬਹੁਰ ਅਵਸਥਾ ਪਾਵੈ।ਸੁਪਨ ਸ੍ਰਿਸ਼ਟਿ ਸਗਰੀ ਬਿਨਸਾਵੈ॥੪੯॥ ਦਾਹਨ ਲੋਚਨ ਆਤਮ ਰਹੈ।ਬਾਮ ਬਿਖੈ[6]ਬੁਧਿ ਬਾਸੋਲਹੈ।ਤੀਨਅਵਸਥਾਤੀਨੋ ਥਾਨ।ਤਥਿ ਤੁਮਕੋ ਭਾ ਸੁਪਨ ਮਹਾਂਨ॥੫੦॥ਰਚਿਕੇਹਰਿ ਆਪੇਲੈਤ੍ਰਾਸਾ।ਸਭਿ ਜਾਗ੍ਰਤਿ ਮਹਿਂ ਭਯੋ ਬਿਨਾਸਾ। ਨਹਿਂ ਮਨ ਮਹਿਂ ਸ਼ੰਕਾ ਕੁਛ ਕਰੀਅਹਿ। ਡਰੁ ਦਿਨ ਮਹਿਂ ਸੁਨਿ ਨਿਸ ਮਹਿਂ ਧਰੀਅਹਿ[7] ॥੫੧॥ ਸੁਨਤਿ ਸ਼ਾਹੁ ਕਹਿ 'ਮੈਂ ਜਬਿ ਜਾਗਾ। ਪਿਖੇ ਪ੍ਰਤੱਖ ਖਰੇ ਮਮ ਆਗਾ। ਸਨਮੁਖ ਆਵਤਿ ਬਦਨ ਪਸਾਰੇ। ਗੁਰੁ ਨਿਜ ਕਰ ਤੇ ਦੂਰ ਬਿਦਾਰੇ॥੫੨॥ ਦੇਖਤਿ ਮੇਰੇ ਹੁਇਗੇ ਲੋਪ। ਗੁਰੂ ਬਰਜੇ ਨਤੁ ਆਵਤਿ ਕੋਪ[8]। ਕਹੈਂ ਨਜੂਮੀ 'ਅਪਰ ਜਿ ਸਨਾਨੇ। ਇਹ ਤੋ ਕੁਛ ਸ਼ਰਾਰ[9] ਸਮ ਜਾਨੇ ॥੫੩॥ ਆਜ ਸੁਪਤਿ ਕੀਜਹਿ ਤਕਰਾਈ। ਲੋਹ ਕਨਾਤ ਲਗਹਿ ਚਹੁੰਘਾਈ।ਅਹੈ ਜ਼ੰਜੀਰ ਦਾਰ[10] ਤਨਵਾਵੋ। ਬ੍ਰਿੰਦ ਪਾਹਰੂ ਦ੍ਵਾਰ ਜਗਾਵੋ ॥੫੪॥ ਬਿੱਦਨਾ ਭੂਤਨਿ ਧਰੈਂ ਜੁ ਮਹਾਂ। ਤਿਨ ਤੇ ਕਾਰ[11] ਕਢਾਵਹੁ ਤਹਾਂ। ਸ਼੍ਰੀਗੁਰ ਹਰਿ ਗੋਵਿੰਦ ਤਹਿਂ ਰਾਖੋ। ਨਹੀਂ ਦੁਰਗ ਤੇ ਨਿਕਸਨਿ ਭਾਖੋ ॥੫੫॥ ਹੁਇ ਇਕੰਤ ਨਿਤ ਸਿਮਰਤਿ ਮੌਲਾ। ਜਿਸ ਤੇ ਸਾਢ ਸਤੀ ਬਲ ਹੌਲਾ।ਬਚੇ ਬਿਘਨ ਤੇ ਮਿਟੀ ਬਲਾਇ।ਮੈਂ ਕਿਤਾਬ ਪਿਖਿ ਜਤਨ ਬਤਾਇ ॥੫੬॥ ਸੋਈ ਸਾਚ ਭਈ ਲਿਹੁ ਜਾਨਿ। ਇਸ ਉਪਾਇ ਬਿਨ ਹੋਤਿ ਨ ਹਾਨ'।ਸਮੈਂ ਕਚਹਿਰੀ ਚੰਦੂ ਆਯੋ।ਸੁਨਿ ਬ੍ਰਿਤੰਤ ਕੋਅਧਿਕ ਦ੍ਰਿੜ੍ਹਾਯੋ॥੫੭॥ਗਨ ਉਮਰਾਵਨਿ ਭਾਖਜੋ ਤੈਸੇ।ਮਾਨੀ ਜਹਾਂਗੀਰ ਤਬਿ ਵੈਸੇ। ਕਪਟ ਸਭਿਨਿ ਕੋ ਲਖਜੋ ਨ ਗਯੋ। ਸੁਨਤਿ ਵਜ਼ੀਰਖਾਨ ਦੁਖ ਭਯੋ॥੫੮॥ –ਕਜਾ ਮੂਰਖ ਬਿਪਰੀਤਿ ਸਿਖਾਵੈਂ –। ਰਿਦੈ ਬਿਸੂਰਤਿ ਬਸ ਨ ਬਸਾਵੈ। ਹਜ਼ਰਤ ਕੋ ਰੁਖ਼ ਲਖਿ ਕਰਿ ਤੈਸੇ। ਧਰੀ ਮੌਨ ਮਤਿ ਕਹੀ ਨ ਕੈਸੇ॥੫੯॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰਾਸੇ 'ਸ਼ਾਹੁ ਕੋ ਡਰਾਵਨ' ਪ੍ਰਸੰਗ ਬਰਨਨੰ ਨਾਮ ਏਕ ਸਥਟੀ ਅੰਸੂ॥ ੬੧ ॥

[1]ਨਾੜੀ। [2]ਪਹਾੜ। [3]ਪ੍ਰਿਥਵੀ। [4]ਡਰ ਯਾ ਖੁਸ਼ੀ। [5]ਦੇਖਦਾ ਹੈ। [6]ਭਾਵ ਖੱਬੇ ਨੇਤ੍ਰ ਵਿਚ। [7]ਦਿਨੇ ਭੈ ਦੀਆਂ (ਗੱਲਾਂ) ਸੁਣਕੇ ਰਾਤ (ਸੁਪਨੇ ਵਿਖੇ) ਡਰੀਦਾ ਹੈ। [8]ਆਂਵਦੇ ਸਨ ਕ੍ਰੋਧ ਕਰਕੇ। [9]ਭੂਤ ਖੇਡ, ਜਾਦੂਗਰੀ, [ਫਾ:, ਸ਼ਰਾਰਹ, ਚੰਗਿਆੜਾ। ਭੂਤਾਂ ਦੀ ਅੱਗ ਨੂੰ 'ਸ਼ਰਾਰਹ' ਕਹਿਣ ਤੋਂ ਭੂਤ ਵਿਦਜਾ ਭਾਵ ਹੋ ਗਿਆ]। [10]ਭਾਵ ਜੰਜੀਰ ਵਾਲੀ (ਕਨਾਤ)। [11]ਲਕੀਰ।

੬੨. [ਭਾਈ ਜੇਠੇ ਨੂੰ ਅਜਰ ਜਰਨ ਦਾ ਉਪਦੇਸ਼]।

ਦੋਹਰਾ ॥ ਦਿਨ ਬੀਤ੍ਯੋ ਸੰਧ੍ਯਾ ਭਈ ਸ਼ਾਹੁ ਕਰੀ ਜਿਸ ਭਾਇ। ਤਕਰਾਈ ਸਭਿ ਬਿਧਿ ਕਰੀ ਲੋਹ ਕਨਾਤ ਲਗਾਇ ॥੧॥ਚੌਪਈ॥ ਜਾਰ ਲੋਹ ਕੋ[1] ਊਪਰ ਤਨ੍ਯੋ। ਚਹੁੰ ਦਿਸ਼ਿ ਮਹਿਂ ਜਨੁ ਪਿੰਜਰ ਬਨ੍ਯੋ। ਬ੍ਰਿੰਦ ਪਾਹਰੂ ਦ੍ਵਾਰ ਸੁਚੇਤ। ਖਰੇ ਕਰੇ ਜਾਗਨਿ ਕੇ ਹੇਤੁ ॥੨॥ ਸਭਿ ਬਿਧਿ ਸੋਂ ਕਰਿਕੈ ਤਕਰਾਈ। ਸੁਪ-ਤ੍ਯੋ ਸ਼ਾਹੁ ਨੀਂਦ ਤਬਿ ਪਾਈ।ਅਰਧਿ ਰਾਤਿ ਲੌ ਸੋਵਤਿ ਰਹ੍ਯੋ।ਬਹੁਰ ਤ੍ਰਾਸ ਤੈਸੇ ਤਬਿ ਲਹ੍ਯੋ ॥੩॥ ਦੋਨਹੁ ਦਿਸ਼ਿ ਤੇ ਦਾਰੁਨ ਸ਼ੇਰ। ਦੀਰਘ ਦਾਂਤ ਸੁ ਆਵਤਿ ਹੇਰਿ।ਬੋਲ੍ਯੋ ਡਰਤਿ ਹਾਥ ਕੋ ਬੰਦਿ।'ਰਾਖੋ ਮੁਹਿ ਸ੍ਰੀਹਰਿਗੋਵਿੰਦ॥੪॥ ਇਕ ਤੁਮ ਹੋ ਨਿਤ ਮਮ ਰਖਵਾਰੇ। ਬਨਹੁ ਸਹਾਇਕ, ਦਾਸ ਤੁਮਾਰੇ'। ਬਿਨੈ ਸੁਨੀ ਪ੍ਰਭੁ ਦੌਰਤਿ ਆਏ। ਕਰ[2] ਰੁਮਾਲ ਧਰਿ ਦੁਹਨਿ ਹਟਾਏ॥੫॥ ਜ੍ਯੋਂ ਜ੍ਯੋਂ ਮੁਖ ਪਸਾਰ ਕਰਿ ਆਵੈਂ। ਤ੍ਯੋਂ ਤ੍ਯੋਂ ਸਤਿਗੁਰੁ ਦੂਰ ਹਟਾਵੈਂ। ਚਤੁਰ ਘਟੀ ਲਗਿ ਕੇਹਰਿ ਰਹੇ। ਨਰ ਮੁਖ ਕਰਿ ਐਸੇ ਬਚ ਕਹੇ[3] ॥੬॥ 'ਜੋ ਸਤਿਗੁਰ ਦੇ ਹਾਥ ਬਚਾਵੈਂ। ਤਿਨ ਕੀ ਮਹਿਮਾ ਕ੍ਯੋਂ ਬਿਸਰਾਵੈਂ। ਨਿਸ ਮਹਿਂ ਤ੍ਰਾਸਤਿ ਨਿਕਟਿ ਬੁਲਾਵਤਿ। ਦਿਨ ਮਹਿਂ ਦੂਰ ਰਾਖਬੇ ਭਾਵਤਿ ॥੭॥ ਖਾਇ ਜਾਤਿ ਹਮ ਤ੍ਯਾਗਤਿ ਨਾਂਹੀ।ਸ੍ਰੀ ਗੁਰ ਜੇ ਅਬਿ ਆਇ ਨ ਪਾਂਹੀ। ਸਮਝਹੁ ਭਲੇ ਆਜ ਤੁਮ ਛੋਰਾ'। ਇਮ ਕਹਿ ਲੋਪ ਭਏ ਤਿਸ ਠੋਰ॥੮॥ ਬਹੁਰ ਨ ਨੀਂਦ ਸ਼ਾਹੁ ਕੋ ਆਈ।–ਕ੍ਯਾ ਅਚਰਜ ਕੁਛ ਲਖ੍ਯੋ ਨ ਜਾਈ। ਗੁਰੁ ਕੀ ਮਹਿਮਾ ਭਾਖਤਿ ਸ਼ੇਰ। ਨਰ ਮੁਖ ਕਰਿ ਛਪ ਜਾਵਤਿ ਫੇਰਿ॥੯॥ ਕ੍ਯੋਂ ਕੇਹਰਿ ਬਨਿ ਕੇ ਇਹ ਆਵੈਂ। ਕਿਸ ਕਾਰਨ ਤੇ ਤ੍ਰਾਸ ਉਪਾਵੈਂ–। ਚਿਤਵਤਿ ਚਿਤ ਪ੍ਰਭਾਤ ਹੁਇ ਆਈ। ਸ਼ਾਹੁ ਚਿੰਤ ਬਸਿ ਉਠਿ ਸਹਿ-ਸਾਈ[4] ॥੧੦॥ ਚੰਦੂ ਸਹਤ ਨਜੂਮੀ ਸ੍ਯਾਨੇ। ਅਰੁ ਜੇਤਿਕ ਉਮਰਾਵ ਮਹਾਨੇ। ਪਠਿ ਕਰਿ ਨਰ ਸੋ ਸਰਬ ਹਕਾਰੇ। ਝੁਕਿ ਝੁਕਿ ਆਇ ਸਲਾਮ ਉਚਾਰੇਂ ॥੧੧॥ ਕਹ੍ਯੋ 'ਭਲੀ ਕੀਨਸਿ ਤਕਰਾਈ। ਗੁਰੁ ਰਾਖ੍ਯੋ ਨਤੁ ਲੀਨਸਿ ਖਾਈ। ਲੋਹ ਪਿੰਜਰੇ ਸਮ ਕਰਵਾਯੋ।ਦ੍ਵਾਰ ਪਾਹਰੂ ਕੋ ਸਮੁਦਾਯੋ॥੧੨॥ ਰੁਕੇ ਨ ਕ੍ਯੋਂ ਹੂੰ ਤੈਸੇ ਆਇ। ਮੁਖ ਪਸਾਰ ਚਾਹਤਿ ਲੇ ਖਾਇ। ਗੁਰੁ ਸਿਮਰ੍ਯੋ ਤਿਨ ਆਨਿ ਬਚਾਯੋ। ਬਲਿ ਕਰਿ ਬਾਹੁਨਿ ਦੁਹਨਿ ਹਟਾਯੋ ॥੧੩॥ ਕ੍ਯਾ ਸ਼ਰਾਰ ਤੇ ਅਚਰਜ ਹੋਵਤਿ ? । ਮਹਾਂ ਤ੍ਰਾਸ ਕੋ ਨਿਸ ਮਹਿਂ ਜੋਵਤਿ। ਕ੍ਯੋਂ ਨ ਬਿਚਾਰਹੁ ਕਰਹੁ ਮਿਟਾਵਨਿ। ਨਾਂਹਿ ਤ ਧਰਹਿਂ[5] ਮੋਹਿ

[1] ਜਾਲ ਲੋਹੇ ਦਾ। [2] ਹਥ (ਵਿਚ)। [3] ਭਾਵ ਸ਼ੇਰਾਂ ਨੇ। [4] ਉਠਿਆ ਛੇਤੀ ਹੀ। [5] ਫੜਕੇ।

ਤਨ ਖਾਵਨਿ’ ॥ ੧੪॥ ਸੁਨਤਿ ਨਜੂਮੀ ਸਜਾਨੇ ਬ੍ਰਿੰਦ। ਕਹ੍ਯੋ ‘ਭਈ ਕੋ ਮਰਜ਼ ਬਿਲੰਦ[1]। ਦਾਨਸ਼ਵੰਦ ਤਬੀਬ ਹਕਾਰਹੁ। ਪੁਰਿ ਸਗਰੇ ਨਰ ਊਚ ਉਚਾਰਹੁ ॥ ੧੫ ॥ ਸੁਨਹਿਂ ਆਪ ਕੋ ਨਾਮ ਜਿ ਸਜਾਨੇ। ਆਵਹਿਂ ਸਭਿ ਬਿੱਦ੍ਯਾ ਜੋ ਜਾਨੇਂ। ਪ੍ਰਥਮ ਅਹੈਂ ਚਾਕਰ ਅਸ ਜੇਤਿਕ। ਕਰਹੁ ਦਿਖਾਵਨਿ ਆਵਹਿਂ ਤੇਤਿਕ[2]’॥੧੬॥ਸੁਨਤਿ ਸ਼ਾਹੁ ਨੇ ਆਛੀ ਮਾਨੇ। ਪਠਿ ਪਠਿ ਨਰ ਤਬੀਬ ਗਨ ਆਨੇ। ਸਭਿ ਕੋ ਕਰ ਨਾਰੀ[3] ਦਿਖਰਾਵੈ। ਬਿਤਹਿ ਜਾਮਨੀ ਤਥਾ ਬਤਾਵੈ ॥੧੭॥ਸੁਨਿ ਤਬੀਬ ਕੁਛ ਰੋਗ ਨ ਦੇਖੈਂ। ਸ਼ੋਰਨਿ ਤੇ ਬਿਸ-ਮਾਇੰ ਵਿਸ਼ੇਖੈਂ। ਨਹੀਂ ਅਕਲ ਮਹਿਂ ਕੁਛ ਬਨਿ ਆਵੈ।ਤਊ ਸ਼ਾਹੁ ਕੋ ਕਹਿ ਪਰਚਾਵੈਂ ॥ ੧੮ ॥ ਤਬਿ ਤਬੀਬ ਬਨਿ ਜੇਠਾ ਗਯੋ। ਬਹੁ ਮੋਲੇ ਪਟ ਤਨ ਪਰ ਲਯੋ। ਗਨ ਉਮਰਾਵ ਖਰੇ ਕਰ ਜੋਰੇ। ਗਨ ਸਜਾਨੇ ਬੈਠੇ ਇਕ ਓਰੇ॥ ੧੯ ॥ ਕਿਨਹੂੰ ਕੀਨਿ ਨ ਖ਼ਾਤਰ ਜਮਾ[4]। ਸ਼ਾਹੁ ਰਿਦੈ ਡਰੁ ਸੰਸੈ ਜਮਾ[5]। ਦੇਖਿ ਭਲੋ ਨਰ ਸਭਿ ਸਨਮਾਨਾ। ਜੇਠਾ ਗਯੋ ਨਿਕਟਿ ਤਿਸ ਥਾਨਾ ॥ ੨੦॥ ਸ਼ਾਹੁ ਬਾਂਹੁ ਆਗੇ ਕਰਿ ਦੀਨਿ। ਨਿਸ ਪ੍ਰਸੰਗ ਕਹਿ,ਲੇ ਜਿਮ ਚੀਨ[6]। ਕਹਨਿ ਲਗ੍ਯੋ ‘ਮੈਂ ਪਿਖੌਂ ਨ ਨਾਰੀ। ਨਹਿਂ ਪ੍ਰਸੰਗ ਕੁਛ ਕਰਹੁ ਉਚਾਰੀ ॥੨੧॥ ਕਯਾ ਤਬੀਬ ਜੋ ਨਾਰੀ ਦੇਖੇ। ਸੂਰਤ ਦੇਖਿ ਨ ਰੋਗ ਪਰੇਖੈ[7]। ਮਮ ਉਸਤਾਦ ਅਹੈ ਨਹਿਂ ਕਾਚੋ।ਗੁਨ ਪੂਰਨ[8] ਬਚ ਸਾਚ ਉਬਾਚੋ॥੨੨॥ ਜਾਨਿ ਲੀਨਿ ਮੈਂ ਰੋਗ ਤੁਮਾਰੋ।ਸੁਨਹੁ ਇਕੰਤ ਹੋਇ ਨਿਰਧਾਰੋ। ਨਹਿਂ ਗਨ ਮਹਿ ਮੈਂ ਕਹੌਂ ਬ੍ਰਿਤਾਂਤ। ਨਿਫਲਹਿ ਮੰਤ੍ਰ ਜਿ ਹੁਇ ਬੱਖਯਾਤ[9]’ ॥ ੨੩ ॥ ਜਹਾਂ-ਗੀਰ ਸੁਨ ਭਯੋ ਇਕਾਂਕੀ।ਜੇਠਾ ਗਯੋ ਨਿਕਟ ਤਬਿ ਤਾਂਕੀ। ਬੈਠਿ ਕਹ੍ਯੋ ‘ਤੁਝ ਸਪਥ ਖੁਦਾਇ। ਕਹੌਂ ਜਿ ਸਾਚੀ ਦੇਹੁ ਬਤਾਇ[10] ॥ ੨੪ ॥ ਤੋ ਕਹੁ ਰੋਗ ਨ ਉਪਜ੍ਯੋ ਕੋਈ।ਨਿਸ ਮਹਿਂ ਤ੍ਰਾਸ ਕਿਸੂ ਤੇ ਹੋਈ।ਹੌਲ ਰਹ੍ਯੋ।ਦਿਲ ਟਿਕਹਿ ਨ ਕੈਸੇ।ਦੀਪ ਸਿਖਾ ਬਹਿ ਬਾਯੂ ਜੈਸੇ[11]’॥੨੫॥ਮਾਨਿ ਸ਼ਾਹੁ ਕਹਿ ‘ਸਾਚੁ ਸੁਨਾਈ। ਮਮ ਪੀਰਾ ਤੈਂ ਨਿਸ਼ਚੇ ਪਾਈ[12]’। [13]‘ਸੁਨਿ ਹਜ਼ਰਤਿ

[1]ਕੋਈ ਵਡੀ ਬਿਮਾਰੀ ਹੋ ਗਈ ਹੈ। [2]ਉਤਨੇ (ਤਬੀਬ)। [3]ਹੱਥ ਦੀ ਨਬਜ਼। [4]ਤਸੱਲੀ ਨਾ ਕੀਤੀ (ਜਹਾਂਗੀਰ ਦੀ)। [5]ਬਹੁਤ। [6]ਰਾਤ ਦਾ ਪ੍ਰਸੰਗ ਵੀ (ਜਹਾਂਗੀਰ)ਕਹਿਣ ਲਗਾ ਤਾਂਕਿ ਉਹ(ਮਰਜ਼) ਜਾਣ ਲਵੇ। [7]ਰੋਗ ਪਰਖ ਨਾ ਲਵੇ। [8](ਮੇਰਾ ਉਸਤਾਦ) ਗੁਣਾਂ ਨਾਲ ਪੂਰਨ ਹੈ। [9](ਲੋਕਾਂ ਦੀ) ਭੀੜ ਵਿਚ ਬ੍ਰਿਤਾਂਤ ਮੈਂ ਨਹੀਂ ਕਹਿੰਦਾ, ਕਿਉਂਕਿ ਮੰਤ੍ਰ ਪ੍ਰਗਟ ਹੋ ਜਾਏ ਤਾਂ ਨਿਹਫਲ ਹੋ ਜਾਂਦਾ ਹੈ। [10]ਜੇ (ਮੈਂ) ਸਚੀ ਗਲ ਆਖਾਂ ਤਾਂ ਤੁਸਾਂ ਦੱਸ ਦੇਣਾ ਕਿ ਠੀਕ ਹੈ। [11]ਦੀਵੇ ਦੀ ਲਾਟ ਜਿਵੇਂ ਹਵਾ ਚਲਿਆਂ। [12]ਤੈਂ ਪੀੜਾ ਠੀਕ ਮਲੂਮ ਕੀਤੀ ਹੈ। [13]ਜੇਠੇ ਨੇ ਕਿਹਾ।

ਆਵਤਿ ਜੁਗ ਸ਼ੇਰ। ਦੁਹਦਿਸ਼ ਤੇ ਕਰਿ ਕੋਪ ਘਨੇਰ॥੨੬॥ਗੁਰੂ ਹਾਥ ਦੇ ਤੋਹਿ ਬਚਾਵੈਂ। ਨਾਂਹਿ ਤ ਦੋਨਹੁੰ ਤੁਮ ਕਹੁ ਖਾਵੈਂ। ਹਟਤਿ[1] ਕਹੈਂ–ਗੁਰੁ ਮਹਿਮਾ ਜਾਨਿ।ਨਹੀਂ ਬਿਸਾਰਨਿ ਉਰ ਤੇ ਠਾਨਿ–॥੨੭॥ਡਰ ਹਰਿਬੇ ਹਿਤ ਜਤਨ ਬਤਾਵੈਂ। ਸੋ ਕਨੌਂ ਕਰਿ ਤੁਮ ਰਿਦੇ ਨ ਲਜਾਵੈਂ। ਜੇ ਨਹਿਂ ਸਮਝਨੈ ਮੈਂ ਸਮਝਾਊਂ।ਰੋਗ ਤ੍ਰਾਸ ਸਭਿ ਦੂਰ ਮਿਟਾਊਂ"॥੨੮॥ ਇਮ ਜੇਠੇ ਜਬਿ ਪਤੇ ਲਗਾਏ।ਹਜ਼ਰਤ ਕਹਨੋ 'ਠੀਕ ਤੈਂ ਗਾਏ। ਅਬਿ ਜਿਮ ਹਟਹਿਂ, ਬਤਾਵਨਿ ਕੀਜੈ। ਤੁਵ ਪੂਰਨ ਉਸਤਾਦ ਲਖੀਜੈ ॥ ੨੯ ॥ ਕਿਮ ਕੇਹਰਿ ਕਹਿ ਬੂਝ ਬੁਝਾਵੈਂ[2]।ਦਿਹੁ ਸਮੁਝਾਇ ਨ ਮਮ ਮਨ ਆਵੈ'। ਅਪਨੇ ਮਹਿਂ ਸ਼ਰਧਾ ਦਿਢ ਜਾਨੀ।ਤਬਿ ਜੇਠੇ ਮੁਖ ਗਿਰਾ ਬਖਾਨੀ ॥੩੦॥ 'ਗੁਰੁ ਪਠਿ ਦੁਰਗ ਨ ਕੀਨਿ ਸੰਭਾਲੀ। ਅਵਧਿ ਬਦੀ ਤਬਿ ਸਭਿ ਦਿਨ ਚਾਲੀ[3]। ਸੋ ਬਿਤੀਤ ਊਪਰ ਦਿਨ ਗਏ।ਨਿਕਟ ਗੁਰੂ ਨ ਬੁਲਾਵਤਿ ਭਏ ॥੩੧॥ ਗੁਰੁ ਸੰਗ ਝੂਠ ਬੋਲਿਬੋ ਠਾਨਾ। ਤਿਹ ਫਲ ਹੋਯਹੁ ਤ੍ਰਾਸ ਮਹਾਨਾ। ਜੇਕਰਿ ਆਜ ਨ ਮਨੁਜ ਪਠਾਵੈਂ। ਟਰਹਿਂ ਨ ਕੇਹਰਿ ਆਵਤਿ ਘਾਵੈਂ ॥੩੨॥ ਸਮਾਂ ਬਿਤੇ ਕੁਛ ਹੈ ਨ ਉਪਾਈ। ਗੁਰੁ ਦਿਸ਼ਿ ਨਮੋ ਕਰਹੁ ਸਿਰ ਨਜਾਈ। ਕਰ ਜੋਰਹੁ ਅਰੁ ਬਾਕ ਉਚਾਰਹੁ। –ਖਿਮਹੁ ਪ੍ਰਭੂ ਨਿਜ ਬਿਰਦ ਸੰਭਾਰਹੁ ॥੩੩॥ ਪਠੌਂ ਮਨੁਜ ਅਬਿ ਨਿਕਟ ਹਕਾਰੌਂ। ਦਰਸ਼ਨ ਕਰੌਂ ਸੀਸ ਪਗ ਧਾਰੌਂ–। ਉਠਿ ਕਰਿ ਅਬਹਿ ਨ ਬੂਝਹੁ ਕੋਈ[4]। ਕਰਹੁ ਅਰਜ਼, ਕਬਿ ਤ੍ਰਾਸ ਨ ਹੋਈ' ॥੩੪॥ ਸੁਨਿ ਹਜ਼ਰਤ ਉਰ ਲਾਗੀ ਆਛੇ। ਸਾਚਿ ਜਾਨਿ ਗੁਰੁ ਮਿਲਨੋ ਬਾਂਛੇ। ਬੰਦਨ ਜੇਠੇ ਕੀ ਦਿਸ਼ਿ ਕੀਨਿ। 'ਦੇਹੁ ਦਰਬ ਬਹੁ' ਆਇਸੁ ਦੀਨਿ ॥੩੫॥ ਕਹਿ ਜੇਠਾ 'ਮੈਂ ਲੇਤਿ ਨ ਧਨ ਕੋ। ਜਬਿ ਲਗਿ ਹੋਤਿ ਅਨੰਦ ਨ ਮਨ ਕੋ। ਪੁਨ ਹਮ ਆਵੈਂ ਗੁਰੁ ਜਬਿ ਦੇਖੈਂ।ਸੁਖ ਕੋ ਪਾਵਤਿ,ਹਮਹੁੰ ਪਰੇਖੈਂ[5]"॥੩੬॥ ਇਮ ਕਹਿ ਨਿਕ-ਸਨੋ ਵਹਿਰ ਪਧਾਰਾ।ਬੈਠਿ ਸ਼ਾਹੁ ਉਮਰਾਵ ਹਕਾਰਾ। ਕਹਨੋ 'ਜਾਹੁ ਅਬਿ ਹੈ ਕਰਿ ਤਜਾਰ। ਸਤਿਗੁਰੁ ਕੇ ਢਿਗ ਬਿਲਮ ਬਿਸਾਰਿ ॥੩੭॥ ਮਮ ਦਿਸ਼ਿ ਤੇ ਲੇ ਗਮਹੁ ਉਪਾਇਨ। ਧਰਿ ਆਗੇ ਕਰਿ ਬੰਦਨ ਪਾਇਨ। ਬਿਨਤੀ ਬਹੁ ਬਖਾਨਿ ਸੰਗ ਆਨਹੁ।–ਦੇਹੁ ਦਰਸ ਨਿਜ ਕਰੁਨਾ ਠਾਨਹੁ–' ॥੩੮॥ ਇਮ ਕਹਿ ਤਿਸ ਕੋ ਤੁਰਤ ਪਠਾਯੋ। ਗੁਰੁ ਦਿਸ਼ਿ ਮੁਖ ਕਰਿ ਸੀਸ ਝੁਕਾਯੋ। 'ਬਖਸ਼ਹੁ ਕਰੀਅਵੱਗਨਾ ਮੋਰੀ।ਅਬਿ ਮੈਂ ਸਮਝਿ ਸ਼ਰਨਿ ਗੁਰ ਤੋਰੀ'॥੩੯॥

[1]ਮੁੜਦੇ ਹੋਏ। [2]ਬੁਝਾਰਤ ਸਮਝਾਂਵਦੇ ਹਨ। [3]ਤਦੋਂ ਚਾਲੀ ਦਿਨਾਂ ਦਾ ਸਮਾਂ ਹੀ ਬਿਦਿਆ (ਮੁਕੱਰਰ ਕੀਤਾ) ਸੀ। [4]ਕਿਸੇ ਨੂੰ ਨਾਂ ਪੁਛੋ। [5]ਸਾਡੇ ਦੇਖਦਿਆਂ।

ਪੁਨ ਮਨ ਮਾਂਹਿ ਇਮ ਸ਼ਾਹੁ ਬਿਚਾਰਾ।-ਰਹੌਂ ਜਾਮਨੀ ਬਿਖੈ ਸੁਖਾਰਾ॥ ਗੁਰੂ ਸੰਗ ਝੂਠ ਕਹਨਿ ਫਲ ਲਾਗਾ॥ਆਗੇ ਕਰੌਂ ਅਧਿਕ ਅਨੁਰਾਗਾ ॥੪੦॥ ਜੇ ਕਰਿ ਆਜ ਸ਼ੇਰਿ ਦਰਸਾਵੈਂ॥ਇਹ ਨਹਿਂ,ਅਪਰ ਜਤਨ ਕਰਿਵਾਵੈਂ-। ਜਬਿ ਜੇਠਾ ਸਤਿਗੁਰੁ ਢਿਗ ਗਯੋ। ਅੰਤਰਿਜਾਮੀ ਸਭਿ ਲਖਿ ਲਯੋ ॥੪੧॥ ਬ੍ਰਿਧ ਜੁਤਿ ਬੈਠੇ ਸੇਵਕ ਸਾਰੇ। ਸ੍ਰੀ ਹਰਿ ਗੋਵਿੰਦ ਬਾਕ ਉਚਾਰੇ। 'ਉਠਿ ਜੇਠਾ ਜਮਨਾ ਤਟ ਜਾਉ॥ਗੰਗਾ ਸਾਗਰ[1] ਭਰਿ ਲੇ ਆਉ'॥੪੨॥ਉਠਿ ਕਰਿਸਿਖ ਤਤਛਿਨਿ ਭਰਿ ਲਯਾਯੋ। ਸਤਿਗੁਰੁ ਆਗੈ ਆਨਿ ਟਿਕਾਯੋ। ਬਹੁਰਿ ਕਰਯੋ ਸ੍ਰੀ ਮੁਖ ਫੁਰਮਾਵਨਿ॥'ਲੇ ਅਬਿ ਜਾਹੁ ਕਰਹੁ ਤਹਿਂ ਪਾਵਨਿ'॥੪੩॥ ਸੁਨਿ ਜੇਠੇ ਜੁਤਿ ਅਚਰਜ ਧਾਰੇ। ਲੇ ਕਰਿ ਜਾਇ ਤਹਾਂ ਜਲ ਡਾਰੇ। ਆਇ ਖਰੋ ਕਰ ਜੋਰਿ ਅਗਾਰੀ॥ਹਿਤ ਸਿੱਖਯਨਾ ਕੇ ਗੁਰੂ ਉਚਾਰੀ॥੪੪॥'ਜਬਿ ਗੰਗਾ ਸਾਗਰ ਭਰਿ ਆਨਾ॥ਘਟਯੋ ਕਿ ਨਹਿਂ ਜਲ ਨਦੀ ਮਹਾਨਾ?॥ਬਹੁਰ ਜਾਇ ਤਿਸ ਕੋ ਮਧ ਗੇਰਾ॥ਬਢਯੋ ਕਿ ਨਹਿਂ ਕੈਸੇ ਤਬਿ ਹੇਰਾ?'॥੪੫॥ਸੁਨਿ ਜੇਠੇ ਕਰ ਜੋਰਤਿ ਕਹਯੋ। 'ਨਦੀ ਪ੍ਰਵਾਹ ਸਦਾ ਜਲ ਬਹਯੋ॥ਇਕ ਘਟ ਭਰੇ ਕਹਾਂ ਘਟਿ ਜੈਹੈ॥ਡਾਰੇ ਬੀਚ ਕਹਾਂ ਬਡਿ ਹ੍ਵੈ ਹੈ' ॥੪੬॥ ਸ੍ਰੀ ਅਰਜਨ ਨੰਦਨ ਤਬਿ ਕਹੈਂ।'ਅਪਨਿ ਬਿਖੈ ਜਾਨਹੁ ਬਿਧਿ ਇਹੈ॥ਗੁਰ ਗ੍ਰਿਹ ਸ਼ਕਤਿ ਚਲਤਿ ਜਲ ਸਲਿਤਾ। ਸਦ ਪ੍ਰਵਾਹ ਪੂਰਨ ਹੀ ਫਲਤਾ॥ ੪੭ ॥ ਘਟ ਸਮ ਸੇਵਾ ਕਰਿ ਤੈਂ ਪਾਈ। ਜਰੀ ਨ ਜਾਇ ਤਊ ਬਿਦਤਾਈ। ਜਹਿਂ ਤੇ ਲੀਨ ਤਹਾਂ ਕਯਾ ਨਾਂਹੀ ?। ਅਸ ਮਨ ਜਾਨਿ ਨਿਰਖਿ ਉਰ ਮਾਂਹੀ[3]॥ ੪੮ ॥ ਕਿਸ ਕੇ ਕਹੇ ਸ਼ਾਹੁ ਕੇ ਪਾਸਿ। ਕਰਾਮਾਤਿ ਕੋ ਕੀਨਿ ਪ੍ਰਕਾਸ਼ ?। ਯਾਂਤੇ ਉਚਿਤ ਦੰਡ ਕੇ ਅਹੈਂ।ਗੁਰੁ ਆਗਯਾ ਤੇ ਬਾਹਰਿ ਰਹੈਂ[4]'॥੪੯॥ਤਬਿ ਜੇਠੇ ਕਰ ਜੋਰਿ ਬਖਾਨਾ। 'ਮੈਂ ਗੁਰੁ ਬਚਨ ਪ੍ਰੇਮ ਤੇ ਮਾਨਾ॥ਸਿਖ ਸੰਗਤਿ ਰਾਵਰ ਕੀ ਜੇਤੀ। ਬ੍ਰਿੱਧ ਤੁਮ ਮਹਿਂ ਲਖਿ ਭੇਦ ਨ ਤੇਤੀ॥ ੫੦ ॥ ਹੁਕਮ ਪਾਇ ਪੂਰਬ ਇਨ ਕੇਰਾ। ਅਰੁ ਸੰਗਤਿ ਮਹਿਂ ਸੰਕਟ ਹੇਰਾ। ਮਹਾਂ ਦੁਖੀ ਪਛੁਤਾਵਤਿ ਸਾਰੇ। ਰਹੈਂ ਅਲੰਬ ਜਿ ਦਰਸ ਤਿਹਾਰੇ ॥ ੫੧ ॥ ਪਰ ਉਪ-ਕਾਰ ਹੇਤੁ ਮੈਂ ਕੀਨਿ। ਗੁਰੁ ਸਿਖ ਹੋਵੈਂ ਚਿੰਤ ਬਿਹੀਨ। ਅਪਨੇ ਹਿਤ ਮੈਂ ਨਹੀਂ ਦਿਖਾਈ। ਜਯੋਂ ਭਾਵਹਿ ਤਯੋਂ ਕਰਹੁ ਗੁਸਾਈਂ'॥੫੨॥ ਸੁਨਿ ਕਰਿ ਭਾਈ ਬ੍ਰਿੱਧ ਬਖਾਨਾ। 'ਹੁਕਮ ਮਾਤ ਗੰਗਾ ਕਹੁ ਮਾਨਾ।-ਕਰਹੁ ਜਤਨ-ਕਹਿ ਬਾਰੰਬਾਰੀ। ਭੇਜਯੋ ਮੋਹਿ ਬਿਲੰਬ ਬਿਸਾਰੀ ॥ ੫੩॥ ਬਡੇ ਗੁਰਨਿ ਕੇ

[1]ਪਾਣੀ ਦਾ ਇਕ ਪਾਤ੍ਰ। [2]ਘੜਾ। [3]ਰਿਦੇ ਵਿਚ ਦੇਖ। [4]ਬਾਹਰ ਹੋਇਆ ਚਾਹੁੰਦਾ ਹੈਂ।

ਸਿਮਰਤਿ ਚਰਿਤ। ਜਰੀ ਅਜਰ ਧਾਂਤੇ ਚਿਤ ਡਰਤਿ। ਇਤਨੇ ਕੋਸ ਪਠੇ ਮੈਂ ਆਯੋ। ਕਰਹਿ ਨ ਜਤਨ ਜਾਤਿ ਨਿਫਲਾਯੋ[1] ॥੫੪॥ ਸਿਖ ਸੰਗਤਿ ਗੁਰੁ ਜਨਨੀ ਕੇਰਾ। ਬਹੁਤਨਿ ਕੋ ਹਿਤ ਯਾ ਮਹਿਂ ਹੇਰਾ। ਤਉ ਮੈਂ ਕਹਯੋ ਉਪਾਵ ਕਰੀਜਹਿ।ਜਿਮ ਗੁਰ ਭਾਵੈ ਤਿਮ ਅਬਿ ਕੀਜਹਿ' ॥੫੫॥ ਸੁਨਿ ਬ੍ਰਿਧ ਤੇ ਨਿਜ ਮਾਤ ਸੰਦੇਸਾ। ਬੋਲਤਿ ਭਏ ਗੁਰੂ ਜਗਤੇਸ਼ਾ। 'ਜੇ ਬ੍ਰਿਧ ਆਦਿ ਮਾਤ ਸਭਿ ਕੇਰਾ। ਕੀਨਿ ਮਤੋ ਇਮ ਜਤਨ ਬਡੇਰਾ ॥੫੬॥ਤੌ ਹਮ ਕਹਾਂ ਸਕਹਿਂ ਕਹਿ ਬਾਨੀ। ਤਉ ਨ ਆਛੀ ਤੈਂ ਕ੍ਰਿਤ ਠਾਨੀ। ਅਜਰ ਜਰਨਿ ਕੀ ਬਡਿ ਬਡਿਆਈ। ਮਹਿਮਾ ਕਹੈਂ ਸੰਤ ਸਮੁਦਾਈ' ॥ ੫੭ ॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰਾਸੇ 'ਜੇਠੇ' ਕੇ ਪ੍ਰਸੰਗ ਬਰਨਨੰ ਨਾਮ ਦੋਇ ਸਸ਼ਟੀ ਅੰਸੂ ॥ ੬੨ ॥

੬੩. [ਵਜ਼ੀਰ ਖਾਂ ਲੈਣ ਆਯਾ। ਰਾਜਿਆਂ ਨੂੰ ਧੀਰਜ]।

ਦੋਹਰਾ ॥ ਗੁਰ ਸੈਨਾਪਤਿ ਨਰ ਪਠਯੋ[2] ਆਯਹੁ ਸ੍ਰੀ ਗੁਰੁ ਪਾਸ। ਦਰਸ਼ਨ ਦੇਖਤਿ ਜੋਰਿ ਕਰਿ ਨਮੋ ਕਰੀ ਅਰਦਾਸ ॥੧॥ ਚੌਪਈ॥ 'ਹਯ ਗਨ ਰਾਵਰ ਕੇ ਪੁਰਿ ਮਾਂਹੀ[3]। ਘਾਸ ਅਲਪ ਕਰ ਆਵਤਿ ਨਾਂਹੀ। ਦਾਨੇ ਕੇ ਅਧਾਰ ਪਰ ਰਹੈਂ। ਹਰੇ ਤ੍ਰਿਣਨਿ ਕਹੁ ਕਿਮਹੁਂ ਨ ਲਹੈਂ ॥ ੨ ॥ ਦੇਤਿ ਦਰੋਗੇ ਮਲਿਨ ਸੁ ਥੋਰੇ[4]। ਦੁਰਬਲ ਹੋਤਿ ਆਪ ਕੇ ਘੋਰੇ'। ਸੁਨਿ ਕਰਿ ਸ੍ਰੀ ਹਰਿ ਗੋਵਿੰਦ ਚੰਦ। 'ਬ੍ਰਿਧ ਸਾਹਿਬ ਤੁਮ ਸੁਮਤਿ ਬਿਲੰਦ ॥ ੩ ॥ ਡੇਰਾ ਕਰਹੁ ਸੰਭਾਰਨਿ ਸਾਰੋ। ਜਬਿ ਲਗਿ ਮੇਲਿ ਨ ਬਨਹਿ ਹਮਾਰੋ। ਸਭਿ ਕੋ ਦੀਜਹਿ ਖਾਨਾ ਦਾਨਾ।ਲੇ ਕਰਿ ਖਰਚਹੁ ਦਰਬ ਮਹਾਨਾ॥ ੪ ॥ ਸਕਲ ਤੁਰੰਗ ਚਮੂੰ ਲਿਹੁ ਸੰਗ। ਹਰੋ ਘਾਸ ਪਿਖਿ ਥਿਰੋ ਨਿਸੰਗ। ਬਾਂਗਰ ਕੀ ਦਿਸਿ ਤ੍ਰਿਣ ਬਹੁ ਜਹਾਂ। ਜਾਇ ਕਰਹੁ ਅਬਿ ਡੇਰਾ ਤਹਾਂ ॥੫॥ ਹਮ ਜਬਿ ਕਰੈਂ ਹਕਾਰਨਿ ਆਵਹੁ। ਤਾਵਤ ਤ੍ਰਿਣਨਿ ਤੁਰੰਗ[5] ਚਰਾਵਹੁ'। ਬ੍ਰਿਧ ਸਾਹਿਬ ਗੁਰੁ ਕੇ ਬਚ ਮਾਨੇ। ਭਯੋ ਤਯਾਰ ਅਭਿਬੰਦਨ ਠਾਨੇ ॥੬॥ ਚਲਿ ਕਰਿ ਆਨਿ ਪਹੁਚਯੋ ਡੇਰੇ। ਨਿਸ ਬਸਿ ਕੈ ਦੁਰਬਲ ਅਸ੍ਵ ਹੇਰੇ। ਹੋਤਿ ਪ੍ਰਾਤ ਚਢਿ ਲੇ ਦਲ ਸਾਰਾ। ਦੀਰਘ ਪੰਥ ਉਲੰਘਿ ਨਿਹਾਰਾ ॥੭॥ ਚਲੇ ਆਗਰੇ ਤੇ ਸਭਿ ਆਏ।ਦਿੱਲੀ ਨਗਰ ਪਿਖਯੋ ਸਮੁਦਾਏ। ਸੁਨਯੋ ਘਾਸ ਜਹਿਂ ਖਰੋ ਉਦਾਰੇ। ਪੰਚ ਕੋਸ ਪੁਰਿ ਤਯਾਗਿ ਪਧਾਰੇ ॥੮॥ਹਰਿਤ ਤ੍ਰਿਣਨਿ ਦੇਖਤਿ ਹਰਖਾਏ। ਕਰਯੋ ਸਿਵਰ ਉਤਰੇ ਸਮੁਦਾਏ। ਲਈ ਸਭਿਨਿ ਕੀ ਸੁਧਿ ਬ੍ਰਿਧ ਤਬੈ।

[1]ਨਿਸ਼ਫਲ ਜਾਣਾ ਸੀ (ਮੇਰਾ ਆਵਣਾ)। [2]ਗੁਰੂ ਜੀ ਦੇ ਸੈਨਾਪਤੀ ਨੇ ਆਦਮੀ ਭੇਜਿਆ। [3]ਸਮਹ ਘੋੜੇ ਦਿੱਲੀ ਵਿਚ ਆਪਦੇ ਹਨ। [4]ਥੋਹੜੇ ਤੇ ਮੈਲੇ। [5]ਘੋੜਿਆਂ ਨੂੰ।

ਜੋ ਚਹਿਯਤਿ ਸੋ ਲੇਂ ਭਟ ਸਬੈ ॥੯॥ ਦਿੱਲੀ ਮਹਿਂ ਮਿਲ ਸ਼ਾਹੁ ਕਿ ਸਾਥ। ਜਬਿ ਲੌ ਚਢੈ ਨ ਸਤਿਗੁਰੁ ਨਾਥ।ਤਬਿ ਲੌ ਤਹਾਂ ਟਿਕਾਯਹੁ ਡੇਰਾ। ਸਹਤ ਤੁਰੰਗਨਿ ਹਰਖ ਘਨੇਰਾ॥੧੦॥ਅਬਿ ਲੌ ਤਿਸ ਥਲ ਚਿੰਨ੍ਹ ਲਖੰਤੇ।'ਜਾਗਾ ਬ੍ਰਿਧ ਕੀ' ਲੋਕ ਕਹੰਤੇ।ਕਬਿ ਸਿਖ ਬੈਠਹਿ ਸੇਵ ਕਰੰਤਾ। ਤੁਰਕ ਰਾਜ ਕਰ ਨਹੀਂ ਰਹੰਤਾ[1]॥੧੧॥ ਪਠਯੋ ਸ਼ਾਹੁ ਉਮਰਾਵ ਜੁ ਤੂਰਨ।ਪਹੁੰਚਯੋ ਜਾਇ ਪਿਖੇ ਗੁਰੁ ਪੂਰਨ। ਕਰੀ ਬੰਦਗੀ ਜੁਗ ਕਰ ਜੋਰੇ। ਬੈਠਿ ਕਹਯੋ 'ਪਦ ਸ਼ਾਹੁ ਨਿਹੋਰੇ[2]॥੧੨॥ਘਨੀ ਬੰਦਗੀ ਤੁਮ ਸੋਂ ਰਰੀ।–ਰੱਛਯਾ ਮੋਰਿ ਆਪ ਨੇ ਕਰੀ। ਅਬਿ ਆਵਹੁ ਦਰਸ਼ਨ ਦਿਹੁ ਸੁੰਦਰ।ਪੂਰਨ ਗੁਰੂ ਗੁਨਨਿ ਕੇ ਮੰਦਰ–'॥੧੩॥ ਗੁਰੂ ਕਹਯੋ 'ਇਸ ਥਾਨ ਸੁਖਾਰੇ। ਏਕਲ ਸਿਮਰਹਿਂ ਸਿਰਜਣ ਹਾਰੇ। ਹਮ ਜਬਿ ਕੇ ਇਸ ਦੁਰਗ ਪ੍ਰਵੇਸ਼ੇ। ਨ੍ਰਿਪ ਕੈਦੀ ਸੁਖ ਪਾਇਂ ਵਿਸ਼ੇਸ਼ੇ॥੧੪॥ਆਪ ਸੁਖੀ ਪਰ ਕੌ ਸੁਖ ਹੋਇ। ਅਸ ਸ਼ੁਭ ਥਾਨ ਨ ਤਯਾਗਹਿ ਕੋਇ'। ਸੁਨਿ ਉਮ-ਰਾਵ ਗਯੋ ਚਢਿ ਕਰਿਕੈ।ਗਮਨਯੋ ਪੰਥ ਸ਼ੀਘ੍ਰਤਾ ਧਰਿਕੈ॥੧੫॥ ਜਾਇ ਸ਼ਾਹੁ ਕੇ ਸਾਥ ਸੁਨਾਈ। 'ਕਹਹਿਂ–ਇਹਾਂ ਹਮ ਰਹਿਂ ਹਰਖਾਈ। ਕੈਦੀ ਸਗਰੇ ਸੁਖ ਕੋ ਪਾਵੈਂ। ਕਿਮ ਇਹ ਥਾਨ ਤਯਾਗਿ ਹਮ ਜਾਵੈਂ–'॥ ੧੬ ॥ ਸੁਨਿ ਬਿਸਮਯੋ ਚਿਤ ਮਹਿਂ ਬਹੁ ਸ਼ਾਹੂ।–ਕਿਸ ਕਾਰਨ ਤੇ ਆਇਂ ਨ ਪਾਹੂ।ਕਰੀ ਹਕਾਰਨਿ ਇੱਛਾ ਜਬਿ ਤੇ।ਨਿਸ ਮਹਿਂ ਤ੍ਰਾਸ ਨ ਉਪਜਯੋ ਤਬਿ ਤੇ॥੧੭॥ਕੈ ਗੁਰੁ ਮੇਰੋ ਕੂਰ ਬਿਚਾਰਾ। ਯਾਂਤੇ ਨਹਿਂ ਆਵਨਿ ਮਤਿ ਧਾਰਾ। ਅਪਰ ਸਬਬ ਕਯਾ ? ਨਹਿਂ ਇਤ ਆਏ। ਜਿਨਹੁੰ ਪ੍ਰਾਨ ਮਮ ਨਿਸਾ ਬਚਾਏ–॥੧੮ ॥ ਚਿਤਵਤਿ ਰਹਯੋ ਕਿਤਿਕ ਚਿਰ ਕਾਲਾ। ਸ਼ੇਰ ਤ੍ਰਾਸ ਤੇ ਤ੍ਰਸਤਿ ਬਿਸਾਲਾ।–ਜੇ ਕਰਿ ਗੁਰੂ ਪ੍ਰਸੀਦ ਨ ਹੋਇਂ। ਕਬਹੁ ਨਿਸਾ ਮਹਿਂ ਘਾਵਹਿਂ ਸੋਇ[3]–॥ ੧੯ ॥ ਕਰਤਿ ਬਿਚਾਰ ਰਿਦੇ ਫੁਰਿ ਆਈ।–ਖਾਂ ਵਜ਼ੀਰ ਤਿਨ ਸਿੱਖ ਸਦਾਈ। ਸੋ ਤਿਨ ਕੇ ਸੁਭਾਵ ਕਹੁ ਜਾਨਹਿ। ਮਮ ਢਿਗ ਕੀਰਤਿ ਗੁਰਨਿ ਬਖਾਨਹਿ॥ ੨੦ ॥ ਲਯਾਇ ਸੁਧਾਸਰ ਤੇ ਸੁ ਮਿਲਾਏ। ਅਪਰ ਲੋਗ ਨਿਤ ਚੁਗਲੀ ਲਾਏ–। ਇਮ ਬਿਚਾਰਿ ਨਿਜ ਨਿਕਟਿ ਹਕਾਰਾ। ਹੁਇ ਏਕਲਿ ਤਿਹ ਸਾਥ ਉਚਾਰਾ॥ ੨੧ ॥ 'ਨਿਸ ਸ਼ੇਰਨਿ ਪਰਸੰਗ ਸੁਨਾਏ। ਕਰੇ ਹਕਾਰਨਿ ਗੁਰੁ ਨਹਿਂ ਆਏ। ਤੂੰ ਅਬਿ ਜਾਹੁ ਮਿਲਾਵਹੁ ਆਨਿ। ਕਹਿ ਸਭਿ ਬਾਕਨਿ ਪ੍ਰਥਮ ਸਮਾਨ'॥੨੨॥ ਖਾਂ ਵਜ਼ੀਰ ਕਰ ਜੋਰਿ ਸੁਨਾਈ।

[1]ਤੁਰਕ ਰਾਜ ਵਿਚ ਕਦੇ ਨਹੀਂ ਸੀ ਰਹਿੰਦਾ। [2]ਬੇਨਤੀ ਕੀਤੀ ਹੈ ਚਰਣਾਂ ਪਾਸ। [3]ਮਾਰ ਦੇਣਗੇ ਮੈ (ਸ਼ੇਰ)।

'ਗੁਰੁ ਦੋਖੀ ਸਭਿ ਬਜਾਧਿ ਉਠਾਈ। ਦੀਰਘ ਪੀਰਨਿ ਕੇ ਗੁਰ ਪੀਰ। ਅਜਰ ਜਰਨਿ ਧਰਿ ਧੀਰ ਅਭੀਰ[1] ॥੨੩॥ ਤ੍ਰਿਨ ਸਮ ਤਨ ਸਨੇਹ ਨਹਿੰ ਧਰੈਂ।ਸਹੈਂ ਅਵੱਗਜ਼ਾ ਦੁਸ਼ਟ ਜਿ ਕਰੈਂ।ਨਾਂਹਿ ਤ ਤਿਨ ਕੇ ਬਾਕਨਿ ਸੰਗਿ। ਖਿਰਹਿ ਕੌਨ ਖਿਨ ਮਹਿੰ ਹੁਇ ਭੰਗ ॥ ੨੪ ॥ ਬ੍ਰਿੰਦ ਸਹਾਇਕ ਕਹਿ ਤੁਮ ਪਾਸ। ਗੁਰੁ ਸੰਗਿ ਬਿਗਰਨਿ ਕਰਹਿੰ ਪ੍ਰਕਾਸ। ਜੇ ਰਾਵਰ ਨਿਰਨੈ ਕਬਿ ਕਰੋ। ਦੋਸ਼ ਅਦੋਸ਼ੀ ਤਬਿ ਉਰ ਧਰੋ॥੨੫॥ਬਡੇ ਪਾਤਿਸ਼ਾਹਨਿ ਪਰ ਆਦਿ। ਅਰੁ ਤੁਮ ਪਰ ਗੁਰੁ ਕਰਹਿੰ ਪ੍ਰਸਾਦਿ[2]। ਪ੍ਰਿਥਮ ਭਏ ਬਾਬਰ ਚਵ-ਗੱਤਾ। ਸ੍ਰੀ ਨਾਨਕ ਤਿਨ ਕੋ ਬਰ ਦਿੱਤਾ ॥ ੨੬ ॥ ਅਜ਼ਮਤਿ ਪਿਖਿ ਕਰਿ ਭੰਗ ਚਢਾਈ। ਪੁਸ਼ਤਨਿ ਕੀ[3] ਪਤਿਸ਼ਾਹਤਿ ਪਾਈ। ਬਹੁਰ ਹੁਮਾਉ ਸ਼ਾਹੁ ਪਰਬੀਨ।ਛੀਨਿ ਸਲੇਮਸ਼ਾਹ[4] ਛਿਤ ਲੀਨਿ॥੨੭॥ ਚਲੵੋ ਵਲਾਇਤ ਮਗ ਤਿਸ ਗਯੋ। ਸ੍ਰੀ ਗੁਰੁ ਅੰਗਦ ਜਿਸ ਥਲ ਭਯੋ। ਸ੍ਰੀ ਨਾਨਕ ਗਾਦੀ ਪਰ ਥਿਰੈ। ਗ੍ਰਾਮ ਖਡੂਰ ਬਾਸ ਕੋ ਕਰੈ ॥ ੨੮ ॥ ਬਰ ਹਿਤ ਗਯੋ ਰਹੵੋ ਢਿਗ ਖਰੵੋ। ਕਿਤਿਕ ਕਾਲ ਬੀਤੵੋ ਥਕ ਪਰੵੋ। ਗੁਰੂ ਬਾਰਿਕਨਿ ਸੰਗ ਰਚਿ ਰਹੇ*।ਪਾਤਿਸ਼ਾਹ ਸੰਗ ਨਹਿੰ ਕਿਛੁ ਕਹੇ*॥੨੯॥ਉਰ ਸ਼ਰਧਾ ਪਰਖਨਿ ਕੇ ਹੇਤੁ। ਨਹਿੰ ਬੋਲੇ ਗੁਰੁ ਕ੍ਰਿਪਾ ਨਿਕੇਤ। ਸ਼ਾਹੁ ਰਿਦੇ ਰਿਸ ਕੋ ਉਪਜਾਈ। –ਮਮ ਦਿਸ਼ਿ ਨਹੀਂ ਦ੍ਰਿਸ਼ਟਿ ਕੋ ਲਾਈ ॥੩੦॥ ਨਿਕਟ ਬਿਠਾਵਨਿ ਕਹਿ ਸਨਮਾਨੈ[5]। ਸੋ ਤੌ ਰਹੵੋ, ਕਹਾਂ ਇਹ ਠਾਨੈ[6]--।ਕਰੵੋ ਹੰਕਾਰ ਨ ਜਾਨਹਿ ਸ਼ਾਹੂ[7]। ਧਰੵੋ ਦਸਤ ਅਸਿ ਕਬਜੇ ਮਾਂਹੂ ॥੩੧॥--ਖੈਂਚਿ ਪ੍ਰਹਾਰੌਂ ਦੋਧਰ[8] ਕਰੌਂ। ਥਿਰੌਂ ਨ ਪੁਨ,ਮਾਰਗ ਚਲਿ ਪਰੌਂ--। ਖੜਗ ਮੁਸ਼ਟ ਸੋਂ ਕਰ ਲਗਿ ਰਹੵੋ। ਛੁਟਹਿ ਨ ਨਿਕਸਹਿ ਬਲ ਕਰਿ ਲਹੵੋ॥੩੨॥ਬਹੁਰਿ ਬਿਨੈ ਕਰਿ ਚਹਿ ਬਖਸ਼ਾਵਨਿ। ਬੋਲੇ ਸ੍ਰੀ ਅੰਗਦ ਜਸੁ ਪਾਵਨ।--ਖੜਗ ਮੁਸ਼ਟ ਪਰ ਧਰਿ ਕਰਿ ਹਾਥ।ਹਤਨਿ ਚਹਤਿ ਹਮ ਕੋ ਰਿਸ ਸਾਥ॥੩੩॥ ਨਹੀਂ ਸਲੇਮ ਸ਼ਾਹ[4] ਪਰ ਕੋਪਾ। ਦਿਯੋ ਨਿਕਾਸ ਮਹਾਂ ਰਣ ਰੋਪਾ। ਖੜਗ ਮੁਸ਼ਟ ਜੇ ਧਰਤਿ ਨ ਕਰ ਕੋ।ਅਬਿ ਹੀ ਲੇਤਿ ਰਾਜ ਬਡ ਧਰ ਕੋ[9] ॥੩੪॥ ਤਉ ਆਸ

[1]ਕਾਦਿਰਤਾ ਰਹਿਤ। [2]ਕ੍ਰਿਪਾ। [3]ਪੀੜ੍ਹੀਆਂ ਦੀ। [4]ਭਾਵ ਸ਼ੇਰਸ਼ਾਹ। [5]ਆਦਰ ਕਰਨਾ। [6](ਖਬਰੇ) ਇਨ੍ਹਾਂ ਨੇ ਕੀਹ ਸਮਝਿਆ ਹੈ। [7]'ਮੈਂ ਹੰਕਾਰ ਕੀਤਾ ਹੈ'ਇਹ ਤਾਂ ਬਾਦਸ਼ਾਹ ਨੇ ਜਾਣਿਆਂ ਨਾਂ (ਅ) ਇਨ੍ਹਾਂ ਨੇ ਹੰਕਾਰ ਕੀਤਾ ਹੈ ਮੈਨੂੰ ਸ਼ਾਹ ਨੂੰ ਕੁਛ ਚੀਜ਼ ਨਹੀਂ ਜਾਤਾ। [8]ਦੋ ਟੁਕੜੇ। [9]ਧਰਤੀ ਦਾ।
*ਕਈ ਲਿਃ ਨੁਸਖਿਆਂ ਵਿਚ ਇਹ ਦੋ ਤੁਕਾਂ ਨਹੀਂ ਤੇ ਇਕ ਵਿਚ ਇਸ ਥਾਂ ਇਹ ਪਾਠ ਹੈਃ–
'ਮਨ ਮਹਿ ਗਣੀ ਸੁ ਅਨਿਕ ਬਿਚਾਰੈ। ਇਤ ਉਤ ਨੈਕ ਨ ਕਹੂੰ ਨਿਹਾਰੈ'।

ਧਰਿ ਚਲਿ ਢਿਗ ਆਵਾ। ਗਮਨਹੁ ਅਬਹਿ ਵਲਾਇਤ ਥਾਵਾ। ਲਸ਼ਕਰ ਬਡ ਸਕੇਲ ਚਲਿ ਆਵਹੁ।ਅਪਨੋ ਰਾਜ ਨਿਸੰਸੈ ਪਾਵਹੁ॥੩੫॥ ਇਸ ਮਹਿੰ ਕਾਰਣ ਹੈਂ ਬਡ ਐਸੇ। ਸ਼੍ਰੀ ਨਾਨਕ ਬਰ ਨਿਫਲ ਨ ਕੈਸੇ–। ਸ਼੍ਰੀ ਅੰਗਦ ਕੇ ਸੁਨਿ ਕਰਿ ਬੈਨ।ਬੰਦਨ ਕੀਨਸਿ ਲੱਜਿਤਿ ਨੈਨ॥੩੬॥ ਖੜਗ ਮੁਸ਼ਟ ਤੇ ਛੁਟਿ ਗਾ ਹਾਥ। ਚਢਿ ਗਮਨਯੋ ਤੂਰਨਤਾ ਸਾਥਿ। ਜਾਇ ਵਲਾਇਤ ਲਸ਼ਕਰ ਲਜਾਯੋ[1]। ਬਹੁਰ ਰਾਜ ਦਿੱਲੀ ਕਹੁ ਪਾਯੋ ॥੩੭॥ ਤਿਨ ਕੇ ਸੁਤ ਅਕਬਰ ਪਤਿਸ਼ਾਹੂ।ਸ਼੍ਰੀ ਗੁਰੁ ਅਮਰਦਾਸ ਕੇ ਪਾਹੂ।ਲੇਕਰਿ ਬਰ ਚਤੌਰ ਕੋ ਤੋਰਾ।ਗਮਨਿ ਕੀਨਿ ਪੁਨ ਲਵਪੁਰਿ ਓਰਾ॥੩੮॥ਗੋਇੰਦਵਾਲ ਮਿਲਯੋ ਤਬਿ ਜਾਇ। ਗ੍ਰਾਮ ਪਰਗਨਾ ਭੇਟ ਚਢਾਇ। ਬਿਨਤੀ ਕਹਿ ਪ੍ਰਸੰਨ ਬਹੁ ਕਰੇ। ਅਧਿਕ ਪ੍ਰੀਤਿ ਉਰ ਸ਼ਰਧਾ ਧਰੇ ॥੩੯॥ ਤਿਨ ਕੇ ਪੁੱਤ੍ਰ ਆਪ ਅਬਿ ਅਹੋ। ਪਿਤਾ ਪਿਤਾਮਾ ਕੇ ਸਮ ਰਹੋ।ਕਰਹੁ ਪ੍ਰਸੰਨ ਲੇਹੁ ਬਰ ਆਛੇ। ਪੂਰਹਿੰ ਗੁਰੂ ਮਨੋਰਥ ਬਾਂਛੇ'॥੪੦॥ਜਹਾਂਗੀਰ ਸੁਨਿ ਬਹੁਤ ਪ੍ਰਸੰਨਾ। ਕਹਿ ਵਜ਼ੀਰ ਖਾਂ ਕੋ 'ਧੰਨਧੰਨ'।ਦੀਨੋ ਬਹੁਮੋਲਾ ਸਿਰੁਪਾਇ।ਪੰਚ ਸਹੰਸਰ ਧਨਮੰਗਵਾਇ॥੪੧॥ 'ਉਚਰੀ ਬਾਤ ਅਪੂਰਬ[2] ਨੀਕੀ।ਮਹਿਦ ਸੁਖਦ ਸਦ ਹੀ ਪ੍ਰਿਯ[3] ਜੀ ਕੀ। ਬਿਨੈ ਕਰਹੁ ਅਬਿ ਲੇ ਕਰਿ ਆਵਹੁ। ਬਿਨਾ ਬਿਲਮ ਗੁਰੁ ਨਿਕਟ ਸਿਧਾ-ਵਹੁ'॥੪੨॥ ਹਜ਼ਰਤ ਰੁਖ਼ ਵਜ਼ੀਰ ਖਾਂ ਹੇਰਿ। ਚਢਿ ਤੁਰੰਗ ਗਮਨਯੋ ਬਿਨ ਦੇਰ। ਜੇ ਕੈਦੀ ਮਹਿਪਾਲਕ ਸਾਰੇ। ਸੁਨੀ–ਸ਼ਾਹੁ ਨੇ ਗੁਰੂ ਹਕਾਰੇ–॥੪੩॥ ਚਿੰਤਾਤੁਰ ਉਰ ਬਯਾਕੁਲ ਹੋਏ। ਛੋਰਿ ਧੀਰ ਮਨ ਸ਼ੋਕ ਪਰੋਏ। ਹੁਇ ਇਕੱਤ੍ਰ ਸਗਰੇ ਚਲਿ ਆਏ।ਕਰਿ ਦਰਸ਼ਨ ਪਾਇਨਿ ਲਪਟਾਏ॥੪੪॥ ਦੋ ਕਰ ਜੋਰਿ ਅਗਾਰੀ ਖਰੇ। ਨੰਮ੍ਰਿ ਹੋਇ ਕਿਨ ਸਿਰ ਧਰ ਧਰੇ[4]।ਦੀਨ ਬਚਨ ਘਿਘਿਆਵਤਿ ਕੋਈ। 'ਸ਼੍ਰੀ ਗੁਰ ਤੁਮ ਤੇ ਬਡੋ ਨ ਹੋਈ ॥ ੪੫॥ ਕੋ ਹਮ ਕੋ ਕਬਿ ਆਨਿ ਛੁਟਾਵੈ।ਰੱਛਕ ਤੁਮ ਬਿਨ ਅਪਰ ਨ ਪਾਵੈਂ। ਸ਼੍ਰੀ ਕਰਤਾਰ ਕ੍ਰਿਪਾਲੂ ਕਹੰਤੇ।ਤਿਨ ਸਰੂਪ ਹਮ ਤੁਮਹਿੰ ਲਖੰਤੇ॥੪੬॥ਸ਼ਰਨਿ ਪਰੇ ਕੀ ਲਾਜ ਨਿਬਾਹੋ। ਦਾਨ ਅਭੈਤਾ ਦਿਹੁ ਉਤਸਾਹੋ। ਦੀਨਨਿ ਪਰ ਦਯਾਲੂ ਕੀ ਬਾਨ। ਬਿਰਦ ਗ਼ਰੀਬ ਨਿਵਾਜ ਮਹਾਨ ॥ ੪੭ ॥ ਬਿਨ ਗੁਨ ਗਜ ਅਰਾਧਨਾ ਕਰੀ। ਨਗਨ ਚਰਨ ਧਾਏ ਪ੍ਰਭੁ ਹਰੀ। ਸ਼੍ਰੀ ਗੁਰੁ ਸਰਬ ਭਾਂਤਿ ਸਮਰੱਥ। ਭੰਜਨ ਰਚਨਿ ਆਪਿ ਕੇ ਹੱਥ॥੪੮॥ਤੁਮ ਤੇ ਹੁਇ ਹਮ ਕੈਦ ਖਲਾਸੀ। ਅਪਰ ਸਭਿਨਿ ਤੇ ਭਏ ਨਿਰਾਸੀ। ਬੈਸ ਬਿਤਾਇ ਬੀਚ

[1]ਈਰਾਨ ਦੇਸ਼ ਤੋਂ ਫੌਜ ਲਿਆਇਆ ਸੀ। [2]ਅਸਚਰਜ। [3]ਪਿਆਰੀ। [4]ਸਿਰ ਧਰਤੀ ਤੇ ਧਰਿਆ।

ਹੀ ਮਰੈਂ। ਤੁਮ ਤੇ ਛੁਟਹਿਂ ਆਸ ਹਮ ਧਰੈਂ' ॥ ੪੯ ॥ ਇੱਤ੍ਯਾਦਿਕ ਕਹਿ ਬਿਨੈ ਬਡੇਰੀ। ਕ੍ਰਿਪਾ ਦ੍ਰਿਸ਼ਟਿ, ਸੁਨਿ ਸਤਿਗੁਰੁ, ਹੇਰੀ। ਦਈ ਧੀਰ ਜੇਤੇ ਨਰ ਨਾਥ। 'ਤੁਮ ਕੋ ਰਾਖਹਿਂਗੇ ਹਮ ਸਾਥ ॥੫੦॥ ਸੰਗ ਲੇਯ ਸਭਿ ਨਿਕਸਨਿ ਕਰੈਂ।ਨਤੁ ਹਮ ਭੀ ਇਸ ਹੀ ਥਲ ਥਿਰੈਂ। ਕਰਿ ਹੈਂ ਸਭਿ ਕੀ ਬੰਦ ਖਲਾਸਿ। ਸਿਮਰਹੁ ਸੱਤਿਨਾਮ ਸੁਖਰਾਸਿ' ॥ ੫੧ ॥ ਸੁਨਤਿ ਨਰਿੰਦ੍ਰ ਬਿਲੰਦ ਅਨੰਦੇ। 'ਅਟਲ ਬਚਨ ਜਗ ਬੰਦ ਮੁਕੰਦੇ'। ਭਈ ਖੁਸ਼ੀ ਜਨੁ ਨਿਕਰੇ ਕੈਦਿ। ਬੈਠੇ ਛੂਟਨਿ ਧਾਰਿ ਉਮੈਦ ॥ ੫੨ ॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰਾਸੇ 'ਵਜ਼ੀਰ ਖਾਂ ਬਾਕ' ਪ੍ਰਸੰਗ ਬਰਨਨੰ ਨਾਮ ਤੀਨ ਸਸ਼ਟੀ ਅੰਸੂ ॥ ੬੩ ॥

੬੪. [ਪੀਰ ਮੀਆਂ ਮੀਰ ਤੇ ਜਹਾਂਗੀਰ ਮੇਲ]।

ਦੋਹਰਾ॥ ਜਬਿ ਵਜ਼ੀਰ ਖਾਂ ਚਢਿ ਗਯੋ, ਬਹੁਤ ਬਰਖ ਕੋ ਪੀਰ। ਆਯੋ ਪੁਰਿ ਕੇ ਨਿਕਟ, ਸੁਨਿ ਗਯੋ ਸ਼ਾਹੁ ਤਿਸ ਤੀਰ ॥੧॥ ਚੌਪਈ ॥ ਮਹਾਂ ਬ੍ਰਿੱਧ ਜਰ-ਜਰੀ ਸਰੀਰ। ਅੰਤਰ ਬ੍ਰਿਤੀ ਰਹਤਿ ਧਰਿ ਧੀਰ। ਜੁਗ ਭੌਹਨਿ ਕੇ ਰੋਮ ਬਿਸਾਲਾ। ਭਏ ਸੁਪੇਦ ਝੁਕੇ ਝਪਿ ਜਾਲਾ[1] ॥੨॥ ਮੁੱਦ੍ਰਿਤ ਲੋਚਨ ਊਪਰਿ ਛਾਏ। ਬੋਲੈ ਕਬਹੂੰ ਬਹੁਤ ਬੁਲਾਏ। ਜੋਰ ਜੋਗ ਕੇ ਬੈਸ ਬਿਸਾਲ। ਰਾਖ੍ਯੋ ਨਿਜ ਸਰੀਰ ਚਿਰ ਕਾਲ ॥ ੩ ॥ ਵਹਿਰ ਜਗਤ ਤੇ ਬ੍ਰਿੱਤਿ ਉਠਾਈ। ਲੇਤਿ ਅਨੰਦ ਰਸ ਰਿਦੇ ਟਿਕਾਈ। ਜੇਤਿਕ ਸ਼ਾਹੁ ਭਏ ਤਿਨ ਆਗੇ। ਰਾਖਿ ਅਦਬ ਪਦ ਪੰਕਜ ਲਾਗੇ ॥੪॥ ਚਢਹਿ ਪਾਲਕੀ ਪਰ ਅਸਵਾਰੀ। ਸ਼ਾਹੁ ਚਲਹਿ ਪਦ ਸਾਥ ਅਗਾਰੀ। ਬਹੁ ਸ਼ਰਧਾ ਰਾਖਤਿ ਉਰ ਮਾਹੀ।ਗਯੋ ਸ਼ਾਹੁ ਤਬਿ ਤਿਸ ਕੇ ਪਾਹੀ ॥ ੫ ॥ ਕਰੀ ਬੰਦਗੀ ਬੈਠ੍ਯੋ ਜਾਈ। ਸਰਬ ਨਰਨਿ ਕੀ ਭੀਰ ਹਟਾਈ।ਜਹਾਂਗੀਰ ਇਕ, ਦੂਜੋ ਪੀਰ। ਅਪਰ ਨ ਰਾਖ੍ਯੋ ਅਪਨੇ ਤੀਰ॥ ੬ ॥ ਬੂਝਤਿ ਭਯੋ 'ਸੰਤ ਕੇ ਲੱਛਨ। ਕਹੋ ਪੀਰ ਜੀ ਹੈ ਜੋ ਬਿਚੱਛਨ।ਜਿਸ ਤੇ ਸੁਖੀ ਰਹੈ ਤਜਿ ਸ਼ੋਕ। ਹੋਤਿ ਨ ਦੀਨ ਦੌਨ ਹੂੰ ਲੋਕ'॥ ੭॥ ਕਹੈ ਪੀਰ 'ਸੁਨਿ ਸੰਤਨਿ ਭੂਖਨ। ਸਭਿ ਬਿਕਾਰ ਤੇ ਰਹੈ ਅਦੂਖਨ। ਰੋਕ ਬਾਸ਼ਨਾ ਚਾਹ ਮਿਟਾਈ। ਭਏ ਅਚਾਹ ਏਕ ਲਿਵਲਾਈ॥ ੮ ॥ ਸੀਤਲ ਭਯੋ ਰਿਦਾ ਨਿਸ਼ਕਾਮ। ਸਹਜਾਬ੍ਰਿੱਤਿ ਇਸੀ ਕੋ ਨਾਮ। ਜੀਵਨ ਮੁਕਤਿ ਅਵਸਥਾ ਏਹੀ। ਨਹਿਂ ਉਥਾਨ ਫੁਰਨੋ ਬਿਧਿ ਕੇਹੀ[2] ॥੯॥ ਮ੍ਰਿਤਕ ਮਨਿੰਦ ਜਗਤ ਮਹਿਂ ਅਹੈ। ਸਭਿ ਰਸ ਤਜਿ ਆਤਮ ਰਸ ਲਹੈ। ਚਿਦਾਨੰਦ ਮਹਿਂ ਪਾਇ ਬਸੇਰੇ। ਤ੍ਰਿਣ ਸਮ ਅਪਰ ਰਸਨਿ ਕੋ ਹੇਰੇ ॥੧੦॥

[1] ਸਾਰੇ ਭਰਵਟਿਆਂ ਦੇ ਵਾਲ ਚਿੱਟੇ ਤੇ ਝੁਕੇ ਹਨ ਝਿੰਮਣੀਆਂ ਤਕ। [ਹਿੰਦੀ, ਝਪਕਨਾ= ਪਲਕਾਂ ਬੰਦ ਕਰਨੀਆਂ, ਝਪਿ=ਪਲਕ]। [2] ਕਿਸੇ ਤਰ੍ਹਾਂ ਬੀ ਫੁਰਨੇ ਨੇ ਨਾ ਉੱਠਣਾ।

ਮਨ ਰਿਖੀਕ ਸਿਥਲੇਂ ਪਰ ਜਾਇਂ। ਜਗ ਬਰਤਨ ਸਹਿਜੇ ਸਿਧਿ ਪਾਇਂ[1]।
ਜਤਨ ਜੋਰ ਤੇ ਕਰਹਿ ਨ ਕੋਇ। ਉਰ ਕੀ ਲਹਿਰ ਬਿਲੈ[2] ਸਭਿ ਹੋਇਂ॥
੧੧॥ ਕਰਾਮਾਤ ਸਭਿ ਲੈਤਾ ਪਾਵੈ। ਫੁਰਨੋ ਹੋਇ ਨ ਕਹਾਂ ਲਗਾਵੈਂ[3]।
ਤਿਨ ਅੰਤਰ ਬਲ ਬਡਿ ਹੁਇ ਜਾਵੈ। ਫੂਕ ਮਾਰਿ ਬ੍ਰਹਮਾਂਡ ਉਡਾਵੈਂ॥
੧੨॥ ਸਸਿ ਸੂਰਜ ਕੇ ਡਕਰੇ ਕਰੈਂ। ਤਾਰੇ ਤੋਰਿ ਤੁਰਤ ਕਰਿਂ ਤਰੇ। ਸੋ
ਪਰੰਤੁ ਨਿਜ ਬ੍ਰਤ ਨਿਬਹਾਇਂ। ਪ੍ਰਥਮ ਜੁ ਫੁਰਨਾ ਦਯੋ ਮਿਟਾਇ॥੧੩॥
ਫੁਰਨਾ ਉਠਹਿ ਰਿਦੇ ਮਹਿਂ ਜਬੈ। ਅਸ ਪਦ ਤੇ[4] ਉਥਾਨ ਹੁਇ ਤਬੈ।
ਨਿਜ ਫੁਰਨੇ ਪਰ ਥਿਰਤਾ ਧਾਰਿ। ਹੁਇ ਸੁਚੇਤ ਰਹਿਂ ਚੌਕੀਦਾਰ॥੧੪॥
–ਮਤ ਫੁਰਨਾ ਕਬਿ ਉਠੈ ਹਮਾਰੋ–। ਉਠਨਿ ਨ ਦੇਤਿ ਰਹੈਂ ਮਨ ਮਾਰੋ।
ਪਾਇ ਅਵਸਥਾ ਮ੍ਰਿਤਕ ਮਨਿੰਦ। ਮਗਨ ਰਹੈਂ ਨਿਤ ਬ੍ਰਹਮਾਨੰਦ॥੧੫॥
ਜਿਮ ਸ਼੍ਰੀ ਰਾਮਦਾਸ ਕੋ ਨੰਦਨ। ਸ਼੍ਰੀ ਅਰਜਨ ਦੁਖ ਦੋਖ ਨਿਕੰਦਨ।ਲਵ-
ਪੁਰਿ ਮੈਂ ਜਬਿ ਕੈਦ ਪਰੇ ਹੈਂ। ਨਰ ਦੁਸ਼ਟਨ ਬਹੁ ਤੰਗ ਕਰੇ ਹੈਂ॥੧੬॥
–ਲਾਖ ਦਰਬ ਦਿਹੁ ਸੁਪਤਨਿ ਦੇਵੈਂ। ਪਾਨਿ ਕਰਹੁ ਤੌ ਭੀ ਲਖ ਲੇਵੈਂ–।
ਸੁਨਿ ਗੁਰ ਕਹ੍ਯੋ–ਨ ਖਾਇਂ ਨ ਪੀਵੈਂ। ਨਹਿਂ ਸੁਪਤਹਿਂ, ਇਕ ਥਲ ਥਿਰ
ਥੀਵੈਂ–॥੧੭॥ ਹੁਤੇ ਸੰਗ ਸਿਖ ਪਿਖਿ ਦੁਖ ਲਹ੍ਯੋ। ਜੇਠੇ ਅਪਰ ਪਿਰਾਣੇ
ਕਹ੍ਯੋ।–ਜੇ ਅਬਿ ਹੋਵੈ ਹੁਕਮ ਹਜ਼ੂਰ। ਲਵਪੁਰਿ ਦਿੱਲੀ ਕਰਿ ਦ੍ਯੌਂ ਚੂਰ
॥੧੮॥ ਇਹ ਕਜ਼ਾ ਵਸਤੁ ਅਵੱਗਜ਼ਾ ਕਰੈਂ। ਕਰਹੁਂ ਨਾਸ਼, ਨਹਿਂ ਥਿਰਤਾ
ਧਰੈਂ–। ਕਹ੍ਯੋ ਗੁਰੂ–ਤੁਮ ਕਿਤਤੇ ਪਾਈ?–।[5]–ਪ੍ਰਭੂ ਲੀਨੀ ਤੁਮ ਸੇਵ
ਕਮਾਈ–॥੧੯॥[6]–ਕਰਤਿ ਸੇਵ ਲੀਨਿਸਿ ਜਿਸ ਪਾਂਹੀ। ਤਿਨ ਮਹਿਂ
ਸ਼ਕਤਿ ਅਹੈ ਕੈ ਨਾਂਹੀ?–।[5]–ਹੇ ਪ੍ਰਭੁ ਤੁਮ ਮਹਿਂ ਸ਼ਕਤਿ ਅਨੰਤ। ਆਦਿ
ਨ ਅੰਤ ਮਹਾਂ ਭਗਵੰਤ–॥੨੦॥ ਹੁਕਮ[7] ਭਯੋ–ਕਰਿ ਤੂਸ਼ਨ ਧਰਨੋ। ਕਾਰਨ
ਸਰਬ ਆਪ ਹੈਂ ਕਰਨੇ–। ਪੁਨ ਮੈਂ ਸੁਨ੍ਯੋ ਸਜ਼ਾਇਨ ਦੇਤਿ। ਮੌਨ ਗੁਰੂ
ਸਭਿ ਹੀ ਸਹਿ ਲੇਤਿ॥੨੧॥ ਦਰਸ਼ਨ ਹੇਤੁ ਗਯੋ ਤਿਨ ਪਾਸ। ਬੰਦਤਿ ਚਰਨ
ਕਰੀ ਅਰਦਾਸ।–ਸ਼੍ਰੀ ਗੁਰੂ ਅਰਜਨ ਜੀ! ਧੰਨ ਧੰਨ। ਤੁਮ ਸਮ ਜਗ ਮਹਿਂ
ਪੁਰਖ ਨ ਅੰਨ॥੨੨॥ ਏਕ ਸੂਰਤਾ ਰਾਵਰਿ ਮਾਂਹੀ। ਅਪਰ ਕਿਸੀ ਮਹਿਂ
ਪੱਧਤ ਨਾਂਹੀ–[7]। ਸੁਨਿ ਇਮ ਸ਼ਾਹੁ ਰਿਦਾ ਡਗ ਡੋਲਾ। ਪੀਰ ਸੰਗ ਕਰ

[1]ਸੰਸਾਰ ਦੀ ਵਰਤਣ ਸੁਤੇ ਹੀ ਹੁੰਦੀ ਜਾਵੇ। ਭਾਵ ਪਦਾਰਥ ਸੁਤੇ ਪ੍ਰਾਪਤ ਹੁੰਦੇ ਜਾਣ। [2]ਦੂਰ ਹੋਈਆਂ ਹੋਣ। [3]ਨਾਂ ਤਾਂ ਫੁਰਨਾਂ ਹੀ ਹੁੰਦਾ ਹੈ (ਤੇ ਨਾਂ ਹੀ) ਕਿਸੇ ਥਾਂ (ਕਰਾਮਾਤ) ਲਗਾਂਵਦੇ ਹਨ। [4]ਤਾਂ ਉਸ (ਅੰਦਰਲੇ ਟਿਕੇ) ਟਿਕਾਣੇ ਤੋਂ ਉੱਠਣ। [5]ਉਸ ਸਿੱਖ ਨੇ ਕਿਹਾ। [6]ਗੁਰੂ ਜੀ ਨੇ ਕਿਹਾ। [7](ਗੁਰੂ ਜੀ ਦਾ) ਹੁਕਮ।

ਜੋਰਤਿ ਬੋਲਾ॥੨੩॥'ਪੂਰਬ ਹਮਕੋ ਸੁਧਿ ਨਹਿੰਦਈ।ਐਸੇ ਮਹਾਂ ਪੁਰਖ ਸੁਖ ਮਈ।ਨਹਿੰ ਮਹਿਮਾ ਕਥਿਕਹੀ ਸੁਨਾਇ। ਗੁਜ਼ਰ ਗਈ ਪਰ ਆਜ ਬਤਾਇ' ॥੨੪॥ ਕਹ੍ਯੋ ਪੀਰ 'ਤੁਮ ਦੁਨੀਆਂ ਨਰ ਹੋ। ਕ੍ਯਾ ਮਹਿਮਾ ਲਖਿ ਧਾਰਤਿ ਉਰ ਹੋ। ਗੁਰੁ ਮਹਿਮਾ ਹਮ ਭੀ ਨਹਿ ਜਾਨਹਿਂ। ਤੌ ਕੈਸੇ ਤੁਝ ਨਿਕਟ ਬਖਾਨਹਿਂ'॥੨੫॥ਕਹ੍ਯੋ ਸ਼ਾਹੁ'ਹਿੰਦੂ ਤਨੁ ਸੋਇ। ਕਹਿਨੀ ਬਨੈ ਨ ਮਹਿਮਾ ਜੋਇ। ਤੁਰਕਨਿ ਮਤ ਮਹਿਂ ਦੋਸ਼ ਗਨੰਤੇ। ਅਸਿ ਤਰੀਫ ਕ੍ਯੋਂ ਆਪ ਕਰੰਤੇ ?*'॥੨੬॥ ਬਹੁਰ ਪੀਰ ਕਹਿ 'ਸ਼ਾਹੁ ਲਖੀਜੈ। ਮਹਿਮਾ ਕੋ ਕਾਰਨ ਸੁਨਿ ਲੀਜੈ। ਹਮ ਸਭਿ ਪੀਰ ਜਾਤਿ ਦਰਗਾਹ। ਸਭਿ ਕੀ ਬਾਤਿ ਹੋਤਿ ਇਨ ਪਾਹ ॥ ੨੭ ॥ ਅੰਤਹਿਪੁਰ[1] ਤੇ ਨਿਕਸਹਿਂ ਬਾਹਰ। ਸਭਿ ਕੋ ਦਰਸ਼ਨ ਦੇ ਕਰਿ ਜ਼ਾਹਰ। ਇਨ ਸੋਂ ਪੀਰਨਿ ਮੇਲਾ ਹੋਈ। ਅਪਰ ਕੀਨਿ ਤਹਿਕੀਕ ਨ ਕੋਈ[2] ॥੨੮॥ ਸਭਿ ਜਾਨਤਿ ਭੇ ਮਿਲਿ ਤਿਸ ਠੌਰ। ਇਹ ਖੁਦਾਇ ਕੈ ਅੰਤਰ ਔਰ[3]। ਸ੍ਰੀ ਨਾਨਕ ਗਾਦੀ ਜੋ ਪਾਵੈ। ਸੋ ਸਰੂਪ ਤਹਿਂ ਨਦਰੀ ਆਵੈ ॥੨੯ ॥ ਜੇ ਨਿਸ਼ਚਾ ਇਮ ਕਹੇ ਨ ਠਾਨਹਿ। ਬੂਝਹੁ ਅਪਰ ਪੀਰ ਜੇ ਜਾਨਹਿਂ'। ਜਹਾਂਗੀਰ ਸੁਨਿਕੈ ਜਬਿ ਲਹ੍ਯੋ। 'ਕ੍ਯੋਂ ਨ ਪੀਰ ਜੀ ਆਗੇ ਕਹ੍ਯੋ ? ॥੩੦॥ ਅਦਬ ਰਾਖਿ, ਕਰਿ ਬੰਦ ਖ਼ਲਾਸੀ। ਲੇਤਿ ਅਸੀਸ ਤਿਨਹੁ ਕੇ ਪਾਸੀ†'।ਸੁਨਤਿ ਪੀਰ ਉੱਤਰ ਦਿਯ ਐਸੇ। 'ਗੁਰੂ ਅਛਤ ਹਮ ਕਹਤਿ ਨ ਕੈਸੇ ॥੩੧॥ ਜਬਿ ਮੁਰਾਦਿ ਤਿਨ ਹਾਸਲੁ ਹੁਈ। ਦੇਖਿ ਭੁਲੇ[4]

---

[1]ਅੰਦਰਲੇ ਟਿਕਾਣਿਓਂ। [2](ਇਨ੍ਹਾਂ ਤੋਂ ਵਡਾ) ਹੋਰ ਕੋਈ ਨਿਸ਼ਚੇ ਨਹੀਂ ਕੀਤਾ। [3]ਇਹ ਖ਼ੁਦਾ ਹੈ ਜਾਂ ਅੰਦਰ ਹੋਰ ਹੈ–ਭਾਵ ਖ਼ੁਦਾ ਤੇ ਇਨ੍ਹਾਂ ਵਿਚ ਫਰਕ ਸਹੀ ਨਹੀਂ ਹੁੰਦਾ। [4]ਭਾਵ ਗੁਰੂ ਜੀ ਦਾ ਫੜੇ ਜਾਣਾ ਉਹਨਾਂ ਦਾ ਆਪਣਾ ਚੋਜ ਸੀ, ਸੋ ਜਦ ਵਰਤ ਗਿਆ (=ਫੜੇ ਗਏ) ਅਸੀਂ (ਉਹਨਾਂ ਦਾ ਕਸ਼ਟ) ਵੇਖਕੇ ਭੁੱਲ ਗਏ (=ਘਬਰਾ ਗਏ ਕਿ ਇਹ ਇਨ੍ਹਾਂ ਦਾ ਆਪਣਾ ਚੋਜ ਨਹੀਂ ਕਸ਼ਟ ਹੈ, ਤਦੋਂ) ਫੇਰ (ਸਤਿਗੁਰਾਂ ਨੇ ਸਾਨੂੰ) ਹੋਸ਼ ਦਿਤੀ ਕਿ ਸਾਡੀ ਖੇਲ ਵਿਚ ਕੋਈ ਨਾ ਆਓ, ਸਭ ਨੂੰ ਇਹੀ ਆਗ੍ਯਾ ਹੈ ਆਦਿ। (ਅ) 'ਭੁਲੇ' ਦੀ ਥਾਂ ਪਾਠ 'ਭਲੇ' ਬੀ ਹੈ, ਤਾਂ ਅਰਥ ਐਉਂ ਲਗੇਗਾ:–ਜਦੋਂ ਉਹਨਾਂ ਦੀ ਮੁਰਾਦ ਪੂਰੀ ਹੋ ਗਈ, ਭਾਵ ਸਖਤ ਕਸ਼ਟਾਂ ਵਿਚ ਅਡੋਲ ਰਹਿਕੇ ਸਚਖੰਡ ਚਲੇ ਗਏ, ਅਸਾਂ ਚੰਗੀ ਤਰ੍ਹਾਂ ਵੇਖ ਲਿਆ (ਕਿ ਓਹ ਸਹਿਜ ਅਵਸਥਾ ਵਿਚੋਂ ਹਿੱਲੇ ਨਹੀਂ) ਤਾਂ ਤੁਹਾਨੂੰ (ਹੁਣ) ਖਬਰ ਦਿਤੀ ਹੈ। (ਓਦੋਂ ਇਸ ਕਰਕੇ ਨਹੀਂ ਦਿਤੀ ਕਿ) ਸਤਿਗੁਰਾਂ ਸਭ ਨੂੰ ਆਗਿਆ ਦੇ ਰੱਖੀ ਸੀ ਕਿ ਸਾਡੀ ਖੇਲ ਵਿਚ ਕੋਈ ਨਾ ਆਓ। *ਇਸ ਤੋਂ ਬੀ ਓਹ ਪਤਾ ਚਲਦਾ ਹੈ ਕਿ ਜਹਾਂਗੀਰ ਦੇ ਦਿਲ ਵਿਚ ਤਅੱਸਬ ਸੀ ਜੋ ਓਸ ਨੇ ਤੋਜ਼ਕਿ ਜਹਾਂਗੀਰੀ ਵਿਚ ਆਪ ਮੰਨਿਆਂ ਹੈ। †ਇਥੋਂ ਜਾਪਦਾਹੈ ਕਿ ਜਹਾਂਗੀਰਨੂੰ ਆਪਣੀ ਕਾਲੀ ਕਰਤੂਤ ਦਾ ਪਤਾਸੀ।

ਹਮ ਪੁਨ ਸੁਧਿ ਦਈ। ਸਭਿ ਪ੍ਰਤਿ ਆਇਸੁ ਗੁਰੂ ਉਚਾਰੀ।—ਆਇ ਨ ਕੋ ਹਮ ਖੇਲ ਮਝਾਰੀ—॥੩੨॥ ਹੁਕਮ ਦਿਯੋ ਬਿਧ ਸ਼ਿਵ ਕੋ ਐਸੇ।—ਖੇਲ ਬਿਖੈ ਤੁਮ ਆਉ ਨ ਕੈਸੇ। ਅਸ ਹਮ ਨੇ ਹੀ ਖੇਲ ਪਸਾਰੀ। ਕੋ ਸੁਰ ਕਰਹਿ ਨ ਸ਼ਕਤਿ ਜਿ ਭਾਰੀ—॥੩੩॥ ਜੇ ਨਵ ਨਾਥ ਸਿੱਧ ਚਵਰਾਸੀ। ਪੀਰ ਫਕੀਰ ਸਤੀ ਸੰਨਯਾਸੀ। ਹੁਕਮ ਤ੍ਰਾਸ ਤੇ ਹਟਿ ਸਮੁਦਾਏ। ਨਹੀਂ ਸ਼ਕਤਿ ਕੋ ਲਾਵਨਿ ਆਏ॥੩੪॥ ਸ੍ਰੀ ਅਰਜਨ ਸਭਿ ਬਿਧਿ ਸਮਰੱਥ। ਲਾਖਹੁਂ ਕਾਨੀ ਦਾਹਨ ਹੱਥ[1]। ਬਾਮ ਬਿਖੈ ਸੋ ਧਰਤਿ ਕਰੇਰੈਂ। ਜੇ ਕਰਿ ਇਕ ਕਾਨੀ ਕਬਿ ਛੋਰੈਂ॥੩੫॥ ਨਹੀਂ ਸ਼ਾਹੁ ਨਹਿਂ ਪ੍ਰਜਾ ਰਹੰਤੀ। ਗਗਨ ਨ ਅਵਨੀ ਕਿਤਹੁਂ ਦਿਸੰਤੀ। ਸਭਿ ਮਰਦਨ ਕਰਿ ਗਰਦ ਉਡੰਤੇ। ਕੋ ਬਲ ਕਰਿ ਨਹਿਂ ਅੱਗ੍ਰ ਟਿਕੰਤੇ॥੩੬॥ ਕਰਨਿ ਪਰੰਤੁ ਹੁਤੋ ਤਿਨ ਤੈਸੇ। ਬਲ ਹੋਤੇ ਨਿਰਬਲ ਭੇ ਐਸੇ[2]। ਉਰ ਬਿਸ਼ੇਖਤਾ ਇਹ ਤਿਨ ਕੇਰੀ। ਫੁਰਨ ਉਥਾਨ ਨ ਕਰਿਂ ਕਿਸ ਬੇਰੀ ॥ ੩੭ ॥ ਸਹਜਿ ਬ੍ਰਿੱਤਿ ਤੇ ਨਿਤ ਚਿਤ ਸੀਤਲ। ਮਗਨ ਸਦਾ ਆਤਮ ਰਸ ਹੀਤਲ। ਜੀਵਨਿ ਮੁਕਤਿ ਅਵਸਥਾ ਝੂਲਤਿ। ਬ੍ਰਿੱਤਿ ਏਕ ਰਸ ਕਬਹੁਂ ਨ ਭੂਲਤਿ॥੩੮॥ ਦੁਖ ਜਬਿ ਨਿਕਸੇ ਹੁਇ ਦੁਖ ਖ੍ਯਾਨ[3]। ਸੋ ਸੁਖ ਰੂਪ, ਦਯਾ ਕੀ ਬਾਨ। ਪ੍ਰਾਨ ਤ੍ਯਾਗ ਕਰਿ ਰਾਵੀ ਤੀਰ। ਚੰਦਨ ਚਿਖਾ ਜਲਾਇ ਸਰੀਰ* ॥ ੩੯ ॥ ਬਹੁ ਸੰਗਤਿ ਮਿਲਿ ਭੀ ਇਕ ਥਾਇਂ। ਘਨ ਕੀ ਸਮ ਫੂਲਨਿ ਬਰਖਾਇ। ਅਤਰ ਅੰਬੀਰਨਿ ਅਲਤਾ ਡਾਲਿ। ਲਵਪੁਰਿ ਪੂਰਣ ਭਾ ਤਿਸ ਕਾਲ ॥ ੪੦ ॥ ਕਿਰਤਨੁ ਬਹੁਤ ਭਯੋ ਤਿਸ ਥਾਨ'। ਸੁਨਤਿ ਸ਼ਾਹੁ ਅਤਿ ਭਯੋ ਹਿਰਾਨ। ਨਹੀਂ ਪੀਰ ਢਿਗ ਬੋਲਨੋ ਗਯੋ। ਕਰਿ ਬੰਦਨ ਘਰ ਆਵਤਿ ਭਯੋ ॥ ੪੧ ॥—ਕਰਨੋ ਚੰਦੂ ਨੇ ਇਹ ਅਪਰਾਧੁ। ਮੋਕਹੁ ਦੋਸ਼ ਦੇਤਿ ਗਨ ਸਾਧੂ। 'ਰਾਖਹਿ ਚੋਰ' ਕਰਤਿ ਸੋ ਚਾਰੀ। ਕਹਿਤਿ ਕੂਰ ਮੁਝ ਪ੍ਰਤਿ ਦੁਰਚਾਰੀ॥੪੨॥ ਕਰਨੋ ਕੁਕਰਮ ਸਕਲ ਇਹ ਤਾਂਹੀ। ਮੁਝ ਕੋ ਗੇਰਹਿਂ ਦੋਜ਼ਕ ਮਾਂਹੀ। ਨਾਂਹਿ ਤ ਅਬਿ ਤਿਨ

[1]ਲੱਖਾਂ (ਸ਼ਕਤੀ ਰੂਪੀ) ਕਲਮਾਂ ਸੱਜੇ ਹੱਥ ਵਿਚ। [2]ਪਰ ਉਨ੍ਹਾਂ ਨੇ ਕਰਨਾ ਹੀ ਐਸਾ ਸੀ (ਜੈਸਾ ਉਨ੍ਹਾਂ ਨੇ ਕੀਤਾ, ਭਾਵ ਕਸ਼ਟ ਸਹਾਰਿਆ), ਇਸ ਲਈ ਬਲ ਹੁੰਦਿਆਂ ਨਿਰਬਲ ਹੋਏ ਰਹੇ। [3]ਜੇ ਦੁਖ (ਖ੍ਯਾਨ=) ਖ਼ਾਨੇ ਵਿਚ ਭਾਵ ਦਿਲ ਵਿਚ ਹੋਵੇ ਤਾਂ ਦੁਖ ਬਾਹਰ ਬੀ ਨਿਕਲੇ, ਭਾਵ ਕਿ ਗੁਰੂ ਜੀ ਦੇ ਹਿਰਦੇ ਵਿਚ ਕੋਈ ਦੁਖ ਨਹੀਂ ਸੀ, ਸੋ ਦੁਖ ਦੀ ਹੂੰ ਤਕ ਬਾਹਰ ਨਹੀਂ ਆਈ। [ਪੰਜਾਬੀ ਮੁਹਾਵਰਾ ਹੈ, ਖਾਨਿਓਂ ਗਈ=ਦਿਲੋਂ ਗਈ]।

*੪ ਹੋਰ ਲਿਃ ਨੁਸਃ ਵਿਚ ਵੀ ਇਹੋ ਪਾਠ ਹੈ। ਦੇਖੋ ਅੰਸੂ ੩੮, ਅੰਕ ੨੬ ਦੀ ਹੇਠਲੀ ਟੂਕ।

ਕੇ ਸੁਤ ਤੀਰ। ਬਖ਼ਸ਼ਾਵੈਂ ਅਪਰਾਧ ਗਹੀਰ ॥ ੪੩ ॥ ਕਰੌਂ ਪ੍ਰਸੰਨ ਚੰਦੂ ਗਹਿ ਦੇਹੌਂ। ਹਾਥ ਜੋਰਿ ਕਰਿ ਖਤਾ ਛਿਮੈ ਹੌਂ। ਬਿਨ ਅਪਰਾਧ ਹੋਇ ਹੌਂ ਤਬੈ।ਸ੍ਰੀ ਹਰਿ ਗੋਵਿੰਦ ਖੁਸ਼ਿ ਹ੍ਵੈਂ ਜਬੈ–॥੪੪॥ ਇਮ ਬਿਚਾਰ ਕਰਿ ਤੂਸ਼ਨ ਕੀਨਿ। ਗੁਰਨਿ ਪ੍ਰਤੀਖਤਿ ਹੋਇ ਅਧੀਨ ।–ਆਵਹਿ ਤੂਰਨਿ–ਚਾਹਤਿ ਸ਼ਾਹੁ ।–ਗਯੋ ਵਜ਼ੀਰ ਖਾਨ ਅਬਿ ਪਾਹੂ–॥੪੫॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰਾਸੇ 'ਪੀਰ ਅਤੇ ਸ਼ਾਹੁ ਸੰਬਾਦ' ਪ੍ਰਸੰਗ ਬਰਨਨੰ ਨਾਮ ਚਤੁਰ ਸ਼ਸ਼ਠੀ ਅੰਸੂ ॥ ੬੪ ॥

੬੫. [ਵਜ਼ੀਰ ਖਾਂ ਵਾਪਸ ਆਇਆ]।

ਦੋਹਰਾ ॥ ਖਾਂ ਵਜ਼ੀਰ ਉਰ ਹਰਖ ਧਰਿ ਪਹੁੰਚਯੋ ਸਤਿਗੁਰ ਪਾਸ। ਨੰਮ੍ਰਿ ਹੋਇ ਬੰਦਨ ਕਰੀ ਜਲ ਦਰਸ਼ਨ ਜਿਸ ਪਯਾਸ॥੧॥ਚੌਪਈ॥ਪਿਖਿ ਸ੍ਰੀ ਹਰਿਗੋਵਿੰਦ ਉਚਾਰੇ।'ਆਉ ਵਜ਼ੀਰ ਖਾਂਨ ਗੁਰ ਪਯਾਰੇ।ਸਹਤ ਕੁਟੰਬ ਕੁਸ਼ਲ ਹੈ ਤੇਰੇ?। ਕਹਹੁ ਸ਼ਾਹੁ ਕੀ ਸੁਧਿ ਜਿਮ ਹੇਰੇ'॥੨॥ਕ੍ਰਿਪਾ ਭਰੇ ਸੁਨਿ ਸੁੰਦਰ ਬੈਨਾ। ਹੁਇ ਵਜ਼ੀਰਖਾਂ ਕੇ ਤਰ [1]ਨੈਨਾ।ਹਾਥ ਜੋਰ ਕਹਿ'ਮਿਹਰ ਤੁਮਾਰੀ।ਜੁਕਤਿ ਕੁਟੰਬ ਕੁਸ਼ਲ ਬਿਧਿ ਸਾਰੀ॥੩॥ ਮੈਂ ਰਾਵਰਿ ਤੇ ਕਰਿਹੌਂ ਲਾਜ। ਸਰਨੋ ਨ ਕੈਸੇ ਕੋ ਸ਼ੁਭ ਕਾਜਾ। ਤਉ ਆਪ ਸਭਿ ਘਟ ਕੇ ਮਾਲਿਕ। ਹਿਤ ਅਨਹਿਤ ਲਖਿ ਲਿਹੁ ਤਤਕਾਲਕ॥੪॥ ਬਰਤੈ ਸਰਬ ਆਪ ਕੀ ਮਰਜ਼ੀ। ਦਾਸ ਧਰਮ ਕ੍ਰਿਤ ਠਾਨਤਿ ਅਰਜ਼ੀ। ਚੰਦੂ ਸੰਘਾਰਨਿ ਬਿਨਾ ਨ ਆਛੇ। ਚਾਰੀ ਕਰਤਿ ਸ਼ਾਹੁ ਢਿਗ ਗਾਛੇ[2] ॥ ੫ ॥ ਗੁਰੁ ਦ੍ਰੋਹੀ ਦੀਰਘ ਅਪਰਾਧੀ। ਬ੍ਰਿੰਦ ਪ੍ਰਪੰਚ ਰਚਹਿ ਜਨੁ ਬਯਾਧੀ। ਛਿਮਾ ਆਪਿ ਕੋ ਕਯੋਂ ਬਨਿ ਆਵੈ। ਜਬਿ ਲੌ ਦੁਸ਼ਟ ਦ੍ਰਿਸ਼ਟਿ ਦਰਸਾਵੈ॥੬॥ ਜਤਨ ਕਰਹੁ ਮਾਰਨਿ ਕੋ ਜਬੈ। ਕਿਸ ਤੇ ਰੁਕਹੁ ਨ, ਹਤਿ ਹੋ ਤਬੈ[3]। ਪਠਯੋ ਸ਼ਾਹੁ ਮੁਝ ਪਾਸ ਤੁਮਾਰੇ। ਪ੍ਰੇਮ ਬਿਨੈ ਜੁਤਿ ਬਚਨ ਉਚਾਰੇ ॥੭ ॥–ਪ੍ਰਾਨ ਦਾਨ ਮੁਝ ਕੋ ਗੁਰੁ ਦੀਨੋ। ਅਬਿ ਦਰਸ਼ਨ ਦਿਹੁ ਗਯਾਨ ਪ੍ਰਬੀਨੋ–। ਕਰਤਿ ਪ੍ਰਤੀਖਨਿ ਨਿਸ ਦਿਨ ਚਾਹਤਿ ।–ਕਬਹਿ ਬਿਲੋਕੋਂ– ਮਹਾਂ ਉਮਾਹਤਿ ॥ ੮ ॥ ਪ੍ਰਥਮ ਗਯੋ ਉਮਰਾਵ ਜੁ ਮੁਰਿ ਕੈ। ਨਹਿੰ ਦਰਸੇ ਚਿਤ ਚਿੰਤਾ ਧਰਿ ਕੈ। ਮੋਹਿ ਹਕਾਰਨਿ ਕਰਿ ਸਮੁਝਾਯੋ। ਅਧਿਕ ਪ੍ਰੇਮ ਤੇ ਇਤਹਿ ਪਠਾਯੋ ॥ ੯ ॥ ਉਚਿਤ ਆਪ ਕੋ ਦਰਸ਼ਨ ਦੀਜਹਿ। ਸਰਬ ਸਿੱਧ ਕਾਰਜ ਕਰਿ ਲੀਜਹਿ'। ਸ੍ਰੀ ਹਰਿ ਗੋਵਿੰਦ ਸੁਨਤਿ ਬਖਾਨਾ। 'ਅਟਕ ਪਰੀ ਇਕ ਕਠਨ ਮਹਾਨਾ ॥ ੧੦ ॥ ਜਬਿ ਹਮ ਪ੍ਰਵਿਸ਼ੇ ਦੁਰਗ ਮਝਾਰੀ। ਭਯੋ ਕੈਦੀਅਨਿ ਕੋ ਸੁਖ ਭਾਰੀ। ਖਾਨ ਪਾਨ ਤੇ ਭਏ ਸੁਖਾਰੇ।

---

[1] ਤਰਬਤਰ (ਅ) ਨੀਵੇਂ। [2] ਜਾ ਜਾ ਕੇ। [3] ਜਦੋਂ ਮਾਰਨ ਦਾ ਜਤਨ ਕਰੇ ਤਾਂ ਫਿਰ ਕਿਸੇ ਦੇ ਰੋਕਿਆਂ ਨਾ ਰੁਕਣਾ, ਤਬੈ (=ਉਸੇ ਵੇਲੇ) ਮਾਰ ਦੇਣਾ।

ਛੁਟਨਿ ਭਰੋਸਾ ਮਨ ਮਹਿਂ ਧਾਰੇ॥੧੧॥ਅਬਿ ਸੁਨਿ ਲੀਨੋ–ਸ਼ਾਹੁ ਹਕਾਰੇ–। ਪਰੇ ਸ਼ਰਨਿ ਬਹੁ ਬਿਨੈ ਉਚਾਰੇਂ:–ਰਾਵਰਿ ਬਿਨਾ ਨ ਹਮ ਗਤਿ ਕਾਈ।ਕੈ ਮਾਰਹੁ ਕੈ ਦੇਹੁ ਜਿਵਾਈ–॥ ੧੨ ॥ ਹਮਰੇ ਸਦਾ ਪ੍ਰਤੱਗਯਾ ਇਹੀ।ਸ਼ਰਨਿ ਪਰੇ ਕਹੁ ਤਯਾਗਤਿ ਨਹੀਂ। ਜੋ ਨਰ ਆਰਤਿ ਕਹਿ ਇਕ ਬੇਰਾ।–ਸ਼੍ਰੀ ਹਰਿ ਗੋਵਿੰਦ ਮੈਂ ਅਬਿ ਤੇਰਾ–॥੧੩॥ ਕਯਾ ਗਿਨਤੀ ਹੈ ਇਹਾਂ ਬਚਾਵਨਿ। ਨਿਕਟ ਨ ਦੇਉਂ ਦੂਤ ਜਮ ਆਵਨਿ। ਦਾਸ ਜਿਯਤਿ ਕੀ ਰੱਛ ਨ ਕਰੈਂ। ਮ੍ਰਿਤਕ ਭੁਏ ਕਿਮ ਦੁਖ ਪਰਹਰੈਂ?॥੧੪॥ਜਨ ਕੀ ਕਰੌਂ ਕਾਮਨਾ ਪੂਰਨ। ਸੰਕਟ ਤੇ ਉਬਾਰ ਕਰਿ ਤੂਰਨਿ। ਮਰਨ ਪ੍ਰਯੰਤ ਨਰਿੰਦਨਿ ਕੈਦਿ। ਨਹਿਂ ਛੁਟਨਿ ਕੀ ਰਿਦੇ ਉਮੈਦ ॥ ੧੫ ॥ ਇਨ ਕੋ ਛੋਰਨਿ ਸ਼ਾਹੁ ਜਿ ਮਾਨਹਿ। ਤਬਹਿ ਹਕਾਰਨਿ ਹਮ ਕੋ ਠਾਨਹਿ। ਨਾਂਹਿ ਤ ਰਹੈਂ ਇਸੀ ਹਮ ਥਾਨ। ਪਾਰਨਿ ਕਰਹਿਂ ਮਹੀਪ ਮਹਾਨ ॥ ੧੬ ॥ ਅਰੁ ਗੁਰੁ ਦ੍ਰੋਹੀ ਗਹੈ ਨ ਥਿਰਤਾ। ਪਰਹਿ ਨਰਕ ਮਹਿਂ ਕੁਮ੍ਰਿਤੁ ਮਰਿਤਾ। ਕਾਲ ਨਜੀਕ ਆਇ ਅਬਿ ਹੋਵਾ। ਸਹਤ ਕੁਟੰਬ ਸਦਨ ਦੇ ਖੋਵਾ ॥ ੧੭ ॥ ਅਬਿ ਤੁਮ ਗਮਨਹੁ ਸ਼ਾਹਿ ਕਿ ਪਾਸਿ। ਕਰਹੁ ਕੈਦੀਅਨਿ ਕਥਾ ਪ੍ਰਕਾਸ਼। ਇਨਹੁ ਸਮੇਤ ਦੁਰਗ ਨਿਕਸੈ ਹੈਂ। ਨਾਂਹਿ ਤ ਬੈਠੇ ਇਹਾਂ ਰਹੈ ਹੈਂ'॥ ੧੮ ॥ ਸੁਨੇ ਵਜ਼ੀਰ ਖਾਨ ਗੁਰੁ ਬੈਨ। ਬਿਖਮ ਬਾਤ, ਨਿਜ ਬਸਿ ਜੋ ਹੈ ਨ। ਕਹਯੋ ਨ ਗਯੋ ਬਿਚਾਰਤਿ ਰਹਯੋ।–ਮਾਨਹਿ ਸ਼ਾਹੁ ਕਿ ਨਹਿਂ–ਚਿਤ ਲਹਯੋ॥੧੯॥ ਤਊ ਗਿਨਤਿ ਮਨ– ਬਿਖਮ ਨ ਕੋਈ। ਸ਼ਕਤਿ ਅਨੰਤ ਗੁਰੂ ਮਹਿਂ ਹੋਈ। ਅਨਬਨ ਭੀ ਸਭਿ ਲੇਹਿਂ ਬਨਾਇ। ਬਨੀ ਬਾਤ ਕੋ ਦੇਂ ਬਿਗਰਾਇ ॥ ੨੦ ॥ ਮੇਰੋ ਧਰਮ, ਬਚਨ ਗੁਰ ਮਾਨੋਂ। ਜਿਮ ਕਹਿਂ ਤਿਮ ਚਲਿ ਸ਼ਾਹੁ ਬਖਾਨੋਂ। ਫੇਰੌਂ ਨਹਿਂ, ਗਮਨੌਂ ਅਨੁਸਾਰੇ–। ਇਮ ਬਚਾਰਿ ਕਰਿ ਬਚਨ ਉਚਾਰੇ ॥ ੨੧ ॥ 'ਦਯਾ ਕਰਨਿ ਕੀ ਬਾਨਿ ਤੁਮਾਰੀ। ਨਿਕਟ ਦੁਖੀ ਭੇ ਸ਼ਰਨਿ ਅਗਾਰੀ। ਅਪਨਿ ਪ੍ਰਤੱਗਯਾ ਕਰਹੁ ਨਿਬਾਹਿਨ। ਸਦਾ ਸਹਾਇਕ ਸੰਸੈ ਨਾਂਹਿਨ' ॥ ੨੨ ॥ ਇਮ ਕਹਿ ਸੁਨਿ ਕੈ ਹੁਇ ਅਸੁਵਾਰ। ਗਮਨਯੋ ਪੰਥ ਸ਼ੀਘ੍ਰਤਾ ਧਾਰਿ। ਗਯੋ ਸ਼ਾਹੁ ਢਿਗ ਬੈਠਯੋ ਦੇਖਿ। ਕਰੀ ਬੰਦਗੀ ਨਿੰਮ੍ਰ ਬਿਸ਼ੇਖ॥੨੩॥ ਕਹਯੋ ਸ਼ਾਹੁ 'ਗੁਰੁ ਕੀ ਸੁਧਿ ਦੇਹੁ। ਕਰਯੋ ਕਿ ਨਹਿਂ ਆਵਨਿ, ਲਖਿ ਨੇਹੁ। ਅਧਿਕ ਪ੍ਰਤੀਖਨਿ ਮੈਂ ਨਿਤ ਕਰਿਤਾ। ਦਰਸ਼ਨ ਦੇਹਿਂ ਬਿਘਨ ਗਨ ਹਰਤਾ' ॥ ੨੪ ॥ ਸੁਨਿ ਵਜ਼ੀਰ ਖਾਂ ਜੁਗ ਕਰ ਬੰਦਿ। ਕਹਤਿ ਸ਼ਾਹੁ ਸੋਂ ਦੇਤਿ ਅਨੰਦ। 'ਸਦਾ ਚਹਤਿ ਹੈਂ ਕੁਸ਼ਲ ਤੁਮਾਰੇ। ਕ੍ਰਿਪਾ ਭਰੇ ਗੁਰ ਬਾਕ

ਉਚਾਰੇ ॥ ੨੫॥ ਪਰਯੋ ਕਾਜ ਅਬਿ ਐਸੋ ਆਇ। ਕਰਨੋ ਕਠਨ ਸੁ ਜਾਨਯੋ
ਜਾਇ। ਤੁਮਰੇ ਕਹੇ ਬਿਨਾਂ ਨਹਿਂ ਹੋਇ। ਨਤੁ ਲਜਾਵਤਿ ਮੈਂ ਕਰਿਕੈ
ਸੋਇ:-॥ ੨੬ ॥ ਮਹਿਪਾਲਕ ਕੈਦੀ ਸਮੁਦਾਇ। ਪਰੇ ਸ਼ਰਨਿ ਸਤਿਗੁਰੁ
ਕੀ ਧਾਇ। ਅਪਨੋ ਬਿਰਦ ਬਿਚਾਰਨਿ ਕੀਨਿ। ਨਹੀਂ ਦੁਰਗ ਪਗ
ਬਾਹਰਿ ਦੀਨ ॥੨੭॥-ਜੇ ਕਰਿ ਏ ਸਗਰੇ ਛੁਟਿ ਜਾਇਂ। ਤੌ ਹਮਰੋ ਚਲਿਬੋ
ਬਨਿ ਆਇ। ਨਾਂਹਿ ਤ ਬੈਠੇ ਹਮ ਇਸ ਥਾਨ। ਸਿਮਰਹਿਂ ਸ਼੍ਰੀ ਨਾਨਕ
ਭਗਵਾਨ-' ॥ ੨੮ ॥ ਸੁਨਤਿ ਸ਼ਾਹੁ ਨੇ ਰਿਦੇ ਬਿਚਾਰੀ। 'ਕਰੀ ਮੁਹਿੰਮ
ਲਗਯੋ ਧਨ ਭਾਰੀ। ਮਰਯੋ ਬ੍ਰਿੰਦ ਲਸ਼ਕਰ ਤਿਸ ਕਾਲ। ਤਬਿ ਪਕਰੇ ਦੁਰ-
ਬ੍ਰਿਤਿ ਮਹਿਪਾਲ[1] ॥ ੨੯॥ ਹੋਹਿ ਮਵਾਸੀ[2] ਦੇਸ਼ ਬਿਗਾਰਹਿਂ। ਲੂਟਿ ਕੂਟਿ
ਮਮ ਨਗਰ ਉਜਾਰਹਿਂ। ਅਨਿਕ ਜਤਨ ਤੇ ਬਲ ਬਹੁ ਲਾਇ। ਦੁਸ਼ਟ
ਮਹੀਪਤਿ ਤਬਿ ਪਕਰਾਇ ॥੩੦॥ ਕਿਮ ਛੋਰਨਿ ਅਬਿ ਤਿਨ ਕੋ ਹੋਇ। ਦੰਡ
ਉਚਿਤ ਅਪਰਾਧੀ ਜੋਇ। ਨਿਕਸ ਕੈਦਿ ਤੇ ਪਾਇਂ ਫਤੂਰ। ਕੇਤਿਕ ਦੇਸ਼
ਮਿਲਾਵਹਿਂ ਧੂਰਿ' ॥ ੩੧ ॥ ਸੁਨਿ ਵਜ਼ੀਰਖਾਂ ਗਿਰਾ ਉਚਾਰੀ। 'ਰਾਵਰ ਕੋ
ਪ੍ਰਤਾਪ ਹੈ ਭਾਰੀ। ਕਰੇ ਜੋਰ,ਕੋ ਅਰੈ ਨ ਆਗੇ। ਸੁਨਹਿਂ ਨਾਮ ਤੇ ਦੁਸ਼ਮਨ
ਭਾਗੇਂ ॥੩੨॥ ਤੁਮ ਤਨ ਕੀ ਕਰਿ ਖ਼ੈਰ ਖ਼ੁਦਾਇ। ਇਸ ਕੇ ਸਮ ਨਹਿਂ
ਵਸਤੁ ਕਾਇ। ਜੀਵਨ ਲਗਿ ਹੈ ਸਕਲ ਸਮਾਜ। ਦੇਸ਼, ਕੋਸ਼, ਸੈਨਾ,
ਸਭਿ ਰਾਜ ॥੩੩॥ ਨਿਜ ਸਰੀਰ ਕੀ ਕੁਸ਼ਲ ਬਿਚਾਰੋ। ਅਪਰ ਨ ਰਿਦੇ ਕਛੂ
ਤੁਮ ਧਾਰੋ। ਨਰ ਤਨ ਦੁਰਲਭ ਪੁਨ ਅਸ ਹੋਨਿ। ਜਹਾਂ ਪਨਾਹ ! ਸਕਲ
ਸੁਖ ਭੌਨ ॥੩੪॥ ਇਹ ਫਰੇਬ ਸਭਿ ਚੰਦੂ ਕਰੇ। ਦੁਰਗੁ ਜੁ ਅਸ ਮਹਿਂ ਸਤਿ-
ਗੁਰੁ ਬਰੇ। ਅਬਿ ਤੌ ਕਰਨਿ ਬਨਤਿ ਹੈ ਤੈਸੇ। ਸ਼੍ਰੀ ਹਰਿ ਗੋਵਿੰਦ ਉਚਰੈਂ
ਜੈਸੇ ॥ ੩੫ ॥ ਗੁਰੁ ਪ੍ਰਤਿਕੂਲ ਆਪ ਜਬਿ ਹੋਵਹੁ। ਤ੍ਰਾਸ ਬਿਸਾਲ ਨਿਸਾ
'ਅਹਿਂ ਜੋਵਹੁ। ਕਰਹੁ ਆਪ ਜੈਸੇ ਮਨ ਭਾਵੈ। ਜਿਸ ਤੇ ਸੁਖ ਤੁਮਰੋ ਤਨ
ਪਾਵੈ ॥ ੩੬ ॥ ਮਸਲਤਿ ਨਹੀਂ ਅਪਰ ਕੀ ਲੀਜਹਿ। ਜਾਨਿ ਸ਼ੁਭਾਸ਼ੁਭ
ਆਪਹਿ ਕੀਜਹਿ। ਹਮ ਤੌ ਚਾਹਤਿ ਕੁਸ਼ਲ ਤੁਮਾਰੀ। ਕਾਯਾਂ ਰਹੈ ਸਦੀਵ
ਸੁਖਾਰੀ' ॥੩੭॥ ਸੁਨਿ ਵਜ਼ੀਰ ਖਾਂ ਕੇ ਬਚ ਸ਼ਾਹੂ। ਗਿਨਤੀ ਅਨਿਕ ਗਿਨਤਿ
ਮਨ ਮਾਹੂ। ਕਹਯੋ 'ਜਿ ਕੈਦ ਬਿਖੈ ਮਹਿਪਾਲਾ। ਛੋਡਨਿ ਕੋ ਜਿ ਕਹੌਂ ਇਹ
ਕਾਲਾ ॥੩੮॥ ਦੇ ਕਰਿ ਦੰਡ ਸਕਲ ਛੁਟਿ ਜਾਵਹੁ। ਨਹਿਂ ਆਗੇ ਪੁਨ ਰਾਰ
ਉਠਾਵਹੁ। ਦਰਬ ਕਰੋਰਨਿ ਲਗਿ ਇਹ ਦੇਵੈਂ। ਨਹਿਂ ਆਗੇ ਅਪਰਾਧ
ਕਰੇਵੈਂ ॥੩੯॥ ਇਮ ਕਰਿਬੇ ਮਹਿਂ ਬਡ ਨੁਕਸਾਨੇ। ਬਹੁ ਧਨ ਖਰਚ ਪਕਰਿ

[1]ਖੋਟੇ ਦਿਲ ਵਾਲੇ ਰਾਜੇ। [2]ਆਕੀ।

ਨ੍ਰਿਪ ਆਨੇ । ਸ੍ਰੀ ਹਰਿ ਗੋਵਿੰਦ ਤਹਿਂ ਜਿ ਪਠਾਏ । ਸੋ ਹੁਇ ਦੀਨ ਦੁਖੀ ਘਿਘਆਇ॥੪੦॥ਕਰੀ ਕ੍ਰਿਪਾ ਤਿਨ ਪਰ ਹਠ ਧਾਰਾ॥ਸੰਗ ਨਿਕਾਸਨਿ ਬਾਕ ਉਚਾਰਾ । ਬਿਨ ਛੋਡੇ ਅਬਿ ਨਹਿਂ ਬਨਿ ਆਵੈ । ਗੁਰੁ ਪ੍ਰਤਿਕੂਲ ਤ੍ਰਾਸ ਉਪਜਾਵੈ ॥੪੧॥ ਨਹਿਂ ਭੇਜਤਿ ਜੇ ਗੁਰੁ ਕੋ ਤਹਿਂਵਾ । ਮਹਿਪਾਲਕ ਤਬਿ ਮਿਲਤੇ ਕਹਿਂਵਾ । ਚੰਦੂ ਮਸਲਤਿ ਦਈ ਪਠਾਏ । ਜਿਸ ਤੇ ਅਸ ਕੁਪੇਚਿ ਉਪਜਾਏ ॥ ੪੨ ॥ ਜਹਾਂ ਕਹਾਂ ਕੀਨਿਸਿ ਖੁਟਿਆਈ । ਅਬਿ ਇਹ ਪਾਪੀ ਉਚਿਤ ਸਜ਼ਾਈ' । ਇੱਤਯਾਦਿਕ ਕਹਿ ਸੋਚਤਿ ਸ਼ਾਹੂ । ਜਾਨਹਿਂ ਕਠਨ ਦੋਨਿ ਦਿਸਿ ਮਾਂਹੂ ॥੪੩॥–ਛੋਡਹਿਂ ਨ੍ਰਿਪ ਤੌ ਲਖਹਿਂ ਕੁਨੀਤਿ । ਬਿਨੁ ਛੋਡੇ ਹੁਇ ਨਿਸ ਭਯ ਭੀਤ–। ਪੁਨ ਵਜ਼ੀਰਖਾਂ ਜੁਗ ਕਰ ਜੋਰੇ । 'ਪਿਖਹੁ ਆਪ ਨਿਜ ਤਨ ਕੀ ਓਰੇ ॥ ੪੪ ॥ ਰਹੇ ਸਲਾਮਤਿ, ਸਭਿ ਇਹ ਆਛੇ । ਕਾਜ ਨ ਆਇ ਕਿਸੀ ਤਨੁ ਪਾਛੇ । ਜੀਵਨਿ ਲਗਿ ਸਗਰੋ ਬਿਵਹਾਰ । ਸੁਖਦਾਯਕ ਪ੍ਰਾਨੀ ਨਿਰਧਾਰ ॥੪੫॥–ਜੋ ਆਵੱਸ਼ਯ ਬਨਤਿ ਹੈ ਕਰਨੀ । ਨਹਿਂ ਸੋਚਹਿਂ ਤਿਹ–ਬੁਧਿ ਜਨ ਬਰਨੀ । ਰਾਵਰਿ ਕੇ ਸਰੀਰ ਪਰ ਸਾਰੇ । ਧਨ ਕੋਟਿਨਿ ਲਗਿ ਡਾਰਿਯ ਵਾਰੇ ॥ ੪੬ ॥ ਜਥਾ ਅਨੰਦ ਆਪ ਤੁਮ ਰਹੋ । ਸੋ ਨਿਚਿੰਤ ਹੁਇ ਭੂਰਨ ਕਹੋ । ਜਿਸ ਕਾਰਜ ਮਹਿਂ ਗੁਰੁ ਹੁਇੰ ਠਾਂਵੇ । ਸੋ ਆਛੋ ਹੁਇ ਨਿਤ ਸੁਖ ਬਾਵੇ ॥ ੪੭ ॥ ਰਹਹਿਂ ਨ੍ਰਿਪਭਿ ਸਗਰੇ ਅਨੁਸਾਰੀ । ਜਿਮ ਗੁਰ ਕਹੈਂ ਕਰੈਂ ਤਿਮ ਕਾਰੀ । ਅਪਨੇ ਕਾਰਜ ਕਹਿ ਸੁਧਰਾਵਹੁ। ਕਰਹਿਂ ਚਾਕ-ਰੀ ਜਹਾਂ ਪਠਾਵਹੁ॥੪੮॥ਭਈ ਸਜਾਇ ਤਿਨਹੁ ਕਹੁ ਭਾਰੀ । ਪਰੇ ਰਹੇ ਦੁਖ ਕੈਦ ਮਝਾਰੀ । ਛੂਟਹਿਂਗੇ ਗੁਰੁ ਕੇ ਉਪਕਾਰਾ' । ਸੁਨਤਿ ਸ਼ਾਹੁ ਪੁਨ ਰਿਦੇ ਬਿਚਾਰਾ ॥੪੯॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰਾਸੇ 'ਸ੍ਰੀ ਗੁਰ ਹਕਾਰਨ' ਪ੍ਰਸੰਗ ਬਰਨਨੰ ਨਾਮ ਪੰਚ ਸ਼ਸ਼ਠੀ ਅੰਸੂ ॥ ੬੫ ॥

੬੬. [ਬੰਦੀ ਛੋੜ ਜੀ ਦਿੱਲੀ ਆਏ]।

ਦੋਹਰਾ । ਰਿਦੇ ਬਿਚਾਰਤਿ ਸੁਮਤਿ ਤੇ ਜਹਾਂਗੀਰ ਪਤਿਸ਼ਾਹੁ।–ਲੇ ਨਿਕਸਹਿਂ ਗੁਰੁ ਨ੍ਰਿਪ ਕਿਤਿਕ ਰਹੈਂ ਅਪਰ ਗਢ ਮਾਂਹੁ–॥ ੧ ॥ ਚੌਪਈ ॥ ਚਿਤਵਤਿ ਜਤਨ ਸ਼ਾਹੁ ਮਨ ਮਾਂਹੂ।–ਹੁਇ ਆਗਵਨਿ ਗੁਰੂ ਮਮ ਪਾਹੂ । ਦਰਸੌਂ ਤ੍ਰਾਸ ਨਿਸੰਸੈ ਨਾਸੌਂ । ਨਿਸਾ ਬਿਖੈ ਸੁਖ ਪਾਇ ਹੁਲਾਸੈਂ–॥ ੨ ॥ ਕਿਤਿਕ ਕਾਲ ਮਹਿਂ ਜੁਗਤਿ ਬਖਾਨੀ । 'ਸੁਨਹੁ ਵਜ਼ੀਰਖਾਨ ! ਹਿਤ ਠਾਨੀ । ਕਰਹੁ ਬੰਦਗੀ ਗੁਰੁ ਅਗਾਰੀ ।–ਦਿਹੁ ਦਰਸ਼ਨ ਕੋ ਕਰੁਨਾ ਧਾਰੀ ॥ ੩ ॥ ਜੇਤਿਕ ਤੁਮਰੇ ਦਾਮਨ ਸਾਥ । ਗਹਿਨਿ ਕਰਹਿਂ, ਆਨਹੁ ਨਰ ਨਾਥ । ਤਿਨ ਪਰ ਸਫਲਹਿ ਕ੍ਰਿਪਾ ਤੁਮਾਰੀ । ਪ੍ਰਾਨ ਦਾਨ ਦੀਨਸਿ ਉਪਕਾਰੀ–॥ ੪ ॥ ਗੁਰੁ

ਪ੍ਰਸੰਨ ਹੁਇ ਕਰਿ ਚਲਿ ਆਇਂ। ਕਹੋ ਤਥਾ ਸ਼ੁਭਿ ਮਤਿ ਉਪਜਾਇ।
ਪਹੁੰਚਹੁ ਜਾਇ, ਨਹੀਂ ਬਿਦਤਾਵਹੁ। ਕੁਛ ਨ੍ਰਿਪ ਸੰਗ ਗੁਰੂ ਨਿਕਸਾਵਹੁ॥
੫॥ ਤੁਰਤ ਚਢਾਇ ਇਹਾਂ ਲੈ ਆਵਹੁ। ਸਨਮਾਨਤਿ ਆਨੰਦ ਉਪਜਾਵਹੁ'।
ਸੁਨਿ ਵਜ਼ੀਰ ਖਾਂ ਕਰੀ ਸਲਾਮ। ਚਢਿ ਕਰਿ ਚਲ੍ਯੋ ਤੁਰੰਗ ਅਭਿਰਾਮ॥
੬॥ ਤੂਰਨ ਗਮਨ੍ਯੋ ਪਹੁੰਚ੍ਯੋ ਜਾਈ। ਉਤਰ੍ਯੋ ਵਹਿਰ ਦੁਰਗ ਅਗਵਾਈ।
ਜਲ ਸੋਂ ਕਰ ਪਦ ਬਦਨ ਪਖਾਰੇ। ਭਯੋ ਪੁਨੀਤ ਸੁ ਬਸਤ੍ਰ ਸੁਧਾਰੇ॥੭॥
ਗਯੋ ਨੰਮ੍ਰਿ ਹੁਇ ਗੁਰ ਅਗਵਾਈ। ਕਰ ਜੋਰਤਿ ਪਗ ਪਰਸੇ ਜਾਈ। 'ਉਠਹੁ
ਗਰੀਬ ਨਿਵਾਜ ਕ੍ਰਿਪਾਲਾ!। ਲੇਹੁ ਸੰਗ ਕੈਦੀ ਮਹਿਪਾਲਾ॥੮॥ ਜੋ ਦਾਮਨ
ਗਹਿ ਲੇਹਿਂ ਤੁਮਾਰੇ। ਬੰਦ ਖਲਾਸੀ ਸੋ ਹੁਇਂ ਸਾਰੇ। ਹੁਤੇ ਦੁਰਗ ਕੇ ਜੇ
ਦਰਵਾਨਾ। ਹੁਕਮ ਸ਼ਾਹੁ ਕੋ ਦਿਯੋ ਬਖਾਨ॥੯॥ ਕੈਦੀ ਮਹਿਪਾਲਕ ਜੇ ਅਹੈਂ।
ਜੋ ਸਤਿਗੁਰੁ ਕੇ ਦਾਮਨਿ ਗਹੈਂ। ਸੋ ਸਭਿ ਦੁਰਗ ਨਿਕਸਿ ਕਰਿ ਜਾਇਂ।
ਪਗ ਕੇ ਬੰਧਨ ਦੇਹੁ ਕਟਾਇ॥੧੦॥ ਸ਼੍ਰੀ ਗੁਰੁ ਹਰਿਗੋਵਿੰਦ ਗੁਸਾਈਂ। ਲਖਿ
ਕਰਿ ਤੁਰਕੇਸ਼ੁਰ ਚਤੁਰਾਈ। ਚਢਨਿ ਹੇਤੁ ਨਿਜ ਬਸਤ੍ਰ ਮੰਗਾਏ। ਦੌਰਤਿ
ਦਾਸ ਸਕਲ ਲੇ ਆਏ॥ ੧੧ ॥ ਅਰੁਣ ਬਰਣ ਚੀਰਾ ਸਿਰ ਚਾਰੂ। ਜੁਗ
ਛੋਰਨਿ ਕੈ ਜ਼ਰੀ ਉਦਾਰੂ। ਸੁੰਦਰ ਪੇਚ ਲਾਇ ਸੋ ਸਾਜਾ। ਮੁਖ ਮੰਡਲ ਤਬਿ
ਅਧਿਕ ਬਿਰਾਜਾ॥੧੨॥ ਜਾਮਾ ਪਹਿਰ੍ਯੋ ਚਾਰੁ ਬਿਸਾਲਾ। ਬਨੇ ਪਚਾਸ ਜਾਸ
ਕੇ ਪਾਲਾ। ਸੁੰਦਰ ਬੰਦ ਸੁ ਦੁੰਦ ਬਿਲੰਦੇ। ਆਯੁਤ ਉਰ ਪਰ ਲਮਕ
ਸੁਹੰਦੇ॥੧੩॥ ਸਿਰ ਪਰ ਜਿਗਾ ਜ਼ੇਬ ਜਿਸ ਜ਼ਾਹਰ। ਜਬਰ ਅਜਾਇਬ ਜਰੇ
ਜਵਾਹਰ। ਕੁੰਡਲ ਕਰਨ ਕਰਨ ਮਹਿਂ ਕੰਕਨ[1]। ਆਂਖਿ ਬਿਸਾਲ ਬਿਲੋ-
ਕਨਿ ਬੰਕਨ[2] ॥੧੪॥ ਜਥਾ ਸੁੰਡ ਭੁਜਦੰਡ ਪ੍ਰਚੰਡੇ। ਨਵਰਤਨੇ ਅੰਗਦ
ਜਹਿਂ ਮੰਡੇ[3]। ਗਰ ਮਹਿਂ ਮੁਕਤਾ ਮਾਲ ਬਿਸਾਲਾ। ਬਿਚ ਬਿਚ ਹੀਰਨਿ
ਜਾਲਨਿ ਝਾਲਾ[4] ॥ ੧੫॥ ਜਰੇ ਜਵਾਹਰ ਛਾਪ ਛਲਾਇਨ। ਸ਼ੋਭਤਿ ਸ਼ੁਭ
ਸਰੂਪ ਛਬਿ ਆਇਨ। ਲੇ ਬਹੁ ਮੋਲਾ ਲਲਿਤ ਦੁਕੂਲ[5]। ਜ਼ਰੀ ਜੁਕਤਿ
ਸ਼ੋਭਤਿ ਭੁਜ ਮੂਲ[6] ॥ ੧੬ ॥ ਗਹਿ ਦੀਰਘ ਪਹਿਰੀ ਸ਼ਮਸ਼ੇਰ। ਬਲੀ
ਬਿਸਾਲ ਸੁਭਤਿ ਸਮ ਸ਼ੇਰ। ਜਾਂਬੂਨਦ ਕੇ[7] ਫੂਲ ਲਗਾਏ। ਬਾਂਧਿ ਲਈ
ਅਸ ਢਾਲ ਸੁਹਾਏ॥੧੭॥ ਕੰਚਨ ਮਹਿਂ ਜਰਾਉ ਜਰਵਾਯੋ। ਅਸ ਨਿਖੰਗ
ਕਟ ਸੰਗ ਲਗਾਯੋ। ਧਨੁਖ ਕਠੋਰ ਹਾਥ ਮਹਿਂ ਗਹ੍ਯੋ। ਪਨਹੀ ਪਾਇ

[1]ਕੰਨਾਂ ਵਿਚ ਕੁੰਡਲ ਤੇ ਹੱਥਾਂ ਵਿਚ ਕੜੇ। [2]ਤੱਕਣੀ ਬਾਂਕੀ ਹੈ। [3]ਸਜੇ ਹੋਏ। [4]ਸਾਰੇ। (ਅ) ਝਲਕਦੇ। [5]ਦੁਪੱਟਾ। [6]ਮੋਢੇ ਤੇ। [7]ਸੋਨੇ ਦੇ।

ਚਲਨਿ ਕੋ ਚਹਜੋ ॥ ੧੮ ॥ ਸੁਨਿ ਪਿਖਿ ਕੈ ਕੈਦੀ ਮਹਿਪਾਲ। ਹਰਖਤਿ ਸਭਿ ਆਏ ਤਤਕਾਲ। ਦੀਨ ਮਲੀਨ, ਕੁਢਾਲ, ਕਰਾਲੇ। ਬਹੁ ਗਰੂਏ ਪਗ ਬੰਧਨ ਡਾਲੇ ॥ ੧੯ ॥ ਦੇਖਿ ਕ੍ਰਿਪਾ ਕਰਿ ਕਹਜੋ ਕ੍ਰਿਪਾਲ। 'ਇਕ ਦਾਮਨ ਗਹਿ ਇਕ ਮਹਿਪਾਲ'। ਉਤਲਾਵਤਿ ਜਬਿ ਪਕਰਨਿ ਧਾਏ। ਸਨੇ ਸਨੇ ਦੇ ਧੀਰ ਗਹਾਏ॥੨੦॥ ਜਾਮੇ ਕੇ ਪਚਾਸ ਥੇ ਪਾਲੇ। ਗਹੇ ਪਚਾ-ਸਨਿ ਹੀ ਮਹਿਪਾਲੇ।ਦੋ ਭੂਪਤਿ ਕੈਦੀ ਤਬਿ ਰਹੇ।ਅਪਰ ਸਰਬ ਨੇ ਦਾਮਨ ਗਹੇ ॥ ੨੧ ॥ ਸੋ ਕਰ ਜੋਰਿ ਮਹਾਂ ਘਿਘਿਆਏ। 'ਹਮਹੁੰ ਨ ਤਜਾਗੋ ਜਾਹੁ ਇਥਾਏਂ'। ਨਿਕਟਿ ਹੋਤਿ ਕੋ ਹਟਕ ਸਿਪਾਹੀ:—'ਗਹਹੁ ਕਹਾਂ? ਛੂਛੋ ਅਬਿ ਨਾਂਹੀ ॥ ੨੨ ॥ ਜਾਮੇ ਕੇ ਪਚਾਸ ਹੀ ਪਾਲੇ। ਗਹੇ ਪਚਾਸ ਭੁਵਾਲ ਬਿਸਾਲੇ। ਅਧਿਕ ਭੀਰ ਗੁਰੁ ਕੇਰ ਸਮੀਪ। ਖਸਿ ਆਪਸ ਮਹਿਂ ਥਿਰੇ ਮਹੀਪ ॥੨੩॥ ਤੁਮਰੀ ਪਰਾਲਬਧ ਦੁਖ ਪਾਵਹੁ। ਹਟਹੁ ਪਿਛਾਰੀ ਨਿਕਟ ਨ ਜਾਵਹੁ'। ਦੋਨਹੁ ਨ੍ਰਿਪ ਤਬਿ ਊਚ ਪੁਕਾਰੇ। 'ਪ੍ਰਾਨ ਦਾਨ ਦਿਹੁ ਗੁਰੂ ਹਮਾਰੇ ॥ ੨੪ ॥ ਤੁਮਰੇ ਬਿਨ ਕੋ ਰੱਖਜਕ ਨਾਂਹੀ। ਆਨਿ ਛੁਟਾਇ ਕੈਦ ਜੇ ਮਾਂਹੀ। ਹਮ ਅਨਾਥ ਕੇ ਤੁਮ ਹੋ ਨਾਥ। ਕ੍ਰਿਪਾ ਕਰਹੁ ਲੀਜਹਿ ਨਿਜ ਸਾਥ' ॥ ੨੫ ॥ ਦੇਖਿ ਕ੍ਰਿਪਾਲ ਦੀਨ ਦੁਖਿਆਰੇ। ਸ੍ਰੀ ਮੁਖ ਤੇ ਕਹਿ ਊਚ ਹਕਾਰੇ। 'ਦੁਇ ਜਾਮੇ ਕੇ ਬੰਦ ਹਮਾਰੇ। ਆਇ ਗਹੋ ਨਿਜ ਹਾਥ ਮਝਾਰੇ'॥ ੨੬ ॥ ਸੁਨਤਿ ਨਰਿੰਦ ਅਨੰਦ ਬਿਲੰਦੇ। ਆਇ ਦੁੰਦ ਦੌਰਿ ਗਹਿ ਬੰਦੇ। ਕਰਿ ਛੂਛੇ ਸਭਿ ਬੰਦੀਖਾਨਾ। ਸ੍ਰੀ ਗੁਰੁ ਚਾਹਤਿ ਭੇ ਪ੍ਰਸਥਾਨਾ॥੨੭॥ ਜਹਿਂ ਕਹਿਂ ਸੁਧਿ ਲੋਕਨਿ ਸੁਨਿ ਪਾਈ। ਹਿਤ ਦੇਖਨਿ ਕੇ ਆਵਤਿ ਧਾਈ। ਸ੍ਰੀ ਗੁਰੁ ਸੰਗ ਸਕਲ ਮਹਿਪਾਲਾ। ਨਿਕਸਤਿ ਦੁਰਗ ਗਹੇ ਸਭਿ ਪਾਲਾ॥੨੮॥ 'ਧੰਨਜ ਧੰਨਜ ਗੁਰ ਬਡਿ ਉਪਕਾਰੀ। ਕਜੋਂ ਨ ਗਹੈਂ ਨਰ ਸ਼ਰਨਿ ਤੁਮਾਰੀ। ਜੀਵਤਿ ਮ੍ਰਿਤਕ ਸਦਾ ਰਖਵਾਰੇ। ਦੇਤਿ ਅਨੰਦ ਕਸ਼ਟ ਨਿਰਵਾਰੇ' ॥ ੨੯॥ ਆਵਤਿ ਦੇਖਨਿ ਨਰ ਗਨ ਦੌਰਿ। ਸਨੇ ਸਨੇ ਗੁਰੁ ਨਿਕਸੇ ਪੌਰਿ। ਹਾਥ ਬੰਦਿ ਸਭਿ ਬੇਦਨ ਠਾਨਿ। ਮਾਨਵ ਗੁਨਹਿਂ ਸੁ ਮਨ ਅਨੁਮਾਨ[1]:— ॥੩੦॥ਕਬਿੱਤ॥ਸੰਕਟ ਨਰਕ ਕੋ ਬਿਕਟ ਜੇ ਬਿਲਾਪ ਜੈਸੇ,ਨਿਕਸੇ ਨਿਸੰਗ ਸੰਗ ਜਨਕ ਨਰਿੰਦ ਕੇ[2]। ਕੈਧੋਂ ਉਡ ਬ੍ਰਿੰਦ ਕਰਿ ਓਜ ਕੋ ਬਿਲੰਦ

[1]ਮਨੁੱਖ ਆਪਣੇ ਮਨ ਵਿਚ ਅਨੁਮਾਨ ਸੋਚਦੇ ਹਨ। (ਅ) ਆਪਣੇ ਆਪਣੇ ਮਨ ਦਾ ਅਨੁਮਾਨ ਲਾਕੇ ਖਿਆਲ ਕਰਦੇ ਹਨ ਕਿ......(ਅੱਗੇ ਹੁਣ ਓਹ ਅਨੁਮਾਨ ਗਿਣਕੇ ਆਪ ਕਵਿ ਜੀ ਦੱਸਦੇ ਹਨ)। [2]ਜਿਵੇਂ ਨਰਕ ਦੇ ਕਠਨ ਸੰਕਟਾਂ ਵਿਚ ਵਿਰਲਾਪ ਕਰ ਰਹੇ (ਜੀਵ) ਨਿਕਲੇ ਧਨ ਨਿਸੰਗ ਹੋਕੇ ਰਾਜੇ ਜਨਕ ਦੇ ਨਾਲ।

ਰਾਹੁ ਰੋਕੇ[1] ਛੁਟਿ ਚਲੇ ਸਾਥ ਪੂਰਨ ਸੁ ਚੰਦ ਕੇ। ਕੈਧੋਂ ਘੇਰਿ ਆਨੀਂ ਨਾਰਿ ਸੁੰਦਰ ਮਹਾਂਨੀ, ਦੈਂਤ ਹਾਂਨੀ ਕਰਿ[2] ਲੀਨਿ, ਪਾਛੇ ਗਮਨੀ ਗੁਬਿੰਦ ਕੇ[3]। ਤਿਨ ਕੇ ਮਨਿੰਦ ਆਜ ਸ਼ੋਭਤਿ ਮੁਕੰਦ ਮਹਾਂ ਨਿਕਸੇ ਨਰਿੰਦ ਸੰਗ ਸ੍ਰੀ ਹਰਿ ਗੋਬਿੰਦਕੇ*॥ ੩੧ ॥ ਕਬਿੱਤ ॥ ਕੈਧੋਂ ਜਰਾਸਿੰਧੁ ਨੇ ਨਰਿੰਦ ਬ੍ਰਿੰਦ ਕੈਦਿ ਕਰੇ ਗਮਨੇ ਅਰਿੰਦ ਸੁ ਗੋਬਿੰਦ ਨੇ[4] ਛੁਡਾਇ ਦੀਨਿ। ਕੈਧੋਂ ਰਾਖਸ਼ਿੰਦ੍ਰ ਗਹਿ[5] ਇੰਦ੍ਰ ਕੇ ਸਮੇਤ ਸੁਰ, ਰਾਮਚੰਦ ਜਾਇ ਗਢਿ ਲੰਕ ਨਿਕਸਾਇ ਦੀਨਿ। ਬਲੀ ਜਸੋਂ ਪਾਰਸ ਨਾਥ ਰੋਕੇ ਨਰਨਾਥ ਜੀਤਿ ਮਿਲਿ ਕੇ ਮਛਿੰਦ੍ਰਨਾਥ ਸਭਿ ਮੁਕਤਾਇ ਦੀਨਿ। ਸ੍ਰੀ ਹਰਿ ਗੁਬਿੰਦ ਆਜ ਤਿਨਹੁਂ ਕੇ ਮਨਿੰਦ ਕੀਨਿ ਸੰਗਿ ਲੇ ਮਹੇਂਦ੍ਰਨਿ[6] ਕੋ ਦੁੱਖ ਤੇ ਬਚਾਇ ਦੀਨਿ॥ ੩੨ ॥ ਸ੍ਵੈਯਾ ॥ ਜੂੰਕ[7] ਪਰੀ, ਬਹੁ ਬਾਰ ਬਧੇ, ਸਿਰ ਰੂਖੇ ਬਡੇ ਨ ਲਹੀ ਚਿਕਨਾਈ। ਜੀਰਨ ਚੀਰ ਮਲੀਨ ਫਟੇ, ਤਨ ਛਾਦਿਨ ਭੀ ਨਹਿਂ ਹੋਹਿ ਸਬਾਈ। ਬ੍ਰੰਧਨ ਭਾਰ ਧਰੇ ਬਹੁ ਪਾਇਨਿ ਮੰਦ ਹੀ ਮੰਦ ਚਲ੍ਯੋ ਜਿਨ ਜਾਈ। ਸ੍ਰੀ ਹਰਿ ਗੋਬਿੰਦ ਧੀਰ ਬਿਨਾ ਕਹੁ ਕੌਨ ਕਰੈ ਦੁਖ ਤੇ ਛੁਟਕਾਈ ॥ ੩੩ ॥ ਸ੍ਵੈਯਾ ॥ ਦੇਸ਼ ਵਿਸ਼ੇਸ਼ ਕੋ ਰਾਜ ਖੁਸ੍ਯੋ ਸੁਤ ਭਾਰਜਾ ਆਦਿ ਹਿਤੂ ਨਹਿਂ ਪਾਸੀ। ਦੀਹ ਮਹਾਂ ਦੁਰਗੇਯ ਬਡੋ ਦਿਢ, ਜਾਇ ਨ ਕੋ ਗਢ ਮੈਂ ਬਲਰਾਸੀ। ਹੀਨ ਉਪਾਇ ਰਹੇ ਦੁਖ ਪਾਇ ਜੁ ਛੂਟਨਿ ਤੇ ਨਿਤ ਧਾਰਿ ਨਿਰਾਸੀ। ਸ੍ਰੀ ਹਰਿ ਗੋਵਿੰਦ ਧੀਰ ਬਿਨਾ ਕਹੁ ਕੌਨ ਕਰੈ ਅਸ ਬੰਦ ਖਲਾਸੀ ॥ ੩੪ ॥ ਸ੍ਵੈਯਾ ॥ ਦੇਸ਼ ਬਿਦੇਸ਼ਨਿ ਜੀਤਿ ਭਲੇ ਇਕ ਰਾਜ ਭਯੋ ਬਡਿ ਤੇਜ ਪ੍ਰਕਾਸ਼ੀ। ਨਾਂਹਿ ਰਹ੍ਯੋ ਅਵਨੀਤਲ ਕੋ ਅਸ, ਜੋ ਰਣ ਠਾਨਿ ਕਰੈ ਬਲ ਨਾਸ਼ੀ। ਦੀਹ ਵਧ੍ਯੋ ਤੁਰਕੇਸ਼ ਪ੍ਰਤਾਪ ਗਹੇ ਰਿਪੁ ਤਾਂਹਿ ਨ ਛੋਰਨਿ ਆਸੀ। ਸ੍ਰੀ ਹਰਿਗੋਬਿੰਦ ਧੀਰ ਬਿਨਾ ਕਹੁ ਕੌਨ ਕਰੈ

[1]ਯਾ ਰਾਹੂ ਗ੍ਰੇਹ ਦੇ ਬਲ ਨਾਲ ਰੋਕੇ ਹੋਏ...। [2](ਭੁਮਾਸਰ ਅਥਵਾ ਨਰਕਾਸਰ) ਦੈਂਤ ਨੂੰ ਮਾਰਕੇ (ਦੇਖੋ ਭਾਗਵਤ ਪੁਰਾਣ ਸਕੰਧ ੧੦–੬੦)। [3]ਕ੍ਰਿਸ਼ਨ ਦੇ ਪਿਛੇ (ਛੁਟਕੇ) ਆਈਆਂ(ਓਹ ਨਾਰਾਂ)। [4]ਸ਼ੱਤ੍ਰੂਆਂ ਨੂੰ ਜਿੱਤਣਵਾਲੇ ਕ੍ਰਿਸ਼ਨ ਜੀ ਨੇ[ਸੰਸ:,ਅਰਿੰਦਮ]। [5]ਰਾਖਸ਼ਾਂ ਦੇ ਰਾਜੇ(ਰਾਵਣ)ਨੇ ਫੜੇਹੋਏ ਸਨ। [6]ਰਾਜਿਆਂ ਨੂੰ। [7]ਜੂੰਆਂ। *ਦ੍ਰਿਸ਼ਟਾਂਤ ਦੇਂਦੇਹਨ,ਜਿਵੇਂ ਜਨਕ ਨਾਲ ਨਰਕਾਂ ਦੇਜੀਵ,ਚੰਦ੍ਰਮਾਂ ਨਾਲ ਤਾਰੇ ਰਾਹੂ ਗ੍ਰਹ ਦੀ ਛਾਯਾ ਤੋਂ, ਕ੍ਰਿਸ਼ਨ ਜੀ ਨਾਲ ਭੂਮਾਸਰ ਦੈਂਤ ਤੋਂ ਤ੍ਰੀਮਤਾਂ ਨੂੰ ਛੁਟਕਾਰਾ ਮਿਲਿਆ ਸੀ ਤਿਵੇਂ ਅੱਜ ਕੈਦੀ ਰਾਜੇ ਸ੍ਰੀ ਗੁਰੂ ਜੀ ਨਾਲਛੁਟਕਾਰਾ ਪਾ ਨਿਕਲੇ। ਕਵਿ ਜੀ ਇਕ ਰਾਜਿਆਂ ਦੇ ਛੁਟਕਾਰੇ ਦਾ ਅਲੰਕਾਰ ਬੰਨ੍ਹ ਰਹੇ ਹਨ, ਵੈਸੇ ਤਾਂ ਭਾਈ ਨੰਦ ਲਾਲ ਜੀ ਨੇ ਗੁਰੂ ਸਾਹਿਬਾਂ ਨੂੰ ਰਾਮ, ਕ੍ਰਿਸ਼ਨ, ਮਹੇਸ਼, ਅਲੀ, ਵਲੀ, ਮੁਹੰਮਦ, ਸਭ ਤੋਂ ਵੱਡਾ ਦਰਸਾਇਆ ਹੈ।

ਅਸ ਬੰਦ ਖਲਾਸੀ ॥ ੩੫ ॥ ਦੋਹਰਾ ॥ ਪਰਵਾਰਤਿ ਖਸਿ ਵਸ ਮਹਾਂ ਮਹੀਪਾਲ ਤਿਸ ਕਾਲ। ਦੁਰਗ ਪੌਰ ਨਿਕਸੇ ਗੁਰੂ ਕੌਤਕ ਹੋਤਿ ਬਿਸਾਲ॥ ੩੬ ॥ ਚੌਪਈ ॥ ਲੋਕ ਹਜ਼ਾਰਹੁਂ ਹੇਰਨਿ ਹੇਤ। ਮਿਲੇ ਆਇ ਹੁਇ ਸ਼ੀਘ੍ਰ ਸਮੇਤ। ਭਈ ਦੂਰ ਲਗਿ ਪੰਗਤਿ ਖਰੀ। ਗੁਰ ਦਰਸ਼ਨ ਲੇ ਬੰਦਨ ਕਰੀ। ॥੩੭॥ ਉਚਰਹਿਂ ਸੁਜਸੁ ਮਹਾਂ ਤਿਸ ਕਾਲ॥ਬੰਦ ਖਲਾਸੀ ਜਾਨਿਨ੍ਰਿਪਾਲ॥ 'ਤੁਮ ਬਿਨ ਕੌਨ ਕਰੇ ਅਸ ਕਾਜ। ਬਿਰਦ ਸੰਭਾਰਿ ਗਰੀਬ ਨਿਵਾਜ'। ॥ ੩੮ ॥ ਬਸਤ੍ਰ ਬਿਭੂਖਣ ਸ਼ਸਤ੍ਰ ਸਜੰਤੇ। ਡੀਲ ਬਿਸਾਲ ਚਲਤਿ ਦੁਤਿਵੰਤੇ। ਨਿਕਸਿ ਦੁਰਗ ਤੇ ਬਾਹਰ ਖਰੇ। ਤਬਹਿ ਲੁਹਾਰ ਹਕਾਰਨਿ ਕਰੇ॥੩੯॥ ਸਭਿ ਕੇ ਪਗ ਬੰਧਨ ਕਟਵਾਏ।ਹੁਇ ਨਿਰਬੰਧ ਮਹਿਪ ਹਰਖਾਏ। ਜਿਮ ਸਿੱਖਨਿ ਪਰ ਕਿਰਪਾ ਧਾਰੈਂ। ਕਰਮ ਬੰਧ ਤਤਛਿਨ ਕਰ ਡਾਰੈਂ ॥ ੪੦ ॥ ਤਿਮ ਲੋਕਨਿ ਦ੍ਰਿਸ਼ਟਾਂਤਿ ਦਿਖਾਯੋ। ਜੋ ਚਲਿ ਸਤਿਗੁਰੂ ਸ਼ਰਨੀ ਆਯੋ। ਸੋ ਨਿਰਬੰਧਨ ਹੁਇ ਮੁਦ ਪਾਵੈ। ਬੱਧਜਤਿ ਹੋਹਿ ਨ ਆਵੈ ਜਾਵੈ ॥ ੪੧ ॥ ਦੇਖਿ ਕ੍ਰਿਪਾਨਿਧਿ ਕੀ ਬਡਿਆਈ। ਤਬਿ ਹਰਿਦਾਸ ਮੋਦ ਉਰ ਪਾਈ।–ਰਹੌਂ ਸੰਗ ਮੈਂ ਨਾਂਹਿ ਨ ਤਜਾਗੌਂ। ਸਫਲ ਜਨਮ ਗੁਰੁ ਸੇਵਾ ਲਾਗੌਂ–॥ ੪੨ ॥ ਪਾਧੜੀ ਛੰਦ ॥ ਹਰਿਦਾਸ ਹੇਰਿ ਕਰੁਨਾ ਨਿਧਾਨ। ਚਿਤ ਚਹਤਿ ਦਿਯੋ ਆਨੰਦ ਮਹਾਨ। ਤਬਿ ਕਹਯੋ 'ਜਿਤਿਕ ਕੈਦੀ ਨ੍ਰਿਪਾਲ। ਸਭਿ ਲੇਹੁ ਸੰਗ ਅਬਿ ਪੰਥ ਚਾਲ ॥ ੪੩ ॥ ਹਮ ਤੇ ਸੁ ਜਦੋ ਹੁਇ ਕਰਿ ਪਯਾਨ। ਨ੍ਰਿਪ ਸਨੇ ਸਨੇ ਚਲਿ ਹੈਂ ਮਹਾਨ। ਹਮ ਕਰਹਿਂ ਸ਼ੀਘ੍ਰਤਾ ਮਗ ਬਿਸਾਲ।ਉਰ ਸ਼ਾਹੁ ਪ੍ਰਤੀਖਤਿ ਬਿਤਿਯ ਕਾਲ'॥੪੪॥ ਇਮ ਕਹਯੋ ਪੁਨਹ ਕੀਨੋ ਪਯਾਨ।ਚਢਿ ਕਰਿ ਤੁਰੰਗ ਚੰਚਲ ਮਹਾਨ। ਤਬਿ ਖਾਂ ਵਜ਼ੀਰ ਨਿਜ ਸੰਗ ਲੀਨਿ। ਮੁਖ ਕਰਤਿ ਬਾਰਤਾ ਗੁਰੁ ਪ੍ਰਬੀਨਿ ॥੪੫॥ ਸਭਿ ਸਿੱਖ ਆਦਿ ਜੇਠੇਅਨੰਦ।ਗਮਨੇ ਸੁ ਲਾਰਿ ਕੁਲ ਸੋਢਿਚੰਦ। ਧਰਿ ਸ਼ਸਤ੍ਰ ਸ਼ੁਭਤਿ ਜਿਮ ਮਹਿਦ ਸਿੰਘ।ਬਲਿਹਾਰ ਜਾਤਿ ਸੰਤੋਖ ਸਿੰਘ॥੪੬॥ ਅਬਿ ਰਾਸਿ ਚਤੁਰਥੀ ਪੂਰਿ ਕੀਨਿ। ਗੁਰੁ ਕ੍ਰਿਪਾ ਧਾਰਿ ਉੱਦਮ ਸੁ ਦੀਨਿ। ਸੁੰਦਰ ਬਿਲਾਸ ਕੀਨੇ ਪ੍ਰਕਾਸ਼। ਜਿਸ ਪਠਤਿ ਸੁਨਤਿ ਸਭਿ ਪਾਪ ਨਾਸ਼ ॥ ੪੭ ॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰਾਸੇ ਕਵਿ ਸੰਤੋਖ ਸਿੰਘ ਬਿਰਚਤਾਯਾਂ ਭਾਖਾਯਾਂ 'ਸ਼੍ਰੀ ਹਰਿਗੋਬਿੰਦ ਦੁਰਗ ਨਿਕਸਨ' ਪ੍ਰਸੰਗ ਬਰਨਨੰ ਨਾਮ ਖਸ਼ਟ ਸਸ਼ਠੀ ਅੰਸੂ ॥ ੬੬ ॥ ਚਤੁਰਥ ਰਾਸ ਸਮਾਪਤੰ ॥

ਚੌਥੀ ਰਾਸ ਸਮਾਪਤ ਹੋਈ ॥

ਰਾਸਿ ਪੰਜਵੀਂ ਚੱਲੀ

੧ੴ ਸਤਿਗੁਰ ਪ੍ਰਸਾਦਿ ॥ ਸ੍ਰੀ ਵਾਹਿਗੁਰੂ ਜੀ ਕੀ ਫਤਹ ॥

ਅਥ ਪੰਚਮ ਰਾਸਿ ਕਥਨੰ ॥

ਅੰਸੂ ੧. (ਮੰਗਲ । ਦਿੱਲੀ ਸ਼ਾਹ ਪਾਸ) ।

੧. ਸੰਤ ਅਵਤਾਰ- ਦਸੋਂ ਗੁਰੂ ਸਾਹਿਬਾਨ ਦਾ -ਮੰਗਲ

ਦੋਹਰਾ ॥ **ਤਾਰ ਲਗੀ ਉਰ ਪ੍ਰੇਮ ਕੀ ਸਿਮਰਿ ਨਾਮ ਕਰਤਾਰ ।**
ਤਾਰਨ ਕੋਂ ਸਮਰੱਥ ਸੋ ਨਮੋ ਸੰਤ ਅਵਤਾਰ ॥ ੧ ॥

ਤਾਰ = ਸੁਰਤ ਦਾ ਲਗਾਤਾਰ ਲੱਗੇ ਰਹਿਣਾ ॥
ਪ੍ਰੇਮ ਕੀ = ਪ੍ਰੇਮ ਦੀ । ਤਾਰ = ਲਿਵ ਦੀ ਤਾਰ ।
ਪ੍ਰੇਮ ਤਾਰ ਲਗੀ = ਲਗਾਤਾਰ ਰੱਬ ਦੇ ਧਯਾਨ ਵਿਚ ਲੱਗੇ ਰਹਿਣਾ ।
ਤਾਰਨ ਕੋ = (ਜਗਤ ਰੂਪੀ ਸਾਗਰ ਤੋਂ) ਪਾਰ ਕਰਨ ਨੂੰ ।
ਸੰਤ ਅਵਤਾਰ = ਉਹ ਅਵਤਾਰ ਜੋ ਸੰਤਾਂ ਦੀ ਰੱਖਯਾ ਤੇ ਉਤਪਤੀ ਵਾਸਤੇ ਹੋਇਆ ਹੋਵੇ । ਭਾਵ ਗੁਰੂ ਸਾਹਿਬਾਨ ਤੋਂ ਹੈ । (ਅ) ਸੰਤ ਤਾਈ ਯਾ ਭਗਤੀ ਦਾ ਅਵਤਾਰ । (ੲ) ਸੰਤ ਰੂਪੀ ਅਵਿਤਾਰ । ਸੱਚੇ ਸੰਤ ਵਿਚ ਸਾਈਂ ਦੀ ਕਲਾ ਹੁੰਦੀ ਹੈ । ਸੱਚਾ ਸੰਤ ਜਗਤ ਦਾ ਉਧਾਰ ਕਰਦਾ ਹੈ, ਇਸ ਕਰਕੇ ਸੰਤ ਨੂੰ 'ਨਿੱਤ ਅਵਿਤਾਰ' ਕਹਿ ਲੈਂਦੇ ਹਨ । ਇਉਂ ਇਹ ਸੰਤ ਦਾ ਮੰਗਲ ਹੈ ।

ਅਰਥ - ਕਰਤਾਰ ਦਾ ਨਾਮ ਸਿਮਰਣ (ਵਿਚ ਜਿਨ੍ਹਾਂ ਦੇ) ਹਿਰਦੇ ਦੀ (ਲਿਵ) ਤਾਰ ਲੱਗ ਰਹੀ ਹੈ (ਤੇ ਜੋ ਨਾਮ ਦਾਨ ਦੇ ਕੇ ਜਗਤ) ਤਾਰਨ ਨੂੰ ਸਮਰੱਥ ਹਨ ਉਹਨਾਂ ਸੰਤ ਅਵਤਾਰਾਂ ਨੂੰ ਮੇਰੀ ਨਮਸਕਾਰ ਹੋਵੇ ।

੨. 'ਕਵਿ-ਸੰਕੇਤ' ਮਰਯਾਦਾ ਦਾ ਮੰਗਲ ।

- ਇਹ ਪਦਾ ਛੰਦ -

ਸਾਰਸੁਤੀ ਕਰ ਬੇਣਵਤੀ ! ਸ਼ੁਭ ਦੇਹੁ ਮਤੀ ਲਖਿ ਸਾਰ ਅਸਾਰ ।
ਸਾਰ ਸੰਭਾਰਿ, ਕਰੋ ਪ੍ਰਤਿਪਾਰ, ਉਦਾਰ ਬਡੀ ਸੁਖ ਦਾਸ ਦਤਾਰ ।
ਤਾਰਨ ਈਸ਼੍ਵਰ ਪੂਰਨ ਸ਼੍ਰੀ ਮੁਖ ਬੰਦਤਿ ਅੰਮ੍ਰਿਤ ਬਾਕ ਉਚਾਰਿ ।
ਚਾਰੁ ਬਿਲੋਚਨ ਸਾਥ ਨਿਹਾਰਿ ਉਤਾਰਤਿ ਪਾਰ ਅਪਾਰ ਸੰਸਾਰ ॥੨॥

ਕਰ ਬੇਣਵਤੀ = ਹੱਥ ਵਿਚ ਵੀਣਾ ਵਾਲੀ ।
ਸਾਰ ਅਸਾਰ = ਸ੍ਰੇਸ਼ਟ ਅਤੇ ਨਾਂ ਸ੍ਰੇਸ਼ਟ । ਤੱਤ੍ਵ ਮਿੱਥਯਾ ।

{ ਸਾਰ ਸੰਭਾਰਿ=ਖਬਰਗੀਰੀ ਰੱਖੋ, ਸਾਰ ਸੰਭਾਲੋ।
ਪ੍ਰਤਿਪਾਰ=ਪਾਲਣਾ ਕਰਨੀ।
ਤਾਰਨ ਈਸ਼੍ਵਰ=ਤਾਰਿਆਂ ਦਾ ਈਸ਼ਰ, ਇਹ ਚੰਦ੍ਰਮਾ ਦਾ ਇਕ ਨਾਮ ਹੈ।
ਜਿਵੇਂ 'ਨਕਸ਼ਤ ਰਾਜ' ਚੰਦ੍ਰਮਾ ਦਾ ਨਾਮ ਹੈ।
ਪੂਰਨ=ਪੂਰਾ, ਪੂਰਨਮਾਸ਼ੀ ਦਾ। ਚਾਰੁ=ਸੁੰਦਰ। ਮਨੋਹਰ।
ਅਪਾਰ=ਜਿਸ ਦਾ ਕੋਈ ਅੰਤ ਨਾ ਹੋਵੇ। ਪਾਰਾਵਾਰ ਤੋਂ ਰਹਿਤ। }

ਅਰਥ—ਹੇ 'ਹੱਥ ਵਿਚ ਵੀਣਾ ਵਾਲੀ' ਸਰਸ੍ਵਤੀ ! (ਮੈਨੂੰ) ਚੰਗੀ ਬੁੱਧਿ ਦੇਹ (ਤਾਂ ਕਿ ਮੈਂ) ਸਾਰ ਅਸਾਰ ਨੂੰ ਜਾਣ ਲਵਾਂ (ਅਤੇ ਆਪ) ਮੇਰੀ ਸਾਰ ਸੰਭਾਲੋ ਤੇ (ਸਦਾ) ਪਾਲਣਾ ਕਰੋ, (ਆਪ) ਬੜੇ ਉਦਾਰ ਤੇ ਦਾਸਾਂ ਨੂੰ ਸੁਖਾਂ ਦੇ ਦਾਤੇ ਹੋ। (ਆਪਦੇ) ਅੰਮ੍ਰਿਤ ਵਾਕ ਉਚਾਰਨ ਵਾਲੇ ਸ਼ੋਭਾ ਭਰੇ ਮੁਖੜੇ ਨੂੰ ਪੂਰਨਮਾਸ਼ੀ ਦਾ ਚੰਦ੍ਰਮਾ ਨਮਸਕਾਰ ਕਰ ਰਿਹਾ ਹੈ। ਤੁਸੀਂ ਮਨੋਹਰ ਨੇਤ੍ਰਾਂ ਨਾਲ (ਜਦ) ਦੇਖਦੇ ਹੋ, ਤਦ ਅਪਾਰ ਸੰਸਾਰ ਤੋਂ ਪਾਰ ਕਰ ਦਿੰਦੇ ਹੋ।

ਹੋਰ ਅਰਥ—੩. ਤੁਕ—ਸ਼ੋਭਾ ਵਾਲਾ (ਆਪ ਦਾ) ਮੁਖੜਾ ਪੂਰਨਮਾਸ਼ੀ ਦੇ ਚੰਦ੍ਰਮਾ ਵਤ (ਉੱਜਲ ਹੈ, ਜਿਸ ਤੋਂ) ਆਪ ਅੰਮ੍ਰਿਤ ਵਾਕ ਉਚਾਰਨ ਕਰਦੇ ਹੋ, (ਆਪ ਨੂੰ) ਮੈਂ ਨਮਸਕਾਰ ਕਰਦਾ ਹਾਂ।

੩. ਇਸ਼੍ਟ ਦੇਵ—ਸ੍ਰੀ ਅਕਾਲ ਪੁਰਖ—ਮੰਗਲ।

ਸੈਯਾ-ਤਾਰਨਿ ਗੈਨ ਗਿਨੈਂ ਤੁ ਗਿਨੈਂ, ਸੁਖਸਾਗਰ ਕੇ ਗੁਨਕੋ ਕਬਿ ਪਾਰ ਨ।
ਪਾਰਨਿ ਜੀਵਨ ਕੋ ਕਰਤਾ, ਜਿਸ ਕੋ ਜਸ ਬੇਦ ਬਦੈ* ਸਮ ਚਾਰਨਿ।
ਚਾਰਨਿ ਭੇਦ ਲਖਯੋ ਨ ਗਯੋ† ਕਿਸਕੋ ਨ ਬਿਸ਼ੈ ਅਸ ਰੂਪ ਅਕਾਰਨ।
ਕਾਰਨ ਜੋ ਬ੍ਰਹਮੰਡ ਅਖੰਡ ਨਿਰੰਤਰਿ ਆਪ ਰਮਯੋ ਤਮ ਤਾਰ ਨ ॥ ੩॥

{ ਤਾਰਨਿ ਗੈਨ=ਤਾਰਿਆਂ ਨੂੰ ਅਕਾਸ਼ ਵਿਖੇ। ਪਾਰ ਨ=ਅੰਤ ਨਹੀਂ।
ਪਾਰਨਿ=ਪਾਲਣਾ। ਬਦੈ=ਉਚਾਰਦਾ ਹੈ। ਸਮ ਚਾਰਨਿ=ਭੱਟਾਂ ਵਾਂਗ।
ਚਾਰਨਿ=ਚਾਰਾਂ (ਵੇਦਾਂ) ਤੋਂ।
ਲਖਯੋ ਨ ਗਯੋ=ਅਨੁਭਵ ਨਹੀਂ ਕੀਤਾ ਗਿਆ।
ਤਮਤਾਰ ਨ=ਘੱਟ ਵੱਧ ਨਹੀਂ। (ਅ) ਅੰਧੇਰਾ ਚਾਨਣਾ ਨਹੀਂ। }

ਅਰਥ—(ਜੇ ਕੋਈ) ਅਕਾਸ਼ ਵਿਚ ਤਾਰਿਆਂ ਨੂੰ ਗਿਣੇ ਤਾਂ (ਸ਼ਾਇਦ) ਗਿਣ ਲਵੇ (ਪਰੰਤੂ) ਸੁਖਾਂ ਦੇ ਸਮੁੰਦਰ (ਵਾਹਿਗੁਰੂ ਜੀ) ਦੇ ਗੁਣਾਂ ਦਾ ਪਾਰ ਕਦੇ ਨਹੀਂ (ਪਾਇਆ ਜਾ ਸਕਦਾ)। ਜੋ ਜੀਵਾਂ ਦੀ ਪਾਲਣਾ ਕਰਨੇ ਵਾਲਾ ਹੈ, (ਤੇ) ਜਿਸ ਦਾ ਜਸ ਵੇਦ ਭੱਟਾਂ ਵਾਂਗ ਉਚਾਰਦਾ ਹੈ। (ਪਰ ਫੇਰ) ਚਾਰਾਂ (ਵੇਦਾਂ) ਤੋਂ ਬੀ ਉਸ ਦਾ ਭੇਦ ਨਾ ਲਖਿਆ (ਨਾ ਜਾਣਿਆਂ) ਗਿਆ, (ਕਿਉਂਕਿ ਉਹ) ਐਸਾ ਅਕਾਰਨ ਰੂਪ ਹੈ ਕਿ ਕਿਸੇ (ਮਨ ਬੁੱਧੀ ਆਦਿ ਇੰਦ੍ਰੇ) ਦਾ ਵਿਸ਼ਯ ਨਹੀਂ, ਪਰ (ਉਹ) ਅਖੰਡ (ਹੈ ਤੇ ਆਪ)

*ਪਾਃ—ਪਢੈ। †ਪਾਃ—ਗਨਯੋ=ਸਮਝਿਆ। ਵਿਚਾਰਿਆ।

ਜਗਤ ਦਾ ਕਾਰਣ ਹੈ, ਇਕ ਰਸ (ਹੋਕੇ ਸਾਰਿਆਂ ਵਿਚ) ਰਮ ਰਹਿਆ ਹੈ (ਤੇ ਕਦੇ ਕਿਵੇਂ ਕਿਤੇ) ਵੱਧ ਘੱਟ ਨਹੀਂ ਹੁੰਦਾ।

ਭਾਵ—ਰੱਬ ਜੀ ਦਾ ਨਿਰਾਕਾਰ ਰੂਪ ਦੱਸਦੇ ਹਨ:-(੧) ਅਕਾਰਨ, ਅਖੰਡ, ਨਿਰੰਤਰ, ਤਮ ਤਾਰ ਨਾ। ਫਿਰ (੨) ਵਿਆਪਕ ਹੈ, ਪਰ (੩) ਮਨ ਬਾਣੀ ਤੋਂ ਅਵਿਸ਼ੇ ਹੈ। (੪) ਯਸ਼ ਕਰਨੇ ਤੇ ਆਪਣੀ ਕੱਲਜਾਣ ਹੁੰਦੀ ਹੈ, ਪਰ ਕੋਈ ਅੰਤ ਨਹੀਂ ਪਾ ਸਕਦਾ। ਫਿਰ (੫) ਉਹ ਗੁਣਾਂ ਵਾਲਾ ਹੈ, ਜੀਵਾਂ ਦੀ ਪਾਲਣਾ ਕਰਦਾ ਹੈ, ਪਰ ਇਹ ਗੁਣ ਇੰਨੇ ਹਨ ਕਿ ਇਹ ਬੀ ਅਨਗਿਣਤ ਹਨ।

੪. ਇਸ਼੍ਟ ਗੁਰੂ—ਸ਼੍ਰੀ ਗੁਰੂ ਨਾਨਕ ਦੇਵ ਜੀ ਦਾ—ਮੰਗਲ।

***ਤਾਰੇ ਅਨੇਕ ਬਿਬੇਕ ਜਹਾਜ਼ ਦੇ, ਖੋਲਿ ਦਿਯੇ ਉਰ ਮੋਹ ਕਿ ਤਾਰੇ।**
ਤਾਰੇ ਬਿਸਾਲ ਪਖੰਡਿ ਪ੍ਰਚੰਡਿ ਜੋ, ਆਗੇ ਅਰੇ ਤਿਨ ਮਾਨ† ਉਤਾਰੇ।
ਤਾਰੇ ਬਿਲੋਚਨ ਤੇ ਦਰਸੇ ਉਬਰੇ‡ ਸੁ ਅਸੰਖ ਜਥਾ ਨਭ ਤਾਰੇ।
ਤਾਰੇ ਤਰੇ ਅਰੁ ਮਾਰੇ ਮਰੇ ਗੁਰ ਨਾਨਕ ਕੀਨਿ ਭਏ ਤਮ ਤਾਰੇ॥ ੪॥

ਬਿਬੇਕ ਜਹਾਜ਼=ਗਿਆਨ ਦਾ ਜਹਾਜ਼।
ਮੋਹ ਕਿ ਤਾਰੇ=ਮੋਹ ਦੇ ਜੰਦਰੇ, [ਹਿੰ:, ਤਾਲੇ] ਤਾਰੇ=ਤਾੜਨਾ ਕੀਤੀ।
ਬਿਸਾਲ ਪਖੰਡਿ=ਬੜੇ ਪਖੰਡੀ। ਪ੍ਰਚੰਡ=ਤੇਜਵਾਨ ਹੋਕੇ।
ਅੜੇ=ਆਕੜੇ। ਉਤਾਰੇ=ਉਤਾਰਿਆ, ਦੂਰ ਕੀਤਾ।
ਤਾਰੇ ਬਿਲੋਚਨ=ਨੇਤ੍ਰਾਂ ਦੀਆਂ ਧੀਰੀਆਂ।
ਅਸੰਖ=ਸੰਖ੍ਯਾ ਹੀਨ। ਅਨਗਿਣਤ।
ਤਮ ਤਾਰੇ=ਤਾਰਤਮਯ=ਨਯੂਨ ਅਧਿਕ=ਵੱਧ ਘੱਟ।

ਅਰਥ--ਗਿਆਨ (ਰੂਪੀ) ਜਹਾਜ਼ ਦੇਕੇ ਬਿਅੰਤ ਹੀ (ਦਾਸ) ਤਾਰੇ (ਤੇ ਉਨ੍ਹਾਂ ਦੇ) ਹਿਰਦਿਆਂ (ਵਿੱਚੋਂ) ਮੋਹ ਦੇ ਜੰਦਰੇ ਖੋਹਲ ਦਿੱਤੇ। ਜੋ ਬੜੇ ਪਖੰਡੀ ਸਨ ਉਹਨਾਂ ਨੂੰ ਤੇਜਵਾਨ ਹੋਕੇ ਤਾੜਨਾ ਕੀਤੀ (ਅਤੇ ਜੇਹੜੇ ਆਪ ਦੇ) ਅੱਗੇ ਅੜੇ ਤਿਨ੍ਹਾਂ ਦੇ ਮਾਨ ਦੂਰ ਕੀਤੇ। (ਜਿਨ੍ਹਾਂ ਨੂੰ ਆਪ ਨੇ) ਨੇਤ੍ਰਾਂ ਦੀਆਂ ਧੀਰੀਆਂ ਨਾਲ ਦੇਖਿਆ (ਅਥਵਾ ਜਿਨ੍ਹਾਂ ਨੇ ਨੇਤ੍ਰਾਂ ਦੀਆਂ ਧੀਰੀਆਂ ਦੇ ਦਰਸ਼ਨ ਕੀਤੇ, ਸਭ ਨੂੰ ਆਪ ਨੇ ਚਾਹੇ ਓਹ) ਅਕਾਸ਼ ਦੇ ਤਾਰਿਆਂ ਵਾਂਗ

---

*ਛਾਪੇ ਦੇ ਨੁਸਖੇ ਵਿਚ ਇਕ ਸਤਰ ਇਸ ਤੋਂ ਪਹਿਲੇ ਬੀ ਹੈ ਜੋ ਲਿਖਤੀ ਨੁਸਖਿਆਂ ਵਿਚ ਘੱਟ ਮਿਲਦੀ ਹੈ। ਜਿਸ ਦਾ ਪਾਠ ਇਹ ਹੈ:—'ਤਾਰੇ ਤਰੇ ਨਹੀਂ ਆਪ ਤਰੇ ਸਮ ਪਾਹਿਨ ਸੇ ਗੁਰ ਕੇਵਟ ਤਾਰੇ।' ਜਿਸ ਦਾ ਅਰਥ:-(ਜੋ) ਪੱਥਰ ਵਤ ਨਾ ਆਪ ਤਰ ਸਕਦੇ ਸਨ (ਤੇ ਨਾ ਕਿਸੇ ਦੇ) ਤਾਰਿਆਂ ਤਰ ਸਕਦੇ ਸਨ, ਓਹ ਗੁਰੂ ਮਲਾਹ ਨੇ ਤਾਰੇ।

†ਪਾ:—ਮਾਰ। ‡ਪਾ:—ਉਭਰੇ=ਉੱਚੇ ਹੋਏ, ਪ੍ਰਕਾਸ਼ੇ, ਮੁਕਤ ਹੋਏ।

ਅਨਗਿਣਤ ਸਨ ਤਾਰ ਦਿਤਾ। (ਸ੍ਰੀ ਸਤਿਗੁਰੂ) ਗੁਰੂ ਨਾਨਕ ਦੇਵ ਜੀ (ਨੇ ਜੋ) ਤਾਰੇ (ਸੋ) ਤਰ ਗਏ (ਤੇ ਜੋ) ਮਾਰੇ (ਸੋ) ਮਰ ਗਏ (ਉਨ੍ਹਾਂ ਦੇ ਕੀਤੇ ਨਜੂਨ ਅਧਿਕ (ਨਜੂਨ ਅਧਿਕ) ਹੋ ਗਏ। (ਭਾਵ ਜਿਨ੍ਹਾਂ ਨੂੰ ਉਨ੍ਹਾਂ ਨੇ ਨਜੂਨ ਕੀਤਾ ਨਜੂਨ ਹੋ ਗਏ, ਜਿਨ੍ਹਾਂ ਨੂੰ ਅਧਿਕ ਕੀਤਾ ਅਧਿਕ ਹੋ ਗਏ)।

ਹੋਰ ਅਰਥ—੪. ਤੁਕ:—ਗੁਰ ਨਾਨਕ ਕੀ ਨ ਭਏ ਤਮ ਤਾਰੇ=ਗੁਰ ਨਾਨਕ ਜੀ ਦੇ ਤੁੱਲ ਕੋਈ ਨਹੀਂ ਹੋਏ। ਤਾਰ ਤੇ ਤਮ ਗੁਣ ਵਾਚਕ ਪਦ ਲਾ ਕੇ।

੫. ਇਸ਼੍ਰ ਗੁਰੂ—ਸ਼੍ਰੀ ਗੁਰੂ ਅੰਗਦ ਦੇਵ ਜੀ ਦਾ—ਮੰਗਲ।

ਚੌਪਈ—ਬੰਦ ਨ ਹੋਵਹਿ ਸ਼ਰਨ ਮੁਕੰਦ। ਕੰਦ ਅਨੰਦ ਤਿਹਨ ਕੁਲ ਚੰਦ।
ਚੰਦਨ ਚਰਚਿਤਿ ਸੁਜਸ ਅਮੰਦ। ਮੰਦਿਰ ਗੁਨ ਗੁਰ ਅੰਗਦਿ ਬੰਦਿ॥੫॥

{ ਬੰਦ=ਕੈਦ, ਫਸੌਤੀ, ਫਾਹੀ, ਰੋਕ। ਮੁਕੰਦ=ਮੁਕਤੀ ਦਾਤਾ।
ਕੰਦ=ਮੇਘ, ਬੱਦਲ, ਫਲ।
ਅਮੰਦ=ਨਿਰਮਲ, ਉੱਜਲ, ਜੋ ਮੰਦ ਨਾ ਹੋਵੇ। }

ਅਰਥ—(ਜਿਨ੍ਹਾਂ ਦੀ) ਸ਼ਰਨ ਮੁਕਤੀ ਦਾਤਾ ਹੈ (ਤੇ ਜਿਸ ਸ਼ਰਨ ਦੀ ਪ੍ਰਾਪਤੀ ਦੇ ਰਸਤੇ ਵਿਚ ਕੋਈ) ਰੁਕਾਵਟ ਨਹੀਂ ਹੁੰਦੀ, ਜੋ ਅਨੰਦ ਦੇ ਮੇਘ ਹਨ ਤੇ ਤਿਹਣ ਕੁਲ ਦੇ ਚੰਦ੍ਰਮਾਂ ਹਨ, (ਜਗਤ ਦੇ ਪੂਜਜ ਹਨ ਤੇ ਉਹਨਾਂ ਦਾ) ਸ੍ਰੇਸ਼ਟ ਜੱਸ ਛਿੜਕੇ ਹੋਏ ਚੰਦਨ ਵਾਂਙ ਉੱਜਲ ਹੈ, ਤੇ ਜੋ (ਸਾਰੇ ਸ੍ਰੇਸ਼ਟ) ਗੁਣਾਂ ਦਾ ਮਾਨੋ ਮੰਦਰ ਹਨ, (ਐਸੇ) ਸ੍ਰੀ ਗੁਰੂ ਅੰਗਦ ਜੀ (ਨੂੰ ਮੈਂ) ਨਮਸਕਾਰ ਕਰਦਾ ਹਾਂ।

ਹੋਰ ਅਰਥ—੨. ਤ੍ਰੈਹਣ ਕੁਲ ਦੇ ਚੰਦ੍ਰਮਾਂ (ਸ੍ਰੀ ਗੁਰੂ ਅੰਗਦ ਦੇਵ ਜੀ ਇਸ ਲੋਕ ਵਿਚ ਤਾਂ) ਅਨੰਦ ਦੇ ਦਾਤੇ ਹਨ।

੧. (ਅੱਗੇ) ਉਹਨਾਂ ਦੀ ਸ਼ਰਨ (ਪਿਆਂ ਨੂੰ) ਜਮ ਦੀ ਰੋਕ ਨਹੀਂ ਹੁੰਦੀ (ਸਗੋਂ) ਮੁਕਤੀ ਪ੍ਰਾਪਤਿ ਹੁੰਦੀ ਹੈ। (ਅ) ਹੇ ਸ਼ਰਨ (ਪਇਆਂ ਦੇ) ਮੁਕਤੀ ਦਾਤਾ (ਗੁਰੂ ਅੰਗਦ ਜੀ) ਆਪ ਨੂੰ ਬੰਦਨ (=ਨਮਸਕਾਰ) ਹੋਵੇ।

੩. ਉਹਨਾਂ ਦਾ ਜਸ (ਰੂਪੀ ਸੂਰਜ) ਕਦੇ ਮੰਦ ਨਹੀਂ ਹੁੰਦਾ (ਸਦਾ ਇਕ ਰਸ ਚਮਕ ਰਿਹਾ ਹੈ, ਏਥੇ ਓਥੇ ਓਹਨਾਂ ਦੀ) ਚੰਦਨ (ਰੂਪੀ) ਕੀਰਤੀ (ਚਰਚਿਤਿ=) ਫੈਲ ਰਹੀ ਹੈ।

੪. (ਐਸੇ ਸ਼ੁਭ) ਗੁਣਾਂ ਦੇ ਮੰਦਰ (ਸ੍ਰੀ ਗੁਰੂ) ਅੰਗਦ (ਦੇਵ ਜੀ ਨੂੰ ਮੇਰੀ) ਨਮਸਕਾਰ ਹੋਵੇ।

੬. ਇਸ਼੍ਰ ਗੁਰੂ—ਸ਼੍ਰੀ ਗੁਰੂ ਅਮਰਦਾਸ ਜੀ ਦਾ—ਮੰਗਲ।

ਪਾਰਨਿ ਕਰਿ ਸਿੱਖੀ ਬਿਸਤਾਰਨ। ਪਾਰਦ ਮਨ ਥਿਰ ਕਿਯ ਬਿਸਤਾਰ ਨ।
ਪਾਦ ਸੁਪਰੇ* ਕਰੇ ਨਿਸਤਾਰਨ। ਰਵਿ ਸ੍ਰੀ ਅਮਰ ਜਿਯਤ੍ਰ† ਨਿਸਤਾਰਨਿ।

*ਪਾ:—ਪਾਰ ਸਿ ਪਰੇ। †ਪਾ:—ਜਿ ਤਮ। ਜਿਮਤਿ।

[ਪਾਰਨਿ=ਪਾਲਣਾ : ਬਿਸਤਾਰਨ=ਫੈਲਾਉਣਾ, ਪ੍ਰਚਾਰ ।
ਪਾਰਦ ਮਨ=ਪਾਰੇ (ਵਤ ਚੰਚਲ) ਮਨ ।
ਬਿਸਤਾਰਨ=ਬਿਸਤਾਰ+ਨ=ਨਾ ਖਿੰਡਾਉ ਵਿਚ ਗਏ । ਪਾਦ=ਚਰਨ ।
ਨਿਸਤਾਰਨ=ਨਿਸਤਾਰਾ ਕੀਤਾ, ਪਾਰ ਉਤਾਰਾ ਕੀਤਾ ।
ਰਵਿ=ਸੂਰਜ । ਜਿਯਤ=ਜੀਉਂਦੇ, ਜੀਵ ।
ਨਿਸਤਾਰਨ=ਨਿਸ+ਤਾਰਨ=[ਨਿਸ=ਰਾਤ । ਤਾਰਨ=ਤਾਰਿਆਂ] ।]

ਅਰਥ–(ਜਿਨ੍ਹਾਂ ਨੇ) ਸਿੱਖੀ ਦੀ ਪਾਲਣਾ ਕੀਤੀ (ਤੇ ਉਸ ਨੂੰ) ਫੈਲਾਇਆ, (ਸ਼ਰਨਾਗਤਾਂ ਦੇ) ਪਾਰੇ (ਵਾਂਕੂ ਚੰਚਲ) ਮਨਾਂ ਨੂੰ (ਐਸਾ) ਟਿਕਾਇਆ (ਕਿ ਓਹ ਫੇਰ) ਨਾ ਖਿੰਡੇ (ਐਥੋਂ ਤਾਈਂ ਕਿ ਉਹਨਾਂ ਟਿਕੇ ਮਨਾਂ ਦੇ) ਚਰਨੀਂ (ਜੋ ਲੋਕ) ਆ ਪਏ ਉਹਨਾਂ ਦਾ ਬੀ) ਪਾਰ ਉਤਾਰਾ ਕੀਤਾ, (ਸੱਚ ਮੁਚ ਅਵਿੱਦਯਾ ਰੂਪੀ) ਰਾਤ (ਦੇ ਅੰਧਕਾਰ ਵਿਚ ਗ੍ਰਸੇ) ਜੀਵਾਂ ਨੂੰ ਸ੍ਰੀ (ਗੁਰੂ) ਅਮਰ ਦਾਸ (ਜੀ ਨੇ) ਸੂਰਜ ਵਾਂਕੂ ਤਾਰਿਆ (ਸੋ ਮੇਰਾ ਬੀ ਨਿਸਤਾਰਾ ਕਰਨ) ।

ਹੋਰ ਅਰਥ–੧. ਤੁਕ:–ਸਿੱਖੀ ਫੈਲਾਉਣ ਦਾ ਜਿਨ੍ਹਾਂ (ਪਾਰਨ=) ਪ੍ਰਣ ਹੀ ਕਰ ਲਿਆ ਸੀ ।

੨. ਤੁਕ:–ਪਾਰੇ ਵਾਂਕੂ (ਬਿਸਤਾਰਨ=) ਖਿੰਡਣੇ ਵਾਲੇ ਅਰਥਾਤ ਚੰਚਲ ਮਨ ਨੂੰ ਟਿਕਾ ਦਿਤਾ ।

੩. ਸ੍ਰੀ ਗੁਰੂ ਅਮਰ ਦੇਵ ਜੀ ਦੀ (ਰਵ=) ਬਾਣੀ ਜੀਵਾਂ ਦਾ ਨਿਸਤਾਰਾ ਕਰਨ ਵਾਲੀ ਹੈ । ਸੂਚਨਾ–ਤੀਸਰੀ ਸਤਰ ਵਿਚ ੨੨ ਮੰਜੀਆਂ ਵਲ ਇਸ਼ਾਰਾ ਹੈ ।

੭. **ਇਸ਼੍ਟ ਗੁਰੂ**–ਸ੍ਰੀ ਗੁਰੂ ਰਾਮ ਦਾਸ ਜੀ ਦਾ–**ਮੰਗਲ** ।

ਰਾਮ ਸਿੰਘ ਰਾਵਣ ਹਤਿ ਕਰੀ । ਰਾਮ ਜਥਾ ਰਾਜਨਿ ਮ੍ਰਿਤੁ ਕਰੀ ।
ਰਾਮ ਮਘੇਸੁਰ ਦਲ ਹਤਿ ਡਾਰਾ । ਰਾਮਦਾਸ ਗੁਰ ਮੋਹ ਬਿਦਾਰਾ ॥੭॥

[ਰਾਮ=ਰਾਮ ਚੰਦ੍ਰ ਜੀ ।
ਹਤਿਕਰੀ=ਨਾਸ਼ ਕੀਤਾ । (ਅ) ਹਤਿ=ਨਾਸ਼ ਕੀਤਾ, ਕਰੀ=ਹਾਥੀ ਵਾਂਕੂ ।
ਰਾਮ=ਪਰਸ਼ੁਰਾਮ । ਰਾਮ=ਬਲਰਾਮ, ਕ੍ਰਿਸ਼ਨ ਜੀ ਦਾ ਭਾਈ ।
ਮਘੇਸੁਰ=ਜਰਾਸਿੰਧੁ । ਮਘਧ ਦੇਸ਼ ਦਾ ਰਾਜਾ । [ਸੰਸ:, ਮਗਧੇਸ੍ਵਰ । ਮਗਧ+ ਈਸ਼੍ਵਰ] ।]

ਅਰਥ–(ਜਿਵੇਂ) ਰਾਮ ਚੰਦ੍ਰ (ਜੀ ਨੇ) ਸ਼ੇਰ (ਵਾਂਕੂ ਮਹਾਂਬਲੀ ਹੋਕੇ) ਰਾਵਣ (ਰੂਪੀ) ਹਾਥੀ ਦਾ ਨਾਸ਼ ਕੀਤਾ । (ਜਿਵੇਂ) ਪਰਸ਼ੁਰਾਮ ਨੇ (ਕਸ਼ਤ੍ਰੀ) ਰਾਜੇ ਨਾਸ਼ ਕੀਤੇ । (ਜਿਵੇਂ) ਬਲਰਾਮ ਨੇ ਜਰਾ ਸਿੰਧੁ ਦੇ ਦਲ ਨੂੰ ਮਾਰਿਆ (ਤਿਵੇਂ ਸ਼੍ਰੀ) ਗੁਰੂ ਰਾਮਦਾਸ ਜੀ ਨੇ ਮੋਹ ਨੂੰ ਖੰਡ ਖੰਡ ਕਰ ਦਿਤਾ ।

੮. ਇਸ਼੍ਰ ਗੁਰੂ—ਸ੍ਰੀ ਗੁਰੂ ਅਰਜਨ ਦੇਵ ਜੀ ਦਾ—ਮੰਗਲ।

ਸ੍ਰੀ ਅਰਜਨ ਬਿਚ ਜੰਬੁ ਦੀਪ। ਭਏ ਪ੍ਰਕਾਸ਼ਕ ਜਿਮ ਤਮ ਦੀਪ।
ਬਾਨੀ ਰਚੀ ਬੇਦ ਲੇ ਸਾਰ। ਸਾਰ ਅਸਾਰ ਲਖਾਇ ਸੰਸਾਰ ॥ ੮ ॥

[ਜੰਬੂਦੀਪ=ਸਾਰੀ ਦੁਨੀਆਂ ਵਿਚ ਸੱਤ ਦੀਪ ਗਿਣੇ ਜਾਂਦੇ ਹਨ, ਇਕ ਦਾ ਨਾਮ ਜੰਬੁ ਦੀਪ ਹੈ, ਜਿਸ ਦਾ ਇਕ ਖੰਡ ਇਹ ਭਾਰਤ ਖੰਡ ਹੈ। ਇਸ ਦਾ ਇਹ ਭਾਵ ਨਹੀਂ ਕਿ ਕੇਵਲ ਜੰਬੁ ਦੀਪ ਵਿਚ ਪ੍ਰਕਾਸ਼ ਕੀਤਾ, ਪਰ ਇਹ ਕਿ ਪ੍ਰਗਟੇ ਜੰਬੁ ਦੀਪ ਵਿਚ ਤੇ ਤਾਰਿਆ ਜਗਤ ਨੂੰ ਯਥਾ:—'ਉਗਵਣਹੁ ਤੇ ਆਥਵਣਹੁ ਚਹੁ ਚਕੀ ਕੀਅਨੁ ਲੋਆ ॥' ਪੁਨਾ:—'ਕਲਜੁਗਿ ਜਹਾਜੁ ਅਰਜੁਨੁ ਗੁਰੂ ਸਗਲ ਸ੍ਰਿਸ੍ਰਿ ਲਗਿ ਬਿਤਰਹੁ ॥' ਪੁਨਾ:—'ਤਤੁ ਬੀਚਾਰੁ ਯਹੈ ਮਥੁਰਾ ਜਗ ਤਾਰਨ ਕਉ ਅਵਤਾਰੁ ਬਨਾਯਉ ॥'
ਬੇਦ ਸਾਰ=ਗਯਾਨ ਤੱਤ੍ਵ। ਲਖਾਇ=ਜਣਾਇਆ, ਦਸਿਆ।]

ਅਰਥ—ਸ੍ਰੀ ਗੁਰੂ ਅਰਜਨ ਦੇਵ ਜੀ ਜੰਬੁ ਦ੍ਵੀਪ ਵਿਚ ਐਉਂ ਪ੍ਰਕਾਸ਼ ਕਰਨ ਵਾਲੇ ਹੋਏ ਜਿਵੇਂ ਅੰਧੇਰੇ ਵਿਚ ਦੀਵਾ (ਪ੍ਰਕਾਸ਼ ਕਰਦਾ ਹੈ ਅਤੇ ਜਿਨ੍ਹਾਂ ਨੇ ਈਸ਼੍ਵਰ ਤੋਂ) ਗਯਾਨ ਤੱਤ੍ਵ ਲੈਕੇ ਬਾਨੀ ਰਚੀ (ਤੇ ਸਾਰੇ) ਸੰਸਾਰ ਦੇ ਸਾਰ ਤੇ ਅਸਾਰ ਨੂੰ ਜਣਾਇਆ।

ਭਾਵ—ਇਸ ਵਿਚ ਜੋ ਪਦ ਪਿਆ ਹੈ 'ਬੇਦ ਲੇ ਸਾਰ' ਉਸ ਦਾ ਇਕ ਇਹ ਅਰਥ ਬੀ ਕਰਦੇ ਹਨ, ਕਿ ਚਹੁੰ ਵੇਦਾਂ ਵਿਚੋਂ ਸਾਰ ਸਾਰ ਲੈਕੇ ਬਾਨੀ ਰਚੀ। ਇਸ ਖਿਆਲ ਦਾ ਵੀਚਾਰ 'ਚਾਰ ਵੇਦ ਕੇ ਜਾਨਹੁ ਸਾਰ' ਤੁਕ ਦੇ ਅਰਥਾਂ ਵਿਚ ਕਰ ਆਏ ਹਾਂ ਦੇਖੋ ਸ੍ਰੀ ਗੁ: ਨਾ: ਪ੍ਰ: ਪੂਰਬਾਰਧ ਅਧ੍ਯਾਯ ੧ ਅੰਕ ੬੯ ਦਾ ਭਾਵ। 'ਵੇਦ' ਪਦ ਦੇ ਹੋਰ ਵਿਚਾਰ ਲਈ ਦੇਖੋ ਸ੍ਰੀ ਗੁ: ਨਾ: ਪ੍ਰ: ਪੂਰ: ਅ: ੩੨ ਅੰਕ ੫੧ ਦੀ ਹੇਠਲੀ ਟੂਕ। ਫੇਰ ਸ੍ਰੀ ਗੁ: ਨਾ: ਪ੍ਰ: ਪੂ: ਅ: ੫੨ ਅੰਕ ੨੨ ਦੀ ਹੇਠਲੀ ਟੂਕ। ਫੇਰ ਦੇਖੋ ਗੁ: ਪ੍ਰ: ਸੂ: ਰਾਸ ੩ ਅੰਸੂ ੪੧ ਅੰਕ ੧੧ ਦੀ ਹੇਠਲੀ ਟੂਕ।

ਇਨ੍ਹਾਂ ਤੋਂ ਇਹ ਦਿੱਸ ਪਏਗਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਟੀਕਾ ਵੇਦਾਂ ਦਾ ਸਮਝਣਾ ਗੁਰੂ ਸਿਧਾਂਤ ਦੇ ਵਿਰੁੱਧ ਹੈ। ਜੈਸਾ ਕਿ ਗੁਰਬਾਣੀ ਤੋਂ ਸਾਫ ਪ੍ਰਗਟ ਹੋ ਰਿਹਾ ਹੈ। ਯਥਾ:—"ਵੇਦੁ ਪੜਹਿ ਹਰਿ ਰਸੁ ਨਹੀ ਆਇਆ ॥ ਵਾਦੁ ਵਖਾਣਹਿ ਮੋਹੇ ਮਾਇਆ" [ਮਾਝ ਮ: ੩] ॥ ਪੁਨਾ:—"ਗੁਰਬਾਣੀ ਵਰਤੀ ਜਗ ਅੰਤਰਿ ਇਸੁ ਬਾਣੀ ਤੇ ਹਰਿ ਨਾਮੁ ਪਾਇਦਾ।" [ਮਾਰੂ ਸੋ: ਮ: ੩] ਭਾਈ ਗੁਰਦਾਸ ਜੀ ਦਾ ਭੀ ਸਪਸ਼ਟ ਵਾਕ ਇਹ ਹੈ:—

ਝੋਲਨਾ ॥ ਸਿਮ੍ਰਿਤਿ ਪੁਰਾਨ ਕੋਟਾਨਿ ਬਖਾਨ ਬਹੁ, ਭਾਗਵਤ ਬੇਦ ਬਿਆਕਰਣ ਗੀਤਾ। ਸ਼ੇਸ਼, ਮਰਜੇਸ਼, ਅਖਲੇਸ, ਸੁਰ, ਮਹੇਸ, ਮੁਨਿ, ਜਗਤੁ ਅਰ ਭਗਤ ਸੁਰ ਨਰ ਅਤੀਤਾ ॥ ਗਿਆਨੁ ਅਰੁ ਧਿਆਨੁ ਉਨਮਾਨ ਉਨਮਨ ਉਕਤਿ ਰਾਗਿ ਨਾਦਿ ਦਿਜ ਸੁਰਮਤਿ ਨੀਤਾ ॥ ਅਰਧ ਲਗ ਮਾਤ੍ਰ ਗੁਰ ਸ਼ਬਦ ਅੱਖਰ ਮੇਕ ਅਗਮ ਅਤਿ ਅਗਮ ਅਗਾਧ ਮੀਤਾ ॥੪੪੦॥

[ਕਬਿੱਤ ਸਵੱਯੇ ਭਾ: ਗੁ:

੯. ਇਸ਼੍ਰ ਗੁਰੂ—ਸ਼੍ਰੀ ਗੁਰੂ ਹਰਿ ਗੋਵਿੰਦ ਜੀ ਦਾ—ਮੰਗਲ।

ਨੇਤ੍ਰ ਬਿਸਾਲ ਜਥਾ ਅਰਵਿੰਦ। ਬਲੀ ਬਿਸਾਲ ਜਥਾ ਗੋਵਿੰਦ।
ਗਯਾਨੀ ਧ੍ਯਾਨੀ ਜੋ ਤਤਿਵਿੰਦ। ਸੋ ਸਰੂਪ ਸ਼੍ਰੀ ਹਰਿ ਗੋਵਿੰਦ॥ ੯॥

[ਬਿਸਾਲ=ਵਿਸ਼ਾਲ, ਵਡੇ, ਖੁਲ੍ਹੇ। ਅਰਵਿੰਦ=ਕਵਲ।
ਗੋਵਿੰਦ=ਵਾਹਿਗੁਰੂ ਜੀ। (ਅ) ਵਿਸ਼ਨੂ।
ਤਤਿਵਿੰਦ=ਤੱਤ੍ਵ+ਵਿੰਦ=ਤੱਤ੍ਵ ਦੇ ਜਾਣਨ ਵਾਲੇ। ਪੂਰਨ ਬ੍ਰਹਮ ਗਯਾਨੀ।
ਤੱਤ੍ਵ=ਸਾਰ, ਆਤਮ ਤੱਤ੍ਵ। ਵਿਦ੍—ਧਾਤੂ ਦੇ ਤ੍ਰੈ ਅਰਥ ਹਨ:—
ਲੱਭਣਾ, ਪ੍ਰਾਪਤੀ, ਗਿਆਨ। ਸੋ ਗਯਾਨੀ ਤਾਂ ਤੱਤ੍ਵ ਸ੍ਵਰੂਪ ਕਰਕੇ
ਗੁਰੂ ਜੀ ਨੂੰ ਜਾਣਦੇ ਹਨ, ਤੇ ਧ੍ਯਾਨੀ ਧ੍ਯਾਨ ਦੁਵਾਰਾ ਪਾਉਂਦੇ ਹੈਨ,
ਤੇ ਤੱਤ੍ਵਵੇਤਾ ਨੂੰ ਆਤਮ ਸ੍ਵਰੂਪ ਕਰ ਸਦਾ ਪ੍ਰਾਪਤ ਹੈਨ।]

ਅਰਥ—ਕਵਲਾਂ ਵਰਗੇ ਚੌੜੇ ਨੈਣਾਂ ਵਾਲੇ (ਹਨ), ਸ਼੍ਰੀ ਭਗਵਾਨ ਵਰਗੇ ਮਹਾਂ ਬਲ ਵਾਲੇ (ਹਨ), ਗਿਆਨੀ ਤੇ ਧਿਆਨੀ ਜਿਸ ਤੱਤ੍ਵ (ਸਰੂਪ) ਦਾ ਅਨੁਭਵ ਕਰਦੇ ਹਨ ਸੋ ਸਰੂਪ ਸ਼੍ਰੀ ਗੁਰੂ ਹਰਿਗੋਵਿੰਦ ਜੀ ਦਾ ਹੈ।

ਭਾਵ—'ਕਵਲ ਨੈਨ' ਤੋਂ ਸੁਹਣੇ ਨੈਣਾਂ ਵਾਲੇ ਦੇ ਸਿਵਾ ਰਸਿਕ ਤੇ ਕ੍ਰਿਪਾ ਕਟਾਖ੍ਯ ਨਾਲ ਤਾਰਨ ਵਾਲੇ ਹੋਣ ਦੀ ਬੀ ਮੁਰਾਦ ਹੈ, ਗੋਵਿੰਦ ਸਰੀਖਾ ਬਲੀ ਕਹਿਣ ਤੋਂ ਭੁਜ ਬਲ ਤੋਂ ਸਿਵਾ ਆਤਮ ਬਲ ਦੀ ਬੀ ਮੁਰਾਦ ਹੈ। ਇਨ੍ਹਾਂ ਦੋਹਾਂ ਤੁਕਾਂ ਵਿਚ ਸ਼੍ਰੀਰਕ ਸਰੂਪ ਸੰਖੇਪ ਨਾਲ ਦਿਖਾਇਆ ਹੈ, ਅਗਲੀ ਤੁਕ ਵਿਚ ਆਤਮ ਸਰੂਪ ਦਰਸਾਇਆ ਹੈ। ਮੁਰਾਦ ਹੈ ਕਿ ਉਹ ਤੱਤ੍ਵ ਸ੍ਵਰੂਪ ਜਿਸ ਨੂੰ ਗਿਆਨੀ ਤੇ ਧਿਆਨੀ ਅਨੁਭਵ ਕਰਦੇ ਹਨ ਤੇ ਮਹਾਂਬਲੀ ਭਗਵਾਨ ਵਾਲਾ (ਸਰੂਪ) ਤੇ ਖਿੜੇ ਹੋਏ ਕਵਲ ਨੈਣਾਂ ਵਾਲਾ ਸੁੰਦਰ ਕ੍ਰਾਂਤੀ ਵਾਲਾ ਸਰੂਪ, ਸਭ ਦੇ ਸਮੁਦਾਇ ਦਾ ਨਾਮ ਹੈ 'ਸ਼੍ਰੀ ਗੁਰੂ ਹਰਿ ਗੋਵਿੰਦ'।

੧੦. ਇਸ਼੍ਰ ਗੁਰੂ—ਸ਼੍ਰੀ ਗੁਰੂ ਹਰਿਰਾਇ ਜੀ ਦਾ—ਮੰਗਲ।

ਸਤਿ ਸੰਗਤਿ ਸੇਵਤਿ ਨਿਸ਼ਕਾਮ। ਹਰਿ ਬਿਕਾਰ ਕ੍ਰੋਧਾਦਿਕ ਕਾਮ।
ਪੂਰਹਿਂ ਦਾਸ ਜਿ ਬਾਂਛਤਿ ਕਾਮ। ਬੰਦੋਂ ਸ਼੍ਰੀ ਹਰਿ ਰਾਇ ਨਿਹਕਾਮ॥੧੦॥

{ਨਿਸ਼ਕਾਮ=ਕਾਮਨਾ ਰਹਿਤ ਹੋਕੇ।
ਕ੍ਰੋਧਾਦਿਕ ਕਾਮ=ਕਾਮ ਕ੍ਰੋਧ ਆਦਿ ਪੰਜ ਵਿਕਾਰ।
ਬਾਂਛਤਿ=ਚਾਹੀਆਂ ਹੋਈਆਂ।}

ਅਰਥ—੪. ਮੈਂ ਨਮਸਕਾਰ ਕਰਦਾ ਹਾਂ, ਸ਼੍ਰੀ (ਗੁਰੂ) ਹਰਿ ਰਾਇ (ਜੀ ਨੂੰ ਜੋ ਆਪ ਸਰਬ) ਕਾਮਨਾ ਤੋਂ ਰਹਿਤ ਹਨ।

੧. (ਅਤੇ ਉਹ) ਨਿਸ਼ਕਾਮ ਭਾਵਨਾ ਨਾਲ ਸੇਵਾ ਕਰਨੇ ਵਾਲੀ ਸਤਿਸੰਗਤ ਦੇ।

੨. ਕਾਮ ਕ੍ਰੋਧ ਆਦਿਕ (ਪੰਜ) ਵਿਕਾਰ ਦੂਰ ਕਰਦੇ ਹਨ।

੩. (ਤੇ ਕਾਮਨਾ ਨਾਲ ਸੇਵਾ ਕਰਨ ਵਾਲੇ) ਦਾਸਾਂ ਦੀਆਂ (ਮਨੋਂ) ਵਾਂਛਤਿ ਕਾਮਨਾ ਪੂਰਨ ਕਰਦੇ ਹਨ।

ਭਾਵ—ਅਸਲ ਵਿਚ ਕਵਿ ਜੀ ਨੇ ਇਥੇ—ਹਰਿ+ਰਾਇ—ਦੋਹਾਂ ਪਦਾਂ ਦੇ ਅਭਿਪ੍ਰਾਇ ਦੀ ਸਫਲ ਟੀਕਾ ਕੀਤੀ ਹੈ। 'ਹਰਿ' ਦਾ ਅਰਥ ਹੈ ਦੂਰ ਕਰਨਾ ਸੋ ਨਿਸ਼ਕਾਮ ਸੰਗਤਾਂ ਦੇ ਵਿਕਾਰ ਦੂਰ ਕਰਦੇ ਹਨ। ਵਿਕਾਰ ਦੂਰ ਹੋਣ ਤੋਂ ਉਹ ਪਰਮ ਪਦ ਨੂੰ ਅੱਪੜ ਗਏ। ਦੂਸਰੇ 'ਰਾਇ' ਹੈ ਰਾਜਾ, ਰਾਜਾ ਆਪਣੀ ਸੇਵਕ ਪ੍ਰਜਾ ਨੂੰ ਪਦਾਰਥ ਆਦਿ ਵਿਭੂਤੀਆਂ ਦਾਨ ਕਰਨ ਦਾ ਬਲ ਰਖਦਾ ਹੈ, ਸੋ ਕਵਿ ਜੀ ਨੇ ਦਸਿਆ ਹੈ ਕਿ ਆਪ ਕਾਮਨਾਂ ਵਾਲਿਆਂ ਨੂੰ ਮਨੋਵਾਂਛਤਿ ਰਾਜ ਭਾਗ ਪਦਾਰਥ ਦੇ ਦੇਣ ਵਿਚ ਸਮਰੱਥ ਹਨ। ਨਿਸ਼ਕਾਮ ਭਗਤਾਂ ਨੂੰ ਆਪ ਨੇ ਮੁਕਤੀ ਦਿੱਤੀ ਤੇ ਸਕਾਮ ਸਿੱਖਾਂ ਨੂੰ ਰਾਜ ਤੇ ਜਗੀਰਦਾਰੀਆਂ ਦੇ ਵਰ ਬਖਸ਼ੇ।

੧੧. ਇਸ਼੍ਰ ਗੁਰੂ—ਸ੍ਰੀ ਗੁਰੂ ਹਰਿ ਕ੍ਰਿਸ਼ਨ ਜੀ ਦਾ—ਮੰਗਲ।

ਆਰਬਲਾ ਲਘੁ ਸ਼ਕਤਿ ਬਿਸਾਲ। ਬਾਲ ਗੁਰੂ ਹਰਿ ਕ੍ਰਿਸ਼ਨ ਰਸਾਲ।ਬਾਲ ਸੂਰ ਲਘੁ*ਪਿਖਿ ਜਿਮ†ਜਾਲ।ਮੋਹ ਤਿਮਰ ਤਿਮ‡ ਕਰਤਿ ਉਜਾਲ॥੧੧॥

{ ਰਸਾਲ=ਮਧੁਰ, ਮਿੱਠੇ, ਭਾਵ ਪਿਆਰੇ ਲਗਣ ਵਾਲੇ।
ਬਾਲ ਸੂਰ=ਚੜ੍ਹਦਾ ਸੂਰਜ, ਸਵੇਰ ਦਾ ਸੂਰਜ। }

ਅਰਥ—੨. (ਜਾਹੋ) ਮਿੱਠੇ (ਗੁਰੂ) ਹਰਿਕ੍ਰਿਸ਼ਨ ਜੀ ਬਾਲ ਗੁਰੂ ਹਨ।

੧. (ਅਰਥਾਤ ਉਹਨਾਂ ਦੀ) ਆਰਬਲਾ ਛੋਟੀ (ਹੈ ਪਰੰਤੂ) ਸ਼ਕਤੀ (ਗੁਰੂ ਪਦ ਜਿਤਨੀ ਹੀ) ਵਿਸ਼ਾਲ ਹੈ। ੩. ੪. ਜਿਵੇਂ ਬਾਲ ਸੂਰਜ ਨੂੰ ਸਾਰੇ ਦੇਖਕੇ ਨਿਕਾ (ਖਿਆਲ ਕਰਦੇ ਹਨ ਪਰੰਤੂ ਜਿਵੇਂ ਉਹ ਰਾਤ ਦੇ ਹਨੇਰੇ ਨੂੰ ਪੂਰੀ ਤਰ੍ਹਾਂ ਦੂਰ ਕਰ ਸੁਟਦਾ ਹੈ) ਤਿਵੇਂ ਮੋਹ ਦੇ ਅੰਧਕਾਰ ਨੂੰ (ਬਾਲ ਗੁਰੂ ਹਰਿਕ੍ਰਿਸ਼ਨ ਜੀ ਦੂਰ ਕਰਕੇ) ਪ੍ਰਕਾਸ਼ (ਦਾਨ) ਕਰ ਦੇਂਦੇ ਹਨ।

੧੨. ਇਸ਼੍ਰ ਗੁਰੂ—ਸ੍ਰੀ ਗੁਰੂ ਤੇਗ਼ ਬਹਾਦਰ ਜੀ ਦਾ—ਮੰਗਲ।

ਹਿੰਦੁ ਲਾਜ ਰਾਖੀ ਬਨਿ ਚਾਦਰ। ਤੁਰਕ ਜੁਵਾਸਾ ਕੋ ਬਡ ਬਾਦਰ। ਸਿਖ ਸਿਮਰਤਿ ਜਿਤਕਿਤ ਹੁਇ ਹਾਦਰ।ਨਮੋ ਚਰਨ ਗੁਰਤੇਗ਼ ਬਹਾਦੁਰ॥੧੨॥

{ ਚਾਦਰ=ਬੁੱਕਲ ਮਾਰਨ ਦਾ ਕਪੜਾ ਜਿਸ ਨਾਲ ਲਾਜ ਵਾਲੀਆਂ ਆਪਣਾ ਤਨ ਕੱਜਦੀਆਂ ਹਨ। (ਅ) ਉਚੇ ਥਾਂ ਤੋਂ ਝਰਨੇ ਵਾਂਗੂ ਪੈਣ ਵਾਲੀ ਪਾਣੀ ਦੀ ਰੌ। [ਫਾ:, ਚਾਦਰ]
ਜੁਵਾਸਾ=ਜੁਵਾਹਾਂ, ਇਕ ਤਰ੍ਹਾਂ ਦਾ ਕੰਡਿਆਂ ਵਾਲਾ ਬੂਟਾ ਜੋ ਬਰਸਾਤ ਪੈਣ ਨਾਲ ਗਲਦਾ ਤੇ ਔੜ ਨਾਲ ਮੌਲਦਾ ਹੈ।
ਬਾਦਰ=ਬੱਦਲ। ਹਾਦਰ=ਹਾਜ਼ਰ। }

*ਪਾ:—ਲਖ। †ਤਿਮ। ‡ਪਾ:—ਹਰ।

ਅਰਥ—੪. (ਸ਼੍ਰੀ) ਗੁਰੂ ਤੇਗ ਬਹਾਦਰ ਜੀ ਦੇ ਚਰਨਾਂ ਤੇ ਮੇਰੀ ਨਮਸਕਾਰ ਹੈ। ੧. (ਜਿਨ੍ਹਾਂ ਨੇ) ਹਿੰਦ ਦੀ ਲਾਜ ਚਾਦਰ ਬਣਕੇ ਰਖੀ। ੨. (ਜੋ) ਤੁਰਕਾਂ (ਰੂਪੀ) ਜੁਵਾਹੇਂ ਨੂੰ ਬੜੇ ਬੱਦਲ (ਸਮਾਨ ਪ੍ਰਤੀਤ ਹੋਏ ਪਰ) ੩ ਸਿਖਾਂ ਨੂੰ ਜਿੱਥੇ ਕਿਤੇ (ਉਹਨਾਂ ਨੇ ਆਪ ਨੂੰ) ਯਾਦ ਕੀਤਾ, (ਓਥੇ ਹੀ) ਹਾਜ਼ਰ ਹੋਏ।

ਭਾਵ—ਚਾਦਰ ਸ਼ਲੇਖ ਪਦ ਹੈ। ਚੱਦਰ ਸ਼ਰੀਰ ਦਾ ਕੱਜਣ ਹੈ, ਇਸ ਕਰਕੇ ਲੱਜਿਆ ਢੱਖਣ ਦਾ ਉਪਾਉ ਹੈ। ਹਿੰਦ ਜੋ ਅਵਿੱਦਯਾ ਤੇ ਗ਼ੁਲਾਮੀ ਵਿਚ, ਖੁਦਗਰਜ਼ੀ ਤੇ ਪਾਟੋ ਧਾੜ ਵਿਚ ਬੇ-ਹਿਯਾ ਹੋ ਰਿਹਾ ਸੀ, ਆਪਣਾ ਸੀਸ ਦੇਕੇ ਗੁਰੂ ਜੀ ਨੇ ਕੁਰਬਾਨੀ, ਅਣਖ, ਗ਼ੈਰਤ, ਬਹਾਦਰੀ, ਪਰੋਪਕਾਰ ਦਾ ਨਮੂਨਾ ਬਣਕੇ ਸਾਰੀਆਂ ਲੱਜਯਾ ਰੱਖ ਲਈਆਂ।

ਚਾਦਰ ਝਰਦੇ ਪਾਣੀ ਦੀ ਰੌ ਨੂੰ ਬੀ ਕਹਿੰਦੇ ਹਨ, ਇਸ ਅਰਥ ਦਾ ਕਟਾਖਯ ਬੱਦਲ ਨਾਲ ਰੱਖਿਆ ਹੈ, ਜਿਸ ਦੇ ਪੈਣ ਨਾਲ ਜਵਾਹਾਂ ਮਰਦਾ ਹੈ। ਹਿੰਦ ਸ਼ੁਭ ਪੈਲੀ ਹੈ, ਜੋ ਪਾਣੀ ਦੇ ਝਰਨ ਨਾਲ ਪਲੀ ਤੇ ਤੁਰਕ ਜਵਾਹਾਂ ਸਨ ਜੋ ਪਾਣੀ ਪੈਣ ਨਾਲ ਮਰੇ ਪਰੰਤੂ ਸਿੱਖਾਂ ਲਈ ਆਪ ਗੁਰੂ, ਪਿਤਾ, ਮਿੱਤ੍ਰ, ਭਗਵਾਨ ਦਾ ਰੂਪ ਹਨ ਕਿ ਜਿੱਥੇ ਓਹ ਯਾਦ ਕਰਨ ਓਥੇ ਹੀ ਸਦੀਵ ਸਹਾਇਤਾ ਨੂੰ ਅੱਪੜਦੇ ਹਨ।

੧੩. ਇਸ਼੍ਰ ਗੁਰੂ—ਸ਼੍ਰੀ ਗੁਰੂ ਗੋਵਿੰਦ ਸਿੰਘ ਜੀ ਦਾ—ਮੰਗਲ।

ਉਦੈ ਤੇਜ ਜਗ ਮਹਿਂ ਸਮ ਸੂਰ। ਦੁਸ਼ਟਨਿ ਕੇ ਉਪਜਾਵਤਿ ਸੂਰ।
ਹਤੇ ਸ਼ੱਤ੍ਰ ਗਨ ਗਹਿ ਕਰਿ ਸੂਰ। ਸ਼੍ਰੀ ਗੁਰੁ ਗੋਬਿੰਦ ਸਿੰਘ ਬਡ ਸੂਰ॥੧੩॥

{ਸੂਰ=ਸੂਰਜ। ਸੂਰ=ਸੂਲ, ਪੀੜਾ। ਸੂਰ=ਸ਼ੂਲ=ਬਰਛਾ। ਸੂਰ=ਸੂਰਮੇਂ।}

ਅਰਥ—੧. ੨. ਜਿਵੇਂ ਜਗਤ ਵਿਚ ਸੂਰਜ ਦਾ ਚੜ੍ਹਦਾ ਤੇਜ ਦੁਸ਼ਟਾਂ ਦੇ (ਦਿਲ ਵਿਚ) ਦੁਖ ਪੈਦਾ ਕਰਦਾ ਹੈ*, ੩. ੪. (ਤਿਵੇਂ) ਬੜੇ ਸੂਰਮੇਂ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇ (ਜਗਤ ਵਿਚ) ਬਰਛਾ ਹੱਥ ਵਿਚ ਪਕੜਕੇ ਸਮੂਹ ਵੈਰੀ ਮਾਰੇ।

ਹੋਰ ਅਰਥ—ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਬੜੇ ਸੂਰਮੇਂ ਹਨ, ਜਿਨ੍ਹਾਂ ਦਾ ਤੇਜ ਉਦੇ ਸੂਰਜ ਵਾਙੂ ਜਗਤ ਵਿਚ (ਨਿਤ ਵਸਣੇ ਵਾਲੀ ਵਸਤੂ ਹੈ) ਜੋ ਦੁਸ਼ਟਾਂ ਦੇ ਚਿੱਤ ਵਿਚ ਸੂਲ ਉਪਜਾਉਂਦਾ ਹੈ, (ਤੇ ਜਿਨ੍ਹਾਂ ਨੇ) ਹੱਥ ਵਿਚ ਸ਼ਸਤ੍ਰ ਫੜਕੇ ਸ਼ਤ੍ਰੂਆਂ ਦੇ ਸਮੂਹ ਮਾਰੇ ਹਨ।

੧੪. ਦਸਾਂ ਗੁਰੂ ਸਾਹਿਬਾਂ ਦਾ ਇਕੱਠਾ ਮੰਗਲ।

ਦਸ ਸਰੂਪ ਕੋ ਨਮੋ ਹਮਾਰੀ। ਜਿਨਹੁ ਜਨਨਿ ਕੀ ਦੁਬਿਧਾ ਟਾਰੀ।
ਬਰਨੌਂ ਪੰਚਮ ਰਾਸਿ ਅਗਾਰੀ। ਸ਼੍ਰੋਤਾ ਸੁਨਹੁ ਪਾਪ ਗਨ ਹਾਰੀ॥੧੪॥

ਅਰਥ—(ਸਤਿਗੁਰਾਂ ਦੇ) ਦਸਾਂ (ਹੀ) ਸਰੂਪਾਂ ਨੂੰ ਸਾਡੀ ਨਮਸਕਾਰ ਹੈ, ਜਿਨ੍ਹਾਂ ਨੇ (ਕਿ ਸਦੀਵ ਆਪਣੇ) ਦਾਸਾਂ ਦੀ ਦੁਬਿਧਾ ਦੂਰ ਕੀਤੀ ਹੈ, (ਹੁਣ ਮੈਂ) ਅੱਗੋਂ ਪੰਜਵੀਂ ਰਾਸ ਵਰਣਨ ਕਰਦਾ ਹਾਂ, ਹੇ ਸੁਣਨ ਵਾਲਿਓ! ਸੁਣੋ, (ਇਹ ਕਥਾ) ਸਮੂਹ ਪਾਪਾਂ ਦਾ ਨਾਸ਼ ਕਰਨੇ ਵਾਲੀ ਹੈ।

*ਕਿਉਂਕਿ ਓਹ ਹਨੇਰੇ ਵਿਚ ਪਾਪ ਕਰ ਰਹੇ ਹੁੰਦੇ ਹਨ।

੧੫. ਨਾਮ ਦੇ ਪ੍ਰੇਮੀ ਗੁਰ ਸਿੱਖਾਂ ਦਾ ਮੰਗਲ।

ਲਾਖਹੁਂ ਸਤਿਗੁਰ ਕੇ ਸਿਖ ਪੂਰੇ। ਅਪਨ ਸਰੂਪ ਲਖ੍ਯੋ ਜਿਨ ਰੂਰੇ।
ਮਹਾਂ ਸ਼ਕਤਿ ਧਰਿ ਬ੍ਰਿਧ ਤੇ ਆਦਿ।ਬੰਦਨ ਕਰੌਂ,ਧਰਹੁ ਅਹਿਲਾਦ॥੧੫॥
ਸਗਰੋ ਗ੍ਰਿੰਥ ਸੰਪੂਰਨ ਕਰੋ। ਪਰਹਿਂ ਬਿਘਨ ਗਨ ਤਿਨ ਕੋ ਹਰੋ।
ਸ਼ੁਭ ਮਤਿ ਉਪਜਾਵੋ ਉਰ ਅੰਤਰ।ਬਰਨੌਂ ਸਤਿਗੁਰ ਸੁਜਸ ਨਿਰੰਤਰ॥੧੬॥

{ ਨਿਰੰਤਰ=ਜਿਸ ਵਿਚ ਅੰਤਰਾ ਯਾ ਵਿੱਥ ਨਾ ਪਵੇ, ਭਾਵ ਇਕ ਲੜੀ ਪ੍ਰੋਤਵਾਂ (ਅਟੁੱਟਵੀਂ ਲੜੀ)। ਭਾਵ, ਦਸਮੇਂ ਪਾਤਸ਼ਾਹ ਜੀ ਦੇ ਹਾਲਾਤ ਦੇ ਅੰਤ ਤਕ ਨਿਭਾਂ, ਕਿਤੇ ਵਿਚਕਾਰੇ ਨਾ ਰਹਿ ਜਾਵੇ ਲਿਖਣਾ ਮੇਰਾ। }

ਅਰਥ—੩. ਮੁੱਢ ਤੋਂ (ਬਾਬਾ) ਬੁੱਢਾ ਜੀ ਤੋਂ ਲੈਕੇ ਮਹਾਨ ਸ਼ਕਤੀ ਦੇ ਧਾਰਨ ਵਾਲੇ ੧. ਜੋ ਸਤਿਗੁਰੂ ਜੀ ਦੇ ਲੱਖਾਂ ਪੂਰੇ ਸਿਖ (ਹੋਏ ਹਨ) ੨. ਜਿਨ੍ਹਾਂ ਨੇ ਆਪਣੇ ਸੁੰਦਰ ਸਰੂਪ ਦੀ ਲੱਖਤਾ ਪ੍ਰਾਪਤ ਕਰ ਲਈ ਸੀ, ੪—ਉਨ੍ਹਾਂ ਸਾਰਿਆਂ ਨੂੰ ਮੈਂ ਬੰਦਨਾਂ ਕਰਦਾ ਹਾਂ (ਕਿ ਮੇਰੇ ਤੇ) ਖੁਸ਼ੀ ਕਰੋ (ਹੇ ਗੁਰੂ ਪ੍ਰੇਮੀਓਂ !) ॥ ੧੫ ॥

(ਤੁਸੀਂ ਮੇਰਾ) ਸਾਰਾ ਗ੍ਰੰਥ (ਗੁਰ ਪ੍ਰਤਾਪ ਸੂਰਜ) ਸੰਪੂਰਨ ਕਰੋ, ਜੋ ਬਿਘਨ ਪੈਣ (ਉਹਨਾਂ) ਸਾਰਿਆਂ ਨੂੰ ਨਾਸ਼ ਕਰੋ (ਤੇ) ਚੰਗੀ ਬੁੱਧੀ ਮੇਰੇ ਰਿਦੇ ਦੇ ਅੰਦਰ ਪੈਦਾ ਕਰੋ, ਤਾਂ ਜੋ (ਮੈਂ) ਸਤਿਗੁਰ ਜੀ ਦੇ ਸ੍ਰੇਸ਼ਟ ਜਸ ਨੂੰ ਅਟੁੱਟਵੀਂ ਲੜੀ ਵਿਚ ਵਰਣਨ ਕਰਾਂ।

[ਮੰਗਲ ਸਮਾਪਤਿ। ਕਥਾ ਦਾ ਅਰੰਭ]।

ਦੋਹਰਾ ॥ ਸਤਿਗੁਰੂ ਹਰਿ ਗੋਵਿੰਦ ਜੀ ਦੁਰਗ ਗੁਆਲਿਯਰ ਛੋਰਿ। ਖਾਂ ਵਜ਼ੀਰ ਕੋ ਸੰਗ ਲੈ ਗਮਨੇ ਦਿੱਲੀ ਓਰਿ ॥ ੧੭ ॥ ਚੌਪਈ ॥ ਕਾਰਾਗ੍ਰਿਹ ਤੇ[1] ਨ੍ਰਿਪ ਨਿਕਸਾਏ।ਸੋ ਹਰਿਦਾਸ ਸਾਥ ਗਮਨਾਏ।ਅਧਿਕ ਅਨੰਦਤਿ ਕਰਤਿ ਉਚਾਰੀ। 'ਧੰਨ ਧੰਨ ਗੁਰੁ ਪਰਉਪਕਾਰੀ'॥੧੮॥ ਸੁਜਸੁ ਉਚਾਰਤਿ ਜਹਿਂ ਕਹਿਂ ਗੁਰੁ ਕੋ। ਚਲੇ ਆਇ ਸਭਿ ਦਿੱਲੀ ਪੁਰਿ ਕੋ। ਸ਼੍ਰੀ ਹਰਿ ਗੋਵਿੰਦ ਮਾਰਗ ਸਾਰੇ। ਉਲੰਘਤ ਕੀਨਸਿ ਸ਼ੀਘ੍ਰ ਪਧਾਰੇ ॥ ੧੯ ॥ ਆਇ ਟਿਕੇ ਮਜਨੂੰ ਅਸਥਾਨਾ।ਖਾਂ ਵਜ਼ੀਰ ਢਿਗ ਸ਼ਾਹੁ ਪਧਾਨਾ।ਨੰਮ੍ਰਿ ਭਯੋ ਬਹੁ ਕਰੀ ਸਲਾਮ। ਬੋਲ੍ਯੋ ਹਜ਼ਰਤ ਲੇ ਇਸ[2] ਨਾਮ॥੨੦॥ 'ਕਰਤੇ ਰਹੇ ਪ੍ਰਤੀਖਨਿ ਤੇਰੀ। ਮੁਖ ਪ੍ਰਸੰਨ ਦੀਖਤਿ ਇਸ ਬੇਰੀ। ਗੁਰੂ ਸੰਗ ਆਯੋ ਕੈ ਨਾਂਹੀ ?। ਅਭਿਲਾਖਤਿ ਬਹੁ ਚਿਤ ਕੇ ਮਾਂਹੀ'॥੨੧॥ ਸੁਨਿ ਵਜ਼ੀਰਖਾਂ ਬਾਕ ਬਖਾਨਾ॥

---

[1]ਕੈਦ ਖਾਨੇ ਵਿਚੋਂ। [2]ਭਾਵ ਵਜ਼ੀਰ ਖਾਂ ਦਾ।

'ਮਦਤ ਖੁਦਾਇ ਆਪ ਕੀ ਜਾਨ॥ ਹਾਸਲ ਹੋਇ ਮੁਰਾਦ ਤੁਹਾਰੀ॥ ਆਇ ਥਿਰੀ ਸਤਿਗੁਰ ਅਸਵਾਰੀ ॥੨੨॥ ਮਜਨੂੰ ਕੇ ਇਸਥਾਨ ਸੁਹਾਏ। ਸੁਧਿ ਦੈਬੇ ਹਿਤ ਮੋਹਿ ਪਠਾਏ॥ ਜਬਿ ਅਵਸਰ ਜੈਵਹੁ ਬੁਲਵਾਵਨਿ॥ ਧਰਿ ਸ਼ਰਧਾ ਲਿਹੁ ਦਰਸ਼ਨ ਪਾਵਨਿ' ॥੨੩॥ ਸੁਨਤਿ ਸ਼ਾਹੁ ਹਰਖ੍ਯੋ ਤਿਹ ਸਮੈਂ।ਤਰੁ ਕੁਮਲਾਵਤਿ ਮਿਲਿ ਜਲ ਜਿਮੈਂ*।–ਨਿਜ ਸਿਰ ਤੇ ਅਬਿ ਫਰਜ਼ ਉਤਾਰੋਂ। ਹੋਹਿ ਨ ਤ੍ਰਾਸਪ੍ਰਸੰਨਤਾ ਧਾਰੋਂ–॥੨੪॥ਕਹਤਿ ਭਯ "ਇਹ ਅਵਸਰ ਆਛੋ। –ਆਇ ਦਰਸ ਗੁਰ ਦੇਂ–ਉਰ ਬਾਂਛੋਂ। ਕਰਹੁ ਬੰਦਗੀ ਆਨਹੁ ਜਾਇ। ਸਾਦਰ ਮਧੁਰੇ ਬਾਕ ਅਲਾਇ' ॥੨੫॥ ਸੁਨਿ ਵਜ਼ੀਰਖਾਂ ਗਮਨ੍ਯੋ ਐਸੇ।ਛੁਟੈ ਸਬੇਗ ਧਨੁਖ ਸਰ ਜੈਸੇ। ਆਗੇ ਸਤਿਗੁਰੁ ਭਏ ਸੁਚੇਤ। ਗੁਰੁ ਦ੍ਰੋਹੀ ਕੇ ਹਤਿਬੇ ਹੇਤੁ ॥੨੬॥ ਨਮੋ ਕਰਤਿ ਨਿਜ ਅਰਜ਼ ਗੁਜ਼ਾਰੀ॥'ਸ਼ਾਹੁ ਬੰਦਗੀ ਹਰਖਿ ਉਚਾਰੀ॥ ਸੁਨਿ ਕਰਿ ਰਾਵਰ ਕੋ ਆਗਵਨੂ। ਹੁਇ ਪ੍ਰਸੰਨ ਅਤਿਸ਼ੈ ਰਿਪੁਦਵਨੂ[1] ॥੨੭॥ ਅਬਿ ਚਾਹਤਿ ਦਰਸ਼ਨ ਕਰਿ ਪ੍ਰੇਮ। ਜਾਨੀ ਅਧਿਕ ਆਪਨੀ ਛੇਮ।–ਮਿਹਰਵਾਨਗੀ ਕਰਿ ਗੁਰੁ ਆਵੇਂ। ਜਾਨਿ ਅਵੱਗਯਾ ਨਹੀਂ ਰਿਸਾਵੇਂ–' ॥ ੨੮ ॥ ਸ਼੍ਰੀ ਗੁਰੁ ਸੁਨਤਿ ਬਸਤ੍ਰ ਕੋ ਧਾਰੇ। ਗਰ ਮਹਿਂ ਜਾਮਾ ਪਹਿਰ ਸਵਾਰੇ॥ਅਤਿ ਸੁੰਦਰ ਚੀਰਾ ਸਿਰ ਸ਼ੋਭ॥ ਊਪਰ ਜਿਗਾ ਪਿਖਤਿ ਮਨ ਲੋਭ ॥੨੯॥ ਜ਼ੇਵਰ ਜ਼ੇਬਰ ਜਵਾਹਰ ਜਰੇ। ਅੰਗ ਅੰਗ ਪ੍ਰਤਿ ਸ਼ੋਭਾ ਧਰੇ। ਗਹਿ ਦੁਕੂਲ ਕਟ ਕੋ ਕਸਿ ਕਰਿਕੈ। ਹਯ ਆਰੂਢ, ਬਾਗ ਕਰ ਧਰਿਕੈ[2]॥ ੩੦ ॥ ਖਾਂਵਜ਼ੀਰ ਚਲਿ ਪਰ੍ਯੋ ਅਗਾਰੀ। ਸਿਖ ਕੁਛ ਸੰਗ ਗੁਰੂ ਅਸਵਾਰੀ। ਨਗਰ ਪ੍ਰਵੇਸ਼ੇ ਚਪਲ ਤੁਰੰਗ। ਬਲ ਸੋਂ ਚਲਤਿ ਸ਼ੁਭਤਿ ਦੁਤਿ ਅੰਗ ॥੩੧॥ ਫੁਰਕਤਿ[3] ਕਬਿ ਫਾਂਧਤਿ ਲਘੁ ਛਾਲ। ਰੋਕਤਿ ਸਤਿਗੁਰੁ ਧੀਰਜ ਨਾਲ। ਲੋਕ ਬਿਲੋਕਤਿ ਸਫਲ ਬਿਲੋਚਨ। ਮੋਚਤਿ ਚਿਤ ਤੇ ਗੁਰ ਦਿਸ਼ਿ ਸੋਚਨਿ[4] ॥੩੨॥ ਸੁਨਿ ਸੁਨਿ ਧਾਇ ਕਰਤਿ ਹੈਂ ਬੰਦਨ। ਅਵਲੋਕਤਿ ਨਰ ਕਸ਼ਟ ਨਿਕੰਦਨ। ਸਭਿ ਸਿੱਖਨਿ ਮਨ ਭਈ ਵਧਾਈ। 'ਕੈਦਿਨਿ ਦੁਰਗ ਮਹਾਂ ਦੁਖਦਾਈ'[5] ॥੩੩॥ ਜਾਸ[6] ਪ੍ਰਵੇਸ਼ਨਿ ਤਿਸ ਥਲ ਹੋਇ। ਨਿਕਸਨਿ ਕੀ ਪੁਨ ਆਸ ਨ ਕੋਇ। ਬਿਖਮ ਦੁਰਗ ਤੇ ਨਿਕਸੇ ਨਾਥ। ਲਏ ਬਵੰਜਾ

[1] ਭਾਵ ਬਾਦਸ਼ਾਹ [2] ਵਾਗ ਹਥ ਫੜਕੇ [3] ਫੁਕਾਰਾ ਮਾਰਦਾ ਹੈ। [4] ਗੁਰੂ ਜੀ ਦੀ ਤਰਫ (ਦੇਖਕੇ) ਚਿਤ ਤੋਂ ਸੋਚਾਂ ਨੂੰ ਦੂਰ ਕਰਦੇ ਹਨ (ਅ) ਚਿਤ ਤੇ ਗੁਰ ਦਿਸ ਮੋਚਤਿ ਸੋਚਨਿ=ਗੁਰੂ ਜੀ ਵੱਲ ਦੇਖਕੇ ਸੋਚਾਂ ਦੂਰ ਕਰਦੇ ਹਨ। [5] ਕੈਦੀਆਂ ਨੂੰ ਜੋ ਕਿਲਾ ਦੁਖਦਾਈ ਸੀ। [6] ਜਿਸ ਦਾ। *ਪਾ:–ਸਮੈਂ।

ਕੈਦੀ ਸਾਥ ॥੩੪॥ ਤੁਮ ਬਿਨ ਕੌਨ ਕਰੇ ਅਸ ਕਾਜ ?। ਰਾਖਨੈ ਬਿਰਦ ਗ਼ਰੀਬ ਨਿਵਾਜ*। ਮਰਣ ਪ੍ਰਯੰਤ ਕੈਦ ਜਿਨ ਕੇਰੀ।ਮੁਚਹਿ ਨ ਧਨ ਬਲ ਤੇ ਕਿਸ ਬੇਰੀ ॥੩੫॥ ਤਿਨ ਪਰ ਕ੍ਰਿਪਾ ਧਾਰਿ ਲੇ ਆਏ। ਸਭਿ ਕੇ ਪਗ ਬੰਧਨ ਕਟਵਾਏ। ਜਗ ਮਹਿੰ ਬਡੋ ਸੁਜਸੁ ਇਹੁ ਲੀਨਾ। ਵਡ ਉਪਕਾਰ ਨ੍ਰਿਪਨਿ ਪਰ ਕੀਨਾ' ॥੩੬॥ ਨਗਰ ਬਿਖੈ ਕੀਰਤਿ ਬਹੁ ਥਾਨ।ਸਤਿਗੁਰੁ ਸੁਨਤਿ ਜਾਤਿ ਨਿਜ ਕਾਨ। ਗਏ ਦੁਰਗ ਕੇ ਪੌਰ ਪ੍ਰਵੇਸ਼ੇ। ਬ੍ਰਿੰਦ ਸੁਭਟ ਆਯੁਧ ਧਰਿ ਬੈਸੇ ॥੩੭॥ ਕਹ੍ਯੋ ਵਜ਼ੀਰਖਾਂਨ ਸਭਿ ਸਾਥ। 'ਖਰੇ ਹੋਇ ਸਨਮਾਨਹੁ ਨਾਥ। ਪਾਤਿਸ਼ਾਹੁ ਕੇ ਪ੍ਰਾਨਨਿ ਦਾਨੀ। ਇਨ ਤੇ ਆਛੋ ਅਪਰ ਨ ਜਾਨੀ†' ॥੩੮॥ ਸੁਨਿ ਸਗਰੇ ਹੁਇ ਖਰੇ ਅਗਾਰੀ। ਕਰੀ ਸਲਾਮ ਨੰਮ੍ਰਤਾ ਧਾਰੀ। ਤਹਿੰ ਤੇ ਗਏ ਬਹੁਰ ਗੁਰੁ ਆਗੇ। ਜਹਾਂ ਸ਼ਾਹੁ ਜੁਤਿ ਨਰ ਬਡਿ ਭਾਗੇ ॥੩੯॥ਹਯ ਤੇ ਉਤਰਿ ਚਰਨ ਸੋਂ ਚਾਲੇ।ਜਹਾਂ ਕਚਹਿਰੀ ਥਾਨ ਬਿਸਾਲੇ।ਚਾਮੀਕਰ ਤੇ ਚਿੱਤ੍ਰਿਤ ਘਰ ਹੈਂ। ਕਾਨਨ ਮਿਰਗ ਲਿਖੇ ਪਰ ਧਰ ਹੈਂ[1] ॥੪੦॥ ਅਨਿਕ ਪ੍ਰਕਾਰਨਿ ਫਰਸ਼ ਮਹਾਨਾ।ਅਲਪ ਬਿਸਾਲ ਪੌਰ ਜਿਹ ਨਾਨਾ। ਗਯੋ ਵਜ਼ੀਰਖਾਂਨ ਸੁਧਿ ਦੀਨਿ। 'ਆਏ ਸ੍ਰੀ ਸਤਿਗੁਰੁ ਪ੍ਰਬੀਨ' ॥੪੧॥ ਸੁਨਿ ਚੰਦਨ ਚੌਂਕੀ ਡਸਿਵਾਈ। ਊਪਰ ਸੁਜਨੀ[2] ਸੇਤ ਸੁਹਾਈ। ਜੁਗ ਉਮਰਾਇ ਸੁ ਆਇ ਅਗਾਊ। ਬੰਦਤਿ ਲੇ ਪਹੁੰਚੇ ਤਿਸ ਥਾਊ ॥ ੪੨॥ ਰੁਚਿਰਾਸਨ[3] ਪਰ ਬੈਠੇ ਜਾਇ। ਬੰਦਨ ਕਰੀ ਸ਼ਾਹੁ ਹਰਖਾਇ। ਹੁਤੇ ਜਿਤਿਕ ਨਰ ਤਹਾਂ ਤਮਾਮੂ। ਹਿਤ ਆਦਰ ਸਭਿ ਕੀਨਿ ਸਲਾਮੂ ॥ ੪੩॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪੰਚਮ ਰਾਸੇ 'ਸ੍ਰੀ ਗੁਰੁ ਸ਼ਾਹ ਪਾਸ ਜਾਨਿ' ਪ੍ਰਸੰਗ ਬਰਨਨੰ ਨਾਮ ਪ੍ਰਥਮੋ ਅੰਸੂ ॥ ੧ ॥

੨. [ਚੰਦੂ ਤੋਂ ਮਾਲਾ ਸ਼ਾਹ ਨੇ ਮੰਗੀ]।

ਦੋਹਰਾ ॥ ਕਰੀ ਸਲਾਮ ਤਮਾਮ ਨਰ ਭਯੋ ਬਹੁਤ ਸਨਮਾਨ। ਹਾਥ ਜੋਰਿ ਹਜ਼ਰਤ ਭਨੈ 'ਦਿਯੋ ਪ੍ਰਾਨ ਤੁਮ ਦਾਨ ॥੧॥ ਚੌਪਈ ॥ ਮਮ ਹਿਤ ਦੁਰਗ ਬਿਖੈ ਸੁ ਪ੍ਰਵੇਸ਼ੇ।ਕਰ੍ਯੋ ਜਾਪ ਤਹਿੰ ਪ੍ਰੇਮ ਬਿਸ਼ੇਸ਼ੇ। ਹਮ ਤੇ ਸਭਿ ਅਜੋਗਤਾ

---

[1]ਧਰਤੀ ਤੇ ਬਨ ਦੇ ਮ੍ਰਿਗਾਂ (ਦੀਆਂ ਮੂਰਤੀਆਂ) ਲਿਖੀਆਂ ਹਨ। ਭਾਵ ਸੰਗ ਮਰਮਰ ਦੇ ਰੰਗੋ ਰੰਗੀ ਟੁਕੜਿਆਂ ਨਾਲ ਬਣਾਏ ਹੋਏ ਚਿੱਤ੍ਰਕਾਰੀ ਦੇ ਹਰਨ ਆਦਿ। [2]ਵਿਛਾਈ ਦਾ ਇਕ ਕਪੜਾ ਜਿਸ ਪਰ ਸੂਈ ਨਾਲ ਬਹੁਤ ਕੰਮ ਕੀਤਾ ਹੁੰਦਾ ਹੈ। [ਫਾ:, ਸੋਜ਼ਨੀ]। [3]ਸੁਹਣੇ ਆਸਨ।

*ਸ੍ਰੀ ਗੁਰੂ ਹਰਿਗੋਬਿੰਦ ਜੀ ਦੀ 'ਬੰਦੀਛੋੜ' ਦੀ ਅੱਲ ਤਦ ਤੋਂ ਪਈ ਹੈ, ਕਿਲੇ ਗੁਵਾਲੀਅਰ ਵਿਚ ਇਕ ਥੜਾ 'ਬੰਦੀ ਛੋੜ ਪੀਰ' ਦਾ ਨਿਸ਼ਾਨ ਹੁਣ ਤਕ ਕਾਇਮ ਹੈ, ਗੋ ਇਹ ਥਾਂ ਸਿਖ ਸੇਵਕਾਂ ਦੇ ਅਧਿਕਾਰ ਵਿਚ ਨਹੀਂ ਹੈ।ਸ਼ਹਿਰ ਵਿਚ ਇਕ ਗੁਰਦੁਆਰਾ ਹੈ ਜੋ ਪਿਛਲੇ ਮਹਾਰਾਜ ਨੇ ਬਣਵਾਇਆ ਹੈ, ਓਹ ਛਾਲੋਂਨੇ ਵਾਲੇ ਸਿੰਘ ਮਹਾਤਮਾ ਤੋਂ ਦੀਖਯਤ ਹੋਏ ਸਨ ਤੇ ਸੁਖਮਨੀ ਸਾਹਿਬ ਦਾ ਪਾਠ ਰੋਜ਼ ਸੁਣਦੇ ਯਾ ਕਰਦੇ ਸਨ। †ਪਾ:-ਦਾਨੀ।

ਭਈ। ਤਉ ਆਪ ਨੇ ਕਰੁਨਾ ਕਈ ॥ ੨॥ ਨਿਸ ਮਹਿਂ ਤ੍ਰਾਸਤਿ ਜਬਿ ਮੈਂ ਹੋਵੌਂ। ਦੁਇ ਦਿਸ਼ਿ ਦਾਰੁਨ ਸ਼ੇਰਨਿ ਜੋਵੌਂ। ਤਬਿ ਮੈਂ ਸਿਮਰਨ ਕਰੌਂ ਤੁਮਾਰਾ। ਹਾਜ਼ਰ ਆਨਿ ਦੇਹੁ ਦੀਦਾਰਾ ॥੩॥–ਮਮ ਹਿਤ ਜਾਪ ਕਰਤਿ ਹੈਂ ਬੈਸੇ। ਤਿਨ ਪ੍ਰਤਾਪ ਤੇ ਦੁਖ ਨਹਿਂ ਕੈਸੇ–। ਇਮ ਮਨ ਜਾਨਿ ਧਰੌਂ ਮੈਂ ਧੀਰ। ਰੱਛਕ ਆਪ ਭਏ ਗੁਰ ਪੀਰ![1] ॥੪॥ ਸ੍ਰੀ ਹਰਿਗੋਬਿੰਦ ਸੁਨਿ ਕਰਿ ਕਹ੍ਯੋ। 'ਗੁਰ ਘਰ ਮਹਿਂ ਨਿਸ਼ਚਾ ਜਿਨ ਲਹ੍ਯੋ। ਸ਼ਰਧਾ ਧਰਹਿ ਸ਼ਰਨਿ ਕੌ ਆਇ। ਸ੍ਰੀ ਨਾਨਕ ਹ੍ਵੈਂ ਕਯੋਂ ਨ ਸਹਾਇ ॥ ੫॥ ਸਤਿਗੁਰ ਘਰ ਸੋਂ ਮੇਲ ਜੁ ਅਹੈ। ਬਡੇ ਤੁਮਾਰੇ ਰਾਖਤਿ ਰਹੇ। ਕਰਿ ਪ੍ਰਸੰਨ ਬਰ ਲੇਤਿ ਭਲੇਰੇ। ਗੁਰ ਬਰ ਤੇ ਸੁਖ ਲਹੇ ਘਨੇਰੇ ॥੬॥ ਜਥਾ ਮੁਕਰ[2] ਨਿਰਮਲ ਅਤਿ ਹੋਵੈ। ਜਸ ਮੁਖ ਕਰਿ ਤਸਿ ਤਿਸ ਮਹਿਂ ਜੋਵੈ। ਕੇਸਰ ਮਲਾਗੀਰ[3] ਜਿਨ ਲਾਯੋ। ਰੰਗ ਸੁਗੰਧਤਿ ਤਥਾ ਦਿਖਾਯੋ ॥੭॥ ਜੇ ਕਾਰਸ ਕੋ ਲਾਇ ਵਿਸ਼ੇਖੈ। ਕਾਰੋ ਬਨ੍ਯੋ ਕੁਰੂਪ ਸੁ ਦੇਖੈ। ਤਿਮ ਸਤਿਗੁਰ ਕੇ ਮਿਲਨਿ ਮਝਾਰੇ। ਖੋਟੀ ਭਲੀ ਭਾਵਨਾ ਧਾਰੇ ॥ ੮ ॥ ਤੈਸੋ ਫਲ ਅਵਲੋਕਹਿ ਸੋਇ। ਫਲ ਕੋ ਭੁਗਤਹਿ ਲੋਕਨਿ ਦੋਇ। ਖੋਟੀ ਕਰਿ ਸਿਰ ਧੁਨਿ ਪਛੁਤਾਵੈ। ਭਲੀ ਕਰਹਿ ਸੁਖ ਕੋ ਨਿਤ ਪਾਵੈ ॥੯॥ ਰਹੀ ਆਦਿ ਤੇ ਸ਼ੁਧਾ ਤੁਮਾਰੇ। ਕਯੋਂ ਸਹਾਇਤਾ ਗੁਰੂ ਨ ਧਾਰੇਂ'। ਸ੍ਰੀ ਮੁਖ ਤੇ ਇਮ ਬਾਕ ਕਹੰਤੇ। ਦਾਹਨ ਕਰ ਕੋ ਉਰਧ ਉਠੰਤੇ ॥ ੧੦ ॥ ਕਬਹੁੰ ਟਿਕਾਵਤਿ ਊਪਰ ਜ਼ਾਨੂ[4]। ਬਹੁਰ ਕਰਹਿਂ ਚੰਚਲ ਦੁਤਿਵਾਨੂ। ਹੁਤੋ ਸਿਮਰਨਾ ਹਾਥ ਕਪੂਰੀ[5]। ਰੰਗ ਅਜਾਇਬ ਘ੍ਰਾਤਿ ਰੂਰੀ ॥੧੧॥ ਤਿਸਹਿ ਦਿਖਾਇ ਫੇਰਿ ਮਨ[6] ਲੀਨਾ। ਦੇਖਤਿ ਬੋਲ੍ਯੋ ਸ਼ਾਹੁ ਪ੍ਰਬੀਨਾ। 'ਅਜਬ ਸਿਮਰਨਾ ਜਿਸ[7] ਕਰ ਧਾਰਾ। ਨਹਿਂ ਆਗੇ ਅਸ ਹਮਹੁ ਨਿਹਾਰਾ ॥੧੨॥ ਬਹੁ ਕੀਮਤ ਕੋ ਪਰਹਿ ਦਿਖਾਈ। ਦੂਰ ਦੇਸ਼ ਕਿਨ ਦੀਨਿ ਪਠਾਈ'। ਸੁਨਿ ਗੁਰ ਕਹ੍ਯੋ 'ਭਲੈ ਤੁਮ ਜਾਨਾ। ਦੂਰ ਵਲਾਇਤ ਤੇ ਸਿਖ ਆਨਾ ॥੧੩॥ ਭਾਉ ਰਿਦੇ ਧਰਿ ਅਰਪ੍ਯੋ ਆਇ। ਕਹ੍ਯੋ–ਰਾਖੀਅਹਿ ਹਾਥ ਬਨਾਇ–'। ਭਨਹਿ ਸ਼ਾਹੁ 'ਅਸ ਮਣਕਾ ਏਕ। ਮੋ ਕਹੁ ਦੀਜੈ ਜਲਧਿ ਬਿਬੇਕ! ॥੧੪॥ ਤਸਬੀ ਊਪਰ ਕਰੌਂ ਇਮਾਮ[8]। ਤਰੇ ਰਹੈਂ ਮਣਕੇ ਜੁ ਤਮਾਮ। ਬਹੁ ਮੋਲੇ ਮੈਂ

[1]ਪੂਜਨੀਕ। [2]ਸ਼ੀਸ਼ਾ। [3]ਚੰਦਨ [ਮਲਯਾਗਰ]। [4]ਗੋਡੇ ਤੇ। [5](ਗੁਰੂ ਜੀ ਦੇ) ਹੱਥ ਵਿਚ ਕਪੂਰਾਂ ਦਾ ਸਿਮਰਨਾ ਸੀ (ਜਿਸ ਨੂੰ 'ਕਹਿਰੁਬਾ' ਬੀ ਕਹਿੰਦੇ ਹਨ)। [6](ਪਾਤਸ਼ਾਹ ਦਾ) ਮਨ। [7]ਜਿਸ ਨੂੰ (ਆਪ ਨੇ)। [8]ਮੇਰੂ ਦਾ ਮਣਕਾ।

ਬੀਨ ਮੰਗਾਏ। ਦੂਰ ਦੂਰ ਤੇ ਸੁੰਦਰ ਲ੍ਯਾਏ॥੧੫॥ਤੁਮ ਤੇ ਮਣਕਾ ਲੇਵੋਂ ਜੋਇ। ਤਿਸ ਮਹਿਂ ਗੁਨ ਅਵਲੋਕਹੁਂ ਦੋਇ।ਜਬਿ ਹੇਰੌਂ ਮੈਂ ਨੈਨ ਉਘਾਰੀ। ਤੁਮਹਿ ਚਿਤਾਰੋਂ ਰਿਦੇ ਮਝਾਰੀ ॥ ੧੬ ॥ ਦੂਜੇ ਤ੍ਰਾਸ ਨਹੀਂ ਮੈਂ ਪਾਵੋਂ। ਤੁਮ ਕਰ ਕੋ[1] ਜਬਿ ਅੰਗ ਲਗਾਵੋਂ। ਜਿਮ ਰੱਖ੍ਯਕ ਤੁਮ ਬਨੇ ਹਮਾਰੇ*। ਤਿਮ ਕੀਜਹਿ ਅਬਿ ਤੇ ਪ੍ਰਤਿਪਾਰੇ†' ॥ ੧੭॥ ਸ਼੍ਰੀ ਗੁਰ ਕਹ੍ਯੋ 'ਸਿਮਰਨਾ ਸਾਰੋ। ਹਮ ਤੇ ਲਿਹੁ ਅਪਨੇ ਕਰ ਧਾਰੋ। ਸ਼੍ਰੀ ਨਾਨਕ ਹੈਂ ਸਦਾ ਸਹਾਇ। ਨਾਮ ਲੀਏ ਗਨ ਮਿਟੈਂ ਬਲਾਇ ॥੧੮॥ ਸਤਿਗੁਰ ਸ਼ਰਧਾ ਜੋ ਉਰ ਧਰੇ। ਪੁਨ ਕੋ ਸਕਹਿ ਤ੍ਰਾਸ ਕੋ ਕਰੇ'। ਹਜ਼ਰਤ ਹਾਥ ਜੋਰਿ ਕਰਿ ਕਹੇ। 'ਇਹ ਤੋ ਤੁਮਹਿਂ ਮੁਮਾਰਖ ਰਹੇ[2] ॥ ੧੯ ॥ ਹੋਹਿ ਸਿਮਰਨੇ ਤੇ ਅਧਿਕਾਇ[3]। ਲੇਉਂ ਸੁ ਤਸਬੀ ਬਿਖੈ ਮਿਲਾਇ। ਕ੍ਰਿਪਾ ਠਾਨਿ ਖੋਜੋ ਨਿਜ ਕੋਸ਼। ਨਿਕ-ਸਹਿ ਤਹਿਂ ਸੋ ਦੇਹੁ ਅਦੋਸ਼[4]॥੨੦॥ਨਿਸ਼ਚੇ ਬਨਹਿ[5] ਲੇਨਿ ਮੁਝ ਮਨਕਾ। ਸਿਮਰੇ ਭਲਾ ਹੋਹਿ ਤਨ ਮਨ ਕਾ‡'। ਸੁਨਿ ਸਤਿਗੁਰ ਤਬਿ ਜ਼ਿਕਰ ਚਲਾਯੋ।'ਚੰਦੂ ਦਿਵਾਨ ਜੁ ਤੁਮਹਿਂ ਬਧਾਯੋ ॥੨੧॥ ਤਿਸ ਕੇ ਸਦਨ ਪਠੇ ਗੁਰੁ ਬਡੇ। ਤਹਿਂ ਹੀ ਨਿਜ ਸ਼ਰੀਰ ਕੋ ਛਡੇ। ਤਿਨ ਕੇ ਗਰ ਮਹਿਂ ਸੁੰਦਰ ਮਾਲਾ। ਇਨ ਤੇ ਕੀਮਤਿ ਤਾਂਹਿ ਬਿਸਾਲਾ ॥੨੨॥ ਸੋ ਚੰਦੂ ਕੇ ਘਰ ਮਹਿਂ ਰਹੀ। ਬਾਹਰ ਜ਼ਾਹਰ ਕੀਨਸਿ ਨਹੀਂ। ਛਲਿ ਕਰਿ ਆਇਸੁ ਪਾਇ ਤਿਹਾਰੀ। ਕਰੀ ਅਜੋਗ ਅਵੱਗ੍ਯਾ ਭਾਰੀ ॥ ੨੩ ॥ ਅਬਿ ਤਿਸ ਤੇ ਮਾਲਾ ਨਿਕਸਾਵਹੁ। ਕੈਧੋਂ ਮਨਕਾ ਏਕ ਅਨਾਵਹੁ। ਤੁਮ ਢਿਗ ਨਹਿਂ ਸੁਧਿ ਪਹੁੰ-ਚਨਿ ਦੀਨਿ। ਅਨਿਕ ਫਰੇਬ ਬਤਾਵਨਿ ਕੀਨਿ' ॥ ੨੪ ॥ ਸਮੁਝ੍ਯੋ ਸ਼ਾਹੁ ਸਕਲ ਭਿਵ[6] ਪਾਇ। 'ਚੰਦੂ ਖੁਟਾਈ ਕਹਤਿ ਸੁਨਾਇ। ਬਡੇ ਗੁਰੂਨ ਕੀ ਕੀਨਿਸਿ ਚਾਰੀ।—ਰਾਖਹਿਂ ਦੋਰ ਦੇਸ਼ ਮਹਿਂ ਝਾਰੀ' §—॥ ੨੫ ॥ ਮੈਂ ਸੁਨਿ ਕਰੇ ਹਕਾਰਨ ਜਬੈ। ਆਇ ਦਰਸ ਗਰੁ ਦੀਨਸਿ ਤਬੈ। ਸੰਧ੍ਯਾ ਭਈ ਗਏ ਨਿਜ ਡੇਰੇ।ਪੁਨ ਮੋਕਹੁ ਸੁਧਿ ਨਹਿਂ ਕਿਸ ਬੇਰੇ ॥ ੨੬॥ ਅਬਿ ਤੁਮਰੀ ਇਹ ਰੀਤਿ ਸੁਨਾਈ।—ਲਈ ਬਟੋਰ ਚਮੂੰ[7] ਸਮੁਦਾਈ। ਬੈਠੇ ਤਖਤ ਬਾਕ

---

[1]ਹੱਥ ਦਾ (ਮਣਕਾ)। [2]ਸੁਹੰਢਣਾ ਰਹੇ [ਫਾ:, ਮੁਬਾਰਕ]। [3]ਵਾਧੂ। [4]ਪਵਿੱਤ੍ਰ (ਮਣਕਾ) (ਅ) ਹੇ ਦੋਸ਼ ਰਹਿਤ (ਗੁਰੂ ਜੀਓ!)। [5]ਬਣਦਾ ਹੈ। [6]ਭੇਦ। [7]ਸਮੂਹ। *ਪਾ:—ਸੁ ਜੋਰੀ।

†ਪਾ:—ਨਿਤ ਕੀਜਹਿ ਅਬਿ ਤੇ ਤਿਮ ਮੋਰੀ। ‡ਜਹਾਂਗੀਰ ਵੱਡਾ ਹੋਕੇ ਅਕਸਰ ਰੋਗੀ ਰਹਿੰਦਾ ਸੀ, ਸਰੀਰ ਦੀ ਕੁਸ਼ਲਤਾ ਹਰ ਇਕ ਨੂੰ ਪਿਆਰੀ ਹੁੰਦੀ ਹੈ। §ਪਾ:—ਝਾਰੀ।

ਉਚਰੈ ਹੈਂ। ਗੁਰੂ ਪਿਤਾ ਕੋ ਬਦਲਾ ਲੈਹੈਂ-॥ ੨੭ ॥ ਇਮ ਸੁਨਿ ਕੈ ਭ੍ਰਮ ਉਪਜਯੋ ਮੇਰੇ। ਪਠਯੋ ਵਜ਼ੀਰਖਾਨ ਤੁਮ ਡੇਰੇ। ਕ੍ਰਿਪਾ ਧਾਰਿ ਦਰਸ਼ਨ ਕੋ ਦੀਨਾ। ਨਹੀਂ ਬਿਕਾਰ ਆਪ ਮੈਂ ਚੀਨਾ॥ ੨੮ ॥ ਮੁਝ ਤੇ ਬਦਲਾ ਕਿਮ ਤੁਮ ਚਾਹੋ। ਮਨ ਭੀ ਨਹੀਂ ਪਾਪ ਕੇ ਮਾਹੋ। ਜਿਨਹੁ ਕੀਨਿ ਤਿਨ ਤੇ ਅਬਿ ਲੀਜੇ। ਮੈਂ ਨਿਸ਼ਪਾਪ, ਕ੍ਰਿਪਾ ਨਿਜ ਕੀਜੈ ॥੨੯॥ਚਤੁਰ ਘਟੀ ਇਕ ਦਰ-ਸ਼ਨ ਕਰਯੋ। ਪੁਨ ਕੁਛ ਕਹਯੋ ਨ ਮੈਂ ਉਰ ਧਰਯੋ'। ਸ੍ਰੀ ਹਰਿ ਗੋਵਿੰਦ ਗਿਰਾ ਉਚਾਰੀ। 'ਛੋਰਹੁ ਕਹਾਂ ਜ਼ਿਕਰ ਅਸ ਭਾਰੀ॥ ੩੦ ॥ ਇਹ ਲੇਖਾ ਦਰਗਾਹ ਖ਼ੁਦਾਇ। ਤਬਿ ਲੈਹੈਂ ਜਬਿ ਕਰਿ ਹੈਂ ਨਸਾਇ। ਇਹਾਂ ਨ ਨਿਬਰੈ, ਬਾਕੀ ਮਹਾਂ। ਨਰਕ ਸਜਾਇ ਬਨਤਿ ਹੈ ਜਹਾਂ॥ ੩੧ ॥ ਸੰਕਟ ਪਰਹਿ ਬ੍ਰਿਲਾਪ ਪੁਕਾਰੈਂ। ਨਹੀਂ ਸਹਾਇਕ ਸੰਗ ਨਿਹਾਰੈਂ। ਅੰਤਰਜਾਮੀ ਸਭਿ ਕਿਛੁ ਜਾਨਹਿਂ।ਤਿਸਤੇ ਕਹਾਂ ਛਪਾਵਨਿ ਠਾਨਹਿਂ॥੩੨॥ ਅਬਿ ਮਨਕਾ ਮੰਗਵਾਵੋ ਸੋਇ। ਬਡੇ ਗੁਰੂ[1] ਕੇ ਗਰੇ ਮਹਿਂ ਜੋਇ'।ਸੁਨਿ ਪਤਿਸ਼ਾਹੁ ਤ੍ਰਾਸ ਉਰ ਪਾਵਾ॥ ਪਠਿ ਨਰ ਚੰਦੂ ਨਿਕਟ ਬੁਲਾਵਾ ॥ ੩੩ ॥ ਗੁਰ ਕਰ ਬਿਖੇ ਸਿਮਰਨੋ ਦ੍ਰਿਸ਼ਿ ਕੋ। ਕਰਿ ਸ਼ਾਰਤ ਭਾਖਯੋ ਬਚ ਤਿਸ ਕੋ।'ਇਨ ਕੇ ਸਮ ਮਣਕਾ ਜੋ ਹੋਇ। ਹਮ ਕੋ ਆਨਿ ਦੀਜੀਏ ਸੋਇ' ॥ ੩੪ ॥ ਸੁਨਿ ਚੰਦੂ ਕਰ ਜੋਰਿ ਉਚਾਰਾ। 'ਲੀਜਹਿ ਇਸ ਤੇ ਕੀਮਤਿ ਭਾਰਾ। ਜਾਇ ਨਿਕੇਤ ਖੋਜ ਮੈਂ ਆਨਹੁਂ।ਜਿਸ ਮਹਿਂ ਉਜਲਤਾ ਸੁ ਪਛਾਨਹੁਂ' ॥ ੩੫ ॥ ਸੁਨਿ ਹਜ਼ਰਤ ਕੀ ਆਇਸੁ ਗਯੋ। ਜਾਇ ਸਦਨ ਮਹਿਂ ਪ੍ਰਾਪਤਿ ਭਯੋ। 'ਸ੍ਰੀ ਅਰਜਨ ਕੇ ਗਰ ਕੀ ਮਾਲਾ। ਲਯਾਉ ਨਿਕਾਸ' ਕਹਯੋ[2] 'ਇਸ ਕਾਲਾ' ॥ ੩੬ ॥ ਦਾਸ ਗਯੋ ਜਹਿਂ ਦਸ਼ਟ ਖਜ਼ਾਨਾ। ਖੋਜਤਿ ਭਏ ਨ ਪ੍ਰਾਪਤਿ ਪਾਨਾ। ਧਰੀ ਹੁਤੀ ਜਿਸ ਥਾਨ ਮਝਾਰੀ। ਤਹਿਂ ਤੇ ਮੂਖਕ[3] ਕਾਟਿ ਨਿਕਾਰੀ ॥ ੩੭ ॥ ਸਭਿ ਮਣਕੇ ਫੋਰਨਿ ਕਰਿ ਡਾਰੇ। ਪਰੀ ਕਿਰਚ[4] ਕੁਛ ਤਹਾਂ ਨਿਹਾਰੇ। ਆਇ ਦਾਸ ਨੇ ਬਾਤ ਸੁਨਾਈ। 'ਸੋ ਮੂਖਕ ਨੇ ਕਤਰ ਗਵਾਈ ॥ ੩੮ ॥ ਸਾਬਤ ਮਨਕਾ ਏਕ ਨ ਰਹਯੋ। ਖੋਦੀ ਖੁਡ, ਨਹਿਂ ਕੈਸੇ ਲਹਯੋ'। ਸੁਨਿ ਚੰਦੂ ਕੈ ਚਿੰਤ ਬਿਸਾਲਾ।-ਕਹਿਂ ਤੇ ਪ੍ਰਾਪਤਿ ਹੁਇ ਇਸ ਕਾਲਾ ॥ ੩੯ ॥ ਮਣਕਾ ਇਕ ਦੇਨੋ ਕਰਿ ਆਯੋ[5]। ਲਖਹਿ ਸ਼ਾਹ, ਇਨ ਕੂਰ ਅਲਾਯੋ। ਬਿਗਰ ਨ

[1]ਭਾਵ ਸ੍ਰੀ ਗੁਰੂ ਅਰਜਨ ਦੇਵ ਜੀ। [2]ਭਾਵ ਚੰਦੂ ਨੇ ਕਿਹਾ ਦਾਸ ਨੂੰ। [3]ਚੂਹੇ ਨੇ। [4](ਮਣਕਿਆਂ ਦੀਆਂ) ਸਿੱਕਰਾਂ, ਟੋਟੇ। [5]ਦੇਣਾ ਕਰ ਆਇਆ ਹਾਂ।

ਜਾਇ ਬਾਰਤਾ ਮੇਰੀ–। ਪਠੇ ਬਜ਼ਾਰ ਦਾਸ ਤਿਸ ਬੇਰੀ॥ ੪੦ ॥ ਧਨੀ ਬਨਕ ਗਨ ਨਿਕਟਿ ਪਠਾਇ।'ਦਿਹੁ ਮਨਕਾ ਮੁਲ ਲਿਹੁ ਮਨ ਭਾਇ'। ਦਿੱਲੀ ਪੁਰਿ ਮਹਿਂ ਨਰ ਗਨ ਫੇਰੇ।ਆਨਿ ਆਨਿ ਕੇਤਿਕ ਤਹਿਂ ਹੇਰੇ॥੪੧॥ ਗੁਰੂ ਸਿਮਰਨੇ ਸਮ ਨਹਿਂ ਪਾਵੈ। ਕਰਹਿ ਸ਼ੀਘ੍ਰਤਾ, ਬਹੁਰ ਪਠਾਵੈ। ਧਨੀ ਨਰਨਿ ਕੈ ਨਿਕਟ ਸਿਧਾਰੈ। ਘਰ ਜਵਾਹਰੀ ਫਿਰਤਿ ਨਿਹਾਰੈ॥ ੪੨ ॥ ਜਹਿਂ ਕਹਿਂ ਧਾਇ ਥਕੇ ਨਰ ਬ੍ਰਿੰਦ। ਕਿਤਹੁਂ ਨ ਪ੍ਰਾਪਤਿ ਤਿਨ ਮਾਨਿੰਦ। ਭਯੋ ਸ਼ਾਹੁ ਕੋ ਸ਼ੋਕ ਬਿਸਾਲਾ। ਕਰਤਿ ਪ੍ਰਤੀਖਨ ਭਾ ਚਿਰ ਕਾਲਾ॥ ੪੩ ॥ ਪਠ੍ਯੋ ਅਪਰ ਨਰ 'ਲ੍ਯਾਉ ਹਕਾਰੀ। ਕਿਮ ਚੰਦੂ ਕਹੁ ਲਾਗਿ ਅਵਾਰੀ। ਅਬਿ ਲੌ ਕ੍ਯੋਂ ਨਹਿਂ ਆਵਨਿ ਕਿਯੋ।ਕ੍ਯੋਂ ਨ ਸਦਨ ਤੇ ਲ੍ਯਾਵਤਿ ਭਯੋ'॥ ੪੪॥ਗਯੋ ਦੌਰ ਤਿਸਕੇਰ ਅਵਾਸੇ। ਕਹ੍ਯੋ ਸ਼ਾਹੁ ਕੋ ਕੀਨਿ ਪ੍ਰਕਾਸ਼ੇ।'ਕਰਤਿ ਸ਼ੀਘ੍ਰਤਾ ਨਿਕਟ ਹਕਾਰਤਿ। ਤੁਮ ਕਿਮ ਬੈਠੇ ਚਿੰਤ ਨ ਧਾਰਤਿ'॥ ੪੫॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪੰਚਮ ਰਾਸੇ 'ਚੰਦੂ ਸ਼ਾਹੁ ਕੋ' ਪ੍ਰਸੰਗ ਬਰਨਨੰ ਨਾਮ ਦੁਤੀਓ ਅੰਸੂ॥ ੨ ॥

੩. [ਦੋਖੀ ਚੰਦੂ ਗੁਰੂ ਜੀ ਦੇ ਹਵਾਲੇ]।

ਦੋਹਰਾ॥ ਚੰਦੂ ਪੀਛੇ ਗੁਰ ਕਹੀ 'ਸਭਿ ਮਾਲਾ ਇਸ ਪਾਸ। ਕਿਤਿਕ ਬਰਖ ਬੀਤੇ ਬਹੁਰ ਅਬਿ ਹੈ ਕੈ ਨ ਅਵਾਸ॥ ੧ ॥ ਚੌਪਈ॥ ਤਿਸ ਮਾਲਾ ਕੋ ਮਨਕਾ ਆਵੈ। ਹਮ ਪਛਾਨ ਲੈਹੈਂ ਦੁਤਿ ਪਾਵੈ। ਜੇ ਇਕ ਲ੍ਯਾਵੈ ਲਿਹੁ ਸਭਿ ਮਾਲਾ। ਨਹਿਂ ਇਸ ਦੇਸ਼ ਜੁ ਮੋਲ ਬਿਸਾਲਾ॥ ੨ ॥ ਇਸ ਪਾਪੀ ਨੇ ਸੁਧਿ ਨ ਜਨਾਈ। ਕਰੀ ਅਵਗ੍ਯਾ, ਉਚਿਤ ਸਜ਼ਾਈ'। ਸੁਨਤਿ ਸ਼ਾਹੁ ਕਹਿ 'ਲ੍ਯਾਵਨਿ ਦੇਹੁ। ਜਸ ਆਵਹਿ ਤਸ ਪਰਖ ਕਰੇਹੂ॥ ੩ ॥ ਆਗੈ ਸੁਨੀ ਪੀਰ ਤੇ ਬਾਤਿ । ਜਿਮ ਇਨ ਕਰੇ ਕਪਟ ਕ ਘਾਤਿ। ਜੇ ਅਪਰਾਧੀ ਅਹੈ ਤੁਮਾਰਾ। ਆਪ ਸੰਭਾਰਹੁ ਜ੍ਯੋਂ ਉਰ ਧਾਰਾ॥ ੫ ॥ ਸੀਸ ਹਮਾਰੇ ਫਰਜ਼ ਨ ਰਹੈ।ਜਿਮਕੀਨੋ ਤਿਮ ਫਲ ਕੋ ਲਹੈ*'।ਇਮ ਕਹਿ ਨਰ ਪੁਨ ਔਰ ਪਠਾ-ਯੋ। 'ਚੰਦੁ ਸਦਨ ਕ੍ਯੋਂ ਬਿਲਮ ਲਗਾਯੋ॥ ੪ ॥ ਆਨਹੁ ਸ਼ੀਘ੍ਰ' ਗਯੋ ਤਬਿ ਧਾਇ।'ਉਠਿ ਦਿਵਾਨ! ਕ੍ਯੋਂ ਬੈਠ੍ਯੋ ਆਇ?। ਸ਼ਾਹੁ ਯਾਦਿ ਕਰਿ ਬਾਰੰ-ਬਾਰੀ। ਹੈ ਕਿ ਨਹੀਂ, ਦਿਹੁ ਅਰਜ਼ ਗੁਜ਼ਾਰੀ'॥ ੬ ॥ ਦੇਖ੍ਯੋ ਨਰ ਜਬਿ ਦੁਤਿਯ ਪਠਾਯੋ। ਚਿੰਤਾ ਬਸੀ ਤ੍ਰਾਸ ਕੁਛ ਪਾਯੋ। ਘਰ ਤੇ ਚਲ੍ਯੋ ਸ਼ੀਘ੍ਰਤਾ ਧਰੀ। ਅਟਕ ਬਸਤ੍ਰ ਤੇ ਪਗਿਯਾ ਗਿਰੀ॥ ੭ ॥ ਸਨਮੁਖ ਛੀਂਕ[1], ਬਾਮ ਦ੍ਰਿਗ ਫਰਕਾ। ਜਾਤਿ ਅਚਾਨਕ ਉਰ ਲਗਿ ਧਰਕਾ[2]। ਸ਼ਾਹੁ ਨਿਕਟ

[1]ਨਿੱਛ ਪਈ। [2]ਧੜਕਾ ਲਗਾ।

*ਦੇਖੋ ੨੫੨੪ ਪੰਨੇ ਦੇ ਹੇਠਾਂ ਇਹੋ ਨਿਸ਼ਾਨ

ਤੁਰਨ ਚਲਿ ਗਯੋ। ਗੁਰ ਬੈਠੇ ਦਿਖਿ ਦੁਖਿ ਅਤਿ ਭਯੋ ॥ ੮ ॥ ਹਾਥ ਜੋਰਿ ਬੋਲਯੋ ਢਿਗ ਸ਼ਾਹੁ।'ਮਨਕੇ ਹੁਤੇ ਮੋਰ ਘਰ ਮਾਂਹੁ। ਰਹੇ ਖੋਜਿ ਸੋ ਅਬਿ ਨਹਿਂ ਪਾਏ। ਪੁਨ ਨਰ ਬ੍ਰਿੰਦ ਬਜ਼ਾਰ ਪਠਾਏ॥੯॥ਖੋਜ ਰਹੇ ਨਹਿਂ ਕਿਤ ਹੂੰ ਪਾਏ। ਸਭਿ ਥਲ ਤੇ ਛੂਛੇ ਨਰ ਆਏ। ਅਬਿ ਜੇ ਦੇਰ ਕਰੋ ਦਿਨ ਕੋਇ। ਆਨਹਿਂ ਖੋਜ ਨਗਰ ਜਿਸ ਹੋਇ ॥੧੦॥ ਇਮ ਕਹਿ ਚੰਦੂ ਤੂਸ਼ਨਿ ਹੋਯੋ। ਸ਼ਾਹੁ ਬਦਨ ਗੁਰੁਕੋ ਤਬਿ ਜੋਯੋ।ਤਿਸ ਕੁਛ ਕਹ੍ਯੋ 'ਪਿਖੋ ਇਤ ਕਹਾਂ[1]।ਪ੍ਰਭੁ ਦਰਗਾਹ ਏਕ ਸਮ ਜਹਾਂ ॥ ੧੧ ॥ ਬਦਲਾ ਪਿਤ ਕੋ ਲੇਵੈਂ ਤਹਾਂ। ਨਰਕ ਸਜ਼ਾਇ ਪਾਪੀਅਨਿ ਮਹਾਂ'। ਕਹੀ ਪੀਰ ਕੀ ਇਕ ਉਟ ਬੀਚ*। ਕਰਯੋ ਕੁਕਰਮ ਜਥਾ ਇਹ ਨੀਚ॥੧੨॥ਦੁਤੀਏ ਗੁਰੂ ਕਹ੍ਯੋ ਬਹੁ ਬਾਰ। ਜਾਨਯੋ ਨਿਸ਼ਚੈ ਕਰਿ ਨਿਰਧਾਰ। ਬਿਨਾ ਸੰਦੇਹ ਸ਼ਾਹੁ ਤਬਿ ਕਹ੍ਯੋ। 'ਚੰਦੂ ਅਪਰਾਧੀ ਮਨ ਲਹ੍ਯੋ ॥ ੧੩ ॥ ਹਮਰੇ ਸੀਸ ਦੋਸ਼ ਨਹਿਂ ਧਰੀਅਹਿ। ਕਿਮ ਦਰਗਾਹ ਨ ਬੈਰ ਸੰਭਰੀਅਹਿ। ਇਹਾਂ ਨਿਬੇਰੋ ਬਦਲਾ ਸਾਰੇ। ਹਮ ਕੋ ਆਸ਼ਿਖ ਬਚਨ ਉਚਾਰੋ॥ ੧੪ ॥ ਜੇ ਹਮਰੀ ਕੁਛ ਲਖਹੁ ਖੁਟਾਈ। ਤੌ ਹਮ ਕੌ ਦਿਹੁ ਦੰਡ ਬਨਾਈ। ਨਾਂਹਿ ਤ ਜਾਂਹਿ ਅਵੱਗਯਾ ਕਰੀ। ਤਿਸ ਤੇ ਲਿਹੁ ਬਦਲਾ ਇਸ ਘਰੀ ॥ ੧੫ ॥ ਮਮ ਸਿਰ ਤੇ ਅਬਿ ਕਰਜ਼ ਉਤਾਰਹੁ। ਕਹੋ ਨਿਸੰਗ ਬਾਤਿ ਨਿਰਧਾਰਹੁ'। ਗੁਰੂ ਕਹ੍ਯੋ 'ਬਲ ਪਾਇ ਤੁਮਾਰਾ। ਜੋ ਕਰਿ ਹੈ ਅਪਰਾਧ ਉਦਾਰਾ ॥ ੧੬ ॥ ਤਿਸਕੇ ਫਲ ਭਾਗੀ ਤੁਮ ਅਹੋ। ਚਲਿ ਦਰਗਾਹ ਬਿਖੈ ਕਿਮ ਕਹੋ। ਤਹਿਂ ਲੇਖਾ ਸਭਿ ਲੇਨਾ ਦੇਨਾ। ਹੋਤਿ ਸਭਿਨਿ ਕੋ ਕਿਮਹੁ ਮਿਟੇ ਨਾ ॥ ੧੭ ॥ ਨਿਰਬਲ ਬਲੀ ਰੰਕ ਕੈ ਰਾਊ। ਇਕ ਸਮ ਹੀ ਸਭਿ, ਬਿਖਮ ਨ ਕਾਉ[2]'। ਸੁਨਿ ਕਰਿ ਸ਼ਾਹੁ ਕਹ੍ਯੋ ਗੁਰ ਸੰਗ। 'ਹਮ ਨਹਿਂ ਜਾਨਯੋ ਛਲ ਇਸ ਢੰਗ ॥ ੧੮ ॥ ਪੀਰ ਵਜ਼ੀਰ ਖਾਨ ਕੈ ਆਪਿ[3]*। ਸੁਧਿ ਦੀਨਸਿ ਜਿਮ ਕੀਨਿਸਿ ਪਾਪ[4]। ਸੁਨਿ ਕਰਿ ਮੈ ਅਬਿ ਹੋਯੋ ਨਜਾਰੋ। ਨਿਜ ਅਪਰਾਧੀ ਗਹਹੁ ਕਿ ਮਾਰੋ ॥ ੧੯ ॥ ਹਮ ਸਹਾਇ ਜੇ ਇਸ ਕੀ ਕਰੈਂ। ਤੁਮ ਦ੍ਰਿਸ਼ਟਿ ਤੇ ਦੋਸ਼ਨ ਕੋ ਧਰੈਂ।ਆਗਾ ਅਪਨਿ ਸੁਧਾਰਨਿ ਕਾਰਨ। ਮਿਲਹਿਂ ਨ ਹਮ ਇਸ[5]' ਕੀਨਿ ਉਚਾਰਨਿ ॥ ੨੦ ॥ 'ਪਾਪ ਕਰੋਰਨਿ ਕੇ

---

[1](ਗੁਰੂ ਜੀ ਨੇ) ਕਹਿਆ, ਹੇ ਬਾਦਸ਼ਾਹ ! ਇਧਰ ਕੀ ਵੇਖਦੇ ਹੋ। [2](ਓਥੇ) ਫਰਕ ਕੋਈ ਨਹੀਂ ਪੈਂਦਾ। [3]ਪੀਰ (ਮੀਆਂ ਮੀਰ ਨੇ ਜਾਂ) ਵਜ਼ੀਰਖਾਨ ਨੇ (ਤੇ ਜਾਂ) ਆਪ ਜੀ ਨੇ। [4]ਜਿਵੇਂ (ਇਸ ਪਾਪੀ ਚੰਦੂ ਨੇ) ਪਾਪ ਕੀਤਾ ਹੈ। [5]ਇਸ ਚੰਦੂ ਸਾਥ ਅਸੀਂ ਨਹੀਂ ਮਿਲਾਂਗੇ।

*ਦੇਖੋ ੨੫੨੪ ਪੰਨੇ ਦੇ ਹੇਠਾਂ ਇਹੋ ਨਿਸ਼ਾਨ ☛

ਸਮ ਪਾਪ। ਕਹਯੋ ਪੀਰ ਨੇ*ਮੁਝ ਸੋਂ ਆਪ।ਜਿਸ ਤੇ ਗੋਰ ਧੂਮ ਨਿਕਸਾਵੈ। ਇਸ ਬਿਨ ਕੋ ਅਸ ਪਾਪ ਕਮਾਵੈ[1] ?॥੨੧॥ ਮਮ ਮਨ ਮੈਂ ਹੁਇ ਤ੍ਰਾਸ ਘਨੇਰਾ। ਸੁਨ ਅਸ ਪਾਪ ਮੂਢ ਇਸ ਕੇਰਾ'। ਤਬਿ ਚੰਦੂ ਬੋਲਯੋ 'ਮਮ ਚਾਰੀ। ਕਿਨ ਕੀਨਸਿ ਤੁਮ ਨਿਕਟ ਉਚਾਰੀ ?॥ ੨੨ ॥ ਕਹੋ ਆਪ ਕੇ ਮੈਂ ਲੇ ਗਯੋ। ਕਿਤਿਕ ਦਿਵਸ ਮਹਿਂ ਦੁਖ ਉਪਜਯੋ। ਜਿਸ ਤੇ ਤ੍ਯਾਗਯੋ ਤਿਹ ਠਾਂ ਤਨ ਕੋ। ਨਹਿਂ ਪੁਨ ਲਯੋ ਦੈਨ ਧਨ ਗਨ ਕੋ' ॥੨੩ ॥ ਸੁਨਤਿ ਸ਼ਾਹ ਨੇ ਗਿਰਾ ਉਚਾਰੀ।'–ਰਾਖਹਿ ਚੋਤ[2]–ਕਰੀ ਤੈਂ ਚਾਰੀ। ਕਹਿ ਕੂਰੇ ਮਮ ਮਨ ਭਰਮਾਯਹੁ। ਤਿਨ ਸੋਂ ਅਧਿਗ ਬੈਰ ਉਪਜਾਯਹੁ॥ ੨੪ ॥ ਆਰਫ ਕਾਮਲ ਸ਼ਕਤਿ ਬਿਸਾਲਾ। ਸੋ ਕਿਮ ਐਸੀ ਕਰਹਿ ਕੁਚਾਲਾ।ਕਿਧ ਕੁਕਰਮ ਜਸ, ਤਸ ਦੁਖ ਭਰੈਂ। ਹਮਹਿ ਲਿਪਾਇਮਾਨ ਕਿਮ ਕਰੈਂ'॥ ੨੫॥ ਬਹੁਰ ਕੁਟਿਲ ਇਮ ਬਾਤਿ ਬਨਾਈ। 'ਕਹਿਤ ਦੇਸ਼ ਮਹਿਂ ਨਰ ਸਮੁਦਾਈ।ਤਿਨ ਤੇ ਸੁਨਿ ਮੈਂ ਤੁਮਹਿ ਸੁਨਾਈ। ਲੇ ਆਇਸੁ ਕੋ ਲਿਯੋ ਬੁਲਾਈ' ॥ ੨੬ ॥ ਸੁਨਤਿ ਸ਼ਾਹੁ ਕੋਪਯੋ ਕਹਿ ਬਾਨੀ। 'ਰੇ ਮਤਿਮੰਦ ਨ ਸਕਹਿਂ ਪਛਾਨੀ। ਸਰਬ ਜਗਤ ਦਰਸ਼ਨ ਕੋ ਜਾਵੈ। ਧਰਹਿ ਉਪਾਇਨ ਸੀਸ ਨਿਵਾਵੈ ॥ ੨੭॥ ਰੋਪ ਅਸੰਭਵ ਦੋਸ਼ ਬਿਸਾਲਾ। ਸਤਿਗੁਰ ਕੇ ਸੰਗ ਕੀਨਿ ਕੁਚਾਲਾ। ਅਬਿ ਲੌ ਛਲ ਕੀ ਰਚਿ ਚਤੁਰਾਈ। ਡਰਤਿ ਨਹੀਂ ਦ੍ਵੈ ਲੋਕ ਸਜ਼ਾਈ॥ ੨੮ ॥ ਮਮ ਪ੍ਰਾਨਨਿ ਕੇ ਗੁਰ ਰਖਵਾਰੇ। ਪਟਤਿ ਬਿਘਨ ਗਨ ਸਗਲ ਨਿਵਾਰੇ।ਤਿਨ ਕੇ ਸਾਥ ਬੈਰ ਤੈਂ ਬਾਂਧਾ। ਪ੍ਰਾਨ ਹਾਨ ਲੌ ਦੀਨਿਸਿ ਬਾਧਾ[3]'॥ ੨੯ ॥ ਇਮ ਕਹਿ ਸਤਿਗੁਰੁ ਸੋਂ ਪੁਨ ਕਹਯੋ। 'ਇਹੁ ਅਪਰਾਧੀ ਨਿਰਨੈ ਲਹਯੋ*। ਕਰਹੁ ਸੰਭਾਰਹਿ ਬਦਲਾ ਲੀਜੈ। ਕਰਯੋ ਕੁਕਰਮ। ਤਥਾ ਫਲ ਦੀਜੈ॥ ੩੦॥ ਮਿਹਰਵਾਨਗੀ ਮੋ ਪਰ ਧਰੀਅਹਿ। ਪੁਨਹਿ ਪ੍ਰਲੋਕ ਨ ਖੂਝਨ ਕਰੀਅਹਿ*'। ਸੁਨਿ ਸ਼੍ਰੀ ਹਰਗੋਬਿੰਦ ਬਿਚਾਰੇ। ਖਿਧੀਆ ਜੇਠਾ ਨਿਕਟਿ ਹਕਾਰੇ ॥ ੩੧ ॥ ਕਹਯੋ 'ਗਹੋ ਅਬਿ ਦ੍ਰਿੜ੍ਹ ਗੁਰਦ੍ਰੋਹੀ। ਅਪਨੋ ਬੈਰ ਲੇਹੁ ਇਹੁ ਧ੍ਰੋਹੀ'। ਸੁਨਤਿ ਸ਼ੀਘ੍ਰ ਹੀ ਗਹਿ ਦ੍ਵੈ ਬਾਹੂ। ਵਹਿਰ ਦੁਰਗ ਤੇ ਆਨਯੋ ਤਾਂਹੂ॥ ੩੨ ॥ ਖਰੋ ਕਰਯੋ ਸਿਰ ਪਾਗ ਉਤਾਰੀ। ਗਾਢੀ ਮੁਸ਼ਕਾਂ

---

[1]ਚੰਦੂ ਬਿਨਾਂ (ਅ) ਇਸ (ਪਾਪ ਤੋਂ) ਬਿਨਾ ਹੋਰ ਕਿਸੇ ਨੇ ਕੀ ਪਾਪ ਕਮਾਉਣਾ ਹੈ, ਜਿਸ (ਪਾਪ ਦੇ ਕੀਤਿਆਂ) ਕਬਰ ਤੋਂ ਬੀ ਧੂੰਆਂ ਨਿਕਲਦਾ ਰਹਿੰਦਾ ਹੈ। ਭਾਵ ਕਬਰ ਵਿਚ ਜੀਉੜਾ ਸੜਦਾ ਰਹਿੰਦਾ ਹੈ। [2](ਗੁਹੁ)ਚੋਰ ਰੱਖਦਾ ਹੈ। [3]ਪੀੜਾ।

*ਦੇਖੋ ੨੫੨੪ ਪੰਨੇ ਹੇਠ ਇਹੋ ਨਿਸ਼ਾਨ ☛

ਦੇ ਤਿਸ ਬਾਰੀ। ਕੂਰ ਕੁਪੱਤਾ ਸੱਦ੍ਰਿਸ਼ ਕੁੱਤਾ। ਕਾਢਿ ਚਰਨ ਤੇ ਮਾਰਯੋ ਜੁੱਤਾ ॥ ੩੩ ॥ ਜੇ ਉਮਰਾਵ ਸਹਾਇਕ ਹੁਤੇ। ਚਲਯੋ ਨ ਬਸਿ ਚਿੰਤਾ ਚਿਤ ਜੁਤੇ। ਕਹੈਂ ਕਿਤਿਕ 'ਇਹ ਸ਼ਾਹੁ ਦਿਵਾਨ। ਕਿਮ ਜਾਟਨਿ ਗਹਿ ਲੀਨੋ ਪਾਨ ! ॥੩੪॥ ਭਈ ਸ਼ਾਹੁ ਕੀ ਖਫਗੀ[1] ਕੈਸੇ?। ਜਿਸ ਤੇ ਕਰੀ ਦਸ਼ਾ ਇਸ ਐਸੇ'। ਕੋ ਆਛੋ ਮਾਨੈ ਕੋ ਬੁਰੋ। ਨਰ ਸਮੁਦਾਇ ਆਨਿ ਕਰਿ ਜੁਰੋ ॥ ੩੫ ॥ ਸ਼ਾਹੁ ਸੰਗ ਸਤਿਗੁਰੂ ਬਖਾਨਾ। 'ਅਬਿ ਹਮ ਡੇਰੇ ਕਰਹਿਂ ਪਯਾਨਾ। ਜੋ ਅਪ-ਰਾਧੀ ਬਡੋ ਹਮਾਰਾ। ਦੇ ਕਰਿ ਅਪਨੋ ਦੋਸ਼ ਉਤਾਰਾ*' ॥੩੬॥ ਜਹਾਂਗੀਰ ਕਹਿ 'ਜਿਮ ਮਨ ਭਾਵੈ। ਕਰੋ ਆਪ, ਹਮ ਤਿਮ ਸੁਖ ਪਾਵੈਂ*'। ਖੁਸ਼ੀ ਦੀਨਿ ਉਠਿ ਬਾਹਰ ਆਏ । ਚਢੇ ਤੁਰੰਗ ਦੁਰਗ ਨਿਕਸਾਏ ॥ ੩੭ ॥ ਪਿਖਿ ਜੇਠੇ ਕ ਕਹਯੋ ਰਿਸਾਇ। 'ਬਿਚ ਬਜਾਰ ਕੇ ਇਸ ਕੋ ਲਯਾਇ। ਗੁਰ ਸਿੱਖਨ

[1]ਨਾਰਾਜ਼ਗੀ [ਫਾ:, ਖ਼ਫਗੀ]।

ਉਪਰ ਜਿਸ ਜਿਸ ਥਾਵੇਂ ਇਹ ਨਿਸ਼ਾਨ ਆਇਆ ਹੈ ਉਹਨਾਂ ਤੋਂ ਪਤਾ ਲਗਦਾ ਹੈ ਕਿ ਪੀਰ ਮੀਆਂ ਮੀਰ ਤੇ ਵਜ਼ੀਰ ਖਾਂ ਦੇ ਦੱਸਣੇ ਤੇ ਪਾਤਸ਼ਾਹ ਨੂੰ ਸਚੋ ਸਚ ਕਹਿਣੇ ਤੇ ਅਰ ਹੁਣ ਗੁਰੂ ਜੀ ਦੇ ਦਸਣੇ ਤੇ ਪਾਤਸ਼ਾਹ ਨੂੰ ਨਿਸਚਾ ਹੋ ਗਿਆ ਕਿ ਗੁਰੂ ਅਰਜਨ ਦੇਵ ਜੀ ਨੂੰ ਜੋ ਦੂਸ਼ਨ ਲਾਇਆ ਗਿਆ ਸੀ ਸੋ ਗ਼ਲਤ ਸੀ, ਇਸ ਕਰਕੇ ਉਸ ਨੇ ਆਪਣੇ ਦਿਤੇ ਗ਼ਲਤ ਹੁਕਮ ਦਾ ਦੋਸ਼ੀ ਚੰਦੂ ਨੂੰ ਕਰਾਰ ਦਿਤਾ ਜਿਸ ਨੇ ਝੂਠੀ ਖਬਰ ਦਿਤੀ ਸੀ। ਆਪਣੇ ਆਪ ਨੂੰ ਬੇ-ਗੁਨਾਹ ਦੇ ਖ਼ੂਨ ਦੇ ਦੋਸ਼ ਤੋਂ ਬਚਾਉਣ ਲਈ ਪਾਤਸ਼ਾਹ ਨੇ ਚੰਦੂ ਸਤਿਗੁਰਾਂ ਦੇ ਹਵਾਲੇ ਕੀਤਾ। ਇਹ ਉਸ ਸਮੇਂ ਇਕ ਰਿਵਾਜ ਹੈਸੀ ਕਿ ਹਾਕਮ ਲੋਕ ਭਾਰੇ ਅਪਰਾਧੀ ਨੂੰ, ਜਿਨ੍ਹਾਂ ਦਾ ਉਸ ਨੇ ਅਪਰਾਧ ਕੀਤਾ ਹੋਵੇ, ਉਸ ਦੇ ਹਵਾਲੇ ਕਰ ਦੇਂਦੇ ਸਨ ਤਾਂਕਿ ਜੋ ਦੰਡ ਉਹ ਚਾਹੁਣ ਦੇਕੇ ਜੀ ਠੰਢਾ ਕਰ ਲੈਣ। ਚੰਦੂ ਨੂੰ ਗੁਰੂ ਜੀ ਦੇ ਹਵਾਲੇ ਕਰ ਦੇਣਾ ਕਾਫੀ ਸਬੂਤ ਹੈ ਇਸ ਗਲ ਦਾ ਕਿ ਪਾਤਸ਼ਾਹ ਨੂੰ ਗੁਰੂ ਜੀ ਦੇ ਅਦੋਸ਼ ਹੋਣ ਦਾ ਪੱਕਾ ਨਿਸ਼ਚਾ ਹੋ ਗਿਆ। ਤੇ ਹੁੰਦਾ ਕਿਉਂ ਨਾ ਇਕ ਪੀਰ ਮੀਆਂ ਮੀਰ ਦਾ ਕਹਿਣਾ ਦੂਜੇ ਵਜ਼ੀਰ ਖਾਂ ਦਾ ਤੇ ਤੀਜੇ ਗੁਰੂ ਜੀ ਦਾ ਇਸ ਵੇਲੇ ਸਾਰਾ ਹਾਲ ਦੱਸਣਾ ਬੜੇ ਪੱਕੇ ਸਬੂਤ ਸੇ। ਤਦ ਪਾਤਸ਼ਾਹ ਕਹਿੰਦਾ ਹੈਂ 'ਇਹ ਅਪਰਾਧੀ ਨਿਰਨੈ ਲਹਯੋ'। ਪੁਨ: 'ਸੀਸ ਹਮਾਰੇ ਫਰਜ਼ ਨ ਰਹੈ'। ਪੁਨ:—'ਜੋ ਅਪਰਾਧੀ ਬਡੋ ਹਮਾਰਾ। ਦੇ ਕਰਿ ਅਪਨੋ ਦੋਸ਼ ਉਤਾਰਾ' ਆਦਿ। ਕਵਿ ਜੀ ਜੋ ਪਾਤਸ਼ਾਹ ਵਲੋਂ ਕਤਲ ਦੇ ਹੁਕਮ ਦਾ ਜ਼ਿਕਰ ਨਹੀਂ ਕਰਦੇ ਪਰ ਜੁਰਮਾਨੇ ਲੈਣ ਦਾ ਤੇ ਅਗੋਂ ਵਧੀਕੀ ਚੰਦੂ ਦੀ ਦੱਸਦੇ ਹਨ, ਇਹ ਭੁੱਲ ਉਸ ਸਮੇਂ ਦੇ ਲੇਖਕਾਂ ਦਬਿਸਤਾਨ ਮਜ਼ਾਹਬ ਵਾਲੇ ਵਰਗਿਆਂ ਕੋਲੋਂ ਬੀ ਹੋਈ ਹੈ, ਤੇ ਉਸੇ ਦੀ ਤੋਰੀ ਗਲ ਦੇ ਮਗਰ ਲਗ ਪਗ ਸਾਰੇ ਮਗਰਲੇ ਇਤਿਹਾਸਕਾਰ ਲਕੀਰ ਦੇ ਫਕੀਰ ਬਣੇ ਟੁਰੀ ਗਏ ਹਨ। ਪਾਤਸ਼ਾਹ ਦੇ ਆਪਣੇ ਲਿਖੇ ਨੂੰ ਕਿਸੇ ਨਹੀਂ ਗਉਲਿਆ। ਦੂਸਰੇ ਜਦ ਪਾਤਸ਼ਾਹ ਨੇ ਚੰਦੂ ਹਵਾਲੇ ਕਰਕੇ ਆਪਣੇ ਹੱਥ ਉਸ ਮਹਾਨ ਪਵਿੱਤ੍ਰ ਆਤਮਾ ਦੇ ਖ਼ੂਨ ਤੋਂ ਧੋਤੇ ਤਾਂ ਲੋਕਾਂ ਵਿਚ ਪਾਤਸ਼ਾਹ ਦੀ ਬੇ-ਗੁਨਾਹੀ ਦਾ ਨਿਹਚਾ ਹੋ ਗਿਆ ਤੇ ਇਹ ਟਪਲਾ ਸਿਖ ਲੇਖਕਾਂ ਨੇ ਖਾਧਾ ਜਾਪਦਾ ਹੈ ਕਿ ਪਾਤਸ਼ਾਹ ਮੁੱਢ ਤੋਂ ਹੀ ਬੇ-ਕਸੂਰ ਸੀ। ਜੋ ਟੂਕ ਅਸੀਂ ਪੰਨੇ ੨੩੭੭ ਦੇ

[ਬਾਕੀ ਟੂਕ ਦੇਖੋ ਅਗਲੇ ਪੰਨੇ ਦੇ ਹੇਠ]

ਸੰਗ ਹੁਕਮ ਉਚਾਰੋ। -ਪਨਹੀ ਪਾਂਚ ਪਾਂਚ ਇਸ ਮਾਰੋ-॥੩੮॥ ਜੂਤਨਿ ਕੀ ਬਰਖਾ ਸਿਰ ਹੋਵੈ। ਸਨੇ ਸਨੇ ਆਨਹੁ, ਸਭਿ ਜੋਵੈਂ'। ਇਮ ਕਹਿ ਗੁਰੂ ਤੁਰੰਗ ਚਲਾਯੋ। ਪਾਛੇ ਜੇਠਾਦਿਕ ਸਮੁਦਾਯੋ॥ ੩੯ ॥ ਨਗਨ ਸੀਸ ਚੰਦੂ ਕੋ ਕਰਿ ਕੈ। ਡਾਰੀ ਖਾਕ ਮੁਸ਼ਟ ਭਰਿ ਭਰਿਕੈ। ਹਾਥ ਬਿਖੈ ਪਨਹੀ ਗਹਿ ਲੀਨੇ। ਜਹਾਂ ਨਰਨ ਕੇ ਗਨ ਬਹੁ ਚੀਨੇ ॥ ੪੦ ॥ ਤਹਾਂ ਕਹੈਂ ਮੁਖ ਊਚ ਪੁਕਾਰਿ। 'ਇਹ ਗੁਰਦ੍ਰੋਹੀ ਕੈ ਸਿਰ ਮਾਰਿ। ਜੋ ਸਤਿਗੁਰੁ ਕੋ ਸਿੱਖ ਕਹਾਵੈ। ਪਨਹੀ ਪੰਚ ਦੁਸ਼ਟ ਕੋ ਲਾਵੈ' ॥ ੪੧ ॥ ਜਬਿ ਸੰਗਤਿ ਮਹਿਂ ਸੁਧ ਅਸ ਪਾਈ। ਗਹਿ ਚੰਦੂ ਕੀ ਮੁਸ਼ਕ ਚਢਾਈ। ਧਾਏ ਮਨਹੁ ਅਨੰਦ ਕੋ ਲੁਟਨਿ। ਗੁਰੁ ਦ੍ਰੋਹੀ ਕੇ ਸਿਰ ਕੋ ਕੁਟਨਿ ॥੪੨॥ ਸ਼ਾਹੁ ਦਿਵਾਨ ਜਾਨਿ ਕੁਛ ਡਰੈਂ। ਪਨਹੀ ਹਾਥ ਛੁਪਾਵਨਿ ਕਰੈਂ। ਦ੍ਰਿਸ਼ਟਿ ਬਚਾਇ ਕਿ ਹੋਹਿ ਪਿਛਾਰੀ । ਬਲ ਤੇ ਕਰਹਿਂ ਜੂਤ ਗਨ ਮਾਰੀ ॥ ੪੩ ॥ ਆਇ ਚੌਂਪ ਤੇ ਹਰਖ ਕਰੰਤੇ। ਸਿਰ ਚੰਦੂ ਕੇ ਜੂਤ ਹਨੰਤੇ। ਤਬਿ ਜੇਠੇ ਨੇ ਕਹਜੋ ਪੁਕਾਰੇ। 'ਇਸ ਤੇ ਕਹਾ ਤ੍ਰਾਸ ਅਬਿ ਧਾਰੇ ॥ ੪੪ ॥ ਸਤਿਗੁਰੁ ਹੁਕਮ ਕਰਹੁ ਇਸ ਮਾਰੇ'। ਸਨੇ ਸਨੇ ਇਮ ਚਲ ਬਜ਼ਾਰੇ। ਦੇਖਹਿਂ ਲੋਕ ਹਜ਼ਾਰੋਂ ਖਰੇ। ਪਹੁੰਚੇ ਸਿੱਖ ਮਾਰ ਸਿਰ ਕਰੇ ॥ ੪੫ ॥ ਸ਼ਮਸ ਸੇਤ ਤਨ ਬੈਸ ਬਿਸਾਲਾ। ਪਰਹਿ ਮਾਰ ਨਹਿਂ ਰਹੈ ਸੰਭਾਲਾ। ਪੁਰਿ ਕੀ ਨਾਰਿ ਅਰੂਢੀ ਉਚੇ। ਕੌਤਕ ਹੋਵਤਿ ਜਹਾਂ ਪਹੁੰਚੇ ॥ ੪੬ ॥ ਕਰਤਿ ਬਿਲੋਕਨ ਨਰ ਗਨ ਨਾਰੀ। ਕੋ ਮਾਰਹਿ ਕੋ ਦੇਵਤਿ ਗਾਰੀ । ਕੋ ਮੁਖ ਊਪਰ ਜੂਤ ਬਜਾਵੈ। ਕੋ ਭਰਿ ਮੁਸ਼ਟ ਖਾਕ ਕੀ ਪਾਵੈ॥੪੭॥ ਮੁਸ਼ਕਾਂ ਦੇ ਕਰਿ ਪਗੀਆ ਸਾਥ। ਪੀਛੇ ਗਹੀ ਸੁ ਜੇਠੇ ਹਾਥ। ਆਗੇ ਕਰਜੋ

[ਪਿਛਲੇ ਪੰਨੇ ਦੀ ਬਾਕੀ ਟੂਕ]

ਹੇਠ* ਨਿਸ਼ਾਨ ਵਾਲੀ ਲਿਖ ਆਏ ਹਾਂ ਉਸ ਦੀ ਵਿਚਾਰ ਤੇ ਇਸ ਵੇਲੇ ਪਾਤਸ਼ਾਹ ਦਾ ਚੰਦੂ ਨੂੰ ਸਤਿਗੁਰਾਂ ਦੇ ਹਵਾਲੇ ਕਰ ਦੇਣਾ ਇਸ ਗਲ ਦਾ ਸਬੂਤ ਦੇਂਦਾ ਹੈ ਕਿ ਗੁਰੂ ਜੀ ਮੂਲੋਂ ਜ਼ਿੰਮੇਵਾਰ ਨਹੀਂ ਸੇ ਉਸ ਊਜ ਦੇ ਜੋ ਊਜ ਕਿ ਦੋਸ਼ ਬਣਾ ਕੇ ਪਾਤਸ਼ਾਹ ਤੋਂ ਕਹਿਰ ਕਰਵਾਇਆ ਗਿਆ ਸੀ। ਉਹ ਗੁਰ ਦ੍ਰੋਹੀਆਂ ਦੀ ਘੜੀ ਹੋਈ ਸੀ ਤੇ ਪਾਤਸ਼ਾਹ ਨੂੰ ਉਸ ਦੇ ਨਿਸ਼ਚੇ ਦਿਵਾਉਣ ਦਾ ਚੰਦੂ ਜ਼ਿੰਮੇਵਾਰ ਸੀ। ਜੇ ਕਿਹਾ ਜਾਵੇ ਕਿ ਪਾਤਸ਼ਾਹ ਨੇ ਨਿਰਾ ਜੁਰਮਾਨਾ ਕੀਤਾ ਸੀ ਤੇ ਚੰਦੂ ਨੇ ਸ਼ਹੀਦ ਕਰ ਦਿਤਾ ਇਸ 'ਤਜਾਵਜ਼ ਸਜ਼ਾ' ਦੇ ਬਦਲੇ ਪਾਤਸ਼ਾਹ ਨੇ ਚੰਦੂ ਨੂੰ ਦੋਸ਼ੀ ਕਰਾਰ ਦਿਤਾ ਤਾਂ ਠੀਕ ਨਹੀਂ ਕਿਉਂਕਿ ਪਾਤਸ਼ਾਹ ਨੇ ਆਪ ਲਿਖਿਆ ਹੈ ਕਿ ਮਾਰ ਦੇਣ ਦਾ ਹੁਕਮ ਮੈਂ ਦਿਤਾ ਹੈ। ਇਸ ਸਜ਼ਾ ਨੂੰ ਘਟਾਉਣ ਯਾ ਜੁਰਮਾਨੇ ਵਿਚ ਬਦਲਣ ਦਾ ਪਾਤਸ਼ਾਹ ਮੂਲੋਂ ਜ਼ਿਕਰ ਨਹੀਂ ਕਰਦਾ। ਇਸ ਤੋਂ ਸਪਸ਼ਟ ਹੋ ਗਿਆ ਕਿ ਪਾਤਸ਼ਾਹ ਨੂੰ ਸਾਬਤ ਹੋ ਗਿਆ ਕਿ ਗੁਰੂ ਜੀ ਪਰ ਲਾਇਆ ਗਿਆ ਇਲਜ਼ਾਮ ਗ਼ਲਤ ਸੀ ਤੇ ਚੰਦੂ ਇਹ ਝੂਠਾ ਇਲਜ਼ਾਮ ਲਾ ਕੇ ਪਾਤਸ਼ਾਹ ਤੋਂ ਗਲਤੀ ਕਰਵਾਉਣ ਦਾ ਜ਼ਿੰਮੇਵਾਰ ਸੀ।

ਚਲਤਿ ਪੁਰਿ ਮਾਂਹੀ। ਭਰਯੋ ਧੂਰ ਪਰਖ੍ਯੋ ਨਹਿਂ ਜਾਹੀ॥੪੮॥ ਦੌਰਿ ਦੌਰਿ ਬਾਲਕ ਗਨ ਆਵੈਂ। ਅੰਜੁਲ ਭਰਹਿਂ ਖਾਕ ਕੇ ਪਾਵੈਂ।'ਇਹ ਭਰੁਵਾ ਗੁਰੁ-ਦ੍ਰੋਹੀ ਮਹਾਂ'।ਜਾਂਹਿ ਪ੍ਰਵਾਰਤਿ[1] ਬਹੁ ਜਹਿਂ ਕਹਾਂ॥ ੪੯॥ 'ਹਤਨਿ ਪਵਿੱਤ੍ਰ' ਕਹਹਿ ਨਰ ਕੋਈ। 'ਇਹ ਗੁਰੁਦ੍ਰੋਹੀ ਦੋਖ ਨ ਕੋਈ'। ਇਸ ਪ੍ਰਕਾਰ ਮਾਰਤਿ ਲੇ ਗਏ। ਡੇਰੇ ਬਿਖੇ ਪਹੁਚਤਿ ਭਏ* ॥ ੫੦ ॥ ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪੰਚਮ ਰਾਸੇ 'ਚੰਦੂ ਗਹਿਨ' ਪ੍ਰਸੰਗ ਬਰਨਨੰ ਨਾਮ ਤ੍ਰਿਤੀਓ ਅੰਸੂ ॥ ੩ ॥

---

[1]ਘੇਰੀ ਜਾਂਦੇ ਹਨ।

*ਉੱਪਰ ਆਇਆ ਹੈ ਕਿ ਗੁਰੂ ਜੀ ਨੇ ਜੇਠੇ ਆਦਿ ਸਿਖਾਂ ਨੂੰ ਹੁਕਮ ਦਿਤਾ ਕਿ ਚੰਦੂ ਨੂੰ ਫੜ੍ਹ ਕੇ ਡੇਰੇ ਲੈ ਚਲੋ ਤੇ ਆਪ ਡੇਰੇ ਚਲੇ ਗਏ। ਜੋ ਦੁੱਖ ਸਿਖਾਂ ਦੇ ਜੀ ਵਿਚ ਗੁਰੂ ਅਰਜਨ ਦੇਵ ਜੀ ਵਰਗੀ ਅਰਸ਼ੀ ਵਜਕਤੀ ਨੂੰ ਕਸ਼ਟਾਂ, ਖੇਦਾਂ, ਤੇ ਹੈਵਾਨੀ ਤਸੀਹਿਆਂ ਦੇ ਦਿਤੇ ਜਾਣ ਦਾ ਸੀ, ਉਸ ਦਾ ਅੰਦਾਜ਼ਾ ਕਰਨਾ ਕਠਨ ਹੈ। ਨਾ ਕੇਵਲ ਸਿਖ ਬਲਕੇ ਸਾਰੀ ਪ੍ਰਜਾ ਨਾਰਾਜ਼ ਸ਼ੀ। ਫਿਰ ਚੰਦੂ ਦੇ ਹੱਥੋਂ ਆਮ ਲੋਕੀਂ ਬੀ ਉਸ ਦੀ ਸਖਤੀ ਤੇ ਹੈਂਕੜ ਕਰਕੇ ਤੰਗ ਸਨ। ਜਦੋਂ ਸਿਖ ਚੰਦੂ ਦੇ ਹਥਾਂ ਨੂੰ ਮੁਸ਼ਕਾਂ ਪਾਕੇ ਸ਼ਹਿਰ ਦੇ ਵਿਚ ਦੀ ਲੰਘੇ ਹਨ ਤਾਂ ਨਾ ਕੇਵਲ ਸਿਖ ਸੰਗਤਾਂ ਬਲਕੇ ਹਰ ਪ੍ਰਜਾ ਦਾ ਆਦਮੀ ਹਿੰਦੂ ਮੁਸਲਮਾਨ ਟੁੱਟ ਕੇ ਪਿਆ ਹੋਊ। ਇਹ ਖਬਰ ਬਿਜਲੀ ਵਾਂਕੂ ਫੈਲੀ ਤੇ ਇਡੇ ਵੱਡੇ ਜ਼ਾਲਮ ਦਾ ਗਿਰਾਉ ਸਰਬ ਸਧਾਰਣ ਵਿਚ ਚਾਉ ਤੇ ਵਹਿਸ਼ਤ ਭਰਨ ਵਿਚ ਇਕ ਅੱਗ ਦਾ ਅਲਾਂਬਾ ਹੋਇਆ ਹੋਊ। ਸੋ ਆਮ ਖਲਕਤ ਦੇ ਟੁੱਟ ਪੈਣ ਨਾਲ ਚੰਦੂ ਸਿਖਾਂ ਦੇ ਕਬਜ਼ੇ ਵਿਚ ਬੀ ਨਹੀਂ ਰਹਿ ਸਕਿਆ ਤੇ ਲੋਕਾਂ ਦੇ ਹੱਥੋਂ ਮਾਰੀਦਾ ਮਾਰੀਦਾ ਮਰ ਗਿਆ ਹੋਊ, ਡੇਰੇ ਤਕ ਅੱਪੜ ਨਹੀਂ ਸਕਿਆ ਹੋਣਾ। ਡੇਰੇ ਅੱਪੜਨਾ ਲਾਹੌਰ ਪਹੁੰਚਣਾ ਤੇ ਓਥੇ ਜਾਕੇ ਮਰਨਾ ਕਿਆਸ ਵਿਚ ਘਟ ਆਉਂਦਾ ਹੈ। ਅੱਜ ਕਲ੍ਹ ਦੇਖੋ ਅਮਰੀਕਾ ਵਿਚ ਕਈ ਵੇਰ ਕਿਸੇ ਹਬਸ਼ੀ ਪਰ ਲੋਕੀਂ ਨਾਰਾਜ਼ ਹੋਕੇ ਟੁੱਟ ਕੇ ਪੈਂਦੇ ਹਨ ਤਾਂ ਉਹ ਬਜ਼ਾਰ ਵਿਚੋਂ ਜੀਉਂਦਾ ਬਚ ਕੇ ਨਿਕਲ ਨਹੀਂ ਸਕਦਾ, ਪੁਲੀਸ, ਫੌਜੀ ਪ੍ਰਬੰਧ ਤੇ ਚੋਟੀ ਦੀ ਸਭ੍ਯਤਾ ਕੁਛ ਨਹੀਂ ਸਾਰ ਸਕਦੀ, ਉਥੇ ਇਸ ਨੂੰ 'ਲਿੰਚ' ਕਰਨਾ ਆਖਦੇ ਹਨ। ਜਿੰਨੀਆਂ ਜੁਤੀਆਂ ਕਵਿ ਜੀ ਸਿਖਾਂ ਦੀਆਂ ਤੇ 'ਨਰ ਗਨ' ਆਮ ਲੋਕਾਂ ਦੀਆਂ ਪਈਆਂ ਦੱਸਦੇ ਹਨ ਓਹੀ ਕਾਫੀ ਹਨ ਮਾਰ ਦੇਣ ਲਈ। ਨਮੂਨੇ ਲਈ ਦੇਖੋ ਅੰਸੂ ੫ ਅੰਕ ੧੦, ਹਜ਼ਾਰਾਂ ਆਦਮੀਆਂ ਦੀਆਂ ਜੁੱਤੀਆਂ ਤੇ ਲੱਤਾਂ ਹੇਠ ਕੌਣ ਬਚ ਸਕਦਾ ਹੈ ? ਜੇ ਚੰਦੂ ਲਾਹੌਰ ਪਹੁੰਚ ਕੇ ਬਜ਼ਾਰ ਵਿਚ ਦੀ ਜਾਂਦਾ ਲੋਕਾਂ ਦੀ ਮਾਰ ਕੁੱਟ ਤੇ ਭੜਭੂੰਜੇ ਦੇ ਕੜਛੇ ਨਾਲ ਮੋਇਆ ਹੈ ਤਾਂ ਦਿੱਲੀ ਵਿਚ ਉਸ ਉੱਤੇ ਹਜ਼ਾਰਾਂ ਆਦਮੀਆਂ ਦਾ ਟੁੱਟ ਕੇ ਪੈਣਾ ਨਾ ਠੀਕ ਮੰਨਣਾ ਪਵੇਗਾ। ਫਿਰ ਦਿੱਲੀ ਮਾਮੂਲੀ ਹੱਤਕ ਹੋਈ ਹੋਊ ਤੇ ਉਸ ਦੀ ਰਾਖੀ ਤੇ ਜਿੰਦ ਨੂੰ ਸਹੀ ਸਲਾਮਤ ਰੱਖਣ ਦੇ ਪ੍ਰਬੰਧ ਕਰਕੇ ਲਾਹੌਰ ਪੁਚਾਇਆ ਹੋਊ। ਲਾਹੌਰ ਦੇ ਬਜ਼ਾਰਾਂ ਵਿਚ ਖ਼ਲਕਤ ਦਾ ਟੁੱਟ ਕੇ ਪੈਣਾ ਉਸ ਲਈ ਕਾਫੀ ਸੀ, ਕਿਉਂਕਿ ਲਾਹੌਰ ਦੇ ਲੋਕਾਂ ਵਿਚ ਰੰਜ ਹੋਰ ਵੀ ਵਧੇਰੇ ਸੀ ਕਿ ਜਿੱਥੇ ਸਾਕਾ ਵਰਤਿਆ ਸੀ। ਖ਼ਲਕਤ ਟੁੱਟ ਕੇ ਪਈ ਹੋਈ ਲੰਮਾ ਚਿਰ ਨਹੀਂ ਕਿਸੇ ਨੂੰ ਜੀਵਣ ਦਿਆ ਕਰਦੀ, ਪਰੰਤੂ ਵਧੇਰੇ ਨਿਸ਼ਚਿਤ ਹੋਣ ਲਈ ਹੋਰ ਖੋਜ ਦੀ ਲੋੜ ਹੈ।

੪. [ਸ੍ਰੀ ਅੰਮ੍ਰਿਤਸਰ ਮੁੱਖਸਾਂਦ ਦੀ ਖਬਰ ਭੇਜੀ]।

ਦੋਹਰਾ॥ [1]"ਸ੍ਰੀ ਗੁਰੁ ਹਰਿ ਗੋਬਿੰਦ ਜੀ ਜਸ ਬਿਸਾਲ ਕੋ ਪਾਇ। ਲਿਯੋ ਬੈਰ ਪਿਤ ਕੋ ਭਲੇ ਗਹ੍ਯੋ ਦੁਸ਼ਟ ਦੁਖਦਾਇ॥੧॥ਚੌਪਈ॥ਬਡ ਅਪਰਾਧ ਕਰ੍ਯੋ ਜਿਨ ਜੈਸੇ। ਦਈ ਸਜ਼ਾਇ ਦੀਰਘ੍ਯਾ ਤੈਸੇ। ਇਮ ਹੋਇ ਬਿਨ ਜੇ ਮਰਿ ਜਾਤੋ। ਕਰਤਿ ਕਲੰਕਤਿ ਜਸ ਅਵਦਾਤੋ[2]:–॥੨॥–ਲਿਯੋ ਨ ਗਯੋ ਬੈਰ ਪਿਤ ਕੇਰਾ॥ ਕਨੌਂ ਸੁਤ ਜਨਮ੍ਯੋ ਮੰਦ ਬਡੇਰਾ*। ਗੁਰੂ ਅਵੱਗ੍ਯਕ ਥਿਰਤਾ ਪਾਵੈ। ਮਹਾਂ ਪਾਤਕੀ ਪਾਪ ਕਮਾਵੈ–॥ ੩॥ ਸਤਿਗੁਰ ਸੁਤ ਅਰੁ ਸੰਗਤਿ ਕੇਰਾ। ਕਹਿੰ[3] ਅਪਵਾਦ ਅਜਾਨ ਬਡੇਰਾ। ਸ੍ਰੀ ਹਰਿਗੋਬਿੰਦ ਅਬਿ ਸਭਿ ਕੇਰੀ। ਰਾਖਿ ਲਈ ਪਤ ਲਾਜ ਘਨੇਰੀ॥ ੪॥ ਉਪਜ਼ਨਿ ਤਿਨ ਕੋ ਧੰਨ ਮਹਾਨਾ। ਕਰ੍ਯੋ ਕਾਜ ਛੱਤ੍ਰੀਨਿ ਸੁਜਾਨਾ[4]। ਦਾਵੇ ਦਾਰ[5] ਰਿਦਾ ਅਸ ਜਿਨ ਕੋ।ਆਯੁਧ ਧਰਨਿ ਧੰਨ ਹੈ ਤਿਨ ਕੋ॥੫॥ਪੂਰਬ ਸੰਤ ਰੂਪ ਗੁਰ ਅਹੇ। ਤਿਨ ਕੋ ਛਿਮਾ ਕਰਨਿ ਹੀ ਚਹੇ। ਇਹ ਬਡ ਬੀਰ ਸੁ ਬਾਹੁ ਬਿਸਾਲਾ। ਬਸਹਿ ਬੀਰਰਸ ਜਹਾਂ ਸੁਖਾਲਾ॥੬॥ਮਨਹੁ ਸੂਰਤਾ ਰੂਪ ਸੁਹਾਵੈ। ਦਰਸ਼ਨ ਤੇ ਉਤਸਾਹੁ ਬਧਾਵੈ। ਸਤਿਗੁਰੁ ਪਿਤ ਕੋ ਸ਼ੱਤ੍ਰੁ ਚੰਦੂ। ਜਿਨ ਕੀਨਸਿ ਅਪਰਾਧ ਬਿਲੰਦੂ॥੭॥ ਪੁਰਿ ਮਹਿਂ ਫੇਰ੍ਯੋ ਕਰਿ ਅਸ ਹਾਲਾ। ਇਹ ਸ਼ੁਭ ਕਾਰਜ ਕੀਨਿ ਬਿਸਾਲਾ"[1]। ਇਮ ਦਿੱਲੀ ਪੁਰਿ ਬਿਖੈ ਬ੍ਰਿਤੰਤ। ਕਹਤਿ ਪਰਸਪਰ ਲੋਕ ਮਿਲੰਤਿ॥ ੮॥ [1]"ਹੁਤੋ ਪਕਰਨੋ ਕਠਨ ਮਹਾਨ। ਸ਼ਾਹ ਅਗਾਰੀ ਵਧ੍ਯੋ ਦਿਵਾਨ। ਸਭਿ ਉਮਰਾਵ ਸਹਾਇਕ ਜਾਂਹੀ। ਬ੍ਰਿੰਦ ਦਰਬ ਕਿਛੁ ਗਿਨਤੀ ਨਾਂਹੀ॥੯॥ ਸਗਲ ਜਗਤ ਪਰ ਹੁਕਮ ਕਰੰਤਾ। ਹਤਹਿ ਚਹਿਤਿ ਚਿਤ ਕੈ ਬਖ਼ਸ਼ੰਤਾ[6]।ਰਿਸ਼ਵਤ ਦੇ ਸਭਿ ਕੋ ਅਪਨਾਵਤਿ।ਕੋਚਾਰੀ ਕੋ ਕਰਨਿ ਨ ਪਾਵਤਿ॥੧੦॥ਬਿਨ ਸ੍ਰੀ ਹਰਿ ਗੋਵਿੰਦ ਵਿਸ਼ੇਖ। ਕੌਨ ਸਕੈ ਇਸ ਕੀ ਦਿਸ਼ਿ ਦੇਖਿ। ਪਾਤਸ਼ਾਹ ਨੇ ਕਿਮ ਪਕਰਾਯੋ। ਹੁਤੋ ਪੁਰਾਤਨ ਮੁੱਖ੍ਯ[7] ਬਨਾਯੋ"[1]॥੧੧॥ਮਿਲਿ ਮਿਲਿ ਲੋਕ ਕਰਹਿਂ ਇਮ ਬਾਤ।ਪੁਰਿ ਮਹਿਂ ਘਰ ਘਰ ਚੰਦੁ ਬ੍ਰਿਤਾਂਤ। ਸੁਨਤਿ ਸੁਜਸ ਗੁਰ ਆਵਤਿ ਡੇਰੇ। ਬੰਦਨ

[1]ਦਿੱਲੀ ਦੇ ਲੋਕ ਆਪੋ ਵਿਚ ਦੀ ਕਹਿੰਦੇ ਹਨ, ਦੇਖੋ ਅੰਕ ੮। [2](ਗੁਰੂ ਜੀ ਦੇ) ਉੱਜਲ ਜੱਸ ਨੂੰ ਕਲੰਕਤ ਕਰਦਾ, ਉਸ ਕਲੰਕ ਦਾ ਰੂਪ ਅੱਗੇ ਦੱਸਦੇ ਹਨ:–। [3]ਕਹਿੰਦੇ। [4]ਸੁਜਾਨ ਛੱਤ੍ਰੀਆਂ ਵਾਲਾ। [5]ਭਾਵ ਦਾਈਏ ਵਾਲਾ। [6]ਚਿੱਤ ਚਾਹੇ (ਕਿਸੇ ਨੂੰ) ਮਾਰੇ ਯਾ ਬਖਸ਼ੇ। [7]ਮੁਖੀਆ।

*ਗੁਰੂ ਜੀ ਦੀ ਸ਼ਾਨ ਵਿਚ ਇਹ ਵਾਕ ਕਵਿ ਜੀ ਨਹੀਂ ਵਰਤ ਰਹੇ, ਪਰ ਚੌਥੇ ਅੰਕ ਦੀ ਦੂਜੀ ਸਤਰ ਵਿਚ ਦੱਸਦੇ ਹਨ, 'ਕਹਿਂ ਅਪਵਾਦ ਅਜਾਨ ਬਡੇਰਾ' ਕਿ ਬੜੇ ਅਜਾਨ ਪੁਰਖ ਇਸ ਤਰ੍ਹਾਂ ਦੇ ਬੇਅਦਬੀ ਭਰੇ ਵਾਕਾਂ ਵਿਚ ਸਤਿਗੁਰੂ ਜੀ ਦੀ ਨਿੰਦਾ ਕਰਦੇ।

ਕਰਹਿਂ ਸਿੱਖ ਹੁਇ ਨੇਰੇ ॥ ੧੨ ॥ ਆਇ ਬਿਰਾਜੇ ਨਿਜ ਇਸਥਾਨ। ਸ਼੍ਰੀ ਸਤਿਗੁਰੂ ਰੂਪ ਭਗਵਾਨ।ਪਠਜੋ ਹੁਤੋ ਇਕ ਨਰਬਡਭੋਰ।ਚਮੂੰ ਸਮੇਤ ਬ੍ਰਿੱਧ ਕੀ ਓਰ ॥ ੧੩॥ 'ਹਮ ਪਹੁੰਚੇ ਪੁਰਿ ਮਹਿਂ ਅਬਿ ਆਇ। ਤੁਮ ਭੀ ਮਿਲਹੁ ਮੋਦ ਉਪਜਾਇ'।ਬ੍ਰਿਧ ਕੇ ਸਹਤ ਚਮੂੰ ਭਟ ਹਰਖੇ। ਪਾਇ ਜ਼ੀਨ ਹਯਪਰ ਤੰਗ ਕਰਖੇ[1] ॥੧੪॥ ਚਢਿ ਧੌਂਸਾ ਦੇ ਕਰਿ ਸਭਿ ਸੈਨ। ਸਤਿਗੁਰ ਆਇ ਬਿਲੋਕੇ ਨੈਨ। ਸ਼ਾਹੁ ਨਿਕਟ ਤੇ ਜਬਿ ਚਲਿ ਆਏ। ਤਬਿ ਹੀ ਬ੍ਰਿਧ ਜੁਤਿ ਭਟ ਸਮੁਦਾਏ ॥੧੫॥ ਪਦ ਅਰਬਿੰਦਨਿ ਬੰਦਨ ਕਰਿਕੈ। ਦਰਸ ਬਿਲੋਕਤਿ ਆਨੰਦ ਧਰਿਕੈ। ਬ੍ਰਿਧ ਜੁਤ ਸਭਿ ਸਨਮਾਨ ਬਿਠਾਏ।ਇਤਨੇ ਮਹਿਂ ਚੰਦੂ ਕਹੁ ਲਜਾਏ ॥੧੬॥ ਗੁਰ ਪ੍ਰਯੰਕ ਪਰ ਥਿਰੇ ਨਿਹਾਰਹਿਂ। ਬਾਰ ਬਾਰ ਨਰ ਪਨਹੀ ਮਾਰਹਿਂ। ਖਾਕ ਸੀਸ ਅਰੁ ਮੁਖ ਪਰ ਡਾਰੀ। ਸੂਜਯੋ ਸਿਰ ਪਨਹੀ ਗਨ ਮਾਰੀ ॥ ੧੭ ॥ ਮੁਸ਼ਕੈਂ ਬਾਂਧੀ ਪਗਿਯਾ ਸਾਥ। ਜੇਠੇ ਗਹਿ ਰਾਖਯੋ ਨਿਜ ਹਾਥ। ਬਡ ਜੈਕਾਰ ਸ਼ਬਦ ਤਬਿ ਭਯੋ।'ਧੰਨ ਗੁਰੂ ਬਡ ਰਿਪੂ ਗਹਿ ਲਯੋ' ॥ ੧੮ ॥ ਸ਼੍ਰੀ ਹਰਿ ਗੋਬਿੰਦ ਊਚ ਉਚਾਰਾ। 'ਇਹ ਕੂਕਰ ਹੈ ਭਉਂਕਨ ਹਾਰਾ। ਜਹਾਂ ਤੁਰੰਗ ਸਮੂਹ ਪਛਾਰੀ। ਇਕ ਲਕਰੀ ਤਹਿਂ ਗਾਡਹੁ ਭਾਰੀ॥੧੯॥ਜੋ ਰਾਖਹਿ ਕੂਕਰ ਚੰਡਾਲ। ਦਿਹੁ ਮਿਲਾਇ ਇਸਕੋ ਤਿਨ ਨਾਲ। ਕੂਕਰ ਸਮ ਦਿਹੁ ਖਾਨ ਰੁ ਪਾਨਾ।ਤਿਸ ਲਕਰੀ ਸਿਉਂ ਬਾਂਧ ਮਹਾਨਾ ॥ ੨੦ ॥ ਜੇਤਿਕ ਮਾਨਵ ਹਮਰੇ ਸੰਗ। ਸਭਿ ਕੋ ਹੈ ਅਸ ਹੁਕਮ ਅਭੰਗ। ਪਾਂਚ ਪਾਂਚ ਪਨਹੀ ਬਲ ਸਾਥੇ। ਬਡੇ ਦੁਸ਼ਟ ਕੇ ਹਨਿਯਹਿ ਮਾਥੇ'॥੨੧॥ਇਮ ਸੁਨਿ ਕਰਿ ਸੈਨਾ ਨਰ ਸਾਰੇ।ਨਿਜ ਨਿਜ ਬਾਰੀ ਕਰਤਿ ਪ੍ਰਹਾਰੇ। ਪਨਹੀ ਹਨਤਿ ਮੂਰਛਾ ਪਾਈ। ਧਰੇ ਮੌਨ ਸਭਿ ਲਹੇ ਸਜ਼ਾਈ ॥ ੨੨॥ਲਾਤ ਪ੍ਰਹਾਰ ਪਰੇ ਪਰਕਰਹੀ[2]।'ਹਤਯੋ ਦੁਸ਼ਟ ਬਡ' ਬਾਕ ਉਚਰਿਹੀਂ। 'ਮੁਰਛਤਿ ਪਰਯੋ' ਸੁਨਯੋ ਇਮ ਜਬੈ। ਦਯੋ ਹੁਕਮ ਗੁਰ 'ਹਤਹੁ ਨ ਅਬੈ ॥੨੩॥ ਮਰਹਿ ਨਹੀਂ ਜੀਵਤਿ ਇਸ ਰਾਖੋ। ਬਹੁ ਪੁਰਿ ਮਹਿਂ ਫੇਰਨਿ ਅਭਿਲਾਖੋਂ।ਸ੍ਵਾਨਨਿ ਸਾਥ ਦੇਹੁ ਤਿਹ ਖਾਨਾ। ਰਾਖਿ ਬਚਾਵਹੁ ਤਨ ਮਹਿਂ ਪ੍ਰਾਨਾ' ॥ ੨੪ ॥ ਸੁਨਿ ਜੇਠੇ ਮੁਸ਼ਕਾਂ ਖੁਲਿਵਾਈ। ਰਾਖੇ ਢਿਗ ਬਿਠਾਇ ਤਕਰਾਈ। 'ਗਹੇ ਸ਼ਸਤ੍ਰ ਇਕ ਠਾਂਢੋ ਰਹੈ।ਅੱਗ੍ਰ ਬਿਲੋਚਨ ਕੇ ਇਸ ਲਹੈ' ॥ ੨੫ ॥ ਇੱਤਯਾਦਿਕ ਕਹਿ ਕਰਿ ਸਭਿ ਬਾਤਿ। ਦੇਖੀ ਆਨਿ ਪ੍ਰਵਿਰਤੀ

[1]ਤੰਗ ਖਿੱਚੇ। [2]ਲੱਤਾਂ ਦੀ ਮਾਰ (ਬੀ) ਉੱਪਰੋ ਥਲੀ ਕਰ ਰਹੇ ਹਨ। (ਅ) ਲੱਤਾਂ ਮਾਰਦੇ (ਕਹਿ ਰਹੇ ਹਨ, ਕਿ) ਪਰੇ ਕਰੋ, ਪਰੇ ਕਰੋ (ਦੁਸ਼ਟ ਨੂੰ)।

ਰਾਤਿ। ਗੁਰੂ ਸਹਤ ਕਰਿ ਖਾਨ ਰੁ ਪਾਨਾ। ਟਿਕੇ ਸਕਲ ਨਰ ਨਿਜ ਨਿਜ ਥਾਨਾ ॥੨੬॥ਸੁਪਤਿ ਜਥਾ ਸੁਖੁ ਗੁਰ ਅਭਿਰਾਮੂ।ਤਜੀ ਨੀਂਦ ਜਬਿ ਜਾਮਨਿ ਜਾਮੁ। ਸੌਚਿ ਸ਼ਨਾਨ ਕੀਨਿ ਸੁਖ ਪਾਇ। ਥਿਰੇ ਅਡੋਲ ਸਮਾਧਿ ਲਗਾਇ॥੨੭॥ਆਸਾਵਾਰ ਰਬਾਬੀ ਗਾਵੈਂ।ਬਹੁ ਰਾਗਨਿ ਕੇ ਸ਼ਬਦ ਸੁਨਾਵੈਂ। ਰੌਣਕ ਅਤਿ ਹੋਈ ਸਭਿ ਡੇਰੇ। ਜਾਗਤਿ ਹੋਤਿ ਅਨੰਦ ਬਡੇਰੇ॥ ੨੮॥ ਭੇ ਇਕੱਤ੍ਰ ਸਭਿ ਨਰ ਜੁਰਿ[1] *ਆਜਿ।ਸਿਖ ਸੰਗਤ ਅਰੁ ਸੈਨ ਸਮਾਜ।ਦਿਨ-ਕਰ ਉਦੈ ਭਯੋ ਜਿਸ ਕਾਲਾ। ਬਿਕਸੇ ਗੁਰ ਦ੍ਰਿਗ ਕਮਲ ਬਿਸਾਲਾ॥੨੯॥ ਤਜੀ ਸਮਾਧਿ ਬਸਤ੍ਰ ਮੰਗਵਾਇ। ਪਹਿਰ ਸਰਬ ਸਤਿਗੁਰੂ ਸੁਹਾਇ। ਬੈਠੇ ਵਹਿਰ ਲਗਾਇ ਦਿਵਾਨ। ਬੰਦਤਿ ਸਭਿ ਬ੍ਰਿਧ ਆਦਿਕ ਆਨਿ ॥ ੩੦ ॥ ਸਿਪਰ ਖੜਗ ਧਰਿ ਗਨ ਭਟ ਆਇ। ਅਤਿ ਪ੍ਰਮੋਦ ਸਭਿ ਕੈ ਉਰ ਛਾਇ। ਜੁਤਿ ਹਰਿਦਾਸ ਮਹੀਪਤਿ ਬਾਵਨ।ਆਇ ਕਰਯੋ ਗੁਰ ਦਰਸ਼ਨ ਪਾਵਨ ॥ ੩੧॥ਬੰਦਨ ਕਰਹਿਂ ਚਰਨ ਅਰਬਿੰਦੋ।ਬੈਠਿ ਨਿਕਟਿ ਬਹੁ ਰਿਦੇ ਅਨੰਦੋ। ਸਨਮੁਖ ਗੁਰਦ੍ਰੋਹੀ ਗਹਿ ਬਾਧਾ[2]।ਬੀਚ ਚੰਡਾਲਨਿ ਕੇ ਲਹਿ ਬਾਧਾ[3]॥੩੨॥ ਸਤਿਗੁਰ ਨਿਕਟ ਬ੍ਰਿੱਧ ਨੇ ਭਾਖਾ। 'ਮਾਤ ਗੰਗ ਕੇ ਉਰ ਅਭਿਲਾਖਾ। ਇਤ ਦਿਸ਼ਿ ਤੁਮਰੇ ਮਹਿਂ ਮਨ ਲਾਗਾ। ਇਕਪੁੱਤ੍ਰ, ਦੀਰਘ ਅਨੁਰਾਗਾ ॥੩੩॥ ਪ੍ਰਥਮ ਬਿਛੁਰਨੋ ਨੰਦਨ ਪ੍ਯਾਰੋ।ਜਨਨੀ ਕੀ ਇਮ ਦਸ਼ਾ ਬਿਚਾਰੋ। ਸੁਧਿ ਸਭਿ ਲਿਖਿ ਭੇਜਹੁ ਤਤਕਾਲ। ਸੁਨਿ ਉਪਜਹਿ ਉਰ ਮੋਦ ਬਿਸਾਲ' ॥੩੪॥ ਸ੍ਰੀ ਹਰਿ ਗੋਬਿੰਦ ਸੁਨਿ ਕਰਿ ਬਾਨੀ।'ਬ੍ਰਿਧ ਸਾਹਿਬ ਇਹ ਨੀਕ ਬਖਾਨੀ। ਲਿਖਿ ਕਰਿ ਪਠਹੁ ਤੁਰਤ ਹਲਕਾਰਾ। ਕਰਹਿ ਕਰਾਹ ਜਾਇ ਦਰਬਾਰਾ ॥੩੫॥ ਪੂਰਨ ਸਰਬ ਕਾਮਨਾ ਹੋਈ। ਗਹ੍ਯੋ ਮੰਦ ਮਤਿ ਸ਼ੱਤ੍ਰੁ ਜੋਈ'। ਆਇਸੁ ਪਾਇ ਬ੍ਰਿੱਧ ਤਤਕਾਲਾ। ਲਿਖਿ ਪੱਤ੍ਰੀ ਪਠਿ ਸ਼ੀਘ੍ਰ ਬਿਸੈਾਲਾ ॥੩੬ ॥ ਸ੍ਰੀ ਅੰਮ੍ਰਿਤਸਰ ਜਬਿ ਸੁਧਿ ਆਈ। ਸੁਨਿ ਗੰਗਾ ਨਿਜ ਅੰਗ ਨ ਮਾਈ। ਬਾਰਿ ਬਾਰਿ ਸ੍ਰੀ ਨਾਨਕ ਧ੍ਯਾਨ। ਰਿਦੇ ਧਾਰਿ ਜੋਰਤਿ ਜੁਗ ਪਾਨ ॥੩੭॥ਸਕਲ ਗੁਰਨਿ ਕੋ ਬੰਦਨ ਧਾਰੀ।'ਮਮ ਸੁਤ ਕੇ ਸਦ ਹੀ ਰਖਵਾਰੀ। ਦੁਰਗ ਕੈਦਿ ਕੋ ਤਹਿਂ[4] ਨਿਕਸਾਇ। ਗੁਰਦ੍ਰੋਹੀ ਗਹਿ ਜਸੁ ਕੋ ਪਾਇ ॥ ੩੮ ॥ ਸਪਥ ਕਠਨ† ਸਭਿ ਪੂਰਨ ਭਈ। ਚਿਤ ਚਿੰਤਾ ਅਬਿ ਸਗਲੀ ਛਈ[5]'। ਬਡ ਉਤਸਾਹੁ ਕੀਨਿ ਸਭਿ ਭਾਂਤੀ।ਸੁਤ ਕੀ ਸੁਧਿ ਸੁਨਿ

[1] ਜੁੜਕੇ। [2] ਬੰਨ੍ਹਿਆਂ। [3] ਪੀੜਾ। [4] ਤਿੱਥੋਂ। [5] ਦੂਰ ਹੋਈ। *ਪਾ:-ਗੁਰ। †ਪਾ:-ਕਰਨ।

ਸੀਤਲ ਛਾਤੀ॥ ੩੯ ॥ ਗਨ ਧਨ ਦੇ ਕਰਾਹ ਕਰਵਾਯੋ। ਸ਼੍ਰੀ ਹਰਿ ਮੰਦਰ ਜਾਇ ਬ੍ਰਤਾਯੋ। ਬਾਰਿ ਬਾਰਿ ਬੰਦਨ ਕੋ ਕਰਤੀ। ਤ੍ਰਿਯ ਗਨ ਆਨਿ ਬਧਾਈ ਰਰਤੀ॥੪੦॥ ਮੰਗਤ ਜਨ ਸਮੁਦਾਇ ਜਿ ਦੀਨ। ਜਥਾ ਉਚਿਤ ਸਭਿ ਕੋ ਧਨ ਦੀਨਿ। 'ਜਬਿ ਕੇ ਦੁਰਗ ਮਝਾਰ ਪ੍ਰਵੇਸ਼ੇ। ਤਬਿ ਤੇ ਸੁਧਿ ਸੁਨਿ ਚਿੰਤ ਵਿਸ਼ੇਸ਼ੇ॥ ੪੧ ॥ ਸੋ ਬਿਨਸੀ ਅਤਿ ਵਧਯੋ ਅਨੰਦ । ਕਰੀ ਲਾਯਕੀ ਨੰਦਨ ਚੰਦੁ[1]। ਪਿਤ ਬੈਰੀ ਕੋ ਗਹਯੋ ਬਿਲੰਦ। ਜਿਸ ਹਿਤ ਚਿਤ-ਵਤਿ ਜਤਨ ਜਿ ਬ੍ਰਿੰਦ' ॥ ੪੨ ॥ ਇਮ ਉਤਸਾਹ ਸੁਧਾਸਰ ਭਏ। ਸਿਖ ਸੰਗਤਿ ਸਭਿਹਿਨਿ ਸੁਨਿ ਲਏ। ਗੋਇੰਦਵਾਲ ਆਦਿ ਜੇ ਥਾਨ। ਜਹਿੰ ਕਹਿੰ ਬਿਥਰੀ, ਕਰਤਿ ਬਖਾਨ॥ ੪੩ ॥ ਬੰਦੀ ਤ੍ਰਿਹਨ ਸਕਲ ਹਰਖਾਏ। ਸ਼੍ਰੀ ਹਰਿ ਗੋਬਿੰਦ ਕੋ ਜਸੁ ਗਾਏ। 'ਅਪਨੀ ਕਰੀ ਪ੍ਰਤੱਗਯਾ ਪੂਰਨ। ਪਿਤ ਦ੍ਰੋਹੀ ਕੋ ਕੀਨਸਿ ਚੂਰਨ' ॥ ੪੪ ॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪੰਚਮ ਰਾਸੇ 'ਸੁਧਾਸਰ ਸੁਧਿ ਪਠਨਿ' ਪ੍ਰਸੰਗ ਬਰਨਨੰ ਨਾਮ ਚਤੁਰਥੋ ਅੰਸੂ ॥ ੪ ॥

੫. [ਮਜਨੂੰ ਪ੍ਰਸੰਗ]।

ਦੋਹਰਾ ॥ ਅਬਿ ਸ਼੍ਰੀ ਹਰਿਗੋਬਿੰਦ ਕੀ ਕਥਾ ਸੁਨਹੁ ਮਨ ਲਾਇ। ਦਿੱਲੀ ਕੀ ਸੰਗਤਿ ਸਕਲ ਭਈ ਪ੍ਰਾਪਤ ਇਕ ਥਾਇੰ॥ ੧ ॥ ਚੌਪਈ॥ ਪੰਚਾਂ ਮ੍ਰਿਤ ਬਹੁਤੇ ਕਰਿਵਾਏ। ਇਕਠੇ ਸਿਖ ਦਰਸ਼ਨ ਕੋ ਆਏ। ਕੇਤਿਕ ਹੇਰਨਿ ਚੰਦੂ ਹੇਤੁ। ਮਾਨਵ ਆਏ ਤਜੇ ਨਿਕੇਤ ॥ ੨ ॥ ਸਤਿਗੁਰ ਬੈਠੇ ਸਭਾ ਮਝਾਰੋ। ਮਾਨੁਖ ਦਰਸ਼ਨ ਕਰਤਿ ਹਜ਼ਾਰੋਂ। ਆਇ ਤਿਹਾਵਲ ਹੁਇ ਅਰਦਾਸ। ਬਰਤਾਵੈਂ ਬੈਠੇ ਨਰ ਪਾਸ ॥੩॥ ਮੁੱਖਯ ਸਿੱਖ ਗੁਰ ਕੇ ਸੰਗ ਭਾਖੈਂ। 'ਆਜ ਭਈ ਪੂਰਨ ਅਭਿਲਾਖੇ। ਨਾਂਹਿ ਤ ਜਬਿ ਕੀ ਤਜੀ ਸਗਾਈ। ਕਰਤਿ ਰਹਯੋ ਬਡ ਦੁਸ਼ਟ ਖੁਟਾਈ ॥੪॥ ਹੇਰਿ ਹੇਰਿ ਹਿਰਦੇ ਪਛੁਤਾਵੈਂ।–ਹਮ ਤੇ ਭਈ ਉਪਾਧਿ–ਲਖਾਵੈਂ। ਇਸ ਨੇ ਕਹੇ ਕੁਵਾਕ ਪ੍ਰਕਾਸ਼। ਹਮ ਸੁਧਿ ਪਠੀ ਸਕਲ ਗੁਰ ਪਾਸ ॥ ੫ ॥ ਲਿਖਯੋ ਹਮਾਰੋ ਗੁਰ ਨੇ ਮਾਨਾ। ਤਜਯੋ ਸਾਕ ਕੀਨਸਿ ਅਪਮਾਨਾ। ਤਬਿ ਤੇ ਕੁਟਿਲ ਦੁਸ਼ਟ ਨਿਜ ਬਲ ਤੇ। ਕਰਤੋ ਰਹਯੋ ਅਵੱਗਯਾ ਛਲ ਤੇ ॥੬॥ ਕਰੇ ਕੁਕਰਮ ਮਹਾਂ ਅਪਰਾਧਾ। ਤਿਨ ਕੋ ਫਲ ਸੰਕਟ ਅਬਿ ਲਾਧਾ। ਆਜ ਨਿਚਿੰਤ ਭਏ ਹਮ ਸਾਰੇ। ਗਹੇ ਗੁਰੂ ਦ੍ਰੋਹੀ ਹੱਤਯਾਰੇ[2]' ॥੭॥ ਸ਼੍ਰੀ ਹਰਿਗੋਬਿੰਦ ਜੀ ਤਬਿ ਕਹਯੋ। 'ਸ਼੍ਰੀ ਗੁਰੁ ਕਰਯੋ

---

[1] ਚੰਦ੍ਰਮਾ (ਜੈਸੇ ਉੱਜਲ ਜੱਸ ਵਾਲੇ) ਪੁੱਤ੍ਰ ਨੇ। [2] ਹੱਤਯਾਰੇ ਗੁਰਦ੍ਰੋਹੀ ਦੇ ਫੜੇ ਜਾਣ ਨਾਲ।

ਜਥਾ ਚਿਤ ਚਹ੍ਯੋ। ਇਸ ਪਾਪੀ ਕੇ ਸੀਸ ਕਲੰਕ। ਦੀਨਸਿ, ਸੋ ਫਲ ਕਸ਼ਟ ਅਤੰਕ[1] ॥ ੮ ॥ ਪਾਂਚ ਪਾਂਚ ਪਨਹੀ ਗਿਨਿ ਮਾਰੋ। ਦੇਖਿ ਦੁਸ਼ਟ ਪੁਨ ਸਦਨ ਸਿਧਾਰੋ'। ਸੁਨਿ ਗੁਰ ਹੁਕਮ ਗਏ ਸਿਖ ਸਾਰੇ। ਚੰਦੂ ਬੰਧਨ ਸਹਤ ਨਿਹਾਰੇ ॥੯॥ ਪਨਹੀ ਹਨਹਿਂ ਸੁ ਬਾਰੋ ਬਾਰੀ। ਪੁਰਿ ਕੇ ਨਰ ਤਹਿਂ ਮਿਲੇ ਹਜ਼ਾਰੀ। ਮਾਰਤਿ ਬਹੁਰ ਗਿਰ੍ਯੋ ਧਰ ਮਾਂਹੀ। ਲਾਤ ਪ੍ਰਹਾਰਹਿਂ ਤਨ ਸੁਧਿ ਨਾਂਹੀ ॥੧੦॥ ਸੁਨਿ ਸਤਿਗੁਰ ਨੇ ਸਿੱਖ ਹਟਾਏ। 'ਹਤਹੁ ਨ, ਅਬਿ ਇਹ ਨਹਿਂ ਮਰਿ ਜਾਏ'। ਜਾਮ ਦਿਵਸ ਲੌ ਸੰਗਤਿ ਆਈ। ਕਰਿ ਕਰਿ ਦਰਸ਼ਨ ਸਦਨ ਸਿਧਾਈ ॥੧੧॥ ਖਾਨ ਪਾਨ ਕਰਿ ਕੈ ਗੁਰ ਪਾਛੇ। ਬੈਠੇ ਬਹੁਰ ਸੁਹਾਵਤਿ ਆਛੇ। ਜਹਾਂਗੀਰ ਹੁਇ ਅਨੰਦ ਬਿਲੰਦ। ਆਯਹੁ ਗੁਰ ਢਿਗ ਜੁਤਿ ਨਰ ਬ੍ਰਿੰਦ ॥੧੨॥ ਗਨ ਉਮਰਾਵ ਸੰਗ ਜਿਸ ਕੇਰੇ। ਬਸਤ੍ਰ ਬਿਭੂ-ਖਨ ਮੋਲ ਬਡੇਰੇ। ਜਬਰ ਜਵਾਹਰ ਕੰਚਨ ਜਰੇ। ਸਭਿਨਿ ਸਰੀਰ ਬਿਖੇ ਸ਼ੁਭ ਧਰੇ॥੧੩॥ ਨੰਦਨ, ਬਨਿਤਾ[2] ਚੰਦੂ ਜੋਇ। ਆਨੇ ਸੰਗ ਪਕਰਿ ਕਰਿ ਸੋਇ। ਬੈਠ੍ਯੋ ਸ਼ਾਹ ਬੰਦਨਾ ਕਰਿਕੈ। ਬੋਲ੍ਯੋ ਮੁਖ ਤੇ ਸ਼ਰਧਾ ਧਰਿਕੈ ॥ ੧੪ ॥ 'ਕਰੀ ਅਵੱਗ੍ਯਾ ਦੁਸ਼ਟ ਮਹਾਨੀ। ਤਿਸ ਕੀ ਇਹ ਬਨਿਤਾ ਗਹਿ ਆਨੀ। ਪੁਤ੍ਰ ਹੁਤੋ ਇਕ, ਸੋ ਇਹ ਆਵਾ। ਦਿਹੁ ਸਜ਼ਾਇ ਜੈਸੇ ਮਨ ਭਾਵਾ ॥ ੧੫॥ ਮਮ ਸਿਰ ਦੋਸ਼ ਰਹੈ ਨਹਿਂ ਕੋਈ। ਕਸ਼ਟ ਸਹਹਿ ਅਪਰਾਧੀ ਜੋਈ'। ਸ੍ਰੀ ਹਰਿ ਗੋਬਿੰਦ ਕਰੁਨਾ ਠਾਨੀ।ਬਿਗਸਿ ਬਦਨ ਤੇ ਗਿਰਾ ਬਖਾਨੀ॥ ੧੬॥ 'ਦਸ਼ਾ ਚੰਦੁ ਕੀ ਇਨਹਿ ਦਿਖਾਵਹੁ। ਬਿਨ ਦੋਸ਼ੇ ਲਖਿ ਬਹੁਰ ਛੁਟਾਵਹੁ। ਕਰਹਿ ਕੁਕਰਮ ਭਰਹਿ ਦੁਖ ਸੋਇ। ਤ੍ਯਾਗ ਦੀਜੀਏ ਤਿਯ ਸੁਤ ਦੋਇ'॥ ੧੭॥ ਸੁਨਿ ਗੁਰ ਤੇ ਤਿਨ ਚੰਦੁ ਦਿਖਾਯੋ।ਪਰ੍ਯੋ ਬਿਹਾਲ ਨਹੀਂ ਉਕਸਾਯੋ। ਕੂਕਰ ਅਰੁ ਚੰਡਾਲਨਿ ਮਾਂਹੀ। ਧੋਤੀ ਬਿਨਾ[3]ਅਪਰ ਪਟ ਨਾਂਹੀ ॥ ੧੮ ॥ ਲਿਪਟ੍ਯੋ ਧੂਲ ਸੰਗ ਤਨ ਸਾਰੋ। ਤਿਯ-ਸੁਤ ਦੇਖਿ ਨੈਨ ਜਲ ਡਾਰੇ। ਪੁਨ ਦੇ ਤ੍ਰਾਸ ਨਿਕਾਸਨਿ ਕਰੇ*। ਛੂਟਤਿ ਭਾਜ ਤੂਰਨ ਡਰੇ॥ ੧੯ ॥ ਕ੍ਰਿਪਾਸਿੰਧੁ ਨੇ ਕਹਿ ਛੁਟਵਾਏ। ਪੁਨ ਬਾਵਨ ਮਹਿਪਾਲ ਬੁਲਾਏ। ਇਕ ਇਕ ਢਿਗ ਕਰਿ ਬੂਝਨ ਕੀਨਾ। 'ਕੌਨ ਦੇਸ਼ ਕੋ,ਕਹੁ ਕਿਮ ਛੀਨਾ?'॥੨੦॥ ਸੋ ਨਰੇਸ਼ ਸੁਨਿ ਦੇਸ਼ ਬਤਾਵੈ। ਕਰੀ ਅਵੱਗ੍ਯਾ ਕੇ ਬਖਸ਼ਾਵੈ। ਸਿਰੋ ਪਾਉ ਅਰੁ ਚਪਲ

---

[1]ਉਸ ਦਾ ਫਲ ਕਸ਼ਟ ਤੇ ਭੈ (ਸੁਤੇ ਹੀ ਇਸ ਤੇ ਪੈਣਾ ਸੀ)। [2]ਇਸਤ੍ਰੀ। [3]ਸਿਵਾਏ (ਇਕ) ਧੋਤੀ ਦੇ।

*ਪਾ:—ਪੁਨ ਤ੍ਰਿਯ ਤੇ ਸੁਤ ਮੋਚਨ ਕਰੇ।

ਤੁਰੰਗ। ਸ਼੍ਰੀ ਹਰਿ ਗੋਬਿੰਦ ਦੇ ਕਰਿ ਸੰਗ ॥ ੨੧ ॥ ਰਾਜ ਤਿਲਕ ਕੌ ਕਰਿ ਨ੍ਰਿਪ ਮਾਥੇ। ਬਾਹੁ ਗਹਾਇ ਸ਼ਾਹੁ ਕੈ ਹਾਥੇ । ਪੁਨ ਸਿੱਖ੍ਯਾ ਕੋ ਭਲੇ ਸਿਖਾਵੈਂ:–। 'ਕਰਹਿ ਅਵੱਗ੍ਯਾ ਸੋ ਦੁਖ ਪਾਵੈ॥ ੨੨ ॥ ਰਹਹੁ ਸ਼ਾਹ ਕੇ ਨਿਤ ਅਨੁਸਾਰੀ। ਬਖਸ਼ ਦਿਯੋ ਤੁਮ ਕੋ ਇਕ ਵਾਰੀ'।ਰੁਖ ਲਖਿ ਜਹਾਂਗੀਰ ਗੁਰ ਕੇਰਾ। ਦਿਏ ਰਾਜ ਤਿਨ ਕੇ ਤਿਸ ਬੇਰਾ ॥ ੨੩ ॥ ਸੰਗ ਦਿਯੇ ਉਮਰਾਵ ਵਿਸ਼ੇਸ਼।'ਕਰੋ ਸਥਾਪਨਿ ਜੋ ਜਿਸ ਦੇਸ਼।ਅਬਿ ਕੇ ਸ਼੍ਰੀ ਸਤਿਗੁਰ ਕੀ ਕਰੁਨਾ। ਛੁਟੇ, ਨ[1] ਤੁਰਤ ਕੈਦ ਮਹਿਂ ਮਰਨਾ'॥ ੨੪ ॥ ਗੁਰੂ ਸ਼ਾਹੁ ਦੁਨਹੁਨਿ ਕਰਿ ਨਮੋ। ਮਹਿਪਾਲਕ ਗਮਨੇ ਤਿਹ ਸਮੋ। ਜਹਿਂ ਜਹਿਂ ਜਾਹਿਂ ਸੁਜਸੁ ਗੁਰ ਕਰੈਂ। ਸ਼ਰਧਾ ਅਧਿਕ ਰਿਦੇ ਮਹਿਂ ਧਰੈਂ ॥੨੫॥ ਸ਼੍ਰੀ ਸਤਿਗੁਰ ਹਰਿਗੋਵਿੰਦ ਚੰਦੁ। ਪਸਰੀ ਕੀਰਤਿ ਜੌਨ੍ਹ ਮਨਿੰਦ । 'ਧੰਨ ਧੰਨ' ਭਾਖਤਿ ਗੇ ਦੇਸ਼। ਭੇ ਨਰੇਸ਼ ਲੇ ਰਾਜ ਅਸ਼ੇਸ਼ ॥੨੬॥ ਰਿਦੇ ਧਾਰਿ ਰਾਖ੍ਯੋ ਉਪਦੇਸ਼।–ਸੱਤਿ-ਨਾਮ ਕੋ ਜਪਨਿ ਹਮੇਸ਼। ਦੁਤੀਏ ਰਹਹੁ ਸ਼ਾਹੁ ਅਨੁਸਾਰੀ–। ਕਰਤਿ ਭਏ ਤਿਮ ਹੀ ਦ੍ਵੈ ਕਾਰੀ ॥ ੨੭ ॥ ਜਹਾਂਗੀਰ ਗੁਰ ਕੇ ਢਿਗ ਬੈਸੇ। ਬੋਲਨਿ ਮਿਲਨਿ ਕਰ੍ਯੋ ਸੁਭ ਐਸੇ। ਕਰਿ ਪ੍ਰਸੰਨ ਗੁਰ ਕੋ ਸਭਿ ਭਾਂਤੀ। ਭਯੋ ਸ਼ਾਹੁ ਤਬਿ ਸੀਤਲ ਛਾਤੀ ॥ ੨੮ ॥ ਸ਼੍ਰੀ ਮੁਖ ਤੈਂ ਜਿਮ ਜਿਮ ਫੁਰਮਾਯੋ। ਤਿਮ ਤਿਮ ਕਰ੍ਯੋ ਰਿਦੇ ਹਰਖਾਯੋ। ਹਾਥ ਜੋਰਿ ਕਰਿ ਬਾਕ ਬਖਾਨਾ। 'ਉਪਕਾਰੀ ਤੁਮ ਕ੍ਰਿਪਾ ਨਿਧਾਨਾ ! ॥ ੨੯ ॥ ਨਿਰਨੈ ਕਰਿ ਮਹਿਮਾ ਅਬਿ ਜਾਨੀ। ਪੀਰ ਮਹਾਂ ਬ੍ਰਿਧ ਬਹੁਰ ਬਖਾਨੀ[2]।ਬਡੋ ਤ੍ਰਾਸ ਤੇ ਮੋਹਿ ਬਚਾਯੋ। ਜਬਿ ਸਿਮਰੌਂ ਹਾਜ਼ਰ ਦਰਸਾਯੋ ॥ ੩੦ ॥ ਨਿਤ ਰਾਖੇ[3] ਅਪਨੇ ਮੈਂ ਮਾਨੇ। ਤ੍ਰਾਸ ਕਸ਼ਟ ਮੇਰੇ ਸਭਿ ਹਾਨੇ। ਕਹੇ ਆਪ ਕੇ ਹਉਂ ਅਨੁਸਾਰਾ। ਸ਼੍ਰੀ ਗੁਰ ਰਹੋ ਮੋਰਿ ਰਖਵਾਰਾ' ॥ ੩੧॥ ਸ਼੍ਰੀ ਹਰਿ ਗੋਬਿੰਦ ਕਹਿ 'ਸੁਨਿ ਸ਼ਾਹੂ !। ਸ਼ਰਧਾ ਧਰਹਿਂ ਜਿ ਗੁਰ ਘਰ ਮਾਂਹੂ।ਤਿਨ ਕੇ ਸਦਾ ਸਹਾਇਕ ਅਹੈਂ।ਲਾਜ ਆਪਨੀ ਕੋ ਨਿਰਬਹੈਂ॥ ੩੨॥ ਜਾਨਹਿਂ,–ਪਰ੍ਯੋ ਆਸਰੇ ਆਇ[4]–। ਜੁਗ ਲੋਕਨਿ ਮਹਿਂ ਬਨਹਿਂ ਸਹਾਇ। ਸ਼੍ਰੀ ਨਾਨਕ ਅਰੁ ਬਾਬਰ ਸ਼ਾਹੂ। ਪ੍ਰਥਮ ਮੇਲਿ ਭਾ ਆਪਸ ਮਾਹੂ ॥ ੩੩ ॥ਤਬਿ ਤੇ ਸਿਦਕ ਧਰਤਿ ਤੁਮ ਰਹੇ। ਕਰੇ ਪ੍ਰਸੰਨ ਭਲੇ ਬਰ ਲਹੇ। ਹਮਰੀ ਤੁਮਰੀ ਸੰਧਿ ਸਦੀਵਾ। ਗੁਰੂ ਸਹਾਇਕ ਸਿੱਖਨਿ

[1]ਨਹੀਂ ਤਾਂ। [2]ਫੇਰ ਬਹੁਤ ਬ੍ਰਿਧ ਪੀਰ (ਮੀਆਂ ਮੀਰ ਨੇ ਭੀ ਆਪ ਜੀ ਦੀ ਮਹਿਮਾ) ਕਹੀ ਸੀ। [3]ਰੱਖ੍ਯਕ। [4]ਜਾਣਦੇ ਹਾਂ (ਇਹ ਸਾਡੇ) ਆਸਰੇ ਆ ਪਿਆ ਹੈ।

ਥੀਵਾ[7] ॥ ੩੪ ॥ ਇਮ ਕਹਿ ਸੁਨਿ ਕੈ ਸੀਸ ਨਿਵਾਯੋ। ਉਠਯੋ ਸ਼ਾਹੁ ਨਿਜ ਸਦਨ ਸਿਧਾਯੋ। ਸਤਿਗੁਰ ਥਿਰੇ ਆਪਨੇ ਡੇਰੇ। ਸੁੱਖਾ*ਪਾਨ ਕੀਨਿ ਤਿਸ ਬੇਰੇ†॥੩੫॥ ਚਢਿ ਤੁਰੰਗ ਪਰ ਗਮਨੇ ਸੈਲ। ਤਟ ਤਟ ਜਮਨਾ ਕੇ ਚਲਿ ਗੈਲ। ਸਨੇ ਸਨੇ ਹੇਰਤਿ ਜਲ ਜਾਤੇ। ਤੀਰ ਹਰਿਤਤਾ[1] ਸੁੰਦਰ ਭਾਂਤੇ ॥ ੩੬ ॥ ਦੂਰ ਜਾਇ ਕਰਿ ਉਤਰਿ ਤੁਰੰਗ। ਥਿਰੇ ਤਹਾਂ ਕੇਤਿਕ ਨਰ ਸੰਗ। ਨੈਦਾ[2] ਸੰਘੇੜਾ[2] ਤਿਸ ਠੌਰ। ਜੇਠਾ[2] ਅਮੋਆ[2] ਹੇਹਰਿ ਔਰ॥੩੭॥ ਨਿੰਝਰ[2] ਹੁਤੇ ਰੰਧਾਵਾ[3] ਸੋਇ।ਅਰੁ ਕ੍ਰਿਪਾਲ[2] ਜੱਲੁਕੋ ਜੋਇ।ਸਿਖ ਲੰਗਾਹ[2], ਪਿਰਾਣਾ[2] ਧੀਰ। ਸੌਚ ਸ਼ਨਾਨੇ ਸਰਬ ਸਰੀਰ ॥ ੩੮ ॥ ਥਿਰੇ ਤੀਰ ਪਰ ਪਿਖਹਿਂ ਪ੍ਰਵਾਹੂ। ਸ਼ਯਾਮਲ ਰੰਗ ਤਰੰਗਨਿ ਤਾਹੂ[4]। ਗੁਰ ਸੋਂ ਬੂਝਨਿ ਕੀਨਿ ਪਿਰਾਣੇ। 'ਮਜਨੂ ਕੌਨ ਭਯੋ ਸਭਿ ਜਾਨੈਂ? ॥ ੩੯ ॥ ਜਹਾਂ ਹਮਾਰੋ ਡੇਰਾ ਅਹੈ। ਤਿਸ ਕੇ ਨਾਮ ਥਾਨ ਸੋ ਕਹੈਂ'।ਸੁਨਿ ਕਰਿ ਸ੍ਰੀ ਸਤਿਗੁਰੂ ਬਤਾਵਾ। 'ਭਯੋ ਪ੍ਰਥਮ ਚਿਰਕਾਲ ਬਿਤਾਵਾ ॥ ੪੦ ॥ ਲੈਲਾ ਹੁਤੀ ਸ਼ਾਹੁ ਕੀ ਤਨੀਆ। ਰੂਪਵੰਤੀ ਅਤਿਸ਼ੈ ਤਿਨ ਸੁਨੀਯਾ। ਹੇਰਤਿ ਚਿਤ ਕੋ ਪ੍ਰੇਮ ਲਗਾਵਾ। ਅਪਰ ਨ ਸੁਧਿ ਮਨ ਤਹਾਂ ਟਿਕਾਵਾ ॥ ੪੧ ॥-ਲੈਲਾ-ਲਵਪੁਰਿ ਵਿਖੈ ਚਿਤਾਰਤਿ[5]। ਰਾਤਿ ਦਿਵਸ ਇਕਰਸ ਬ੍ਰਿਤਿ ਧਾਰਤਿ। ਇਕ ਦਿਨ ਚਢਯੋ ਸੈਂਢਨੀ ਮਿਲਯੋ[6]। ਹੁਇ ਤਯਾਰ ਦਿੱਲੀ ਪੁਰਿ ਚਲਯੋ ॥ ੪੨ ॥ ਤਿਸ ਕੋ ਲਾਗਯੋ ਦੇਨਿ ਸੰਦੇਸਾ। ਕਹਤਿ ਕਹਤਿ ਇਹੁ ਪੰਥ ਅਸੇਸਾ। ਸੰਗ ਸੈਂਢਨੀ ਕੇ ਚਲਿ ਆਯੋ। ਸੁਧਿ ਬਿਨੁ ਧਰੇ ਬੇਗ ਅਸ ਧਾਯੋ[7] ॥੪੩॥ ਦਿੱਲੀ ਬਿਖੈ ਆਨਿ ਕਰਿ ਹੇਰੀ। ਲੈਲੀ ਮਿਲੀ ਜਬਹਿ ਇਕ ਬੇਰੀ। ਕੀਨਸਿ ਮਜਨੂੰ ਸਾਥ ਬਖਾਨ।-ਅਬਿ ਤੂੰ ਖਰੋ ਰਹੋ ਇਸ ਥਾਨ ॥ ੪੪ ॥ ਮਿਲੌਂ ਆਇ ਕਰਿ ਮੈਂ ਪੁਨ ਤੋਹੀ। ਰਹੌ ਉਡੀਕਤਿ ਇਸ ਥਲ ਮੋਹੀ-। ਇਮ ਕਹਿ ਗਈ ਖਰੋ ਇਹ ਰਹਯੋ।ਲੈਲਾ ਕੋ ਸਿਮਰਤਿ ਚਿਤ ਚਹਯੋ ॥੪੫॥ ਠਾਂਢੇ ਕੇਤਿਕ ਸੰਮਤ ਬੀਤੇ।ਨਹੀਂ ਦੇਹਿ ਕੀ ਸੁਧਿ ਕਬਿ ਲੀਤੇ। ਕਾਸ਼ਟ ਸਮ ਸ਼ੁਸ਼ਕਯੋ ਤਨ ਸਾਰੋ। ਨਹਿਂ ਲੈਲਾ ਕਬਿ ਰਿਦੇ ਬਿਸਾਰੋ॥੪੬॥ਪ੍ਰੇਮਸ਼ਕਤਿ ਤੇ ਪ੍ਰਾਨ ਨ ਗਏ।ਅਧਿਕ ਇਕਾਗ-

---

[1]ਕੰਢੇ ਦੀ ਹਰਿਆਵਲ। [2]ਨਾਮ। [3]ਜਾਤ। [4]ਤਿਸ ਨਦੀ ਦੀਆਂ ਲਹਿਰਾਂ ਦਾ। [5](ਮਜਨੂੰ) ਲੈਲਾਂ ਨੂੰ ਲਾਹੌਰ ਵਿਚ ਚਿਤਾਰਦਾ ਸੀ।[6](ਕੋਈ)ਸਾਂਢਣੀ ਤੇ ਚੜ੍ਹਿਆ ਜਾਂਦਾ ਮਿਲਿਆ ਜੋ। [7]ਸੋਝੀ ਧਾਰੇ ਤੋਂ ਬਿਨਾਂ ਛੇਤੀ ਛੇਤੀ ਐਡਾ ਦੌੜਆ। *ਪਾ:-ਭੰਗ।

†ਦੇਖੋ ਰਾਸਿ ੪, ਅੰਸੂ ੪੪, ਅੰਕ ੧੧, ਦੀ ਹੇਠਲੀ ਟੂਕ।

ਰਤਾ ਮਨ ਲਏ। ਸ਼ੁਸ਼ਕ ਖੁੰਡ[1] ਸੋਂ ਲਗਿ ਕਰਿ ਠਾਂਢੋ। ਲੈਲਾ ਪ੍ਰੇਮ ਭਯੋ ਦ੍ਰਿਗ ਗਾਢੋ ॥੪੭॥ ਇਕ ਬਾਢੀ ਤਿਸ ਥਲ ਚਲਿ ਆਯੋ। ਜਾਨਯੋ ਕਾਠ ਕੁਠਾਰ ਚਲਾਯੋ[2]। ਲਗਯੋ ਦੇਹਿ ਮਹਿਂ ਤਬਿ ਸੁਧਿ ਪਾਈ।—ਕਹੁ ਲੈਲਾ! ਤੂੰ ਹੈਂ ਅਬਿ ਆਈ ?—॥੪੮॥ ਪ੍ਰਥਮ ਤ੍ਰਾਸ ਕਰਿ ਪੁਨ ਤਿਸ ਜਾਨਾ। ਹੈ ਮਜਨੂੰ ਠਾਂਢੋ ਇਸ ਥਾਨਾ। ਦਈ ਸ਼ਾਹੁ ਕੋ ਸੁਧਿ, ਸੁਨਿ ਡਰਿਓ। ਲੈਲਾ ਕੋ ਭੇਜਨਿ ਤਬਿ ਕਰਿਓ॥੪੯॥ ਜਾਇ ਦਰਸ ਜਬਿ ਅਪਨੋ ਦੀਨੋ। ਪ੍ਰੇਮ ਰੰਗ ਮਹਿਂ ਸਗਰੋ ਭੀਨੋ। ਸਭਿ ਦਿਸ਼ਿ ਤੇ ਬ੍ਰਿਤਿ ਇਕਠੀ ਕਰਿਕੈ। ਲਗਯੋ ਪ੍ਰਮੇਸ਼ੁਰ ਸੰਗ ਬਿਚਰਿਕੈ ॥੫੦॥ ਲੈਲਾ ਦਿਸ਼ਿ ਤੇ ਪ੍ਰੇਮ ਉਖਾਰਾ। ਪ੍ਰਭੁ ਸੋਂ ਲਗੀ ਬ੍ਰਿੱਤਿ ਇਕ ਸਾਰਾ। ਭਯੋ ਸੰਤ ਪੂਰਨ ਇਸ ਥਾਨ*। ਇਮ ਸਤਿ-ਗੁਰ ਨੇ ਕੀਨਿ ਬਖਾਨ ॥ ੫੧॥ ਸੁਨਿ ਕਰਿ ਸਿੱਖਨਿ ਲਖਯੋ ਪ੍ਰਸੰਗ। ਪੁਨ ਤਿਸ ਥਲ ਤੇ ਚੜੇ ਤੁਰੰਗ। ਆਨਿ ਬਿਰਾਜੇ ਅਪਨੇ ਡੇਰੇ। ਖਾਨ ਪਾਨ ਨਿਸ ਕਰਯੋ ਬਸੇਰੇ ॥ ੫੨ ॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪੰਚਮ ਰਾਸੇ 'ਮਜਨੂੰ' ਪ੍ਰਸੰਗ ਬਰਨਨੰ ਨਾਮ ਪੰਚਮੋ ਅੰਸੂ ॥ ੫ ॥

੬. [ਬੇਗਮਾਤ]।

ਦੋਹਰਾ ॥ ਭਯੋ ਦਿਵਸ ਪੁਨ ਸਤਿਗੁਰੂ ਸ਼ਾਹੁ ਬੁਲਾਏ ਪਾਸ। ਚਢਿ ਤੁਰੰਗ ਪਹੁੰਚੇ ਤਬਹਿ ਬੈਠੇ ਰੁਚਿਰ ਅਵਾਸ ॥ ੧ ॥ ਚਪਈ ॥ ਚੰਦਨ ਚੌਂਕੀ ਚਾਰੁ ਚਕੋਨੀ। ਸੁਜਨੀ ਸੇਤ ਛਾਦ ਕਰਿ ਲੋਨੀ[3]। ਤਿਸ ਊਪਰ ਸਨਮਾਨ ਬਿਠਾਏ। ਬੰਦਹਿਂ ਸ਼ਾਹੁ ਸਹਤ ਸਮੁਦਾਇ ॥ ੨॥ ਸੰਤਨ ਪੀਰਨਿ ਅਨਿਕ ਪ੍ਰਸੰਗ। ਕਹੇ ਸੁਨੇ ਹਜ਼ਰਤ ਗੁਰ ਸੰਗਿ। ਬਚਨ ਬਿਲਾਸ ਹੁਲਾਸਤਿ ਕਰੇ।

---

[1]ਬ੍ਰਿੱਛ ਦਾ ਮੁੱਢ। [2]ਲੱਕੜੀ ਜਾਣ ਕੇ ਕੁਹਾੜਾ ਚਲਾਇਆ। [3]ਸੁਹਣੀ।

*ਇਹ ਏਥੇ ਇਕ ਲੋਕੋਕਤੀ ਲਿਖੀ ਗਈ ਹੈ । ਅਸਲੀ ਮਜਨੂੰ ਅਰਬ ਦੇਸ਼ ਦਾ ਸੀ, ਹਿੰਦੁਸਤਾਨੀ ਨਹੀਂ ਸੀ, ਉਸ ਦਾ ਨਾਮ ਕੈਸ ਸੀ, ਉਸਦੀ ਪ੍ਰੀਤਮਾ ਦਾ ਨਾਮ ਲੈਲਾ ਸੀ। ਮਜਨੂੰ ਦਾ ਅਰਥ ਹੈ, ਸ਼ੁਦਾਈ, ਜੋ ਇਸ਼ਕ ਵਿਚ ਸ਼ੁਦਾਈ ਹੋ ਜਾਏ, ਇਸ ਕਰਕੇ ਹੁਣ ਡਾਢੇ ਪ੍ਰੇਮੀ ਨੂੰ ਮਜਨੂੰ ਕਹਿੰਦੇ ਹਨ। ਮਜਨੂੰ ਇਸ਼ਕ ਵਿਚ ਸੁੱਕ ਗਿਆ ਸੀ, ਇਸ ਕਰਕੇ ਮਜਨੂੰ ਸੁੱਕੇ ਪਤਲੇ ਨੂੰ ਬੀ ਆਖਦੇ ਹਨ।

ਦਿੱਲੀ ਮਜਨੂੰ ਦੇ ਟਿੱਲੇ ਗੁਰੂ ਨਾਨਕ ਦੇਵ ਜੀ ਜਾਕੇ ਠਹਿਰੇ ਸਨ, ਇੱਥੇ ਇਕ ਤਪੀਆ ਫਕੀਰ ਸੀ ਤਪਾਂ ਵਿਚ ਸੁਕ ਜਾਣ ਕਰਕੇ ਇਸਦਾ ਨਾਮ ਬੀ ਮਜਨੂੰ ਪੈ ਗਿਆ ਸੀ। ਅੰਤ ਨੂੰ ਇਹ ਸਤਿਗੁਰ ਨਾਨਕ ਦੇਵ ਜੀ ਨੂੰ ਮਿਲਕੇ ਉਨ੍ਹਾਂ ਦਾ ਸੇਵਕ ਹੋਇਆ ਤੇ ਸ਼ਾਂਤੀ ਪਾਈ। ਉਸੇ ਨਾਮ ਕਰਕੇ ਇਹ ਥਾਂ .ਮਜਨੂੰ ਦਾ ਟਿੱਲਾ ਸੱਦੀਦਾ ਹੈ । ਪਹਿਲੇ ਸਤਿਗੁਰ, ਛੇਵੇਂ ਸਤਿਗੁਰ ਤੇ ਸ੍ਰੀ ਰਾਮ ਰਾਇ ਜੀ ਏਥੇ ਹੀ ਟਿਕੇ ਸਨ। [ਦੇਖੋ ਦਿੱਲੀ ਗੁਰਦੁਆਰਿਆਂ ਦਾ ਸੰਖੇਪ ਬ੍ਰਿਤਾਂਤ ਕ੍ਰਿਤ ਭਾਈ ਮੋਹਣ ਸਿੰਘ]।

ਦੁਹਿ ਦਿਸਿ ਰਸ ਬਿਸਾਲ ਮਹਿਂ ਢਰੇ ॥ ੩ ॥ ਪੁਨ ਸ਼੍ਰੀ ਹਰਿ ਗੋਬਿੰਦ ਉਚਾਰਯੋ। 'ਗਮਨ ਸੁਧਾਸਰ ਹਮ ਚਿਤ ਧਾਰਯੋ।ਕਿਤਿਕ ਮਾਸ ਬੀਤੇ ਇਤ ਆਇ। ਪੀਛੇ ਸਿਖ ਸੰਗਤਿ ਅਕੁਲਾਇ' ॥ ੪ ॥ ਸੁਨਤਿ ਸ਼ਾਹੁ ਕਹਿ 'ਮਮ ਅਭਿਲਾਖਾ।ਪੁਰਿ ਕਸ਼ਮੀਰ ਚਲੋਂ ਚਿਤ ਰਾਖਾ। ਚਲੈਂ ਸੰਗ ਹੀ ਮਾਝੇ ਦੇਸ਼। ਦਰਸ ਆਪ ਕੋ ਹੋਇ ਹਮੇਸ਼ ॥ ੫ ॥ ਆਜ ਮਹੂਰਤ ਕੋ ਦਿਖਰਾਵੋਂ। ਨਹੀਂ ਬਿਲਮ ਤਿਤ ਤੁਰਤ ਸਿਧਾਵੋਂ'। ਸਤਿਗੁਰ ਬੈਠੇ ਤਬਹਿ ਬੁਲਾਯੋ। ਸੋਧਿ ਮਹੂਰਤ ਤਾਂਹਿ ਬਤਾਯੋ॥੬॥'ਤ੍ਰੌਦਸ ਵੀਰਵਾਰ ਹੈ ਪਰਸੋਂ। ਕਰਹੁ ਪਯਾਨਾ ਤਬਿ ਦਿਨ ਬਰ ਸੋ'। ਸੁਨਯੋ ਸਭਿਨਿ ਕੀਨਸਿ ਨਿਜ ਤਯਾਰੀ। ਜਬਿ ਹਜ਼ਰਤ ਨਿਸ਼ਚੈ ਮਤਿ ਧਾਰੀ ॥ ੭ ॥ ਸ਼੍ਰੀ ਸਤਿਗੁਰ ਡੇਰੇ ਚਲਿ ਆਇ। ਬ੍ਰਿਧ ਆਦਿਕ ਕੋ ਕਹਿ ਸਮੁਝਾਇ। ਸੁਨਯੋ ਸੁਧਾਸਰ ਕੋ ਜਬਿ ਪਯਾਨਾ। ਸਤਿਗੁਰ ਕੇ ਨਰ ਅਨੰਦ ਮਹਾਨ॥੮॥ਤਬਿ ਹਰਿਦਾਸ ਪਾਸ ਚਲਿਆਯੋ। ਪਦ ਅਰਬਿੰਦਨ ਪਰ ਲਪਟਾਯੋ। ਤਬਿ ਸਤਿਗੁਰੁ ਬਹੁ ਕਰੁਨਾ ਕਰੀ। ਰਿਦੇ ਅਬਿੱਦਯਾ ਤਿਸ ਕੀ ਹਰੀ ॥੯॥ 'ਸੱਤਿਨਾਮੁ ਸਿਮਰਹੁ ਲਿਵਲਾਈ। ਮਮ ਮੂਰਤਿ ਧਰਿ ਧਯਾਨ ਬਨਾਈ। ਰਹੋ ਗੁਆਲਿਯਰ ਮਹਿਂ ਅਬਿਜਾਇ। ਦੁਹ ਲੋਕਨਿ ਮਹਿਂ ਬਹੁ ਸੁਖ ਪਾਇਂ ॥ ੧੦ ॥ ਸੰਕਟ ਪਰੇ ਸਿਮਰਿ ਉਰ ਸਾਦਰ। ਤਤਛਿਨਿ ਹਮ ਹੋਵੈਂ ਤੁਵ ਹਾਦਰ। ਅਪਰ ਨਰਨਿ ਕੋ ਸਿੱਖੀ ਦੀਜੈ। ਕਰਿ ਸੰਗਤਿ[੧] ਮਿਲਿ ਗੁਰੂ ਜਪੀਜੈ ॥ ੧੧ ॥ ਜਥਾ ਨਿਕਟ ਅਬਿ ਦਰਸ਼ਨ ਕਰੈਂ। ਤਥਾ ਮਹਾਂ ਫਲ ਸੰਮਤ ਧਰੈਂ[੨]'। ਸੁਨਿ ਉਰ ਪ੍ਰੇਮ ਬਿਲੋ-ਚਨ ਭਰੇ। ਗੁਰ ਬਿਛੁਰਨਿ ਤੇ ਦੁਖ ਬਹੁ ਕਰੇ ॥੧੨॥ਦੇ ਗੁਰ ਧੀਰ ਬਿਦਾ ਕਰਿ ਦੀਨੋ। ਧਰਿ ਉਰ ਮੂਰਤਿ ਧਯਾਨਾ ਕੀਨੋ। ਜੀਵਤ ਰਹਯੋ ਸਿਮਰ ਤਬਿ ਗੁਰ ਕੋ। ਅੰਤ ਸਮੈ ਪ੍ਰਾਪਤਿ ਸੁਰਪੁਰਿ ਕੋ ॥ ੧੩ ॥ ਬੋਲਯੋ ਜੇਠਾ 'ਚੰਦੂ ਮੰਦ। ਬਨਿਤਾ ਇਸ ਆਈ ਅਰੁ ਨੰਦ। ਸੋ ਰਾਵਰ ਨੇ ਕਹਿ ਛੁਟਵਾਇ। ਚਹਿਯਹਿ ਦੁਸ਼ਟ ਮੂਲ ਬਿਨਸਾਇ ॥ ੧੪ ॥ ਜਗ ਮਹਿਂ ਨਹਿਂ ਇਸ ਕੀ ਜਰ ਰਹੈ। ਮਰਹਿ ਸਜਾਇ ਨਰਕ ਕੀ ਲਹੈ। ਸੰਕਟ ਭਰਹਿ ਜੁਗਨਿ ਲਗਿ ਪਰਯੋ[੩]। ਅਤਿ ਕੁਕਰਮ ਪਾਪੀ ਨੇ ਕਰਯੋ' ॥ ੧੫ ॥ ਤਬਿ ਸ਼੍ਰੀ ਹਰਿ ਗੋਬਿੰਦ ਉਚਾਰਾ। 'ਭਲੇ ਪੁਰਖ ਕੀ ਨਹਿਂ ਇਹ ਕਾਰਾ।

[੧]ਸਤਿਸੰਗ ਬਣਾਓ। [੨]ਤਿਵੇਂ ਸਾਲ (ਪਿੱਛੋਂ) ਦਰਸ਼ਨ ਦਾ ਮਹਾਂਨ ਫਲ ਲਵੇਂਗਾ। (ਅ) ਤਿਵੇਂ ਆਗਜਾ ਵਿਚ ਟੁਰ ਕੇ ਫਲ ਲਵੇਂਗਾ। [ਸੰਮਤ=ਰਾਇ ਯਾ ਆਗਜਾ ਅਨੁਸਾਰ ਹੋਣਾ]। [੩]ਜੁਗਾਂ ਤੋੜਕ ਪਿਆ ਹੋਇਆ।

–ਕਜਾ ਦਾਰਾ ਪਰ ਕਰਨਿ ਪ੍ਰਹਾਰਿ–।ਛੋਰ ਦੇਤਿ ਹੈਂ, ਰਿਦੇ ਬਿਚਾਰਿ॥੧੬॥ ਇਸ ਕੇ ਸੁਤ ਕੋ ਪੁਨ ਹਮ ਮਾਰੈਂ।ਰਚਹਿਂ ਜੁੱਧ ਜਬਿ ਸ਼ਸਤ੍ਰ ਪ੍ਰਹਾਰੈਂ।ਅਬਿ ਤਜਾਗਨਿ ਹੀ ਬਨਹਿ ਬਿਚਾਰੋ।ਬਹੁਰ ਤੁਰਕ ਬ੍ਰਿੰਦਨ ਜੁਤਿ ਮਾਰੌਂ*'॥੧੭ ॥ਸ਼੍ਰੀ ਗੁਰਿ ਕੋ ਸੁਨਿ ਕਰਿ ਪ੍ਰਸਥਾਨ[1]।ਪੁਰਿ ਸੰਗਤਿ ਦਰਸਹਿਂ ਗਨ ਆਨਿ। ਅਨਿਕ ਉਪਾਇਨ ਧਰਿ ਧਰਿ ਬੰਦਹਿਂ।ਪਾਇ ਮਨੋਰਥ ਹੋਤਿ ਅਨੰਦਹਿਂ ॥ ੧੮॥ ਸਭਿਹਿਨਿ ਕੋ ਦੀਨੋ ਉਪਦੇਸ਼। 'ਸੱਤਿਨਾਮ ਕੋ ਭਜਹੁ ਹਮੇਸ਼।ਗੁਰ ਕੋ ਸੇਵਹੁ ਜਨਮ ਸੁਧਾਰੋ।ਗੁਰਮੁਖ ਬਨਹੁ ਅੰਤ ਨਹਿਂ ਹਾਰੋ ॥੧੯॥ ਦਿਵਸ ਦੁਆਦਸ਼ੀ ਤਿਥੀ ਬਿਤਾਈ। ਤ੍ਰੌਦਸ਼ਮੀ ਮਹਿਂ ਕੀਨਿ ਚਢਾਈ। ਅਧਿਕ ਧੁਨੀ ਧੌਂਸਾ ਧੁੰਕਾਰਾ।ਤਤਛਿਨ ਦਲਿ ਤਿਆਰ ਹ੍ਵੈ ਸਾਰਾ ॥੨੦॥ ਜਹਾਂਗੀਰ ਉਤ ਚੜ੍ਹਿ ਕਰਿ ਚਾਲਾ। ਮਾਨਵ ਚਲੇ ਹਜ਼ਾਰਹੁੰ ਨਾਲਾ। ਤਬਿ ਜੇਠਾ ਮਨ ਮਾਂਹਿ ਬਿਚਾਰੇ।–ਚੰਦੂ ਕੋ ਗੁਰ ਨਹੀਂ ਨਿਹਾਰੈਂ॥੨੧॥ਮਹਾਂਕ੍ਰਿਪਾਲੁ ਸੁਭਾਉ ਜਿ ਦੇਖੈਂ। ਨਹੀਂ ਛੁਟਾਇ ਦੇਇਂ ਅਵਰੇਖੈਂ[2]–। ਚੰਡਾਲਨਿ ਕੋ ਸੀਖ ਸਿਖਾਈ। 'ਚੰਦੂ ਸ੍ਵਾਨਨ ਸਾਥ ਮਿਲਾਈ ॥ ੨੨ ॥ ਗੁਰੁ ਕੀ ਦ੍ਰਿਸ਼ਟਿ ਬਚਾਵਤਿ ਆਵਹੁ। ਡੇਰਾ ਦੂਰ ਕਰਹੁ ਇਸ ਥਾਵਹੁਂ'। ਇਮ ਕਹਿ ਕਰਿ ਸੰਗਰੀ ਗਰ ਡਾਰੀ। ਨਰ ਛੋਰੇ ਗਨ ਖਲ[3] ਰਖਵਾਰੀ॥੨੩॥ ਆਪ ਮਿਲਜੋ ਗੁਰੁ ਕੇ ਸੰਗ ਜਾਈ। ਬਜਤਿ ਨਿਸ਼ਾਨ ਚਲਤਿ ਅਗਵਾਈ। ਦਿਨ ਪ੍ਰਤਿ ਕੂਚ ਮੁਕਾਮ ਕਰੰਤੇ। ਕਬਿ ਕਬਿ ਗੁਰੁ ਅਰੁ ਸ਼ਾਹੁ ਮਿਲੰਤੇ॥੨੪॥ਅਨਿਕ ਖੁਸ਼ੀ ਕੀ ਬਾਤਨਿ ਕਰਤੇ। ਕਹਿ ਸੁਨਿ ਮਿਲਿ ਕਰਿ ਆਨੰਦ ਧਰਤੇ। ਜਿਤਿਕ ਗੁਰੂ ਚਾਹਤਿ ਮਗ ਚਾਲੇ।ਤਿਤੋ ਸ਼ਾਹੁ ਚਹਿ ਚਲਹਿ ਸੁਖਾਲੇ॥੨੫॥ ਇਕ ਦਿਨ ਸ਼ਾਹੁ ਸੰਗ ਗੁਰੁ ਮਿਲੇ।ਬਚਨ ਬਿਲਾਸ ਬਖਾਨੇ ਭਲੇ। ਬੇਗਮ ਕੇ ਸਮੀਪ ਸੁਭ ਡੇਰੇ। ਚਿਖਨ[4] ਝਰੋਖੇ ਲਗੇ ਘਨੇਰੇ॥੨੬॥ਮਖ਼ਮਲ ਜ਼ਰੀ ਝਾਲਰਨਿ ਲਰਕੀ। ਚੋਬ ਸੁ ਚਾਂਦੀ ਚਾਮੀਕਰ ਕੀ। ਹੀਰੇ ਮੁਕਰ ਸੁ ਮੁਕਤਾ ਲਾਗੇ। ਜਗਮਗ ਚਮਤਕਾਰ ਦੁਤਿ ਜਾਗੇ ॥ ੨੭ ॥ ਤਿਨ ਮਹਿਂ ਫਿਰਹਿਂ ਬੇਗਮਾ ਹੇਰਤਿ। ਹਜ਼ਰਤਿ ਕੀ ਦਿਸ਼ਿ ਦ੍ਰਿਸ਼ਟੀ ਪ੍ਰੇਰਤਿ। ਇਕ ਦੁਇ ਨਫਰ[5] ਨਿਕਟ੍ਰ ਤਹਿਂ ਪੇਖੇ। ਪੁਨ ਸ਼੍ਰੀ ਹਰਿ ਗੋਬਿੰਦ ਜੀ ਦੇਖੇ॥੨੮॥ ਮੁਖ ਮੰਡਲ ਦੀਰਘ।ਜਸ ਕੇਰ। ਸ਼ਮਸ਼[6] ਮਨਹੁ ਤਮ ਚਹਿ ਸਸਿ ਘੇਰਾ।

---

[1]ਜਾਣਾ। [2]ਕ੍ਰਿਪਾਲੂ ਸੁਭਾਵ ਨਾਲ ਜੇ ਕਦੇ ਤੱਕ ਬੈਠੇ, ਤਦ ਦੇਖਕੇ ਛੁਡਾ ਨਾ ਦੇਣ। [3]ਮੂਰਖ ਦੀ। [4]ਚਿਕਾਂ ਦੇ। [5]ਨੌਕਰ। [6]ਦਾੜ੍ਹਾ। *ਧ੍ਰਸਟੇ ਜੁੱਧ ਵਿਚ ਇਹ ਗੱਲ ਸੱਚੀ ਹੋਈ ਸੀ।

ਮੰਦ ਮੰਦ ਮੁਸਕਾਵਤਿ ਬੋਲਤਿ। ਜਨੁ ਬਿੱਦ੍ਰਮ ਕੋ ਸੰਪਟ[1] ਖੋਲਤਿ॥੨੯॥ ਹੀਰਨ ਪਾਂਤਿ[2] ਦੰਤ ਬਿਚ ਦੀਖੇ। ਬਚਨ ਸੁਗੰਧਤਿ ਸੁਧਾ ਸਰੀਖੇ। ਬਹੁ ਬਿਸਤਰਤਿ ਬਿਲੋਚਨਿ ਬੰਕੇ[3]। ਕਮਲ ਪਾਂਖੁਰੀ ਕੀ ਕਰਿ ਸੰਕੇ[4] ॥ ੩੦॥ ਜ਼ੇਵਰ ਜਬਰ ਜਵਾਹਰ ਜਰੇ।ਪਹਿਰ ਸਰੀਰਬਿਭੂਖਤਿ ਕਰੇ।ਗੁਰੁ ਸੁੰਦਰਤਾ ਕਹਿੰ ਲਗਿ ਕਹੋਂ। ਮਹਿ ਮਹਿੰ ਕਿਹਠਾਂ ਅਪਰ ਨ ਲਹੌਂ ॥ ੩੧ ॥ ਰੂਪ ਬਿਲੋਕਿ ਬੇਗਮਾ ਸਾਰੀ।ਰੀਝ ਰਹੀ ਜਨੁ ਮ੍ਰਿਗੀ ਬਿਚਾਰੀ।ਇਕ ਟਕ ਦੇਖਿ ਰਹੀਸਭਿ ਦਾਰਾ।ਮਨੋਜੂਪ ਮੈਂ[5] ਮਨਕੋ ਹਾਰਾ॥੩੨॥ਨਿਕਟਝਰੋਖੇ ਰਹਿਗੀ ਠਾਂਢੀ। ਪ੍ਰੀਤ ਬਿਲੋਕਨਿ ਕੀ ਉਰ ਬਾਢੀ। ਹਟਿ ਨਹਿੰ ਸਕਹਿੰ ਚਿੱਤ੍ਰ ਸੀ ਖਰੀ। ਅੰਗ ਅੰਗ ਮਹਿੰ ਜਿਨ ਦੁਤਿ ਧਰੀ ॥੩੩॥ ਜਬਿ ਲਗਿ ਗੁਰੂ ਸ਼ਾਹੁ ਢਿਗ ਖਰੇ। ਇਤ ਉਤ ਨਹੀਂ ਬਿਲੋਚਨ ਕਰੇ।ਪੁਨ ਉਠਿ ਗੁਰੂ ਵਹਿਰ ਕੋ ਚਾਲੇ।ਅਵਲੋਕਤਿ ਅਕੁਲਾਵਤਿ ਨਾਲੇ[6]॥੩੪॥ਚਿਤ ਮਹਿੰ ਲਗੀ ਚਟਪਟੀ ਐਸੇ।–ਇਨਸੋਂ ਮਿਲਿਬੋ ਲਹਿੰ ਹਮ ਕੈਸੇ। ਨਿਕਟਿ ਹੋਇ ਜਬਿ ਦੇਖਨਿ ਕਰੈਂ। ਅਤਿ ਪ੍ਰਮੋਦ ਕੋ ਹਿਰਦੇ ਧਰੈਂ–॥ ੩੫ ॥ ਚਿਤਵਤਿ ਜਤਨ ਅਨੇਕ ਪ੍ਰਕਾਰਾ। ਗਨ ਦਾਸੀ ਮਹਿੰ ਬਾਕ ਉਚਾਰਾ। 'ਹਜ਼ਰਤ ਨਿਕਟ ਕੌਨ ਇਹ ਆਯੋ?।ਮਿਲਿ ਬੋਲਤਿ ਚਿਰਕਾਲਬਿਤਾਯੋ?'॥੩੬॥ਦਾਸੀਇਕ ਬ੍ਰਿਧਾਸਭਿ ਜਾਨੇ। ਸਭਿ ਬੇਗਮ ਸੋਂ ਭੇਵ ਬਖਾਨੇ। 'ਸ਼੍ਰੀ ਹਰਿ ਗੋਬਿੰਦ ਇਹ ਗੁਰੁ ਪੀਰ। ਭਏ ਸਹਾਇਕ ਸ਼ਾਹੁ ਸਰੀਰ ॥ ੩੭॥ ਦੁਰਗ ਗੁਆਲਿਯਰ ਬੈਠੇ ਜਾਇ। ਕਰੇ ਜਾਪ ਲਿਯ ਸ਼ਾਹੁ ਬਚਾਇ। ਕੇਤਿਕ ਮਾਸ ਬਿਤੇ ਚਲਿ ਆਏ। ਹਜ਼-ਰਤ ਮਾਨਹਿ ਸੀਸ ਨਿਵਾਏ ॥ ੩੮ ॥ ਅਨਿਕ ਉਪਾਇਨ ਅਰਪਨ ਕਰੈ। ਸਹਤ ਪ੍ਰੀਤਿ ਕੇ ਸ਼ਰਧਾ ਧਰੈ'।ਸੁਨਿ ਬੇਗਮ ਤਬਿ ਰਚਯੋ ਉਪਾਇ। 'ਕਹੈਂ ਸ਼ਾਹੁ ਸੋਂ–ਪੀਰ ਦਿਖਾਇ ॥੩੯॥ ਹਮ ਭੀ ਬੰਦਹਿੰਗੀ ਤਿਨ ਚਰਨ। ਜਿਨ ਦਰਸ਼ਨ ਤੇ ਦੂਖ ਗਨ ਹਰਨਿ–'। ਗਯੋ ਸ਼ਾਹੁ ਅਪਨੇ ਰਣਵਾਸ। ਖਾਨ ਪਾਨ ਕੇ ਕਰਨਿ ਬਿਲਾਸ ॥੪੦॥ ਤਬਿ ਬੇਗਮ ਨੇ ਬਾਤ ਚਲਾਈ। 'ਪੀਰ ਭਏ ਤੁਮਰੇ ਜੁ ਸਹਾਈ। ਦਰਸ਼ਨ ਤੇ ਅਘ ਓਘਨਿ ਹਰਤਾ। ਸੰਕਟ ਮੈਂ ਸਹਾਇ ਕੋ ਕਰਤਾ ॥੪੧॥ਹੈ ਕਿ ਨਹੀਂ ਇਨ ਕੇ ਸੰਗ ਦਾਰਾ ?'। ਸੁਨਿ ਹਜ਼ਰਤ ਨੇ ਬਾਕ ਉਚਾਰਾ। 'ਪੂਰਬ ਹੀ ਸੰਸੈ ਮੁਝ ਐਸੇ। ਤਰੁਨ ਅਵਸਥਾ

[1]ਗੁਲੀਆਂ ਦਾ ਡੱਬਾ । [2]ਹੀਰਿਆਂ ਦੀ ਲੜੀ। [3]ਬਾਂਕੇ । [4]ਕਵਲਾਂ ਦੀ ਪੰਖੜੀ ਕੀਹ (ਸਦ੍ਰਿਸ਼ਤਾ) ਕਰ ਸਕਦੀ ਹੈ। [5]ਜੂਏ ਵਿਚ । [6]ਵਿਆਕੁਲਤਾ ਨਾਲ।

ਇਨ ਕੀ ਜੈਸੇ॥ ੪੨ ॥ ਬਿਨ ਇਸਤ੍ਰੀ ਕਿਮ ਨਿਸਾ ਬਿਤਾਵੈਂ।ਜਿਨਹੁ ਦੇਖਿ ਤ੍ਰਿਯ ਧੀਰ ਨ ਪਾਵੈਂ। ਰੂਪ ਅਨੁਪਮ ਮ੍ਰਿਦੁਲ ਸੁਭਾਏ। ਬੋਲਤਿ ਬਦਨ ਕਮਲ ਬਿਕਸਾਏ॥ ੪੩॥ ਕਰਹੁ ਪੀਰ ਕੋ ਪਰਖਨਿ ਅਬੈ। ਕਾਮ ਬਸੀ ਹੁਇ, ਕੈ ਨਹਿਂ ਕਬੈ। ਅਪਨੇ ਤਨ ਕੋ ਸਭਿ ਸ਼ਿੰਗਾਰੋ। ਜਾਹੁ ਸਮੀਪੀ ਦਰਸ ਨਿਹਾਰੋ॥੪੪॥ ਕਰਹੁ ਬਿਲੋਕਨ ਲੋਚਨ ਗਤਿ ਕੋ[1]। ਹੁਇ ਕੈ ਨਹਿਂ ਬਿਕਾਰ ਤਬਿ ਚਿਤ ਕੋ। ਹਮ ਤੇ ਤ੍ਰਿਯ ਬਿਨ ਰਹਯੋ ਨ ਜਾਈ। ਤਿਨ ਕੈ ਤਨ ਊਪਰ ਤਰੁਨਾਈ[2]"॥ ੪੫ ॥ ਸੁਨਿ ਬੇਗਮ ਮਨ ਭਾਵਤਿ ਹੋਈ। ਹਰਖ ਬਿਸਾਲ ਬਿਖੈ ਸਭਿ ਕੋਈ। 'ਭਈ ਭੋਰ ਜਹਿਂ ਹੋਵਹਿ ਡੇਰਾ। ਹਮ ਕਰਿਹੈਂ ਦਰਸ਼ਨ ਗੁਰ ਕੇਰਾ' ॥ ੪੬ ॥ ਮਸਲਤਿ ਕਰਿ ਇਮ ਨਿਸਾ ਬਿਤਾਈ। ਚਿਤ ਬੇਗਮ ਕੇ ਅਤਿ ਖਟਕਾਈ। ਭਈ ਪ੍ਰਭਾਤਿ ਕੂਚ ਕਰਿ ਡੇਰਾ। ਜਾਇ ਬਿਪਾਸਾ ਕੋ ਜਲ ਹੇਰਾ॥੪੭॥ਪਾਰ ਉਰਾਰ ਸਿਵਰ ਕੋ ਘਾਲਾ। ਜਹਿਂ ਕਹਿਂ ਤੰਬੂ ਲਗੇ ਬਿਸਾਲਾ। ਗਜ ਬਾਜੀ ਅਰੁ ਨਰ ਸਮੁਦਾਏ। ਟਿਕਿ ਸਭਿ-ਹਿਨਿ ਬਿਸਰਾਮ ਸੁ ਪਾਏ ॥ ੪੮ ॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪੰਚਮ ਰਾਸੇ 'ਬੇਗਮਾਤ' ਪ੍ਰਸੰਗ ਬਰਨਨੰ ਨਾਮ ਖਸ਼ਟਮੋ ਅੰਸੂ ॥ ੬ ॥

੭. [ਬੇਗਮਾਤ]।

ਦੋਹਰਾ ॥ ਪੀਰ[3] ਪ੍ਰੀਖਨਾ ਪਰਖਿਬੇ ਜਹਾਂਗੀਰ ਕਹਿ ਦੀਨਿ। ਸਭਿ ਬੇਗਮ ਮਨ ਭਾਵਤੀ ਜਾਨਿ ਹਰਖ ਬਡ ਕੀਨਿ ।੧।ਚੌਪਈ।ਕੋ ਖੋੜਸ ਬਰਖਨਿ, ਕੋ ਬੀਸ। ਕਿਸ ਬੇਗਮ ਕੀ ਬੈਸ ਪਚੀਸ।ਕਰਿ ਸ਼ਨਾਨਕੋ ਪ੍ਰਥਮ ਸਰੀਰ।ਪਹਿਰੇ ਰੰਗਦਾਰ ਬਰ ਚੀਰ ॥੨॥ ਜ਼ੇਵਰ ਜਬਰ ਜਵਾਹਰ ਜਰੇ।ਮੁਕਤਾ ਗੋਲ, ਆਬ ਬਡ ਖਰੇ[4]। ਹੀਰਨਿ ਕੋ ਚਾਮੀਕਰ ਚਾਰੁ। ਚਮਕਤਿ ਚੌਸਰਹਾਰ[5]ਉਦਾਰੂ॥ ੩॥*ਜੋ ਰਜਪੂਤ ਨਰੇਸ਼ ਕੁਮਾਰੀ[6]। ਅਧਿਕ ਸਰੂਪਵਤੀ ਦੁਤਿ ਸਾਰੀ ।ਆਂਖ ਪਾਂਖਰੀ ਮਨਹੁ ਸਰੋਜਾ[7]।ਕਟ ਜਿਨ ਛੀਨੀ ਪੀਨ ਉਰੋਜਾ॥੪॥ ਬੀਚ ਪਜਾ-ਮਨਿ ਉਰੁ ਜਿ ਮੇਲੇ। ਗੋਲ ਸ ਛੀਲਕ ਜਨੁ ਜੁਗ ਕੇਲੇ। ਚਲਹਿਂ ਮਰਾਲ ਚਾਲ ਬਰ ਬਾਲਾ।ਸਗਰੇ ਸੁੰਦਰ ਅੰਗ ਬਿਸਾਲਾ॥੫॥ ਅੰਜਨ ਜੁਤਿ ਖੰਜਨ[8] ਜਨੁ ਨੈਨ। ਕੰਜਨ ਮਦ ਭੰਜਨ ਸਰ ਮੈਨ[9]। ਸਭਿ ਜਗ ਬੀਨ ਬੀਨ ਜੇ ਆਨੀ। ਕਨਾ ਸੁੰਦਰਤਾ ਕਰੈਂ ਬਖਾਨੀ ॥੬॥ ਪ੍ਰੇਰੀ ਚਲੀ ਸ਼ਾਹੁ ਕੀ ਸੋਇ।

---

[1] ਨੇਤ੍ਰ (ਦੀ ਚੰਚਲ) ਦਸ਼ਾ ਕਰਕੇ। [2] ਜਵਾਨੀ। [3] ਗੁਰੂ ਜੀ ਦੀ। [4] ਖਰੇ ਪਾਣੀ (ਚਮਕ) ਦੇ। [5] ਚਉਲੜੇ ਹਾਰ। [6] ਰਾਜ ਪੁੱਤ੍ਰੀਆਂ। [7] ਕਵਲ ਦੀ। [8] ਮਮੋਲਾ। [9] ਕਵਲ ਦੇ ਹੰਕਾਰ ਨੂੰ ਤੋੜਨ ਵਾਲੇ ਕਾਮਦੇਵ ਦੇ ਬਾਣ ਹਨ। *ਕਵਿ ਜੀ ਦੀ ਸ਼ਿੰਗਾਰ ਰਸੀ ਧਾਰਾ ਪੂਰੇ ਜ਼ੋਰ ਵਿਚ ਆਈ ਹੈ

ਆਸ ਉਪਮਾ ਕਵਿ ਕੇ ਮਨ ਹੋਇ। ਉਰਬਸਿ[1] ਆਦਿ ਮਨਹੁੰ ਸਮੁਦਾਈ।
ਸ਼ਿਵ ਕੇ ਪਰਖਨਿ ਹੇਤੁ ਪਠਾਈ ॥ ੭ ॥ ਕੈ ਨਾਰਦ ਢਿਗ ਰੰਭਾ[2] ਆਦਿ।
ਚਲੀ ਕਰਨ ਕੋ ਬਹੁ ਤਪ ਬਾਦਿ[3]। ਪ੍ਰਥਮ ਪਠੀ ਦਾਸੀ ਨੇ ਕਹਯੋ।
'ਬੇਗਮਾਤ[4] ਤੁਮ ਦਰਸ਼ਨ ਚਹਯੋ॥੯॥ ਅੰਤਰ ਹੁਇ ਇਕੰਤ ਗੁਰ ਬੈਸੇਂ।
ਪਰਦੇ ਮਹਿਂ ਦਰਸਹਿਂ ਤ੍ਰਿਯ ਜੈਸੇ। ਤਿਨ ਕੋ ਸਿਦਕ ਪੂਰੀਅਹਿ ਧੀਰ !।
ਦਿਹੁ ਦਰਸ਼ਨ ਆਵੈਂ ਜਿਮ ਤੀਰ'॥੯॥ ਬਿਨੈ ਸੁਨੀ ਤਿਨ ਕੀ ਬਹੁ ਜਬੈਂ।
ਹੁਇ ਇਕੰਤ ਬੈਠੇ ਗੁਰੁ ਤਬੈ। ਸਭਿ ਘਟ ਕੀ ਲਖਿ ਅੰਤਰਜਾਮੀ। ਸੁਮਤਿ
ਦੇਨਿ ਇਛ ਪੂਰਨ ਸੁਾਮੀ ॥ ੧੦ ॥ ਡੋਰੇ ਆਦਿਕ ਜੇ ਅਸਵਾਰੀ। ਪਰਦੇ
ਮਹਿਂ ਹਜ਼ਰਤ ਕੀ ਨਾਰੀ। ਉਤਰੀ ਆਨਿ ਗੁਰੂ ਕੇ ਦ੍ਵਾਰੇ।ਗਮਨੀ ਨਿਕਟਿ
ਅਨੰਦ ਕੋ ਧਾਰੇ ॥ ੧੧॥ ਬਹੁ ਦੀਨਾਰ ਜਵਾਹਰ ਲ੍ਯਾਈ। ਪ੍ਰਥਮ ਉਪਾ-
ਇਨ ਧਰਿ ਅਗਵਾਈ। ਕਰਿ ਕਰਿਬੰਦਨ ਬੈਠੀ ਤੀਰ। ਨਾਰ ਛਬੀਲੀ
ਗੌਰ ਸਰੀਰ ॥ ੧੨ ॥ ਬਦਨ ਉਘਾਰਿ ਅੰਚਰਾ ਟਾਰੈਂ[5]। ਇਕ ਟਕ ਗੁਰੁ
ਕੋ ਰੂਪ ਨਿਹਾਰੈਂ। ਭਈ ਬਿਬਸਿ ਮੋਹਤ ਹ੍ਵੈ ਰਹੀ। ਦੇਖਿ ਦਸ਼ਾ ਸਤਿਗੁਰੁ
ਤਬਿ ਕਹੀ ॥੧੩॥ 'ਪ੍ਰਥਮ ਪੁੰਨ ਕੋ ਫਲ ਇਹ ਪਾਯੋ। ਸੁੰਦਰ ਰੂਪ ਅਨੂਪ
ਸੁਹਾਯੋ। ਸਰਬ ਪਦਾਰਥ ਭੋਗਹੁ ਭਲੇ। ਜਸ ਇੱਛਹੁ ਤਸ ਤੂਰਨ ਮਿਲੇ॥
੧੪ ॥ ਪੀਰ ਫਕੀਰਨਿ ਸੇਵਾ ਕਰੀਅਹਿ। ਮਨ ਕੋ ਪ੍ਰੇਮ ਸ਼ਾਹੁ ਮਹਿਂ ਧਰੀ-
ਅਹਿ। ਤ੍ਰੀਅਨਿ ਕੋ ਅਮਾਨ ਇਹ ਅਹੇ। ਪਤਿ ਬਿਨ ਅਪਰ ਪੁਰਖ ਨਹਿਂ
ਚਹੇ' ॥੧੫॥ ਸੁਨਿ ਕਰਿ ਸਤਿਗੁਰੁ ਕੋ ਬਚ ਨੀਕੋ। ਚਹੈਂ ਉਪਾਵਨ ਮਨ-
ਮਥ[6] ਜੀ ਕੋ। 'ਕਹੋ ਪੀਰ ਜੀ ! ਸਾਥ ਨ ਦਾਰਾ। ਤਰੁਨ ਬੈਸ ਕਿਮ ਹੋਤਿ
ਗੁਜ਼ਾਰਾ? ॥ ੧੬ ॥ ਰੂਪ ਅਨੂਪਮ ਸੁੰਦਰ ਅਹੈ।ਦੇਖਤਿ ਕੌਨ ਹਰਖ ਨਹਿਂ
ਲਹੈ। ਕਯੋਂ ਨ ਬਿਲਾਸ ਕਰੋ ਮਨ ਭਾਇ। ਬਹੁਰ ਤਰੁਨਤਾ ਬੈਸ ਨ ਪਾਇ॥
੧੭॥ ਅਪਰ ਅਨੰਦ ਮਨਿੰਦ ਨ ਇਸ ਕੇ।ਦੰਪਤਿ ਰੂਪ ਤਰੁਨਤਾ ਜਿਸਕੇ[7]।
ਨਿਫਲ ਨ ਕੀਜਹਿ ਪ੍ਰਿਯਾ ਬਿਹੀਨ। ਜੋਗ ਸਰਬ ਸੁਖ ਕੇ ਤਨ ਚੀਨ'॥
੧੮ ॥ ਸ੍ਰੀ ਹਰਿਗੋਵਿੰਦ ਸੁਨਿ ਕਰਿ ਕਹਯੋ। 'ਨਾਰ ਭੋਗ ਸਭਿ ਜਨਮਨਿ*

[1]ਨਾਮ ਹੈ ਅਪੱਸਰਾਂ ਦਾ। [2]ਅਪੱਸਰਾਂ ਦਾ ਨਾਮ ਹੈ, ਇੰਦ੍ਰ ਦੀ ਸਭਾ ਵਿਚ ਇਸ ਦਾ ਨਾਚ ਦੇਖਕੇ ਨਾਰਦ ਜੀ ਮੋਹਿਤ ਹੋ ਗਏ ਤਾਂ ਬ੍ਰਹਮਾਂ ਨੇ ਸ੍ਰਾਪ ਦਿਤਾ ਕਿ ਤੂੰ ਮਨੁਖ ਹੋ ਜਾਹ। [3]ਉਸ ਦੇ ਵਡੇ ਤਪ ਨੂੰ ਵਿਅਰਥ ਕਰਨ ਲਈ ਚੱਲੀਆਂ ਹਨ। [4]ਬੇਗਮ ਦਾ ਬਹੁ ਵਚਨ ਹੈ—ਬੇਗਮਾਤ। [ਤੁ:, ਬੇਗਮਾਤ]। [5]ਪੱਲਾ ਲਾਹ ਕੇ। [6]ਕਾਮ। [7]ਜਿਸ ਜੋੜੀ (ਭਰਤਾ ਤੇ ਨਾਰ) ਉਤੇ ਜੁਆਨੀ ਤੇ ਰੂਪ (ਦਾ ਚੜ੍ਹਾਉ) ਹੋਵੇ। *ਪਾ:—ਜੂਨਨਿ।

ਲਹ੍ਯੋ। ਇਕ ਸਮਾਨ ਸਭਿਨਿ ਮਹਿਂ ਅਹੈ। ਸੂਕਰ ਕੂਕਰ ਸਭਿ ਸੁਖ ਲਹੈਂ॥ ੧੯ ॥ਇਹੁ ਮਾਨੁਖ ਤਨ ਪਾਇ ਵਿਸ਼ੇਸ਼॥ਸਿਮਰਨਿ ਕਰਹਿ ਖ਼ੁਦਾਇ ਹਮੇਸ਼। ਜਨਮ ਅਨੇਕਨਿ ਕੋ ਦੁਖ ਖੋਵੈ। ਜਿਸ ਤੇ ਮਰਨ ਕਸ਼ਟ ਨਹਿਂ ਜੋਵੈ ॥੨੦॥ ਤਰੁਨਾਪਨ ਕੋ ਸੁਖ ਦਿਨ ਚਾਰ। ਇਸ ਮਹਿਂ ਪ੍ਰੇਮ ਨ ਕਰਹਿ ਬਿਚਾਰ। ਸੁਖ ਜੋ ਅਟਲ ਲੇਨਿ ਹਿਤ ਚਾਹੈ। ਸਤਿਗੁਰੁ ਸੇਵਹਿ ਸਿਮਰਿ ਅਲਾਹੈ[1] ॥੨੧॥ ਥੋਰੇ ਸੁਖ ਹਿਤ ਬਹੁਤ ਨ ਖੋਵੈ। ਸੋ ਬੁਧਿਵੰਤ ਚਤੁਰ ਨਰ ਹੋਵੈ। ਤੁਮ ਭੀ ਕਰਿ ਨਿਤ ਪਤਿ ਮਹਿਂ ਪ੍ਰੇਮ। ਸਿਮਰਿ ਖ਼ੁਦਾਇ ਲਹੋ ਸੁਭਿ ਛੇਮ[2] ॥੨੨॥ ਬੇਗਮ ਸੁਨਹਿਂ ਬਸਤ੍ਰ ਕੋ ਟਾਰਹਿਂ। ਸੁੰਦਰ ਅਪਨੇ ਅੰਗ ਦਿਖਾਰਹਿਂ। ਹਾਵ ਭਾਵ ਕਰਿ ਅਨਿਕ ਪ੍ਰਕਾਰੀ। ਦੇਖਹਿਂ ਰੂਪ ਹੋਤਿ ਬਲਿਹਾਰੀ ॥ ੨੩ ॥ ਨਾਰਿ ਸੁਭਾਵ ਜਿ ਮਦਨ ਉਪਾਵਨਿ। ਸਭਿ ਕਰਿ ਰਹੀ ਤਹਾਂ ਰੀਝਾਵਨ। ਗੁਰ ਕੀ ਦ੍ਰਿਸ਼ਟਿ ਬਿਕਾਰ ਨ ਭਯੋ। ਸਹਿਜ ਸੁਭਾਵ ਪ੍ਰਥਮ ਜਿਮ ਲਹ੍ਯੋ ॥ ੨੪ ॥ ਪਿਖਤਿ ਕਟਾਛਨਿ ਬੰਕੇ ਕਰਿਕੈ। ਉਰਜ[2] ਦਿਖਾਵਤਿ ਭੁਜਾ ਉਸਰਿਕੈ। ਅਪਨੀ ਦੁਤਿ ਦਿਖਾਇ ਕਰਿ ਹਾਰੀ। ਨਹਿਂ ਸਤਿਗੁਰ ਕਿਮ ਭਏ ਬਿਕਾਰੀ ॥੨੫॥ ਕਿਤਿਕ ਕਾਲ ਬੈਠੀ ਢਿਗ ਰਹੀ। ਸੁਨੀ ਬਾਤਿ ਮਨ ਭਾਵਤਿ ਕਹੀ। ਜੋਰ ਨ ਚਲ੍ਯੋ ਜਾਨਿ ਸਭਿ ਲੀਨੀ। ਉਠਨਿ ਹੇਤੁ ਪੁਨ ਮਨਸ਼ਾ ਕੀਨੀ॥ ੨੬ ॥ ਜੋਰਿ ਹਾਥ ਪੁਨ ਬੰਦਨ ਠਾਨੀ।-ਸਾਚੋ ਪੀਰ-ਬੇਗਮਨਿ ਜਾਨੀ। ਜਸੁ ਕੋ ਕਰਤਿ ਚਢੀ ਅਸੁਵਾਰੀ। ਅੰਤਰ ਪਰਦੇ ਜਾਇ ਉਤਾਰੀ ॥ ੨੭ ॥ ਜਹਾਂਗੀਰ ਅੰਤਹਪੁਰ ਆਵਾ। ਥਿਰ ਹੁਇ ਗੁਰੁ ਪ੍ਰਸੰਗ ਚਲਾਵਾ। 'ਗਮਨੀ ਆਜ ਪੀਰ ਕੇ ਤੀਰ। ਕਿਮ ਦੇਖ੍ਯੋ ਗੰਭੀਰ ਸਧੀਰ ? ॥੨੮ ॥ [3]ਇੰਗਿਤਿ ਬੋਲ ਬਿਲੋਕਨਿ ਕੇਰੀ॥ ਤੁਮ ਸਮੀਪ ਤੇ ਕਹੁ ਕਿਮ ਹੇਰੀ[3]?। ਮਨ ਬਿਕਾਰ ਜੁਤਿ ਭਯੋ ਕਿ ਨਾਂਹੀਂ?। ਬਿਨ ਤ੍ਰਿਯ ਨਹਿਂ ਲਖੀਅਤਿ ਚਿਤ ਮਾਂਹੀ'॥੨੯॥ਸੁਨਿ ਬੇਗਮ ਕਰ ਜੋਰਤਿ ਕਹ੍ਯੋ। 'ਇਨ ਸਮ ਅਪਰ ਨਹੀਂ ਹਮ ਲਹ੍ਯੋ। ਹਾਵ ਭਾਵ ਅੰਗਨਿ ਦਿਖਰਾਵਨ।ਹਮ ਸਭਿ ਕੀਨ ਮਦਨ ਉਪਾਵਨ॥੩੦॥ਹਮਰੋ ਕਰਤਬ ਬਾਯੁ ਮਨਿੰਦ। ਰਹ੍ਯੋ ਪੀਰ ਮਨ ਮੇਰੁ ਗਿਰਿੰਦ। ਸਹਜ ਸੁਭਾਇਕ ਪ੍ਰਥਮ ਸਮਾ-ਨਾ। ਮਧੁਰ ਗਿਰਾ ਉਪਦੇਸ਼ ਬਖਾਨਾ ॥ ੩੧ ॥-ਪਤਿ ਮਹਿਂ ਪ੍ਰੇਮ ਕਿ ਨਾਮ ਖ਼ੁਦਾਇ। ਸੁਨਤਿ ਹਮਾਰੋ ਮਨ ਬਿਰਮਾਇ[4]। ਬੁਰੇ ਬਿਸ਼ਯ ਲਖਿ ਹੋਤਿ

[1]ਅੱਲਾ ਨੂੰ, ਰੱਬ ਨੂੰ। [2]ਸਥਨ। [3]ਗੁਰੂ ਜੀ ਦੇ ਬੋਲਣ ਤੇ ਤੱਕਣੀ ਦੇ ਲੱਛਣਾਂ ਨੂੰ ਤੁਹਾਡੇ ਕੋਲ ਹੋਣ ਕਰਕੇ (ਤੁਸਾਂ) ਕਿਵੇਂ ਦਾ ਡਿੱਠਾ, (ਦੱਸੋ)। [ਸੰ:, ਇੰਗ=ਲੱਛਣ, ਇਸ਼ਾਰਾ]। [4]ਪਰਚਦਾ ਹੈ ਰੀਝਦਾ ਹੈ।

ਵਿਰਾਗ। ਯਜ਼ਦਾਂ[1]ਸਿਮਰਨਿ ਮਹਿਂ ਅਨੁਰਾਗ-॥੩੨॥ਇਹੁ ਸੁੰਦਰਤਾ ਇਹ ਤਰੁਨਾਈ। ਇਹ ਕਦ ਇਹ ਬਲ ਇਹ ਚਤੁਰਾਈ। ਸਭਿ ਕੋ ਪਾਇ ਕਿਯੋ ਮਨ ਬਸਿ ਮੈਂ। ਨਹਿਂ ਦੌਰਤਿ ਕਬਿਹੂੰ ਕਿਸ ਰਸ ਮੈਂ॥੩੩॥ ਬੰਦਨੀਯ ਸਭਿ ਜਗ ਕੇ ਪੀਰ। ਨਿਸ਼ਚੈ ਰੱਖਜਕ ਤੁਮਹਿਂ ਸਰੀਰ। ਸਦਾ ਅਦਾਬ ਕਰਹੁ ਇਨ ਕੇਰਾ। ਭਲਾ ਹੋਹਿ ਜੁਗ ਲੋਕ ਘਨੇਰਾ ॥ ੩੪ ॥ ਚਿਤ ਕੀ ਜਾਨਤਿ ਅੰਤਰਜਾਮੀ। ਮਹਾਂ ਪੁਰਖ ਪੂਰਨ ਬਡ ਸ੍ਵਾਮੀ। ਨਹੀਂ ਅਵੱਗਯਾ ਆਪ ਕਰੀਜੈ। ਸਰਬ ਪ੍ਰਕਾਰ ਪ੍ਰਸੰਨ ਰਖੀਜੈ' ॥੩੫॥ ਸੁਨਿ ਕੈ ਸ਼ਾਹੁ ਕਹਯੋ'ਮੈਂ ਜਾਨੌਂ। ਗਾਦੀ ਸ੍ਰੀ ਨਾਨਕ ਕੀ ਮਾਨੌਂ। ਨਿਸ ਮਹਿਂ ਸਿਮਰੇ ਕਰੀ ਸਹਾਇ। ਜੁਗ ਸ਼ੇਰਨਿ ਕੋ ਹੇਰਿ ਹਟਾਇ ॥ ੩੬ ॥ ਇਕ ਹਕੀਮ ਨੇ ਮੁਹਿ ਸਮੁਝਾਯੋ। ਦੁਰਗ ਗ੍ਵਾਲਿਯਰ ਤੇ ਬੁਲਿਵਾਯੋ। ਕੈਦੀ ਮਰਣ ਪ੍ਰਯੰਤ ਨ੍ਰਿਪਾਲੇ। ਸੰਗ ਆਪਨੇ ਦੁਰਗ ਨਿਕਾਲੇ ॥੩੭॥ ਛੋਰਨ ਉਚਿਤ ਸੁ ਨਹਿਂ ਰਿਪੁ ਘੋਰੇ।ਇਨ ਕੇ ਕਹੇ ਤੁਰਤ ਸੋ ਛੋਰੇ। ਚੰਦੂ ਦਿਵਾਨ ਇਨਹੁਂ ਕੋ ਬੈਰੀ। ਕਰੀ ਅਵੱਗਯਾ ਬਡ ਗੁਰ ਕੇਰੀ ॥ ੩੮ ॥ ਕਰਨਿ ਪ੍ਰਸੰਨ ਰਿਦੇ ਹਿਤ ਸਾਥ। ਸੋ ਮੈਂ ਪਕਰ ਦੀਨਿ ਇਨ ਹਾਥ। ਕਰਿਬੇ ਲਾਇਕ ਹੁਤੀ ਨ ਜੋਇ। ਇਨ ਆਦਰ ਹਿਤ ਕੀਨੀ ਸੋਇ ॥੩੯॥ ਅਬਿ ਜਿਮ ਮਮ ਮਨ ਸੰਸੈ ਭਯੋ। ਸੋ ਭੀ ਨਿਰਨੈ ਕਰਿ ਪਿਖਿ ਲਯੋ। ਪਰਖ ਨਮਿੱਤ[2] ਕਰਿ ਤੁਮਹਿ ਪਠਾਯੋ*। ਇਸ ਤੇ ਕੋਪ ਜਿ ਕੁਛ ਉਪਜਾਯੋ॥੪੦॥ਮਿਲੌਂ ਪ੍ਰਾਤਿ ਨਿਜ ਬਿਨੈ ਸੁਨਾਵੌਂ। ਭੂਲ ਭਈ ਸਗਰੀ ਬਖ਼ਸ਼ਾਵੌਂ। ਇੱਤ੍ਯਾਦਿਕ ਸੁਨਿ ਕਹਿ ਗੁਰੁ ਜਸ ਕੋ। ਕਰਯੋ ਅਹਾਰ ਅਨੇਕਨਿ ਰਸਕੋ ॥ ੪੧ ॥ ਪਰੇ ਜਥਾ ਸੁਖ ਨਿਸ ਮਹਿਂ ਸੋਏ। ਭਈ ਪ੍ਰਾਤ ਸਭਿ ਜਾਗ੍ਰਿਤਿ ਹੋਏ। ਰਵਿ ਜਿਸ ਕਾਲ ਉਦੈ ਨਹਿਂ ਭਯੋ। ਸ਼ਾਹੁ ਤਯਾਰਿ ਹ੍ਵੈ ਗੁਰੁ ਢਿਗ ਗਯੋ ॥ ੪੨ ॥ ਆਗੈ ਕਿਰਤਨ ਹੋਤਿ ਸਪ੍ਰੇਮ। ਸੁਨਹਿ ਏਕ ਚਿਤ ਪ੍ਰਾਪਤਿ ਛੇਮ। ਸਿੱਖਨਿ ਕੋ ਲਾਗਯੋ ਦੀਵਾਨ। ਬੀਚ ਬਿਰਾਜਹਿਂ ਗੁਰ ਭਗਵਾਨ ॥ ੪੩ ॥ ਬੈਠਯੋ ਬੰਦਨ ਕਰਿ ਕੈ ਸ਼ਾਹੂ। ਸੁਨਯੋ ਸ਼ਬਦ ਸੁਖ ਲਹਿ ਮਨ ਮਾਂਹੂ। ਆਸਾਵਾਰ ਭੋਗ ਤਬਿ ਪਰਯੋ। ਸੁਨਿ ਸ੍ਰੀ ਨਾਨਕ ਕੋ ਜਸ ਰਰਯੋ॥

[1]ਰੱਬ [ਫ਼ਾ:, ਯਜ਼ਦਾਂ]। [2]ਪਰਖਣ ਵਾਸਤੇ (ਅ) ਪਰਖਨ+ਮਿਤ=ਪਰਖਣ ਦੀ ਸਲਾਹ।

*ਮਾਲੂਮ ਹੁੰਦਾ ਹੈ ਕਿ ਕਵਿ ਜੀ ਨੂੰ ਕੋਈ ਸਾਖੀ ਮਿਲੀ ਹੈ, ਜਿਸ ਵਿਚ ਪਾਤਸ਼ਾਹ ਨੇ ਗੁਰੂ ਜੀ ਦੀ ਕੋਈ ਪਰਖਣਾਂ ਕੀਤੀ ਹੈ ਤੇ ਉਨ੍ਹਾਂ ਨੂੰ ਸਾਬਤ ਪਾਇਆ ਹੈ। ਉਸ ਸਾਖੀ ਦਾ ਆਪ ਨੇ ਕਵਿਤਾ ਦੇ ਅਲੰਕਾਰਾਂ ਤੇ ਸ਼ਿੰਗਾਰ ਰਸੀ ਰੂਪ ਰੰਗਾਂ ਵਿਚ ਇਕ ਚਿੱਤ੍ਰ ਚਿੱਤ੍ਰਿਤ ਕੀਤਾ ਹੈ ਤੇ ਗੁਰੂ ਜੀ ਦੇ ਜਤ ਸਤ ਦਾ ਰੂਪਕ ਬੀ ਸੁਹਣਾ ਦੱਸਿਆ ਹੈ। ਇਹ ਸਾਖੀ ਮਹਿਮਾ ਪ੍ਰਕਾਸ਼ ਵਿਚ ਨਹੀਂ ਹੈ।

੪੪॥ਸ੍ਰੀ ਹਰਿ ਗੋਬਿੰਦ ਆਦਰ ਕੀਨਿ।ਕਹਨੋ ਬਾਕ'ਇਹ ਗੁਰ ਪੁਰਿਚੀਨਿ। ਦਰਸ਼ਨ ਕਰਨਿ ਥਾਨ ਸਭਿ ਕੇਰਾ। ਹੋਤਿ ਪਾਕ ਮਨ, ਪੁੰਨ ਘਨੇਰਾ॥ ੪੫॥ ਸ੍ਰੀ ਗੁਰ ਅਮਰਦਾਸ ਘਰ ਇਹਾਂ। ਗੋਇੰਦਵਾਲ ਬਸਾਯੋ ਮਹਾਂ। ਪਿਤਾ ਤੋਰਿ ਜਿਨਕੇ ਢਿਗ ਆਯੋ।ਗ੍ਰਾਮ ਪਰਗਨਾ ਤਿਨ ਅਰਪਾਯੋ'॥੪੬॥ ਸੁਨਤਿ ਸ਼ਾਹੁ ਕਹਿ 'ਮੋਹਿ ਦਿਖਾਵੋ। ਸਭਿ ਅਵਗੁਣ ਹਮਰੇ ਬਖ਼ਸ਼ਾਵੋ। ਇਸੀ ਹੇਤੁ ਮੈਂ ਰਾਵਰਿ ਪਾਸ। ਹਿਤ ਬਖ਼ਸ਼ਾਵਨਿ ਕੇ ਕਰਿ ਆਸ'॥੪੭॥ ਸੁਨਿ ਸਤਿਗੁਰ ਨੇ ਬਹੁ ਸਨਮਾਨਾ।'ਸ੍ਰੀ ਨਾਨਕ ਕੀ ਕ੍ਰਿਪਾ ਮਹਾਨ।।ਸਨ-ਮੁਖ ਗੁਰ ਗ੍ਰਿਹ ਸੋਂ ਤੁਮ ਰਹੇ। ਯਾਂਤੇ ਹਮ ਅਪਨੇ ਮਨ ਲਹੇ[1]॥੪੮॥ਇਸ ਥਲ ਤੇ ਮਾਰਗ ਹੁਇ ਨਜਾਰੋ। ਤੁਮ ਲਵਪੁਰਿ ਕੋ ਇਤੇ ਸਿਧਾਰੋ। ਚਹੈਂ ਸੁਧਾਸਰ ਹਮ ਅਬਿ ਜਾਯੋ।ਬਿਨ ਦੇਖੇ ਬਹੁ ਕਾਲ ਬਿਤਾਯੋ'॥ ੪੯॥ ਸੁਨਿ ਕਰਿ ਸ਼ਾਹੁ ਕਹੇ 'ਮੈਂ ਚਾਲੋਂ। ਕਰਿ ਦਰਸ਼ਨ ਪੁਨ ਪੰਥ ਸਮਾਲੋਂ। ਦੇਖਿ ਸੁਧਾ:ਸਰ ਲੇ ਤੁਮ ਸੰਗ। ਪੁਨ ਗਮਨਹਿਂ ਲਵਪੁਰੀ ਉਮੰਗਿ'॥੫੦॥ਸ਼ਰਧਾ ਜਾਨਿ ਸ਼ਾਹੁ ਕੀ ਮਹਾਂ। ਹਰਿ ਗੋਬਿੰਦ 'ਤਥਾਸਤੁ' ਕਹਾ। ਗੋਇੰਦਵਾਲ ਦਰਸ ਕੋ ਕਰਿਬੇ। ਭਏ ਤਯਾਰ ਉਰ ਆਨੰਦ ਸਰਬੇ॥ ੫੧॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪੰਚਮ ਰਾਸੇ 'ਬੇਗਮਨਿ ਕੋ' ਪ੍ਰਸੰਗ ਬਰਨਨੰ ਨਾਮ ਸਪਤਮੋਂ ਅੰਸੂ॥ ੭॥

੮. [ਸ੍ਰੀ ਅੰਮ੍ਰਿਤਸਰ ਆਏ]।

ਦੋਹਰਾ॥ ਸ੍ਰੀ ਹਰਿ ਗੋਬਿੰਦ ਸ਼ਾਹੁ ਲੇ ਗਮਨੇ ਗੋਇੰਦਵਾਲ। ਪਾਰ ਬਿਪਾਸਾ ਤੇ ਉਤਰਿ ਸੰਗ ਲਿਏ ਨਰ ਜਾਲ॥ ੧॥ ਚੌਪਈ॥ ਪ੍ਰਥਮ ਬਾਵਲੀ ਜਾਇ ਸ਼ਨਾਨੇ।ਕੀਰਤਿ ਸ੍ਰੀ ਗੁਰੁ ਅਮਰ ਬਖਾਨੇ।ਸਭਿ ਮਿਲਿ ਭੱਲੇ ਸਾਹਿਬਜ਼ਾਦੇ। ਆਏ ਗੁਰੁ ਹੇਰਨਿ ਅਹਿਲਾਦੇ॥੨॥ਸ਼ਾਹੁ ਸਹਤ ਸ੍ਰੀ ਹਰਿ ਗੋਬਿੰਦ। ਅਰ-ਪਨ ਕੀਨੋ ਦਰਬ ਬਿਲੰਦ। ਮ੍ਰਿਦੁਲ ਬਖਾਨਿ ਅਧਿਕ ਸਨਮਾਨੇ। ਬਹੁਰ ਚੁਬਾਰੇ ਦੇਖਨਿ ਪਯਾਨੇ॥ ੩॥ ਤਹਿਂ ਪੂਜਾ ਕਰਿ ਕੇ ਹਟਿ ਆਏ। ਚਢਨੋ ਸ਼ਾਹੁ ਤਬਿ ਬੰਬ[2] ਬਜਾਏ। ਸ੍ਰੀ ਹਰਿ ਗੋਬਿੰਦ ਮਿਲਿ ਸਭਿ ਸਾਥ। ਬੂਝੇ, ਕਹੀ ਚੰਦੂ ਕੀ ਗਾਥ॥੪॥ਜਥਾ ਜੋਗ ਕਹਿ ਸਭਿ ਹਰਖਾਏ।ਸ੍ਰੀ ਗੁਰੁ ਅਮਰ ਅੰਸ ਸਮੁਦਾਏ। ਸਭਿ ਤੇ ਲੇ ਆਇਸੁ ਗੁਰੁ ਚਲੇ। ਪੰਥ ਤਰਨ ਤਾਰਨ ਕੇ ਭਲੇ॥ ੫॥ ਡੇਰਾ ਆਇ ਕਰਨੋ ਨਿਜ ਥਾਨ। ਉਤਰਨੋ ਜਹਾਂਗੀਰ ਸੁਖ ਮਾਨ। ਕਰਿ ਇਸ਼ਨਾਨ ਗੁਰੂ ਤਬਿ ਤਹਾਂ। ਪਿਤ ਸਥਾਨ ਕਰਿ ਬੰਦਨ

[1](ਤੁਹਾਨੂੰ) ਮਨ ਵਿਚ ਅਸਾਂ ਆਪਣਾ ਹੀ ਜਾਣਿਆਂ ਹੈ। [2]ਨਗਾਰਾ।

ਮਹਾਂ ॥ ੬ ॥ ਸ਼ਾਹੁ ਆਨਿ ਧਨ ਭੇਟ ਚਢਾਇ। ਬਸੇ ਨਿਸਾ ਬਿਸਰਾਮ ਸੁ ਪਾਇ। ਭਈ ਪ੍ਰਾਤ ਕਰਿ ਕੈ ਇਸ਼ਨਾਨ। ਕਰੀ ਪ੍ਰਣਾਮ ਗੁਰੁ ਪਿਤ ਥਾਨ॥੭॥ ਡੇਰਾ ਕੂਚ ਸ਼ਾਹੁ ਜੁਤਿ ਭਯੋ। ਨਗਰ ਸੁਧਾਸਰ ਕੇ ਢਿਗ ਗਯੋ। ਸ਼ਾਹੁ ਬਿਚਾਰਤਿ ਬਚਨ ਉਚਾਰਾ। 'ਗੁਰੂ ਨਗਰ ਅਬਿ ਨਿਕਟਿ ਨਿਹਾਰਾ॥੮॥ ਸੈਨਾ ਬ੍ਰਿੰਦ ਮਤੰਗ ਤੁਰੰਗ। ਨਰ ਅਨਗਨ ਹੈਂ* ਮੇਰੇ ਸੰਗ॥ ਪੁਰੀ ਸਮੀਪ ਨ ਡੇਰਾ ਆਛੋ। ਖੇਦ ਨ ਹੋਇ ਇਹੀ ਚਿਤ ਬਾਛੋਂ॥੯॥ਜਾਹੁ ਵਜ਼ੀਰਖਾਨ ਗੁਰੁ ਪਾਸ॥ਡੇਰਾ ਪੁਰਿ ਤੇ ਦੂਰਹਿ ਬਾਸਿ॥ਹੋਇ,ਉਲੰਘ ਕਰਿ ਆਗੈ ਹੇਰਿ[1]। ਤਿਤ ਹੀ ਗਮਨੈਂ ਕਰਤਿ ਅਖੇਰਿ॥੧੦॥–ਡੇਰਾ ਹਮਰੋ ਤਹਿਂ ਕਰਿਵਾਇੰ। ਅਪਨੀ ਸੈਨਾ ਨਿਕਟਿ ਟਿਕਾਇ। ਬਹੁਰ ਸਦਨ ਕੋ ਆਪ ਸਿਧਾਰੋ[2]। ਭੋਰ ਬਨਹਿਂ ਆਗਮਨ ਹਮਾਰੋ–'॥ ੧੧ ॥ ਸੁਨਤਿ ਸ਼ਾਹੁ ਤੇ ਤੂਰਨ ਪਯਾਨਾ। ਸ੍ਰੀ ਗੁਰੁ ਸੋਂ ਸਭਿ ਜਾਇ ਬਖਾਨਾ। 'ਹਜ਼ਰਤ ਕੀ ਮਰਜ਼ੀ ਇਮ ਅਹੈ। ਤੁਮਰੀ ਰਿਦੇ ਪ੍ਰਸੰਨਤਾ ਚਹੈ' ॥ ੧੨ ॥ ਸੁਨਿ ਸ਼੍ਰੀ ਹਰਿ ਗੋਵਿੰਦ ਬਖਾਨੀ। 'ਆਛੀ ਬਾਤ ਕਰੀ ਹਮ ਮਾਨੀ। ਦੋਇ ਕੋਸ ਗੁਮਟਾਲੇ† ਦਿਸ਼ਿ ਕੋ। ਕਰਹੁ ਨਿਵਾਸ ਹਰਖ ਜਿਸ ਕਿਸ ਕੋ[3]'॥੧੩ ॥ ਸੁਨਿ ਕਰਿ ਗਮਨਯੋ ਜਾਇ ਬਤਾਈ:–'ਤੁਮਰੀ ਕਹੀ ਗੁਰੁ ਮਨ ਭਾਈ'। ਚਲੀ ਜਾਤਿ ਹਜ਼ਰਤ ਅਸੁਵਾਰੀ। ਕਰਯੋ ਸਿਵਰ ਬਰ ਧਰਾ ਨਿਹਾਰੀ ॥ ੧੪॥ ਆਨਿ ਲਗੇ ਤੰਬੂ ਸਮੁਦਾਏ। ਗਜ ਬਾਜੀ ਸਭਿ ਉਤਰਿ[4] ਟਿਕਾਏ। ਕਹਯੋ ਵਜ਼ੀਰਖਾਨ ਕੋ ਸ਼ਾਹੁ। 'ਗਮਨੋ ਅਬੈ ਪੀਰ ਕੇ ਪਾਹੂ ॥ ੧੫ ॥ ਕਛੁਕ ਦਾਸ ਲੇ ਕਰਿ ਸੰਗ ਜਾਵੈਂ। ਸਦਨ ਆਪਨੇ ਸਭਿ ਸੁਖ ਪਾਵੈਂ। ਭਈ ਪ੍ਰਾਤ ਮੈਂ ਦਰਸ਼ਨ ਕਰੋਂ। ਇਸ ਪ੍ਰਕਾਰ ਅਪਨੋ ਮਤਿ ਧਰੋਂ ॥੧੬॥ ਤੂੰ ਭੀ ਕਰਹੁ ਸੰਗ ਗੁਰੁ ਪਯਾਨਾ। ਦਰਸ਼ਨ ਦੇਖਹੁ ਸਗਰੇ ਥਾਨਾ। ਹਟਿ ਕਰਿ ਆਇ ਪ੍ਰਾਤ ਕੋ ਜਬੈ। ਹਮ ਗਮਨੈਂ ਲੇ ਤੁਵ ਸੰਗ ਤਬੈ'॥ ੧੭ ॥ ਹਜ਼ਰਤ ਤੇ ਸੁਨਿਕੈ ਤਤਕਾਲ। ਪਹੁੰਚਯੋ ਜਹਿਂ ਸਤਿਗੁਰੂ ਕ੍ਰਿਪਾਲ। ਕਹੀ ਸ਼ਾਹੁ ਕੀ ਸਗਲ ਸੁਨਾਈ। 'ਅਪਨੇ ਸਦਨ ਬਿਰਾਜੋ ਜਾਈ ॥੧੮॥ਪੰਚ ਸਿੱਖ ਭਾਈ ਬ੍ਰਿਧ ਸੰਗ। ਗੁਰੂ ਅਰੂਢੇ ਚਪਲ ਤੁਰੰਗ। ਪੰਥ ਸੁਧਾਸਰ ਕੇ ਤਬਿ ਚਾਲੇ।ਖਾਂ ਵਜ਼ੀਰ ਆਯਸਿ ਭਾ ਨਾਲੇ ॥ ੧੯ ॥ ਜੇਠਾ ਭੇਜਯੋ ਹੁਤੋ ਅਗਾਰੀ। 'ਪੰਚਾਂਮ੍ਰਿਤ ਕੀਜਹਿ ਬਹੁ

[1]ਲੰਘ ਕਰਕੇ (ਜਾਹ) ਤੇ ਅਗੇ (ਜਾ ਕੇ) ਦੇਖ (ਗੁਰੂ ਜੀ ਨੂੰ)। [2]ਜਾਓ(ਹੇ ਗੁਰੂ ਜੀ)। [3]ਭਾਵ ਸਭਨੂੰ। [4]ਉਤਾਰ ਕੇ। *ਪਾ:- ਨਰ ਗਨ ਹੈਂ ਅਸ। †ਇਹ ਗਿਰਾਂ ਹੁਣ ਕਚਹਿਰੀ ਦੇ ਪਾਸਵਾਰ ਹੈ।

ਤਜਾਰੀ[੧]। ਉਤਸਵ ਅਧਿਕ ਗੁਰੂ ਪੁਰਿ ਮਾਂਹੀ। ਹਰਖਤਿ ਮਾਤ ਪਾਸ ਚਲਿ ਜਾਂਹੀ ॥ ੨੦ ॥ ਬਸਤ੍ਰ ਬਿਭੂਖਨ ਪਹਿਰ ਨਵੀਨ। ਨਿਜ ਢਿਗ ਤੇ ਪੰਚਾਂ-ਮ੍ਰਿਤ ਕੀਨਿ। ਗੁੰਦੀ ਕਿਨ ਫੂਲਨਿ ਕੀ ਮਾਲਾ। ਧੂਪ ਧੁਖਾਇ ਸੁਗੰਧਿ ਬਿਸਾਲਾ ॥ ੨੧ ॥ ਨਗਰੀ ਗਰੀ ਮਾਰਜਨ[੧] ਕਰੀ। ਕਰਿ ਛਿਰਕਾਵ ਧੂਰ ਪਰਹਰੀ। ਨੌਬਤ ਬਜਹਿ ਗੁਰੂ ਕੇ ਪੌਰ। ਪੁਰਿ ਪ੍ਰਵਿਸ਼ਹਿੰ ਸੋਢੀ ਸਿਰ ਮੌਰ ॥੨੨॥ਕਹੈਂ ਚਾਵ ਧਰਿ ਕਰਹਿੰ ਪ੍ਰਤੀਖਨਿ।–ਪਿਖਹਿੰ ਸ਼ੀਘ੍ਰ ਹੀ ਸੁਖ ਲਹਿੰ ਈਖਨ[੨]–। ਸ਼੍ਰੀ ਗੁਰੁ ਚਢਿ ਤੁਰੰਗ ਪਰ ਆਏ। ਪੁਰਿ ਕੇ ਚਿੰਨ੍ਹ ਦ੍ਰਿਸ਼ਟਿ ਜਬਿ ਪਾਏ ॥੨੩॥ ਹਯ ਤੇ ਉਤਰਿ ਚਰਨ ਸੋਂ ਚਾਲੇ। ਬਡਿਨਿ ਗੁਰੂ ਹਿਤ ਅਦਬ ਬਿਸਾਲੇ। ਖਾਂ ਵਜ਼ੀਰ ਜਬਿ ਗੁਰ ਦਿਸ਼ਿ ਹੇਰਾ। ਉਤਰ ਚਲ੍ਯੋ ਪਗ ਸੋਂ ਬਿਨ ਦੇਰਾ ॥੨੪॥ ਅਪਰ ਸਰਬ ਹੀ ਗਮਨੇ ਪਾਂਇ। ਘੋਰੇ ਸੰਗਿ ਲੀਨਿ ਡੁਰਿਆਇ[੩]। ਪ੍ਰਥਮ ਅਕਾਲ ਤਖਤ ਗੁਰੁ ਆਏ। ਪੰਚਾਂਮ੍ਰਿਤ ਬਹੁ ਕਰਿਕੈ ਲਯਾਇ ॥ ੨੫ ॥ ਖਰੇ ਕਰਾਵਨਿ ਕੋ ਅਰਦਾਸ। ਹਰਖਤਿ ਹੁਇ ਕੀਨੀ ਗੁਰਦਾਸ।ਪੰਚ ਗੁਰੁਨਿ ਕੋ ਲੇ ਕਰਿ ਨਾਮੂ। ਤਬਿ ਅਰਦਾਸ ਕਰੀ ਅਭਿ-ਰਾਮੂ ॥੨੬॥ ਹਾਥ ਜੋਰਿ ਕਰਿ ਭੇਟ ਚਢਾਈ। ਧ੍ਯਾਨ ਧਾਰਿ ਕਰਿ ਗ੍ਰੀਵ ਨਿਵਾਈ। ਪੁਨ ਗੁਰਦਾਸ ਬੰਦਨਾ ਕਰਿਕੈ। ਮਿਲ੍ਯੋ ਸਰਬ ਸੋਂ ਉਰ ਮੁਦ ਧਰਿ ਕੈ ॥ ੨੭ ॥ ਕੁਸ਼ਲ ਪ੍ਰਸ਼ਨ ਸਤਿਗੁਰ ਨੇ ਕਰ੍ਯੋ। ਸਰਬ ਹੇਰਿ ਸੁਖ ਤਾਂਹਿ ਉਚਰ੍ਯੋ। ਬਹੁਰ ਦਰਸ਼ਨੀ ਪੌਰ ਸਿਧਾਰੇ। ਸਨਮੁਖ ਹੋਇ ਬੰਦਨਾ ਧਾਰੇ ॥ ੨੮ ॥ ਹਰਿਮੰਦਿਰ ਮਹਿੰ ਗਏ ਗੁਸਾਈਂ। ਅਧਿਕ ਭਾਉ ਧਰਿ ਗ੍ਰੀਵ ਨਿਵਾਈ। ਤਹਿੰ ਬੁੱਢੇ ਅਰਦਾਸ ਉਚਾਰੀ। ਪੰਚ ਗੁਰੁਨਿ ਲੇ ਨਾਮ ਅਗਾਰੀ ॥ ੨੯ ॥ ਬਹੁਰ ਕਰਾਹੁ ਸਭਿਨਿ ਵਰਤਾਯੋ। ਅਧਿਕ ਪ੍ਰਮੋਦਿਤਿ ਲੇ ਕਰਿ ਖਾਯੋ। ਉਠਿ ਕਰਿ ਪੁਨਹਿੰ ਪ੍ਰਕ੍ਰਮਾ ਦੀਨਿ। ਥਿਰੇ ਅੱਗ੍ਰ ਅਭਿ-ਬੰਦਨ ਕੀਨਿ ॥੩੦॥ਪੁਨ ਸਤਿਗੁਰੁ ਪੁਰਿ ਮਹਿੰ ਚਲਿ ਆਏ। ਨਰ ਨਾਰੀ ਉਰ ਅਨੰਦ ਵਧਾਏ। ਧਾਇ ਧਾਇ ਦੇਖਨਿ ਕੌ ਆਵਹਿਂ। ਕੋ ਸਿਰ ਕੋਠਨਿ ਪਰ ਦਰਸਾਵਹਿਂ[੪] ॥ ੩੧ ॥ ਕੋ ਨਰ ਫੂਲ ਮਾਲ ਲੇ ਮਿਲਈਂ। ਅਰਪਿ ਉਪਾਇਨ ਕੋ ਸੰਗ ਚਲਈਂ। ਕੋ ਧਰਿ ਭਾਉ ਚਰਨ ਗਹਿੰ ਆਈ। ਨੰਮ੍ਰਿ ਹੋਇ ਕੋ ਸੀਸ ਲਗਾਈ ॥੩੨॥ਜਥਾ ਜੋਗ ਗੁਰੁ ਸਭਿ ਸੋਂ ਕਹਿਹੀਂ। ਬੂਝਿ

---

[੧]ਸਫਾਈ। [੨]ਅੱਖੀਆਂ ਸੁਖ ਪਾ ਲੈਣ। [ਸੰਸ: ਈਕਸ਼ਣ=ਅੱਖਾਂ। ਨਜ਼ਰ]। [੩]ਡੋਰਾਂ, ਲਗਾਮਾਂ ਫੜਕੇ ਆਏ। [੪]ਕਈ ਕੋਠਿਆਂ ਦੇ ਸ਼ਿਖਰਾਂ ਤੋਂ ਦਰਸ਼ਨ ਕਰਦੀਆਂ ਹਨ।

ਬੂਝਿ ਪੁਰਿ ਨਰ ਸੁਧਿ ਲਹਿਹੀਂ। ਮਾਤਾ ਕੇ ਮੰਦਰ ਕੋ ਚਾਲੇ। ਜਿਸਕੇ ਪੁੱਤ੍ਰ ਸਨੇਹ ਬਿਸਾਲੇ ॥੩੩॥ ਸੁਨਿ ਆਗਵਨ ਤਨੁਜ ਕੋ ਗੰਗਾ। ਮੇਵਹਿ ਨਹੀਂ ਆਪਨੇ ਅੰਗਾ। ਸ੍ਰੀ ਨਾਨਕ ਕੋ ਸਿਮਰਨ ਕਰਿ ਕਰਿ। ਨਮੋ ਕਰਤਿ ਸਿਰ ਧਰਨੀ ਧਰਿ ਧਰਿ ॥ ੩੪ ॥ ਤ੍ਰਿਯ ਗਨ ਆਨਿ ਵਧਾਈ ਦੇਵਤਿ। ਭਰਯੋ ਹਰਖ ਉਰ ਸਭਿ ਕੀ ਲੇਵਤਿ। ਪ੍ਰਿਯ ਪੁੱਤ੍ਰਾ ਇਮ ਧਰਤਿ ਹੁਲਾਸੂ। ਜਿਮ ਸੁਰਤਰੁ ਲਹਿ ਰੰਕ ਅਵਾਸੂ ॥ ੩੫ ॥ ਦਾਸੀ ਦਾਸ ਅਨੰਦ ਬਿਲੰਦੇ। ਅਤਿ ਉਤਸਵ ਕੋ ਧਾਰਤਿ ਬ੍ਰਿੰਦੇ। ਸ੍ਰੀ ਹਰਿ ਗੋਵਿੰਦ ਪੂਰਨ ਚੰਦ। ਪੁਰਿ ਸਗਰੋ ਸਾਗਰ ਮਾਨਿੰਦ ॥੩੬॥ ਧਾਇ ਧਾਇ ਨਰ ਦੇਖਨਿ ਆਵੈਂ। ਮਨਹੁੰ ਤਰੰਗ[1] ਉਤੰਗ ਉਠਾਵੈਂ। ਆਇ ਪ੍ਰਵੇਸ਼ੇ ਜਬਿ ਘਰ ਬੀਚੀ। ਗੰਗਾ ਸਮ ਗੰਗਾ ਉਠ ਬੀਚੀ[2]॥੩੭॥ ਜਥਾ ਤੁਰਤ ਕੀ ਧੇਨੁ ਪ੍ਰਸੂਤਾ। ਪਿਖਯੋ ਸਪੂਤ ਮਹਾਂ ਮਨ ਪੂਤਾ। ਜਾਇ ਜਨਨਿ ਕੋ ਬੰਦਨ ਕੀਨਿ। ਮਾਤ ਉਠਾਇ ਅੰਕ ਭਰਿ ਲੀਨਿ॥੩੮॥ਸੂੰਘਤਿ ਮਸਤਕ ਧਨ ਬਹੁ ਵਾਰਤਿ। ਦੇਖਿ ਨ ਤ੍ਰਿਪਤੈ ਬਦਨ ਨਿਹਾਰਤਿ। ਲਖਹਿ ਆਪ ਕੋ ਚਿਤ–ਬਡਭਾਗਨ–। ਲਾਇਕ ਪੁੱਤ੍ਰ ਜਾਨਿ ਅਨੁਰਾਗਨ ॥ ੩੯ ॥ 'ਕਹੁ ਸੁਤ! ਤਨੁ ਕੁਸ਼ਲੀ ਜੁਤਿ ਰਹਯੋ। ਸ਼ਾਹੁ ਮਿਲਨਿ ਕੁਛ ਆਛੋ ਲਹਯੋ। ਤੁਮ ਕੋ ਚਿਤਵਤਿ ਨਿਸਦਿਨ ਰਹੀ। ਬਾਰ ਬਾਰ ਨਾਨਾ ਸੁਧਿ ਲਹੀ' ॥ ੪੦ ॥ ਸ੍ਰੀ ਹਰਿ ਗੋਬਿੰਦ ਸਕਲ ਬਤਾਈ। 'ਕਾਰਜ ਭਏ ਸਿੱਧ ਸਮੁਦਾਈ। ਗੁਰੁਦ੍ਰੋਹੀ ਗਹਿਵਾਇ ਚੰਡਾ-ਲਨਿ। ਦਈ ਸਜ਼ਾਇ ਸਮੂਹ ਬਿਸਾਲਨਿ ॥੪੧॥ ਮਾਰ ਖਾਇ ਅਰੁ ਧਰਮ ਨ ਲਹੈ[3]।ਮਰਹਿ ਨਰਕ ਮਹਿਂ ਸੰਕਟ ਸਹੈ।ਸ੍ਰੀ ਨਾਨਕ ਜੀ ਭਏ ਸਹਾਇ। ਰਾਖਯੋ ਬਿਰਦ ਆਪਨੋ ਆਇ' ॥ ੪੨ ॥ ਇੱਤਯਾਦਿਕ ਸਭਿ ਗਾਥ ਸੁਨਾਇ। ਉਠੇ ਗੁਰੂ ਪੁਨ ਬਾਹਿਰ ਆਇ। ਖਾਂ ਵਜ਼ੀਰ ਕੋ ਕਹਿ ਸਮੁਝਾਯਹੁ। 'ਸ਼ਾਹੁ ਸਮੀਪ ਅਬਹਿ ਤੁਮ ਆਯਹੁ ॥ ੪੩ ॥ ਭੋਰ ਹੋਤਿ ਇਤ ਕੋ ਚਲਿ ਆਵਹਿ। ਸੁੰਦਰ ਹਰਿ ਮੰਦਿਰ ਦਰਸਾਵਹਿ'। ਸੁਨਿ ਗਮਨਯੋ ਲੇ ਆਇਸੁ ਗੁਰ ਕੀ। ਜਿਸ ਕੈ ਗਾਢੀ ਸ਼ਰਧਾ ਉਰ ਕੀ ॥ ੪੪ ॥ ਮਿਲਯੋ ਸ਼ਾਹੁ ਸੋਂ ਸਕਲ ਸੁਨਾਯੋ। 'ਗੁਰ ਘਰ ਥਿਰ ਹ੍ਵੈ ਮੋਹਿ ਪਠਾਯੋ। ਪ੍ਰਾਤਿ ਹੋਤਿ ਰਾਵਰ ਭੀ ਦਰਸਹੁ। ਗੁਰੁ ਸਥਾਨ ਪਾਵਨ ਕੋ ਪਰਸਹੁ ॥ ੪੫ ॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪੰਚਮ ਰਾਸੇ 'ਸੁਧਾਸਰ ਆਗਵਨ' ਪ੍ਰਸੰਗ ਬਰਨਨੰ ਨਾਮ ਅਸ਼ਟਮੋ ਅੰਸੂ ॥ ੮ ॥

[1]ਲਹਿਰਾਂ। [2]ਮਾਤਾ ਗੰਗਾ ਗੰਗਾ ਦੀ ਲਹਿਰ ਵਾਂਙੂ ਉਠੀ [ਸੰਸ:, ਵੀਚਿ=ਲਹਿਰ]। [3]ਭਾਵ ਧਰਮ ਹੀਨ ਹੋਕੇ।

੯. [ਅੰਮ੍ਰਿਤਸਰ ਵਿਰਾਜਮਾਨ] ।

ਦੋਹਰਾ॥ ਸ੍ਰੀ ਗੁਰੁ ਹਰਿ ਗੋਬਿੰਦ ਜੀ ਕਰਿ ਕੈ ਖਾਨ ਰੁ ਪਾਨ। ਸਭਿ ਪੁਰਿ ਕੋ ਆਨੰਦ ਦੇ ਬਾਨੀ ਮ੍ਰਿਦੁਲ ਬਖਾਨਿ॥ ੧ ॥ ਚੌਪਈ॥ ਜਥਾ ਜੋਗ ਬੋਲੇ ਸਭਿ ਸਾਥ । ਕੁਸ਼ਲ ਪ੍ਰਸ਼ਨ ਕਰਿ ਕੈ ਗੁਰ ਨਾਥ। ਮਹਿਲ ਆਪਨੇ ਜਾਇ ਸੁਹਾਏ। ਤਬਿ ਦਮੋਦਰੀ ਮੋਦ ਬਢਾਏ॥੨॥ ਬੰਦਨ ਕਰੀ ਬੰਦਿ ਕਰ ਤਬੈ। ਦੇਖਯੋ ਕੰਤ ਮਹਾਂ ਦੁਤਿ ਫਬੈ। ਦਾਸੀ ਗਨ ਸੇਵਾ ਸਭਿ ਠਾਨੀ। ਸੁਪਤੇ ਸਤਿਗੁਰੁ ਸੇਜ ਮਹਾਨੀ ॥੩॥ ਜਾਮ ਨਿਸਾ ਤੇ ਜਾਗ੍ਰਿਤਿ ਹੋਇ। ਸੌਚਾਚਾਰ ਕਰੀ ਸਭਿ ਜੋਇ। ਕਰਿ ਸ਼ਨਾਨ ਕੋ ਲਾਇ ਧਿਆਨ। ਥਿਰ ਕਰਿ ਬ੍ਰਿਤੀ ਲਿਯੋ ਰਸ ਗਯਾਨ ॥੪॥ ਸੰਗਤਿ ਸਕਲ ਸੁ ਮੱਜਤਿ ਹ੍ਵੈ ਕੈ। ਸੁਨਹਿਂ ਕਰੈਂ ਕਿਰਤਨ ਸੁਖ ਪੈ ਕੈ। ਜਹਿਂ ਕਹਿਂ ਪੁਰਿ ਮਹਿਂ ਅਰੁ ਹਰਿਮੰਦਿਰ। ਭਜਨ ਹੋਤਿ ਇਕ ਰਸ ਪ੍ਰਭੁ ਸੁੰਦਰ॥੫॥ਸੂਰਜ ਉਦੈ ਭੋਗ ਤਬਿ ਪਰਯੋ। ਸਭਿਨਿ ਗੁਰੂ ਕੋ ਦਰਸ਼ਨ ਕਰਯੋ। ਜਹਾਂਗੀਰ ਕੇ ਨਰ ਪੁਨ ਆਏ। ਕਹਿ ਪੰਚਾਂ-ਮ੍ਰਿਤ ਬਹੁ ਕਰਿਵਾਏ ॥੬॥ ਇਤਨੇ ਬਿਖੇ ਆਪ ਚਲਿ ਆਯੋ। ਕਹਿ ਸਤਿ-ਗੁਰੁ ਕੋ ਸੰਗ ਮਿਲਾਯੋ। ਪ੍ਰਥਮ ਅਕਾਲ ਤਖਤ ਕੋ ਆਇ। ਦਰਸ਼ਨ ਦੇਖਤਿ ਸੀਸ ਨਿਵਾਇ ॥੭॥ ਤਹਿਂ ਨਿਜ ਕਰ ਤੇ ਧਨ ਅਰਪਾਯੋ। ਕਰਿ ਅਰਦਾਸ ਕਰਾਹੁ ਬ੍ਰਤਾਯੋ। ਗੁਰੂ ਸਹਤ ਹਜ਼ਰਤ ਮੁਦ ਧਾਰਿ। ਪੁਨ ਗਮਨੇ ਹੇਰਨਿ ਦਰਬਾਰ ॥ ੮ ॥ ਪੌਰ ਦਰਸ਼ਨੀ ਬੰਦਨ ਕਰੇ। ਗਮਨੇ ਸਨਮੁਖ ਅੰਤਰ ਬਰੇ। ਪੁਲ ਪਰ ਗੇ ਦਰਬਾਰ ਅਗਾਰੀ। ਕਰਿ ਪ੍ਰਨਾਮ ਕੋ ਬਰੇ ਮਝਾਰੀ ॥੯॥ ਗਾਇਂ ਰਬਾਬੀ ਸ਼ਬਦ ਅਖੰਡ। ਇਕ ਸੱਤਾ ਦੂਸਰ ਬਲਵੰਡ। ਨਿਕਟ ਗ੍ਰੰਥ ਸਾਹਿਬ ਬ੍ਰਿਧ ਭਾਈ। ਬੈਠੇ ਸਿੱਖ ਸੰਤ ਸਮੁਦਾਈ ॥ ੧੦ ॥ ਜਬਰ ਜਵਾਹਰ ਅਰੁ ਦੀਨਾਰ। ਅਰਪਨ ਕਰਿ ਅਰਦਾਸ ਉਦਾਰ।ਪੰਚਾਂ-ਮ੍ਰਿਤ ਸਭਿ ਮਹਿਂ ਬਰਤਾਯੋ। ਦਰਸ਼ਨ ਕਰਿ ਹਜ਼ਰਤ ਹਰਖਾਯੋ ॥੧੧॥ ਬੈਠਿ ਸ਼ਬਦ ਕੋ ਸੁਨਿਬੇ ਲਾਗ। ਜਿਨਹੁ ਬਿਖੇ ਪ੍ਰਭੁ ਕੋ ਅਨੁਰਾਗ। ਰੀਝਯੋ ਰਾਗ ਪਰਖ ਕਰਿ ਤਹਾਂ। ਦਿਯੋ ਰਬਾਬੀ ਕੋ ਧਨ ਮਹਾਂ॥ ੧੨ ॥ ਪੁਨ ਉਠਿ ਗੁਰੁ ਜੁਤਿ ਬਾਹਿਰ ਆਏ। ਥਿਰੇ ਅਕਾਲ ਤਖਤ ਹਰਖਾਏ। ਬਹੁ ਮੋਲੇ ਸਿਰੁਪਾਉ ਮੰਗਾਏ। ਮਿਸਰੀ ਆਨਤਿ ਭੇ ਸਮੁਦਾਏ ॥ ੧੩ ॥ ਸ੍ਰੀ ਹਰਿ ਗੋਵਿੰਦ ਗਹਿ ਨਿਜ ਹਾਥ। ਦਿਯੋ ਸ਼ਾਹੁ ਕੋ ਕਰੁਨਾ ਸਾਥ। ਲੇ ਸਿਰੁਪਾਉ ਗੁਰੂ ਘਰ ਕੇਰੋ। ਧਰਯੋ ਸੀਸ ਪਰ ਭਾਉ ਘਨੇਰੋ ॥ ੧੪ ॥ ਅਪਰ ਸੰਗਿ

ਜੇਤੇ ਉਮਰਾਉ। ਸਭਿ ਕੋ ਸੁੰਦਰ ਦੇ ਸਿਰੁਪਾਉ। ਦੀਨਿ ਸਿਤੋਪਲ[1] ਗੁਰੂ ਪ੍ਰਸਾਦਿ। ਸਭਿਨਿ ਲੀਨਿ ਕਰਿ ਕਰਿ ਅਹਿਲਾਦ ॥੧੫॥ ਸ਼ਾਹੁ ਨਵਰ ਜੇਤਿਕ ਤਿਸ ਥਾਨ। ਜਥਾ ਜੋਗ ਧਨ ਦੀਨਿ ਮਹਾਨ। ਲੇ ਲੇ ਸਕਲ ਕਰਹਿਂ ਅਭਿਬੰਦਨ। ਸੁਜਸੁ ਕਰਹਿਂ ਗੁਰੁ ਦੇਖ ਨਿਕੰਦਨ ॥੧੬॥ਭਨਯੋ ਸ਼ਾਹੁ ਨੇ 'ਸਰਬ ਮਕਾਨ। ਕਰਿਵਾਵਹੁ ਨੀਕੀ ਬਿਧਿ ਠਾਨਿ। ਸ਼ਾਹੁ ਸਦਨ ਤੇ ਲਾਗੈ ਦਰਬਾ। ਪੂਜਨ ਥਾਨ ਬਨਾਵਹੁ ਸਰਬਾ॥੧੭॥ ਮੁਖ ਤੇ ਆਇਸੁ ਕਰਤੇ ਰਹੋ। ਬਨਹਿ ਤਥਾ ਜੈਸੇ ਚਿਤ ਚਹੋ'। ਗੁਰੂ ਕਹਯੋ 'ਇਹੁ ਸਭਿ ਬਨ ਜੈ ਹੈ। ਜਬਿ ਹੀ ਸਮਾਂ ਬਨਨਿ ਕੋ ਐ ਹੈ॥ ੧੮॥ ਸਤਿਗੁਰੁ ਕੇ ਸਿਖ ਪ੍ਰੇਮੀ ਜੋਇ। ਧਨ ਤਨ ਮਨ ਤੇ ਸੇਵਹਿਂ ਸੋਇ। ਸਨੈ ਸਨੈ ਸੁਵਰਨ ਕੇ ਮੰਦਰ। ਅਨਿਕ ਪ੍ਰਕਾਰਨਿ ਬਨਿ ਹੈਂ ਸੁੰਦਰ'॥੧੯॥ਗੁਰੁ ਮਰਜ਼ੀ ਹਜ਼ਰਤ ਨੇ ਜਾਨੀ। ਮੁਖ ਤੇ 'ਆਛੀ ਬਾਤ' ਬਖਾਨੀ। ਆਇਸੁ ਲੇ ਕਰਿ ਠਾਨਿ ਪ੍ਰਣਾਮ। ਚਲਯੋ ਸਰਾਹਤਿ ਗੁਰੁ ਕੇ ਧਾਮ॥੨੦॥ ਨਿਜ ਡੇਰੇ ਮਹਿਂ ਪਹੁੰਚਯੋ ਜਾਈ। ਬੇਗਮ ਮਿਲੀ ਜਬਹਿ ਸਮੁਦਾਈ। ਬੂਝਨਿ ਕੀਨਿ 'ਸ਼ਾਹ ਕਿਤ ਗਏ?'। 'ਗੁਰੁ ਕੋ ਦਰਸ' ਬਤਾਵਤਿ ਭਏ॥ ੨੧॥ ਕਹਤਿ ਭਈ 'ਗੁਰੁ ਕੀ ਜੋ ਦਾਰਾ। ਹਮ ਭੀ ਦਰਸ ਲਹੈਂ ਸੁਖ ਸਾਰਾ'। ਸੁਨਤਿ ਸ਼ਾਹੁ ਤਬਿ ਆਇਸੁ ਦਈ। ਬੇਗਮ ਬ੍ਰਿੰਦ ਤਯਾਰ ਤਬਿ ਭਈ॥ ੨੨॥ ਚਢਿ ਗਮਨੀ ਪਰਦੇ ਅਸੁਵਾਰੀ। ਆਇ ਗੁਰੁ ਕੀ ਪੁਰੀ ਨਿਹਾਰੀ। ਪੂਰਬ ਸ਼੍ਰੀ ਹਰਿਮੰਦਿਰ ਗਈ। ਦਰਸ ਬਿਲੋਕਤਿ ਹਰਖਤਿ ਭਈ॥ ੨੩॥ ਦਰਬ ਅਕੋਰ ਧਰੀ ਕਰਿ ਨਮੋ। ਗੁਰੁ ਘਰ ਕੋ ਚਾਲੀ ਤਿਹ ਸਮੋ। ਮਾਤ ਗੰਗ ਬਡ ਫਰਸ਼ ਕਰਾਏ। ਬੈਠੀ ਬਿਚ ਤ੍ਰੀਯਨ ਸਮੁਦਾਏ॥ ੨੪॥ ਨਿਕਟ ਆਪਨੇ ਨੁਖਾ ਬਿਠਾਈ। ਬਸਤ੍ਰ ਬਿਭੂਖਨ ਸੋਂ ਛਬਿ ਛਾਈ।ਪ੍ਰਵਿਸ਼ੀ ਬੇਗਮ ਸਦਨ ਮਝਾਰੀ। ਗਮਨੀ ਆਗੈ ਤਜਿ ਅਸੁਵਾਰੀ॥ ੨੫॥ ਜੇਵਰ ਜਰੇ ਜਵਾਹਰ ਬ੍ਰਿੰਦ। ਕੰਚਨ ਕੇ ਗੁਨ ਚਾਰੁ ਬਿਲੰਦ। ਬਸਤ੍ਰ ਜਿ ਇਸਤ੍ਰਿਨਿ ਪਹਿਰਨਿ ਗਾਤ। ਰੇਸ਼ਮ, ਪਸ਼ਮ, ਬਰਨ ਬਹੁ ਭਾਂਤਿ॥੨੬॥ ਧਰਿ ਕਰਿ ਸਭਿ ਸ਼ੁਭ ਰੰਗ ਅਗਾਰੀ। ਗਨ ਬੇਗਮ ਤਬਿ ਬੰਦਨ ਧਾਰੀ। ਗੁਰੁ ਜਨਨੀ ਨੇ ਬਹੁ ਸਨਮਾਨੀ। ਹਰਖਾਵਤਿ ਕਹਿ ਮਾਧੁਰ ਬਾਨੀ॥ ੨੭॥ ਨਿਕਟਿ ਆਪਨੇ ਸਕਲ ਬਿਠਾਈ। 'ਪਤਿਬ੍ਰਤਿ ਧਰਮ ਧਰਹੁ' ਸਿਖ ਗਾਈ[2]। 'ਪੁੱਤ੍ਰ

[1]ਪਤਾਸੇ [ਸੰਸ:, ਸਿਤ+ਉਪਲ]। [2]ਸਿੱਖਯਾ ਦਿੱਤੀ। (ਅ) ਅਸ਼ੀਰਵਾਦ ਦਿੱਤੀ।

ਪੌਤ੍ਰ ਗਨ ਤੇ ਸੁਖ ਪਾਵਹੁ। ਪਤਿ ਕੀ ਪ੍ਰੀਤਿ ਰਹੈ ਹਰਖਾਵਹੁ' ॥੨੮॥ਹਾਥ ਜੋਰਿ ਪੁਨ ਬੂਝਨਿ ਲਾਗੀ। 'ਗੁਰੂ ਭਾਰਜਾ ਕੋ ਬਡਭਾਗੀ?। ਹੇ ਮਾਤਾ! ਸੋ ਹਮਹਿ ਬਤਾਵੋ। ਤਿਸ ਕੇ ਸਮ ਕੋ ਨਹੀਂ ਲਖਾਵੋਂ' ॥ ੨੯ ॥ ਸੁਨਿ ਗੰਗਾ ਕਰ ਸੈਂਗ ਬਤਾਈ। 'ਇਹੁ ਮਮ ਨੁਖਾ ਗੁਰਨਿ ਘਰ ਆਈ'। ਦੀਰਘ ਨਯਨਾ[1] ਕੋ ਤਬਿ ਹੇਰਾ। ਕਹੈਂ ਕਿ 'ਧੰਨ ਭਾਗ ਹੈ ਤੇਰਾ ॥ ੩੦ ॥ ਸੁੰਦਰ ਮਹਾਂ ਸਰੂਪ ਛਬੀਲਾ। ਅਸਿ ਪਤਿ ਪ੍ਰਾਪਤਿ ਭਯੋ ਸੁਸ਼ੀਲਾ'। ਇਸਤ੍ਰਿਨਿ ਕੇ ਸੁਭਾਵ ਜਿਮ ਹੋਇਂ। ਕਹਿ ਅਸ ਬਾਕ ਬੂਝ ਸਭ ਸੋਇ ॥੩੧॥ ਕਿਤਿਕ ਦੇਰ ਦਰਸ਼ਨ ਕੋ ਕੀਨਿ। ਬਹੁਰ ਚਲਨ ਕੋ ਆਇਸੁ ਲੀਨ। ਤਬਿ ਗੰਗਾ ਨੇ ਪ੍ਰੇਰੀ[2] ਦਾਸੀ। ਜਰੀ ਬਸਤ੍ਰ ਗਨ ਆਨੇ ਪਾਸੀ ॥ ੩੨ ॥ ਸਭਿ ਬੇਗਮ ਕੋ ਸਾਦਰ ਦੀਨੇ। ਗੁਰੁ ਪ੍ਰਸਾਦਿ ਲਖਿ ਕਰਿ ਤਿਨ ਲੀਨੇ।ਬੰਦਨ ਕਰਤਿ ਬਹੁਰ ਹਰਖਾਇ। ਉਠਿ ਕਰਿ ਬੇਗਮ ਤਬਿ ਸਮੁਦਾਇ ॥ ੩੩ ॥ ਘਰ ਤੇ ਨਿਕਸਿ ਚਢੀ ਅਸੁਵਾਰੀ। ਪਹੁੰਚੀ ਅਪਨੇ ਸਿਵਰ ਮਝਾਰੀ। ਨਿਸ ਮਹਿੰ ਸ਼ਾਹੁ ਮਿਲਯੋ ਜਬਿ ਆਇ। ਗੁਰੁ ਕੋ ਸਦਨ ਸਰਾਹੁ ਸੁਨਾਇ[3] ॥੩੪॥ ਸ਼੍ਰੀ ਅਰਜਨ ਸੁਤ ਸਦਨ ਸੁਹਾਏ। ਸੁਪਤਿ ਜਥਾ ਸੁਖ ਨਿਸਾ ਬਿਤਾਏ। ਭਈ ਪ੍ਰਭਾਤ ਸ਼ਾਹੁ ਨੇ ਚਾਹਾ।–ਕਰਹਿੰ ਅਖੇਰ ਬ੍ਰਿੱਤ ਬਨ ਮਾਂਹਾ–॥੩੫॥ ਪਠਿ ਵਜ਼ੀਰ ਖਾਂ ਗੁਰੂ ਬੁਲਾਏ[4]। ਗਮਨਯੋ[5] ਬਾਹਰ ਸੰਗ ਮਿਲਾਏ। ਭਾਂਤਿਭਾਂਤਿ ਬਨ ਖੇਲ ਅਖੇਰਾ। ਹਨੇ[6] ਜੀਵ ਦੇ ਖੇਦ ਘਨੇਰਾ ॥ ੩੬ ॥ ਕਰੇ ਬਿਲਾਸ ਅਨੇਕ ਪ੍ਰਕਾਰਾ। ਗੁਰੁ ਜੁਤਿ ਹਜ਼ਰਤ ਖੇਲ ਸ਼ਿਕਾਰਾ। ਸੰਧਯਾ ਭਈ ਸੁ ਹਟਿ ਕਰਿ ਆਏ। ਸ਼ਾਹੁ ਆਪਨੇ ਸਿਵਰ ਸਿਧਾਏ ॥ ੩੭ ॥ ਸਤਿਗੁਰੂ ਅਪਨੇ ਸਦਨ ਸਿਧਾਰੇ। ਖਾਨ ਪਾਨ ਕਰਿ ਨਿਸਾ ਗੁਜ਼ਾਰੇ।ਭਈ ਪ੍ਰਾਤ ਜਬਿ ਸ਼ਾਹੁ ਸੁਜਾਨਾ। ਕਰਯੋ ਕੂਚ ਲਵਪੁਰੀ ਪਯਾਨਾ ॥੩੮॥ ਕਿੰਚ ਬੇਗ ਅਰੁ ਖਾਨ ਵਜ਼ੀਰ। ਜਹਾਂਗੀਰ ਬੁਲਵਾਏ ਤੀਰ। ਸਕਲ ਬਾਰਤਾ ਕਹਿ ਸਮੁ-ਝਾਈ। 'ਪੀਰ ਸਮੀਪੀ ਥਿਰ ਹੁਇ ਥਾਈਂ ॥ ੩੯ ॥ ਇਕ ਦੁਇ ਦਿਨ ਕਰਿ ਬਾਸ ਅਵਾਸ।ਪੁਨ ਚਢਾਇ ਆਨਹੁ ਮਮ ਪਾਸ।ਗੁਰੁ ਜੋਧਾ ਬਹੁ ਪਰ-ਉਪਕਾਰੀ। ਨਜਾਰੇ ਰਹਹਿ ਜਿ ਪਰਹਿ ਬਿਗਾਰੀ ॥ ੪੦ ॥ ਚਮੂੰ ਸਮੀਪ ਅਹੈ ਤਰੁਨਾਈ। ਹਮ ਢਿਗ ਰਹਿਨੌ ਅਹੈ ਭਲਾਈ। ਮੈਂ ਭੀ ਕਹਯੋ,ਆਪ

[1]ਵੱਡੇ ਨੇਤ੍ਰਾਂ ਵਾਲੀ (ਮਾਤਾ ਦਮੋਦਰੀ ਜੀ)। [2]ਬੁਲਾਈ। [3]ਸਲਾਹੁਤ ਕੀਤੇ। [4]ਘੱਲਕੇ ਵਜ਼ੀਰ ਖਾਂ ਨੂੰ ਗੁਰੂ ਜੀ ਨੂੰ ਸੱਦਿਆ (ਸ਼ਾਹ ਨੇ)। [5]ਗਿਆ (ਪਾਤਸ਼ਾਹ)। [6](ਪਾਤਸ਼ਾਹ ਨੇ) ਮਾਰੇ।

ਚਢਿ ਆਇ[1]। ਨਤੁ ਤੁਮ ਦੋਨਹੁ ਬਿਨੈ ਸੁਨਾਇ ॥੪੧॥ ਜਯੋਂ ਕਯੋਂ ਕਰਿ ਲਵਪੁਰਿ ਲੇ ਆਵਹੁ। ਰਹਹੁ ਨਿਕਟ ਗੁਰੁ ਅਬਹਿ ਸਿਧਾਵਹੁ। ਸੈਨਾ ਸੰਗ ਆਪਨੇ ਰਾਖਹੁ। ਬਿਨਾ ਬਿਲਮ ਆਵਨਿ ਅਭਿਲਾਖਹੁ*[2] ॥ ੪੨ ॥ ਸੁਨਿ ਦੋਨਹੁ ਝੁਕ ਕਰੀ ਸਲਾਮੂ। ਚਲਯੋ ਸ਼ਾਹੁ ਸੰਗ ਚਮੂ ਤਮਾਮੂ। ਗਜਬਾਜਨਿ ਕੇ ਸ਼ਬਦ ਉਠੰਤੇ। ਲਵਪੁਰਿ ਕੇ ਸਨਮੁਖ ਗਮਨੰਤੇ ॥ ੪੩ ॥ ਮਗ ਮਹਿਂ ਨਿਸ ਬਸਿ ਪਹੁੰਚਯੋ ਜਾਈ। ਉਤਰਯੋ ਜਾਇ ਰਿਦੇ ਹਰਖਾਈ। ਕਿੰਚ ਬੇਗ ਅਰੁ ਖਾਨ ਵਜ਼ੀਰ। ਕੁਛ ਸੈਨਾ ਕੀ ਲੈ ਸੰਗ ਭੀਰ॥੪੪॥ਚੰਦੂ ਸਹਤ ਗੁਰੁ ਸੈਨਾ ਭਾਰੀ। ਤਬਿ ਚਢਾਇ ਨਿਜ ਸੰਗਿ ਹਕਾਰੀ[2]। ਸਕਲ ਸੁਧਾ-ਸਰ ਕੋ ਚਲਿ ਆਏ। ਪੁਰਿ ਤੇ ਵਹਿਰ ਸਿਵਰ ਉਤਰਾਏ ॥ ੪੫ ॥ ਨਿਕਟ ਸੁਧਾਸਰ ਉਤਰੇ ਸਾਰੇ। ਮੱਜਨਿ ਕਰਹਿਂ. ਦਰਸ ਕੋ ਧਾਰੇ। ਖਾਨ ਪਾਨ ਕੀ ਜੇ ਸੁਧਿ ਸਾਰੀ। ਗੁਰੁ ਗ੍ਰਿਹਿ ਤੇ ਪਹੁੰਚਯੋ ਹਿਤ ਧਾਰੀ ॥ ੪੬ ॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪੰਚਮ ਰਾਸੇ 'ਸੁਧਾਸਰ' ਪ੍ਰਸੰਗ ਬਰਨਨੰ ਨਾਮ ਨਵਮੋ ਅੰਸੂ ॥ ੯ ॥

੧੦. [ਸ੍ਰੀ ਗੁਰੂ ਜੀ ਲਾਹੌਰ ਆਏ]।

ਦੋਹਰਾ ॥ ਸ੍ਰੀ ਗੁਰੁ ਹਰਿ ਗੋਬਿੰਦ ਜੀ ਬੈਠੇ ਲਾਇ ਦਿਵਾਨ। ਸਕਲ ਚਮੂ ਕੇ ਭਟ ਮਿਲੇ ਆਯੁਧ ਧਰੇ ਮਹਾਨ ॥ ੧ ॥ ਚੌਪਈ ॥ ਸਿਖ ਸੰਗਤਿ ਬਹੁ ਬ੍ਰਿੰਦ ਮਸੰਦ। ਸਭਿ ਮਿਲਿ ਆਏ ਅਲਪ ਬਿਲੰਦ। ਦਰਸਹਿਂ ਸਤਿਗੁਰੁ ਕੋ ਸੁਖ ਧਰੈਂ। ਮਨੋ ਕਾਮਨਾ ਪੂਰਨ ਕਰੈਂ॥੨॥ਖਾਂ ਵਜ਼ੀਰ ਤਬਿ ਚਲਿ ਕਰਿਆਯੋ। ਸੰਗ ਸੁ ਕਿੰਚਬੇਗ ਕੋ ਲਯਾਯੋ।ਸ਼ਰਧਾ ਪ੍ਰੇਮ ਰਿਦੇ ਅਧਿਕਾਇ। ਨਮੋ ਕਰੀ ਬਹੁ ਸੀਸ ਨਿਵਾਇ ॥ ੩ ॥ ਸਾਦਰ ਸਤਿਗੁਰੁ ਨਿਕਟ ਬਿਠਾਯੋ। ਕਹਯੋ ਸ਼ਾਹੁ ਕੋ ਸਕਲ ਸੁਨਾਯੋ। ਸੁਨਿ ਹਜ਼ੂਰ[3] ਨੇ ਧੀਰਜ ਦੀਨਾ। ਲਵਪੁਰਿ ਚਲੈਂ ਬਿਲੰਬ ਬਿਹੀਨਾ[3]॥੪॥ਇਮ ਕਹਿ ਸੁਨਿ ਕਰਿ ਉਰ ਹਰਖਾਇ।ਅਪਰ ਅਨੇਕ ਪ੍ਰਸੰਗ ਚਲਾਏ। ਬੈਠੇ ਰਹੇ ਗੁਰੂ ਚਿਰਕਾਲ। ਦਰਸ਼ਨ ਦੇ ਸਿਖ ਕਰੇ ਨਿਹਾਲ ॥੫॥ ਬਹੁਰ ਪ੍ਰਵੇਸ਼ ਮਹਿਲ ਮਹਿਂ ਭਏ।ਨਿਜ ਨਿਜ ਡੇਰੇ ਕੋ ਸਭਿ ਗਏ। ਬਿਧੀਆ ਜੇਠਾ ਹਰਖ ਬਿਸਾਲੇ। ਗਰ ਚੰਦੂ ਕੇ ਸੰਗਰੀ[4] ਡਾਲੇ॥੬॥ਹਾਥ ਚੰਡਾਲਨਿ ਕੇ ਗਹਿਵਾਈ।ਆਨਯੋ ਗੁਰੁ ਬਜ਼ਾਰ ਕੇ ਥਾਈਂ। ਦੁਰਬਲ ਭਯੋ ਸਜ਼ਾਇਨ ਦੀਨਿ[5]। ਜਰਾ ਆਰਬਲ ਬਡਿ ਬਲ ਹੀਨ ॥

[1]ਆਪੇ ਹੀ ਚੜ੍ਹ ਆਉਂਗੇ। [2]ਤਦੋਂ ਸੱਦਕੇ ਆਪਣੇ ਸਾਥ ਚੜ੍ਹਾਈ। [3]ਭਾਵ ਸ੍ਰੀ ਗੁਰੂ ਜੀ ਨੇ। [4]ਸੰਗਲੀ। [5]ਸਜ਼ਾਵਾਂ ਦੇ ਦਿੱਤਿਆਂ। *ਪਾਤਸ਼ਾਹ ਦੇ ਇਸ ਸੁਨੇਹੇ ਤੋਂ ਸਾਫ਼ ਹੈ ਕਿ ਉਹ ਰਾਜਨੈਤਕ ਚਾਲ ਚੱਲ ਰਿਹਾ ਹੈ।

੭॥ ਸਿਰ ਮੁਖ ਪਰ ਸੁਪੇਦ ਭੇ ਬਾਰੇ[੧]। ਸਭਿ ਮੁੰਡਵਾਇ ਮੂਤ੍ਰ ਕੋ ਡਾਰੇ। ਇਕ ਵਿਰਾਟਕਾ ਹਾਟਿ ਮੰਗਾਵੈਂ। ਪਨਹੀ ਪੰਚ ਬਿਠਾਇ ਲਗਾਵੈਂ॥੮॥ਪੁਨ ਦੁਕਾਨ ਦੂਜੀ ਲੇ ਜਾਵੈਂ। ਤਿਸੀ ਪ੍ਰਕਾਰ ਤਹਾਂ ਬੈਠਾਵੈਂ। ਪੁਰਿ ਕੇ ਬਾਰਿਕ ਹੁਇ ਸਮੁਦਾਇ। ਹਰਖ ਧਾਰਿ ਸੁਨਿ ਆਵਤਿ ਧਾਇ॥ ੯ ॥ ਚੰਦੂ ਮਹੰਤ ਬਨ੍ਯੋ ਜਨੁ ਨੀਕਾ। ਮਸਤਕ ਚੋਟ ਲਗੀ ਜਨੁ ਟੀਕਾ। ਗਰ ਜੂਤਨ ਕੀ ਮਾਲ ਬਿਸਾਲਾ। ਤ੍ਰਿਣ ਕੋ ਚੌਰ ਕਰਹਿਂ ਤਿਸ ਕਾਲਾ॥੧੦॥ਬ੍ਰਿੰਦ ਬਾਲਕੇ ਸੰਗ ਜੁ ਚੇਲੇ। ਧੂਰ ਮੁਸ਼ਟ ਜਨੁ ਅਲਤਾ ਮੇਲੇ। ਮਿਲਹਿਂ ਬਿਲੋਕਤਿ ਪਨਹੀ ਮਾਰਹਿਂ। ਮਨੋ ਭੇਟ ਦੇ ਜਨਮ ਸੁਧਾਰਹਿਂ॥ ੧੧॥ ਅਨਿਕ ਪ੍ਰਕਾ-ਰਨਿ ਗਾਰਿ ਨਿਕਾਰਤਿ। ਸਿਸੁ ਚੇਲੇ ਜਨੁ ਸੁਜਸੁ ਉਚਾਰਤਿ। ਸਗਰੇ ਪੁਰਿ ਬਜ਼ਾਰ ਮਹਿਂ ਫੇਰਾ[੨]। ਜਨੁ ਪੂਜਾ ਹਿਤ ਪਾਵਤਿ ਫੇਰਾ[੩] ॥੧੨॥ ਦੇਖਿ ਦੇਖਿ ਬੋਲਹਿਂ ਸਿਖ ਸਜਾਨੇ। 'ਇਹ ਗੁਰੁ ਦ੍ਰੋਹੀ ਮੂਢ ਮਹਾਨੇ। ਸ੍ਰੀ ਹਰਿ ਗੋਬਿੰਦ ਰਿਸ ਕਰਿ ਭਾਰੀ।ਗਹਨਿ ਪ੍ਰਤੱਗ੍ਯਾ ਕਠਨ ਉਚਾਰੀ॥੧੩॥ ਕਰੀ ਸਪਥ–ਬਡ ਪਾਤਕ ਹੋਇ[੪]–। ਸੁਨਿ ਕਰਿ ਨਿਸ਼ਚਾ ਕਰਹਿ ਨ ਕੋਇ।– ਬਾਲਬੈਸ ਤੇ ਭਾਖਹਿਂ ਆਨਿ[੫]।ਕਿਮ ਇਸਗਹਹਿਂ ਜੁ ਸ਼ਾਹੁ ਦਿਵਾਨ॥੧੪॥ ਜੋ ਸਗਰੀ ਅਵਿਨੀ ਕੋ ਮਾਲਿਕ।ਤਿਸ ਕੀ ਕਾਰ ਇਸੀ ਕੇ ਤਾਲਿਕ[੬]।ਛਲ ਬਲ ਤੇ ਪੂਰਨ ਖਲ ਖੋਟਾ। ਜਿਸਕੋ ਹੁਕਮ ਨ ਕਿਨਹੂੰ ਹੋਟਾ॥੧੫॥ਗਹ੍ਯੋ ਜਾਇ ਕਿਮ ਔਖਿਧ ਬਾਤ। ਤਊ ਮਹਾਂ ਗੁਰੁ ਦ੍ਰੋਹੀ ਗਾਤਿ[੭]। ਤਿਸ਼ਟ ਸਕਹਿ ਨਹਿਂ[੮] ਮੂਰਖ ਮਾਨੀ। ਪਾਪ ਬਿਸਾਲ ਕਰਹਿ ਇਸ ਹਾਨੀ–॥੧੬॥ ਹੁਤੀ ਪ੍ਰਤੀਤਿ ਨ ਗਹਿਬੇ ਯਾਹੂ[੯]। ਸ੍ਰੀ ਸਤਿਗੁਰੁ ਜੋਧਾ ਬਡਿ ਬਾਹੂ। ਕਰੀ ਪ੍ਰਤੱਗ੍ਯਾ ਪੂਰਨ ਸਾਰੀ। ਗਹਿ ਮਾਰ੍ਯੋ ਪਿਤ ਸ਼ੱਤ੍ਰ ਕੁਚਾਰੀ॥੧੭॥ ਦਾਵਾ ਕਰਨਿ ਧੰਨ ਗੁਰ ਕੇਰਾ।ਇਹ ਗਜ ਮਾਰ੍ਯੋ ਮਸਤੋ ਬਡੇਰਾ'। ਇਤ੍ਯਾਦਿਕ ਨਰ ਬਾਤ ਬਨਾਵੈਂ। ਸ੍ਰੀ ਹਰਿ ਗੋਬਿੰਦ ਕੋ ਜਸ ਗਾਵੈਂ॥੧੮॥ ਕੋਠਨਿ ਪਰ ਅਰੁ ਪੌਰਨਿ ਬੀਚ। ਤ੍ਰਿਯ ਗਨ ਪਿਖਿ ਫਿਟਕਹਿਂ ਲਖਿ ਨੀਚ।'ਗੁਰੁ ਦ੍ਰੋਹੀ

[੧]ਵਾਲ। [੨]ਫੇਰਿਆ। [੩]ਮਾਨੋਂ (ਮਹੰਤ ਨੇ) ਪੂਜਾ ਲੈਣ ਵਾਸਤੇ ਫੇਰਾ ਪਾਇਆ ਹੈ। [੪](ਮੈਨੂੰ) ਪਾਪ ਲੱਗੇ (ਜੇ ਸਹੁੰ ਪੂਰੀ ਨਾ ਹੋਵੇ ਤਾਂ ਦੇਖੋ ਰਾਸ ੪ ਅੰਸੂ ੪੦ ਅੰਕ ੩੦ ਤੋਂ ੩੪)। [੫]ਉਮਰਾ ਤਦੋਂ ਬਾਲਕ ਸੀ (ਜਦੋਂ) ਪ੍ਰਤੱਗ੍ਯਾ ਆਖੀ ਸੀ। (ਅ) ਬਚਪਨ ਤੋਂ ਹੀ (ਗੁਰੂ ਜੀ) ਅਨੋਖੀਆਂ ਗੱਲਾਂ ਕਰਦੇ ਹਨ। [੬]ਸਪੁਰਦ। [੭]ਇਸਦਾ ਸਰੀਰ ਮਹਾਂ ਗੁਰਦ੍ਰੋਹੀ ਹੈ। (ਅ) ਗੁਰੂ ਸਰੀਰ ਨਾਲ ਮਹਾਨ ਧ੍ਰੋਹ ਕਰਨ ਵਾਲਾ ਹੈ (ਇਸ ਕਰਕੇ)। [੮]ਟਿਕ ਨਹੀਂ ਸਕੇਗਾ। [੯]ਜਿਸ ਦੇ ਫੜੇ ਜਾਣ ਦੀ (ਲੋਕਾਂ ਨੂੰ) ਪ੍ਰਤੀਤ ਨਹੀਂ ਸੀ।

ਕੋ ਹੁਇ ਅਸ ਹਾਲ। ਮਰਿ ਕਰਿ ਪਰਿਹੈ ਨਰਕ ਬਿਸਾਲ' ॥ ੧੯ ॥ ਬਹੁ ਸਜ਼ਾਇ ਦੇ ਜਾਇ ਬਿਠਾਵ। ਸਮ ਚੰਡਾਲਨਿ ਮੇਲਿ ਮਿਲਾਵ। ਖਾਨ ਪਾਨ ਤਿਨ ਹੀ ਸੋਂ ਕਰੈ। ਜੂਤਨਿ ਸੀਸ ਕਸ਼ਟ ਕੋ ਭਰੈ॥੨੦॥ਇਕ ਦੁਇ ਦਿਨ ਗੁਰੁ ਸਦਨ ਬਿਤਾਏ। ਖਾਂ ਵਜ਼ੀਰ ਬਹੁ ਬਿਨੈ ਅਲਾਏ। ਭਏ ਤਯਾਰ ਲਵ-ਪੁਰਿ ਕੋ ਜਾਨੇ। ਦਰਸ ਕਰਯੋ ਸਭਿ ਗੁਰੂ ਸਥਾਨੇ ॥ ੨੧॥ ਜਾਇ ਮਾਤ ਕੋ ਸੀਸ ਨਿਵਾਵਾ। ਗਰੇ ਲਗਾਇ ਕੰਠ ਭਰਿ ਆਵਾ। ਪ੍ਰਿਯ ਪੁੱਤ੍ਰ ਮੁਖ ਦੇਖਿ ਬਿਸਾਲਾ। ਬਿਛੁਰਨ ਤੇ ਦੁਖ ਲਹਿ ਤਿਸ ਕਾਲਾ ॥੨੨॥ ਸ੍ਰੀ ਹਰਿਗੋਬਿੰਦ ਧੀਰਜ ਦੀਨਿ। 'ਲਵਪੁਰਿ ਨਿਕਟ ਆਪ ਕੋ ਚੀਨ। ਨਿਤ ਸੁਧਿ ਪ੍ਰਾਪਤਿ ਕੁਸ਼ਲ ਸਰੀਰ। ਯਾਂ ਤੇ ਜਾਨਿ ਲੇਹੁ ਨਿਜ* ਤੀਰ' ॥੨੩ ॥ ਨਮੋ ਕਰਤਿ ਨਿਕਸੇ ਪੁਨ ਬਾਹਰ। ਸਭਿ ਨਰ ਕਰਤਿ ਚਢਨ ਕੋ ਆਹਰ। ਕਿਤਿਕ ਚਮੂੰ ਨਿਜ ਨਗਰ ਟਿਕਾਈ।ਕੇਤਿਕ ਅਪਨੇ ਸੰਗ ਚਢਾਈ ॥੨੪॥ ਸਕਲ ਮਸੰਦਨ ਨਿਕਟ ਨਿਹਾਰਿ। ਸੌਂਪੀ ਜਥਾ ਜੋਗ ਘਰ ਕਾਰਿ। ਚਪਲ ਤੁਰੰਗ ਬਲੀ ਪਰ ਚਢੇ। ਧੌਂਸਾ ਬਜਯੋ ਅਨੰਦ ਉਰ ਬਢੇ ॥ ੨੫ ॥ ਸੰਗ ਵਜ਼ੀਰ ਖਾਨ ਕੋ ਲੀਨਿ। ਲਵਪੁਰਿ ਪੰਥ ਪਯਾਨੋ ਕੀਨਿ। ਜੇਠਾ ਕਰਿ ਚੰਦੂ ਤਕ-ਰਾਈ। ਕਰੇ ਸੰਗਿ ਕਹਿ ਨਰ ਸਮੁਦਾਈ ॥੨੬॥ਗਹਯੋ ਚੰਡਾਲਨਿ ਮਾਰਗ ਚਾਲਾ। ਰਿਦੇ ਬਿਸੂਰਤਿ ਬਹੁਤ ਬਿਹਾਲਾ।–ਕਯਾ ਮੁਝ ਸਾਥ ਸ਼ਾਹੁ ਨੇ ਕਰਯੋ।ਏਕ ਬਾਰ ਹੀ ਕਹਿ ਪਰਹਰਯੋ[੧] ?–॥ ੨੭ ॥ ਨਿਸਾ ਪਰੀ ਡੇਰਾ ਗੁਰ ਕੀਨਿ। ਖਾਨ ਪਾਨ ਸੁਪਤੇ ਸੁਖ ਲੀਨਿ। ਦਿਵਸ ਆਗਲੇ ਜਾਇ ਪਹੂੰਚੇ। ਪਿਖੇ ਨਗਰ ਕੇ ਮੰਦਿਰ ਊਚੇ ॥੨੮॥ ਰਿਦੇ ਬਿਚਾਰ ਸਿਵਰ ਕੋ ਘਾਲਾ। ਥਾਨ ਮੁਜੰਗੀ† ਲਖਯੋ ਨਿਰਾਲਾ। ਉਤਰ ਪਰੇ ਗੁਰ ਕੋ ਸਭਿ ਹੇਰ।ਨਿਜ ਨਿਜ ਮਿਸਲ ਕੀਨਿ ਤਹਿਂ ਡੇਰਾ ॥੨੯॥ਇਕ ਸਮ ਬਲੀ ਤੁਰੰਗ ਲਗਾਏ। ਉਤਰੇ ਸੁਭਟ ਤਹਾਂ ਸੁਖ ਪਾਏ। ਜਾਇ ਵਜ਼ੀਰ ਖਾਨ ਤਤਕਾਲਾ। ਸੁਧਿ ਦੀਨੀ ਕਹਿ ਸ਼ਾਹੁ ਬਿਸਾਲਾ ॥੩੦॥ 'ਉਤਰੇ ਗੁਰੂ ਮੁਜੰਗੀ ਆਇ। ਪਹੁੰਚੇ ਅਬਹਿ ਹੇਰਿ ਤੁਮ ਭਾਇ'। ਸੁਨਿ ਹਜ਼ਰਤ ਆਇਸੁ ਤਬਿ ਦੀਨਿ। 'ਸਭਿ

[੧]ਕਿਉਂ ਦੂਰ ਕੀਤਾ (ਅ) ਹੁਕਮ ਦੇਕੇ ਦੂਰ ਕਰ ਦਿੱਤਾ। *ਪਾঃ–ਨਿਤ। †ਇਹ ਤਦੋਂ ਪਿੰਡ ਹੁੰਦਾ ਸੀ, ਹੁਣ ਠੰਢੀ ਸੜਕ ਦੇ ਗਿਰਦ ਜੋ ਵੱਸੋਂ ਨਵੀਂ ਹੋਈ ਹੈ, ਉਸ ਵਿਚ ਮਿਲਕੇ ਸਿਵਲ ਲਾਈਨ ਵਿਚ ਸ਼ਹਿਰ ਦਾ ਹਿਸਾ ਹੋ ਗਿਆ ਹੈ, ਯਾਦਗਾਰੀ ਗੁਰਦੁਆਰਾ ਏਸ ਟਿਕਾਣੇ ਮੌਜੂਦ ਹੈ, ਗੁਰਦੁਆਰੇ ਦੇ ਅਗੋਂ ਲੰਘਦੀ ਸੜਕ ਦਾ ਨਾਉਂ ਹੁਣ 'ਟੈਂਪਲ ਰੋਡ' ਪੈ ਗਿਆ ਹੈ

ਸੁਧਿ ਲੀਜਹਿ ਗੁਰੂ ਪ੍ਰਬੀਨਿ ॥੩੧॥ ਸੇਵਾ ਕਰਹੁ ਸਰਬ ਹੀ ਰੀਤਿ। ਬੂਝਹੁ ਜਾਇ ਪਾਸਿ ਸੁਧਿ ਨੀਤਿ'। ਸੁਨਿ ਵਜ਼ੀਰਖਾਂ ਹਰਖਤਿ ਹੋਇ। ਕਰੀ ਤਥਾ ਹਜ਼ਰਤ ਕਹਿ ਜੋਇ ॥ ੩੨ ॥ ਏਕ ਨਿਸਾ ਕਰਿਕੈ ਗੁਰੁ ਬਾਸਾ। ਭਈ ਪ੍ਰਭਾਤਿ ਬਿਸਾਲ ਪ੍ਰਕਾਸ਼ਾ। ਪਠਯੋ ਸਿੱਖ ਬਹੁ ਕਰਯੋ ਕਰਾਹੂ। ਗੁਰੁ ਬਲ ਹੇਰਨਿ ਰਿਦੇ ਉਮਾਹੂ ॥੩੩॥ ਜੇਠਾ ਆਦਿਕ ਲੇਕਰਿ ਸਾਥ। ਨਗਰ ਪ੍ਰਵੇਸ਼ੇ ਸ੍ਰੀ ਗੁਰੁ ਨਾਥ। ਸਤਿਗੁਰ ਰਾਮਦਾਸ ਜਹਿਂ ਜਨਮੇਂ। ਗਮਨੇ ਪ੍ਰਥਮ ਭਾਉ ਧਰਿ ਮਨ ਮੇਂ ॥ ੩੪ ॥ ਕਰਿ ਦਰਸ਼ਨ ਕੋ ਸੀਸ ਨਿਵਾਯੋ। ਕਹਿ ਪੰਚਾਂਮ੍ਰਿਤ ਬਹੁ ਬਰਤਾਯੋ। ਸੋਢੀ ਕੁਲ ਭੂਖਨ ਕੇ ਥਾਨ। ਕਿਤਿਕ ਸਮੇਂ ਬੈਠੇ ਸੁਖ ਮਾਨਿ ॥ ੩੫ ॥ ਸ੍ਰੀ ਗੁਰੁ ਰਾਮਦਾਸ ਧ੍ਰਮਸਾਲਾ। ਕੀਨਿ ਚਿਨਾਵਨਿ ਪੁੰਨ ਬਿਸਾਲਾ। ਪੁਨ ਉਠਿ ਤਿਸ ਕੋ ਦਰਸ਼ਨ ਕਰਯੋ। ਥਾਨ ਬਡਨਿ ਕੋ ਪਿਖਿ ਸੁਖ ਭਰਯੋ ॥ ੩੬ ॥ ਬਹੁਰ ਬਾਵਲੀ ਜਹਾਂ ਬਨਾਈ। ਮੱਜਨ ਕੀਨਿ ਤਹਾਂ ਗੁਰੁ ਜਾਈ। ਬਹੁਤ ਪ੍ਰਸਾਦਿ ਬ੍ਰਤਾਇ ਅਨੰਦੇ। ਸੰਗਤਿ ਸਿੱਖ ਮਿਲੇ ਬਹੁ ਬ੍ਰਿੰਦੇ ॥੩੭॥ ਪੁਨ ਸ੍ਰੀ ਹਰਿਗੋਬਿੰਦ ਬਖਾਨਾ।'ਜਹਾਂ ਹਮਾਰੇ ਪਿਤ ਕੋ ਥਾਨਾ। ਤਨ ਕੋ ਤਯਾਗ ਬਿਕੁੰਠ ਸਿਧਾਰੇ। ਤਹਿਂ ਲੈ ਚਲਹੁ ਸੁ ਪੁੰਨ* ਨਿਹਾਰੇ'[1] ॥ ੩੮ ॥ ਤਬਿ ਜੇਠਾ ਲੰਗਾਹ ਅਗਾਰੀ। ਲੇ ਤਹਿਂ ਚਲੇ ਲੋਕ ਸੰਗ ਭਾਰੀ[2]। ਜਾਇ ਸਥਾਨ ਸੁ ਗੁਰੂ ਦਿਖਾਵਾ। ਭਯੋ ਪ੍ਰਸੰਗ ਸੁ ਸਕਲ ਸੁਨਾਵਾ ॥ ੩੯ ॥ 'ਚੰਦੁ ਦੁਸ਼ਟ ਕੇ ਘਰ ਤੇ ਆਏ। ਇਹ ਤਟ ਐਰਾਵਤੀ ਨਹਾਏ। ਜਪੁਜੀ ਪਾਠ ਕੀਨਿ ਇਕ ਮਨ ਤੇ। ਪੌਢ ਪਧਾਰੇ ਨਿਕਸੇ ਤਨ ਤੇ[3] ॥੪੦॥ ਸੁਨਿ ਸੁਨਿ ਲਵਪੁਰਿ ਕੀ ਬਡ ਸੰਗਤਿ। ਆਨਿ ਕਰਯੋ ਉਤਸਵ ਕਰਿ ਪੰਗਤਿ। ਸ਼ਬਦ ਕੀਰਤਨ ਫੂਲ ਬਿਸਾਲੇ। ਕਰਿ ਸਸਕਾਰ† ਭਲੀ ਬਿਧਿ ਨਾਲੇ' ॥ ੪੧ ॥ ਸ੍ਰੀ ਹਰਿ ਗੋਬਿੰਦ ਸੁਨ ਤਿਹ ਸਮੋ। ਸੀਸ ਨਿਵਾਇ ਜੋਰਿ ਕਰ ਨਮੋ। ਕਰੀ ਪ੍ਰਕਰਮਾ ਪੁਸ਼ਪ ਚਢਾਏ। ਪੰਚਾਂਮ੍ਰਿਤ ਤਹਿਂ ਬ੍ਰਿੰਦ ਬ੍ਰਤਾਏ ॥ ੪੨ ॥ ਨਿਜ ਕਰ ਸੋਂ ਕਰਿ ਮੰਜੀ ਥਾਨ। ਬਚ ਲੰਗਾਹ ਸੰਗ ਕੀਨਿ ਬਖਾਨ। 'ਤੂੰ ਪਿਤ ਕੋ ਪ੍ਰਿਯ ਰਹੁ ਇਸ ਥਾਨ। ਦੀਪਕ ਆਦਿ ਸੇਵ ਕਹੁ ਠਾਨਿ ॥ ੪੩ ॥ ਜੇਸ਼ਠ ਸ਼ੁਦੀ ਚੌਥ ਦਿਨ ਮਾਂਹੀ। ਦਰਸ਼ਨ ਕਰੇ ਕਾਮਨਾ ਪਾਹੀ। ਸਮੈ ਪਾਇ ਕਰਿ ਸੁੰਦਰ ਬਨੈ। ਦਰਸ਼ਨ ਤੇ ਪਾਪਨਿ ਗਨ ਹਨੈ' ॥ ੪੪ ॥ ਸੁਨਿ

[1]ਸੋ ਪਵਿੱਤ੍ਰ ਥਾਂ ਦੇਖੀਏ। [2]ਬਹੁਤੇ। [3]ਸਰੀਰ ਤੋਂ ਨਿਕਲਕੇ (ਨਿਜਧਾਮ) ਨੂੰ ਗਏ।

*ਪਾ:-ਥਾਨ। †ਵੇਖੋ ਰਾਸ ੪ ਅੰਸੂ ੩੮ ਅੰਕ ੨੬ ਦੀ ਹੇਠਲੀ ਟੂਕ।

ਲੀਗਾਹ ਹਰਖ ਕੋ ਧਾਰੀ। ਬੈਠਯੋ ਬਨਿ ਕਰਿ ਤਹਾਂ ਪੁਜਾਰੀ। ਕਰਤਿ ਰਹਯੋ ਤਿਸ ਥਲ ਕੀ ਸੇਵਾ। ਪਹੁੰਚਯੋ ਅੰਤ ਨਿਕਟ ਗੁਰਦੇਵਾ ॥ ੪੫ ॥ ਇਮ ਦਰਸ਼ਨ ਪਰਸਨ ਕਰਿ ਸਾਰੇ। ਸੰਗ ਬ੍ਰਿੰਦ ਨਰ ਗੁਰੂ ਸਿਧਾਰੇ। ਡੇਰੇ ਬਿਖੈ ਬਿਰਾਜੇ ਜਾਇ। ਬੈਠੇ ਬਡੋ ਦਿਵਾਨ ਲਗਾਇ ॥ ੪੬ ॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪੰਚਮ ਰਾਸੇ 'ਲਵਪੁਰਿ ਗੁਰ ਆਗਵਨ' ਪ੍ਰਸੰਗ ਬਰਨਨੰ ਨਾਮ ਦਸਮੋਂ ਅੰਸੂ ॥ ੧੦ ॥

੧੧. [ਚੰਦੂ ਦੀ ਮੌਤ]।

ਦੋਹਰਾ ॥ ਲਵਪੁਰਿ ਕੀ ਸੰਗਤ ਸਕਲ ਸਯਾਨੇ ਸਿੱਖ ਮਹਾਨ। ਭਏ ਇਕੱਤ੍ਰ ਪਵਿੱਤ੍ਰ ਹ੍ਵੈ ਲੀਨਿ ਉਪਾਇਨ ਪਾਨ ॥ ੧ ॥ ਚੌਪਈ ॥ ਕਿਨਹੂੰ ਪੰਚਾਂਮ੍ਰਿਤ ਕਰਿਵਾਯੋ। ਬਸਤ੍ਰ ਬਿਭੂਖਨ ਕੋ ਸਿਖ ਲਯਾਯੋ। ਮਿਲਿ ਸਗਰੇ ਸਤਿਗੁਰੁ ਢਿਗ ਆਏ। ਧਰਹਿਂ ਅਕੋਰਨਿ ਸੀਸ ਨਿਵਾਏ ॥ ੨ ॥ ਬੈਠਿ ਗਏ ਦਰਸ਼ਨ ਕੋ ਕਰਿਹੀਂ। ਸੁੰਦਰ ਰੂਪ ਹੇਰਿ ਮੁਦ ਧਰਿਹੀਂ। ਤਿਨ ਮਹੁਂ ਜੇਤਿਕ ਥੇ ਸਿਖ ਸਯਾਨੇ। ਕਰ ਕੋ ਜੋਰਤਿ ਬਾਕ ਬਖਾਨੇ ॥ ੩ ॥ 'ਰਾਵਰਿ ਨੇ ਗੁਰੁ ਦ੍ਰੋਹੀ ਗਹਯੋ। ਸੰਗਤਿ ਸੁਨਿ ਅਨੰਦ ਬਹੁ ਲਹਯੋ। ਨਹਿਂ ਜੀਵਤਿ ਕੋ ਛੋਰਨਿ ਕੀਜੈ। ਦੀਰਘ ਅਪਰਾਧੀ ਲਖਿ ਲੀਜੈ ॥ ੪ ॥ ਜਥਾ ਸ਼ਕਤਿ ਹਮ ਜਤਨ ਕਰੇ ਤਬਿ। ਏਕ ਨ ਚਲਨਿ ਦੀਨਿ, ਬਿਰਥੇ ਸਭਿ। ਦ੍ਵਾਰ ਕਿਵਾਰ ਅਸੰਜਤਿ ਕਰੇ। ਗੁਰੁ ਨਹਿਂ ਪਿਖਨਿ ਦੀਏ ਪਰਹਰੇ ॥ ੫ ॥ ਜੁਗ ਲੋਕਨਿ ਇਸ ਨਰਕ ਭੁਗਾਵੋ। ਦੇ ਸਜ਼ਾਇ ਇਸ ਪ੍ਰਾਨ ਬਿਤਾਵੋ'। ਸੁਨਿ ਸ਼੍ਰੀ ਮੁਖ ਤੇ ਤਬਿ ਫੁਰਮਾਯੋ। 'ਜਿਮ ਇਨ ਕੀਨਿ ਤਥਾ ਫਲ ਪਾਯੋ ॥ ੬ ॥ ਬਡ ਕਸ਼ਟਨਿ ਕੋ ਇਹ ਅਧਿਕਾਰੀ। ਅਪਦਾ ਭੁਗਤਹਿ ਕ੍ਵੈ ਨ ਉਬਾਰੀ[1]। ਅਬਿ ਜੀਵਤਿ ਛੁਟਿਬੋ ਕਿਮ ਹੋਇ।ਹਲਤ ਪਲਤ ਸੰਕਟ ਸਹਿ ਸੋਇ' ॥ ੭ ॥ ਸੁਨਿ ਸੰਗਤਿ ਸਗਰੀ ਹਰਖਾਈ। ਉਠੀ ਬਹੁਰ ਗੁਰੁ ਆਗਯਾ ਪਾਈ। ਜਹਿਂ ਚੰਦੂ ਚੰਡਾਲਨਿ ਬੀਚ। ਲਗੇ ਬਿਲੋਕਨਿ ਬੈਠਯੋ ਨੀਚ ॥ ੮ ॥ ਦੇਤਿ ਸਜ਼ਾਇ ਘਾਵ[2] ਤਨ ਪਰੇ। ਕਿਰਮ ਸਮੂਹਨਿ ਤੇ ਸੋ ਭਰੇ। ਆਂਖਨ ਤੇ ਅੰਧਾ ਹੁਇ ਗਯੋ। ਨੀਚ ਗ੍ਰੀਵ ਸਿਰ ਊਚ ਨ ਕਿਯੋ ॥ ੯ ॥ ਕਬਿ ਕਬਿ ਤਨ ਤੇ ਕਿਰਮ ਨਿਕਾਸੈ। ਦੁਰਗੰਧ* ਅਧਿਕ, ਬਹੈਂ ਕਿਮ ਪਾਸੈ। ਪਨਹੀ ਕੁਛਕ ਮਾਰਿ ਕਰਿ ਮੁਏ।ਨਹਿਂ ਬਹੁ ਹਨੀ,ਜਾਇ ਨਹਿਂ ਮਰੇ ॥ ੧੦ ॥ ਸੰਗਤਿ ਅਪਨੇ ਸਦਨ ਸਿਧਾਰੀ। ਕੀਰਤਿ ਗੁਰੁ ਕੀ ਬਦਨ ਉਚਾਰੀ। 'ਸ਼੍ਰੀ ਹਰਿ ਗੋਬਿੰਦ ਧੰਨ

---

[1] ਕੋਈ ਨਹੀਂ ਬਚਾ ਸਕੇਗਾ। [2] ਜ਼ਖਮ।

*ਪਾ:–ਦੁਰਬਲ।

ਮਹਾਂਨੇ। ਪਿਤ ਬਦਲਾ ਲੀਨੋ ਰਿਪੁ ਹਾਨੇ' ॥੧੧॥ ਇਸ ਬਿਧਿ ਪੰਦ੍ਰਹਿ ਦਿਵਸ ਬਿਤਾਏ। ਕਬਿ ਕਬਿ ਸ਼ਾਹੁ ਮਿਲਹਿ ਢਿਗ ਆਏ। ਕਬਿ ਸਤਿਗੁਰੁ ਕੋ ਨਿਕਟ ਬੁਲਾਵੈ। ਦਰਸ਼ਨ ਕਰਹਿ ਬੋਲਿ ਹਰਖਾਵੈ ॥੧੨॥ ਪੁਰਿ ਕੇ ਸਿਖ ਸੇਵਕ ਦਰਸੰਤੇ। ਪਾਇ ਕਾਮਨਾ ਕੋ ਹਰਖੰਤੇ। ਦੇਸ਼ ਬਿਦੇਸ਼ਨਿ ਸੰਗਤਿ ਆਵੈ। ਬੰਦਹਿ ਸਤਿਗੁਰ ਭੇਟ ਚਢਾਵੈ॥ ੧੩ ॥ ਨਿਤ ਪ੍ਰਤਿ ਨਏ ਹੋਤਿ ਉਤਸਾਹੂ। ਰਹੈ ਭੀਰ ਬਹੁ ਗੁਰ ਕੇ ਪਾਹੂ। ਚੰਦੂ ਪੁਰਿ ਮਹਿਂ ਫੇਰਨਿ ਹੇਤੁ। ਰਹਿ ਜੇਠਾ ਇਸ ਚਾਹ ਸਮੇਤ ॥ ੧੪ ॥–ਇਸ ਪਾਪੀ ਕੀ ਦਸ਼ਾ ਕੁਢਾਲੀ। ਪਿਖਹਿਂ ਨਾਰਿ ਨਰ ਭਾ ਬੁਰ ਹਾਲੀ। ਸਤਿਗੁਰੁ ਕੋ ਬਦਲੋ ਉਰ ਜਾਨਹਿਂ। ਸ਼ਰਧਾ ਵਧਹਿ ਅਨੰਦ ਕੋ ਠਾਨਹਿਂ–॥ ੧੫॥ ਸ੍ਰੀ ਹਰਿ ਗੋਵਿੰਦ ਤੇ ਚਿਤ ਸੰਕਹਿਂ।–ਕ੍ਰਿਪਾ ਨ ਕਰਹਿਂ ਜਾਨਿ ਸਮ ਰੰਕਹਿ–। ਇਕ ਦਿਨ ਬੈਠਿ ਚਲਾਇ ਪ੍ਰਸੰਗ। 'ਇਹਾਂ ਦੁਸ਼ਟ ਨੇ ਕਰਯੋ ਕੁਢੰਗ ॥ ੧੬ ॥ ਗੁਰੂ ਅਵਗ੍ਯਾ ਪਿਖਿ ਨਰ ਨਾਰੀ। ਸਭਿਹਿਨਿ ਹਾਹਾਕਾਰ ਉਚਾਰੀ। ਪ੍ਰੇਮੀ ਮਹਾਂ ਬਿਲਾਪ ਕਰੰਤੇ। ਸੰਕਟ ਸ਼ੋਕ ਬਿਸਾਲ ਧਰੰਤੇ ॥੧੭॥ ਦੁਰਿ ਦੁਰਿ ਮਿਲਿਮਿਲਿ ਗਾਰ ਨਿਕਾਰਤਿ।–ਸ੍ਰੀ ਗੁਰ ਪ੍ਰਭੁ ਇਸ ਕਯੋਂ ਨਹਿਂ ਮਾਰਤਿ–। ਜਥਾ ਦੁਖਿਤਿ ਹੋਏ ਤਿਸ ਕਾਲ। ਧਰਿ ਸਨੇਹ ਸਤਿਗੁਰੂ ਕ੍ਰਿਪਾਲ ॥੧੮॥ ਤਿਸ ਦੁਖ ਤੇ ਅਬਿ ਦੁਗਨ ਅਨੰਦ। ਧਾਰਹਿਂ ਪੁਰਿ ਕੇ ਨਰ ਤ੍ਰਿਯ ਬ੍ਰਿੰਦ। ਜਬਿ ਦੇਖਹਿਂ ਇਸ ਕੋ ਅਸ ਹਾਲ। ਸਭਿਹਿਨਿ ਕੈ ਅਭਿਲਾਖ ਬਿਸਾਲ॥ ੧੯ ॥ ਬਿਨਾ ਆਪ ਕੀ ਆਇਸੁ ਕਰੇ। ਨਹੀਂ ਦੁਸ਼ਟ ਕੋ ਲੇ ਪੁਰਿ ਬਰੇ। ਪੁਰਿ ਜਨ ਕੀ ਇੱਛਾ ਲਖਿ ਪੂਰੋ। ਫੇਰਨਿ ਬਨਹਿ ਬਜਾਰ ਜ਼ਰੂਰੋ' ॥੨੦॥ ਮੁਸਕਾਵਤਿ ਸ੍ਰੀ ਮੁਖ ਤੇ ਕਹ੍ਯੋ। 'ਨਰਕ ਬਿਖੈ ਪਾਵਨਿ ਅਬਿ ਚਹ੍ਯੋ। ਕਰਹੁ ਦਿਖਾਵਨਿ ਸਿਖ ਸੁਖ ਪਾਵੈਂ। ਨਹਿਂ ਮਾਰਨਿ ਦਿਹੁ ਤਨ ਬਿਨਸਾਵੈ॥ ੨੧ ॥ ਗੁਰਦ੍ਰੋਹੀ ਦੁਖ ਪ੍ਰਾਪਤਿ ਭਾਰੇ। ਹਲਤ ਪਲਤ ਮਹਿਂ ਨਿਤ ਮੁਖ ਕਾਰੇ'। ਲੇ ਆਇਸੁ ਗੁਰ ਕੀ ਤਬਿ ਗਯੋ। ਚੰਦੂ ਕੋ ਮੰਗਵਾਵਤਿ ਭਯੋ॥ ੨੨ ॥ ਗਰ ਸੰਗਰੀ ਚੰਡਾਲਨਿ ਹਾਥ। ਲੇ ਕਰਿ ਚਲੇ ਬ੍ਰਿੰਦ ਨਰ ਸਾਥ। ਪੁਰਿ ਕੇ ਪੌਰ ਕਰਯੋ ਮੁਖ ਕਾਰਾ। ਅੰਤਰ ਪ੍ਰਵਿਸ਼ੇ ਬੀਚ ਬਜ਼ਾਰਾ॥ ੨੩ ॥ ਹੇਰਿ ਹੇਰਿ ਬਾਲਿਕ ਗਨ ਆਏ। ਖਲ ਸਿਰ ਮੁਸ਼ਟ ਧੂਲਿ ਕੋ ਪਾਏ। 'ਇਹੁ ਗੁਰੁਦ੍ਰੋਹੀ ਕੂਰ ਕੁਪੱਤਾ'। ਇਮ ਕਹਿ ਨਰ ਗਨ ਮਾਰਤਿ ਜੁੱਤਾ॥ ੨੪ ॥ ਕੌਡੀ ਹਾਟਨਿ ਤੇ ਮੰਗਵਾਵਤਿ। ਮਾਰਤਿ, ਜੇਠਾ ਤਿਨਹਿ ਹਟਾਵਤਿ।

[1]"ਇਸ ਕੋ ਮਾਰਨਿ ਪੁੰਨ ਬਿਸਾਲਾ। ਹਤਨਿ ਦੇਹੁ ਹਮ ਕੋ ਇਸ ਕਾਲਾ"॥ ੨੫॥ [2]"ਨਹਿਂ ਮਾਰਹੁ ਅਬਿ, ਇਹੁ ਮਰਿ ਜਾਈ।ਜੀਵਤਿ ਪਾਵਹਿ ਅਨਿਕ ਸਜ਼ਾਈ'। ਇਮ ਜੇਠਾ ਬਰਜਤਿ ਬਹੁ ਨਰ ਕੋ। ਤਊ ਛੁਹਾਵਤਿ ਪਨਹੀ ਸਿਰ ਕੋ ॥੨੬॥ ਸਨੈ ਸਨੈ ਮਾਰਤਿ ਚਲਿ ਜਾਤਿ। ਗੁਰੁ ਦ੍ਰੋਹੀ ਕੂਕਰ ਕੀ ਭਾਂਤਿ। ਕੇ ਕੋਠਨਿ,ਕੋ ਦ੍ਵਾਰਨ ਖਰੀ। ਕਿਤਿਕ ਅਟਾਰਨਿ ਊਪਰ ਚਰੀ॥ ੨੭॥ ਪਰਦੇ ਬੀਚ ਝਰੋਖਨਿ ਹੇਰਹਿਂ। ਰੌਰ ਪਰਤਿ ਜਿਤ ਜਿਤ ਪੁਰਿ ਫੇਰਹਿਂ। ਨਿਜ ਨਿਜ ਕਾਰ ਤਜਾਗ ਸਭਿ ਧਾਵੈਂ। ਦੇਖਿ ਧਿਕਾਰਹਿਂ ਗਾਰਿ ਸੁਨਾਵੈਂ ॥੨੮॥ ਗਰੀ ਗਰੀ ਮਹਿਂ ਫੇਰਨਿ ਕੀਨਾ। ਬੀਚ ਬਜ਼ਾਰਨਿ ਸਭਿ ਦਿਖਿ ਲੀਨਾ। ਕਰਮ ਕਾਲ ਤੇ ਤਹਿਂ ਚਲਿ ਆਯੋ। ਗੁਰੁ ਹਿਤ ਜਹਿਂ ਤੇ ਰੇਤ ਮੰਗਾਯੋ ॥ ੨੯ ॥ ਅਗਨ ਤਪਾਵਤਿ ਊਪਰ ਡਾਰ੍ਯੋ। ਤਿਸ ਭਠਿਆਰੇ ਦੁਸ਼ਟ[3] ਨਿਹਾਰ੍ਯੋ। ਮਹਾਂ ਕ੍ਰੋਧ ਜਿਸ ਕੇ ਉਰ ਛਾਯੋ। ਦੇਖਿ ਨ ਸਕਹਿ ਆਇ ਅਗਵਾਯੋ ॥ ੩੦ ॥ ਕੜਛਾ ਤਪਤ ਹੁਤੋ ਤਿਸ ਹਾਥ। ਇਤ ਉਤ ਰੇਤ ਕਰਹਿ ਤਿਹ ਸਾਥਿ। ਨਿਕਟ ਹੋਇ ਜਬਿ ਉਲੰਘਨਿ ਲਾਗਾ। ਬ੍ਰਿੰਦ ਬਾਲਕੇ ਪਾਛੇ ਆਗਾ ॥੩੧॥ ਰੌਰ ਪਰਤਿ ਜਿਸਕੇ ਸੰਗ ਆਵਤਿ। 'ਭਰੂਆ ਬਡੋ' ਸਮੂਹ ਅਲਾਵਤਿ। ਰਿਸ ਤੇ ਕਰਛਾ ਤਪਤਿ ਉਠਾਯੋ। ਗੁਰੁ ਦ੍ਰੋਹੀ ਕੀ ਦਿਸ਼ਾ ਚਲਾਯੋ ॥੩੨॥ 'ਮਹਾਂ ਪਾਤਕੀ ਆਵਤਿ ਨੇਰੇ। ਦੇ ਪਰਛਾਵੈਂ[4] ਜਾਹੁ ਪਰੇਰੇ'। ਕਰਛਾ ਲੋਹ ਗਰਵ ਅਤਿ ਤਾਤੋ[5]। ਲਗ੍ਯੋ ਦੁਸ਼ਟ ਕੇ ਉਦਰ ਬਿਘਾਤੋ[6] ॥ ੩੩ ॥ ਤੀਛਨ ਕੋਰ[7] ਚਰਮ ਕੋ ਚੀਰਾ। ਮਨਹੁੰ ਚਹਤਿ ਮਿਸਿ ਅਸਤਿ ਸਰੀਰਾ[8]*। ਆਂਤ੍ਰ ਨਿਕਸਿ ਗਿਰੀ ਧਰ ਮਾਂਹੀ। ਪਰ੍ਯੋ ਧਰਾ ਮੁਖ 'ਹਾਇ' ਸੁ ਪ੍ਰਾਹੀ ॥ ੩੪ ॥ ਗਿਰਤ੍ਯੋ ਸੰਕਟ ਪਾਇ ਉਚਾਰ੍ਯੋ। 'ਹਰਿ ਗੁਬਿੰਦ ਮੁਹਿ ਅਵਗਤਿ ਮਾਰ੍ਯੋ। ਸੁਤਾ ਨ ਜਨਮੀ ਬਦਲਾ ਕੋਈ[9]। ਜਿਸ ਉਪਜੇ ਮਮ ਅਸ ਗਤਿ ਹੋਈ' ॥੩੫॥ ਪੀਰਾ ਪਰਮ ਪਾਇ ਕਹਿ 'ਹਾਇ'। ਸਫਰੀ ਜਿਮ[10] ਤਰਫ੍ਯੋ ਬਿਲਲਾਇ†। ਲੋਟਤਿ

[1]ਲੋਕੀ ਆਖਣ। [2]ਜੇਠਾ ਆਖੇ। [3]ਦੁਸ਼ਟ (ਚੰਦੂ) ਨੂੰ। [4]ਪਰਛਾਵਾਂ ਦੇਣ ਤੋਂ। [5]ਬੜਾ ਤੱਤਾ। [6]ਜ਼ਖਮ ਕੀਤਾ। [7]ਤ੍ਰਿੱਖੀ ਨੋਕ ਨੇ। [8]ਮਾਨੋਂ ਸਰੀਰ ਅਸਤ ਹੋਣ ਦਾ (ਭਾਵ ਸਮਾਪਤੀ ਦਾ) ਬਹਾਨਾ ਹੀ ਚਾਂਹਵਦਾ ਸੀ। [9]ਧੀ ਨਹੀਂ ਸੀ ਜੰਮੀ ਕੋਈ ਬਦਲਾ (ਦੇਣਾ ਸੀ) ਭਾਵ ਮੇਰੇ ਪਾਪਾਂ ਦਾ ਬਦਲਾ ਧੀ ਦੀ ਸੂਰਤ ਵਿਚ ਮੇਰੇ ਘਰ ਜੰਮਿਆਂ ਹੈਸੀ। [10]ਮੱਛੀ ਵਾਂਗ।

*ਪਾਃ-ਸਤੀਰਾ। †ਇਤਿਹਾਸ ਗੁਰੂ ਖਾਲਸਾ (ਹਿੰਦੀ) ਨੇ ਦਿੱਲੀ ਦੀ ਮਾਰ ਨਹੀਂ ਲਿਖੀ ਤੇ ਲਾਹੌਰ ਵਿਚ ਹੀ ਭੜਭੂੰਜੇ ਹੱਥੋਂ ਮ੍ਰਿਤੂ ਹੋਈ ਦੱਸੀ ਹੈ।

ਅਵਨੀ ਹੋਤਿ ਬਿਹਾਲਾ। ਲੋਕ ਬਿਲੋਕਤਿ ਗਨ ਤਿਸ ਕਾਲਾ ॥੩੬॥ ਗਾਰੀ ਦੇਤਿ ਕਹੈਂ 'ਮਰਿ ਪਾਪੀ। ਤਸ ਭੁਕਤਹੁ ਜਸ ਕੀਨਸਿ ਆਪੀ'। ਕਿਸ ਕੇ ਦਯਾ ਨ ਮਨ ਮੈਂ ਆਵੈ।ਲਖਹਿਂ ਪਾਤਕੀ ਕੋਪ ਉਪਾਵੈਂ ॥ ੩੭॥ ਇਮ ਨਰ ਗਨ ਹੇਰਹਿਂ ਤਿਸ ਥਾਨ। ਅਤਿ ਸੰਕਟ ਤੇ ਛੂਟਹਿ ਪ੍ਰਾਨ। ਚਹੁੰ ਦਿਸ਼ਿ ਮਾਖੀ ਕੋ ਸਮੁਦਾਇ। ਦੇਖਤਿ ਮਨ ਗਿਲਾਨ ਉਪਜਾਇ ॥ ੩੮ ॥ ਹੁਕਮ ਜਗਤਿ ਪਰ ਸਭਿ ਅਨੁਸਾਰੀ। ਧਨ ਕੀ ਕਮੀ ਨ ਸਦਨ ਮਝਾਰੀ। ਸ਼ਾਹੁ ਸਮੀਪ ਹਿਤੂ ਸਭਿ ਕੋਈ। ਗੁਰੂ ਕੋਪ ਤੇ ਅਸ ਗਤਿ ਹੋਈ ॥ ੩੯ ॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪੰਚਮ ਰਾਸੇ 'ਚੰਦੂ ਮ੍ਰਿਤਕ' ਪ੍ਰਸੰਗ ਬਰਨਨੰ ਨਾਮ ਏਕਾਦਸ਼ਮੋਂ ਅੰਸੂ ॥ ੧੧ ॥

੧੨. [ਸ਼ਾਹ ਕਸ਼ਮੀਰ ਨੂੰ। ਚੰਦੂ ਸੁਤ ਤੇ ਮਿਹਰਵਾਨ ਮੇਲ]।

ਦੋਹਰਾ ॥ਘਟਿਕਾ ਇਕ ਤਰਫਤਿ ਰਹ੍ਯੋ ਗੁਰੁ ਦ੍ਰੋਹੀ ਮ੍ਰਿਤੁ ਪਾਇ। ਜੇਠੇ ਕਹ੍ਯੋ ਚੰਡਾਲ ਸੋਂ 'ਲੇਹੁ ਐਂਚ ਗਹਿ ਪਾਇ ॥੧॥ ਚੌਪਈ ॥ ਬਿਸ਼ਟਾ ਮਹਿਂ ਐਂਚਤਿ ਲੇ ਚਲੋ। ਵਹਿਰ ਸ਼ਹਿਰ ਤੇ ਅਬਿ ਤੁਮ ਨਿਕਲੋ। ਰਾਵੀ ਕੇ ਪ੍ਰਵਾਹ ਮ੍ਹਹਿਂ ਜਾਇ। ਤਟ ਥਿਤ ਹ੍ਵੈ ਕਰਿ ਦੇਹੁ ਬਗਾਇ' ॥ ੨ ॥ ਗਹੇ ਚੰਡਾਲ ਖੈਂਚ ਕਰਿ ਚਲੇ। ਰਾਵੀ ਤੀਰ ਹੋਇ ਕਰਿ ਖਲੇ। ਪਾਪੀ ਕੋ ਬਗਾਇ ਤਨ ਡਾਰਾ। ਇਸ ਪ੍ਰਕਾਰ ਗੁਰੁਦ੍ਰੋਹੀ ਮਾਰਾ ॥੩॥ ਸਿੱਖਨ ਮਨ ਕੋ ਕੋਪ ਘਨੇਰੇ। ਜਬਹਿ ਅਵੱਗਯਾ ਗੁਰ ਕੀ ਹੇਰੇ। ਗੁਰਦ੍ਰੋਹੀ ਕੋ ਪਿਖਿ ਅਸ ਹਾਲ। ਭਯੋ ਸ਼ਾਂਤਿ ਸਭਿ ਕੋ ਤਿਸ ਕਾਲ ॥ ੪ ॥ 'ਸ਼੍ਰੀ ਹਰਿ ਗੋਵਿੰਦ ਜੋਧਾ ਬਲੀ। ਜਥਾ ਜੋਗ ਕੀਨੀ ਇਹ ਭਲੀ। ਕਿਸ ਕੇ ਮਨ ਮਹਿਂ ਹੁਤੀ ਨ ਕੈਸੋ।ਸ਼ਾਹੁ ਦਿਵਾਨ ਮਾਰੀਅਹਿ ਐਸੇ ॥ ੫ ॥ ਅਸ ਅਨਬਨ ਕੋ ਗੁਰੂ ਬਨਾਵੈਂ। ਬਨੀ ਬਾਤ ਤਤਛਿਨ ਬਿਗਰਾਵੈਂ'। ਇਮ ਬਹੁ ਜਸੁ ਕੋ ਕਹਿਂ ਨਰ ਬ੍ਰਿੰਦ। ਧੰਨ ਧੰਨ ਸ਼੍ਰੀ ਹਰਿ ਗੋਬਿੰਦ' ॥ ੬ ॥ ਸਿੱਖ ਬਿਲੋਕਤਿ ਗਮਨੇ ਡੇਰੇ। ਪਹੁੰਚ੍ਯੋ ਜੇਠਾ ਗੁਰੂ ਅਗੇਰੇ। ਸੁਧਿ ਦੀਨਸਿ 'ਗੁਰ ਦ੍ਰੋਹੀ ਮਰ੍ਯੋ। ਐਂਚਿ ਨਦੀ ਮਹਿਂ ਗੇਰਨਿ ਕਰ੍ਯੋ' ॥੭॥ ਸੁਨਿ ਕਰਿ ਸਤਿਗੁਰੁ ਸਭਿ ਮਹਿਂ ਕਹ੍ਯੋ। 'ਜਸ ਕੀਨਸਿ ਅਘ, ਤਸ ਫਲ ਲਹ੍ਯੋ। ਕੋ ਗੁਰੁਦ੍ਰੋਹੀ ਸਕਹਿ ਬਚਾਇ ਨ। ਜਹਿਂ ਕਹਿਂ ਪਾਵਹਿ ਅਨਿਕ ਸਜ਼ਾਇਨਿ ॥ ੮ ॥ ਕਰੀ ਪ੍ਰਤੱਗਯਾ ਪੂਰੀ ਭਈ। ਆਜ ਪਿਤਾ ਕੋ ਰਿਣ ਉਤਰਈ।ਜਬਿ ਲੌ ਪਲਟਾਲੇਉਂ ਨ ਹੇਰੇ।ਤਬਿ ਲੌ ਕਰਜ਼ ਹੁਤੋ ਸਿਰ ਮੇਰੇ ॥੯॥ ਖਾਨ ਪਾਨ ਅਰੁ ਸੁਖ ਸੋਂ ਸੌਵਨਿ। ਆਜ ਕਰੀ ਚਿੰਤਾ ਹਮ ਖੋਵਨਿ। ਮਾਰ ਅਚਾਨਕ ਪ੍ਰਾਨ ਨਿਕਾਰੇ। ਹੁਤੋ ਮਰਨ ਇਸ

ਕਰ ਭਠਿਆਰੇ[1] ॥੧੦॥ ਲਿਖੀ ਬਧਾਤੇ ਨੇ ਜਸ ਗੀਤਿ। ਤਸ ਜੀਵਨ ਪਰ ਹੋਤਿ ਬਿਤੀਤ। ਦਿਵਸ ਆਗਲੇ ਹਜ਼ਰਤ ਆਯੋ। ਮਿਲਿ ਸਤਿਗੁਰ ਕੋ ਸੀਸ ਨਿਵਾਯੋ ॥ ੧੧ ॥ ਬੈਠਯੋ ਚਲੇ ਪ੍ਰਸੰਗ ਅਨੇਕ। ਪੁਨ ਸ੍ਰੀ ਅਰਜਨ ਗੁਨਨਿ ਬਿਬੇਕ। 'ਚਿਰੰਕਾਲ ਕੋ ਹੈ ਇਕ ਪੀਰ। ਸੁਨੋ ਗੁਰੂ ਜੀ ਬ੍ਰਿੱਧ ਸਰੀਰ ॥੧੨॥ ਤਿਸਨੇ ਸਕਲ ਬਾਤ ਸਮੁਝਾਈ।ਸ੍ਰੀ ਅਰਜਨ ਕੀ ਜਿਤਿਕ ਬਡਾਈ। ਧੰਨ ਧੰਨ ਉਰ ਮਹਾਂ ਗੰਭੀਰ। ਅਜ਼ਮਤ ਇਤੀ, ਇਤੀ ਬਡ ਧੀਰ ॥ ੧੩ ॥ ਕਰਿ ਚਾਰੀ ਮਤਿ ਮੋਰ ਬਿਗਾਰੀ। ਢਿਗ ਹਕਾਰਿ ਨਹਿੰ ਸੁਧਿ ਸੰਭਾਰੀ। ਤਿਨ ਕੋ[2] ਰੂਪ ਆਪ ਕੋ ਜਾਨਾ।ਅਖਲ ਦੋਸ਼ ਬਖ਼ਸ਼ਾਵਨਿ ਠਾਨਾ ॥ ੧੪ ॥ ਦੁਰਬੁੱਧੀ[3] ਮੈਂ ਦਯੋ ਗਹਾਇ। ਤੁਮ ਕੋ ਸਭਿ ਬਿਧਿ ਤੇ ਹਰਖਾਇ। ਰਾਵਰ ਕੀ ਪ੍ਰਸੰਨਤਾ ਠਾਨੀ। ਮੈਂ ਨਿਰਦੋਸ਼ ਭਯੋ ਤਬਿ ਜਾਨੀ' ॥ ੧੫ ॥ ਸਤਿਗੁਰੁ ਕਹਯੋ 'ਕਰਤਿ ਜਸ ਜੋਇ। ਤਸ ਤਿਸ ਕੋ ਫਲ ਪ੍ਰਾਪਤਿ ਹੋਇ। ਤੁਮ ਨੇ ਕੁਛ ਗੁਰੁਦ੍ਰੋਹ ਨ ਧਰਯੋ। ਕਹੇ ਦੁਸ਼ਟ ਕੇ ਜੋ ਕੁਛ ਕਰਯੋ ॥੧੬॥ ਪਸਚਾਤਾਪ ਕਹਯੋ ਪਸ਼ਚਾਤ। ਯਾਂਤੇ ਗੁਰ ਬਖ਼ਸ਼ਯੋ ਸਭਿ ਭਾਂਤਿ। ਪ੍ਰਾਨ ਹਾਨ ਤਨ ਭਾ ਖਲ ਕਾਲੀ[4]। ਸਿੱਖਨਿ ਦੀਨਿ ਸਜ਼ਾਇ ਬਿਸਾਲੀ' ॥੧੭॥ ਸੁਨਤਿ ਸ਼ਾਹੁ ਕਹਿ 'ਆਛੋ ਭਯੋ। ਗੁਰੁ ਪਲਟਾ ਦੇ ਕਰਿ ਮਰਿ ਗਯੋ'। ਇੱਤਯਾਦਿਕ ਕਹਿ ਗੁਰੂ ਪ੍ਰਸੰਗ।ਸੁਨਿ ਕਰਿ ਹਜ਼ਰਤ ਹਰਖਤਿ ਅੰਗ॥੧੮॥ ਕਿਤਿਕ ਸਮੈਂ ਬੈਠਯੋ ਪੁਨ ਗਯੋ। ਅਧਿਕ ਭਾਉ ਗੁਰੁ ਕੋ ਉਰ ਭਯੋ। ਸ੍ਰੀ ਹਰਿ ਗੋਬਿੰਦ ਰਹੇ ਲਹੌਰ। ਕਿਤਿਕ ਕਾਲ ਬੀਤਯੋ ਪੁਨ ਔਰ ॥੧੯॥ ਇਹ ਬ੍ਰਿਤੰਤ ਸਭਿ ਮਹਿਂ ਬਿਦਤਾਯੋ। ਚੰਦੁ ਗਹਾਇ ਸ਼ਾਹੁ ਮਰਿਵਾਯੋ। ਸ੍ਰੀ ਹਰਿ ਗੋਵਿੰਦ ਕੇ ਅਨੁਸਾਰੀ। ਜਹਾਂਗੀਰ ਬਹੁ ਸ਼ਰਧਾ ਧਾਰੀ ॥੨੦॥ ਜਿਨ ਕੋ ਕਹਯੋ ਮਾਨਿ ਇਮ ਲੀਨਿ।ਬਾਵਨ ਰਾਵ ਛੋਰਿ ਕਰਿ ਦੀਨਿ। ਮਿਹਰਵਾਨ ਪ੍ਰਿਥੀਏ ਕੋ ਨੰਦ। ਗੁਰੁ ਬਡਿਆਈ ਸੁਨਹਿ ਬਿਲੰਦ॥ ੨੧ ॥ ਦੁਖੀ ਹੋਇ ਪਛੁਤਾਵਤਿ ਮਹਾਂ।–ਪ੍ਰਥਮ ਕਹਾਂ ਹੋਈ ਅਬਿ ਕਹਾਂ। ਝਗਰਤਿ ਰਹਯੋ ਨ ਪਿਤ ਕੁਛ ਪਾਯੋ। ਕਿਤਿਕ ਕਾਲ ਮੈਂ ਬੈਠਿ ਬਿਤਾਯੋ॥ ੨੨ ॥ ਹੁਤੇ ਸਹਾਇਕ ਤਬਿ ਸਮੁਦਾਇ।ਗਏ ਪਿਤਾ ਕੇ ਸੰਗ ਬਿਲਾਇ[5]। ਕੁਛ ਬਦਲਾ ਚੰਦੂ ਨੇ ਲਯੋ। ਕੀਨਿ ਅਨੁਚਿਤਿ ਗਹਾਇ ਸੁ ਦਯੋ ॥੨੩ ॥ ਕਰਿ ਕੁਛ ਸਿਹਰ[6]

[1]ਭਠਿਆਰੇ ਦੇ ਹੱਥੋਂ ਇਸ ਦੀ ਮੌਤ ਬਿਦੀ ਸੀ। [2]ਭਾਵ ਸ੍ਰੀ ਗੁਰੂ ਅਰਜਨ ਦੇਵ ਜੀ ਦਾ। [3]ਭਾਵ ਚੰਦੂ। [4]ਭਾਵ ਪਾਪੀ ਚੰਦੂ ਦੀ ਕੱਲ ਮੌਤ ਹੋ ਗਈ ਹੈ। [5]ਭਾਵ ਮਰ ਗਏ। [6]ਜਾਦੂ।

ਸ਼ਾਹੁ ਬਸਿ ਕੀਨਾ। ਡੇਰੇ ਜਾਇ ਭਾਉ ਮਹਿਂ ਭੀਨਾ। ਨਗਰ ਸੁਧਾਸਰ ਰਾਖ੍ਯੋ ਹਮ ਤੇ[1]।ਮਾਲਿਕ ਹੁਤੇ ਨ ਕੀਨੇ ਸਮ ਤੇ[2]॥੨੪॥ਅਬਿ ਉਪਾਇਕ੍ਯਾ ਕਰਹਿਂ ਬਨਾਈ। ਜਹਾਂਗੀਰ ਕੀ ਮਤਿ ਬਿਰਮਾਈ॥ ਸ਼ਾਹਜਹਾਂ ਸੋਂ ਮੇਲ ਜਿ ਕਰੀਅਹਿ। ਤੌ ਸਹਾਇਤਾ ਤਿਸ ਕੀ ਧਰੀਅਹਿ—॥ ੨੫ ॥ ਚਿਤਵਤਿ —ਕੌਨ ਮਿਲਾਵਹਿ ਜਾਇ। ਕਰਹਿ ਸੁਨਾਵਨਿ ਬਹੁ ਬਡਿਆਇ। ਹਰਿ-ਗੁਵਿੰਦ ਸੰਗ ਜਿਸਕੌ ਦ੍ਵੈਸ਼। ਹਮਰੋ ਕਰਹਿ ਸੁ ਕਾਜ ਵਿਸ਼ੇਸ਼—॥੨੬॥ਚੰਦੂ ਸੁਤ ਕੀ ਸੁਧਿ ਮੰਗਵਾਈ।—ਸ਼ਾਹਜਹਾਂ ਤਕ ਪਹੁੰਚੇ ਜਾਈ[3]—।ਸੁਨਿ ਹਰਿ-ਖ੍ਯੋ—ਹੁਇ ਮਿੱਤ੍ਰ ਹਮਾਰਾ। ਜਿਸਕੋ ਪਿਤਾ ਚੰਦੁ ਇਮ ਮਾਰਾ—॥੨੭॥ਇਕ ਦੁਇ ਵਾਰੀ ਦਾਸ ਪਠਾਯੋ। ਆਪ ਮਿਲਨਿ ਕੋ ਬਨੌਤ ਬਨਾਯੋ। ਪਾਗ ਦੁਸ਼ਾਲਾ ਧਨ ਕੁਛ ਲੀਨਿ। ਚੰਦੁ ਨੰਦੁ ਕੋ ਮਿਲਿ ਕਰਿ ਦੀਨਿ॥ ੨੮ ॥ ਦੋਨਹੁ ਗੁਰ ਕੀ ਨਿੰਦ ਬਖਾਨੇ। ਮਹਿਮਾ ਲਖਿ ਨ ਸਕਹਿਂ ਅਨਜਾਨੇ। 'ਸ਼ਾਹੁ ਜਹਾਂ ਸੋਂ ਮੋਹਿ ਮਿਲਾਵੋ। ਜਤਨ ਰਚਹੁ ਜੈਸੇ ਰਿਪੁ ਘਾਵੋਂ' ॥੨੯॥ ਹੁਤੀ ਜਥਾ ਮਤਿ ਦੁਸ਼ਟ ਬਡਿਨਿ ਕੀ। ਗੁਰ ਸੰਗਿ ਦ੍ਰੋਹੀ ਤਥਾ ਦੁਹਿਨ ਕੀ[4]। ਚੰਦੂ ਪ੍ਰਿਥੀਆ ਬੈਰ ਬਿਸਾਲਾ। ਸ਼੍ਰੀ ਅਰਜਨ ਸੰਗ ਕਿਯ ਸਭਿ ਕਾਲਾ॥ ੩੦ ॥ ਚੰਦੁ ਨੰਦ ਅਰੁ ਪ੍ਰਿਥੀਆ ਨੰਦ। ਭੇ ਰਿਪੁ ਤਿਮ ਸ਼੍ਰੀ ਹਰਿ ਗੋਬਿੰਦ। ਕੇਤਿਕ ਦਿਨ ਮਹਿਂ ਬਨੌਤ ਬਨਾਯੋ। ਸ਼ਾਹੁਜਹਾਂ ਸੰਗ ਜਾਇ ਮਿਲਾਯੋ ॥੩੧॥ 'ਸੁਨਹੁ ਸ਼ਾਹੁ ਸੁਤ! ਕ੍ਯਾ ਹਮ ਕਹੈਂ। ਚਿਰੰਕਾਲ ਕੋ ਨ੍ਯਾਵ ਨ ਲਹੈਂ। ਹਮਰੋ ਉਨ ਕੋ ਏਕ ਪਿਤਾਮਾ॥ ਮਮ ਪਿਤ ਬਡੋ ਚਹਿਤਿ ਸਭਿ ਸਾਮਾ[5]॥ ੩੨ ॥ ਤਿਸ ਕੋ ਪਿਤ ਲਘੁ ਸਭਿ ਕਿਛੁ ਲੀਨਿ। ਪੁਰੀ ਨਿਕਾਸੇ ਛਲ ਬਲ ਕੀਨਿ। ਹਮਰੋ ਕਹਿਨਹਾਰ ਨਹਿਂ ਕੋਈ। ਮੈਂ ਚੰਦੂ ਨੰਦ ਨ ਪਹੁੰਚਹਿਂ ਦੋਈ[6]॥ ੩੩ ॥ ਕਹਿ ਕੈ ਕੌਨ ਸ਼ਾਹੁ ਸਮੁਝਾਵੈ। ਨੀਕੇ ਲਖਹਿ ਤ ਹਮਹਿਂ ਦਿਵਾਵੈ। ਸਤਿਗੁਰ ਤੁਮਰੇ ਬਨਹਿਂ ਸਹਾਇ। ਗਹ੍ਯੋ ਅਲੰਬ ਆਪ ਕੋ ਆਇ' ॥ ੩੪ ॥ ਕਰ੍ਯੋ ਤਨਕ ਰੁਖ਼ ਕਹਿ ਸੁਤ ਸ਼ਾਹੂ। 'ਅਵਸਰ ਪਾਇ ਕਹੈਂ ਪਿਤ ਪਾਹੂ'। ਅਪਰ ਸੁਭਾਇ ਬਿਖੈ ਪੁਨ ਪਰ੍ਯੋ।

[1]ਸਾਥੋਂ ਅੰਮ੍ਰਿਤਸਰ ਨੱਗਰ (ਖੋਹ) ਰੱਖਿਆ। [2](ਹੈਗੇ ਤਾਂ) ਸੀ (ਅਸੀਂ) ਮਾਲਿਕ (ਪਰ) ਬਰੱਬਰ ਦੇ (ਵੀ) ਨਾ ਕੀਤੇ। [3]ਜਿਸ ਦੀ ਭਾਵ ਚੰਦੂ ਸੁਤ ਦੀ ਸ਼ਾਹਜਹਾਂ ਤਕ ਪਹੁੰਚ ਹੈ। [4]ਦੋਹਾਂ (ਦੇ ਪੁੱਤ੍ਰਾਂ) ਦੀ। [5]ਸਮਿੱਗ੍ਰੀ [ਫਾ:, ਸਾਮਾਨ]। [6]ਮੈਂ ਭਾਵ ਮਿਹਰਬਾਨ ਤੇ ਚੰਦੂ ਦਾ ਪੁੱਤ੍ਰ ਦੋਵੇਂ ਨਹੀਂ ਪਹੁੰਚ ਸਕਦੇ (ਜਹਾਂਗੀਰ ਦੀ ਕਚਹਿਰੀ ਵਿਚ)।

ਮਿਹਰਵਾਨ ਪੁਨ ਆਵਨਿ ਕਰਯੋ ॥੩੫॥ ਚਿਤਵਤਿ ਰਿਦੇ, ਮਿਲਹਿ ਬਹੁ
ਬਾਰੀ।–ਹੋਇ ਸ਼ਾਹੁ ਸੁਤ ਸਾਥ ਚਿਨਾਰੀ–। ਰੁਤਿ ਬਸੰਤ ਆਈ ਹੁਲ-
ਸੰਤਿ[1]। ਬਰਨ ਬਰਨ ਸੁਮਨਸੁ ਬਿਗਸੰਤਿ ॥੩੬॥ ਗਈ ਸੀਤਤਾ ਉਸ਼ਨ
ਉਪਾਈ। ਬਨ ਉਪਬਨ[2] ਖੁਸ਼ਬੋਇ ਬਧਾਈ। ਜਹਾਂਗੀਰ ਸਿਮਰੀ
ਕਸ਼ਮੀਰ। ਜਹਿਂ ਘਾਮ ਨ, ਅਤਿ ਸੀਤਲ ਨੀਰ ॥ ੩੭ ॥ ਜਹਿਂ ਸੁੰਦਰ
ਬਾਗਨਿ ਲਗਿ ਮੇਵੇ। ਭਾਗਵਾਨ ਇਸ ਰਿਤੁ ਮਹਿਂ ਸੇਵੇ। ਕਰਯੋ ਮਨੋਰਥ
–ਅਬਿ ਚਲ ਜਾਵੌਂ। ਬਾਰਸ਼* ਭਏ ਦੇਸ਼ ਇਸ ਆਵੌਂ–॥ ੩੮ ॥ ਇਮ
ਨਿਸ਼ਚੈ ਕਰਿ ਇਕ ਦਿਨ ਮਾਂਹੂ।ਆਯੋ ਸ਼੍ਰੀ ਹਰਿਗੋਬਿੰਦ ਪਾਹੂ। ਸ਼ਾਹੁਜਹਾਂ
ਨੰਦਨ ਲੇ ਸਾਥ। ਟੇਕਯੋ ਆਨਿ ਦੁਹੂੰ ਪਗ ਮਾਥ ॥ ੩੯ ॥ ਸਾਦਰ ਸਤਿ-
ਗੁਰ ਬੋਲਿ ਬਿਠਾਏ। ਪ੍ਰਭੁ ਦਿਸ਼ਿ ਕੇ ਸੁ ਪ੍ਰਸੰਗਿ ਚਲਾਏ। ਪੁਨ ਹਜ਼ਰਤ
ਕਹਿ 'ਸੁਨਿ ਗੁਰ ਪੀਰ ! ਮੈਂ ਅਬਿ ਚਲਯੋ ਚਹਤਿ ਕਸ਼ਮੀਰ ॥੪੦॥ ਜਿਮ
ਅਬਿ ਮਿਹਰਵਾਨਗੀ ਧਰਿਹੋ। ਮਮ ਪਾਛੇ ਇਮ ਹੀ ਹਿਤ ਕਰਿਹੋ। ਸ਼ਾਹੁ-
ਜਹਾਂ ਸੇਵਾ ਤੁਮ ਠਾਨੈ। ਰਹੈ ਇਹਾਂ ਸਭਿ ਬਿਧਿ ਕੋ ਜਾਨੈ ॥ ੪੧ ॥ ਮੋ ਪਰ
ਕ੍ਰਿਪਾ ਕਰਤਿ ਜਿਸ ਰੀਤਿ। ਇਸ ਪਰ ਭੀ ਤੁਮ ਠਾਨਹੁ ਨੀਤਿ'। ਸ਼੍ਰੀ ਹਰਿ
ਗੋਬਿੰਦ ਬਾਕ ਬਖਾਨਾ। 'ਸ਼੍ਰੀ ਗੁਰੁ ਘਰ ਹੈ ਮੁਕਰ[3] ਸਮਾਨਾ ॥੪੨॥ ਜਥਾ
ਆਪਨੋ ਬੇਸ ਬਨਾਵੈ। ਤਿਸ ਪ੍ਰਕਾਰ ਹੀ ਤਿਸੈ ਦਿਖਾਵੈ। ਜਿਮ ਤੁਮ ਹਮ
ਸੋਂ, ਰਹਿਂ ਹਮ ਤੁਮ ਸੋਂ। ਤਿਮ ਹਮ ਰਹਿਂ, ਜਿਮ ਇਹ ਰਹਿ ਹਮ ਸੋਂ॥੪੩॥
ਅਬਿ ਕਸ਼ਮੀਰ ਜਾਹੁ ਸੁਖ ਹੇਤੁ। ਜਹਿਂ, ਸੀਤਲਤਾ ਬਰਫ ਸਮੇਤ। ਕਰਹੁ
ਸੈਲ ਜਹਿਂ ਘਾਮ ਨ ਕੋਈ। ਬਨ ਉਪਬਨ ਸੁਮਨਨਿ ਜੁਤਿ ਹੋਈ ॥ ੪੪॥
ਹਮ ਲਵਪੁਰਿ ਮਹਿਂ ਠਾਨਹਿਂ ਬਾਸਾ। ਨਹੀਂ ਆਪਨੇ ਜਾਹਿਂ ਅਵਾਸਾ।
ਇਹਾਂ ਪ੍ਰਮੇਸ਼ੁਰ ਸਿਮਰਹਿਂ ਬੈਸੇ।ਤਿਮ ਹਮ ਰਹਿ ਹੈਂ ਤੁਮ ਢਿਗ ਜੈਸੇ'॥੪੫॥
ਇੱਤਯਾਦਿਕ ਬਚ ਅਪਰ ਬਖਾਨੇ।ਗਯੋ ਸ਼ਾਹੁ ਪੁਨ ਅਪਨ ਸਥਾਨੇ। ਸ਼ਾਹ-
ਜਹਾਂ ਸਮੁਝਾਵਨਿ ਕੀਨਿ। 'ਇਹ ਪੀਰਨਿ ਕੇ ਪੀਰ ਪ੍ਰਬੀਨ ॥ ੪੬ ॥
ਕਰਹੁ ਮਾਨ ਰਹੀਅਹੁ ਅਨੁਸਾਰੇ। ਮਾਨੋ ਤਿਮ ਜਿਮ ਗਿਰਾ ਉਚਾਰੇਂ। ਮਮ
ਆਵਤਿ ਲੌ ਸੁਧਿ ਸਭਿ ਲੀਜੈ। ਮੂਲ ਨ ਕਬਹੁੰ ਅਵਗਯਾ ਕੀਜੈ' ॥ ੪੭॥
ਇੱਤਯਾਦਿਕ ਸਭਿ ਕਹਿ ਤਕਰਾਈ। ਅਪਰ ਸਮਾਜ ਸੌਂਪਿ ਸਭਿ ਥਾਈਂ।
ਜਹਾਂਗੀਰ ਕਸ਼ਮੀਰ ਪਯਾਨਾ। ਲਸ਼ਕਰ ਕੁਛਕ ਸੰਗ ਪ੍ਰਸਥਾਨਾ ॥ ੪੮ ॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪੰਚਮ ਰਾਸੇ 'ਲਵਪੁਰਿ' ਪ੍ਰਸੰਗ ਬਰਨਨੰ ਨਾਮ ਦ੍ਵਾਦਸਮੋਂ ਅੰਸੂ ॥੧੨॥

---

[1]ਅਨੰਦ ਵਾਲੀ। [2]ਬਾਗਾਂ ਵਿਚ। [3]ਸ਼ੀਸ਼ੇ। *ਪਾ:–ਬਰਸ।

੧੩. [ਮਿਹਰਵਾਨ ਨੂੰ ਮੇਲ ਹਿਤ ਸਮਝਾਉਣਾ]।

ਦੋਹਰਾ ॥ ਜਹਾਂਗੀਰ ਕਸ਼ਮੀਰ ਗਾ ਸਤਿਗੁਰ ਬਸੇ ਲਹੌਰ । ਇਕ ਆਵਤਿ ਇਕ ਜਾਤਿ ਹੈਂ ਸੰਗਤਿ ਠੌਰਨਿ ਠੌਰ ॥ ੧ ॥ ਚੌਪਈ ॥ ਸ਼੍ਰੀ ਗੁਰ ਹਰਿ-ਗੁਬਿੰਦ ਸੁਨਿ ਪਾਯੋ । 'ਮਿਹਰਵਾਨ ਲਵਪੁਰਿ ਮਹਿਂ ਆਯੋ । ਕੇਤਿਕ ਦਿਨ ਬੀਤੇ ਇਸ ਥਾਨੇ । ਪਿਤਾ ਸਮਾਨ ਬੈਰ ਕੋ ਠਾਨੇ' ॥ ੨ ॥ ਗੁਰੁ ਬਿਚਾਰਿ ਉਰ-ਤੁਰਕਨ ਪਾਸ । ਝਗਰਤਿ ਕਰਤਿ ਪੁਕਾਰ ਪ੍ਰਕਾਸ਼ । ਜਿਸਤੇ ਮਾਥੋ ਚਹੈ ਟਿਕਾਵਨਿ । ਤਿਹ ਸਮੀਪ ਕਜ਼ਾ ਨਜ਼ਾਵ ਚੁਕਾਵਨਿ ॥ ੩ ॥ ਸੁਰਪਤਿ ਆਦਿ ਨਿਮਹਿਂ ਗੁਰ ਗਾਦੀ[੧] । ਨੀਕੋ ਨਾਂਹਿ ਨ ਹੋਵਨਿ ਬਾਦੀ[੨] । ਯਾ ਤੇ ਮੇਲ ਕਰਹਿਂ, ਸੁਖ ਪਾਇ । ਨਿਜ ਨਿਜ ਥਾਨ ਰਹੈਂ ਹਰਖਾਇ-॥ ੪ ॥ ਇਮ ਬਿਚਾਰ ਕਰਿ ਭੇਜੇ ਦੋਇ। ਪੈੜਾ ਅਪਰ ਪਿਰਾਣਾ ਜੋਇ । 'ਬੂਝਹੁ ਜਾਇ ਮੇਲ ਕੀ ਬਾਤਿ । ਨਾਹਕ ਬਾਦ ਕਰਹੁ ਬੱਖਯਾਤਿ'॥੫॥ ਸੁਨਿ ਦੋਨਹੁ ਤਬਿ ਚਲਿ ਕਰਿ ਗਏ। ਖੋਜਤੇ ਡੇਰਾ ਪਹੁੰਚਤਿ ਭਏ। ਬੈਠੇ ਨਿਕਟ ਪ੍ਰਸੰਗ ਚਲਾਯੋ । 'ਸ਼੍ਰੀ ਹਰਿ ਗੋਬਿੰਦ ਹਮੇ ਪਠਾਯੋ ॥ ੬ ॥ ਬੈਰ ਭਾਵ ਕੋ ਚਹਤਿ ਬਿਸਾਰੇ । ਕਰਤਿ ਜੁ ਬਡੇ[੩] ਪ੍ਰਲੋਕ ਸਿਧਾਰੇ। ਹਾਸਲ ਕਛੁ ਨ ਬਾਦਿ ਮਹਿਂ ਹੋਵਾ। ਰਹੇ ਪੁਕਾਰੁ ਜਸੁ ਕੋ ਖੋਵਾ ॥ ੭॥ ਹਮ ਤੁਮ ਮਿਲਿ ਕੈ ਅਬਿ ਇਕ ਹੋਇੰ। ਨੀਕੇ ਜਾਨਹਿੰਗੇ ਸਭਿ ਕੋਇ'। ਮਿਹਰਵਾਨ ਸੁਨਿਕੈ ਰਿਸ ਧਾਰੀ। ਦ੍ਵੈਖਕ ਗਿਰਾ ਕਠੋਰ ਉਚਾਰੀ ॥੮॥ 'ਪਿਤਾ ਕਰਤਿ ਜਿਮ ਛਲ ਕੋ ਆਗੇ। ਤਿਸੀ ਰੀਤਿ ਮਹਿਂ ਅਬਿ ਸੁਤ ਲਾਗੇ । ਕਹਿ ਕਹਿ ਮਧੁਰ ਕਰਹਿਂ ਬਿਰ-ਮਾਵਨ। ਲੀਨਿ ਛੀਨਿ ਸਭ ਕੁਛ ਰਚਿ* ਦਾਵਨ[੪] ॥ ੯ ॥ ਸ਼ਾਹੁ ਗ੍ਰਾਮ ਦੀਨੋ ਤਹਿਂ ਬੈਸੇ। ਦਿਵਸ ਗੁਜ਼ਾਰਹਿਂ ਜੈਸੇ ਕੈਸੇ। ਜਿਸ ਦਿਨ ਹੋਵੈ ਨਜ਼ਾਂਵ ਹਮਾਰਾ। ਲੇਉਂ ਅਦਿ ਤੇ ਗਿਨ ਧਨ ਸਾਰਾ ॥ ੧੦ ॥ ਆਯੁਧ ਧਾਰੀ ਭਾ ਅਬਿ ਜੋਧਾ। ਕਹੋਂ ਜਾਨਹਿ ਸੋ ਹਮਰੋ ਕ੍ਰੋਧਾ। ਹਮ ਭੀ ਗਹਿ ਜਬਿ ਅਪਨੇ ਹਾਥ। ਕਰੈਂ ਮੇਲ ਤਬਿ ਸ਼ਸਤ੍ਰਨਿ ਸਾਥ ॥ ੧੧ ॥ ਅੰਤ ਸਮੇ ਪਿਤ ਮੁਝ ਉਪਦੇਸ਼ਾ ।-ਲਿਹੁ ਪਲਟਾ ਰਚਿ ਦ੍ਵੈਸ਼ ਵਿਸ਼ੇਸ਼ਾ-। ਤਿਨ ਲਘੁ ਕਹਤੇ[੫] ਬਿਸਾਲ ਧਰੌਂ ਮੈਂ । ਕਿਮ ਬਾਤਨਿ ਸੋਂ ਮੇਲ ਕਰੋਂ ਮੈਂ' ॥੧੨॥ ਸੁਨਿ ਪੈੜੇ ਪੁਨ ਬੈਨ ਬਖਾਨਾ।'ਨਹਿਂ ਮਨ ਠਾਨਹੁ ਕ੍ਰੋਧ ਮਹਾਨਾ। ਬਿਸ਼ਨੁ, ਰਾਮ, ਨਰ ਸਿੰਘ,

---

[੧]ਨੀਉਂਦੇ ਹਨ ਗੁਰਾਂ ਦੀ ਗੱਦੀ (ਅੱਗੇ)। [੨]ਝਗੜਾ ਕਰਨ ਵਾਲਾ। [੩](ਤੁਹਾਡੇ) ਵੱਡੇ। [੪]ਦਾਵਾਂ ਨੂੰ ਰਚਕੇ। [੫]ਤਿਨ੍ਹਾਂ ਦਾ ਥੋੜਾ ਆਖਿਆ। *ਪਾ:-ਰੁਚਿ।

ਗੁਬਿੰਦ। ਸੋ ਸਰੂਪ ਸ੍ਰੀ ਹਰਿ ਗੋਬਿੰਦ ॥ ੧੩ ॥ ਜੋ ਲੈ ਕਰਿ ਸਭਿ ਜਗਤ ਵਿਸ਼ੇਖ। ਸੁਪਤਿ ਜੋਗ ਨਿੰਦ੍ਰਾ ਪਰ ਸ਼ੇਖ[1]। ਮਧੁ ਕੈਟਭ ਮਰਦਨ ਜੋ ਰੂਪ। ਸੋ ਸ੍ਰੀ ਹਰਿਗੋਵਿੰਦ ਅਨੂਪ ॥ ੧੪ ॥ ਸਤਿ ਚੇਤਨ ਆਨੰਦ ਪ੍ਰਕਾਸ਼। ਸਭਿ ਮਹਿਂ ਬਯਾਪਯੋ ਜਥਾ ਅਕਾਸ਼। ਸੋ ਨਿਰਕਾਰ[2] ਧਰਯੋ ਆਕਾਰ। ਸ੍ਰੀ ਹਰਿ ਗੋਬਿੰਦ ਰੂਪ ਉਦਾਰ ॥ ੧੫ ॥ ਜਿਸ ਕੋ ਜੋਗੀਸ਼ੁਰ ਧਰਿ ਧਯਾਨ। ਭੁਗਤਹਿਂ[3] ਸਕਲ ਜਿਸੀ ਕੋ ਦਾਨ। ਸ਼ੇਸ਼, ਗਨੇਸ਼, ਦਿਨੇਸ਼, ਮਹੇਸ਼[4]। ਜਿਸ ਕੋ ਸਿਮਰਹਿਂ ਨਾਮ* ਹਮੇਸ਼ ॥੧੬॥ ਸੋ ਸਰੂਪ ਗੁਰੁਦੇਵ ਬਿਚਾਰੋ। ਤਜਹੁ ਦ੍ਵੈਸ਼ ਅਬਿ ਨਿਕਟ ਸਿਧਾਰੋ'। ਏਵ ਪ੍ਰਸ਼ੰਸ਼ਾ ਕੋ ਸੁਨਿ ਕਰਿ ਕੈ। ਜਰੀ ਨ ਮਿਹਰਵਾਨ ਜਰਿ ਬਰਿਕੈ ॥ ੧੭ ॥ ਛਿੱਦ੍ਰਨ[5] ਖੋਜਿ ਖੋਜਿ ਕਰਿ ਕਹਯੋ। 'ਸਭਿ ਜਗ ਮਹਿਂ ਤੁਮਰੋ ਗੁਰ ਲਹਯੋ। ਪ੍ਰਥਮ ਧਰਯੋ ਸੁਲਹੀ ਕੋ ਤ੍ਰਾਸਾ। ਛੋਰਿ ਸੁਧਾਸਰ ਗ੍ਰਾਮ ਸੁ ਬਾਸਾ ॥੧੮॥ ਤਹਿਂ ਜਨਮਯੋ ਅਬਿ ਜੋ ਬਡ ਜੋਧਾ। ਕਯੋਂ ਨ ਕਰਤਿ ਪਿਤ ਕੀ ਗਤਿ ਬੋਧਾ[6]। ਛਲ ਕਰਿ ਮਮ ਪਿਤ ਸੋਂ ਮਿਲਿ ਗਯੋ। ਆਨਿ ਸੁਧਾਸਰ ਪੁਨ ਘਰ ਕਯੋ ॥ ੧੯ ॥ ਬਸਤਿ ਬਸਤਿ ਅਪਨੋ ਬਲ ਪਾਇ। ਦੇ ਦੇ ਰਿਸ਼ਵਤ ਸਿਖ ਅਪਨਾਇ। ਹੁਤੋ ਸੁਭਾਵ ਪਿਤਾ ਕੋ ਭੋਰਾ। ਲਖਯੋ ਨ ਕਪਟ ਕੂਰ ਕੋ ਜੋਰਾ ॥ ੨੦ ॥ ਅਪਰ ਕਹਾਂ ਲਗਿ ਕਹੌਂ ਖੁਟਾਈ। ਅੰਤ ਸਮੇਂ ਕਹੁ ਕਯਾ ਗਤਿ ਪਾਈ। ਚੰਦੂ ਬਿਲੰਦ ਸਜ਼ਾਇਨਿ ਦੀਨਿ। ਪਾਇ ਕਸ਼ਟ ਤਨ ਤਜਿਬੋ ਕੀਨਿ ॥ ੨੧ ॥ ਕੈਦਿ ਗੁਆਲਿਯਰ ਗਮਨਯੋ ਏਹੁ। ਕਯੋਹੂੰ ਨਿਕਸਯੋ ਆਯੋ ਗ੍ਰੇਹੁ। ਕਹੂੰ ਨ ਅਜ਼ਮਤ ਕਿਸ ਦਿਖਰਾਈ।—ਪਰਾਲਬਧ ਤੇ ਸਭਿ ਬਨਿਆਈ—॥ ੨੨ ॥ ਜਿਨ ਢਿਗ ਸ਼ਕਤਿ ਸੁ ਕੈਸੇ ਕਹੈਂ।ਕਿਮ ਕਮਤਾ ਅਪਨੀ ਜਗ ਚਹੈਂ। ਬਕਤਿ[7] ਜਿਨਹੁ ਕੋ ਹਰਿ ਅਵਤਾਰ। ਕਰਹਿਂ ਬਡਾਈ ਖਾਹਿਂ ਅਹਾਰ[8] ॥ ੨੩ ॥ ਸ੍ਰੀ ਨਾਨਕ ਕੀ ਚਾਹਤਿ ਰੀਸ। ਭੇ ਅਵਤਾਰ ਜੁ ਪੂਰਨ ਈਸ਼'। ਸੁਨਤਿ ਪਿਰਾਣੇ ਬੈਨ ਬਖਾਨੇ। 'ਏਕ ਜੋਤਿ ਖਟ ਤਨ ਗੁਰੁ ਠਾਨੇ ॥ ੨੪ ॥ ਅਹੈ ਗੁਰਨਿ ਕੀ ਇਕ ਬਡਿਆਈ। ਅਜ਼ਮਤਿ ਦੇਹਿਂ ਨ ਜੋ ਸਿਰ ਜਾਈ। ਸ੍ਰੀ ਅੰਗਦ ਗੁਰੁ ਨਾਨਕ ਰੂਪ। ਤੁਮ ਮਾਨਤਿ ਕੈ ਨਹੀਂ ਅਨੂਪ ॥ ੨੫ ॥ ਸੋ ਜਾਟਨਿ ਮਿਲਿ ਗ੍ਰਾਮ ਨਿਕਾਰੇ। ਨਿਕਸਿ ਗਏ ਨਹਿਂ ਸ਼ਕਤਿ ਦਿਖਾਰੇ। ਇਮ ਸ੍ਰੀ ਅਮਰ

[1]ਸ਼ੇਸ਼ ਨਾਗ ਤੇ। [2]ਉਸ ਨਿਰ ਆਕਾਰ ਨੇ। [3]ਭੋਗਦੇ ਹਨ। [4]ਸ਼ਿਵ। [5]ਅਵਗੁਣ। [6]ਪਿਉ ਵਾਲੀ ਗਲ ਦਾ ਕਿਉਂ ਨਾ ਵਿਚਾਰ ਕਰੇਗਾ। ਅਰਥਾਤ ਉਹੋ ਜੇਹੀ ਚਾਲ ਚਲੇਗਾ। ਭਾਵ ਤੁਸੀਂ ਜੋ ਮਿਲੌਨੀ ਕਰਨ ਆਏ ਹੋ ਇਹ ਕੋਈ ਉਸੇ ਤਰ੍ਹਾਂ ਦੀ ਚਾਲ ਹੈ। [7](ਤੂੰ) ਕਹਿੰਦਾ ਹੈਂ। [8]ਉਨ੍ਹਾਂ ਦੀ) ਰੋਟੀ ਖਾਕੇ ਕਰਕੇ ਵਡਿਆਈ ਕਰਦੇ ਹੋ।

*ਪਾ:—ਦਾਨੂ=ਦੈਂਤ।

ਸਹੀ ਉਰ[1] ਲਾਤਿ। ਕਸ਼ਟ ਲਹ੍ਯੋ ਬਧ ਬਡ ਬ੍ਰਿਧ ਗਾਤ ॥੨੬॥ ਗੋਇੰਦ-ਵਾਲ ਛੋਰਿ ਕਰਿ ਗਏ। ਪੁਨ ਭਾਈ ਬ੍ਰਿਧ ਲਜਾਵਤਿ ਭਏ। ਜੋ ਤੁਮ ਦੂਖਨ ਬਰਨ ਬਖਾਨਾ। ਸਤਿਗੁਰ ਮਤ ਇਹੁ ਭੂਖਨ ਜਾਨਾ ॥ ੨੭ ॥ ਗੁਰੁ ਸਲਿ-ਤਾਪਤਿ ਸਮ ਗੰਭੀਰ। ਕੋ ਤਿਨ ਥਾਹੁ ਲਹੈ ਅਸ ਧੀਰ। ਅਚਲ ਮੇਰੁ ਸਮ ਕੌਨ ਚਲਾਵੈ। ਜਿਨ ਕੀ ਗਤਿ ਕੁਛ ਲਖੀ ਨ ਜਾਵੈ ॥੨੮॥ ਬੂੰਦਕ ਅਲ਼-ਮਤਿ ਹੈ ਜਿਸ ਪਾਸ। ਕਰਹਿ ਬਿਦਤ ਜਗ ਕੀ ਧਰਿ ਆਸ[2]। ਓਛੇ ਨਰ ਤਿਨ ਕੋ ਬਡਿਆਵੈਂ। ਬਡ ਸਮੁੰਦ੍ਰ ਕੀ ਸਾਰ ਨ ਪਾਵੈਂ ॥ ੨੯ ॥ ਅਬਿ ਲੌ ਗੁਰੁ ਰਾਖਹਿੰ ਬਡਿਆਈ। ਬਡੇ ਬੈਸ ਕਰਿ ਤੁਮਹਿ ਲਖਾਈ। ਮਾਨਹੁ ਕਹ੍ਯੋ ਮੇਲ ਕੋ ਕੀਜੈ। ਬੈਰ ਖੋਇ ਸੁਖ ਅਰੁ ਜਸੁ ਲੀਜੈ ॥੩੦॥ ਜਾਨਹਿੰ –ਹਮਰੀ ਹੋਇ ਛੁਟਾਈ। ਕਰਹਿੰ ਪੁਕਾਰ ਤੁਰਕ ਅਗੁਵਾਈ। ਨਾਮ ਬਡਿਨਿ ਕੋ ਸਭਿ ਮਹਿੰ ਅਹੈ। ਸ਼੍ਰੀ ਗੁਰੁ ਰਾਮਦਾਸ ਕੇ ਕਹੈਂ–॥੩੧॥ ਇਮ ਲਖਿ,ਲਾਜ ਧਰਹਿੰ ਲਖਿ ਮਨ ਹੀ[3]। ਤੁਮਰੇ ਸੰਗ ਮਿਲਿਨਿ ਚਹਿੰ ਮਨ ਹੀ'। ਮਿਹਰਵਾਨ ਬੋਲ੍ਯੋ ਰਿਸ ਪਾਗੇ। 'ਉਠਹੁ ਕਰੌਂ ਨ ਮਮ ਨੇਤ੍ਰਨਿ ਆਗੇ ॥ ੩੨ ॥ ਅਪਨੀ ਕੁਸ਼ਲ ਚਹਹੁ ਚਲਿ ਜਾਵਹੁ। ਨਾਹਕ ਬੀਚ ਮਾਰ ਕਿਮ ਖਾਵਹੁ'। ਸੁਨਤਿ ਉਠੇ ਪੈੜਾ ਰੁ ਪਿਰਾਨਾ। ਰਿਸੇ ਨ[4], ਗੁਰ ਕੋ ਤ੍ਰਾਸ ਪਛਾ-ਨਾ ॥੩੩॥ ਚਲਿ ਸ਼੍ਰੀ ਹਰਿ ਗੋਬਿੰਦ ਢਿਗ ਆਏ। ਮਿਹਰਵਾਨ ਕੋ ਕਹ੍ਯੋ ਸੁਨਾਏ। ਤਬਿ ਗੁਰੁ ਕਹ੍ਯੋ 'ਆਪ ਹਮ ਚਲੈਂ। ਲੇਹਿੰ ਨਿਹੋਰ ਪ੍ਰਥਮ, ਜੇ ਮਿਲੈ[5]'॥੩੪॥ ਜੇਠੇ ਕਹ੍ਯੋ 'ਨ ਆਪ ਪਧਾਨੋ। ਮਿਹਰਵਾਨ ਪ੍ਰਿਥੀਏ ਸਮ ਜਾਨੋ। ਬਡੇ ਗੁਰਨਿ ਬਹੁ ਕਰੇ ਉਪਾਇ। ਬਿਨਤੀ ਕਹਿ ਕਹਿ ਰਹੇ ਪਠਾ-ਇ ॥੩੫॥ ਰਹ੍ਯੋ ਬਿਪਰਜੈ ਸਮੁਝਤਿ ਸੋਈ। ਮੁਝ ਤੇ ਡਰਤਿ ਦੀਨ ਮਨ ਹੋਈ। ਸੁਲਹੀ ਸਹਤ ਮ੍ਰਿਤਕ ਹੁਇ ਗਯੋ। ਮਨ ਕੋ ਹਠ ਨਹਿੰ ਛੋਰਤਿ ਭਯੋ' ॥੩੬ ॥ ਕਹ੍ਯੋ ਗੁਰੂ 'ਜੇਠਾ ! ਸਚ ਕਹੈਂ। ਤਊ ਬਾਰਿ ਇਕ, ਹਮ ਭੀ ਲਹੈਂ। ਜੇ ਨਹਿੰ ਮਾਨਹਿ ਹੁਇ ਸਮ ਧੂਰਤਿ[6]। ਰਹੈ ਬੈਸ ਲਗਿ ਬਹੁਤ ਬਿਸੂ-ਰਤਿ ॥੩੭॥ ਹਮ ਕੋ ਉਚਿਤ ਨਿਹੋਰਨਿ[7] ਅਹੈ। ਸੋ ਬਡ ਦੂਖੀ ਪੁਕਾਰੂ ਰਹੈ।

---

[1]ਛਾਤੀ ਉਤੇ। [2]ਜਗਤ (ਤੋਂ ਪੁਜਾਵਣ ਦੀ) ਆਸਾ ਧਾਰਕੇ। [3]ਇਸ ਤਰ੍ਹਾਂ ਤੂੰ ਜਾਣ, (ਸ਼੍ਰੀ ਗੁਰੂ ਹਰਿ ਗੋਬਿੰਦ ਜੀ) ਮਨ ਵਿਚ (ਉਪਰ ਕਹੀ ਵਾਰਤਾ) ਜਾਣਕੇ ਲੱਜਾ ਕਰਦੇ ਹਨ। [4](ਸਿਖ) ਗੁੱਸੇ ਨਾ ਹੋਏ। [5]ਪਹਿਲੇ ਬੇਨਤੀ ਕਰ ਵੇਖੀਏ ਭਲਾ ਜੇ ਮਿਲ ਪਵੇ। [6]ਮੂਰਖ। [7]ਮਨਾਉਣ।

ਪੁਰੀ ਪਿਤਾਮੇ ਕੀ ਤਜਿ ਗਏ। ਨਿੰਦਾ ਕਰਤਿ ਰਹਤਿ ਹਿਤ ਹਏ[1]'॥੩੮॥
ਇਮ ਕਹਿ ਕਿਤਿਕ ਸਿੱਖ ਸੰਗਿ ਲੀਨਿ। ਗਏ ਧੀਰ ਗੁਰੁ ਪਰਮ ਪ੍ਰਬੀਨ।
ਆਗੈ ਮਿਹਰਵਾਨ ਅਭਿਮਾਨੀ। ਗੁਰ ਗਾਦੀ ਪਰ ਨਿਜ ਕੋ ਜਾਨੀ॥ ੩੯॥
ਕਿਤਿਕਿ ਰੰਕ ਸਿਖ ਨਿਕਟ ਬਿਠਾਏ। ਥਿਰਯੋ ਪ੍ਰਯੰਕ ਆਪ ਉਚ ਥਾਏਂ।
ਪਿਖੇ ਦੂਰ ਤੇ ਹਰਿ ਗੋਬਿੰਦ। ਆਵਤਿ ਹੈਂ ਗਜ ਮਸਤ ਮਨਿੰਦ॥ ੪੦॥
ਸੁੰਦਰ ਡੀਲ ਬਿਲੰਦ ਅਨੰਦਤਿ। ਭੁਜਾ ਪ੍ਰਲੰਬ ਕਰੀ ਕਰ ਨਿੰਦਤਿ[2]।
ਖੜਗ ਸਿਪਰ ਕਟ ਨਿਕਟਿ ਬਿਰਾਜਤਿ। ਸ਼ਮਸ਼ ਬਦਨ ਤਮ ਸਸਿ ਕੋ
ਲਾਜਤਿ॥ ੪੧॥ ਰਾਜ ਚਿੰਨ੍ਹ ਸਭਿ ਅੰਗਨਿ ਬਿਖੈ। ਜੌ ਲਗਿ ਦੂਰ ਰਹੇ,
ਤਨ ਪਿਖੈ। ਆਏ ਨਿਕਟ,ਗਯੋ ਰੁਖ਼ ਫੇਰਿ। ਉਠੀ ਕਰਕ ਸੁੰਦਰ ਦੁਤਿ
ਹੇਰਿ॥੪੨॥ਸਿਖ ਰੰਕਨ ਕੋ ਪ੍ਰਥਮ ਸਿਖਾਯੋ।–ਉਠਹੁ ਨ ਬੰਦਹੁ ਪਿਖਿ ਇਹ
ਆਯੋ–।ਆਦਰ ਹੇਤੁ ਨ ਬੋਲਯੋ ਕੋਈ। ਰਹੇ ਦਬਕ ਜੜ੍ਹ ਸਿਰ ਤਰ ਹੋਈ॥
੪੩॥ ਮਿਹਰਵਾਨ ਕੋ ਕਰਿ ਕੈ ਬੰਦਨ। ਬੈਠਿ ਗਏ ਗੁਰ ਦੋਖ ਨਿਕੰਦਨ।
ਸਿਖ ਤੇ ਅੱਗ੍ਰ ਪ੍ਰਸ਼ਾਦਿ ਧਰਾਯੋ। ਰਹਯੋ ਮੋਨ ਜਨੁ ਬੋਲ ਨ ਆਯੋ॥ ੪੪॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪੰਚਮ ਰਾਸੇ 'ਮਿਹਰਵਾਨ ਪ੍ਰਸੰਗ' ਬਰਨਨੰ ਨਾਮ ਤ੍ਰੌਦਸ਼ਮੋ ਅੰਸੂ॥ ੧੩॥

੧੪. [ਗੁਰੂ ਜੀ ਦਾ ਮਿਹਰਵਾਨ ਨੂੰ ਮਨਾਉਣਾ]।

ਦੋਹਰਾ॥ ਮਿਹਰਵਾਨ ਪਰਯੰਕ ਪਰ ਲਦਯੋ ਅਧਿਕ ਹੰਕਾਰ। ਸ੍ਰੀ ਹਰਿ
ਗੋਬਿੰਦ ਛਿਮਾ ਨਿਧ ਬੈਠੇ ਤਰੇ ਨਿਹਾਰ॥ ੧॥ ਚੌਪਈ॥ ਸਹਿ ਨ ਸਕਯੋ
ਬਿਧੀਏ ਤਬਿ ਕਹਯੋ। 'ਉਚਿਤਾਨੁਚਿਤ ਨਹੀਂ ਇਨ ਲਹਯੋ।ਊਪਰ ਬੈਠਹੁ,
ਕਯੋਂ ਥਿਰ ਤਰੇ। ਆਪ ਸ਼ਿਰੋਮਣਿ ਸਭਿ ਜਗ ਕਰੇ॥ ੨॥ ਪੀਰਨ ਪੀਰ
ਮੀਰ ਸਿਰ ਮੀਰ। ਰਾਵਰ ਤੇ ਕੋ ਊਚ ਨ ਧੀਰ'। ਸੁਨਿ ਸਤਿਗੁਰ ਨੇ ਬਾਕ
ਬਖਾਨੇ। 'ਹਮ ਪਿਤ ਤੇ ਇਸ ਪਿਤਾ ਮਹਾਨੇ॥ ੩॥ ਅਰੁ ਇਹ ਬਯ ਮਹਿਂ
ਅਹੈਂ ਬਡੇਰੇ। ਹਮ ਜਨਮੇ ਪੀਛੇ, ਸੁ ਛੁਟੇਰੇ। ਊਚੇ ਉਚਿਤ ਬਡੋ ਇਹ
ਭਾਈ। ਹਮ ਨੀਚੇ ਬੈਠਨਿ ਬਨਿਆਈ'॥੪॥ ਸੁਨਿ ਗੁਰ ਬਚ ਤੂਸ਼ਨ ਹੁਇ
ਰਹੇ। ਦੂਖਤਿ ਬਿਅਦਬੀ ਨਹਿਂ ਸਿਖ ਸਹੇ। ਕਿਤਿਕ ਬੇਰ ਬੋਲਯੋ ਨਹਿਂ
ਜਬੈ। ਮ੍ਰਿਦੁਲ ਗਿਰਾ ਸ੍ਰੀ ਗੁਰ ਕਹਿ ਤਬੈ॥ ੫॥ 'ਕਰਹੁ ਬਦਨ ਸਨਮੁਖ
ਰਿਸ ਛੋਰਿ।ਸੁਖ ਕੇ ਬਾਕ ਕਹੋ ਮਮ ਓਰ। ਕਯੋਂ ਪੁਕਾਰ ਕਰਤੇ ਤੁਮ ਫਿਰੋ?।
ਬਸੋ ਸੁਧਾਸਰ ਪੁਰਿ ਮਹਿਂ ਥਿਰੋ॥੬॥ ਘਰ ਧਨ ਭੂਮ ਪਦਾਰਥ ਜੋਇ। ਕਹੋ
ਆਪ ਹਮ ਦੇਵੈਂ ਸੋਇ। ਦੀਨ ਬਨਹੁ ਕਯੋਂ ਤੁਰਕ ਅਗਾਰੀ ?।ਏਕੋ ਲਾਜ

[1]ਪਿਆਰ ਛੋੜਕੇ। [2]ਹਾਥੀ ਦੇ ਸੁੰਡ ਨੂੰ ਮਾਤ ਕਰਦੇ ਹਨ।

ਹਮਾਰਿ ਤੁਮਾਰੀ ॥ ੭ ॥ ਗੁਰੁ ਪਦਾਰਥ ਸਗਰੇ ਦੀਨੇ। ਕਯੋਂ ਨ ਮਿਲਹੁ ਭੁਗਤਹੁ ਸੁਖ ਪੀਨੇ ?। ਇਕ ਤੋ ਜਗ ਮਹਿਂ ਅਪਜਸ ਪਾਵਹੁ। ਦੂਜੇ ਹਮ ਸੋਂ ਬੈਰ ਬਢਾਵਹੁ ॥ ੮ ॥ ਤਊ ਨ ਅਯੋ ਕੁਛ ਹਾਥ ਤੁਹਾਰੇ। ਪਿਤਾ ਆਦਿ ਤੇ ਲੇਹੁ ਬਿਚਾਰੇ। ਬੀਤ ਗਯੋ ਇਮ ਹੀ ਚਿਰ ਕਾਲੂ। ਰਹੇ ਬਧਾਵਤਿ ਬੈਰ ਬਿਸਾਲੁ ॥੯॥ਔਗੁਨ ਤਿਸ ਮਹਿਂ ਭਏ ਅਨੇਕ। ਕਰਿ ਦੇਖਹੁ ਨਿਜ ਰਿਦੇ ਬਿਬੇਕ[1]"। ਸੁਨਿ ਕਰਿ ਮਿਹਰਵਾਨ ਬਚ ਪੇਲਾ[2]। 'ਹਮਰੋ ਤੁਮਰੋ ਕਯੋਹੂੰ ਨ ਮੇਲਾ ॥੧੦॥ ਤੁਮ ਭੀ ਸਾਚ ਕਹਤਿ ਹੋ ਤਾਵਤਿ।ਕੋਇ ਨ ਆਂਚ ਲਗੀ ਉਰ ਜਾਵਤਿ। ਸੁਖ ਮਹਿਂ ਸੁਪਤਹੁ ਚਿੰਤ ਨ ਕਾਈ। ਨਹੀਂ ਪਿਤਾ ਤੇ ਕੁਛ ਬਨਿਆਈ ॥ ੧੧ ॥ ਕਹਿ ਭੇਜਯੋ ਮੁਝ ਪ੍ਰਤਿ ਜਬਿ ਅੰਤ।-ਹੇ ਸੁਤ ! ਜਾਨਹੁ ਸਕਲ ਬ੍ਰਿਤੰਤ। ਜਯੋਂ ਕਯੋਂ ਕਰਿ ਪਲਟਾ ਲਿਹੁ ਮੇਰੋ। ਸਭਿ ਜਗ ਗੁਰਤਾ ਅਪਨੀ ਹੇਰੋ ॥ ੧੨ ॥ ਸੁਤ ਪਿਤ ਕੋ ਕਹਿ ਕੈਦ ਕਰਾਵੇਂ। ਕੈ ਉਪਾਇ ਤੇ ਪ੍ਰਾਨ ਗਵਾਵੇਂ। ਵਸਤੁ ਪਿਤਾਮੇ ਕੀ ਲਿਹੁ ਸਾਰੀ। ਤੌ ਸਪੁੱਤ੍ਰ ਹੋਵੇਂ ਸੁਖਕਾਰੀ- ॥ ੧੩ ॥ ਪ੍ਰਾਨ ਜਾਨਿ ਲੌ ਮਿਲਹੁਂ ਨ ਕਬੈ। ਇਹ ਉਪਦੇਸ਼ ਧਰਹੁਂ ਬਧ ਸਬੈ। ਅਬਿ ਮੈਂ ਲਾਗਯੋ ਰਚਨਿ ਉਪਾਇ। ਤੁਮਹੋਂ ਸੁਧਾਸਰ ਤੇ ਨਿਕਸਾਇ ॥੧੪॥ ਪਰਹੁ ਕੈਦ ਕੈ ਜਾਹੁ ਪਲਾਈ। ਤਬਿ ਸੁਪੁੱਤ੍ਰਤਾ ਮੁਝ ਬਨਿਆਈ। ਮਹਾਂ ਪੁਰਖ ਪੂਰਨ ਪਿਤ ਮੇਰੋ। ਕਹੇ ਬਾਕ ਹੁਇ ਸਾਚ ਬਡੇਰੋ ॥ ੧੫ ॥ ਅੰਤ ਸਮੇ ਮਹਿਂ ਜਥਾ ਉਚਾਰਾ। ਸੋ ਸੁਭ ਮੈਂ ਲਖਿ ਅੰਗੀਕਾਰਾ। ਪਿਤਾ ਪੁੱਤ੍ਰ ਤੁਮ ਲਾਜ ਨ ਧਰਿਹੋ। ਮੇਲ ਕਰਨਿ ਬਹੁ ਬਾਰਿ ਉਚਰਿਹੋ ॥ ੧੬ ॥ ਪੁਰੀ ਪਿਤਾਮੇ ਕੀ ਸਭਿ ਛੀਨਿ। ਲਗੇ ਕਹਾਵਨਿ ਗੁਰੂ ਪ੍ਰਬੀਨਿ। ਪਿਤਾ ਕ੍ਰਿਪਾਲ ਨ ਮਨ ਮਹਿਂ ਲਜਾਇ। ਨਤੁ ਸੁਲਹੀ ਢਿਗ ਦੇਤਿ ਗਹਾਇ ॥ ੧੭ ॥ ਅਬਿ ਮੈਂ ਕਰੋਂ ਸੰਘਾਰਨਿ ਤੋਹਿ। ਨੀਕੋ ਮੇਲ ਤਿਸੀ ਦਿਨ ਹੋਹਿ। ਉਰ ਕਪਟੀ ਬਾਹਰ ਮਧੁਰਾਈ। ਇਮ ਤੁਮ ਪਿਤਾ ਸੀਖ ਸੋ ਪਾਈ' ॥੧੮॥ ਸੁਨਿ ਸਿੱਖਨਿ ਭਾ ਕ੍ਰੋਧ ਬਿਸਾਲਾ। ਕਹਿਰ ਗੁਰੁਨਿ ਬਡਿ ਨਿੰਦ ਕੁਚਾਲਾ। ਜੇਠਾ ਸਿੱਖ ਪਿਰਾਣਾ ਆਦਿ। ਉਦਤਿ ਭਏ ਕਰਿਬੇ ਹਿਤ ਬਾਦ ॥੧੯॥-ਜੇ ਲਰਿ ਪਰਹਿ ਤ ਇਸ ਗਹਿ ਲੈਹੈਂ। ਨੀਕੀ ਸੀਖ ਬਨਾਇ ਸੁ ਦੈਹੈਂ-।ਕੁਛ ਬੋਲਨਿ ਕੋ ਜਬਿਹੂੰ ਲਾਗੇ। ਨਿਸ਼ਠੁਰ ਬਾਕ ਕੋਪ ਮਹਿ ਪਾਗੇ ॥੨੦॥ ਸ੍ਰੀ ਗੁਰੁ ਹਰਿ ਗੋਬਿੰਦ ਹਟਾਇ'ਹਮ ਚਲਿ

[1]ਸੋਚ ਵੇਖੋ। [2]ਭਾਵ ਗੱਲ ਉਲਟਾਈ।

ਕਰਿ ਡੇਰੇ ਇਸ ਆਇ। ਹਰਖਾਵਨਿ ਕੋ ਕੋਪ ਉਪਾਵਨਿ ?।ਨਹਿਂ ਤੁਮ ਕੀਜਹਿ ਕਛੁ ਅਲਾਵਨ'॥ ੨੧ ॥ ਇਮ ਦਾਸਨਿ ਕੋ ਬਰਜਿ ਬਡੇਰੇ। ਪਕਰੇ ਆਪ ਚਰਨ ਤਿਸ ਕੇਰੇ। 'ਭ੍ਰਾਤਾ! ਬਯ ਮਹਿਂ ਜੇਸ਼ਟ ਅਹੈਂ। ਉੱਤਰ ਤੋਹਿ ਸਮੁਖ ਨਹਿਂ ਕਹੈਂ॥੨੨॥ਤਊ ਬਿਚਾਰਹੁ ਤਯਾਗਹੁ ਕ੍ਰੋਧੂ।ਹੋਤਿ ਕ੍ਰੋਧ ਤੇ ਨਰ ਬਿਨ ਬੋਧੂ। ਕਲਮਲ ਅਰੁ ਕਲਹਾ ਕੋ ਮੂਲਾ। ਕ੍ਰੋਧ ਧਰਮ ਤੇ ਕਰਿ ਪ੍ਰਤਿਕੂਲਾ ॥ ੨੩ ॥ ਕ੍ਰੋਧੀ ਪਰਹਿ ਨਰਕ ਮਹਿਂ ਜਾਇ। ਕਰਹਿ ਅਨੁਚਿਤੀ ਕ੍ਰੋਧੀ ਧਾਇ। ਪੁਰਿ ਮਹਿਂ ਸਦਨ ਆਪਨੇ ਲੀਜੈ। ਅਪਰ ਵਸਤੁ ਹੈ ਸੋ ਕਹਿ ਦੀਜੈ॥੨੪॥ਕਾਰਨਿ ਰਿਸ ਕੋ ਦੇਹੁ ਬਤਾਈ। ਤਿਸ ਤੇ ਹਟਹਿਂ ਤੁਮਹਿਂ ਹਰਖਾਈ[੧]। ਪਾਛਲ ਬਾਤ ਨ ਰਿਦੇ ਬਿਚਾਰੋ। ਜਿਮ ਹੁਇ ਸ਼ਾਂਤਿ ਤਥਾ ਨਿਰਧਾਰੋ' ॥ ੨੫ ॥ ਸੁਨਿ ਸਿੱਖਨਿ ਦਿਸ਼ਿ ਨੈਨ ਤਰੇਰੇ[੨]। ਮਿਹਰਵਾਨ ਕਰਿ ਕ੍ਰੋਧ ਘਨੇਰੇ। 'ਕਯੋਂ ਨ ਜਾਤਿ ਉਠਿ ਕਛੁ ਹੁਇ ਪਰੈ[੩]। ਇਹ ਗਵਾਰ ਕਰਿ ਦ੍ਰਿਗ ਤੇ ਪਰੈ ॥ ੨੬ ॥ ਨਤੁ ਮਿਲਿਬੋ ਅਬਿ ਅਸ ਹੁਇ ਜਾਇ। ਰੁੰਡ ਮੁੰਡ ਧਰ ਪਰੇ ਦਿਖਾਇਂ। ਆਗੈ* ਧੁਖਤਿ ਰਹਤਿ ਨਿਤ ਛਾਤੀ। ਅਬਿ ਬਰ ਪਰੈ[੪] ਹੋਹਿ ਬੱਖਯਾਤੀ'॥੨੭॥ਇੱਤਯਾਦਿਕ ਕਹਿ ਅਪਰ ਕਠੋਰਾ। ਮੁਖ ਦ੍ਰਿਗ ਅਰਣ ਲਰਨਿ ਕੋ ਤੌਰਾ[੫]। ਖੜਗ ਮੁਸ਼ਟ ਪਰ ਧਰਿ ਕਰਿ ਕਰ ਕੋ। ਗੁਰਹਿ ਦਿਖਾਇ ਬੀਰਤਾ ਬਰ ਕੋ ॥ ੨੮ ॥ ਧਰਮ ਧੁਰੰਧਰ ਧੀਰਜ ਧਾਰੀ। ਗੁਰੂ ਛਿਮਾਨਿਧਿ ਕੀਨਿ ਬਿਚਾਰੀ। ਕਹਤਿ ਭਏ 'ਹਮ ਇਮ ਚਿਤ ਚਹੈਂ। ਗੁਰ ਕੀ ਕੁਲ ਸਭਿ ਇਕ ਸਮ ਰਹੈ ॥੨੯॥ ਪਰਾਰਬਧ ਖੋਟੀ ਹੁਇ ਐਸੇ। ਤੌ ਕਿਸ ਕੋ ਬਸਿ ਚਲਹਿ ਨ ਕੈਸੇ। ਸ੍ਰਾਪ ਗੁਰੂ ਕਹੁ ਹੋਵਹਿ ਸਾਚੇ। ਪਿਤ ਜੁਤਿ ਤੁਮ ਜਿਮ ਚਿੰਤਾ ਰਾਚੇ ॥ ੩੦ ॥ ਤਥਾ ਬੰਸ ਨਿਤ ਚਿੰਤਾ ਲਹੈ। ਪਰ ਪ੍ਰਭਾਵ ਪਿਖਿ ਕਰਿ[੬] ਉਰ ਦਹੈ। ਜਿਨ ਕੋ ਅਬਿ ਬਚ ਕਹੈਂ ਗਵਾਰ। ਤੁਮ ਕੁਲ ਹੁਇ ਸਿੱਖਨਿ ਅਨੁਸਾਰਿ ॥ ੩੧ ॥ ਇਨ ਕੀ ਪਾਹੁਲ ਲੇ ਸੁਖ ਪਾਵੈਂ। ਚਾਕਰ ਹੁਇ ਜੀਵਾ ਸੁ ਚਲਾਵੈਂ। ਬਨਿ ਬਨਿ ਦੀਨ ਮਿਲਹਿਂ ਇਨ ਸੰਗਿ। ਪਾਇਂ ਅਨਾਦਰ ਘਰ ਘਰ ਮੰਗਿ ॥ ੩੨ ॥

[੧]ਤਿਸ (ਕਾਰਨ) ਤੋਂ ਅਸੀਂ ਹਟ ਜਾਵਾਂਗੇ, ਤੇ ਤੁਹਾਨੂੰ ਪ੍ਰਸੰਨ ਰੱਖਾਂਗੇ। [੨]ਤਾੜਿਆ (ਮਿਹਰਬਾਨ ਨੇ)। [੩]ਕੁਛ (ਭਾਵ ਲੜਾਈ) ਹੋ ਪਏਗੀ। [੪]ਬਲ ਪਵੇਗੀ। [੫]ਮੂੰਹ ਤੇ ਨੇਤ੍ਰ ਲਾਲ ਹੋ ਗਏ, ਲੜਨੇ ਦਾ ਤੌਰ ਹੋ ਗਿਆ। [੬]ਪਰਾਏ ਪ੍ਰਤਾਪ ਨੂੰ ਦੇਖਦੇ। *ਪਾ:-ਆਧੈ:-

ਹਮਹੁ ਨਿਹੋਰੇ ਕਿਯੋ ਨ ਮੇਲ[1]। ਹੋਇ ਭਵਿੱਖਜਤ ਮਹਿਂ ਅਸ ਖੇਲ। ਮਿਲਯੋ ਚਹੈਂ ਗੁਰੁ ਘਰ ਸੋਂ ਤਬੈ। ਸਿੱਖ ਹਟਾਵਹਿਂ ਮਿਲਹਿਂ ਨ ਸਬੈ ॥੩੩॥ ਚਾਕਰ ਬਨਹਿਂ ਕਿ ਪਾਹੁਲ ਲੇਹਿਂ। ਤਬਿ ਇਹ ਸਿੱਖ ਦਰਬ ਕੋ ਦੇਹਿਂ’। ਇਮ ਦੇ ਸ੍ਰਾਪ ਉਠੇ ਗੁਰ ਪੂਰੇ। ਜਿਨ ਕੇ ਅੰਗ ਸੁਹਾਵਤਿ ਰੂਰੇ ॥ ੩੪ ॥ ਬਾਧ ਘਾਟ ਸੋ ਬੋਲਤਿ ਰਹਯੋ। ਬਹੁਰ ਨ ਉੱਤਰ ਸ਼੍ਰੀ ਗੁਰੁ ਕਹਯੋ। ਵਡੇ ਵਡਾਈ ਪਾਇ ਨਿਵੰਤੇ। ਜਿਮ ਤਰੁ ਝੁਕਹਿ ਜਿ ਹੁਇ ਫਲਵੰਤੇ ॥ ੩੫ ॥ ਬਧੈ ਬੇਣੁ[2] ਸਿਰ ਉਚੋ ਰਾਖੈ। ਛਿਨਕ ਬਿਖੈ ਜਰ ਬਰ ਹੁਇ ਰਾਖੈ[3]। ਜਿਮ ਗੁਰ ਗਿਰ ਸਿਰ ਪਰਿ ਤ੍ਰਿਣ ਲੋਟੈ[4]। ਬਡੇ ਸੁ ਬਡੇ ਛੋਟ ਸੋ ਛੋਟੇ ॥ ੩੬ ॥ ਅਲਪ ਛਾਗ ਗੈ[5] ਸਿਰ ਚਢਿ ਗਯੋ। ਘਟਯੋ ਨ ਗਜ, ਅਜ ਵਧਤਿ ਨ ਭਯੋ। ਤਿਮ ਸ਼੍ਰੀ ਹਰਿ ਗੋਬਿੰਦ ਕਿਯ ਬੰਦਨ। ਮਹਿਮਾ ਘਟੀ ਨ ਕੁਛ ਗੁਰੁ ਨੰਦਨ[6] ॥੩੭॥ ਸਹਿਜ ਸੁਭਾਇਕ ਸਨੈ ਸਨੈ ਚਲਿ। ਆਨਿ ਬਿਰਾਜੇ ਨਿਜ ਨਿਵੇਸ ਥਲ। ਚਿਤਵਤਿ ਮਿਹਰਵਾਨ ਲਘੁਤਾਈ। –ਮਿਲੇ ਪ੍ਰਥਮਹੀ ਲਖਯੋ ਸੁਭਾਈ ॥ ੩੮ ॥ ਜਨੁ ਪਾਟੀ ਨਿਜ ਪਿਤਾ ਪਢਾਈ[7]। ਦ੍ਵੈਸ਼ ਰਚਨਿ ਕੀ ਚਾਤੁਰਤਾਈ। ਕਹਨਿ ਕਠੋਰ, ਧਰਨਿ ਹੰਕਾਰ। ਕਪਟ ਕਰਨਿ ਮਹਿਂ ਬੁੱਧਿ ਉਦਾਰ– ॥੩੯॥ ਪੀਛੈ ਮਿਹਰਵਾਨ ਵਡ ਫੂਲਾ। ਗਰਬ ਹਿੰਡੋਰੈ[8] ਚਢਿ ਜਨੁ ਝੂਲਾ। ਨਿਜ ਸਿੱਖਨਿ ਸੋਂ ਮਹਿਮਾ ਕਹੈ। ‘ਹਮ ਤੇ ਬੰਦਨੀਯ ਗੁਰ ਅਹੈਂ ॥੪੦॥ ਦੇ ਦੇ ਰਿਸ਼ਵਤਿ ਦਰਬ ਮਸੰਦ। ਇਹ ਬਨਿ ਬੈਠੇ ਗੁਰੂ ਬਿਲੰਦ। ਕਰਹਿਂ ਅੱਗ੍ਰ ਪਗ ਨਮੋ ਹਮਾਰੇ। ਇਹ ਮਹਿਮਾ ਨ ਲਖਹਿਂ ਸਿਖ ਸਾਰੇ ॥੪੧॥ ਕੋ ਕੋ ਲਖਹਿ ਸੁ ਹਮ ਢਿਗ ਆਵੈ। ਪਿਖਾ ਪਿਖੀ ਤਿਸ ਢਿਗ ਚਲਿ ਜਾਵੈ। ਮੇਲਿ ਕਰਨਿ ਚਾਹਤਿ ਇਤ ਆਯੋ। – ਬਾਤ ਨ ਬਿਗਰਹਿ– ਇਨ ਲਖਿ ਪਾਯੋ ॥ ੪੨ ॥ ਸ਼ਾਹੁਜਹਾਂ ਸੋਂ ਮੇਲਿ ਹਮਾਰਾ। ਸੁਨਯੋ ਕਿਸੀ ਤੇ ਉਰ ਡਰ ਧਾਰਾ। ਹਮ ਐਸੇ ਕਯਾ ਹੈਂ ਅਨਜਾਨ। ਬਨਤਿ ਬਾਤ ਸ਼ੁਭਿ, ਕਰਹਿਂ ਜਿ ਆਨ ॥ ੪੩ ॥ ਹਜ਼ਰਤ ਸੁਤ ਮਮ ਕਾਜ ਸੁਧਾਰਹਿ। ਤੁਰਤ ਬਨਹਿ, ਢਿਗ ਪਿਤਾ ਉਚਾਰਹਿ। ਕਿਧੌਂ ਆਪ ਹੀ ਦੇਹਿ ਬਨਾਇ। ਹਰਿ ਗੋਬਿੰਦ ਕੋ ਡਰ ਉਪਜਾਇ ॥੪੪॥ ਕਹੇ ਸ਼ਰੀਕ ਬਰੋਂ ਪੁਰਿ ਕੈਸੇ। ਆਛੀ

---

[1]ਸਾਡੇ ਮਨਾਇਆਂ ਮੇਲ ਨਾ ਕੀਤਾ। [2]ਬਾਂਸ। [3]ਸੜ ਬਲਕੇ ਸੁਆਹ ਹੋ ਜਾਂਦਾ ਹੈ। [4]ਜਿਵੇਂ ਵੱਡੇ ਪਹਾੜ ਦੇ ਸਿਰ ਤੇ ਕੱਖ ਲੇਟਦੇ ਹਨ। [5]ਤੁਛ ਬੱਕਰਾ ਹਾਥੀ ਦੇ। [6]ਅਨੰਦ ਦਾਤੇ ਗੁਰੂ ਜੀ ਦੀ। (ਅ) ਗੁਰੂ (ਅਰਜਨ ਜੀ) ਦੇ ਸਪੁੱਤ੍ਰ ਦੀ। [7]ਪੱਟੀ ਪੜ੍ਹਾਈ। [8]ਹਿੰਡੋਲਾ, ਪੰਘੂੜਾ।

ਬਾਤ ਹੋਤਿ ਨਹਿਂ ਐਸੇ। ਅਪਨੇ ਜੋਰ ਸਾਥ ਸਭਿ ਲੈਹੌਂ। ਸਦਨ ਪਿਤਾਮੇ ਲੈ ਸੁਖ ਪੈਹੌਂ" ॥ ੪੫॥ ਸੁਨਿ ਕਰਿ ਦਾਸ ਕਹੇ ਕਰ ਬੰਦਿ। 'ਤੁਮ ਸਤਿਗੁਰ ਕੇ ਪੁੱਤ੍ਰ ਬਿਲੰਦ। ਸਭਿ ਵਸਤੁਨਿ ਕੇ ਹੋ ਅਧਿਕਾਰੀ। ਇਹ ਤੋ ਖਿਲਕਤ ਜਾਨਹਿ ਸਾਰੀ' ॥੪੬॥ ਇੱਤ੍ਯਾਦਿਕ ਕਹਿ ਕਹਿ ਹਰਖਾਵੈ। ਲਖਹਿ ਕਿ–ਗੁਰੁਤਾ ਹਮ ਢਿਗ ਆਵੈ–। ਦਿਨ ਪ੍ਰਤਿ ਅਧਿਕ ਕੁਟਿਲਤਾ ਧਾਰੀ। ਭਯੋ ਨਹੀਂ ਸਤਿਗੁਰ ਅਨੁਸਾਰੀ ॥ ੪੭ ॥ ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪੰਚਮ ਰਾਸੇ 'ਮਿਹਰਵਾਨ ਕੋ ਪ੍ਰਸੰਗ' ਬਰਨਨੰ ਨਾਮ ਚੌਦਸ਼ਮੋ ਅੰਸੂ ॥ ੧੪ ॥

੧੫. [ਕਾਬਲ ਦੇ ਸਿੱਖ ਤੋਂ ਸ਼ਾਹ ਨੇ ਘੋੜਾ ਖੋਹਿਆ]।

ਦੋਹਰਾ॥ਇਸ ਬਿਧਿ ਬਸਿ ਕਰਿ ਲਵਪੁਰੀ ਕੇਤਿਕ ਮਾਸ ਬਿਤਾਇ। ਸੰਗਤਿ ਆਵਹਿ ਦਰਸ ਕੋ ਪ੍ਰਥਮ ਸੁਧਾਸਰ ਨ੍ਹਾਇ ॥ ੧॥ ਚੌਪਈ ॥ ਸ਼੍ਰੀ ਹਰਿਮੰਦਰ ਕਰਿ ਕਰਿ ਦਰਸ਼ਨ। ਸੁਨਿ ਪੁਨ ਆਇ ਗੁਰੂ ਪਗ ਪਰਸਨ।ਬਲੀ ਤੁਰੰਗ ਸ਼ਸਤ੍ਰ ਬਹੁ ਆਨਹਿਂ। ਸਤਿਗੁਰ ਹੇਰਿ ਖੁਸ਼ੀ ਤਿਨ ਠਾਨਹਿਂ ॥ ੨॥ ਚਾਰੋਂ ਚੱਕਨ ਕੇਰ ਮਸੰਦ। ਆਨਹਿਂ ਗੁਰ ਕੋ ਦਰਬ ਬਿਲੰਦ। ਅਨਗਨਿ ਭੀਰ ਨਈ ਨਿਤ ਆਵੈ। ਵਸਤੁ ਅਮੋਲ ਅਕੋਰ ਚਢਾਵੈਂ ॥ ੩ ॥ ਜਹਿਂ ਕਹਿਂ ਤੇ ਹਯ ਆਛੇ ਟੋਰਿ। ਦੇ ਦੇ ਦਰਬ ਲ੍ਯਾਇਂ ਗੁਰ ਓਰ। ਸ਼ਸਤ੍ਰ ਪ੍ਰਲਾਦੀ ਤੀਛਨ ਮਹਾਂ। ਬਰਛੇ, ਬਾਨ ਆਨਿ[1] ਜਹਿਂ ਕਹਾਂ ॥੪॥ਧਨੁਖ ਤੁਫੰਗ ਮੋਲ ਬਡ ਦੇਤਿ। ਅਰਪਿ ਗੁਰੂ ਢਿਗ ਖੁਸ਼ੀ ਸੁ ਲੇਤਿ। ਦੇਸ਼ ਬਿਦੇਸ਼ਨਿ ਚਾਰਹੁ ਦਿਸ਼ਿ ਮੈਂ। ਛੋਟੇ ਬਡੇ ਨਗਰ ਜਿਸ ਕਿਸ ਮੈਂ ॥੫॥ ਸਤਿਗੁਰ ਕੀ ਸਿੱਖੀ ਜਗ ਮਾਂਹੀ। ਜਹਿਂ ਨਹਿਂ ਹੁਇ, ਅਸ ਥਲ ਕੋ ਨਾਂਹੀ। ਜਹਿਂ ਕਹਿਂ ਸੁਜਸੁ ਚੰਦੋਆ ਤਨ੍ਯੋ।ਨਹਿਂ ਕੋ ਅਸ, ਜਿਨ ਸੁਨ੍ਯੋ ਨ ਭਨ੍ਯੋ ॥੬॥ ਦੋਹਰਾ॥ਸੱਤਾ ਅਰੁ ਬਲਵੰਡ ਜੁਗ ਹੁਤੇ ਰਬਾਬੀ ਪਾਸ। ਕਰਤਿ ਕੀਰਤਨ ਰਾਗ ਧੁਨਿ ਸਭਿ ਉਰ ਦੇਤਿ ਹੁਲਾਸ॥੭॥ ਚੌਪਈ॥ਪਹੁੰਚ੍ਯੋ ਅੰਤ ਸਮਾਂ ਤਬਿ ਤਿਨ ਕੋ। ਲਵਪੁਰਿ ਤ੍ਯਾਗ ਦੀਨਿ ਨਿਜ ਤਨ ਕੋ। ਅਪਰ ਰਬਾਬੀ ਬਾਬਕ ਨਾਮ। ਜੋ ਗਾਵਤਿ ਰਾਗਨਿ ਅਭਿਰਾਮ॥੮॥ਰਾਖ੍ਯੋ ਤਬਿ ਹਜ਼ੂਰ ਨੇ ਪਾਸ। ਲਗਹਿ ਦਿਵਾਨ ਸੁ ਰਾਗ ਪ੍ਰਕਾਸ਼।ਸੁਨਿ ਪ੍ਰਸੰਨ ਹ੍ਵੈ ਦੇਂ ਬਡ ਮੌਜ[2]। ਹਰਖਤਿ ਦਰਬ ਸਰਬ ਦੇ ਫੌਜ ॥ ੯ ॥ ਕੇਤਿਕ ਮਾਸ ਬਿਤੇ ਸੁਧਿ ਆਈ। 'ਕ੍ਰਿਪਾ ਰਿੜ੍ਹ੍ਯੋ' ਸਭਿਨਿ ਮੁਖ ਗਾਈ। ਜਹਾਂਗੀਰ ਪਰਲੋਕ ਸਿਧਾਰਾ। ਸ਼ਾਹੁ ਜਹਾਂ ਸਭਿ

[1]ਲਿਆਂਵਦੇ ਹਨ। [2]ਵਿਭੂਤੀ, ਦੌਲਤ [ਅ:, ਮੌਜ=ਲਹਿਰ। ਬਿਹਾਰੀ ਨੇ 'ਮੌਜ' ਵਿਭੂਤੀ ਅਰਥ ਵਚ ਵਰਤਿਆ ਹੈ। ਯਥਾ:–'ਲੇ ਲਾਖਨ ਕੀ ਮੌਜ']।

ਰਾਜ ਸੰਭਾਰ* ॥ ੧੦ ॥ ਸਭਿ ਦੇਸ਼ਨਿ ਪਰ ਹੁਕਮ ਚਲਾਯੋ । ਜਹਿਂ ਕਹਿਂ ਉਮਰਾਵਨਿ ਗਨ ਆਯੋ । ਦੇਸ਼ ਪਤੀ ਅਰੁ ਦੁਰਗ ਪਤੀ ਸਬਿ । ਆਨਿ ਮਿਲੇ ਉਪਹਾਰਨਿ ਦੇ ਤਬਿ ॥੧੧॥ ਬ੍ਰਿੰਦ ਤੁਰੰਗ ਮਤੰਗ ਸੁ ਆਵੈਂ।ਜਹਿਂ ਤੇ ਚਾਹੈਂ ਤਹਿਂ ਮੰਗਵਾਵੈਂ । ਕੇਤਿਕ ਦਿਨ ਬੀਤੇ ਇਸ ਭਾਂਤਿ । ਸ਼ਾਹੁਜਹਾਂ ਜਹਿਂ ਕਹਿਂ ਬੱਖਸ਼ਾਤਿ ॥ ੧੨ ॥ ਸਗਰੋ ਬੰਦੁਬਸਤਿ ਕਰਿ ਲੀਨਿ । ਹੋਇ ਅਲਪ ਬਿਸਾਲ ਅਧੀਨਿ । ਤਿਮ ਹੀ ਗੁਰ ਕੀ ਸੰਗਤਿ ਆਵੈ । ਸ਼ਸਤ੍ਰ ਤੁਰੰਗ ਦਰਬ ਅਰਪਾਵੈਂ ॥੧੩ ॥ ਕਾਬਲ ਮਹਿਂ ਇਕ ਸਿੱਖ ਸੁਜਾਨਾ। ਧਨ ਗਨ ਤੇ ਬਿਵਹਾਰ ਮਹਾਨਾ । ਗੁਰੂ ਦਸੌਂਧ ਨਿਕਾਰਤਿ ਰਹਯੋ । ਲਾਭ ਬਿਸਾਲ ਬਾਰਿ ਇਕ ਲਹਯੋ ॥ ੧੪ ॥ ਗੁਰ ਕੋ ਦਰਬ ਭਯੋ ਸਮੁਦਾਇ। ਤਿਨ ਹਜ਼ੂਰ[1] ਕੋ ਸੁਨਯੋ ਸੁਭਾਇ।–ਚੰਚਲ ਬਲੀ ਤੁਰੰਗ ਬਿਲੋਕਹਿਂ । ਲੇ ਸਿੱਖ ਤੇ ਕਰਿ ਦੇਤਿ ਅਸ਼ੋਕਹਿਂ॥ ੧੫॥ ਅਧਿਕ ਸ਼ੌਂਕ ਹੋਵਹਿਂ ਅਸੁਵਾਰ। ਕਰਹਿਂ ਅਖੇਰ ਕੇਰ ਬਿਵਹਾਰ–।–ਗੁਰ ਕੋ ਦਰਬ ਬ੍ਰਿੰਦ ਮੈਂ ਜੋਰਾ। ਤਾਂਤੇ ਲੇਉਂ ਟੋਰਿ ਕਰਿ ਘੋਰਾ–॥੧੬॥ ਦੂਰਿ ਦੂਰਿ ਲਗਿ ਖੋਜਨਿ ਕੀਨਸਿ । ਬਡੋ ਮੋਲ ਕੋ ਬਾਜ ਨ ਚੀਨਸਿ[2]। ਬਲਖ਼ ਬੁਖ਼ਾਰੇ ਮਹਿਂ ਨਹਿਂ ਪਾਯੋ । ਆਗੈ ਰੂਮ ਦੇਸ਼ ਲਗਿ ਆਯੋ ॥੧੭॥ ਤਹਿਂ ਕਿਤ ਸੁਨਯੋ ਅਰਾਕੀ ਘੋਰਾ । ਜਿਸ ਕੋ ਮੋਲ ਨਹੀਂ ਕਿਛੁ ਥੋਰਾ । ਬੂਝਿ ਬੂਝਿ ਸਭਿ ਤੇ ਸੁਧਿ ਤਾਂਕੀ। ਜਾਇ ਬਿਲੋਕਯੋ ਤੁਰੰਗ ਅਰਾਕੀ ॥੧੮॥ ਹਾਥ ਫੇਰਿ ਬਹੁ ਸੁੰਦਰ ਹੇਰਾ । ਗੁਰ ਹਿਤ ਚਾਹਯੋ ਸਿੱਖ ਘਨੇਰਾ।ਕਹਯੋ 'ਮੋਲ ਮੁਝ ਦੇਹੁ ਸੁਨਾਈ।ਹਮ ਲੇਵਹਿਂ ਧਨ ਦੇ ਹਰਖਾਈ' ॥੧੯॥ ਸੁਨਤਿ ਸੁਦਾਗਰ ਨੇ ਤਿਸ ਕਹਯੋ।'ਲੈਬੇ ਉਚਿਤ ਨਹੀਂ ਤੂੰ ਲਹਯੋ। ਇਸ ਕੋ ਪਾਤਿਸ਼ਾਹੁ ਕੋ ਲੇਵੈ।ਅਨਗਨ ਧਨ ਮਨ ਗਿਨਹਿ ਨ ਦੇਵੈ[3]'॥੨੦॥ ਸਿਖ ਨੇ ਕਹਯੋ'ਬਾਕ ਫੁਰ ਤੋਰਾ[4] । ਸੱਚਾ ਪਾਤਿਸ਼ਾਹੁ ਲੇ ਘੋਰਾ।ਗਿਨਹਿ ਨ

---

[1]ਭਾਵ ਗੁਰੂ ਜੀ ਦਾ। [2]ਘੋੜਾ ਨਾ ਲੱਭਾ। [3]ਅਨਗਿਣਤ ਧਨ ਦੇਵੇ ਤੇ ਮਨ ਵਿਚ ਸੋਚ ਨਾ ਕਰੇ। [4]ਫੁਰੇ, ਭਾਵ ਸੱਚਾ ਹੋਵੇ ।

*ਜਹਾਂਗੀਰ ਦਾ ਪੁੱਤ੍ਰ ਸ਼ਹਿਰ ਯਾਰ ਕਸ਼ਮੀਰੋਂ ਬੀਮਾਰ ਹੋਕੇ ਲਾਹੌਰ ਘੱਲਿਆ ਗਿਆ। ਥੋੜੇ ਦਿਨ ਬਾਦ ਜਹਾਂਗੀਰ ਦਮੇ ਨਾਲ ਬੀਮਾਰ ਹੋ ਗਿਆ, ਜਿੰਦ ਖ਼ਤਰੇ ਵਿਚ ਹੋਣ ਕਰਕੇ ਹਕੀਮਾਂ ਨੇ ਉਸ ਨੂੰ ਬੀ ਲਾਹੌਰ ਟੋਰਿਆ, ਪਰ ਉਹ ਅੱਧਾ ਕੁ ਰਸਤਾ ਤੇ ਕਰਨ ਤੋਂ ਪਹਿਲੋਂ ਹੀ ਰਸਤੇ ਵਿਚ ਸੰਨ ਈ: ੧੬੨੭ ਅਕਤੂਬਰ ੨੮, ਬਿਕ੍ਰਮੀ ਸੰਮਤ ੧੬੮੪ ਨੂੰ ਮਰ ਗਿਆ। ਸ਼ਾਹਜਹਾਨ ਤਦੋਂ ਦੱਖਣ ਵਿਚ ਸੀ, ਪਿਉ ਦਾ ਮਰਨਾ ਸੁਣਕੇ ਆਗਰੇ ਅੱਪੜ ਕੇ ਤਖ਼ਤ ਨਸ਼ੀਨ ਹੋਇਆ। ਜਹਾਂਗੀਰ ਦੀ ਲੋਥ ਲਾਹੌਰ ਲਿਆਕੇ ਸ਼ਾਹਦਰੇ ਦਫਨਾਈ ਗਈ।

ਧਨ ਮਨ ਕਰਿ ਕੈ ਜੋਇ। ਇਹ ਤੁਰੰਗ ਲੇਵਤਿ ਹੈ ਸੋਇ ॥ ੨੧ ॥ ਕਹੋ ਮੋਲ ਹਮ ਲੇਂ ਸੁਨਿ ਕਾਨਾ'।ਤਬਿ ਸੌਦਾਗਰ ਸਾਚ ਬਖਾਨਾ।'ਮੋਲ ਸਵਾਲਖ ਇਸ ਕੋ ਪਾਵੈ[1]। ਲਾਖ ਦਿਏ ਬਿਨ ਹਾਥ ਨ ਆਵੈ' ॥ ੨੨ ॥ ਸੁਨਿ ਸਿਖ ਆਨੰਦ ਕਰਿ ਉਰ ਮਾਂਹੀ।–ਗੁਰ ਕੋ ਦਰਬ ਇਤੋ ਹੁਇ ਨਾਂਹੀ[2]। ਸਾਚੋ ਪਾਤਿਸ਼ਾਹੁ ਲੇ ਅਸੁ ਕੋ। ਮੈਂ ਕਹਿ ਦਿਯੋ ਬਾਕ ਅਬਿ ਇਸ ਕੋ ॥੨੩॥ ਆਗੈ ਮੈਂ ਜੁ ਕਰੌਂ ਬਿਵਹਾਰ। ਤਿਸ ਮਹਿਂ ਲੇਵੋਂ ਸ਼ੇਖ ਬਿਧਾਰ[3]–। ਇਹ ਮਨ ਠਾਨਿ ਲਾਖ ਹੀ ਦੀਨਾ। ਘੋਰਾ ਖੋਲਿ ਤਹਾਂ ਤੇ ਲੀਨਾ ॥ ੨੪ ॥ ਨਟ ਬਾਜ਼ੀ ਜਿਮ ਬਾਜ਼ੀ ਚਾਲਾ। ਫਾਂਦਤਿ ਚੰਚਲ ਬਲੀ ਬਿਸਾਲਾ। ਜਯੋਂ ਕਯੋਂ ਕਰਿ ਕਾਬਲ ਮਹਿਂ ਲਯਾਯੋ। ਪਟ ਪੁਰਾਨ ਸੋਂ ਰਾਖਹਿ ਛਾਯੋ[4] ॥੨੫ ॥ ਗੁਰ ਦਰ-ਸ਼ਨ ਕੋ ਅਧਿਕ ਉਮੰਗਤਿ। ਕਾਬਲ ਆਦਿ ਮਿਲੀ ਬਹੁ ਸੰਗਤਿ। ਮੱਦ੍ਰ ਦੇਸ਼[5] ਕੋ ਆਵਨਿ ਲਾਗੀ। ਲੇ ਧਨ ਆਦਿ ਵਸਤੁ ਅਨੁਰਾਗੀ ॥ ੨੬ ॥ ਲੇ ਤੁਰੰਗ ਸਭਿ ਸੰਗ ਮਿਲਯੋ ਹੈ। ਅਧਿਕ ਛੁਪਾਵਤਿ ਪੰਥ ਚਲਯੋ ਹੈ।–ਨਹਿਂ ਉਮਰਾਵ ਦੇਖਿ ਕਰਿ ਲੇਯ। ਸ਼ਾਹੁ ਨਿਕਟ ਸੁਧਿ ਕੋ ਨਹਿਂ ਦੇਯ ॥ ੨੭ ॥ ਗੁਰ ਢਿਗ ਪਹੁੰਚਹਿ ਬਿਘਨ ਬਿਹੀਨ–। ਇਸ ਹਿਤ ਜਤਨ ਅਨੇਕ ਸੁ ਕੀਨਿ। ਅਟਕ ਸਿੰਧ ਨਦ ਤਰੀ ਚਢਾਵਾ[6]। ਤਟ ਉਰਾਰਲੇ[7] ਜਬਿ ਉਲੰ-ਘਾਵਾ ॥੨੮॥ ਇਕ ਉਮਰਾਵ ਪਿਸ਼ੌਰ ਸਿਧਾਰਾ। ਸੁੰਦਰ ਬਾਜ਼ੀ ਚਪਲ ਨਿਹਾਰਾ।ਤਹਾਂ ਤੇਜ਼ ਐਸੇ ਕੁਛ ਭਯੋ।ਰੋਕਯੋ ਜਾਇ ਨ ਬਹੁ ਬਲ ਕਯੋ॥੨੯॥ ਸਨੇ ਸਨੇ ਸਾਦਰ ਕਰ ਫੇਰਿ। ਕਰਯੋ ਟਿਕਾਵਨਿ ਘੋਰਾ ਫੇਰ।ਪਿਖਿ ਉਮ-ਰਾਵ ਰਿਦਾ ਬਿਰਮਾਯੋ[8]। ਮਨਹੁਂ ਕਮਲ ਪਰਿ ਭਵਰ ਲੁਭਾਯੋ॥ ੩੦ ॥ ਬੂਝਨਿ ਕੀਨਿ 'ਅਹੈ ਕਿਸ ਘੋਰਾ?। ਕਹਿਂ ਤੇ ਆਇ,ਜਾਇ ਕਿਸ ਓਰਾ?' [9]"ਸ਼੍ਰੀ ਗੁਰੁ ਹਰਿ ਗੋਬਿੰਦ ਬਿਸਾਲਾ। ਕਰਯੋ ਖਰੀਦਨਿ,ਤਿਨ ਢਿਗ ਚਾਲਾ' ॥ ੩੧ ॥ ਮੂਰਖ ਮਨ ਉਮਰਾਵ ਬਿਚਾਰਾ।–ਸ਼ਾਹੁ ਉਚਿਤ ਹਯ ਰੁਚਿਰ ਨਿਹਾਰਾ।ਚਢੇ ਹਰਖ ਕਰਿ ਮੋਹਿ ਸਰਾਹੈ।ਕਿਮ ਅਸੁਲੇਇ ਪੁਚਾਵੋਂ ਪਾਹੈ[10]" ॥੩੨॥ ਸੋ[11] ਭੀ ਰਹੈ ਸ਼ਾਹੁ ਕੇ ਪਾਸਿ।ਹੋਇ ਨ ਅਸ ਰਿਸ ਕਰਹਿ ਪ੍ਰਕਾਸ਼ਿ।ਯਾਂ

[1]ਪੈਂਦਾ ਹੈ। [2]ਨਹੀਂ ਹੋਵੇਗਾ। [3]ਬਾਕੀ ਵਿਆਜ ਭਾਵ ਪੂਰੀ ਕਰ ਲਵਾਂਗਾ। [4]ਪੁਰਾਣੇ ਕੱਪੜੇ ਨਾਲ ਢੱਕ ਰੱਖਿਆ। [5]ਪੰਜਾਬ। [6]ਅਟਕ (ਦੇ ਟਿਕਾਣੇ) ਸਿੰਧ ਨਦੀ ਤੋਂ (ਪਾਰ ਹੋਣ ਲਈ) ਬੇੜੀ ਤੇ ਚਾੜ੍ਹਿਆ। [7]ਉਰਵਾਰਲੇ ਕੰਢੇ। [8]ਲਲਚਾਯਾ। [9]ਉਸ ਸਿੱਖ ਨੇ ਉੱਤਰ ਦਿਤਾ। [10](ਪਾਤਸ਼ਾਹ) ਪਾਸ। [11] ਭਾਵ ਸ੍ਰੀ ਗੁਰੂ ਹਰਿ ਗੋਬਿੰਦ ਜੀ।

ਤੇ ਲਿਖ ਭੇਜੋਂ ਸੁਧਿ ਤਾਂਹੀ। ਲੇਹਿ ਤੁਰੰਗ ਹੁਇ ਚਿਤ ਮਹਿਂ ਚਾਹੀ॥੩੩॥ ਅਦਬ ਕਰਹਿ ਤੌ ਨਾਂਹਿ ਨ ਲੇਵੈ। ਮਮ ਸਿਰ ਦੋਸ਼ ਨ ਕਿਮ ਕੋ ਦੇਵੈ-।ਇਮ ਬਿਚਾਰਿ ਖਤ ਕੋ ਲਿਖਿ ਭੇਜਾ। ਨਰ ਕੋ ਕਹਯੋ 'ਤੁਰਤ ਹੀ ਲੇ ਜਾ'॥੩੪॥ -ਹਰਖਹਿ ਸ਼ਾਹੁ ਦਰਬ ਕੋ ਦੈਹੈ। ਚਢਿ ਤੁਰੰਗ ਪਰ ਅਧਿਕ ਰਿਝੈ ਹੈ-। ਮਜਲ ਬਿਸਾਲ ਪੰਥ ਸੋ ਚਾਲਾ। ਪਹੁੰਚਯੋ ਸ਼ਾਹੁ ਪਾਸ ਤਿਸ ਕਾਲਾ॥੩੫॥ ਮਿਲਿ ਕਿਹ ਸੋਂ ਢਿਗ ਲਿਖਯੋ ਪਠਾਯੋ। ਪਠਿ ਕਰਿ ਬਹੁਤ ਪਿਖਨਿ ਉਮਗਾਯੋ[1]। ਨਰ ਕੋ ਬੂਝਯੋ ਨਿਕਟਿ ਹਕਾਰੇ। 'ਕਹਿਂ ਆਵਤਿ ਅਸ ਤੁਰੰਗ ਉਦਾਰੇ?' ॥੩੬॥ [2]"ਦੁਇ ਤ੍ਰੈ ਮਜਲ ਪਿਛਾਰੀ ਮੇਰੇ। ਆਵਤਿ ਚਲਯੋ ਗੁਰੂ ਕੇ ਡੇਰੇ। ਬਹੁ ਸੰਗਤਿ ਜਿਸ ਕੇ ਸੰਗ ਆਵਤਿ। ਮੈਂ ਸੁਧਿ ਹਿਤ ਪਹੁੰਚਯੋ ਉਤਲਾਵਤਿ' ॥ ੩੭ ॥ ਸੁਨਤਿ ਸ਼ਾਹੁ ਕੁਛ ਸੈਨ ਪਠਾਈ। ਪਠਿ ਉਮਰਾਵ ਸੁ ਲਯੋ ਮੰਗਾਈ। ਪਰਮ ਦੁਖੀ ਸਿਖ ਬਸਿ ਨਹਿਂ ਚਾਲਾ। ਦਿਯੋ ਤੁਰੰਗ ਸਸ਼ੋਕ ਬਿਸਾਲਾ॥੩੮॥ ਸਭਿ ਸੰਗਤਿ ਕੋ ਤਯਾਗਿ ਪਿਛਾਰੀ।ਸੁਧਿ ਦੈਬੇ ਹਿਤ ਧਾਇ ਅਗਾਰੀ। ਲਵਪੁਰਿ ਮਹਿਂ ਸਤਿਗੁਰ ਕੇ ਡੇਰੇ। ਪਹੁੰਚਯੋ ਦਿਲ ਦਿਲਗੀਰ ਘਨੇਰੇ ॥ ੩੯ ॥ ਹਾਥ ਜੋਰਿ ਕਰਿ ਬੰਦਨ ਠਾਨੀ। ਸਮੁਖ ਖਰੋ ਦ੍ਰਿਗ ਨਿਕਸਯੋ ਪਾਨੀ। ਕਹਯੋ ਨ ਜਾਇ ਬਾਕ ਮੁਖ ਬਾਹਰ। ਕਰਦਮ ਸ਼ੋਕ ਧਸਯੋ ਹੁਇ ਜ਼ਾਹਰ[3] ॥ ੪੦ ॥ ਪਰਖਯੋ ਸ੍ਰੀ ਹਰਿ ਗੋਬਿੰਦ ਭਾਖਾ'ਕਹੁ ਸਿੱਖਾ! ਉਰ ਕੀ ਅਭਿਲਾਖਾ। ਦੀਨ ਬਦਨ ਚਿੰਤਾਤੁਰ ਹੇਰਾ। ਕੋ ਕਾਰਜ ਬਿਗਰਯੋ ਬਡਿ ਤੇਰਾ ?' ॥ ੪੧ ॥ ਸੁਨਿ ਸਿਖ ਨੇ ਧਰਿ ਕਰਿ ਉਰ ਧੀਰ। ਨੀਠ ਨੀਠ ਬੋਲਯੋ ਗੁਰ ਤੀਰ। 'ਗੁਰ ਜੀ! ਬਿਗਰਯੋ ਕਾਜ ਬਿਸਾਲਾ। ਜਿਸ ਹਿਤ ਜਤਨ ਕੀਨਿ ਚਿਰਕਾਲਾ॥ ੪੨ ॥ ਬਲਖ਼ ਬੁਖ਼ਾਰਾ ਆਦਿਕ ਖੋਜਾ। ਕਰਤਿ ਤਲਾਸ਼ ਬਿਤੇ ਬਹੁ ਰੋਜ਼ਾ। ਕਰਿ ਕੈ ਪ੍ਰੇਮ ਤੁਮ ਲਗਿ ਗਯੋ। ਜਿਸ ਹਿਤ ਦਰਬ ਲਾਖ ਗਿਨ ਦਯੋ॥ ੪੩ ॥ ਚੰਚਲ ਬਲੀ ਬਿਲੰਦ ਤੁਰੰਗ। ਆਨਯੋ ਬਡ ਉਪਾਇ ਕੇ ਸੰਗ। ਜੀਰਨ ਬਸਤ੍ਰਨ ਰਹਯੋ ਦਬਾਵਤਿ[4] ॥ ਸੰਗਤਿ ਸੰਗਿ ਲਿਏ ਮੈਂ ਆਵਤਿ ॥ ੪੪ ॥ ਪਾਤਸ਼ਾਹੁ ਕੋ ਸੁਧਿ ਕਿਨ ਦੀਨਸਿ। ਪਠਿ ਕੁਛ ਸੈਨ ਛੀਨ ਸੋ ਲੀਨਸਿ। ਬਸ ਨਹਿਂ ਚਲਯੋ ਖਰੋ ਤਹਿਂ ਰਹਯੋ। ਤਿਸ ਤੇ ਚਿੰਤ ਸ਼ੋਕ ਬਹੁ ਲਹਯੋ॥ ੪੫ ॥ ਨਹੀਂ ਭਾਵਨਾ

[1](ਪਾਤਸ਼ਾਹ) ਉਮਗਿਆ। [2]ਉਹ ਨਰ ਬੋਲਿਆ। [3]ਸ਼ੋਕ ਰੂਪੀ ਚਿੱਕੜ ਵਿੱਚ ਫਸਿਆ ਹੋਯਾ ਪ੍ਰਤੀਤ ਦੇਂਦਾ ਸੀ। [4]ਢਕਦਾ ਰਹਿਆ।

ਪੂਰਨਿ ਭਈ।ਮਨ ਕੀ ਮਨ ਹੀ ਮਹਿਂ ਰਹਿ ਗਈ।ਤਿਸ ਪਰ ਗੁਰੁ ਚਢਾਇ ਨਹਿਂ ਹੇਰੇ। ਮਹਾਂ ਕਸ਼ਟ ਚਿਤ ਉਪਜਤਿ ਮੇਰੇ ॥ ੪੬ ॥ ਕਾਬਲ ਪੁਰਿ ਕੋ ਮੈਂ ਨਿਤ ਬਾਸੀ। ਕਰੌਂ ਬਿਹਾਰਿ ਅਧਿਕ ਧਨ ਪਾਸੀ। ਦਰਬ ਦਸੌਂਧ ਕੇਰ ਬਹੁ ਹੋਵਾ। ਮੈਂ ਬਿਚਾਰਿ ਤਬਿ ਚਿਤ ਮੈਂ ਜੋਵਾ ॥੪੭॥ ਜਿਸਤੇ ਗੁਰੁ ਪ੍ਰਸੰਨ ਚਿਤ ਹੋਇ। ਐਸੀ ਵਸਤੁ ਖਰੀਦੌਂ ਕੋਇ। ਬਹੁ ਸਿੱਖਨਿ ਤੇ ਸੁਨਯੋ ਸੁਭਾਇ।–ਚੰਚਲ ਬਾਜ਼ੀ ਤੇ ਹਰਖਾਇਂ–॥ ੪੮ ॥ ਯਾਂਤੇ ਖੋਜਿ ਦੇਸ਼ ਮਹਿਂ ਆਨਾ। ਤਿਨ ਛੀਨਤਿ ਕੋ ਬੈਨ ਬਖਾਨਾ।–ਸ਼੍ਰੀ ਗੁਰ ਹਰਿ ਗੁਬਿੰਦ ਦੇ ਮੋਲ*।ਮੰਗ-ਵਾਯੋ ਬਹੁ ਦੇਸ਼ਨਿ ਟੋਲਿ–॥ ੪੯ ॥ ਕਿਨਹੁਂ ਨ ਮਾਨੀ, ਕਹੈ ਸੁ ਕੌਨ। ਲਿਯੋ ਸ਼ਾਹੁ ਅਸੁ[1] ਠਾਨੀ ਮੌਨਿ। ਹੁਇ ਬਿਨ ਬਸ ਮੈਂ ਸੰਕਟ ਲਹਯੋ।ਧਾਇ ਪ੍ਰਸੰਗ ਆਪ ਸੋਂ ਕਹਯੋ' ॥੫੦॥ ਸਿਖ ਕੋ ਪਿਖਿ ਕਰਿ ਪ੍ਰੇਮ ਘਨੇਰਾ।ਧੀਰਜ ਬਾਕ ਭਨੇ ਤਿਸ ਬੇਰਾ।'ਜੇ ਤੁਰੰਗ ਸਤਿਗੁਰ ਕੋ ਅਹੈ। ਅਪਰ ਮੂਢ ਢਿਗ ਕਯੋਂਹੁਂ ਨ ਰਹੈ ॥ ੫੧ ॥ ਤੋਰ ਕਾਮਨਾ ਪੂਰਨ ਹੋਈ। ਧਰਹੁ ਬਿਖਾਦ ਨ ਮਨ ਮਹਿ ਕੋਈ। ਕਿਤਿਕ ਬਿਤੇ ਦਿਨ ਹਮ ਢਿਗ ਆਵੈ। ਕਯੋਂਹੁਂ ਨ ਦੁਸ਼ਟ ਅਰੂਢਨਿ ਪਾਵੈ ॥ ੫੨ ॥ ਤੋ ਹਰਖਾਵਨਿ ਹਿਤ ਹਮ ਲੈਹੈਂ। ਤੁਰੰਗ ਅਰੂਢ ਵੰਦਾਇ ਪਲੈ ਹੈਂ। ਕਰਹਿਂ ਕਾਮਨਾ ਪੂਰਨ ਤੇਰੀ। ਧਰਿ ਨਿਸ਼ਚੈ ਲਿਹੁ ਲੋਚਨ ਹੇਰੀ' ॥੫੩॥ ਸੁਨਿ ਸਿਖ ਪਾਇ ਅਨੰਦ ਬਿਲੰਦ। ਬੰਦਤਿ ਬਾਰਿ ਬਾਰਿ ਕਰ ਬੰਦਿ।ਗੁਰੂ ਸਮੀਪ ਰਹਯੋ ਚਿਰ ਕਾਲਾ। ਹੇਤੁ ਬਿਲੋਕਨ ਤੁਰੰਗ ਬਿਸਾਲਾ ॥ ੫੪ ॥ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪੰਚਮ ਰਾਸੇ 'ਤੁਰੰਗ ਪ੍ਰਸੰਗ' ਬਰਨਨੰ ਨਾਮ ਪੰਚਦਸ਼ਮੋਂ ਅੰਸੂ ॥ ੧੫ ॥

੧੬. [ਬੀਮਾਰ ਘੋੜਾ ਕਾਜ਼ੀ ਤੋਂ ਲਿਆ]।

ਦੋਹਰਾ ॥ ਰਿਦੇ ਬਿਚਾਰਯੋ ਸਤਿਗੁਰੂ–ਸ਼ਾਹਜਹਾਂ ਮਤਿ ਮੰਦ।ਕਰੀ ਅਵੱਗਯਾ ਅਦਬ ਬਿਨ ਲੀਨਿ ਤੁਰੰਗ ਬਿਲੰਦ ॥ ੧ ॥ ਚੌਪਈ ॥ ਆਜ ਲੀਨਿ ਅਸੁ ਕੀਨਿ ਕੁਚਾਲੀ। ਅਪਰ ਵਸਤੁ ਛੀਨਹਿ ਪਿਖਿ ਕਾਲੀ। ਸਿੱਖਨਿ ਉਰ ਸ਼ਰਧਾ ਮਿਟਿ ਜਾਵੈ। ਵਸਤੁ ਅਮੋਲਕ ਬਹੁਰ ਨ ਲਯਾਵੈਂ ॥ ੨ ॥ ਜਾਨੈਂ 'ਬਲੀ ਤੁਰਕ ਲੇ ਛੀਨਿ[2]'। ਧਰਹਿਂ ਤ੍ਰਾਸ ਬਿਨੁ ਆਸ ਪ੍ਰਬੀਨਿ।ਹਮ ਸਿੱਖੀ ਕੋ ਕਰਹਿਂ ਬਿਥਾਰਨਿ। ਮਿਟਹਿ[3], ਜਬਹਿ ਪਿਖਿ ਲੈਂ ਅਸ ਕਾਰਨਿ ॥

---

[1]ਘੋੜਾ। [2]ਜਾਨਣਗੇ ਕਿ ਬਲੀ ਤੁਰਕ ਖੋਹ ਲੈਣਗੇ। [3]ਮਿਟ ਜਾਏਗੀ (ਸਿੱਖੀ)।

*ਦਸਵੰਧ ਦੇ ਧਨ ਨੂੰ ਸਿੱਖ ਗੁਰੂ ਦਾ ਸਮਝਦੇ ਹਨ, ਇਸ ਕਰਕੇ ਗੁਰੂ ਦੇ ਧਨ ਤੋਂ ਖਰੀਦਿਆ ਕਹਿ ਰਿਹਾ ਹੈ।

੩॥ ਇਸ[1] ਕੇ ਸੰਗ ਨ ਬਨਹਿ ਹਮਾਰੀ। ਬਿਗਰ ਪਰਹਿ ਐਚਕ ਕਿਸ ਬਾਰੀ॥ਅਪਨੋ ਘੋਰਾ ਲੈ ਹੈਂ ਜਬੈ॥ਇਸ ਕੋ ਸੰਗ ਤਜਾਗ ਦੇਂ ਤਬੈ—॥੪॥ ਇਮ ਸਤਿਗੁਰੂ ਉਰ ਮਹਿ ਠਹਿਰਾਈ। ਸ਼ਾਹ ਜਹਾਂ ਅਸੁ ਲਿਯੋ ਮੰਗਾਈ। ਹੇਰਨਿ ਹੇਤ ਪ੍ਰਤੀਖਤਿ ਰਹ੍ਯੋ। ਆਯਹੁ ਨਿਕਟ ਹਰਖ ਬਹੁ ਲਹ੍ਯੋ ॥ ੫॥ ਬਸਤ੍ਰ ਉਤਾਰਿ ਆਪ ਕਰ ਫੇਰਾ। ਸਕਲ ਬਨਾਉ ਸ਼ੁਭਤਿ ਅਤਿ ਹੇਰਾ। ਚਢਨਿ ਹੇਤੁ ਜਬਿ ਉੱਦਮ ਕਰ੍ਯੋ। ਗੁਰ ਫੇਰ੍ਯੋ ਮਨ, ਤਤਛਿਨ ਮੁਰ੍ਯੋ[2] ॥ ੬ ॥ ਕਹ੍ਯੋ 'ਥਕਤਿ ਹਯ ਆਯਹੁ ਦੂਰਿ। ਦਿਹੁ ਬਿਸਰਾਮ ਜ਼ੀਨ ਬਨਿ ਰੂਰ[3]। ਦੋ ਇਕ ਤੀਨ ਦਿਵਸ ਮਹੁਂ ਚਰੈਂ। ਤਾਵਤਿ ਸ੍ਰਮ ਸਗਰੋ ਪਰਹਰੈ'॥ ੭ ॥ ਸੁਨਿ ਉਮਰਾਵ ਸਰਾਹਨਿ ਠਾਨੇ। 'ਰਾਵਰਿ ਹੋ ਨਿਤ ਭਾਗ ਮਹਾਨੇ। ਉਚਿਤ ਆਪ ਕੇ ਸਭਿ ਚਲਿ ਆਵੈ। ਕੋ ਕਿਮ ਕਰਹਿ ਕਿ ਕਹੂੰ ਦੁਰਾਵੈ॥ ੮ ॥ ਦੇਖਤਿ ਕਹਾਂ ਤੁਰੰਗ ਸੁਹਾਏ[4]। ਕਹਾਂ ਬਸਤ੍ਰ ਜੀਰਨ ਤਨ ਪਾਏ'। ਸ਼ਾਹੁ ਜਹਾਂ ਬਹੁ ਕਰੀ ਬਧਾਈ। ਬਖ਼ਸ਼ਯੋ ਦਰਬ ਨਰਨਿ ਸਮੁਦਾਈ॥ ੯ ॥ ਦਾਸਨਿ ਕੋ ਬਹੁ ਕਰੀ ਤਗੀਦ। 'ਸੇਵਹੁ ਸ਼ੁਭ,ਨਿਤ ਦੇਹੁ ਰਸੀਦ[5]। ਘ੍ਰਿੱਤ ਆਦਿ ਅਰੁ ਨੀਕ ਮਸਾਲਾ। ਮ੍ਰਿਦੁਲ ਮਹਾਂ ਤ੍ਰਿਣ ਖਾਇ ਸੁਖਾਲਾ'। ੧੦ ॥ ਅਪਨੀ ਦ੍ਰਿਸ਼ਟਿ ਤਰੇ ਬੰਧਵਾਯੋ। ਦੇਖਤਿ ਰਹਤਿ ਮੋਦ ਮਨ ਪਾਯੋ। ਦੁਇ ਦਿਨ ਆਛੇ ਰਹ੍ਯੋ ਤੁਰੰਗ। ਪੁਨ ਰੋਗੀ ਹੋਯੋ ਸਰਬੰਗ ॥ ੧੧ ॥ ਖਾਇ ਨ ਦਾਨਾ, ਪੀਯ ਨ ਪਾਨੀ। ਦੁਖਤਿ ਆਗਲੀ ਲਾਤ ਉਠਾਨੀ। ਦਾਸਨਿ ਦੇਖਿ ਸ਼ਾਹੁ ਸੋਂ ਕਹ੍ਯੋ। 'ਆਪ ਆਇ ਕਰਿ ਘੋਰਾ ਲਹ੍ਯੋ'॥ ੧੨ ॥ ਗਨ ਸਲੋਤਰੀ[6] ਤੁਰਤ ਹਕਾਰੇ। ਤਿਨਹੁੰ ਉਪਾਇ ਕਰੇ ਕਰਿ ਹਾਰੇ। ਦੇਖਿ ਦਸ਼ਾ ਅਸੁ ਕੀ ਸਭਿ ਕਹ੍ਯੋ। 'ਹਜ਼ਰਤਿ ਸੁਨਹੁ ਨ ਹਮ ਰੁਜ ਲਹ੍ਯੋ[7]' ॥ ੧੩ ॥ ਰਾਖਨ ਉਚਤਿ ਨਹੀਂ ਇਸ ਠਉਰਾ। ਇਸ ਕੀ ਗੰਧ ਪਾਇ ਅਸੁ ਅਉਰਾ। ਕਿਸ ਉਮਰਾਵ ਦੇਹੁ ਜੋ ਲੇਹਿ। ਉਪਚਾਰਹਿ[8] ਚਿਰ ਲੌ ਧਨ ਦੇਹਿ' ॥ ੧੪ ॥ ਸੁਨਤਿ ਸ਼ਾਹੁ ਯੁਤ ਚਿੰਤ ਬਿਰਾਜੀ[9]। ਰੁਸਤਮਖਾਨ ਹੁਤੋ ਢਿਗ ਕਾਜ਼ੀ। ਜਿਸ ਤੇ ਸੁਨਹਿ ਕਿਤਾਬ ਹਮੇਸ਼। ਢਿਗ ਰਾਖਹਿ ਦੈ ਦਰਬ ਵਿਸ਼ੇਸ਼॥ ੧੫॥ ਕਹ੍ਯੋ ਸ਼ਾਹੁ'ਇਹ ਲੇਹੁ ਤੁਰੰਗ। ਕਰਿ ਉਪਚਾਰ

[1]ਸ਼ਾਹ ਜਹਾਨ। [2](ਸ਼ਾਹ ਦਾ ਮਨ) ਫਿਰ ਗਿਆ। [3]ਸੁਹਣੀ ਕਾਠੀ ਬਣੇ। [4]ਦੇਖੋ ਕਿ ਕਿਤਨਾ ਸੁਹਣਾ ਹੈ ਘੋੜਾ। [5]ਪਹੁੰਚ, ਭਾਵ ਖ਼ਬਰ ਦਿਓ। [6]ਪਸ਼ੂਆਂ ਦਾ ਦਵਾ ਦਾਰੂ ਕਰਨ ਵਾਲੇ। [7]ਪਛਾਣਿਆਂ। [8]ਇਲਾਜ ਕਰੇ। [9]ਸੁਣਕੇ ਸ਼ਾਹ ਚਿੰਤਾ ਮਹਤ ਹੋਯਾ (ਘੋੜਾ) ਬੀਮਾਰ ਦੇਖਕੇ [ਫਾ:, ਬੇ ਰਾਜ਼ੀ–ਬੀਮਾਰ]।

ਮਿਟਹਿ ਰੁਜ ਅੰਗ। ਨਾਂਹਿ ਤ ਕਰਹਿ ਖਰੀਦਨਿ ਕੋਇ। ਧਨ ਗਨ ਕੋ ਲੇ, ਦੀਜਹਿ ਸੋਇ ॥ ੧੬ ॥ ਨਹਿਂ ਅਰੂਢਬੇ ਲਾਯਕ ਰਹਯੋ। ਨਜ਼ਰ ਲਾਇ ਕਿਨ ਤਤਛਿਨ ਦਹਯੋ। ਸਭਿ ਸਲੋਤਰੀ ਕਰੇ ਉਪਾਇ। ਮਿਟਯੋ ਨ ਖੇਦ ਨ ਲਾਤ ਟਿਕਾਇ' ॥੧੭॥ ਸੁਨਿ ਕਾਜ਼ੀ ਉਰ ਭਰਯੋ ਪ੍ਰਮੋਦ। ਨਿਮਯੋ ਬਾਰਿ ਬਹੁ ਹਜ਼ਰਤ ਕੋਦ[1]। ਲੇ ਤੁਰੰਗ ਆਨਤਿ ਭਾ ਸੰਗ। ਸਨੇ ਸਨੇ ਚਲਿ ਪੀੜਤਿ ਅੰਗ ॥ ੧੮ ॥ ਜਾਹਿ ਦੁਰਗ ਤੇ[2] ਜਿਸ ਮਗ ਘਰ ਕੋ। ਬੀਚ ਹੁਤੋ ਡੇਰਾ ਸਤਿਗੁਰ ਕੋ। ਆਵਤਿ ਜਾਤਿ ਨਜ਼ਰ ਤਹਿਂ ਪਰੈ। ਹੁਇ ਊਚੇ ਸ਼੍ਰੀ ਗੁਰ ਨਿਤ ਥਿਰੈਂ ॥ ੧੯ ॥ ਹਯ ਕੋ ਸਹਤ ਤਹਾਂ ਚਲਿ ਆਯੋ। ਜਹਿਂ ਸਿਖ ਗਨ ਦੀਵਾਨ ਲਗਾਯੋ। ਊਚ ਬਿਰਾਜਹਿਂ ਅੰਤਰਜਾਮੀ। ਜੋ ਕਰਤਾ ਸਭਿ ਜਗ ਕੋ ਸ੍ਵਾਮੀ ॥੨੦॥ ਕਰੀ ਤੁਰੰਗ ਹਿਰੇਖ ਵਿਸ਼ੇਖਾ।ਮਨਹੁਂ ਪੁਕਾਰਤਿ ਸ਼੍ਰੀ ਗੁਰ ਦੇਖਾ।–ਤੁਰਕ ਤੋਮ ਤਪ ਤਾਲ ਬਿਲੰਦ[3]। ਮੈਂ ਆਰਤ ਗਜ ਦੀਨ ਮਨਿੰਦ[4] ॥ ੨੧ ॥ ਕਾਜੀ ਗ੍ਰਾਹ ਗ੍ਰਸਯੋ ਲੇ ਜਾਤਿ[5]*। ਬਿਰਦ ਦੀਨ ਬੰਧੁ ਬਖਯਾਤਿ। ਕਰਹੁ ਛੁਰਾਵਨ ਰਾਖਹੁ ਪਾਸ। ਕ੍ਰਿਪਾ ਨਿਧਾਨ! ਸੁਨਹੁ ਅਰਦਾਸਿ–॥ ੨੨ ॥ ਅਸੁ ਮਨ ਕੀ ਲਖਿ ਕੈ ਤਤਕਾਲਾ। ਕਰੇ ਬਿਲੋਚਨ ਊਚ ਬਿਸਾਲਾ। ਦਿਸ਼ਿ ਮਾਰਗ ਕੀ ਦ੍ਰਿਸ਼ਟਿ ਚਲਾਈ। ਬੋਲੇ 'ਕੌਨ ਤੁਰੰਗ ਲੇ ਜਾਈ ? ॥ ੨੩ ॥ ਸਨੇ ਸਨੇ ਗਮਨਤਿ ਦੁਖਿਆਰਾ'। ਕਿਤਿਕ ਸਿੱਖ ਉਠਿ ਤਬੈ ਨਿਹਾਰਾ।'ਕਾਜ਼ੀ ਅਹੈ,ਗ਼ਰੀਬਨਿਵਾਜ!। ਜਾਤਿ ਲਿਏ ਕੋ ਰੋਗੀ ਬਾਜ' ॥੨੪ ॥ ਇਮ ਸੁਨਿ ਘੋਰਾ ਲਯਾਯੋ ਜੋਇ[6]। ਉਠਤਿ ਬਿਲੋਕਯੋ ਪਰਖਯੋ ਸੋਇ। ਉਰ ਹਰਖਤਿ ਮੁਖ ਤੁਰਤ ਉਚਾਰਾ। 'ਸ਼੍ਰੀ ਗੁਰੁ ਜੀ! ਇਹ ਤੁਰੰਗ ਤੁਮਾਰਾ ॥੨੫॥ ਬਿਛੁਰਿ ਮੋਹਿ ਤੇ ਦੁਰਬਲ ਭਯੋ। ਨਹੀਂ ਜਤਨ ਕਰਿ ਰਾਵਰ ਲਿਯੋ। ਦੁਸ਼ਟਨਿ ਕੇ ਬਸਿ ਭਾ ਅਸ ਹਾਲ। ਲੀਜਹਿ ਸਤਿਗੁਰੁ ਆਪ ਸੰਭਾਲ' ॥ ੨੬ ॥ ਅਧਿਕ ਪ੍ਰੇਮ ਸਿਖ ਕੇ ਉਰ ਹੇਰਾ। ਕਾਜ਼ੀ ਦਿਸ਼ਿ ਬਿਲੋਕਿ ਤਿਸ ਬੇਰਾ। ਪਠਿ ਕੈ ਸਿੱਖ ਸਮੀਪ ਹਕਾਰਾ। ਸਾਦਰ ਸਭਾ ਬੀਚ ਬੈਠਾਰਾ॥੨੭॥ ਹਯ ਬ੍ਰਿਤੰਤ ਕੋ ਬੂਝਯੋ ਜਬੈ।

[1]ਪਾਤਸ਼ਾਹ ਵੱਲ ਝੁਕਿਆ, ਭਾਵ ਧੰਨਵਾਦ ਕੀਤਾ। [ਹਿੰਦੀ, ਕੋਦ=ਤਰਫ]। [2]ਜਾਂਦਾ ਸੀ ਕਿਲ੍ਹੇ ਤੋਂ। [3]ਤੁਰਕਾਂ ਦਾ ਸਮੂਹ ਤਪ (ਇਕ) ਭਾਰੀ ਸਰੋਵਰ ਹੈ, ਉਸ ਵਿਚ...... [ਸਿਂਸ: ਤ੍ਰੋਮ=ਸਮੂਹ]। [4]ਮੈਂ ਗਜ ਦੀ ਤਰ੍ਹਾਂ ਆਰਤ ਹਾਂ। [5]ਕਾਜ਼ੀ ਤੰਦੂਏ ਵਾਂਙੂ ਗ੍ਰਸੀ ਲਈ ਜਾਂਦਾ ਹੈ। [6]ਜੋ ਸਿੱਖ। *ਤੰਦੂਏ ਤੋਂ ਗਜ ਨੂੰ ਛੁਡਾਉਣ ਦੀ ਕਥਾ ਦਾ ਰੂਪਕ ਬੱਧਾ ਹੈ।

ਕਾਜ਼ੀ ਕਹਤਿ ਭਯੋ ਤਬਿ ਸਬੈ। 'ਕਾਬਲ ਦਿਸ਼ਿ ਤੇ ਸ਼ਾਹੁ ਮੰਗਾਵਾ। ਚਢ੍ਯੋ
ਨਹੀਂ, ਚਢਿਬੇ ਲਲਚਾਵਾ ॥ ੨੮ ॥ ਦੁਇ ਦਿਨ ਆਛੋ ਰਹ੍ਯੋ ਤਬੇਲੇ।
ਭਯੋ ਰੋਗ ਪੁਨ ਕਿਯੋ ਦੁਹੇਲੇ। ਅਪਨੇ ਉਚਿਤ ਨ ਹਜ਼ਰਤ ਜਾਨਾ। ਮੁਝ
ਕੋ ਬਖਸ਼ ਦੀਨਿ ਹਿਤ ਠਾਨਾ ॥੨੯॥ ਕਹ੍ਯੋ–ਇਲਾਜ ਕਰੋ ਹੁਇ ਰਾਜ਼ੀ।
ਨਾਂਹਿ ਤ ਬੇਚ ਦੇਹੁ ਕਿਤ ਬਾਜ਼ੀ–। ਅਬਿ ਲੇ ਕਰਿ ਮੈਂ ਸਦਨ ਸਿਧਾਰੋਂ।
ਦੇ ਦੇ ਔਸ਼ਧਿ ਰੋਗ ਨਿਵਾਰੋਂ' ॥ ੩੦ ॥ ਅਸੁ ਦਿਸ਼ਿ ਦ੍ਰਿਸ਼ਟਿ ਧਾਰਿ ਗੁਰ
ਕਹੀ। 'ਜੇ ਬੇਚਨਿ ਚਾਹਤਿ ਚਿਤ ਮਹੀਂ। ਕਰਿ ਕੈ ਮੋਲ ਦੇਹੁ ਹਮ ਪਾਸ।
ਇਸ ਕੋ ਰੋਗ ਕਰਹਿਂ ਸਭਿ ਨਾਸ਼' ॥ ੩੧ ॥ ਸੁਨਿ ਕਾਜ਼ੀ ਕਹਿ 'ਮੋਲ
ਬਿਸਾਲਾ। ਕੋ ਦੇ ਸਕਹਿ ਦੇਖਿ ਇਸ ਹਾਲਾ। ਤੀਨ ਚਰਨ,ਇਕ ਧਰਹਿ
ਨ ਧਰਨੀ। ਦਿਯੋ ਲਾਖ ਕੀਮਤ ਇਹ ਬਰਨੀ ॥ ੩੨ ॥ ਸੂਰਤ ਸੁੰਦਰ
ਜਨੁ ਕਿਨਿ ਘਰ੍ਯੋ[1]; ਚੇਚਲ ਬਲ ਬਿਸਾਲ ਤੇ ਭਰ੍ਯੋ'। ਸੁਨਿ ਕਾਜ਼ੀ ਤੇ ਸ੍ਰੀ
ਗੁਰੁ ਕਹੈਂ। 'ਦੇਹੁ ਮੋਲ ਹਮ ਲੈਬੋ ਚਹੈਂ ॥ ੩੩ ॥ ਉਚਿਤ ਅਰੂਢਨਿ ਕੇ
ਅਬਿ ਨਾਂਹੀ। ਜੇ ਸਤਿਗੁਰੁ ਇਸ ਰੋਗ ਗਵਾਹੀਂ। ਕਿਤਿਕ ਦਿਵਸ ਸੇਵਾ
ਕਰਿਵਾਵਹਿਂ। ਦੁਰਬਲ ਭਾ ਤਬਿ ਬਲ ਭਰਿ ਆਵਹਿ ॥ ੩੪ ॥ ਤੁਮਹੁ ਨ
ਆਸ ਜਿਯਨਿ ਅਸੁ ਕੇਰੀ। ਲੇਹੁ ਲਾਭ ਬੇਚਹੁ ਇਸ ਬੇਰੀ। ਦਸ ਸਹੰਸ੍ਰ
ਹਮ ਦੇਵੈਂ ਧਨ ਕੋ। ਲੇ ਕਰਿ ਜਾਹੁ ਹਰਖ ਧਰਿ ਮਨ ਕੋ ॥ ੩੫ ॥ ਪਰਾ-
ਲਬਧ ਇਸ ਜਿਯਨਿ ਜਿ ਅਹੈ। ਕਰੈਂ ਇਲਾਜ ਅਰੁਜ ਬਚਿ ਰਹੈ। ਨਾਂਹਿ
ਤ ਦੇਯੁ ਚੁਕੇ ਹਮ ਦਰਬਾ। ਕਹ੍ਯੋ ਜਿਤਿਕ ਲੀਜੈ ਨਿਜ ਸਰਬਾ' ॥੩੬॥
ਸੁਨਿ ਕਾਜ਼ੀ ਮਨ ਕੀਨਿ ਬਿਚਾਰ।–ਪ੍ਰਾਪਤਿ ਹ੍ਵੈ ਖਟ ਚਾਰ ਹਜ਼ਾਰ[2]।
ਬਚੈ ਨ ਘੋਰਾ ਰੋਗ ਦਬਾਯੋ। ਨਹੀਂ ਗੁਰੂ ਨੇ ਰੁਜ ਲਖਿ ਪਾਯੋ॥੩੭॥ਅਬਿ
ਤੋ ਦਰਬ ਮਿਲਤਿ ਸਮੁਦਾਇ। ਮਰੇ ਤੁਰੰਗ ਨ ਕੁਛ ਕਰ ਪਾਇ। ਚਹੁੰ
ਦਿਸ਼ਿ ਕੋ ਧਨ ਗੁਰੂ ਨਿਕੇਤਾ। ਪੁਨ ਉਦਾਰ ਉਰ ਦੇਤਿ ਜਿ ਏਤਾ ॥੩੮॥
ਇਨ ਸਮ ਅਪਰ ਨਹੀਂ ਕੋ ਦੈ ਹੈ।ਸਮਾ ਚੁਕੇ ਪੁਨ ਹਾਥ ਨ ਐਹੈ–। ਕਿਤਿਕ
ਸਮੇਂ ਹੁਇ ਮੌਨਿ ਬਿਚਾਰਾ। 'ਬਾਜ਼ ਗੁਰੂ ਜੀ! ਲੇਹੁ' ਉਚਾਰਾ ॥੩੯॥ 'ਬਾਕ
ਨ ਮੋਰਹਿਂ ਤੁਮ ਸਮ ਪੀਰ[3]। ਚਢਹੁ ਆਪ ਪਰਿਹਰਿ ਰੁਜਿ ਪੀਰ[4]। ਨਿਕਸਾ-
ਵਹੁ ਧਨ, ਦੀਜਹਿ ਸੋਈ। ਜੇਤਿਕ ਕਹ੍ਯੋ ਆਪ ਖੁਸ਼ਿ ਹੋਈ' ॥ ੪੦ ॥ ਸ੍ਰੀ

---

[1]ਮਾਨੋਂ ਕਿਸੇ ਨੇ ਘੜ (ਕੇ ਬਨਾਇਆ) ਹੈ। [2]੬+੪=ਦਸ ਹਜ਼ਾਰ। [3]ਆਪ ਵਰਗੇ ਪੀਰ ਦਾ (ਅ) ਆਪ ਪੀਰਾਂ ਤੁੱਲ ਹੋ। [4]ਰੋਗ ਦੀ ਪੀੜਾ ਦੂਰ ਕਰਕੇ।

ਹਰਿ ਗੋਬਿੰਦ ਕਹਯੋ ਸੁਨਾਇ। 'ਜੋ ਅਬਿ ਕੈ ਸੰਗਤਿ ਧਨ ਲਯਾਇ। ਪੂਰਬ ਸਗਰੋ ਦੇ ਕਰਿ,ਤੋਰਾ। ਬਹੁਰੋ ਲਾਇਂ ਕਾਜ ਜੋ ਔਰਾ[1]॥੪੧॥ ਸਰਬ ਦਰਬ ਕੋ ਘਰ ਮਹਿਂ ਜਾਨਿ। ਇਸ ਹਿਤ ਕੋਇ ਨ ਸੰਸੈ ਠਾਨਿ। ਤੁਰਤ ਆਇ, ਬਿਤਹਿ ਨ ਚਿਰ ਕਾਲ। ਅਰਪਹਿਂ ਸਿੱਖ ਸੁ ਲੇਹੁ ਸੰਭਾਲ ॥੪੨॥ ਰਹਨਿ ਇਕੱਤ੍ਰ ਏਕ ਪੁਰਿ ਮਾਂਹੀ। ਮੇਲ ਨਿਤਾਪ੍ਰਤਿ, ਹਮ ਮਗ ਮਾਂਹੀ'। ਸੁਨਿ ਕਾਜ਼ੀ ਪੁਨ ਬਾਕ ਬਖਾਨਾ।'ਨਹਿਂ ਅਟਕੌਂ ਮੈਂ ਸਮੋ ਮਹਾਨਾ॥੪੩॥ ਉਰ ਧਰਿ ਫਿਕਰ ਦਰਬ ਜੋ ਦੈਹੋ[2]। ਪਿਖਹੁ ਭਲੇ, ਰੁਜ ਜੁਤਿ ਅਸੁ ਲੈਹੋ[3]। ਫਿਰਹਿ ਨ ਫ਼ੇਰਿ ਤੁਰੰਗ ਕੋ ਸੌਦਾ। ਕੈ ਦੇ ਸ਼ੋਕ ਕਿਧੌਂ ਦੇ ਮੋਦਾ[4]' ॥ ੪੪ ॥ ਸੁਨਿ ਗੁਰ ਭਨਯੋ'ਨ ਬਨ ਅਨਜਾਨ।ਇਹ ਨਹਿਂ ਭਲੇ ਪੁਰਖ ਕੀ ਬਾਨ। ਕਹਨਿ ਬਾਕ ਕਰਿ ਪੁਨ ਫਿਰ ਜਾਨਾ। ਕਰਹਿ ਜਿ ਨਰ, ਸੋ ਦੋਜ਼ਕ ਜਾਨਾ' ॥੪੫॥ ਸੁਨਿ ਕਾਜ਼ੀ ਕਾਗਦ ਲਿਖਵਾਯੋ। 'ਦਰਬ ਕਰਜ਼ ਏਤੋ ਠਹਿਰਾਯੋ। ਲੇਨਿਹਾਰ ਮੈਂ ਗੁਰ ਤੇ ਰਹਯੋ। ਦਸ ਹਜ਼ਾਰ ਅਸੁ ਮੋਲ ਜਿ ਕਹਯੋ' ॥੪੬॥ ਬਹੁ ਤਕਰਾਈ ਸਹਤ ਲਿਖਾਇ। ਅਪਰਨਿ ਕੇਰ ਉਗਾਹੀ ਪਾਇ।ਘੋਰਾ ਦਿਯੋ ਗੁਰੂ ਕੇ ਪਾਸ। ਲੇ ਕਾਗਦ ਕੋ ਗਯੋ ਅਵਾਸਿ ॥ ੪੭ ॥ ਸਤਿਗੁਰੁ ਲਾਇ ਤੁਰੰਗ ਤਬੇਲੇ। ਰੇਸ਼ਮ ਦਾਮ[5] ਤਿਸੀ ਕੇ ਮੇਲੇ।ਕੁਛ ਔਖਧਿ ਕਰਿ ਦੀਨਿ ਮਸਾਲਾ। ਭਯੋ ਸਭਿਨਿ ਮਹਿਂ ਹਰਖ ਬਿਸਾਲਾ ॥ ੪੮ ॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪੰਚਮ ਰਾਸੇ 'ਕਾਜ਼ੀ ਤੇ ਘੋਰਾ ਲੇਨਿ ਕੋ' ਪ੍ਰਸੰਗ ਬਰਨਨੰ ਨਾਮ ਖੋੜਸਮੋ ਅੰਸੂ ॥ ੧੬ ॥

੧੭. [ਕਾਜ਼ੀ ਦਾ ਝਗੜਨਾ] ।

ਦੋਹਰਾ ॥ ਅਗਲੇ ਦਿਨ ਸਤਿਗੁਰੁ ਗਏ ਸੁੰਦਰ ਅੰਗ ਤੁਰੰਗ। ਕਰਯੋ ਬਿਲੋਕਨਿ ਸਕਲ ਕੋ,ਕਰ ਫੇਰਯੋ ਹਿਤ ਸੰਗ ॥ ੧ ॥ ਚੌਪਈ ॥ ਫੁਰਕਾਵਤਿ ਘੋਰਾ ਹਰਖਾਯੋ। ਸਨੈ ਸਨੈ ਨਿਜ ਪਾਵ ਟਿਕਾਯੋ। ਦਿਨ ਤੀਨਕ ਮਹਿਂ ਰੁਜ ਪਰਹਰਯੋ। ਤ੍ਰਿਣ ਸਮੁਦਾਇ ਰੁ ਦਾਨਾ ਚਰਯੋ ॥ ੨ ॥ ਦਿਨਪ੍ਰਤਿ ਬਲੀ ਪੁਸ਼ਟ ਸਭਿ ਅੰਗ। ਭਯੋ ਪ੍ਰਿਥਮ ਸਮ ਤਬਹਿ ਤੁਰੰਗ। ਸਤਿਗੁਰ ਸੁਵਰਨ[6] ਜ਼ੀਨ ਪਵਾਯੋ। ਹੀਰਨ ਜੜਤੀ ਗਨ ਦਮਕਾਯੋ ॥ ੩ ॥ ਬਸਤ੍ਰ ਸ਼ਸਤ੍ਰ ਪਹਿਰਨਿ ਕਰਿ ਤਨ ਮੈਂ। ਭਏ ਅਰੂਢ ਗੁਰੂ ਤਿਸ ਛਿਨ ਮੈਂ। ਭਯੋ ਤੁੰਦ[7]

---

[1] ਪਹਿਲਾਂ ਸਾਰਾ (ਦੇਣਾਂ) ਦੇਕੇ (ਵੇਰ) ਤੇਰਾ (ਦੇਣਾਂ ਦਿਆਂਗੇ) ਫੇਰ ਹੋਰ ਜੋ ਕਾਰਜ ਹਨ, ਉਨ੍ਹਾਂ ਤੇਂ ਲਾਵਾਂਗੇ। ਦੇਖੋ ਅੰਸੂ ੧੭ ਦਾ ਅੰਕ ੧੮। [2] ਭਾਵ ਫਿਕਰ ਨਾਲ ਧਨ ਦੇਣਾ ਹੋਵੇਗਾ। [3] ਚੰਗੀ ਤਰ੍ਹਾਂ ਦੇਖ ਲਓ, (ਤੁਸੀਂ) ਰੋਗੀ ਘੋੜਾ ਲੈ ਰਹੇ ਹੋ। [4] ਚਾਹੇ (ਇਹ ਸੌਦਾ) ਸ਼ੋਕ ਦੇਵੇ ਚਾਹੇ ਖੁਸ਼ੀ। [5] ਰੇਸ਼ਮੀ ਡੋਰਾਂ ਯਾ ਰਸੇ। [6] ਸੋਨੇ ਦੀ। [7] ਤੇਜ਼।

ਹਰਖਤਿ ਫੁਰਕਾਵੈ। ਸਨੈ ਸਨੈ ਅਸੁ ਫਾਂਦਤਿ ਜਾਵੈ ॥੪॥ ਗਏ ਵਹਿਰ ਕੌ ਫੇਰਯੋ ਥੋਰਾ। ਮਨ ਅਨੁਸਾਰ ਚਲਤਿ ਮਗ* ਘੋਰਾ॥ਸ਼ਾਰਤ ਹਾਥ ਪਾਂਵ ਕੀ ਕਰੇ। ਨਟ ਸਮ ਗਿਨ ਗਿਨ ਪਾਇਨਿ[1] ਧਰੇ ॥ ੫ ॥ ਸਤਿਗੁਰੁ ਚਢਿ ਪ੍ਰਸੰਨ ਅਤਿ ਹੋਏ। ਸਿੱਖ ਕਾਬਲੀ ਥਿਰ ਹੁਇ ਜੋਏ।ਹਾਥ ਜੋਰਿ ਚਰਨਨਿ ਪਰ ਪਰਯੋ। 'ਮੋਰ ਮਨੋਰਥ ਪੂਰਨ ਕਰਯੋ ॥੬॥ ਰਿਦੇ ਭਾਵਨੀ ਜਿਮ ਕਰਿ ਲਯਾਯੋ। ਨਿਜ ਨੇਤ੍ਰਨਿ ਸੋਂ ਤਿਮ ਦ੍ਰਿਸ਼ਟਾਯੋ। ਕਰਹੁ ਖੁਸ਼ੀ, ਗਮਨਹੁੰ ਨਿਜ ਪੁਰਿ ਕੋ। ਉਪਜੀ ਸ਼ਾਂਤਿ ਮਹਾਂ ਸੁਖ ਉਰ ਕੋ' ॥੭॥ ਸਿਖ ਕੀ ਸ਼ਰਧਾ ਅਰੁ ਪਿਖਿ ਪ੍ਰੇਮ। ਸ੍ਰੀ ਹਰਿ ਗੋਬਿੰਦ ਬਖ਼ਸ਼ੀ ਛੇਮ। 'ਭਯੋ ਨਿਹਾਲ' ਭਨਯੋ ਸ੍ਰੀ ਮੁਖ ਤੇ। 'ਛੁਟਯੋ ਜਨਮ ਮਰਨ ਕੇ ਦੁਖ ਤੇ'॥੮॥ਰਿਦੇ ਪ੍ਰਕਾਸ਼ ਭਯੋ ਸੁਖ ਪਾਯੋ। ਪਾਵਨ ਪਾਦ ਪਦਮ ਲਪਟਾਯੋ। ਰਿਦ ਅਨੰਦ ਹੁਇ ਮਾਰਗ ਚਾਲਾ। ਲਿਵਲਾਗੀ ਸਤਿਨਾਮ ਬਿਸਾਲਾ ॥ ੯ ॥ ਗਯੋ ਆਪਨੇ ਗ੍ਰਿਹ ਹਰਖਾਯੋ। ਅੰਤ ਸਮੈ ਸ਼ੁਭ ਪਦ ਕੋ ਪਾਯੋ। ਗੁਰੂ ਤਬੇਲੇ ਸ਼ੁਭਤਿ ਤੁਰੰਗ। ਖਾਇ ਖ਼ੁਰਾਕ ਪੁਸ਼ਟ ਬਲਿ ਅੰਗ॥੧੦॥ ਕਬਿ ਕਬਿ ਗੁਰੁ ਅਰੂਢ ਕਰਿ ਜਾਵੈਂ। ਕਰਹਿਂ ਅਖੇਰ ਹਰਖ ਉਪਜਾਵੈਂ। ਬੁੱਢੇ ਆਦਿਕ ਸਿੱਖ ਅਸ਼ੇਸ਼। ਰਹਹਿਂ ਸਭਾਸਦ ਨਿਕਟ ਹਮੇਸ਼॥੧੧॥ ਬਹੁ ਪੂਰਬ ਤੇ ਸੰਗਤਿ ਆਵੈ। ਵਸਤੁ ਅਮੋਲਕ ਗਨ ਅਰਪਾਵੈ। ਇਸਿ† ਕੋ[2] ਦੇਸ਼ ਨਗਰ ਸਮੁਦਾਈ। ਕਹਿਂ ਲਗਿ ਗਿਨੀਅਹਿ ਮਤਿ ਥਕ ਜਾਈ ॥ ੧੨ ॥ ਤਥਾ ਦਿਸ਼ਾ ਦੱਖਣ ਕੇ ਆਵੈਂ। ਸੰਗ ਮਸੰਦ ਸੰਗਤਾਂ ਲਯਾਵੈਂ। ਪਸ਼ਚਮ ਪੁਰਿ ਆਦਿਕ ਕਸ਼ਮੀਰ। ਚਲੀ ਆਇ ਸੰਗਤਿ ਕੀ ਭੀਰ॥੧੩ ॥ ਪਰਬਤ ਬਾਸੀ ਬਸਤੁ ਅਜਾਇਬ।ਦਰਸ਼ਨ ਕਰਹਿਂ ਅਰਪ ਕਰਿ ਸਾਹਿਬ।ਕਾਜ਼ੀ ਕੇਤਿਕ ਦਿਵਸ ਬਿਤਾਇ। ਗੁਰ ਸਮੀਪ ਆਯਹੁ ਧਨ ਚਾਇ ॥੧੪ ॥ ਬੰਦਨ ਕਰਿ ਬੈਠਯੋ ਪੁਨ ਕਹਯੋ। 'ਹਯ ਕੇਤਿਕ ਕੀਮਤ ਕੋ ਲਹਯੋ ?। ਸੁਨਯੋ ਰੋਗ ਤਿਸ ਕੋ ਮਿਟਿ ਗਯੋ।ਮੁਦ ਅਰੂਢਬੇ ਕੋ ਤੁਮ ਲਯੋ॥੧੫॥ਸਫਲ ਦੇਨਿ।ਅਬਿ ਦੀਜਹਿ ਦਰਬਾ। ਕਹਯੋ ਆਪ-ਦੇਂ ਇਕ ਬਿਰ ਸਰਬਾ-'। ਸੁਨਿ ਕਰਿ ਸ੍ਰੀ ਮੁਖ ਤੇ ਫੁਰਮਾਯੋ। 'ਅਬਿ ਲੌ ਇਤੋ ਨਹੀਂ ਧਨ ਆਯੋ ॥੧੬॥ ਜੋ ਆਯੋ ਦੁਇ ਤੀਨ ਹਜ਼ਾਰ। ਬਨੈ ਨ ਦੇਬੋ ਅਲਪ ਬਿਚਾਰ।ਡੇਰੇ ਬਿਖੈ ਖਰਚ ਸਮੁਦਾਏ, ਦੇਗ਼ ਸੁਧਾਸਰ ਅਧਿਕ ਚਲਾਏ ॥੧੭॥ ਗਨ ਸੈਨਾ ਕੋ ਖਰਚ ਬਿਸਾਲਾ

[1]ਪੈਰਾਂ ਨੂੰ। [2]ਭਾਵ ਪੂਰਬ ਦਿਸ਼ਾ ਦੇ। *ਪਾ:-ਭ੍ਰਾ। †ਪਾ:-ਦਿਸ।

ਸਿਰੋਪਾਉ ਸਿੱਖਨਿ ਸਭਿ ਕਾਲਾ। ਇਨ ਖਰਚਨਿ ਤੇ ਉਬਰੇ ਜੋਇ। ਸੰਚਨਿ ਕਰੈਂ ਦੇਹਿੰ ਤੁਝ ਸੋਇ' ॥੧੮॥ ਕਾਜ਼ੀ ਕਹ੍ਯੋ 'ਫਿਕਰ ਉਰ ਰਾਖੋ। ਜੇ ਮੁਝ ਕੋ ਦੇਨੇ ਅਭਿਲਾਖੋ। ਬਿਨਾਂ ਦਿਯੇ ਰਿਣ ਉਤਰੈ ਨਾਂਹੀ। ਸੰਕਹੁ ਸਕਲ ਖਰਚ ਕੇ ਮਾਂਹੀ'॥੧੯॥ਇਮ ਕਹਿ ਗਯੋ ਕੁਛਕ ਦਿਨ ਬੀਤੇ।ਨਿਸ ਦਿਨ ਕਾਜ਼ੀ ਧਨ ਦਿਸ਼ਿ ਚੀਤੇ। ਇਕ ਦਿਨ ਬਹੁਰ ਦਿਵਾਨ ਮਝਾਰ। ਬੈਠ੍ਯੋ ਆਨਿ ਅਧਿਕ ਹੰਕਾਰ॥੨੦॥ਕਹ੍ਯੋ ਪ੍ਰਸੰਗ ਦਰਬ ਕੋ ਲੈਬੇ। 'ਬਿਤੇ ਬਹੁਤ ਦਿਨ ਕੀਜਹਿ ਦੈਬੇ। ਕਰ੍ਯੋ ਅਰੋਗ ਤੁਰੰਗ ਖੁਦਾਇ। ਦਰਬ ਪ੍ਰਿਥਮ ਤੇ ਦੇਹੁ ਸਵਾਇ॥੨੧॥ ਹਜ਼ਰਤ ਕੋ ਪਾਇ ਨ ਅਸੁਵਾਰੀ[1] ।ਪ੍ਰਾਪਤਿ ਤੁਮਹਿ ਭਾਗ ਕੇ ਭਾਰੀ। ਮੁਝ ਕੋ ਇਤੋ ਦਰਬ ਦਿਲਵਾਵੈਂ। ਰਾਵਰ ਕੋ ਆਨੰਦ ਦਿਖਰਾਵੈ[2]" ॥ ੨੨ ॥ ਸ਼੍ਰੀ ਗੁਰ ਕਹ੍ਯੋ 'ਖੁਦਾਇ ਪੁਚਾਇ। ਜ਼ਿਸਕੀ ਵਸਤੁ ਤਿਸੀ ਢਿਗ ਆਇ। ਪ੍ਰਭੁ ਆਗੇ ਕਯਾ ਮਨੁਖ ਬਿਚਾਰਾ। ਕਰਹਿ ਜਿ ਓਜ ਅਨੇਕ ਪ੍ਰਕਾਰਾ॥ ੨੩ ॥ ਖੋਜਤਿ ਪਹੁੰਚ੍ਯੋ ਸਿੱਖ ਹਮਾਰਾ। ਤੁਮ ਵਿਲਾਇਤ ਬਡੀ ਮਝਾਰਾ। ਦਰਬ ਲਾਖ ਤਹਿਂ ਦੇ ਕਰਿ ਲ੍ਯਾਯੋ। ਕਿਸ ਕੇ ਕਹੇ ਸ਼ਾਹੁ ਸੁਨਿ ਪਾਯੋ॥ ੨੪ ॥ ਤੁਰੰਗ ਮੰਗਾਯੋ ਸੀਨੇ ਜ਼ੋਰੀ[3]। ਪਿਖ੍ਯੋ ਨ੍ਯਾਇ ਤੇ ਨਹਿਂ ਪ੍ਰਭੁ ਓਰੀ। ਕਿਮ ਖੁਦਾਇ ਕੋ ਭਾਵੈ ਬਾਤਿ। ਸਮਝ ਲੇਹੁ ਕਾਜ਼ੀ ! ਇਸ ਭਾਂਤਿ ॥ ੨੫ ॥ ਕਿਤਿਕ ਦਿਵਸ ਮਹਿਂ ਸੰਗਤਿ ਆਵੈ। ਤੁਮ ਕੋ ਦੇਹਿਂ ਦਰਬ ਸੋ ਲ੍ਯਾਵੈ। ਧੀਰਜ ਧਰਹੁ ਕਿਤਿਕ ਦਿਨ ਔਰ। ਦਸ ਹਜ਼ਾਰ ਲਿਹੁ ਬੈਠੇ ਠੌਰ'॥੨੬॥ ਰਿਸ ਧਰਿ ਕੁਛਕ ਬਾਕ ਤਬਿ ਕਹੇ।ਸਤਿਗੁਰ ਮਹਿਮਾ ਮੂਢ ਨ ਲਹੇ। 'ਸੁਨਹੁ ਗੁਰੂ ਜੀ ! ਬਾਤ ਨ ਆਛੇ। ਪ੍ਰਥਮ ਕਹਹੁ ਨਹਿਂ ਪੂਰੋ ਪਾਛੇ[4]॥੨੭॥ਕਬਿ ਲੌ ਮੈਂ ਧੀਰਜ ਧਰਿ ਰਹੌਂ।ਚਿਰੰਕਾਲ ਭਾ ਦਰਬ ਨ ਲਹੌਂ। ਸੌਦਾ ਨਹੀਂ ਤੁਰੰਗ ਕੋ ਫਿਰੇ। ਤਉ ਲਿਜਾਵਹਿਂ ਦਿਹੁ ਹਮ ਘਰੇ ॥ ੨੮ ॥ ਹਯ ਰਾਖਹੁ ਤੌ ਧਨ ਦੇ ਦੀਜੈ। ਜੇ ਨ ਦੇਹੁ ਤੌ ਫੇਰਨਿ ਕੀਜੈ। ਨਾਹਿਂ ਤ ਬਿਗਰ ਪਰੇਗੀ ਬਾਤ। ਕਰਹੁ ਟਾਲ ਮੁਝ ਸੋਂ ਬਖ੍ਯਾਤਿ' ॥੨੯॥ ਤਬਿ ਭਾਈ ਬ੍ਰਿਧ ਨੇ ਸਮੁਝਾਯੋ। 'ਰਿਸ ਤੇ ਕਹਨਿ ਨ ਸ਼ੁਭ ਬਨਿ ਆਯੋ। ਗੁਰੁ ਘਰ ਮਹਿਂ ਪਰਵਾਹ ਨ ਕੋਈ। ਪਾਵਹਿਂ[5] ਪਰਾਲਬਧ ਜਬਿ ਹੋਈ ॥੩੦॥ ਅਪਰ ਦਿਵਸ ਕੇਤਿਕ ਅਬਿ ਦੇਖਿ। ਕਯਾ ਤੇ ਕਯਾ ਹੁਇ ਜਾਹਿ ਵਿਸ਼ੇਖ। ਲਿਹੁ

---

[1]ਨਹੀਂ ਮਿਲੀ। [2]ਦਿਖਾਂਵਦਾ ਹੈ (ਘੋੜਾ)। [3]ਭਾਵ ਕੀਮਤ ਨਹੀਂ ਦਿੱਤੀ, ਧੱਕੇ ਨਾਲ ਖੋਹ ਲਿਆ। [4]ਪਿੱਛੇ ਪੂਰਾ ਨਹੀਂ ਕਰਦੇ। [5]ਤੂੰ ਪ੍ਰਾਪਤ ਕਰ ਲਵੇਂਗਾ।

ਧਨ, ਧੀਰ ਧਰੋ ਬੁਧਿਵਾਨਿ। ਫੀਕੇ ਬਾਕ ਨ ਕਰਹੁ ਬਖਾਨਿ' ॥੩੧॥ ਸੁਨਤਿ ਛੋਭ ਕਰਿ ਉਠਿ ਤਬਿ ਚਾਲਾ। ਕਹਤਿ ਬ੍ਰਿੱਧ ਸੋਂ 'ਅਬਿ ਮੈਂ ਟਾਲਾ। ਕਰਹੁ ਦਰਬ ਕੋ ਤਯਾਰ ਅਗਾਰੀ।ਜਾਉਂ ਨ ਛੂਛੋ ਪੁਨ ਤਿਸ ਬਾਰੀ' ॥੩੨ ਇੱਤ੍ਯਾਦਿਕ ਬੋਲਤਿ ਚਲਿ ਗਯੋ। ਮਨ ਮਹਿਂ ਗਿਨਤ ਅਨਿਕ ਬਿਧਿ ਭਯੋ। –ਅਬਿ ਕੇ ਦੇਹਿਂ ਤ ਰਹਿ ਹੈਂ ਨੀਕੇ।ਨਾਂਹਿ ਤ ਪਰੈਂ ਸ਼ਾਹੁ ਢਿਗ ਫੀਕੇ॥੩੩॥ ਲੈਹੌਂ ਦੇਯ ਜੋਰ ਧਨ ਸਾਰੋ। ਹਜ਼ਰਤ ਕੋ ਸਭਿ ਭੇਵ ਉਚਾਰੋਂ–। ਕਿਤਿਕ ਦਿਵਸ ਨਹਿਂ ਬਹੁਰੋ ਆਵਾ।ਰਾਤ ਦਿਵਸ ਇਸ ਧਨ ਮਨ ਲਾਵਾ ॥ ੩੪ ॥ ਪਹੁੰਚ੍ਯੋ ਪੁਨ ਦਿਨ ਢਰੇ ਦੁਪਹਿਰੇ। ਸ੍ਰੀ ਗੁਰੁ ਹੁਤੇ ਸੇਜ ਪਰ ਠਹਿਰੇ। ਬ੍ਰਿਧ ਬੈਠ੍ਯੋ ਜਹਿਂ ਗੁਰ ਕੋ ਪੌਰ। ਅਪਰ ਸਮੀਪ ਨ ਸਿਖ ਤਿਸ ਠੌਰ॥੩੫॥ ਬੈਠ੍ਯੋ ਕਾਜ਼ੀ ਕਹ੍ਯੋ ਸੁਨਾਇ। 'ਹਮ ਗੁਰੁ ਢਿਗ ਚਾਹਤਿ ਅਬਿ ਜਾਇ। ਦਿਵਸ ਬਿਤਾਇ ਕਿਤੇ ਹਮ ਆਏ।ਚਾਹਤਿ ਹੈਂ ਅਪਨੋ ਧਨ ਪਾਏ'॥੩੬॥ ਸੁਨਿ ਬ੍ਰਿਧ ਕਹ੍ਯੋ 'ਨ ਮਿਲਿਬੇ ਕਾਲ। ਪੁਨ ਆਵਹੁ ਲਿਹੁ ਦਰਸ ਕ੍ਰਿਪਾਲ ।ਅਬਹਿ ਸੇਜ ਪਰ ਗੁਰ ਬਿਸਰਾਮੇ। ਕੋ ਨ ਉਠਾਇ ਸਕਹਿ ਅਸ ਕਾਮੇ[1]'॥ ੩੭॥ਕਾਜ਼ੀ ਰਿਸ ਕਰਿ ਗਿਰਾ ਉਚਾਰੀ। 'ਕਾਰਦਾਰ ਗੁਰ ਘਰ ਕੋ ਭਾਰੀ। ਹਮ ਨੇ ਸੁਨ੍ਯੋ ਤੁਹੀ ਇਕ ਅਹੈਂ। ਖਰਚਹਿਂ ਦਰਬ ਸੰਭਾਰਤਿ ਰਹੈਂ ॥੩੮॥ ਗੁਰ ਸੋਂ ਮਿਲਨਿ ਹੋਇ ਕੈ ਨਾਂਹੀ। ਦਰਬ ਸਰਬ ਲੇਵਹੁਂ ਤੁਝ ਪਾਹੀ। ਸੋ ਭੀ ਤੁਝ ਤੇ ਕਰਹਿਂ ਦਿਵਾਵਨਿ।ਦਿਹੁ ਅਬਿ ਮੋ ਕੋ ਬਾਤ ਸੁਹਾਵਨਿ[2]'॥੩੯॥ ਕਹ੍ਯੋ ਬ੍ਰਿਧ 'ਹਮ ਕੌਨ ਬਿਚਾਰੇ। ਆਪ ਸੰਭਾਰਹਿਂ[3] ਅਪਨੀ ਕਾਰੇ। ਜਬਿ ਉਠਿ ਸ੍ਰੀ ਗੁਰੁ ਵਹਿਰ ਥਿਰੈ ਹੈਂ। ਤਬਿ ਹੀ ਤਿਨ ਕੋ ਦਰਸ਼ਨ ਪੈਹੈਂ॥੪੦॥ ਇਤਨੀ ਕਰਹਿਂ ਸ਼ੀਘ੍ਰਤਾ ਕਾਹੇ ।ਅੰਤਰ ਬਰ੍ਯੋ ਚਹਤਿ ਗੁਰ ਪਾਹੇ।ਦਾਨਸ਼ਵੰਦ ਕ੍ਯੋਂ ਨ ਤੂੰ ਹੋਹਿਂ । ਕਰਹਿਂ ਨਿਦਾਨਨਿ ਕੀ ਗਤਿ ਸੋਇ'॥ ੪੧ ॥ ਸੁਨਿ ਕਾਜ਼ੀ ਮੂਰਖ ਰਿਸ ਧਾਰੀ।ਸਨਮੁਖ ਬ੍ਰਿਧ ਕੇ ਨਿਠੁਰ ਉਚਾਰੀ। 'ਕ੍ਯਾ ਤੂੰ ਬੈਠਸੇ ਬਾਤ ਬਨਾਵੈਂ?।ਸ਼ਾਹਜਹਾਂ ਤੇ ਤ੍ਰਾਸ ਨ ਪਾਵੈਂ ॥ ੪੨ ॥ਇਕ ਬਿਰ ਕਹਿ ਕਰਿ ਹਜ਼ਰਤ ਨਾਲ। ਲੈਹੋਂ ਬਨਿ ਦਮਾਦ ਤਿਸ ਕਾਲ। ਕੌਨ ਅਰਹਿ? ਸਭਿ ਡਰਹਿਂ ਮਹਾਨਾ।ਤਤਛਿਨ ਦੈਹੈਂ ਦਰਬ ਬਿਰਾਨਾ'॥੪੩॥ ਸੁਨਿ ਬ੍ਰਿਧ ਭਾਖ੍ਯੋ ਸਹਜ ਸੁਭਾਇ। 'ਤੁਮਰੇ ਗੁਰ ਦਮਾਦ ਬਨਿ ਜਾਇਂ। ਤੌ ਕੈਸੇ ਧਨ ਲੈਬੋ ਧਰੈਂ। ਅਰਪਨਿ ਨਿਜ ਤਨੁਜਾ ਕੋ ਕਰੈਂ ॥੪੪॥ ਯਾਂਤੇ

---

[1] ਐਸੇ ਕੰਮ ਲਈ। [2] ਚੰਗੀ ਗੱਲ ਹੈ। [3] ਭਾਵ ਗੁਰੂ ਜੀ ਆਪ ਸੰਭਾਲਦੇ ਹਨ।

ਗਤਿ ਸਭਿ ਜਾਨੀ ਜਾਤਿ। ਤੋਹਿ ਨ ਬਨਹਿ ਲੇਨਿ ਬੱਖਸ਼ਾਤਿ। ਹੋਨਹਾਰਿ ਕੋ ਮੇਟੈ ਕੌਨ'। ਇਮ ਕਹਿ ਬ੍ਰਿਧ ਨੇ ਠਾਨੀ ਮੌਨ ॥੪੫॥ ਕਾਜ਼ੀ ਜਰਿ ਬਰਿ ਕੈ ਉਠਿ ਗਯੋ। ਬਚਨ ਕਠੋਰ ਉਚਾਰਤਿ ਭਯੋ। 'ਗੁਰੁ ਸੋਂ ਮਿਲਿ ਕੈ ਅਬਿ ਇਕ ਬਾਰਿ। ਜੇ ਨ ਦਰਬ ਦੇਂ, ਕਰੌਂ ਪੁਕਾਰਿ' ॥ ੪੬ ॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪੰਚਮ ਰਾਸੇ 'ਕਾਜ਼ੀ ਕੋ' ਪ੍ਰਸੰਗ ਬਰਨਨੰ ਨਾਮ ਸਪਤਦਸ਼ਮੋ ਅੰਸੂ ॥ ੧੭ ॥

੧੮. [ਕਾਜ਼ੀ ਤੇ ਕੌਲਾਂ]।

ਦੋਹਰਾ ॥ ਕਾਜ਼ੀ ਅਰੁ ਬ੍ਰਿਧ ਬਾਦ ਕੋ ਸੁਨਯੋ ਗੁਰੁ ਨਿਜ ਸ੍ਰੌਨ। ਅਤਿ ਸਚਿੰਤ ਚਿਤ ਮੈਂ ਭਏ ਬੈਠੇ ਅੰਤਰ ਮੌਨ ॥ ੧ ॥ ਚੌਪਈ ॥–ਇਹ ਕਯਾ ਬ੍ਰਿਧ ਮੁਖ ਬਾਕ ਬਖਾਨਾ। ਕਾਜ਼ੀ ਕੋ ਦਮਾਦ ਮੁਝ ਠਾਨਾ। ਝਗਰਤਿ ਲਰਤਿ ਸੁ ਕ੍ਰੋਧ ਉਪਾਯੋ। ਹਮ ਬੈਠੇ ਕਹੁ ਸ੍ਰਾਪ ਅਲਾਯੋ॥ ੨ ॥ ਅਸਮੰਜਸ ਹਮ ਕੋ ਬਡਿ ਭਏ। ਜੇ ਦਮਾਦ ਕਾਜ਼ੀ ਬਨਿ ਗਏ। ਜਗ ਅਪਜਸ ਪਸਰਹਿ ਜਹਿਂ ਕਹਾਂ। ਕਹਹਿਂ ਸਿੱਖ 'ਇਹ ਕੀਨਿਸਿ ਕਹਾਂ' ॥ ੩ ॥ ਮਾਤਾ ਸੁਨਤਿ ਕਹਹਿ ਕਯਾ ਬੈਨ। ਪਿਖਿ ਅਜੋਗਤਾ ਕਿਸਹੂੰ ਨ ਦੈਨ । ਕਯਾ ਹਮ ਕਰਹਿਂ ਨ ਬਨਹਿ ਉਪਾਇ। ਸਭਿ ਜਗ ਮਹਿਂ ਅਪਬਾਦ ਚਲਾਇ–॥ ੪ ॥ ਅਸ ਚਿਤਵਤਿ ਚਿਤ ਕਰਿ ਥਿਰ ਲੋਚਨ[1]। ਭਏ ਸੋਚ ਬਸਿ ਸੋਚ ਬਿਮੋਚਨ। –ਦੁਹ ਦਿਸ਼ਿ ਤੇ ਅਤਿਸ਼ੈ ਕਠਨਾਈ। ਕਿਹ ਤਯਾਗਹਿਂ, ਕਿਹ ਕਰਹਿਂ ਬਨਾਈ ॥ ੫ ॥ ਉਤੈ ਅਮੇਲਿ ਤੁਰਕਨੀ ਲਯਾਵਨਿ। ਇਤ ਬਡ ਸਿਖ ਕੋ ਬਾਕ ਹਟਾਵਨਿ। ਜਿਨ ਕੇ ਬਚਨ ਸੰਗ ਹਮ ਜਨੰਮੇ। ਜਿਸਕੋ ਕਹਯੋ ਪ੍ਰਧਾਨ ਸੁਰਨ ਮੇ[2] ॥ ੬ ॥ ਜਿਸ ਕੇ ਕਹੇ ਅਚਲ ਚਲ ਪਰੈਂ। ਅਹੈਂ ਸਦਾ-ਗਤਿ ਸੋ ਸਭਿ ਥਿਰੈਂ[3]। ਕੌਨ ਸਮਰਥ ਕਰਹਿ ਬਚ ਮੇਟਨਿ। ਖਸ਼ਟ ਗੁਰਨਿ ਸੋਂ ਹਿਤ ਕਰਿ ਭੇਟਨਿ[4] ॥ ੭ ॥ ਕਹਿ ਬਚ ਕੋ ਸਸਿ ਸੂਰਜ ਰੋਕੈਂ। ਜਿਸ ਬਰ ਸ੍ਰਾਪ ਬੀਚ ਤ੍ਰਈ ਲੋਕੈਂ। ਬਿਧਿ, ਹਰਿ, ਸ਼ਿਵ ਸੁਨਿ ਕੇ ਬਰ ਸ੍ਰਾਪ।ਮੇਟਿ ਨ ਸਕਹਿਂ ਧਾਰਿ ਲੇਂ ਆਪ[5]॥੮॥ ਸੋ ਹਮ ਨਿਫਲ ਕਰਹਿਂ ਅਬਿ ਕੈਸੇ। ਅਹੈ ਬਡਿਨਿ ਮਿਰਜਾਦਾ ਐਸੇ। ਰਾਮਚੰਦ ਮਾਨਯੋ ਬਰਿਆਈ। ਸਦਨ ਰਾਖਸ਼ਨਿ ਸੀਅ ਪੁਚਾਈ[6] ॥ ੯ ॥ ਹੁਤੀ ਅਜੋਗ ਅਜਸੁ ਕੋ ਮੂਲ। ਤਉ ਸ੍ਰਾਪ ਕੇ ਭੇ ਅਨੁਕੂਲ। ਮਾਨਯੋ ਕ੍ਰਿਸ਼ਨ ਸ੍ਰਾਪ ਦੁਰਬਾਸ਼ਾ। ਸਰਬ ਕੁਲੀ

[1]ਨੇਤ੍ਰ। [2]ਦੇਵਤਿਆਂ ਵਿਚ ਮੁੱਖਤਾ ਰਖਦਾ ਹੈ। [3]ਚਲਨੇ ਵਾਲੇ ਸਾਰੇ ਟਿਕ ਜਾਂਦੇ ਹਨ। [4]ਜੋ ਪ੍ਰੇਮ ਨਾਲ ਛੇ ਗੁਰਾਂ ਨੂੰ ਮਿਲੇ ਹਨ। [5]ਮੁਨੀਆ ਦੇ ਵਰ ਸ੍ਰਾਪ ਬ੍ਰਹਮਾ, ਵਿਸ਼ਨੂੰ ਤੇ ਸ਼ਿਵ ਮੇਟ ਨਹੀਂ ਸਕਦੇ ਰਹੇ, ਸਗੋਂ ਆਪਣੇ ਤੇ ਧਾਰਦੇ ਰਹੇ ਹਨ। [6]ਏਹ ਨਾਰਦ ਦਾ ਸ੍ਰਾਪ ਸੀ।

ਕੋ ਭਯੋ ਬਿਨਾਸਾ ॥੧੦॥ ਜਿਮ ਕਿਮ ਕਰਹਿਂ ਜਗਤ ਕੇ ਲੋਗ। ਜਾਨਹਿਂ ਸਕਲ ਅਜੋਗ ਕਿ ਜੋਗ। ਬ੍ਰਹਮ ਗਯਾਨੀ ਕੀ ਹੁਇ ਸਚ ਬਾਨੀ। ਇਹ ਮ੍ਰਿਜਾਦ ਨਹਿਂ ਕੀਨਿਸਿ ਹਾਨੀ॥੧੧॥ ਚਹੀਅਤਿ ਹਮ ਕੋ ਭੀ ਅਬਿ ਐਸੇ। ਬ੍ਰਿਧ ਕੇ ਬਾਕ ਸਫਲ ਹੁਇਂ ਜੈਸੇ। ਮਾਤਾ ਆਦਿਕ ਜੇ ਬਡਿ ਅਹੈਂ। ਸੁਨਿ ਕਰਿ ਕਰਹਿਂ ਕ੍ਰੋਧ, ਸਭਿ ਸਹੈਂ[1]॥੧੨॥ ਕਾਨ੍ਹੇ ਗਯਾਨੀ ਕੋ ਸਹਿ ਸ੍ਰਾਪ। ਹਮਰੇ ਪਿਤਾ ਲਹਯੋ ਦੁਖ ਆਪ। ਪ੍ਰਾਨ ਹਾਨ ਜਿਸ ਤੇ ਕਰਿ ਦੀਨੇ। ਜਸੁ ਅਪਜਸੁ ਕੁਛ ਨਹਿਂ ਮਨ ਚੀਨੇ—॥੧੩॥ ਇੱਤਯਾਦਿਕ ਗਨ ਸਿਮਰਿ ਪ੍ਰਸੰਗ। ਰਹੇ ਬਿਚਾਰਤਿ ਬਹੁ ਚਿਤ ਸੰਗ। ਮੁਸਕਾਵਤਿ ਮੁਖ ਨਿਕਸੇ ਬਾਹਰ। 'ਬ੍ਰਿਧ ਜੀ ਕਹੋ ਕਰਯੋ ਕਯਾ ਜ਼ਾਹਿਰ?॥੧੪॥ਉਚਿਤ ਅਨੁਚਿਤ ਨ ਰਿਦੇ ਬਿਚਾਰੀ। ਝਗਰਤਿ ਕਾਜ਼ੀ ਸੰਗ ਉਚਾਰੀ। ਕਿਮ ਕਰਨੀ ਹਮ ਕੋ ਬਨਿ ਆਵੈ।ਤੁਮਰੇ ਸਮ ਬਡ ਕਹਾਂ ਅਲਾਵੈਂ[2]?' ॥੧੫॥ ਸੁਨਿ ਕਰ ਜੋਰ ਕਹਯੋ ਬ੍ਰਿਧ ਭਾਈ। 'ਕਹੀ ਤਥਾ ਜਿਮ ਆਪ ਕਹਾਈ। ਚਿਰੰਕਾਲ ਕੀ ਤਪ ਕੋ ਤਾਪਤਿ। ਅਬਿ ਭੀ ਹ੍ਵੈ ਨ ਆਪ ਕੋ ਪ੍ਰਾਪਤਿ ॥੧੬॥ ਕਿਸੂ ਦੋਸ਼ ਤੇ ਤਨ ਤੁਰਕਾਨੀ। ਤਊ ਘਾਲ ਤੇ ਉਚਿਤੈ ਜਾਨੀ[3]। ਚੰਦ੍ਰਾਇਣ ਆਦਿਕ ਬ੍ਰਤ ਧਰੇ[4]। ਕਸ਼ਟ ਅਨਿਕ ਤਨ ਸਹਿਬੋ ਕਰੇ* ॥੧੭॥ ਸੋ ਸਭਿ ਸਫਲ ਹੋਹਿਂ ਇਸ ਬੇਰੇ। ਉਪਜਹਿ ਪ੍ਰੀਤਿ ਆਪ ਕੋ ਹੇਰੇ'। ਸੁਨਤਿ ਮੌਨ ਸ੍ਰੀ ਹਰਿ ਗੋਬਿੰਦ। ਰਿਖਿ ਬਸ਼ਿਸ਼ਟ ਤੇ ਰਾਮ ਮਨਿੰਦ ॥ ੧੮ ॥ ਕਰ ਪਗ ਬੈਠਿ ਪਖਾਰਨਿ ਕਰੇ। ਮੁਖ ਪਖਾਰ ਸੁੰਦਰ ਦੁਤਿ ਧਰੇ। ਚੀਰਾ ਛੋਰ ਦਾਰ[5]ਬਡ ਜਰੀ। ਦੁਹਿ ਦਿਸ਼ਿ ਲਗਿ ਮੁਕਤਾ ਗਨ ਲਰੀ ॥੧੯॥ ਪੇਚ ਬਧੇ ਜੁ ਅਨੂ-ਠੇ ਬਨਯੋ। ਸ਼ਮਸ ਨੀਕ, ਮੁਖ ਸਸਿ ਜਸ ਸਨਯੋ[6]†। ਬਡ ਬਿਸਤਿਰਤਿ

---

[1](ਅਸੀਂ) ਸਹਾਰਾਂਗੇ। [2]ਤੁਸਾਂ ਵਰਗੇ ਵੱਡੇ ਵੱਡੇ ਕੀ ਆਖਣਗੇ। [3]ਕਮਾਈ ਕਰਨ ਕਰਕੇ ਯੋਗ (ਹੈ ਮੇਹਰ ਦੇ ਐਸਾ) ਮੈਂ ਜਾਣਿਆਂ ਹੈ। [4]ਭਾਵ ਕਾਜ਼ੀ ਦੀ ਧੀ ਨੇ। [5]ਪੱਲਿਆਂ ਵਾਲਾ। [6]ਦਾੜ੍ਹੀ ਸੁਹਣੀ ਹੈ, ਮੁਖੜਾ ਚੰਦਰਮਾਂ ਤੇ ਜਸ (ਵਰਗਾ ਯਾ ਸਮੇਤ) ਉੱਜਲ ਹੈ।

*ਗੁਰੂ ਜੀ ਨੇ ਬੁੱਢੇ ਦੇ ਵਾਕ ਨੂੰ ਸ੍ਰਾਪ ਵਰਣਨ ਕੀਤਾ ਹੈ, ਪਰ ਜਿਸ ਨੁਕਤਾ ਖਿਆਲ ਤੇ ਕਵਿ ਜੀ ਖੜੇ ਹਨ, ਉਸ ਤੋਂ ਦੇਖਿਆਂ ਸਪਸ਼ਟ ਹੈ, ਕਿ ਕਾਜ਼ੀ ਦੀ ਧੀ ਤਪੱਸ੍ਵਿਨਿ ਸੀ, ਬਹੁਤ ਘਾਲਾਂ ਕਰ ਚੁੱਕੀ ਹੋਈ ਸੀ, ਬੁੱਢਾ ਜੀ ਉਸ ਦੀ ਘਾਲ ਸਫਲੀ ਕਰਕੇ ਉਸ ਦਾ ਉਧਾਰ ਚਾਹ ਰਹੇ ਸਨ।

†ਪਾ:—ਸ਼ਮਸ ਸ਼ਨੀ। ਪੁਨ: ਸ਼ਮਸ ਨੀਕ ਮੁਖ ਸਸਿ ਕੁਜ ਸਨਯੋ।=ਦਾੜ੍ਹਾ (ਸ਼ਨੀ ਵਰਗਾ=) ਕਾਲਾ, ਮੂੰਹ ਚੰਦ੍ਰਮਾ (ਵਰਗਾ ਚਿਟਾਂ ਤੇ ਚਿਹਰੇ ਦੀ ਲਾਲੀ) ਮੰਗਲ ਵਰਗੀ।

ਬਿਲੋਚਨ ਸ਼ੋਭਾ। ਅਵਿਲੋਕਤਿ ਕਿਸ ਨਹਿਂ ਮਨ ਲੋਭਾ॥ ੨੦॥ ਕੋਰ ਦਾਰ ਹੀਰੇ ਬਰ ਚੀਰੇ। ਜਿਗਾ ਬਧੀ ਛਬਿ ਊਪਰ ਚੀਰੇ। ਮੁਕਤਾ ਉੱਜਲ ਗੋਲ ਬਿਸਾਲਾ। ਕੁੰਡਲ ਮੁਖ ਮੰਡਲ ਪਰ ਝਾਲਾ ॥੨੧॥ ਕੰਚਨ ਕੰਕਨ ਜਰੇ ਜਵਾਹਰ। ਮੁਕਤਾ ਮਾਲ ਬਿਸਾਲੀ ਜ਼ਾਹਰ। ਸੂਖਮ ਬਸਤ੍ਰ ਸਰੀਰ ਸੁਹਾਏ। ਖੜਗ ਸਿਪਰ ਦੋਨਹੁ ਅੰਗ ਲਾਏ॥੨੨॥ ਕਸ਼ਾ ਗੁਰ ਸ਼ੋਭਾ ਕਰੌਂ ਉਚਾਰੀ। ਅਪਰ ਨ ਪੱਧਤਿ ਜਿਨ ਅਨੁਹਾਰੀ। ਜਬਰ ਜਵਾਹਰ ਜ਼ਾਹਰ ਜਰੇ। ਹਯਪਰ ਜ਼ੀਨ ਸਜਾਵਨਿ ਕਰੇ ॥੨੩॥ ਡੀਲ ਬਿਲੰਦ ਗੁਰੂ ਦੁਤਿ ਸੰਗਿ। ਭਏ ਅਰੋਹਨਿ ਤਿਸੀ ਤੁਰੰਗ। ਸਿਖ ਸੇਵਕ ਸਭਿ ਬਰਜਿ ਹਟਾਏ। ਏਕ ਨਫਰ[1] ਲੇ ਸੰਗ ਸਿਧਾਏ ॥੨੪॥ ਜਹਿਂ ਕਾਜ਼ੀ ਕੋ ਦੀਰਘ ਮੰਦਿਰ। ਸੁੰਦਰ ਬਿਸਦ[2] ਵਹਿਰ ਅਰੁ ਅੰਦਰ। ਕਰੇ ਝਰੋਖੇ ਰਾਖਿ ਦਰੀਚੀ[3]।ਬਨੀ ਸੁ ਬੈਠਕ ਊਚੀ ਨੀਚੀ ॥੨੫॥ ਬਹੁ ਪਰਦੇ ਜੁਤਿ ਬਸਹਿਂ ਜ਼ਨਾਨੇ। ਆਇ ਨ ਜਾਨੇ* ਬਾਹਰ ਖਾਨੇ। ਇਕ ਕਾਜ਼ੀ ਕੀ ਸੁਤਾ ਕੁਮਾਰੀ। ਮਨਹੁ ਮਦਨ ਨਿਜ ਹਾਥ ਸੁਧਾਰੀ[4] ॥੨੬॥ ਕਿਧੌਂ ਚੰਦ੍ਰਮਾ ਚੀਰ ਨਿਕਾਰੀ। ਜਨੁ ਰੰਭਾ ਮਹਿਤਲ[5] ਪਗ ਧਾਰੀ। ਅੰਗ ਅੰਗ ਜਿਸ ਕੇ ਤਰੁਨਾਈ[6]। ਸਹਜ ਸੁਭਾਇ ਝਰੋਖੇ ਆਈ ॥੨੭॥ ਇਤ ਕੂਦਤਿ ਲਘੁ ਛਾਲ ਤੁਰੰਗ। ਆਇ ਸੁਹਾਵਤਿ ਮਨਹੁਂ ਅਨੰਗ। ਸੁਨਯੋ ਸ਼ਬਦ ਹਯ ਕੂਦਨਿ ਕੇਰੋ। ਹੇਰਨਿ ਲਗੀ ਬਦਨ ਇਤ ਫੇਰੋ ॥੨੮॥ ਦੇਖਤਿ ਰੂਪ ਅਧਿਕ ਅਕੁਲਾਈ। ਮਨਹੁ ਰੰਕ ਕੇ ਢਿਗ ਨਿਧਿ ਆਈ। ਬਹੁਤ ਛੁਧਿਤਿ ਜੈਸੇ ਨਰ ਕੋਇ। ਮਨਹੁ ਅਹਾਰ ਦੇਤਿ ਢਿਗ ਹੋਇ ॥੨੯॥ ਮਹਾਂ ਤਪਤ ਤੇ ਲਾਗਿਸਿ ਪਯਾਸਾ। ਪਿਯਨਿ ਚਹਤਿ ਜਲ ਹ੍ਵੈ ਕਰਿ ਪਾਸਾ। ਮਨਹੁਂ ਪ੍ਰਤੀਖਤ[7] ਹੁਤੀ ਚਕੋਰੀ। ਔਚਕ ਚੰਦ੍ਰ ਚਿਤਯੋ ਚਿਤ ਚੋਰੀ[8] ॥੩੦॥ ਅਵਿਲੋਕਤਿ ਰਹਿ ਗੀ ਇਕ ਟਕ ਹੀ। ਭਈ ਅਚੰਚਲ[9] ਮੁਖ ਕੋ ਤਕਹੀ। ਦ੍ਰਿਗ ਬਿਸਤਰਤਿ ਕਮਲ ਜਨੁ ਫੂਲੇ। ਲਾਜ ਸਮੇਤ ਅਪਨਪੌ ਭੂਲੇ ॥ ੩੧ ॥ ਪ੍ਰਥਮ ਕਿਵਾਰ ਓਟ ਮਹਿਂ ਦੁਰੀ। ਬਹੁਰ ਵਹਿਰ ਭੀ ਸਨਮੁਖ ਖਰੀ। ਮਨਹੁਂ ਮ੍ਰਿਗੀ ਹ੍ਵੈ ਮੋਹਿਤਿ ਰਹੀ। ਪਾਛੇ ਹਟਨਿ ਹੋਤਿ ਕਿਮ ਨਹੀਂ ॥੩੨॥ ਤਿਸ ਕੋ ਪ੍ਰੇਮ ਹੇਰਿ ਕਰਿ ਘਨੋ। ਖਰੀ

[1]ਨੌਕਰ। [2]ਉੱਜਲ। [3]ਬਾਰੀਆਂ। [4]ਭਾਵ ਬਹੁਤ ਸੁਹਣੀ। [5]ਪ੍ਰਿਥਵੀ ਤੇ। [6]ਜੋਬਨ। [7]ਉਡੀਕਦੀ ਸੀ। [8]ਅਚਾਨਕ ਚੰਦਰਮਾ ਦੇਖਿਆ ਤੇ ਚਿਤ ਚੁਰਾਇਆ ਗਿਆ। [9]ਭਾਵ ਵਿਸਮਾਦ ਹੋ ਗਈ।

*ਪਾਃ—ਜਾਇ ਨ ਜਾਨੇ।

ਕਰੀ ਬੱਧਜਤਿ ਕਿਨ ਮਨੋ[1]*।ਆਤੁਰ ਕੋ ਬਿਲੋਕਿ ਮਨ ਭੀਨੌ[2]। ਬਾਜੀ ਕੋ ਟਿਕਾਇ ਤਬਿ ਲੀਨੋ॥੩੩॥ਕਿਤੀ ਬੇਰ ਬੀਤੀ ਜਬਿ ਖਰੋ।ਇਤ ਉਤ ਕੌਲਾਂ ਨੈਨ ਨ ਕਰੇ। ਤਪਤ ਘਾਮ ਤੇ ਬਹੁ ਅਕੁਲਾਵੈ। ਬਜਾਕੁਲ ਭਯੋ ਛਾਂਵ ਪੁਨ† ਪਾਵੈ॥੩੪॥ ਤਯਾਗ ਨ ਸਕਹਿ ਰਹਹਿ ਥਿਰ ਜੈਸੇ[3]।ਗਾਢੀ‡ ਹੁਇ ਠਾਂਢੀ ਤਹਿਂ ਐਸੇ।ਰਿਦੇ ਬਿਚਾਰਤਿ–ਹੈ ਇਹ ਕੌਨ?। ਮਨਹੁਂ ਚੰਦ ਆਯੋ ਤਜਿ ਭੌਨ॥੩੫॥ ਮਹਾਂ ਛੈਲ ਛਬਿ ਛਕਯੋ ਛਬੀਲਾ।ਕਹਾਂ ਬਸਹਿ ਠਾਨਤਿ ਨਿਜ ਲੀਲਾ?। ਜਿਨਹੁਂ ਤ੍ਰਿਯਨਿ ਕੇ ਹੈਂ ਬਡ ਭਾਗ। ਮਿਲਯੋ ਤਿਨਹੁਂ ਇਹ ਪੁਰਖ ਸੁਹਾਗ§॥ ੩੬ ॥ ਜਗ ਮਹਿਂ ਹੋਨਿ ਤਿਸੀ ਕਹੁ ਧੰਨ। ਜਿਸ ਕੋ ਹਸਿ ਕਰਿ ਮਿਲਹਿਂ ਪ੍ਰਸੰਨ। ਮੈਂ ਕਿਮ ਇਨ ਸੋਂ ਬੋਲਨਿ ਕਰੋਂ। ਨਹਿਂ ਚਿਨਾਰਿ ਮੈਂ ਪੂਰਬ ਧਰੌਂ॥੩੭॥ਕੌਨ ਭੇਤ ਮੁਝ ਆਨਿ ਬਤਾਵੈ।ਮਿਲ ਬੋਲੇ ਬਿਨ ਮਨੁ ਅਕੁਲਾਵੈ।ਕੋ ਉਪਾਇ ਮੈਂ ਕਰੋਂ ਕੁਭਾਗਨਿ।ਪਿਖਿ ਸਰੂਪ ਹੋਈ ਅਨੁਰਾਗਨਿ॥੩੮॥ ਪਰ ਬਸਿ ਮਨ ਭਾ ਨਹਿਂ ਬਸਿ ਰਹਯੋ। ਸੁੰਦਰ ਚੰਦ ਦੂਸਰੋ ਲਹਯੋ–। ਇਕ ਟਕ ਦੇਖਤਿ ਰਿਦੈ ਬਿਚਾਰਤਿ। ਮਿਲਨ ਹੇਤੁ ਆਤੁਰਤਾ ਧਾਰਤਿ॥੩੯॥ ਇਤਨੇ ਮਹਿਂ ਕਾਜ਼ੀ ਚਲਿ ਆਯੋ। ਪਿਖਹਿਂ ਪਰਸਪਰ ਤਬਿ ਦ੍ਰਿਸ਼ਟਾਯੋ। ਮਹਾਂ ਕ੍ਰੋਧ ਜਾਗਯੋ ਜਰ ਗਯੋ। ਸਦਨ ਪ੍ਰਵੇਸ਼ ਸ਼ੀਘ੍ਰ ਹੀ ਭਯੋ॥੪੦॥ ਨਿਜ ਤਨੁਜਾ ਕੋ ਪਿਖਿ ਰਿਸ ਭਰਯੋ। ਚਾਬਕ ਪਰਯੋ ਤੁਰਤ ਕਰ ਧਰਯੋ। ਮਾਰਤਿ ਭਯੋ ਤ੍ਰਾਸ ਨਹਿਂ ਠਾਨਾ। ਕਹਤਿ:'ਕ੍ਰੂਰ[5]! ਖੋਈ ਕੁਲ ਕਾਨਾ॥੪੧॥ ਹਿੰਦੁਨ ਕੇ ਗੁਰ ਕੋ ਤੂੰ ਹੇਰੈਂ!। ਜਨਮੀ ਕਹਾਂ ਮੰਦ ਤੂ ਮੇਰੈ!'। ਬਹੁ ਚਾਬਕ ਮਾਰੇ ਬਲ ਸੰਗਿ। ਉਤਰਯੋ ਚਰਮ ਲਗੇ ਸਭਿ ਅੰਗਿ॥੪੨॥ ਹਾਇ ਹਾਇ ਕਰਿ ਰਹੀ ਬਿਚਾਰੀ। ਸੁਨਿ ਦੌਰੀ ਤਿਸ ਕੀ ਮਹਿਤਾਰੀ। ਝਿਰਕਯੋ ਕਾਜ਼ੀ[6] ਚਾਬਕ ਛੀਨਾ। 'ਕਯੋਂ ਨਿਜ ਸੁਤਾ ਹਤੀ

[1]ਮਾਨੋਂ ਬੰਨ੍ਹਕੇ ਕਿਸੇ ਨੇ ਖੜੀ ਕੀਤੀ ਹੋਈ ਹੈ। [2](ਕੌਲਾਂ ਦਾ) ਮਨ (ਪ੍ਰੇਮ ਨਾਲ) ਭਿੱਜਿਆ ਤੇ ਦੁਖੀ ਦੇਖਕੇ। [3](ਕੋਈ) ਧੁੱਪ ਦੀ ਤੱਪਸ਼ ਤੋਂ ਬਹੁਤ ਘਬਰਾਵੇ ਤੇ ਬਜਾਕੁਲ ਹੋਏ ਨੂੰ ਫਿਰ ਛਾਉਂ ਮਿਲ ਜਾਵੇ, ਜੈਸੇ (ਉਹ ਛਾਂ ਨੂੰ) ਛੋਡ ਨਹੀਂ ਸਕਦਾ, ਥਿਰ ਹੋ ਜਾਂਦਾ ਹੈ। [4]ਤਿਵੇਂ (ਕੌਲਾਂ) ਦ੍ਰਿੜ ਹੋਕੇ ਓਥੇ ਖੜੀ ਰਹੀ। [5]ਖੋਟੀਏ! [6]ਕਾਜ਼ੀ ਨੂੰ। *ਇਥੇ ਕਵਿ ਜੀ ਪਿਛਲੇ ਕੀਤੇ ਤਪਾਂ ਆਦਿ ਕਰਮਾਂ ਵਲ ਸੈਨਤ ਸੁੱਟਦੇ ਹਨ, ਕਿ ਉਨ੍ਹਾਂ ਸ਼ੁਭ ਕਰਮਾਂ ਨੇ ਬੰਨ੍ਹਕੇ ਖੜੀ ਕੀਤੀ ਹੈ ਮਾਨੋਂ।

†ਪਾ:–ਭਿਨ। ‡ਪਾ:–ਗਾਡੀ। §ਕਵਿ ਜੀ ਦੀ ਕਲਮ ਸ਼ਿੰਗਾਰ ਰਸ ਦੇ ਵੇਗ ਵਿਚ ਇਹ ਰੂਪਕ ਪ੍ਰੇਮ ਦੀ ਪ੍ਰਾਗਲਭਤਾ ਦਾ ਬੰਨ੍ਹ ਗਈ ਹੈ।ਉਂਞ ਤਪੱਸ੍ਵੀ ਦਾ ਮਨ ਉੱਚੇ ਪ੍ਰੇਮ ਦੇ ਰੰਗ ਵਿਚ ਹੈ। ਕੌਲਾਂ ਦੇ ਸੁੱਚੇ ਪ੍ਰੇਮ ਦੇ ਨਿਰਣਯ ਲਈ ਦੇਖੋ ਰਾਸ ੬ ਅੰਸੂ ੨੪ ਅੰਕ ੧੧ ਦੀ ਹੇਠਲੀ ਟੂਕ।

ਦੁਖ ਦੀਨਾ? ॥ ੪੩ ॥ ਮਮ ਢਿਗ ਤੇ ਅਬਿ ਹੀ ਚਲਿ ਆਈ। ਕਹਾਂ ਭਯੋ ਠਾਂਢੀ ਇਸ ਥਾਈਂ। ਸੁਤਾ ਤਰੁਨ ਕੋ ਮਾਰਨਿ ਕਰੈਂ। ਸੁਨਹਿਂ ਅਪਰ ਸ਼ੰਕਾ ਸਭਿ ਧਰੈਂ ॥ ੪੪ ॥ ਕਯੋਂ ਅਪਨੀ ਪਤਿ ਲਾਜ ਗਵਾਵਹਿਂ[1]। ਹਸਹਿਂ ਲੋਕ ਕਰ ਤਾਲ ਬਜਾਵਹਿਂ[2]। ਰਿਸ ਮੈਂ ਕਹਤਿ 'ਖਰੋ ਗੁਰੁ ਹਿੰਦੂ। ਨਾਮ ਜਾਂਹਿ ਸ਼੍ਰੀ ਹਰਿ ਗੋਬਿੰਦੂ ॥੪੫॥ ਤਰੈ ਖਰੋ ਤਿਸ ਕੀ ਦ੍ਰਿਸ਼ਿ ਦੇਖੈ। ਤਨੁਜਾ ਦੇਹਿ[3] ਕਲੰਕ ਵਿਸ਼ੇਖੈ। ਨਹਿਂ ਸਮੀਪ ਰਾਖਹਿਂ ਰਖਵਾਰੀ[4]। ਪਿਖੋਂ ਵੇਰ ਮੈਂ ਦੈ ਹੌਂ ਮਾਰੀ' ॥ ੪੬ ॥ ਇਮ ਕਹਿ ਕਾਜ਼ੀ ਬਹੁ ਦੁਖ ਪਾਇਸਿ। ਵਹਿਰ ਨਿਕਟਿ ਬੈਠਯੋ ਪਛੁਤਾਇਸਿ। ਸਤਿਗੁਰ ਗਏ ਆਪਨੇ ਡੇਰੇ। ਉਤਰਿ ਬਿਰਾਜੇ ਪ੍ਰਭੂ ਬਡੇਰੇ ॥ ੪੭ ॥ ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪੰਚਮ ਰਾਸੇ 'ਕਾਜ਼ੀ ਪ੍ਰਸੰਗ' ਬਰਨਨੰ ਨਾਮ ਅਸ਼ਟ ਦਸਮੋ ਅੰਸੂ ॥੧੮॥

੧੪. [ਕਉਲਾਂ ਦੀ ਪ੍ਰਾਰਥਨਾ]।

ਦੋਹਰਾ॥ ਤਿਸ ਕੀ ਮਹਿਤਾਰੀ ਤਬੈ ਦੁਹਿਤਾ ਲਈ ਉਠਾਇ। 'ਹਾਇ ਹਾਇ' ਸੋ ਕਰਿ ਰਹੀ ਮ੍ਰਿਦੁਲ ਸੇਜ ਪਰ ਪਾਇ* ॥ ੧ ॥ ਚੌਪਈ ॥ ਚੋਟਨਿ ਕੋ ਕੀਨਸਿ ਉਪਚਾਰੀ। ਪਿਖਿ ਕਾਜ਼ੀ ਕੋ ਕਾਢਤਿ ਗਾਰੀ। ਦੇਤੀ ਧੀਰਜ ਸਹਤ ਦਿਲਾਸਾ। ਕਿਤਿਕ ਕਾਲ ਥਿਤ ਤਨੁਜਾ ਪਾਸਾ ॥ ੨ ॥ ਪੁਨ ਦਾਸੀ ਕੋ ਨਿਕਟ ਬਿਠਾਯੋ। ਆਪ ਅਪਰ ਕਾਰਜ ਚਿਤ ਲਾਯੋ। ਕੌਲਾਂ ਤਨ ਮਨ ਤੇ ਦੁਖ ਪਾਇ। ਹਾਇ ਹਾਇ ਕਰਤੀ ਬਿਲਲਾਇ ॥ ੩ ॥ ਦਾਸੀ ਨੇ ਤਿਸ ਚਿਤ ਕੀ ਜਾਨੀ। ਗੁਪਤ ਬਾਰਤਾ ਬੂਝਨਿ ਠਾਨੀ। 'ਕੌਨ ਹੁਤੋ ਜਿਸ ਦੇਖਤਿ ਰਹੀ ?। ਪਿਖਿ ਕਾਜ਼ੀ ਹਟਕੇ ਦ੍ਰਿਗ ਨਹੀਂ[5]॥੪॥ ਤਬਿ ਕੌਲਾਂ ਨੇ ਸਕਲ ਬਤਾਈ। 'ਤਿਸ ਨਰ ਕੀ ਸੁਧਿ ਮੋਹਿ ਨ ਕਾਈ। ਪਿਖਯੋ ਅਚਾਨਕ ਮਨ ਠਗਿ ਲਯੋ। ਰਹੀ ਨ ਸੁਧਿ ਜੜ੍ਹ ਸਮ ਤਨ ਭਯੋ ॥੫॥ ਕਾਜ਼ੀ ਨੇ ਮਾਰਤਿ ਲਿਯ ਨਾਮੂ। ਗੁਰੁ ਹਿੰਦੁਨ ਕੋ ਮੁਖ ਅਭਿਰਾਮੂ। ਸ਼੍ਰੀ ਹਰਿ ਗੋਬਿੰਦ ਮਹਾਂ ਬਿਚੱਛਨ[6]। ਮਹਾਂਰਾਜ ਕੇ ਜਿਸ ਮਹਿਂ ਲੱਛਨ ॥ ੬ ॥ ਕਯਾ ਉਪਮਾ ਕਰਿ ਤੋਹਿ ਸੁਨਾਵੋਂ। ਜਿਸ ਕੇ ਸਮ ਕੋ ਅਪਰ ਨ ਪਾਵੋਂ। ਕਾਜ਼ੀ ਨੇ ਮਾਰੀ, ਗੁਨ ਭਯੋ। ਨਾਮ ਪਤਾ ਪ੍ਰਿਯ ਕੋ ਸੁਨਿ ਲਯੋ ॥੭॥ ਹੇ ਦਾਸੀ ਤੂੰ ਕਰਿ ਉਪਕਾਰ। ਬਿਰਹਿਂ ਕਹਾਂ, ਖੋਜਹੁ ਹਿਤ ਧਾਰਿ। ਬਹੁ ਧਨ ਦੇਹੋਂ ਮਾਨਿ ਇਸਾਨ[7]। ਜੋ

---

[1]ਕਿਉਂ ਆਪਣੀ ਇਜ਼ਤ (ਤੇ ਲੜਕੀ ਦੀ) ਲੱਜਯਾ ਨੂੰ ਵੰਵਾਉਂਦਾ ਹੈ। [2]ਤਾਉੜੀਆਂ ਮਾਰਨਗੇ। [3]ਦੇਵੇਗੀ। [4](ਤੂੰ) ਕੋਲ ਹੁੰਦਿਆਂ ਰਾਖੀ ਨਹੀਂ ਰੱਖਣੀਏਂ। [5]ਨੇਤ੍ਰ ਨਹੀਂ ਹਟਾਏ। [6]ਪ੍ਰਬੀਨ। [7]ਅਹਿਸਾਨ। *ਪਾ:-ਮ੍ਰਿਦੁਲ ਸੇਜੋ ਪਰ ਜਾਇ।

ਬਚਾਇ ਰਾਖੇਂ ਮਮ ਜਾਨ ॥੮॥ ਪ੍ਰਾਨ ਦਾਨ ਤੇ ਭਲੋ ਨ ਔਰ। ਕਰਹੁ ਸਹੀ ਪਾਵਹਿਂ ਜਿਸ ਠੌਰ'। ਸੁਨਿ ਦਾਸੀ ਨੇ ਸਕਲ ਸੁਨਾਯੋ। 'ਕਈ ਬਾਰਿ ਮੈਂ ਦਰਸ਼ਨ ਪਾਯੋ ॥੯॥ ਡੇਰਾ ਨਿਕਟਿ ਸੁ ਜਾਨਿ ਹਮਾਰੇ। ਪੂਜਹਿਂ ਆਵਹਿਂ ਲੋਕ ਹਜ਼ਾਰੇ। ਧਰਹਿਂ ਭਰੋਸਾ ਗੁਰੁ ਪਰ ਐਸੇ। ਜਮ ਕੇ ਕਸ਼ਟ ਛੁਟਾਵਹਿਂ ਜੈਸੇ ॥ ੧੦ ॥ ਪਰਹਿਂ ਚਰਨ ਲਾਖਹੁਂ ਧਨ ਦੇਤਿ। ਹੇਤੁ ਪ੍ਰਲੋਕ ਸਫਲ ਕਰਿ ਲੇਤਿ। ਵਡੀ ਭੀਰ ਚਹੁਂ ਦਿਸ਼ਿ ਕੇ ਲੋਕ। ਅਰਪਿ ਉਪਾਇਨ ਹੋਤਿ ਅਸ਼ੋਕ' ॥੧੧॥ ਸੁਨਿ ਕੌਲਾਂ ਪਰਫੁੱਲਜਤ ਹੋਈ। ਪਾਇ ਕਲਪ ਤਰੁ ਜਿਮ ਨਰ ਕੋਈ। 'ਹੇ ਦਾਸੀ ਤੂ ਧੰਨ ਮਹਾਨੀ। ਕਰਿ ਮੇਰੋ ਸੰਕਟ ਅਬਿ ਹਾਨੀ॥ ੧੨ ॥ ਮੋਹਿ ਬ੍ਰਿਥਾ ਕਿਮ ਜਾਇ ਸੁਨਾਵਹੁ। ਚਹੈਂ ਕਿ ਨਹੀਂ, ਭੇਦ ਸਭਿ ਪਾਵਹੁ। ਪਠਿ ਕਿਤਾਬ ਪਰਸੰਗੁ ਸੁ ਹੇਰੇ—ਪਰਮ ਪੁਰਖ ਬਸਿ ਪ੍ਰੇਮ ਘਨੇਰੇ—॥ ੧੩॥ ਰੰਕ ਰਾਉ ਕੋ ਜਾਨਹਿਂ ਨਾਂਹੀ। ਪ੍ਰੀਤਿ ਕਰਹਿ ਤਿਸ ਰਾਖਹਿਂ ਪਾਹੀ। ਮੈਂ ਤਿਨ ਕੀ ਤਨ ਮਨ ਤੇ ਦਾਸੀ। ਬਿਨਾਂ ਮੋਲ ਸੇਵੌਂ ਨਿਤ ਪਾਸੀ' ॥੧੪॥ ਦਾਸੀ ਕਹੇ 'ਕਹੌਂ ਕਿਮ ਜਾਇ ?। ਨਹੀਂ ਚਿਨਾਰੀ ਕਬਿ ਤਿਨ ਪਾਇ। ਬ੍ਰਿੰਦ ਨਰਨਿ ਮਹਿਂ ਗਮਨਹੁਂ ਕੈਸੇ। ਅਪਰ ਕਰਹੁ ਬਿਧਿ ਕਹੌਂ ਸੁਜੈਸੇ[1] ॥੧੫॥ ਲਿਖਿ ਕਾਗਦ ਪਰ ਅਪਨਿ ਬ੍ਰਿਤਾਂਤ। ਜਿਮ ਸਜ਼ਾਇ ਹੋਈ ਸਭਿ ਗਾਤ। ਮਨ ਕੋ ਪ੍ਰੇਮ ਬਿਨੈ ਬਹੁ ਬਾਰੀ। ਲਖਹਿਂ ਹਕੀਕਤ ਕੋ ਜਿਮ ਸਾਰੀ' ॥੧੬॥ ਸੁਨਿ ਦਾਸੀ ਤੇ ਉਰ ਹਰਖਾਈ। 'ਸਦਾ ਆਫਰੀਂ[2] ਨੀਕ ਬਤਾਈ'। ਸਰਬ ਪੀਰ[3] ਕੋ ਪਰਿਹਰਿ ਤਬੈ। ਕਹਜੋ 'ਆਨਿ ਕਾਗਦ ਮਸੁ ਅਬੈ' ॥ ੧੭ ॥ ਕਲਮਦਾਨ ਕਾਜ਼ੀ ਕੋ ਹੇਰਾ। ਉਠਿ ਦਾਸੀ ਲਜਾਈ ਤਿਸ ਬੇਰਾ। ਪੂਰਬ ਲਿਖੀ ਜੋਰਿ ਕਰ ਬੰਦਨ। 'ਜਸੁ ਤੁਮਰੋ ਜਗ ਦੋਸ਼ ਨਿਕੰਦਨਿ ॥੧੮॥ ਦੋਹਰਾ। —ਦੇਤਿ ਮਹਾਂ ਜਮ ਸ਼ਾਸਨਾ ਤੁਮ ਦੇਖੇ ਛੁਟਿ ਜਾਇ। ਇਸ ਹਿਤ ਦਰਸ਼ਨ ਆਪ ਕੋ ਕਰਹਿਂ ਆਨਿ ਸਮੁਦਾਇ— ॥੧੯ ॥ ਚੌਪਈ ॥ ਕਹੈਂ ਸੁਜਸੁ ਤੁਮਰੋ ਇਸ ਰੀਤਿ। ਸੋ ਮੁਝਕੋ ਬਰਤਜੋ ਬਿੱਪ੍ਰੀਤਿ। ਸੰਸੈ ਭਯੋ—ਕਹਤਿ ਇਹ ਝੂਠੇ?। ਕਿਧੌਂ ਕਰਮ ਹੈਂ ਮੋਰ ਅਪੂਠੇ? ॥ ੨੦ ॥ ਏਕ ਘਰੀ ਮੈਂ ਦਰਸ਼ਨ ਕੀਨਾ। ਪ੍ਰੇਮ ਕਾਮਨਾ ਤੇ ਮਨ ਦੀਨਾ। ਮਾਰਿ ਕਹਿਰ ਕੀ ਮੋ ਪਰ ਹੋਈ—। ਯਾਂਤੇ ਮੈਂ ਬਿਚਾਰ ਕਰਿ ਜੋਈ ॥ ੨੧ ॥—ਜੋ[4] ਤੁਮਰੋ ਨਿਤ ਦਿਰਸ਼ਨ ਕਰੈਂ। ਬਚਨ ਅਨੰਦ ਸੁਨਿ ਕੈ ਮਨ ਧਰੈਂ। ਤਿਨਹੁ ਸਜ਼ਾਇ ਨਿਰੰਤਰ ਚਹਿਯਤਿ। ਰੂਪ

[1] ਜਿਵੇਂ ਮੈਂ ਤੈਨੂੰ ਦੱਸਦੀ ਹਾਂ। [2] ਸੈ ਸ਼ਾਬਾਸ [ਫਾ:, ਸਦ ਆਫਰੀਂ]। [3] ਪੀੜਾ। [4] ਜੋ।

ਸੁਧਾ ਕੇ ਤਸਕਰ ਲਹਿਯਤਿ[1]–॥੨੨॥–ਦੀਨ ਦੁਨੀ ਮਹਿਂ ਹੁਜਹੁ[2] ਵਾਲੀ –। ਸੋ ਪ੍ਰਸੰਗ ਪਰਿਗਾ ਸਭਿ ਖਾਲੀ। ਸੁਨੇ–ਪੀਰ ਕੇ ਪੀਰ ਬਡੇਰੇ[3]–। ਅਸ ਸੰਸਾ ਉਪਜਤਿ ਉਰ ਮੇਰੇ' ॥ ੨੩ ॥ ਇੱਤ੍ਯਾਦਿਕ ਲਿਖਿ ਕਾਗਦ ਆਛੇ। ਕਹ੍ਯੋ ਜਿ 'ਮਮ ਤੂੰ ਜੀਵਨਿ ਬਾਂਛੇ। ਇਕ ਬਾਹ ਗੁਰੁ ਕਰ ਪਕਰਾਵੋ। ਪੁਨਿ ਸੁਨਾਉ ਜਿਮ ਉੱਤਰ ਪਾਵੋ ॥੨੪॥ ਦੈਹੋਂ ਦਰਬ ਬਿਭੂਖਨ ਨਾਨਾ। ਰੰਗ-ਦਾਰ ਅੰਬਰ ਦੁਤਿਵਾਨਾ। ਨਹਿਂ ਬਿਸਰੌਂ ਕਬਿ ਤੋਰ ਅਸਾਨਾ[4]। ਮੋਕੋ ਕਰਹਿਂ ਪ੍ਰਾਨ ਕੋ ਦਾਨਾ' ॥੨੫॥ ਸੰਧ੍ਯਾ ਭਈ ਤਿਮਰ ਕੁਛ ਛਾਯੋ। ਦਾਸੀ ਸਮਾ ਜਾਨਿ ਕੋ ਪਾਯੋ। ਬਿਸਦ ਬਿਸਾਲ ਬਸਤ੍ਰ ਬਰ ਲੀਨਾ। ਤਨ ਸਗਰੋ ਆਛਾਦਨ ਕੀਨਾ ॥੨੬॥ ਡੇਰੇ ਨਿਕਟ ਜਾਇ ਸਿਖ ਹੇਰਾ। 'ਦਿਹੁ ਕਾਗਦ ਗੁਰ ਕੋ ਇਸ ਬੇਰਾ'। ਲੇ ਤਿਸ ਨੇ ਅਰਪ੍ਯੋ ਤਤਕਾਲਾ। ਪਢ੍ਯੋ ਖੋਲ ਕਰਿ ਅਖਿਲ ਹਵਾਲਾ ॥ ੨੭ ॥ ਪ੍ਰੇਮਾਤੁਰ ਦੀਨਾ ਬਹੁ ਡੀਠਿ[5]। ਲਿਖ੍ਯੋ ਤਿਸੀ ਕਾਗਦ ਕੀ ਪੀਠਿ। 'ਜੋ ਜ਼ਹਾਜ਼ ਚਢਿ ਗਏ ਹਮਾਰੇ[6]। ਦੀਨ ਦੁਨੀ ਹਮ ਤਿਸ ਰਖਵਾਰੇ ॥੨੮॥ ਬਿਨਾਂ ਜਹਾਜ਼ ਚਢੇ ਨਹਿਂ ਵਾਲੀ। ਬਡ ਪੁਰ-ਸ਼ਨਿ ਕੀ ਹੈ ਅਸ ਚਾਲੀ'। ਤਿਹ ਸਿਖ ਕੇ ਕਰ ਬਹੁਰ ਪਠਾਯੋ। ਦਿਯੋ ਆਨਿ ਅਰੁ ਭੇਵ ਬਤਾਯੋ॥੨੯॥ਉੱਤਰ ਸਤਿਗੁਰ ਨੇ ਲਿਖਿ ਦੀਨਾ।ਸੁਨਿ ਹਰਖੀ ਕਾਗਦ ਸੋ ਲੀਨਾ। ਕੌਲਾਂ ਕੇ ਕਰ ਸੋ ਪਕਰਾਯੋ। ਦੇਨਿ ਰੁ ਲੇਨਿ ਪ੍ਰਸੰਗ ਬਤਾਯੋ ॥੩੦॥ ਸਭਿ ਤੇ ਛਪ ਕਰਿ ਦੀਪਕ ਪਾਸ। ਖੋਲਿ ਬਿਲੋਕ੍ਯੋ ਹੋਤਿ ਹੁਲਾਸ। ਉੱਤਰ ਪਠ੍ਯੋ ਪ੍ਰੇਮ ਤੇ ਗਦਗਦ। ਰਿਦੇ ਅਨੰਦਤਿ ਫਿਰਿ ਫਿਰਿ ਬਦ ਬਦ[7] ॥੩੧ ॥ ਕਲਮਦਾਨ ਲੇ ਹੋਇ ਅਕੇਲੀ। ਲਿਖ੍ਯੋ ਬਹੁਰ ਉਰ ਦੀਹ ਦੁਹੇਲੀ[8]। 'ਸੁਨੀਅਹਿ ਗੁਰੂ ਗਰੀਬ ਨਿਵਾਜੂ ! ਮੈਂ ਤਨ ਮਨ ਤੇ ਚਢੀ ਜਹਾਜੂ॥੩੨॥ ਆਪ ਸੰਭਾਰੋ ਗਹੀਅਹਿ ਬਾਹੂੰ। ਕਰੋਂ ਸੇਵ ਦਾਸੀ ਪਗ ਪਾਹੂੰ। ਕੈ ਨਿਜ ਕਰ ਤੇ ਦੇਹੁ ਧਕੇਲਾ।ਮਰੋਂ ਤੁਰਤ ਪਾਸੀ ਗਰ ਮੇਲਾ[9] ॥੩੩॥ਪਿਤ ਕੇ ਘਰ ਮੈਂ ਜਿਯੋਂ ਨ ਕੈਸੇ।ਮਹਾਂ ਰੋਗ ਤੇ ਆਤੁਰ ਜੈਸੇ। ਦੁਇ ਮਹਿਂ ਏਕ ਬਾਤ ਹੁਇ ਮੋਹੀ।ਕੈ ਮਰਿ ਹੌਂ ਕੈ ਦੇਖੋਂ ਤੋਹੀ॥੩੪॥ਘੋਰਿ[10] ਮਹਾਂ

[1](ਉਹ ਆਪ ਦੇ) ਰੂਪ ਅੰਮ੍ਰਿਤ ਦੇ ਚੋਰ ਜਾਣਨੇ ਚਾਹਿਯੇ। [2]ਹੁੰਦੇ ਹੋ। [3]ਮੈਂ ਸੁਣਿਆਂ ਸੀ ਕਿ ਤੁਸੀਂ ਵਡੇਰੇ ਪੀਰ ਹੋ (ਪਰ ਤੁਸੀਂ ਪੀਰ ਹੋ ਕਿ) ਪੀੜਾ ਹੋ। (ਅ) ਤੁਸੀ ਪੀਰਾਂ ਤੋਂ ਵਡੇ ਪੀਰ ਸੁਣੇ ਸਾਓ। [4]ਅਹਿਸਾਨ, ਉਪਕਾਰ। [5]ਬਹੁਤ ਪ੍ਰੇਮਾਤੁਰ ਤੇ ਨਿਮਾਣਿਆਂ ਡਿੱਠਾ (ਕੌਲਾਂ ਨੂੰ)। [6]ਜੋ ਸਾਡੇ ਦੀਨ ਵਿੱਚ ਆ ਗਏ ਹਨ। [7]ਵਦ ਵਦ=ਬੋਲ ਬੋਲ ਕੇ ਭਾਵ ਪੜ੍ਹ ਪੜ੍ਹ ਕੇ। [8]ਬਹੁਤ ਦੁਖੀ ਦਿਲ ਵਾਲੀ ਨੇ। [9]ਫਾਹੀ ਗਲ ਵਿੱਚ ਪਾਕੇ। [10]ਘੋਲਕੇ।

ਬਿਖ ਤੀਖਨ ਪੀਵੋਂ। ਤੁਮ ਪਰਹਰਹੁ ਤਨਕ ਨਹਿਂ ਜੀਵੋਂ'। ਇਮ ਕਹਿ ਦਾਸੀ ਬਹੁਰ ਪਠਾਈ। ਗਈ ਗੁਰੂ ਕੇ ਢਿਗ ਪਹੁੰਚਾਈ॥ ੩੫॥ ਖੋਲਿ ਪਠ੍ਯੋ ਨਿਸ਼ਚਲ ਤਬਿ ਜਾਨੀ। ਦਾਸਨਿ ਕੇ ਪ੍ਰਿਯ[1] ਕੀਨਿ ਬਖਾਨੀ। 'ਧੀਰਜ ਧਰਹੁ ਕਾਮਨਾ ਤੇਰੀ। ਹਮ ਪੂਰਨਿ ਕਰਿ ਹੈਂ ਇਸ ਬੇਰੀ[2] ॥ ੩੬॥ ਚਢਹਿਂ ਸੁਧਾਸਰ ਕੋ ਜਿਸ ਕਾਲ। ਤੋਕਹੁ ਲੇ ਗਮਨਹਿਂ ਤਬਿ ਨਾਲ। ਘਨੇ ਦਿਵਸ ਨਹਿਂ ਲਵਪੁਰਿ ਰਹੈਂ। ਆਜ ਕਾਲ ਮੈਂ ਤਯਾਰੀ ਅਹੈ' ॥ ੩੭ ॥ਸੁਨਿ ਦਾਸੀ ਉਰ ਹਰਖਤਿ ਹੋਈ। ਆਨਿ ਬਰੀ ਨਹਿਂ ਹੇਰਤਿ ਕੋਈ[3]। 'ਕ੍ਰਿਪਾਨਿਧਾਨ ਕ੍ਰਿਪਾ ਬਹੁ ਕੀਨਿ। ਤੁਝ ਕੋ ਅਬਿ ਅਪਨੀ ਕਰਿ ਲੀਨਿ ॥ ੩੮ ॥ ਸਰਬ ਪ੍ਰਕਾਰ ਭਰੋਸਾ ਦੀਨਿ। ਅਪਨੇ ਬਿਖੈ ਪ੍ਰੇਮ ਤੁਵ ਚੀਨ। ਚਲਹਿਂ ਸੁਧਾਸਰ ਲੇ ਤਬਿ ਸਾਥ।ਅਬਿ ਲਵਪੁਰਿਨਹਿਂ ਬਸਿ ਹੈਂ ਨਾਥ'॥੩੯॥ਸੁਨਿ ਕੌਲਾਂ ਸਮ ਕਮਲ ਬਿਲੋਚਨ। ਕਰਿ ਚਿਤ ਕੀ ਸਭਿ ਸੋਚ ਬਿਮੋਚਨ। ਬਾਰਿ ਬਾਰਿ ਬੂਝਤਿ ਹੈ ਦਾਸੀ। 'ਸਗਰੀ ਬਾਤ ਕਰਹੁ ਮੁਝ ਪਾਸੀ ॥ ੪੦ ॥ ਮੁਝ ਪਰ ਕ੍ਰਿਪਾ ਕਰਤਿ ਕੈ ਨਾਂਹੀ। ਰੁਖ ਪਰਖ੍ਯੋ ਕੈ ਨਹਿਂ ਹੁਇ ਪਾਹੀ?। ਨਹੀਂ ਟਾਰ ਕੀਨਸਿ ਕਹੁ ਕੈਸੇ'। ਸੁਨਿ ਦਾਸੀ ਭਾਖਤਿ ਪੁਨ ਤੈਸੇ ॥ ੪੧ ॥ 'ਅਧਿਕ ਛੁਧਤਿ ਸਮ ਕਯੋਂ ਡਹਕੈ ਹੈਂ[4]। ਕਿਤਿਕ ਦਿਵਸ ਮਹਿਂ ਢਿਗ ਹੁਇ ਜੈਹੈਂ। ਪੂਰਬ ਜਨਮ ਹੁਤੀ ਬਡਭਾਗਨਿ।ਮਹਿਦ ਪੀਰ ਕੀ[5]ਭੀ ਅਨੁਰਾਗਨਿ'॥੪੨॥ ਸੁਨਿ ਅਨੰਦ ਉਰ ਲੀਨਿ ਦੁਰਾਈ। ਪਰੀ ਸੇਜ ਪਰ ਪੀਯ ਨ ਖਾਈ। ਜਨੁ ਨਾਗਨਿ ਮਨਿ ਰਿਦੇ ਛਪਾਈ। ਮਹਾਂ ਕ੍ਰਿਪਨ ਕੋ ਜਿਮ ਨਿਧਿ ਪਾਈ॥੪੩॥ ਰਖਿ ਅੰਤਰ ਵਹਿਰ ਨ ਬਿਦਤਾਵੈ। ਊਪਰ ਤੇ ਨਿਜ ਪੀਰ ਜਨਾਵੈ। ਬਾਰ ਬਾਰ ਬੋਲਤਿ ਮਹਿਤਾਰੀ। ਕਰਹਿ ਨਿਹੋਰਨਿ ਜਿਸ ਬਹੁ ਪਯਾਰੀ ॥ ੪੪ ॥ ਨਹਿਂ ਮਾਨਤਿ ਮੁਖ ਕੀਨਿ ਮਲੀਨਾ। ਗੁਰੂ ਪ੍ਰੇਮ ਚਢਿ ਰੰਗ ਨਵੀਨਾ। ਨਿਸ ਮਹਿਂ ਪਰੀ ਪਰਮ ਦੁਖਿਆਰੀ। ਹਾਇ ਹਾਇ ਕਬਿ ਕਰਤਿ ਉਚਾਰੀ॥੪੫॥ ਵਹਿਰ ਪੀਰ ਕੋ ਕਰਤਿ ਜਨਾਵਨਿ। ਗੂਢ ਪੀਰ[6]ਨਹਿਂ ਕਰਹਿ ਸੁਨਾਵਨਿ। ਤਨ ਛਾਦ੍ਯੋ ਲੇ ਬਸਤ੍ਰ ਬਿਸਾਲਾ। ਨਹੀਂ ਉਘਾਰਤਿ ਭੀ ਕਿਸ ਕਾਲਾ ॥ ੪੬ ॥ ਦਿਵਸ ਆਗਲੇ ਕਾਜ਼ੀ ਸੰਗਿ। ਕਾਜ਼ਨਿ ਲਗੀ ਕਰੇ ਬਦਰੰਗ[7]। 'ਪਰੀ ਮਰਤਿ ਅਬਿ ਰਹਹੁ ਸੁਖਾਰੇ। ਸਭਿ ਸ਼ਰੀਕ ਅਤਿ ਹਸਹਿਂ ਨਿਹਾਰੇ ॥ ੪੭ ॥

---

[1]ਭਾਵ ਸ੍ਰੀ ਹਰਿ ਗੋਬਿੰਦ ਜੀ ਨੇ। [2]ਇਸ ਜਨਮ ਵਿਚ। [3](ਅਪਨੇ ਘਰ) ਆ ਵੜੀ, ਵੇਖਦੀ ਹੈ ਕਿ ਕੋਈ (ਪਾਸ) ਨਹੀਂ (ਤਦ ਬੋਲੀ)। [4]ਘਾਬਰਦੀ ਹੈਂ। [5]ਵਡੇ ਗੁਰੂ ਜੀ ਦੀ। [6]ਗੁਝੀ ਪੀੜ ਭਾਵ ਪ੍ਰੇਮ। [7]ਲਾਲ ਪੀਲੀ ਹੋਕੇ।

ਕਹੈਂ–ਕਹਾਂ ਹੋਯਹੁ ਇਸ ਪਾਸ। ਐਸੀ ਮਾਰਿ ਕਰੀ ਦੇ ਤ੍ਰਾਸ–'। ਸੁਨਿ ਕਾਜ਼ੀ ਤੂਸ਼ਨ ਹੁਇ ਰਹਯੋ। ਨਹਿਂ ਦਾਰਾ ਸੋਂ ਕਿਮ ਕਛੁ ਕਹਯੋ ॥ ੪੯ ॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪੰਚਮ ਰਾਸੇ 'ਕਾਜ਼ੀ' ਪ੍ਰਸੰਗ ਬਰਨਨੰ ਨਾਮ ਏਕ ਊਨ ਬਿੰਸਤੀ ਅੰਸੂ ॥ ੧੯ ॥

੨੦. [ਮੀਆਂਮੀਰ ਮਿਲਾਪ]।

ਦੋਹਰਾ ॥ ਸ੍ਰੀ ਗੁਰ ਹਰਿ ਗੋਬਿੰਦ ਜੀ ਕਏ ਪ੍ਰਾਤ ਇਸ਼ਨਾਨ। ਖਾਨ ਪਾਨ ਕਰਿਕੈ ਪ੍ਰਭੁ ਬੈਠੇ ਰੁਚਿਰ ਸਥਾਨ ॥ ੧ ॥ ਚੌਪਈ ॥ ਢਰੇ ਦੁਪਹਿਰੇ ਹੋਇ ਸੁਚੇਤਾ। ਸੁੰਦਰ ਸ਼ਸਤ੍ਰ ਸੁ ਬਸਤ੍ਰ ਸਮੇਤਾ। ਬ੍ਰਿਧ ਸੋਂ ਕਹਯੋ ਬਾਕ ਗੰਭੀਰ। 'ਮੀਆਂ ਮੀਰ ਇਹਾਂ ਬਡ ਪੀਰ॥੨॥ਤਿਨ ਕੋ ਮੇਲ ਭਯੋ ਕਬਿ ਨਾਂਹੀ। ਨਿਸ਼ਚੈ ਬ੍ਰਹਮ ਗਯਾਨ ਕੇ ਮਾਂਹੀ। ਮਹਾਂ ਸ਼ਕਤਿ ਜੁਤਿ ਚਹਹਿ ਸੁ ਕਰੈ। ਤਊ ਛਿਮਾ ਧੀਰਜ ਗੁਨ ਧਰੈ' ॥ ੩ ॥ ਬ੍ਰਿਧ ਨੇ ਭਨਯੋ 'ਜਿ ਸਿਮਰਯੋ ਮਨ ਮੈਂ। ਤੌ ਦਰਸ਼ਨ ਦੈਹੈਂ ਗੁਨ ਜਿਨ ਮੈਂ'। ਜਾਮ ਦਿਵਸ ਬਾਕੀ ਜਬਿ ਰਹਯੋ। ਮੀਆਂ ਮੀਰ ਪ੍ਰਸੰਗ ਸੁ ਲਹਯੋ[੧] ॥੪॥ ਦਰਸ਼ਨ ਕੋ ਗਮਨਯੋ[੨] ਤਜਿ ਥਾਨ। ਸ੍ਰੀ ਗੁਰ ਸਰਬ ਬਾਰਤਾ ਜਾਨਿ। ਕਹਤਿ ਸ਼ੀਘ੍ਰ ਹੀ ਹਯ ਮੰਗਵਾਯੋ। ਹੁਇ ਅਰੂਢ ਕਰਿ ਬੇਗ ਚਲਾਯੋ॥੫॥ਘਰ ਤੇ ਪੀਰ ਥੋਰ ਈ ਚਲੇ। ਜਾਇ ਅਗਾਊ ਸਤਿ-ਗੁਰ ਮਿਲੇ। ਲੋਕ ਬਿਲੋਕਤਿ ਇਮ ਲਖਿ ਪਾਯੋ। 'ਲੇਨਿ ਗੁਰੂ ਕੋ ਆਗੇ ਆਯੋ'॥੬॥ ਹੇਰਿ ਪਰਸਪਰ ਵਧਯੋ ਅਨੰਦ। ਮੀਆਂਮੀਰ ਮਿਲੇ ਕਰ ਬੰਦਿ। ਸ੍ਰੀ ਹਰਿ ਗੋਬਿੰਦ ਉਤਰਨਿ ਲਾਗੇ। ਗਹੀ ਰਕਾਬ ਸ਼ੀਘ੍ਰ ਹੁਇ ਆਗੇ॥੭॥ ਹਯ ਪਰ ਚਢੇ ਲਿਯੇ ਚਲਿ ਆਯੋ। ਹਾਥ ਰਕਾਬ ਸੰਗ ਇਕ ਲਾਯੋ। ਜਬਿ ਸਥਾਨ ਕੇ ਆਯੋ ਪੌਰ। ਉਤਰਨਿ ਲਗੇ ਸੋਢਿ ਕੁਲਮੌਰ॥੮॥ਗਹਿ ਰਕਾਬ ਜੁਗ ਹਾਥ ਲਗਾਏ। ਸਨੈ ਸਨੈ ਹਯ ਤੇ ਉਤਰਾਏ। ਧਰੇ ਹਾਥ ਮਹਿਂ ਹਾਥ ਅਗਾਰੇ। ਹੋਇ ਬਰੋਬਰ ਜੁਗਲ ਪਧਾਰੇ॥ ੯ ॥ ਰਹਿਨ ਭਵਨਿ ਮਹਿਂ ਗੇ ਗੁਨਭਵਨੁ[੩]। ਕੁਸ਼ਲ ਪ੍ਰਸ਼ਨ ਕੀਨਸਿ ਰਿਪੁਦਵਨੁ। ਬੈਠੇ ਸਮੁਖ ਅਨੰਦ ਬਿਲੰਦ। ਸ੍ਰੀ ਗੁਰ ਹਰਿਗੁਬਿੰਦ ਕੁਲ ਚੰਦੁ ॥ ੧੦ ॥ ਪੀਰ ਬਿਲੋਚਨ ਥਿਰੇ ਚਕੋਰਾ। ਕਰਹਿਂ ਬਿਲੋਕਨ ਕੋ ਮਿਲਿ ਜੋਰਾ[੪]।[੫]"ਕਹੋ ਪੀਰ ਜੀ! ਬ੍ਰਿਤਿ ਕਹਿਂ ਤੀਕ?। ਹੱਕ ਸਹੀ ਕੀਨਸਿ ਤਹਿਕੀਕ[੬]?॥ ੧੧ ॥ ਕੌਨ ਅਵਸਥਾ ਕੋ ਰਸ ਲੇਤਿ?। ਮਨ ਪਰ ਕੈਸੇ ਰਹੋ ਸੁਚੇਤ। ਨਾਸ਼ ਵਾਸ਼ਨਾ ਕੇ ਉਰ ਹੋਵਾ।

---

[੧]ਜਾਣ ਲਿਆ। [੨](ਮੀਆਂ ਮੀਰ) ਟੁਰਿਆ। [੩](ਮੀਆਂ ਮੀਰ ਦੇ) ਰਹਿਣ ਵਾਲੇ ਕਮਰੇ ਵਿੱਚ ਗੁਰੂ ਜੀ ਗਏ। [੪]ਜੋੜਾ (ਅ) ਜੋਰ ਨਾਲ। [੫]ਗੁਰੂ ਜੀ ਬੋਲੇ। [੬](ਆਪ ਦੀ) ਬ੍ਰਿਤੀ ਨੇ ਨਿਰਨੇ ਕਰਕੇ ਵਾਹਿਗੁਰੂ ਨੂੰ ਕਿੱਥੋਂ ਤਕ ਨਿਸ਼ਚੇ ਕੀਤਾ ਹੈ।

ਆਤਮ ਅਨੰਦ ਕਹੋ ਕਸ ਜੋਵਾ?' ॥੧੨॥ ਮੀਆਂਮੀਰ ਜੁ ਧੀਰ ਗੰਭੀਰ। ਸੁਨਿ ਕਰਿ ਉਚਰਤਿ ਬਚ ਗੁਰ ਤੀਰ। 'ਕ੍ਰਿਪਾ ਆਪ ਕੀ ਜਿਸ ਪਰ ਹੋਤਿ। ਤਿਸ ਕੋ ਨਿਸ਼ਚੈ ਹੱਕ ਉਦੋਤਿ ॥ ੧੩ ॥ ਜਹਿਂ ਜਹਿਂ ਮਿੱਥ੍ਯਾ ਤਜਿ ਤਜਿ ਤਹਾਂ। ਰਹਾ ਏਕ ਜੋ ਜਾਇ ਨ ਕਹਾ। ਮਨ ਬਾਨੀ ਕੋ ਬਿਸ਼ੈ ਨ ਹੋਵਤਿ। ਸੁਨਹਿ ਨ ਸ੍ਰਵਨ ਆਂਖ ਨਹਿਂ ਜੋਵਤਿ॥੧੪॥ਸੋ ਸਰੂਪ ਲਖਿ ਹੌਮੈਂ ਤ੍ਯਾਗੀ। ਥਿਰੀ ਬ੍ਰਿੱਤ ਏਕੈਂ ਲਿਵਲਾਗੀ। ਪਰਾਰਬਧ ਬਸਿ ਤਨ ਇਹੁ ਥਿਰੈ। ਲਹੈ ਅਜਤਨ ਸੁ ਭੁਕਤਨਿ ਕਰੈ[1] ॥੧੫॥ ਪਾਇ ਪਦਾਰਥ ਹਰਖ ਨ ਭਾਨਾ[2]। ਬਿਨਸਿ ਗਏ ਕਛੁ ਸ਼ੋਕ ਨ ਮਾਨਾ। ਬਾਂਛਤਿ ਆਪ ਕਰਹਿ ਨਹਿਂ ਕੋਇ। ਸਹਿਜੇ ਹੋਤਾ ਜਾਇ ਸੁ ਹੋਇ ॥੧੬॥ ਸਗਰੋ ਜਗ ਮਿੱਥ੍ਯਾ ਜਬਿ ਜਾਨਾ। ਮੂਲ[3] ਹਾਨ ਤੇ ਵਾਸ਼ਨ ਹਾਨਾ। ਅਨੰਦ ਆਤਮਾ ਕਹ੍ਯੋ ਨ ਜਾਈ। ਗੁਰੂ ਭਨ੍ਯੋ[4]–ਗੁੰਗੇ ਮਠਿਆਈ–॥੧੭॥ ਜਿਸ ਪਰ ਕ੍ਰਿਪਾ ਆਪ ਕੀ ਹੋਵੈ। ਹੌਮੈ ਮਲ ਗੁਰਮਤਿ ਜਲ ਧੋਵੈ'। ਸੁਨਿ ਗੁਰ ਭਨ੍ਯੋ'ਧੰਨ ਤੁਮ ਕਰਨੀ। ਆਪ ਤਰੇ, ਤਾਰਹੁ ਸਮ ਤਰਨੀ' ॥੧੮॥ ਇਮ ਆਪਸ ਮਹਿਂ ਕਰਿ ਸੰਬਾਦੂ। ਦਰਸ਼ਨ ਦੇਤਿ ਲੇਤਿ ਅਹਿਲਾਦੂ। ਚਾਰ ਘਰੀ ਬੈਠੇ ਤਹਿਂ ਰਹੇ। ਪਰਮ ਪ੍ਰੇਮ ਬਚ ਸੁਨਿ ਪੁਨ ਕਹੇ ॥੧੯॥ ਉਠੇ ਬਹੁਰ ਸ਼੍ਰੀ ਹਰਿ ਗੋਬਿੰਦੇ। ਚਲ੍ਯੋ ਸੰਗਿ ਹੀ ਪੀਰ ਬਿਲੰਦੇ। ਆਦਰ ਹੇਤੁ ਆਇ ਕਰਿ ਸਾਥ। ਲਗੇ ਅਰੂਢਨਿ ਹਯ ਪਰ ਨਾਥ ॥੨੦॥ ਬਰਜਿ ਦਾਸ ਕੋ ਪਹੁੰਚਿ ਸ਼ਿਤਾਬ। ਜੁਗ ਹਾਥਨ ਸੋਂ ਗਹੀ ਰਕਾਬ। ਸ਼੍ਰੀ ਗੁਰੂ ਹਰਿ ਗੋਬਿੰਦ ਚਢਾਇ। [5]"ਥਿਰਹੁ ਪੀਰ ਜੀ ਇਸ ਹੀ ਥਾਏਂ ॥ ੨੧ ॥ ਬਹੁ ਤਕਲੀਫ ਆਪ ਕੋ ਹੋਈ। ਨੰਮ੍ਰੀ ਧੀਰ ਛਿਮਾ ਬਹੁ ਜੋਈ'। ਮਾਨਿ ਬਚਨ ਕੋ ਤਹਿਂ ਭਾ ਠਾਂਢੋ। ਪਿਖਹਿ ਸਰੂਪ ਪ੍ਰੇਮ ਕਰਿ ਗਾਢੋ ॥੨੨॥ ਨੰਮ੍ਰਿ ਪਰਸਪਰ ਹ੍ਵੈ ਕਰਿ ਚਲੇ। ਰਹੇ ਪੀਰ ਜੀ ਤਿਸ ਥਲ ਖਲੇ। ਸਤਿਗੁਰ ਜਾਇ ਬਿਰਾਜੇ ਡੇਰੇ। ਸੌਦਰ ਸੰਧ੍ਯਾ ਕਰਿ ਤਿਸ ਬੇਰੇ ॥੨੩॥ ਕੀਨਿ ਜਥਾ ਰੁਚਿ ਖਾਨ ਰੁ ਪਾਨਾ। ਸੁਪਤਿ ਜਥਾ ਸੁਖ ਸੇਜ ਮਹਾਨਾ। ਜਬਿ ਗੁਰ ਗਏ ਪੀਰ ਕੇ ਤੀਰ। ਗਨ ਤੁਰਕਨਿ ਕੀ ਤਿਸ ਥਲ ਭੀਰ ॥ ੨੪ ॥ ਦੇਖਿ ਅਚੰਭਾ ਸਭਿ ਨੇ ਮਾਨ੍ਯੋ। 'ਇਹ ਕ੍ਯਾ ਕਰਮ ਪੀਰ ਜੀ ਠਾਨ੍ਯੋ?। ਸਭਿ ਕੇ ਬੀਚ ਬਿਸਾਲ ਭਨੰਤੇ। ਸਰਬ ਆਇ ਕਰਿ

[1]ਜੋ ਜਤਨ ਰਹਿਤ ਮਿਲਦਾ ਹੈ ਸੋ ਭੋਗ ਰਿਹਾ ਹੈ। [2]ਪ੍ਰਤੀਤ ਨਹੀਂ ਹੁੰਦਾ। [3]ਭਾਵ ਅੰਗ੍ਯਾਨ। [4]ਮੁਰਸ਼ਿਦ ਨੇ ਇਹ ਕਹਿਆ ਹੈ। [5]ਗੁਰੂ ਜੀ ਬੋਲੇ।

ਨੈਮ੍ਰਿ ਹੁਵੰਤੇ ॥੨੫॥ ਇਹ ਚਲਿ ਗਯੋ ਆਪ ਉਠਿ ਕਰਿਕੈ। ਹਿੰਦੂ ਕੋ ਆਦਰ ਚਿਤ ਧਰਿਕੈ। ਬਹੁਰ ਬੰਦਨਾ ਕੀਨੀ ਜਾਇ। ਹਾਥ ਰਕਾਬ ਧਰੀ ਚਲਿ ਆਇ ॥੨੬॥ ਹਯ ਤੇ ਸਾਦਰ ਤਰੇ ਉਤਾਰ੍ਯੋ। ਅਪਨਿ ਥਾਨ ਕਰ ਧਰੇ[1] ਪਧਾਰ੍ਯੋ। ਬਡ ਪੀਰਨ ਕੇ ਪੀਰ ਕਹੰਤੇ। ਸਭਿ ਉਮਰਾਵ ਖਾਨ ਮਾਨੰਤੇ ॥੨੭॥ ਅਸ਼ਟ[2] ਦਿਵਸ ਮਹਿਂ ਆਵਤਿ ਸ਼ਾਹੂ। ਕਰਿ ਬੰਦਨ ਬੈਠਤਿ ਹੈ ਪਾਹੂ। ਅਪਰ ਪੀਰ ਇਸ ਕੇ ਢਿਗ ਆਵੈਂ। ਜਾਨਹਿਂ ਕਾਮਲ ਸੀਸ ਨਿਵਾਵੈਂ ॥੨੮॥ ਇਹ ਹਿੰਦੂ ਆਗੈ ਨਿਵ ਚਲ੍ਯੋ।ਨਿਜ ਤੇ ਬਡੋ ਜਾਨਿ ਕਰਿ ਮਿਲ੍ਯੋ'। ਇਮ ਸਗਰੇ ਤੁਰਕਨਿ ਮਹਿਂ ਹੋਈ। ਕਹ੍ਯੋ ਸ਼ਾਹੁ ਢਿਗ ਗਮਨ੍ਯੋ ਕੋਈ ॥ ੨੯ ॥ ਸਰਬ ਸਭਾ ਨੇ ਬੁਰਾ ਬਖਾਨਾ। ਸ਼ਾਹਜਹਾਂ ਸੁਨਿ ਕਰਿ ਇਮ ਕਾਨਾ। ਕਹ੍ਯੋ ਸਭਿਨਿ ਮਹਿਂ 'ਅਬਿ ਕੇ ਚਲੈਂ। ਬੂਝਹਿਂ ਸਕਲ ਬੈਠਿ ਜਬਿ ਮਿਲੈਂ ॥ ੩੦ ॥ ਜੋ[3] ਨਿਤ ਸਾਥ ਹਮਾਰੇ ਰਹੈ। ਆਵਨਿ ਜਾਨਿ ਕਰਹਿ ਜਿਮ ਕਹੈਂ। ਸਦਾ ਰਹਹਿ ਹਮਰੇ ਅਨੁਸਾਰੀ। ਐਸੋ ਹਰਿ ਗੋਬਿੰਦ ਹਿਤ ਧਾਰੀ ॥ ੩੧ ॥ ਮਾਨਨੀਯ ਬਡ ਪੀਰ ਹਮਾਰੋ। ਜਿਸ ਕੋ ਮਾਨਹਿਂ ਤੁਰਕ ਹਜ਼ਾਰੋਂ। ਇਨਹੁ ਅਦਬ ਕਿਮ ਕੀਨਿ ਮਹਾਨਾ। ਹੌਰਾ ਭਯੋ ਸਕਲ ਤੁਰਕਾਨਾ' ॥੩੨॥ ਇਮ ਬਹੁ ਤਰਕਤਿ ਸੋ ਦਿਨ*ਆਯਹੁ। ਚਲ੍ਯੋ ਸ਼ਾਹੁ, ਲੋਕਨਿ ਸਿਮਰਾਯਹੁ[4]। ਗਨ ਉਮਰਾਵਨਿ ਕੀ ਸੰਗ ਭੀਰ। ਪਹੁੰਚ੍ਯੋ ਮਿਯਾਂ ਮੀਰ ਕੇ ਤੀਰ ॥ ੩੩॥ ਹਾਥ ਜੋਰਿ ਬੰਦਨ ਕੋ ਕਰਿਕੈ। ਬੈਠ੍ਯੋ ਸ਼ਾਹਜਹਾਂ ਮਦ[5] ਭਰਿ ਕੈ। ਬੂਝਤਿ ਭਯੋ 'ਮਿਲੇ ਗੁਰੁ ਹਿੰਦੂ। ਨਾਮ ਜਿਨਹੁਂ ਸ੍ਰੀ ਹਰਿ-ਗੋਬਿੰਦੂ ॥ ੩੪ ॥ ਆਪ ਅਦਾਇਬ ਏਤਿਕ ਕੀਨੋ। ਸਭਿਹਿਨਿ ਕੇ ਮਨ ਸੰਸੈ ਭੀਨੋ। ਸੋ ਹਮਰੇ ਸਦੀਵ ਅਨੁਸਾਰੀ[6]। ਤੁਮ ਗਮਨੇ ਹਿਤ ਲੇਨਿ ਅਗਾਰੀ ॥ ੩੫ ॥ ਕਰਹਿ ਬਾਦ ਸਗਰੋ ਤੁਰਕਾਨਾ। ਹਮਰੇ ਢਿਗ ਲੈ ਜਾਇ ਬਖਾਨਾ' । ਮੀਆਂਮੀਰ ਸੁਨੀ ਇਮ ਕਾਨਾ । ਉੱਤਰ ਤਤਛਿਨ ਕੀਨ ਬਖਾਨਾ ॥ ੩੬ ॥ 'ਜੇਤਿਕ ਪੀਰ ਅਹੈਂ ਹਮ ਸਾਰੇ। ਬਡੇ ਕਿ ਛੋਟੇ ਅਜ਼ਮਤਿ ਧਾਰੇ। ਜਬਿ ਸਭਿ ਦਮ ਕਰਿ ਕੈ[7] ਇਕਿ ਬਾਰ। ਪਹੁੰਚਹਿਂ ਜਹਿਂ ਖ਼ੁਦਾਇ ਦਰਬਾਰ ॥ ੩੭ ॥ ਥਿਰਹਿਂ ਪੌਰ ਪਰ ਸਭਿ ਤਹਿਂ ਜਾਹਿਂ। ਬੈਠਹਿਂ ਮੌਲਾ

[1]ਹੱਥ ਫੜਕੇ। [2]ਅੱਠਵੇਂ। [3]ਭਾਵ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ। [4]ਯਾਦ ਕਰਾਇਆ। [5]ਹੰਕਾਰ। [6]ਅਧੀਨ। [7]ਇੰਦ੍ਰੇ ਰੋਕ ਕੇ, ਭਾਵ ਸਮਾਧੀ ਲਗਾਕੇ। (ਅ) ਮੰਤ੍ਰ ਜਪਕੇ [ਫ਼ਾ:, ਦਮ ਕਰਦਨ=ਜਪ ਕਰਨਾ, ਮੰਤ੍ਰ ਪੜ੍ਹਨਾ]। *ਪਾ:-ਸੋਭਤਿ।

ਕੀ ਦਰਗਾਹਿ । ਕਿਤਿਕ ਸਮੈ ਜਬਿ ਤਹਾਂ ਬਿਤਾਵੈਂ।ਅੰਤਰਿ ਤੇ ਤਬਿ ਇਹ ਚਲਿ ਆਵੈਂ ॥੩੮॥ ਊਪਰ ਪੌਰ ਦਰੀਚੀ[1] ਸੁੰਦਰ। ਤਹਾਂ ਆਇ ਬੈਠਹਿਂ ਇਹ ਅੰਦਰ। ਜੋ ਜੋ ਕਾਰਜ ਜਿਸ ਜਿਸ ਹੋਇ। ਦੇਖਤਿ ਅਰਜ਼ ਕਰਤਿ ਨਿਜ ਸੋਇ* ॥ ੩੯ ॥ ਬੰਦਹਿਂ ਹਾਥ ਬੰਦਨਾ ਕਰਿ ਹੀਂ । ਪਦ ਅਰਬਿੰਦ ਸ ਪ੍ਰੇਮ ਨਿਹਰਿਹੀਂ । ਸਭਿ ਕੋ ਹੁਇ ਸੰਸੈ ਤਿਸ ਠੌਰ।–ਪਾਕ ਖ਼ੁਦਾਇਇਹੀ ਕੈ ਔਰ–॥੪੦॥ਇਸ ਮੂਰਤਿ ਕੋ ਦਰਸ਼ਨ ਕਰੈਂ।ਅਪਰ ਨਹੀਂ ਕੋ ਦ੍ਰਿਸ਼ਟੀ ਪਰੈ। ਯਾਂਤੇ ਜਾਨਹਾਰ ਜੇ ਤਹਾਂ। ਕੌਨ ਨ ਕਰਹਿ ਅਦਾਇਬ ਮਹਾਂ ॥ ੪੧॥ ਇਹੀ ਬੈਠਿ ਕਰਤੇ ਬਖਸ਼ੀਸ਼। ਕਿਸ ਕੀ ਕਿਹ ਸੋਂ ਪੁਜਹਿ ਨ ਰੀਸ। ਜਿਸ ਪਰ ਕ੍ਰਿਪਾ ਦ੍ਰਿਸ਼ਟਿ ਇਹ ਧਰੈਂ। ਮਨ ਭਾਵਤ ਤਿਸ ਬਖਸ਼ਿਸ਼ ਕਰੈਂ ॥ ੪੨॥ ਜਯੋਂ ਧਨਾਰਥੀ[2] ਤੋਰ ਅਗਾਰੀ। ਬਨਹਿਂ ਦੀਨ ਕਹਿ ਬਚ ਅਨੁਸਾਰੀ। ਤਯੋਂ ਇਨ ਤੇ ਲੈਬੇ ਹਿਤ ਦਾਤਿ। ਖਰੇ ਅਨੇਕ ਬ੍ਰਿੰਦ ਬਿਲ-ਲਾਤਿ ॥੪੩॥ਕਹੁ, ਜਗ ਮਹਿਂ ਅਸ ਹੈ ਅਬਿ ਕੌਨ?।ਤੁਝ ਪਿਖਿ ਆਦਰ ਕਰਹਿ ਨ ਜੌਨ । ਤਯੋਂ ਖੁਦਾਇ ਕੇ ਪ੍ਰੇਮੀ ਜੋਇ। ਇਨ ਪਗ ਖਾਕ ਧਰਹਿਂ ਸਿਰ ਸੋਇ ॥ ੪੪ ॥ ਤੁਮ ਸੰਸਾਰੀ ਜਯੋਂ ਉਰ ਭਾਵੈ। ਤਯੋਂ ਬਰਤਹੁ ਨਹਿਂ ਕੋ ਉਲਟਾਵੈ। ਉਰ ਖ਼ੁਦਾਇ ਕੀ ਖ਼ਬਰ ਨ ਕੋਇ। ਨਹਿਂ ਜਾਨਹੁ ਆਗੈ ਕਯਾ ਹੋਇ ॥ ੪੫ ॥ ਹਿੰਦੂ ਤੁਰਕ ਬਾਦ ਕੇ ਸਾਦ[3]। ਪਚਿ ਪਚਿ ਮਰਹਿਂ ਖ਼ੁਦਾਇ ਨ ਯਾਦ। ਕਰਹਿਂ ਸਾਹਿਬੀ ਚਾਰ ਦਿਵਸ ਕੀ। ਸਦਾ ਲਾਲਸਾ ਬਿਸ਼ਿਯਨਿ ਰਸ ਕੀ ॥੪੬॥ ਛਿਨ ਭਰਿ ਮੌਲਾ ਯਾਦਿ ਨ ਕੋਇ। ਤਰਕਹੁ ਮਿਲੇ ਰਹੈਂ ਨਿਤਿ ਜੋਇ[4]।ਸਯਾਨੇ ਇਸ ਕੋ ਕਹੈਂ ਨ ਨੀਕੀ।ਕਹੈਂ ਜੁ ਇਮ, ਤਿਨ ਕੀ ਮਤਿ ਫੀਕੀ ॥੪੭॥ ਨਹਿਂ ਦਰਗਾਹ ਬਿਖੈ ਤਿਸ ਢੋਈ। ਦੋਜ਼ਕ ਕੀ ਸਜ਼ਾਇ ਲਹਿਂ ਸੋਈ'। ਪੀਰ ਪ੍ਰਤਾਪਵੰਤ ਕੇ ਬੈਨ। ਸੁਨੇ ਸਭਿਨਿ ਨੀਚੇ ਕਿਯ ਨੈਨ ॥੪੮॥ ਸਨਮੁਖ ਪਿਖਿ ਨਹਿਂ ਉੱਤਰ ਦੀਨਾ। ਕਰੀ ਮੋਨ ਮਨ ਜਾਨਿ ਪ੍ਰਬੀਨਾ। ਮੀਆਂਮੀਰ ਧੀਰ ਪੁਨ ਕਹਯੋ।'ਨਹੀਂ ਮਹਾਤਮ[5] ਤੁਮ ਨੇ ਲਹਯੋ ॥ ੪੯ ॥ ਸ਼ਕਤਿ ਅਨੰਤ ਧਰਤਿ ਸਮਰੱਥ। ਭੰਜਨ ਘੜਨਿ

---

[1]ਬਾਰੀ। [2]ਧਨ ਦੇ ਲੋੜਵੰਦ। [3]ਝਗੜੇ ਦੇ ਸੁਆਦ ਵਿਚ ਹਨ। [4]ਜੋ ਨਿੱਤ ਮਿਲੇ ਰਹਿੰਦੇ ਹਨ, (ਵਾਹਿਗੁਰੂ ਨਾਲ) ਉਹਨਾਂ ਨੂੰ ਤਰਕਾਂ ਕਰਦੇ ਹੋ। [5](ਗੁਰੂ ਜੀ ਦਾ) ਮਹਾਤਮ।

*ਭਾਈ ਨੰਦਲਾਲ ਜੀ ਭੀ ਇਹ ਲਿਖਦੇ ਹਨ:—ਦੁਆਲਿਮ ਮੁਨੱਵਰ ਜ਼ਿ ਅਨਵਾਰਿ ੳ ਹਮਾਂ ਤਿਸ਼ਨਹਾਏ ਫ਼ੈਜ਼ਿ ਦੀਦਾਰਿ ੳ।

[ਸਲਤਨਤ ਸ਼ਸ਼ਮ

ਜਿਨਹੁ ਕੇ ਹੱਥ।ਤਊ ਮਾਨਵੀ ਲੀਲਾ ਧਾਰੈਂ।ਨਹਿਂ ਕਿਹ ਕੋ ਕਬਿ ਸ਼ਕਤਿ ਦਿਖਾਰੈਂ॥੫੦॥ ਅਜਰ ਜਰਨ ਏਤੋ ਉਰ ਕਰੈਂ। ਕੌਨ ਇਨਹੁ ਕੀ ਸਮਤਾ ਧਰੈ'। ਸ਼ਾਹਜਹਾਂ ਸੁਨਿ ਸੀਸ ਨਿਵਾਯਹੁ। ਤੂਸ਼ਨਿ ਹੀ ਉਠਿ ਕਰਿ ਚਲਿ ਆਯਹੁ ॥ ੫੧ ॥ ਵਹਿਰ ਆਇ ਕਰਿ ਕਹਾਂ ਬਤਾਵੈਂ:–[1]। 'ਮਨ ਹਮਰੇ ਨਿਸ਼ਚੈ ਨਹਿਂ ਆਵੈ। ਹਿੰਦੂ ਢਿਗ ਖ਼ੁਦਾਇ ਕੇ ਰਹੈ!। ਸੁਨਿ ਇਮ, ਕਹਾਂ ਪੀਰ ਕੋ ਕਹੈਂ'' ॥ ੫੨ ॥ ਤਿਨ ਅਨੁਸਾਰ ਸ਼ਾਹੁ ਭੀ ਹੋਇ। ਕਹੈ 'ਨ ਮੁਝ ਪ੍ਰਤੀਤ ਅਸ ਹੋਇ'। ਅੰਤਹਕਰਣ ਬਿਮਲ ਬਡਿਭਾਗੇ[2]।ਤੌ ਗੁਰ ਮਹਿਮਾ ਮਹਿਂ ਮਨ ਲਾਗੇ ॥ ੫੩ ॥ ਮੰਦ ਮਤੀ ਪਖ ਬਾਦਿਨਿ ਰਿਦੇ। ਗੁਰ ਕੀਰਤਿ ਠਹਿਰਤਿ ਨਹਿਂ ਕਦੇ। ਧਰੇ ਸੰਦੇਹ ਗਏ ਨਿਜ ਧਾਮੂ।ਸਗਰੇ ਕਰਤਿ ਭਏ ਬਿਸਰਾਮੂ ॥ ੫੪ ॥ ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪੰਚਮ ਰਾਸੇ 'ਮੀਆਂਮੀਰ' ਪ੍ਰਸੰਗ ਬਰਨਨੰ ਨਾਮ ਬਿੰਸਤੀ ਅੰਸੂ ॥ ੨ ॥

੨੧. [ਕਉਲਾਂ ਦੁਖੀ ਹੋ ਗੁਰੂ ਜੀ ਦੀ ਸ਼ਰਨ ਆਈ]।

ਦੋਹਰਾ॥ ਬਿਨ ਗੁਰੁ ਦੇਖੇ ਦੁਖ ਲਹੈ ਕੌਲਾਂ ਬਹੁ ਬਿਲਲਾਇ। ਰਿਦੈ ਬਿਲੋਕਨਿ ਲਾਲਸਾ ਨਹਿਂ ਉਪਾਇ ਕੋ ਪਾਇ ॥ ੧ ॥ ਚੌਪਈ ॥ ਕਾਜ਼ੀ ਅਰੁ ਕਾਜ਼ਨਿ ਮਨ ਜਾਨੈਂ।–ਚਾਬਕ ਲਗੇ ਪੀਰ ਕੋ ਮਾਨੈ[3]–।ਰੁਚਿ ਸੋਂ ਖਾਨ ਪਾਨ ਨਹਿਂ ਕੀਨਿ। ਪਰੀ ਰਹੀ ਮੁਖ ਪਰ ਪਟ ਲੀਨਿ ॥ ੨॥ ਜਬਿ ਸੰਧ੍ਯਾ ਹੋਈ ਤਮ ਛਾਯੋ। ਦਾਸੀ ਕੋ ਕਹਿ ਕਰ ਸਮੁਝਾਯੋ। 'ਜਾਹੁ ਪੀਰ ਢਿਗ ਕੀਜਹਿ ਅਰਜ਼ੀ।–ਗੁਰ ਜੀ ਦਰਸ਼ਨ ਬਰਜੀ ਡਰਜੀ[4] ॥ ੩ ॥ ਸੁਧਿ ਬੁਧਿ ਅਪਰ ਰਹੀ ਨਹਿਂ ਕੋਈ। ਕੇਵਲ ਦਰਸ ਪਰਾਯਨ[5] ਹੋਈ। ਕ੍ਰਿਪਾ ਕਰਹੁ ਬਰ ਬਦਨ ਦਿਖਾਵਹੁ।ਮੁਝ ਮਰਤੀ ਕੇ ਪ੍ਰਾਨ ਬਚਾਵਹੁ–॥੪॥ ਦਾਸੀ! ਦਸ਼ਾ ਪਿਖਤਿ ਹੈਂ ਜੈਸੀ।ਗੁਰ ਢਿਗ ਕਰਹੁ ਨਿਵੇਦਨ[6] ਤੈਸੀ'। ਸੁਨਤਿ ਦੁਖਾਤੁਰ ਦੀਰਘ ਜਾਨੀ। ਦੁਇ ਦਿਨਿ ਮਹਿਂ ਦੁਰਬਲੀ ਮਹਾਨੀ ॥ ੫॥ ਖਾਨ ਪਾਨ ਕੀ ਰੁਚਿ ਜਿਨ ਤ੍ਯਾਗੀ। ਏਕਹੁ ਬਾਰਿ ਮਹਾਂ ਅਨੁਰਾਗੀ। ਕਹਿ ਦਾਸੀ ਨੇ ਧੀਰਜ ਦੀਨਿ। 'ਕ੍ਯੋਂ ਤਰਫਤਿ ਜ੍ਯੋਂ ਜਲਬਿਨ ਮੀਨ?॥੬॥ਕਰੋ ਸ਼ੀਘ੍ਰਤਾ ਅਤਿਸ਼ੈ ਨਾਂਹੀ। ਬਿਰਹ ਸਿੰਧੁ ਤੇ ਪਾਰ ਪਰਾਹੀਂ[7]'। ਤਿਮਰ ਭਯੋ ਪਿਖਿ ਗਮਨੀ ਡੇਰੇ। ਹਾਥ ਜੋਰਿ ਕਰਿ ਖਰੀ ਅਗੇਰੇ ॥੭॥ 'ਸੁਨਹੁ ਪੀਰ ਜੀ! ਤੁਮ

---

[1](ਪਾਤਸ਼ਾਹ ਦੇ ਸਾਥੀ) ਬਾਹਰ ਆਕੇ ਕੀਹ ਦੱਸਦੇ ਹਨ। [2]ਭਾਵ ਜੇ ਦਿਲ ਸਫਾ ਤੇ ਭਾਗ ਵੱਡੇ ਹੋਣ ਤਾਂ। [3]ਪੀੜ ਨੂੰ ਮੰਨਦੀ ਹੈ। [4]ਡਰ ਕਰਕੇ ਹੇ ਗੁਰੂ ਜੀ! ਦਰਸ਼ਨ ਤੋਂ ਵਰਜੀ ਹੋਈ ਹਾਂ। [5]ਆਸਰੇ। [6]ਭਾਵ ਦੱਸ ਦੇਹ। [7]ਪਾਰ ਹੋ ਜਾਏਂਗੀ।

ਸਭਿ ਜਾਨਹੁ।ਭਈ ਬਿਕਲ ਬਹੁ ਕਹਾਂ ਬਖਾਨਹੁਂ[1]। ਦਰਸ਼ਨ ਕੋ ਤਰਫਤਿ ਦਿਨ ਰੈਨਿ।ਮਹਾਂ ਦੀਨ ਮੁਝ ਸੋਂ ਕਹਿ ਬੈਨਿ॥੮॥–ਗੁਰੁ ਢਿਗ ਜਾਹੁ ਦੇਹੁ ਸੁਧਿ ਮੇਰੀ। ਬਿਤਹਿ ਨ ਦਿਨ* ਸੰਮਤ ਸਮ[2] ਹੇਰੀ–।ਪਰੀ ਪ੍ਰਯੰਕ ਬਹੁਤ ਬਿਲਲਾਵੈ।–ਹਾਇ ਹਾਇ–ਮੁਖ ਸਭਨਿ ਸੁਨਾਵੈ॥੯॥ ਜਾਨੈਂ ਸਕਲ–ਚੋਟ ਤਨ ਲਾਗੀ–। ਲਖਹਿਂ ਨ ਪੀਰ ਛਪੀ ਅਨੁਰਾਗੀ[3]। ਹੋਇ ਆਪ ਕੀ ਜਥਾ ਰਜ਼ਾਇ। ਤਿਸ ਪ੍ਰਕਾਰ ਮੈਂ ਜਾਇ ਸੁਨਾਇ' ॥ ੧੦ ॥ ਸ੍ਰੀ ਹਰਿ ਗੋਬਿੰਦ ਪ੍ਰੇਮ ਮਹਾਨਾ। ਕੌਲਾਂ† ਕੇ ਮਨ ਕੋ ਮਨ ਜਾਨਾ[4]। ਕ੍ਰਿਪਾ ਧਾਰਿ ਕਰਿ ਬਾਕ ਸੁਨਾਏ। 'ਧਰਹੁ ਧੀਰ ਅਬਿ ਬਿਲਮ ਨ ਕਾਏ॥੧੧॥ਡੇਰਾ ਕੂਚ ਕਰਾਵਹਿਂ ਪ੍ਰਾਤੀ। ਤੁਝ ਲੇ ਸੰਗਿ ਚਢਹਿਂ ਹਮ ਰਾਤੀ। ਸਭਿ ਨਿਸਿ ਮਹਿਂ ਜਾਗ੍ਰਤ ਹੀ ਰਹੀਅਹਿ।ਤੁਰੰਗ ਹਮਾਰੇ ਕੋ ਰਵ[5] ਲਹੀਅਹਿ ॥੧੨॥ ਤਤਛਿਨ ਤਰੇ ਉਤਰ ਕਰਿ ਆਵਹੁ। ਕਿਸ ਤੇ ਨਹੀਂ ਤ੍ਰਾਸ ਉਪਜਾਵਹੁ। ਕੋਇ ਨ ਜਾਨਿ ਸਕਹਿ ਲੇ ਚਲੈਂ। ਆਗੈ ਜਾਇ ਸੈਨ ਸੰਗਿ ਮਿਲੈਂ' ॥ ੧੩ ॥ ਸੁਨਿ ਦਾਸੀ ਹਰਖਤਿ ਹਟਿ ਆਈ। ਸਭਿ ਕੌਲਾਂ ਕੇ ਨਿਕਟ ਸੁਨਾਈ। ਰਿਦੇ ਅਨੰਦ ਬਿਲੰਦ ਉਪਾਵਾ। ਜਨਮ ਰੰਕ ਜਿਮ ਨਵਨਿਧਿ ਪਾਵਾ॥੧੪॥ ਆਛੇ ਹੁਤੇ ਬਿਭੂਖਨ ਜੋਇ। ਦਏ ਬਖਸ਼ ਦਾਸੀ ਕੋ ਸੋਇ। 'ਏ ਰੀ[6] ਦਈ ਜਾਨ ਤੈਂ ਮੇਰੀ। ਸਦਾ ਅਸਾਨਵੰਦ ਮੈਂ ਤੇਰੀ ॥ ੧੫॥ ਜਬਿ ਲਗਿ ਰਹੈਂ ਪ੍ਰਾਨ ਤਨ ਮਾਂਹੀ।ਦੇਤਿ ਰਹੌਂ ਧਨ,ਬਿਸਰੌਂ ਨਾਂਹੀ।ਉਤਰਨਿ ਕੋ ਨਿਕੇਤ ਬਿਧਿ ਜੋਈ। ਕੀਜਹਿ ਜਤਨ ਤਯਾਰ ਹ੍ਵੈ ਸੋਈ ॥ ੧੬ ॥–ਨਹਿਂ ਡਰ ਕਛੂ–ਪੀਰ[7] ਬਚ ਕਹਯੋ।ਕਰਹੁ ਕਮੰਦ[8] ਜਥਾ ਬਿਧਿ ਲਹਯੋ। ਇਸ ਤਾਕੀ ਤੇ ਉਤਰੋਂ ਤਰੇ। ਬਹੁਰ ਸੰਭਾਰ ਲੇਉਂ ਮੈਂ ਪਰੇ[9]' ॥੧੭॥ ਇੱਤ੍ਯਾਦਿਕ ਸਭਿ ਰਚੇ ਉਪਾਇ। ਨਿਸਿ ਮਹਿਂ ਤਯਾਰੀ ਕਰਤਿ ਬਿਤਾਇ। ਦਿਵਸਿ ਬਿਖੈ ਸੁਪਤਹਿ ਰਹਿ ਪਰੀ।ਸਭਿਨਿ ਦਿਖਾਇ ਅਧਿਕ ਦੁਖ ਭਰੀ ॥੧੮॥ ਕਰਹਿ ਨਿਹੋਰਨਿ ਬਹੁ ਮਹਿਤਾਰੀ। ਕਸ਼ਟ ਦਿਖਾਇ, ਨ ਖਾਇ ਅਹਾਰੀ। ਸਰਬ ਕੁਟੰਬ ਮ੍ਰਿਦੁਲ ਬਚ ਕਹੈ। ਦੁਖੀ ਲਖਹਿ, ਮਾਰੀ ਬਹੁ, ਲਹੈ ॥੧੯॥ ਇਤਿ ਸਤਿਗੁਰੁ ਨੈਂ

[1]ਬਹੁਤਾ ਕੀ ਕਹਾਂ। [2]ਸਾਲ ਬਰੋਬਰ। [3]ਇਹ ਨਹੀਂ ਜਾਣਦੇ ਜੋ ਪਿਆਰ ਦੀ ਲੁਕੀ ਪੀੜਾ ਲੱਗੀ ਹੈ ਸੁ। [4]ਆਪਣੇ ਮਨ ਵਿਚ ਜਾਣਿਆਂ। [5]ਖੜਾਕ, ਸ਼ਬਦ, ਅਵਾਜ਼। [6]ਹੇ ਸਖੀ। [7]ਭਾਵ, ਸ੍ਰੀ ਗੁਰੂ ਜੀ ਨੇ। [8]ਕਮੰਦ ਤਿਆਰ ਕਰੋ। [9]ਅੱਗੋਂ। *ਪਾ:–ਛਿਨ।

†ਦੇਖੋ ਰਾਸ ੬ ਅੰਸੂ ੨੪ ਅੰਕ ੧੧ ਦੀ ਹੇਠਲੀ ਟੂਕ।

ਨਿਸਾ ਬਿਤਾਈ। ਕਹਯੋ ਬਾਕ 'ਸੁਨੀਅਹਿ ਬ੍ਰਿਧ ਭਾਈ!। ਅਬਿ ਲਵਪੁਰਿ ਕਯਾ ਕਾਜ ਹਮਾਰੋ। ਸ਼ਾਹਜਹਾਂ ਤੇ ਹੁਜਹਿ ਨਯਾਰੋ ॥੨੦॥ ਸੰਗ ਲੇਹੁ ਡੇਰਾ ਸਭਿ ਸੈਨ। ਕਰਹ ਮਜਲ ਟਿਕੀਅਹਿ ਪਿਖਿ ਰੈਨ।ਪੰਚ ਕੋਸ ਸ੍ਰੀ ਅੰਮ੍ਰਿਤਸਰ ਉਰੇ। ਟਿਕਹੁ ਪ੍ਰਤੀਖਨਿ ਹਮਰੀ ਧਰੇ ॥ ੨੧ ॥ ਹਮ ਨਿਸ ਮਹਿਂ ਹ੍ਵੈ ਕੈ ਅਸਵਾਰਾ। ਉਲੰਘਹਿ ਸ਼ੀਘ੍ਰ ਪੰਥ ਜੋ ਸਾਰਾ। ਆਨਿ ਮਿਲਹਿਂ ਤੁਮਰੇ ਸੰਗ ਹੋਵੈਂ। ਸ੍ਰੀ ਅੰਮ੍ਰਿਤਸਰ ਦਰਸ਼ਨ ਜੋਵੈਂ' ॥ ੨੨ ॥ ਮਾਨਿ ਬਚਨ ਹੋਇ ਸਭਿ ਤਯਾਰੀ। ਗਮਨਯੋ ਸਭਿ ਤੇ ਬ੍ਰਿੱਧ ਅਗਾਰੀ। ਸਨੈ ਸਨੈ ਸੈਨਾ ਸਭਿ ਮਿਲੀ। ਸ੍ਰੀ ਅੰਮ੍ਰਿਤਸਰ ਕੇ ਮਗ ਚਲੀ ॥੨੩॥ ਸੰਧਯਾ ਲਗਿ ਸਿਖ ਸੇਵਕ ਸਾਰੇ। ਮਿਲਿ ਮਿਲਿ ਸਤਿਗੁਰੁ ਪੰਥ ਪਧਾਰੇ। ਤੰਬੂ ਲਗਯੋ ਰਹਯੋ ਗੁਰੁ ਕੇਰੋ।–ਡੇਰੋ ਹੈ ਮੁਕਾਮ–ਸਭਿ ਹੇਰੋ[1] ॥੨੪॥ ਢਾਢੀ ਪਾਤਿਸ਼ਾਹ ਕੇ ਜੋਇ। ਦ੍ਵੈ ਘਟਿਕਾ ਦਿਨ ਆਏ ਸੋਇ। ਚਹੈਂ ਸੁਨਾਵਨਿ ਅਪਨੋ ਰਾਗ। ਦਰਬ ਲੇਨਿ ਕੋ ਉਰ ਅਨੁਰਾਗ ॥ ੨੫ ॥ ਤਿਨ ਕੋ ਪਿਖਿ ਨਿਜ ਨਿਕਟਿ ਬਿਠਾਏ। ਸ੍ਰੀ ਹਰਿ ਗੋਬਿੰਦ ਬਾਕ ਸੁਨਾਏ।'ਆਜ ਨਿਸਾ ਸਗਰੀ ਤੁਮ ਗਾਵਹੁ।ਬਹੁ ਜੋਧਾ ਕਿਯ ਜੁੱਧ ਸੁਨਾਵਹੁ' ॥ ੨੬ ॥ ਸੁਨਿ ਢਾਢੀ ਮਨ ਹਰਖ ਉਪਾਏ। ਜਾਨਯ ਧਨ ਗੁਰ ਤੇ ਬਹੁ ਪਾਏਂ।ਲਗੇ ਸੁਨਾਵਨਿ ਜੰਗ ਅਖਾਰੇ।ਭਾਂਤਿ ਭਾਂਤਿ ਕੇ ਮਹਿਦ ਪਵਾਰੇ[2] ॥੨੭॥ ਸਤਿਗੁਰ ਬੈਠੇ ਤਿਨਹੁੰ ਅਗਾਰੀ। ਤਾਨ ਸਮੈਂ ਗੁਰ 'ਅਹੋ' ਉਚਾਰੀ। ਤੰਬੂ ਮਹਿਂ ਬਜਿ ਰਹਯੋ ਰਬਾਬ।ਗਾਵੈਂ ਊਚੇ ਰਾਗ ਅਜਾਬ॥੨੮॥ ਕਾਜ਼ੀ ਹਿਤ ਧਨ ਲੇਨਿ ਉਪਾਇ। ਸ਼ਾਹਜਹਾਂ ਸੋ ਸਕਲ ਸੁਨਾਇ। 'ਕਰਯੋ ਦੇਨਿ ਜਿਸ ਦਿਨ ਤਕਰਾਰ। ਕਰਿ ਸੀਨੇ ਜ਼ੋਰੀ[3] ਦੈ ਟਾਰ ॥ ੨੯ ॥ ਆਜ ਕਾਲ ਕਹਿ ਦੇਤਿ ਸੁ ਨਾਂਹੀ। ਤੁਮ ਜੋ ਪਠਹੁ ਮਨੁਖ ਕੋ ਤਾਂਹੀ। ਤਬਹਿ ਦਰਬ ਪਾਲੇ ਮਮ ਪਰਿਹੀ[4]। ਨਾਂਹਿ ਤ ਟਾਰ ਇਸੀ ਬਿਧਿ ਕਰਿਹੀ' ॥੩੦ ॥ ਸ਼ਾਹ ਜਹਾਂ ਕਹਿ 'ਹੋਵਹਿ ਭੋਰ। ਲੇ ਨਰ ਜਾਹੁ ਗੁਰੂ ਕੀ ਓਰ। ਕਹਿਕੈ ਸਰਬ ਦਰਬ ਦਿਲਵਾਵਹਿ। ਸੋ ਭੀ ਨਹਿਂ ਰਾਖਹਿਂ ਚਿਤ ਆਵਹਿ'[5] ॥੩੧॥ ਸੰਧਯਾ ਸਮੈਂ ਪਿਖਯੋ[6] ਗੁਰੁ ਡੇਰਾ।–ਅਹੈ ਅਲਪ ਨਹਿਂ ਰਹਯੋ ਘਨੇਰਾ।ਚਲੇ ਨ ਜਾਹਿਂ ਦਰਬ ਕੋ ਲੈਕੇ–। ਅਸ ਚਿੰਤਾ ਚਿਤ ਕਾਜ਼ੀ ਕੈ ਕੈ ॥੩੨॥ ਗਯੋ ਅਗਾਰੀ ਤਿਸ ਹੀ ਥਾਨਾ। ਤਿਮਰ ਭਏ ਹਟਿਆ ਇਤ ਜਾਨਾ[7]। ਗਾਵਨਿ

[1] ਡੇਰਾ ਇਸੇ ਮੁਕਾਮ ਤੇ ਹੈ, ਸਭ ਨੇ ਵੇਖਿਆ। [2] ਲੜਾਈਆਂ। [3] ਜ਼ੋਰਾਵਰੀ ਨਾਲ। [4] ਤਦ ਹੀ ਧਨ ਮੇਰੇ ਪੱਲੇ ਪਵੇਗਾ। [5] ਸਾਡੇ ਇਹ ਚਿੱਤ ਵਿਚ ਆਂਵਦਾ ਹੈ। [6] (ਕਾਜ਼ੀ) ਨੇ ਡਿੱਠਾ। [7] ਹਨੇਰਾ ਹੋ ਜਾਣ ਕਰਕੇ ਮੁੜ ਪਿਆ (ਤੇ ਇਹ) ਜਾਣ ਲਿਆ (ਕਿ ਗੁਰ ਜੀ) ਏਥੇ ਹੀ ਹੈਨ।

ਕੋ ਸੁਨਿ ਸ਼ਬਦ ਬਿਲੰਦ। ਲਖ੍ਯੋ-ਅਹੈਂ ਸ੍ਰੀ ਹਰਿਗੋਬਿੰਦ ॥ ੩੩ ॥ ਲੇਉਂ ਭੋਰ ਕੋ ਅਪਨੋ ਦਰਬ। ਜੋਰ ਦਿਖਾਇ ਸ਼ਾਹੁ ਕੋ ਸਰਬ-। ਹੋਇ ਨਿਚਿੰਤ* ਟਿਕ੍ਯੋ ਨਿਜ ਥਾਨ। ਏਕ ਲਾਲਸਾ ਦਰਬ ਮਹਾਨ ॥ ੩੪ ॥ ਬੈਠ੍ਯੋ ਰਾਗ ਸੁਨੈਂ ਗੁਰੁ ਪੂਰਾ। ਤਾਨ ਸਮੈਂ ਮੁਖ ਦੇਤਿ ਹੰਗੂਰਾ। ਜ਼ੀਨ ਤੁਰੰਗ ਕਸ੍ਯੋ ਢਿਗ ਖਰਯੋ। ਤਥਾ ਆਪ ਸਵਧਾਨੀ ਕਰਯੋ ॥੩੫॥ ਬਖਸ਼੍ਯੋ ਦਰਬ ਰੀਝ ਕਈ ਵਾਰ। ਤਾਨ ਸਰਾਹੈਂ ਬਿਬਿਧਿ ਪ੍ਰਕਾਰ। ਆਧੀ ਨਿਸਾ ਬੀਤਿ ਜਬਿ ਗਈ। ਉਠਿ ਸਤਿਗੁਰ ਨਿਜ ਤਯਾਰੀ ਕਈ ॥ ੩੬ ॥ ਵਹਿਰ ਨਿਕਸਿ ਕਰਿ ਚਢੇ ਤੁਰੰਗ। ਬਿੰਦ ਸ਼ਸਤ੍ਰ ਪਹਿਰੇ ਨਿਜ ਅੰਗ। ਤੰਬੂ ਮਹਿਂ ਤਿਮ ਹੋਤਿ ਹੰਗੂਰੇ। ਜਥਾ ਦੇਤਿ ਬੈਠੇ ਗੁਰੁ ਪੂਰੇ॥ ੩੭ ॥ ਹੁਤੇ ਜਿਤਿਕ ਤਹਿਂ ਗਾਵਨਿ ਹਾਰੇ। ਨਹਿਂ ਜਾਨੇ ਨਹਿਂ ਨਯਨ ਨਿਹਾਰੇ। ਪ੍ਰਥਮ ਸਮਾਨ ਜਾਨਿ ਗੁਰੁ ਬੈਸੇ। ਸੁਨਤਿ ਹੰਗੂਰਾ ਗਾਵਹਿਂ ਤੈਸੇ ॥ ੩੮ ॥ ਜੌਂ ਲਗਿ ਪ੍ਰਾਤ ਹੋਤਿ ਤਮ ਰਹ੍ਯੋ। ਤੌਂ ਲਗਿ ਸਭਿਨਿ ਤਹਾਂ ਗੁਰੁ ਲਹ੍ਯੋ। ਦਰਬ ਅਧਿਕ ਪ੍ਰਾਪਤਿ ਕੋ ਜਾਨਾ। ਗਾਵਹਿਂ ਰਾਗਨਿ ਬਿੱਦ੍ਯਾ ਨਾਨਾ ॥੩੯॥ ਪੂਰਬ ਹੀ ਨਹਿਂ ਦੀਪ ਜਗਾਯੋ। ਸਿਵਰ ਕੂਚ ਕਰਿ ਦੀਨਿ ਸੁਨਾਯੋ। 'ਇਸੀ ਰੀਤਿ ਗਾਵਹ ਹਮ ਬੈਸੇ'। ਗਾਵਤਿ ਰਹੇ ਰਾਗ ਮਿਲਿ ਤੈਸੇ ॥ ੪੦ ॥ ਸਤਿਗੁਰੁ ਹਯ ਕੋ ਅੱਗ੍ਰ ਚਲਾਯੋ। ਜਿਤ ਕਾਜ਼ੀ ਕੋ ਸਦਨ ਸੁਹਾਯੋ। ਪਹੁੰਚਤਿ ਭਏ ਤੁਰੰਗ ਟਿਕਾਯੋ। ਚਾਹਤਿ ਕੌਲਾਂ ਤਰੇ ਬੁਲਾਯੋ ॥ ੪੧ ॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪੰਚਮ ਰਾਸੇ 'ਕੌਲਾਂ ਕੋ' ਪ੍ਰਸੰਗ ਬਰਨਨੰ ਨਾਮ ਏਕ ਬਿੰਸਤੀ ਅੰਸੂ ॥ ੨੧ ॥

੨੨. [ਸ੍ਰੀ ਅੰਮ੍ਰਿਤਸਰ ਆਏ]।

ਦੋਹਰਾ ॥ ਕੌਲਾਂ ਕਰਤਿ ਪ੍ਰਤੀਖਨਾ ਲੋਚਨ ਰਹੀ ਲਗਾਇ। ਦਾਸੀ ਸੰਗ ਸਹਾਇਤਾ ਚਾਹਤਿ ਕਾਜ ਬਨਾਇ ॥ ੧ ॥ ਚੌਪਈ ॥ ਜਬਿ ਸਤਿਗੁਰੁ ਲਖਿ ਮੰਦਰ ਕਾਜ਼ੀ। ਤਰੇ ਦਰੀਚੀ[1] ਕੇ ਕਿਯ ਬਾਜ਼ੀ। ਤਤਛਿਨ ਕੌਲਾਂ ਲਖਿ ਆਗਵਨੁ। ਤੂਰਨ ਚਹਤਿ ਤਜ੍ਯੋ ਨਿਜ ਭਵਨੁ ॥੨॥ ਸਤਿਗੁਰੁ ਅਜ਼ਮਤ ਜੁਤਿ ਰਿਪੁਦਵਨੁ। ਜਾਨਿ ਰਿਦੈ ਡਰ ਕਰਹਿ ਨ ਕਵਨੁ[2]। ਧਰਿ ਕਮੰਦ ਤਰ ਕੋ ਲਰਕਾਈ[3]। ਕਰ ਦਾਸੀ ਕੇ ਦ੍ਰਿਢ ਗਹਿਵਾਈ[4] ॥ ੩ ॥ ਤੂਰਨ ਤਰੇ ਉਤਰ ਕਰਿ ਆਈ। ਗੁਰੁ ਪਗ ਪੰਕਜ ਗਹਿ ਸਿਰ ਲਾਈ। ਰਿਦੇ

---

[1]ਬਾਰੀ। [2]ਕਿਸੇ ਦਾ ਡਰ ਨਹੀਂ ਕਰਦੀ (ਕੌਲਾਂ)। [3]ਕਮੰਦ ਹੇਠ ਲਟਕਾਈ। [4]ਫੜਾਈ (ਕਮੰਦ)।

*ਪਾ:-ਹੁਇ ਨਿਸਚਿਤ।

ਅਨੰਦ ਬਿਲੰਦ ਉਮੰਗਾ। ਭਯੋ ਰੋਮ ਹਰਖਨ ਸਭਿ ਅੰਗਾ ॥ ੪ ॥ ਗਦਗਦ ਗਿਰਾ ਨ ਕੁਛ ਕਹਿ ਜਾਈ। ਗਹੀ ਬਾਂਹੁ ਗੁਰ ਬੇਲ[1]ਚਢਾਈ। ਪ੍ਰੇਰਯੋ ਹਯ ਪੁਰਿ ਬਾਹਿਰ ਆਏ। ਬਡੇ ਬੇਗ ਬਾਯੂ ਸਮ ਜਾਏ ॥੫॥ ਕਿਤਿਕ ਦੂਰ ਜਬਿ ਗਏ ਅਗਾਰੀ। ਖਰੇ ਪੰਚ ਸਿਖ ਆਯੁਧ ਧਾਰੀ। ਜੇਠਾ ਆਦਿਕ ਬੀਰ ਬਿਸਾਲੇ। ਮਿਲੇ ਗੁਰੂ ਸਗ ਆਗੇ ਚਾਲੇ ॥੬॥ ਖਸ਼ਟ ਤੁਰੰਗ ਚਪਲ ਬਲਿ ਭਾਰੀ। ਚਲਹਿ ਚਾਲ ਸੁਖਦਾ ਅਸੁਵਾਰੀ। ਥੋਰੇ ਕਾਲ ਦੂਰ ਚਲਿ ਜਾਈ[4]। ਨਹਿੰ ਅਸਵਾਰਨ ਪਰਹਿੰ ਲਖਾਈ ॥੭॥ ਜਬਿ ਕੁਛ ਪਤਾ ਲਖਹਿੰ ਕੈ ਉਚੇ[2]। ਤਬਿ ਜਾਨਹਿੰ–ਹਮ ਆਨਿ ਪਹੂਚੇ[3]–। ਜਬਿ ਅਰਣੋਦੈ ਹੋਵਤਿ ਜਾਨਾ। ਉਤਰ ਪਰੇ ਸਤਿਗੁਰ ਇਕ ਥਾਨਾ ॥ ੮ ॥ ਕਹ੍ਯੋ 'ਸੁਧਾਸਰ ਕੇਤਿਕ ਰਹ੍ਯੋ ?। ਇਸ ਥਲ ਕੋ ਆਛੇ ਤੁਮ ਲਹ੍ਯੋ'। ਤਬਿ ਸਿੱਖਨਿ ਕਰ ਜੋਰਿ ਬਖਾਨਾ। 'ਗੁਰੂ ਗਰੀਬ ਨਿਵਾਜ ਸੁਜਾਨਾ ! ॥ ੯ ॥ ਸਪਤ ਕੋਸ ਅਬਿ ਤਾਲ ਅਮੀ ਕੋ। ਆਨਿ ਪਹੂੰਚੇ ਸਦਨ ਨਜੀਕੋ। ਥਿਰਹੁ ਆਪ ਕੀਜੈ ਬਿਸਰਾਮੂ। ਘੋਰੇ ਹੁਤੇ ਸ਼ੀਘ੍ਰ ਬਹੁ ਗਾਮੂ[4]' ॥੧੦॥ ਗੁਰ ਬੂਝਨਿ ਕੀਨੇ ਸਿਖ ਫੇਰ 'ਜਾਨ੍ਯੋ ਕੌਨ ਪਤਾ ਤਮ ਹੇਰਿ। ਇਸ ਥਲ ਚਹੂੰ ਦਿਸ਼ਨਿ ਬਨ ਗਾਢੋ। ਲਘੁ ਤਰੁ ਅਹੈ ਨ, ਊਚਾ ਠਾਂਢੋ ॥ ੧੧ ॥ ਨਿਕਟ ਗ੍ਰਾਮ ਭੀ ਲਖੀਯਤਿ ਨਾਂਹਿ। ਮਹਾਂ ਉਜਾਰ ਸਭਿਨਿ ਦਿਸ਼ਿ ਮਾਂਹਿ'। ਪੁਨ ਸਿਖ ਭੇਤੀ ਤਹਿੰ ਕੇ ਹੁਤੇ। ਲਗੇ ਬਤਾਵਨਿ ਸਗਰੇ ਪਤੇ ॥ ੧੨ ॥ 'ਮਾਦੋ ਕੇ ਬੈਰਾੜ ਜੁ ਨਾਮ। ਅਹੈ ਨਿਕਟ ਸੋ ਜਾਨਹੁ ਗ੍ਰਾਮ। ਕਈ ਬਾਰਿ ਹਮ ਇਤ ਕੋ ਆਏ। ਮਗ ਕੇ ਭੇਤੀ ਸਭਿ ਲਖਿ ਪਾਏ' ॥੧੩॥ ਤਹਾਂ ਚੌਤਰਾ ਏਕ ਨਿਹਾਰਾ। ਤਰੁ ਪਲਾਸ ਕੇ ਤਰੇ ਸੁਧਾਰਾ। ਤਿਸ ਪਰ ਆਸਨ ਡਾਸਨਿ ਕੀਨਿ। ਬੈਠਿ ਗਏ ਸਤਿਗੁਰੂ ਪ੍ਰਬੀਨਿ ॥੧੪॥ ਗਹ੍ਯੋ ਪਿਰਾਣੇ ਗੁਰੂ ਤੁਰੰਗ। ਬਾਂਧੀ ਡੋਰ ਤਰੋਵਰ ਸੰਗ। ਚਲਦਲ[5] ਬ੍ਰਿੱਛ ਨਿਕਟ ਇਕ ਭਾਰੀ। ਤਹਿੰ ਬੈਠੀ ਕੌਲਾਂ ਹੁਇ ਨਯਾਰੀ ॥ ੧੫ ॥ ਜਯੋਂ ਜਯੋਂ ਰਵਿ ਪ੍ਰਕਾਸ਼ ਦਿਖਰਾਵੈ। ਤਯੋਂ ਤਯੋਂ ਪਿਖਿ ਸਰੂਪ ਬਲਿ ਜਾਵੈ। ਕਹੈ ਕਿ 'ਧੰਨ ਭਾਗ ਹੈਂ ਮੇਰੇ। ਜਿਨ ਤੇ ਪੀਰ ਪੀਰ ਮੁਖ ਹੇਰੇ[6] ॥ ੧੬ ॥ ਜੇਠੇ ਸੰਗ ਕਹ੍ਯੋ 'ਫਿਰ ਕਰਿਕੈ। ਕਰਹੁ ਆਨਿ ਸੁਧਿ, ਨੀਰ ਨਿਹ-

---

[1](ਘੋੜੇ ਦੀ) ਪਿੱਠ ਤੇ। [2]ਉਚੇ ਹੋਕੇ ਪਤਾ ਵੇਖਦੇ ਹਨ। [3]ਅਸੀਂ ਆ ਪਹੁੰਚੇ ਹਾਂ (ਆਪਣੇ ਘਰ)। [4]ਥੋੜੇ ਸਮੇਂ ਵਿਚ ਬਹੁਤਾ ਚਲਣ ਵਾਲੇ। [5]ਪਿੱਪਲ ਦਾ। [6]ਜਿਨ੍ਹਾਂ (ਭਾਗਾਂ ਕਰਕੇ) ਪੀਰਾਂ ਦੇ ਪੀਰ ਦਾ ਮੁਖ ਡਿੱਠਾ ਹੈ।

ਰਿਕੈ[1]"। ਸੁਨਿ ਆਇਸੁ ਇਤ ਉਤ ਬਹੁ ਵਿਰਜੇ। ਘਨੋ ਨੀਰ ਨਹਿਂ ਕਹੂੰ ਨਿਹਰਯੋ ॥ ੧੭ ॥ ਕਹਯੋ ਆਨਿ ਕਰਿ 'ਅਪਰ ਨ ਨੀਰ। ਕਛੁਕ ਇਹੀ ਹੈ ਜੋ ਤੁਮ ਤੀਰ। ਸੋ ਮਹਿਖਨਿ ਲਿਟਿ ਕਰਦਮ ਘੋਰਾ[2]। ਜਲ ਮੋਟੋ[3] ਦੀਖਤਿ ਇਸ ਠੌਰਾ' ॥੧੮॥ ਗੁਰ ਕਹਯੋ 'ਅਬਿ ਆਛੋ ਇਹੀ। ਛਿਤ ਸੋਂ ਮਿਲਿ ਜਲ ਪਾਵਨ ਲਹੀ। ਹੋਇਂ ਬਿਮਲ ਹਮ* ਚਹੈਂ ਸ਼ਨਾਨਾ। ਨਾਮ-ਗੁਰੂ ਸਰ-ਹੁਇ ਇਸ ਥਾਨਾ ॥ ੧੯ ॥ ਅਪਰ ਸਿੱਖ ਜੋ ਮੱਜਨ ਕਰਹਿਂ। ਸੰਕਟ ਬਿਕਟ ਤਿਨਹੁਂ ਕੇ ਟਰਹਿਂ'। ਇਮ ਕਹਿ ਸਤਿਗੁਰ ਕੀਨਿ ਸ਼ਨਾਨਾ। ਬੈਠਿ ਸਰੂਪ ਧਯਾਨ ਕੋ ਠਾਨਾ[4] ॥ ੨੦ ॥ ਪੁਨ ਪੰਚਹੁਂ ਸਿਖ ਮੱਜਨ ਕੀਨਾ। ਆਯੁਧ ਧਰੇ ਖਰੇ, ਬਨ ਚੀਨਾ[5]। ਚਹੁਂਦਿਸ਼ ਰਹੇ ਸਚੇਤ ਵਿਰੰਤੇ। ਮਨਹੁਂ ਸ਼ੇਰ ਨਿਰਭੈ ਬਿਚਰੰਤੇ ॥ ੨੧ ॥ ਪੁਨ ਕੌਲਾਂ ਕੀਨਿਸਿ ਇਸ਼ਨਾਨਾ। ਦੂਰ ਖਰੀ ਹੁਇ ਬੰਦਨ ਠਾਨਾ। ਤਿਸ ਚਲਦਲ ਕੇ ਤਰ ਤਬਿ ਆਈ। ਗੁਰ ਮੂਰਤਿ ਰਵਿ ਦੈ ਦਿਖਰਾਈ ॥ ੨੨ ॥ ਕਮਲ ਬਿਲੋਚਨ ਬਿਕਸਤਿ ਜਾਤਿ। ਰਿਦਾ ਅਨੰਦ ਬਿਲੰਦ ਉਦਾਤ। ਕਿਤਿਕ ਦਿਵਸ ਬੈਠੇ ਜਬਿ ਚਰਯੋ। ਗੁਰੂ ਧਯਾਨ ਉਰ ਕੋ ਤਬਿ ਟਰਯੋ ॥੨੩॥ ਚਹਯੋ ਸੁਧਾਸਰ ਕੋ ਤਬਿ ਹੇਰਨਿ। ਜੁਗ ਸਿਖਨਿ ਕੋ ਕੀਨਸਿ ਪ੍ਰੇਰਨਿ। 'ਆਨਹੁ ਜਾਇ ਕਹਾਰਨ ਗ੍ਰਾਮੂ[6]। ਹਿਤ ਕੌਲਾਂ ਲੇ ਚਲਿਬੇ ਧਾਮੂ' ॥੨੪॥ ਤੁਰੰਗ ਧਵਾਇ ਜਾਇ ਕਰਿ ਆਨੇ। ਬਸਤ੍ਰ ਸ਼ਸਤ੍ਰ ਗੁਰ ਪਹਿਰਨਿ ਠਾਨੇ। ਕੀਮਤਿ ਲੱਛ ਦਰਬ ਕੀ ਜਾਂਹਿ। ਹਯ ਮੰਗਵਾਵਤਿ ਭੇ ਤਬਿ ਪਾਹਿ ॥ ੨੫ ॥ ਭਏ ਅਰੂਢਨਿ ਕੀਨਸਿ ਪਯਾਨਾ। ਸਨੈ ਸਨੈ ਗਮਨੇ ਬਲਵਾਨਾ। ਸਭਿ ਸੈਨਾ ਚਲਿ ਆਇ ਅਗਾਊ। ਮਿਲੇ ਨਮੋ ਕਰਿ ਉਰ ਧਰਿ ਭਾਊ ॥੨੬॥ ਪਹੁੰਚੇ ਸ਼੍ਰੀ ਅੰਮ੍ਰਿਤਸਰ ਤੀਰ। ਮਿਲੀ ਆਇ ਗਨ ਸਿੱਖਨਿ ਭੀਰ। ਬਹੁ ਉਤਸਵ ਕੋ ਸਕਲ ਕਰੰਤੇ। ਸ਼ਬਦ ਗੁਰੂ ਕੇ ਮੁਖ ਉਚਰੰਤੇ ॥ ੨੭ ॥ ਜੁਗ ਪਦ ਪਦਮ ਸਦਨ ਸੁਖ ਕੇਰੇ। ਬੰਦਹਿਂ ਸਤਿਗੁਰ ਕੇ ਹੁਇ ਨੇਰੇ। ਜਾਇ ਸੁ ਪਹੁਂਚੇ ਤਖਤ ਅਕਾਲੇ। ਉਤਰ ਪਰੇ ਤਿਸ ਥਾਨ ਕ੍ਰਿਪਾਲੇ ॥ ੨੮ ॥ ਧਰਿ ਪ੍ਰਸਾਦਿ ਅਰਦਾਸ ਕਰਾਈ। ਪੁਨ ਸਭਿ ਕੌ ਦੀਨਸਿ ਬਰਤਾਈ। ਬਹੁਰੋ ਗਏ ਦਰਸ਼ਨੀ ਪੌਰ। ਨੰਮ੍ਰਿ ਭਏ ਸੋਢੀ ਸਿਰਮੌਰ ॥ ੨੯ ॥ ਪੁਨ ਪਹੁੰਚੇ ਦਰਬਾਰ ਅਗਾਰੀ। ਸਨਮੁਖ ਹੋਇ

[1]ਜਲ ਦੇਖਕੇ ਆਕੇ ਖਬਰ ਕਰੋ। [2]ਮੱਝੀਆਂ ਨੇ ਲਿਟਕੇ ਚਿੱਕੜ ਘੋਲ ਦਿਤਾ ਹੈ। [3]ਗਾੜ੍ਹਾ। [4]ਕੀਤਾ। [5]ਖਰੇ ਸ਼ਸਤ੍ਰ ਧਾਰਕੇ ਬਨ ਦੀ ਦੇਖ ਭਾਲ ਕੀਤੀ। [6]ਪਿੰਡ ਤੋਂ। *ਪਾ:-ਸਰ।

ਬੰਦਨਾ ਧਾਰੀ। ਕੀਨਿ ਪ੍ਰਕਰਮਾ ਫਿਰ ਚਹੁੰ ਬਾਰੀ। ਦਰਸ਼ਨ ਦਰਸ ਪ੍ਰਮੋਦਤਿ ਭਾਰੀ ॥ ੩੦ ॥ ਗੰਗ ਮਾਤ ਕੇ ਸੇਵਕ ਆਏ। ਮਿਲੇ ਧਾਇ ਕਰਿ ਸਿਖ ਸਮੁਦਾਏ। ਪਿਖ੍ਯੋ ਅਗਾਰੀ ਆਵਤਿ ਡੋਰਾ। ਬੂਝਨਿ ਕਰ੍ਯੋ 'ਆਇ ਕਿਤ ਓਰਾ?'॥ ੩੧॥ ਜੋ ਸਿੱਖ ਜਾਨਤਿ ਤਿਨਹਿ ਬਤਾਯਹੁ। 'ਇਹ ਡੋਰਾ ਸ੍ਰੀ ਸਤਿਗੁਰ ਲ੍ਯਾਯਹੁ। ਕਾਜ਼ੀ ਕੀ ਤਨੁਜਾ ਬਡਭਾਗਨਿ। ਗੁਰੁ ਤਨ ਸੋਂ ਹੋਈ ਅਨੁਰਾਗਨਿ*' ॥੩੨॥ ਧਾਇ ਗਏ ਸ੍ਰੀ ਗੰਗਾ ਪਾਸ। ਸਰਬ ਬਾਰਤਾ ਕੀਨਿ ਪ੍ਰਕਾਸ਼। ਸੁਨਤਿ ਮਾਤ ਨੇ ਰਿਸ ਉਪਜਾਈ।–ਪੁੱਤ੍ਰ ਕਹਾਂ ਕਰਤੂਤ ਉਪਾਈ?–॥ ੩੩ ॥ ਇਤਨੇ ਮਹਿਂ ਸ੍ਰੀ ਹਰਿ ਗੋਬਿੰਦ। ਆਇ ਕਰੀ ਬੰਦਨ ਕਰ ਬੰਦਿ। ਬਹੁ ਸਨੇਹ ਤੇ ਨਿਕਟਿ ਬਿਠਾਏ। ਮਸਤਕ ਸੂੰਘਤਿ ਪ੍ਯਾਰ ਵਧਾਏ॥੩੪॥'ਸੁਨਹੁ ਪੁੱਤ੍ਰ! ਇਹ ਕ੍ਯਾ ਤੁਮ ਕੀਨਾ?। ਜਿਸ ਤੇ ਸੁਜਸੁ ਹੋਇ ਜਗ ਹੀਨਾ। ਤੁਮਰੋ ਉੱਤਮ ਬੰਸ ਬਿਸਾਲਾ। ਕੌਨ ਕਰਹਿ ਇਸਿ ਭਾਂਤਿ ਕੁਚਾਲਾ ॥ ੩੫ ॥ ਸਭਿ ਤੇ ਬਡਿ ਸ੍ਰੀ ਨਾਨਕ ਗਾਦੀ। ਤਿਸ ਪਰ ਤੁਮ ਥਿਤ ਨਿਤ ਅਹਿਲਾਦੀ।ਅਪਨੀ ਕ੍ਯੋਂ ਨ ਪਿਖੀ ਬਡਿਆਈ। ਕਹੈ ਕਹਾਂ ਸੰਗਤਿ ਸਮੁਦਾਈ ॥੩੬॥ ਬੇਦੀ ਤਿਹਣ ਜੁ ਭੱਲ੍ਯਨਿ ਬੰਸ। ਕੁਲ ਸੋਢਿਨਿ ਸਭਿ ਕੋ ਅਵਤੰਸ਼। ਕ੍ਯਾ ਨਹਿਂ ਨਿੰਦਾ ਕਰਹਿਂ ਤੁਮਾਰੀ। ਮਹਾਂ ਅਨੁਚਿਤਿ ਰੀਤਿ ਜੋ ਧਾਰੀ ॥ ੩੭ ॥ ਪਿਤਾ ਤੁਮਾਰੋ ਸ਼ਾਂਤਿ ਸੁਭਾਊ। ਪੀਰ ਮੀਰ ਰਾਖਹਿਂ ਜਿਨ ਭਾਊ। ਜਗ ਮਹਿਂ ਤੁਮ ਸਭਿ ਕੇ ਸਿਰਮੌਰ। ਨਹੀਂ ਮਨਿੰਦ ਹੋਤਿ ਕੋ ਔਰਿ ॥੩੮॥ ਇਸ ਕੁਕਰਮ ਕੋ ਕੈਸੇ ਕੀਨਸਿ। ਕਿਸ ਕੀ ਨਹੀਂ ਜਿਠਾਈ ਚੀਨਸਿ¹'। ਸ੍ਰੀ ਹਰਿ ਗੋਬਿੰਦ ਸੁਨਿ ਕਰਿ ਬੈਨ। ਜਨਨੀ ਤੇ ਕਰਿ ਨੀਚੇ ਨੈਨ ॥ ੩੯ ॥ ਕਹਤਿ ਭਏ 'ਹਮਰੇ ਬਸਿ ਨਾਂਹੀ। ਹੁਤੀ ਜਿ ਬਸਿ ਤੌ ਕਰਤੇ ਕਾਂਹੀ। ਬਲੀ ਪੁਰਖ ਨੇ ਇਮ ਕਰਿਵਾਯੋ। ਕਿਯ ਬਿਚਾਰ ਕੁਛ ਬਸਿ ਨ ਬਸਾਯੋ ॥ ੪੦ ॥ ਇਹ ਕਾਰਜ ਕੋ ਕੀਨਿ ਲਚਾਰ²। ਬਹੁ ਅੁਸਮੰਜਸ ਰਹੇ ਬਿਚਾਰ³'। ਇਮ ਕਹਿ ਤੁਸ਼ਨਿ ਹੁਇ ਚਲਿ ਆਏ। ਪੁਨ ਡੋਰਾ ਮਹਿਲੀਂ ਪਹੁੰਚਾਏ* ॥੪੧॥ ਗੰਗ ਬਿਲੋਕਤਿ ਰਿਸ ਉਪਜਾਈ। 'ਇਸ ਕੋ ਮੇਲ ਨਹੀਂ ਇਸ ਥਾਈਂ। ਮਹਾਂ ਕੁਜਸੁ ਇਹ ਕੋ ਘਰ ਰਾਖੇ। ਚਲੀ ਜਾਹਿ ਜਿਤ ਹ੍ਵੈ

¹ਕਿਸੇ ਦੀ ਵਡਿਆਈ ਦਾ ਖਿਆਲ ਨਹੀਂ ਕੀਤਾ। ²ਇਹ ਕਾਜ ਮਜਬੂਰੀ ਨਾਲ ਕੀਤਾ ਹੈ। ³(ਇਸ) ਅਣਬਣ ਨੂੰ ਬੜਾ ਵਿਚਾਰਦੇ ਰਹੇ ਹਾਂ।

*ਕਉਲਾਂ ਦੇ ਸੱਚੇ ਪ੍ਰੇਮ ਬਾਬਤ ਦੇਖੋ ਰਾਸ ੬ ਅੰਸੂ ੨੪ ਅੰਕ ੧੧ ਦੀ ਹੇਠਲੀ ਟੂਕ।

ਅਭਿਲਾਂਖੇ'॥੪੨॥ਸ੍ਰੀ ਰੀਗਾ ਨੇ ਦੀਨਿ ਜਬਾਬ। ਸੁਧਿ ਆਈ ਗੁਰ ਨਿਕਟਿ ਸ਼ਿਤਾਬ। ਪੈੜਾ ਦੇਖਯੋ ਖਰੋ ਅਗਾਰੀ। ਕਰਿ ਸਮੀਪ ਕੋ ਗਿਰਾ ਉਚਾਰੀ ॥ ੪੩ ॥ 'ਦੱਖਣ ਦਿਸ਼ਿ ਸ੍ਰੀ ਅੰਮ੍ਰਿਤਸਰ ਤੇ। ਪਿਖਹੁ ਸੁਥਲ ਸਮੀਪ ਬਟ ਤਰ ਤੇ[1]। ਤਹਿਂ ਤੰਬੂ ਕੌ ਦਿਹੁ ਲਗਵਾਇ। ਡੇਰੇ ਕਹੁ ਡੇਰਾ ਕਰਿਵਾਇ ॥ ੪੪॥ ਹੋਤਿ ਪ੍ਰਾਤਿ ਕਾਰੀਗਰ ਗਨ ਕੋ। ਦਿਹੁ ਲਗਾਇ ਕਰਿ ਲੇਹਿਂ ਸਦਨ ਕੋ। ਤੂਰਨ ਬਨਹਿਂ ਬਿਲਮ ਹੁਇ ਨਾਂਹੀ॥ਸਰਬ ਵਸਤੁ ਪਹੁੰਚਾਵਹੁ ਪਾਹੀ॥ ੪੫॥ਇਸਤ੍ਰੀ ਕਿਤਿਕ ਨਿਕਟ ਤਿਸ ਰਹੈਂ।ਹੁਇ ਅਨੁਸਾਰਿ ਕਰਹਿਂ ਜਿਮ ਕਹੈਂ'।ਹੁਕਮਪਾਇ ਕਰਿਤੂਰਨ ਗਯੋ।ਕਾਜਜਥੋਚਿਤਕਰਤਿ ਸੁ ਭਯੋ॥੪੬॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪੰਚਮ ਰਾਸੇ 'ਸੁਧਾਸਰ ਆਵਨ' ਪ੍ਰਸੰਗ ਬਰਨਨੰ ਨਾਮ ਦੋਇ ਬਿੰਸਤੀ ਅੰਸੂ ॥ ੨੨ ॥

੨੩. [ਕਾਜ਼ੀ ਧਨ ਲੈਣ ਸੁਧਾਸਰ ਆਇਆ]।

ਦੋਹਰਾ ॥ ਸ੍ਰੀ ਗੁਰ ਬਾਸੇ ਮਹਿਲ ਨਿਜ ਖਾਨ ਪਾਨ ਸ਼ੁਭ ਕੀਨਿ। ਰਾਮਦਾਸ ਪੁਰਿ ਮਹਿਂ ਮਹਾਂ ਉਤਸਵ ਕਰਿ ਸੁਖ ਭੀਨਿ ॥੧॥ ਚੌਪਈ ॥ ਦੀਪਮਾਲਕਾ ਜਹਿਂ ਕਹਿਂ ਹੋਈ। ਘਰ ਘਰ ਹਰਖਤਿ ਹੁਇ ਸਭਿ ਕੋਈ। ਗੁਰੂ ਸਰਾਹਤਿ ਆਪਸ ਮਾਂਹੂ। 'ਡੀਲ ਬਿਲੰਦ, ਕਰੀ ਕਰ ਬਾਹੂ[2]॥੨॥ ਮੁਖ ਮਯੰਕ ਸੁੰਦਰ ਅਕਲੰਕਾ। ਬਨਯੋ ਬਨਾਉ ਬੀਰ ਬਰ ਬੰਕਾ'। ਕੇਚਿਤ ਕਹਹਿਂ 'ਮੋਹਿ ਸੋਂ ਬੋਲੇ। ਮੁਸਕਾਵਤਿ ਪਿਖਿ ਦਸਨ ਅਮੋਲੇ'॥੩॥'ਬੂਝੀ ਕੁਸ਼ਲ ਮੋਹਿ' ਕਹਿ ਕੋਈ। ਕਾਹ ਕੋ 'ਕ੍ਰਿਪਾ ਦ੍ਰਿਸ਼ਟਿ ਮੁਝ ਹੋਈ'। ਕੇਚਿਤ ਕਹੈਂ 'ਬਿਲਾਸ ਸੁਸ਼ੀਲ'।ਬਰਨਹਿ ਕੋ'ਬਿਲੰਦ ਬਰ ਡੀਲ'॥੪॥ਦੀਪਕ ਬਾਰੇ ਊਚ ਅਟਾ-ਰਨਿ। ਸਦਨ ਸਦਨ ਕੇ ਸੁੰਦਰ ਦ੍ਵਾਰਨਿ। 'ਬਹੁ ਦਿਵਸਨਿ ਮਹਿਂ[3] ਬਸੇ ਅਵਾਸ। ਜਹਾਂਗੀਰ ਲੇ ਗਮਨਯੋ ਪਾਸ'॥੫॥ ਪੁਰਿ ਜਨ ਇਸ ਪ੍ਰਕਾਰ ਬਹੁ ਰੀਤਿ। ਕਰਹਿਂ ਸੁਜਸੁ ਕੋ ਉਰ ਧਰਿ ਪ੍ਰੀਤਿ।ਬੀਚ ਬਜ਼ਾਰਨਿ ਦੀਪਕ ਬਾਰੇ। ਬਹੁ ਰਵਣਕ[4] ਹੋਈ ਪੁਰਿ ਸਾਰੇ ॥੬॥ਸੁਪਤਿ ਜਥਾ ਸੁਖ ਨਿਸਾ ਬਿਤਾਈ। ਭੋਰ ਭਈ ਉਠਿ ਕਰਿ ਸਮੁਦਾਈ। ਸੌਚ ਸੁ ਮੱਜਨ ਕਰਿ ਕਰਿ ਸਾਰੇ। ਸ੍ਰੀ ਹਰਿ ਗੋਵਿੰਦ ਰੂਪ ਨਿਹਾਰੇ ॥੭॥ ਸਭਿ ਸੰਗਤਿ ਕੋ ਦਰਸ਼ਨ ਦੇਤਿ। ਮਨ ਬਾਂਛਤਿ ਫਲ ਗੁਰ ਤੇ ਲੇਤਿ। ਬਜਹਿਂ ਰਬਾਬ ਮ੍ਰਿਦੰਗ ਸੁਹਾਏ। ਗਾਵਹਿਂ ਸ਼ਬਦ ਰਾਗ ਸਮੁਦਾਏ ॥ ੮ ॥ ਪੰਚਾਂਮ੍ਰਿਤ ਕਰਿ ਕਰਿ ਬਹੁ ਆਨਹਿਂ। ਖਰੇ ਹੋਇ ਅਰਦਾਸ ਬਖਾਨਹਿਂ। ਜਾਮ ਚਢੇ ਦਿਨ ਅਚਵਿ ਅਹਾਰ।ਪੁਨ ਪ੍ਰਯੰਕ

[1]ਬੋਹੜ ਬ੍ਰਿਛ ਦੇ ਨੇੜੇ। [2]ਬਾਹਾਂ ਹਾਥੀ ਦੀ ਸੁੰਡ ਵਤ। [3]ਪਿੱਛੋਂ। [4]ਰੌਣਕ।

ਪੌਢੇ ਸਖ ਧਾਰ॥੯॥ਸਤਿਗੁਰੁ ਉਠੇ ਮੰਗਾਇ ਤੁਰੰਗ। ਭਏ ਅਰੂਢਨਿ ਕੁਛ ਭਟ ਸੰਗ। ਬਾਜ ਲਿਏ ਹਿਤ ਕਰਨਿ ਅਖੇਰ।ਨੇਰਨੇਰ ਫਿਰ ਕਰਿ ਤਹਿਂ* ਹੇਰਿ ॥੧੦॥ ਉਤ ਕਾਜ਼ੀ ਕੀ ਸੁਨੀਯਹਿ ਬਾਤ। ਉਠਤਿ ਭਯੋ ਸੁ ਪ੍ਰਕਾਸ਼ੇ ਪ੍ਰਾਤ[1]। ਘਰ ਕੀ ਸੁਧਿ ਕੁਛ ਨਹਿਂ ਤਿਸ ਕਾਲਾ। ਉਠਤਿ ਮੂਢ ਕਾਰਜ ਕੇ ਚਾਲਾ॥੧੧॥ਕਿਸ ਉਮਰਾਵ ਨਿਕਟਿ ਥੋ ਜਾਨਾ।ਤਜਿ ਸੇਵਨਿ ਥਲ ਕੀਨਿ ਪਯਾਨਾ। ਆਇ ਬਰੋਬਰ ਜਬਿ ਗੁਰ ਡੇਰੇ। ਨਰਗਨ ਫਿਰਤੇ ਤਹਾਂ ਨ ਹੇਰੇ॥੧੨॥ਸੰਸੈ ਕਰਯੋ–ਸੁਪਤਿ ਕਯਾ ਅਬਿ ਲੌ?। ਨਿਸ਼ਚੈ ਹੋਹਿ ਨ ਹੇਰਹਿਂ ਜਬਿਲੌ–। ਥਿਰ ਹੁਇ ਆਛੀ ਰੀਤਿ ਨਿਹਾਰਾ। ਜ਼ਾਨਯੋ ਮਨ ਮਹਿਂ–ਗੁਰੂ ਸਿਧਾਰਾ ॥ ੧੩ ॥ ਤਜਿ ਮਗ ਕੋ ਡੇਰੇ ਮਹਿਂ ਗਇਊ। ਇਕ ਤੰਬੂ ਥਿਰ[2] ਦੇਖਤਿ ਭਇਊ। ਦਲਕਯੋ ਰਿਦਾ ਚਿੰਤ ਦੁਖ ਭਾਰਾ।–ਧਨ ਗਨ ਲੇ ਮਮ ਗੁਰੂ ਪਧਾਰ॥੧੪॥ਹੁਕਮ ਸ਼ਾਹੁ ਨੇ ਕੀਨਿ ਦਿਵਾਵਨਿ। ਸੋ ਕਿਨ ਕੀਨਹੁ ਇਨਹਿਂ ਸੁਨਾਵਨਿ। ਗਏ ਭਾਗ ਦੇਨੋ ਧਨ ਪਰੈ। ਬਲ ਤੇ ਸ਼ਾਹੁ ਦਿਵਾ-ਵਨਿ ਕਰੈ ॥ ੧੫ ॥ ਹੁਇ ਹੈਂ ਸ੍ਰੀ ਅੰਮ੍ਰਿਤਸਰ ਗਏ। ਅਪਨੇ ਸਦਨ ਪਹੂੰਚਤਿ ਭਏ। ਹੋਇ ਨ ਅਸ ਤਹਿਂ ਤੇ ਚਲਿ ਜਾਂਹੀ। ਬਹੁਰ ਦਰਬ ਪ੍ਰਾਪਤਿ ਹ੍ਵੈ ਨਾਂਹੀ॥੧੬॥ਜੰਗਲ ਦੇਸ਼ ਜਹਾਂ ਨਹਿਂ ਪਾਨੀ। ਬਿਗਰ ਪਰਹਿਂ, ਪਹੁੰਚਹਿਂ ਤਿਸ ਥਾਨੀ। ਤਹਾਂ ਨ ਤ੍ਰਾਸ ਸ਼ਾਹੁ ਕੋ ਹੋਇ। ਜਲ ਬਿਨ ਸੈਨ ਜਾਇ ਨਹਿਂ ਕੋਇ ॥ ੧੭ ॥ ਯਾਂਤ ਉਚਿਤ ਮੋਹਿ ਕੋ ਜਾਨਾ। ਮਿਲੌਂ ਲੇਹੁਂ ਧਨ ਅਬਿ ਤਿਸ ਥਾਨਾ।ਜ ਬਲ ਕਰਹਿਂ ਨ ਦੇਵੈਂ ਸੋਇ।ਆਇ ਸ਼ਾਹੁ ਢਿਗ ਕਹਿਬੋ ਹੋਇ ॥ ੧੮ ॥ ਸੈਨਾ ਲੈਕੇ ਬਹੁਰ ਸਿਧਾਵੈਂ। ਸ਼ਾਹੁ ਹੁਕਮ ਬਲ ਤੇ ਸਭਿ ਲਯਾਵੇਂ–। ਇਮ ਗਿਨ ਕੈ ਮਨ ਗਯੋ ਤਬੇਲੇ। ਜ਼ੀਨ ਤੁਰੰਗ ਪਰ ਤੂਰਨ ਮੇਲੇ ॥੧੯॥ ਏਕ ਨਫਰ ਲੈ ਸੰਗਿ ਸਿਧਾਰਾ। [3]ਸੁਧਿ ਬੂਝਤਿ 'ਗੁਰੂ ਨਗਰਿ ਮਝਾਰਾ[4] ?। ਸੁਨਤਿ ਮਾਰਗੀ[5] ਦੇਤਿ ਬਤਾਇ। 'ਸਤਿਗੁਰੁ ਸਦਨ ਬਿਰਾਜੇ ਜਾਇ ॥੨੦॥ ਉਤਸਵ ਆਦਿਕ ਦੀਪਕ ਮਾਲਾ। ਛੁਟੀ ਤੁਫੰਗੈਂ ਸ਼ਲਖ[6] ਬਿਸਾਲਾ। ਸੰਗਤਿ ਆਵਤਿ ਜਾਤਿ ਅਨੇਕ। ਸੁਜਸੁ ਕਰਤਿ ਬਹੁ ਜਲਧਿ ਬਿਬੇਕ'॥੨੧॥ ਸੁਨਿ ਕਾਜ਼ੀ ਉਰ ਨਿਸ਼ਚੈ ਆਵਤਿ।–ਨਿਜ

---

[1]ਸਵੇਰ ਹੋਏ ਤੇ। [2]ਖਲੋਤਾ। [3]ਜਾਪਦਾ ਹੈ ਕਿ ਕਾਜ਼ੀ ਇਕ ਰਾਤ ਰਸਤੇ ਵਿਚ ਰਿਹਾ ਹੈ ਤੇ ਅਗਲੇ ਦਿਨ ਰਾਹੀਆਂ ਤੋਂ ਪੁੱਛਦਾ ਹੈ। [4]ਕੀ ਗੁਰੂ ਜੀ ਅੰਮ੍ਰਿਤਸਰ ਹੀ ਹਨ ? [5]ਰਾਹੀ। [6]ਬੰਦੂਕਾਂ ਦਾ ਇਕ ਵਾਰਗੀ ਹੀ ਚੱਲਣਾ। [ਤੁ:, ਸ਼ਲਕ]। *ਪਾ:–ਤਰੁ।

ਪੁਰਿ ਘਰ ਤਜਿ ਕਰਿ ਕਿਮ ਜਾਵਤਿ। ਇਹਾਂ ਰਹਤਿ ਧਨ ਰਹਹਿ ਨ ਮੋਰਾ। ਲੇਵੋਂ ਭਲੇ ਪਾਇ ਕਰਿ ਜੋਰਾ॥੨੨॥ ਬਿਗਰਯੋ ਬ੍ਰਿਧ ਦਿਵਾਨ[1] ਮੁਝ ਸੰਗ। ਸੋ ਕਹਿ ਕਰਹਿ ਨ ਕਛੁ ਕੁਢੰਗ। ਦੇਹਿ ਸੁਖੇਨ ਤਉ ਰਸ ਰਹੈ। ਨਤੁਰ ਬਿਰਸ, ਬਿਗਰਯੋ ਹੀ ਅਹੈ[2]–॥੨੩॥ ਇਮ ਚਿਤਵਤਿ ਚਿਤ ਚਿੰਤਾ ਸੰਗ। ਮੂਰਖ ਲਖਹਿ ਨ ਭਯੋ ਕੁਢੰਗ। ਪਹੁੰਚਯੋ ਰਾਮਦਾਸਪੁਰਿ ਆਇ। ਸੁੰਦਰ ਸਦਨ ਸ਼ੁਭਤਿ ਸਮੁਦਾਇ ॥ ੨੪ ॥ ਤਿਤ ਦਿਸ਼ਿ ਗੁਰੂ ਅਖੇਰ ਸਿਧਾਰੇ। ਨਿਰਖੇ[3] ਹਯ ਪਰ ਹੈਂ ਭੁਜ ਭਾਰੇ। ਦੇਖਿ ਦੂਰ ਤੇ ਹਰਖਤਿ ਹੋਹੀ। ਲਖਯੋ–ਖ਼ੁਦਾਇ ਮਦਤ ਬਹੁ ਮੋਹੀ॥੨੫॥ਹੁਤੋ ਨਗਰ ਮਹਿਂ ਸਦਨ ਪ੍ਰਵੇਸ਼ਾ[4]। ਹੋਤਿ ਮਿਲਨਿ ਮਹਿਂ ਬਿਲਮ ਬਿਸ਼ੇਸ਼ਾ। ਵਹਿਰ ਤੁਰਤ ਹੀ ਕਹਿਬੋ ਹੋਇ। ਦੇਤਿ ਕਿ ਨਹੀਂ, ਪਰਖ ਹੈਂ ਸੋਇ–॥ ੨੬ ॥ ਗਯੋ ਨਿਕਟ ਝੁਕਿ ਕਰੀ ਸਲਾਮੂ। ਟਿਕੇ[5], ਗਏ ਮਿਲਿ ਸੁਭਟ ਤਮਾਮੂ। 'ਕਾਜ਼ੀ! ਆਉ' ਕਹੀ ਗੁਰੂ ਬਾਨੀ। 'ਆਵਨਿ ਇਤਹਿ ਸ਼ੀਘ੍ਰਤਾ ਠਾਨੀ॥ ੨੭ ॥ ਲਖੀਯਤਿ ਦਰਬ ਹੇਤੁ ਕਰਿ ਧਾਏ। ਆਛੀ ਕਰੀ ਤੁਰਤ ਚਲਿ ਆਏ'। ਸੁਨਿ ਕਾਜ਼ੀ ਬੋਲਯੋ ਹਰਖਾਨਾ। 'ਆਪ ਅਚਾਨਕ ਕੀਨਸਿ ਪਯਾਨਾ॥ ੨੮ ॥ ਇਕ ਤੋ ਲਰਯੋ ਦਿਵਾਨ ਤੁਮਾਰਾ। ਬਿਨ ਸੁਧਿ ਆਪ ਭਏ ਅਸਵਾਰਾ। ਬਿਰਯੋ ਨ ਗਯੋ ਰਿਦੇ ਧ੍ਰਿਤ ਧਰਿਕੈ। ਯਾਂਤੇ ਆਯੋ ਤੂਰਨ ਕਰਿਕੈ ॥ ੨੯ ॥ ਆਜ ਕਾਲ ਕਰਤੇ ਦਿਨ ਬੀਤੇ। ਬਿਨਾਂ ਲਿਏ ਕਿਮ ਆਇ ਪ੍ਰਤੀਤੇ'। ਸ਼੍ਰੀ ਹਰਿਗੋਬਿੰਦ ਪਰਖਨਿ ਠਾਨਾ।–ਸੁਤਾ ਪ੍ਰਸੰਗ ਨ ਲਖਯੋ ਅਜਾਨਾ–॥੩੦॥ ਸਬਿ ਸੁਭਟਨਿ ਭੀ ਜਾਨਯੋ ਐਸੇ। ਦੁਹਿਤਾ ਬਾਤ ਨ ਜਾਨੀ ਕੈਸੇ। ਸਾਦਰ ਸਤਿਗੁਰ ਤਬਹਿ ਬਖਾਨਾ। 'ਲਿਹੁ ਅਪਨੋ ਧਨ ਜੇਤਿਕ ਜਾਨਾ॥੩੧॥ ਰਹਹੁ ਰੈਨਿ ਕਹੁ ਪ੍ਰਾਤ ਸਿਧਾਵਹੁ। ਧਨ ਕੀ ਹੁੰਡੀ ਲਿਖਿ ਲੇ ਜਾਵਹੁ'। ਲਏ ਸੰਗ ਗੁਰ ਪੁਰਿ ਕੋ ਮੁਰੇ। ਗਮਨ ਕੀਨਿ ਕੇਤਿਕ ਜਬਿ ਉਰੇ॥੩੨॥ ਇਕ ਸੇਵਕ ਕੋ ਨਿਕਟਿ ਹਕਾਰਯੋ। ਸਹਜ ਕਰਨਿ ਮਹਿਂ[6] ਬਾਕ ਉਚਾਰਯੋ। 'ਤੂਰਨ ਹਮ ਤੇ ਜਾਹੁ ਅਗਾਰੀ। ਦਿਹੁ ਸੁਧਿ ਕੌਲਾਂ ਪਾਸ ਉਚਾਰੀ॥੩੩॥–ਲਵਪੁਰਿ ਤੇ ਆਯਹੁ ਪਿਤ ਤੇਰੋ। ਕੀਜਹਿ ਤਯਾਰ ਅਹਾਰ ਘਨੇਰੋ। ਹਮ ਭੇਜਹਿਂ

---

[1]ਭਾਵ, ਛਾਈ ਬੁੱਢਾ। [2]ਨਹੀਂ ਤਾਂ ਬੇਰਸੀ ਹੋਵੇਗੀ, ਕਿਉਂਕਿ ਉਹ ਤਾਂ ਬਿਗੜਿਆ ਹੋਇਆ ਹੈ (ਮੇਰੇ ਨਾਲ)। [3]ਦੇਖੇ। [4]ਜੇ ਘਰ ਵਿਚ ਵੜੇ ਹੋਏ ਹੁੰਦੇ। [5]ਠਹਿਰੇ। [6]ਹੌਲੇ ਜਿਹੇ ਕੰਨ ਵਿਚ।

ਤੁਵ ਨਿਕਟ ਨਿਹਾਰ। ਅਪਨੇ ਹਾਥ ਪਰੋਸਹੁ ਥਾਰ॥ ੩੪॥ ਹਾਂਕਿ ਪੌਨ ਠਾਨਹੁ ਸਨਮਾਨਾ। ਬੈਠਿ ਸਮੀਪ ਖੁਲਾਵਹੁ ਖਾਨਾ–'। ਸੁਨਤਿ ਸਊਰ[1] ਧਵਾਯਹੁ ਘੋਰਾ। ਤੂਰਨ ਗਮਨਜੋ ਤਿਸ ਘਰ ਓਰਾ॥੩੫॥ਦਾਸੀ ਕੋ ਹਕਾਰ ਕਰਿ ਭਾਖਾ। 'ਕਹੁ ਮਾਤਾ ਸੰਗ ਇਮ ਗੁਰ ਕਾਂਖਾ।–ਤੋਰ ਪਿਤਾ ਲਵਪੁਰਿ ਤੇ ਆਯਹੁ। ਦਿਹੁ* ਅਹਾਰ ਵਿਗ ਬੈਠਿ ਖੁਲਾਯਹੁ–'॥ ੩੬॥ ਗੁਰੁ ਕੀ ਕਹਿਵਤਿ ਸਕਲ ਸੁਨਾਈ। ਉਰ ਅਨੰਦ ਸਭਿ ਤਥਾ ਬਨਾਈ। ਮਧੁਰ ਸਲਵਣ ਅਨੇਕ ਪ੍ਰਕਾਰਾ। ਬਹੁ ਸ੍ਵਾਦਲ ਕਰਿ ਤਯਾਰਿ ਅਹਾਰਾ॥ ੩੭॥ ਗੁਰੁ ਆਇਸੁ ਅਰੁ ਨਿਜ ਪਿਤ ਜਾਨਾ। ਯਾਂਤੇ ਭਲੀ ਭਾਂਤਿ ਸਭਿ ਠਾਨਾ। ਸਤਿਗੁਰ ਆਏ ਲਾਇ ਦਿਵਾਨ। ਬੈਠੇ ਸਿੱਖ ਸੁਭਟ ਗਨ ਆਨਿ॥ ੩੮॥ ਕਾਜ਼ੀ ਕੋ ਨਿਜ ਨਿਕਟ ਬਿਠਾਯੋ। ਸਾਦਰ ਧਨ ਕੋ ਦੇਨਿ ਅਲਾਯੋ।'ਖਾਯੋ ਕੈ ਨਹਿੰ ਮਗ ਮਹਿੰ ਖਾਨਾ ?। ਕਿਧੌਂ ਨ ਉਤਰੇ ਕਿਸ ਹੂੰ ਥਾਨਾ?'॥੩੯॥ ਕਾਜ਼ੀ ਕਹਜੋ 'ਬਨਹਿ ਇਕ ਕਾਲ[2]। ਮਾਰਗ ਚਲਿਬੇ ਜਤਨ ਬਿਸਾਲ। ਅਬਿ ਤਯਾਰ ਕਰਿ ਕੈ ਅਚਿ ਲੈਹੈਂ। ਏਕ ਨਿਸਾ ਤੁਮ ਨਿਕਟ ਰਹੈ ਹੈਂ'॥ ੪੦॥ ਤਬਿ ਸ੍ਰੀ ਹਰਿ ਗੋਬਿੰਦ ਉਚਾਰਾ। 'ਪ੍ਰਥਮ ਪਠਜੋ ਕਹਿ[3], ਭਯੋ ਸੁ ਤਯਾਰਾ। ਅਹੋ ਛੁਧਤਿ[4] ਲਿਹੁ ਖਾਨਾ ਖਾਇ। ਤੁਰਕ ਮੇਲ ਅਪਨੇ ਮਹਿੰ ਜਾਇ'॥ ੪੧॥ ਇਕ ਸੇਵਕ ਸੌਂ ਸਹਿਜ[5] ਸੁਨਾਯਹੁ। 'ਕਾਜ਼ੀ ਕੋ ਨਿਜ ਸੰਗ ਲਿਜਾਯਹੁ।ਕੌਲਾਂ ਕੇ ਗ੍ਰਿਹ† ਦਿਹੁ ਪਹੁੰਚਾਇ। ਸੋ ਇਸ ਖਾਨਾ ਦੇਹਿ ਖੁਲਾਇ'॥੪੨॥ ਸੁਨਿ ਗੁਰ ਤੇ ਕਾਜ਼ੀ ਸੰਗ ਲੀਨਿ। ਉਠਜੋ ਨਵਰ ਜੁਤਿ ਛੁਧਾ ਅਧੀਨ। ਤਿਸ ਤਨੁਜਾ ਕੇ ਥਾਨ ਪੁਚਾਯੋ। ਆਗੇ ਪਿਖਜੋ ਪ੍ਰਯੰਕ ਡਸਾਯੋ॥ ੪੩॥ ਤਹਿੰ ਦਾਸੀ ਨੇ ਆਨਿ ਬਿਠਾਵਾ। ਪਿਖਿ ਥਲ ਕੋ ਕਾਜ਼ੀ ਹਰਖਾਵਾ।–ਕਿਸੀ ਤੁਰਕ ਕੋ ਸਦਨ† –ਪਛਾਨਾ।–ਕਰਿਵਾਯਹੁ ਗੁਰ ਮੁਝ ਹਿਤ ਖਾਨਾ–॥ ੪੪॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪੰਚਮ ਰਾਸੇ 'ਕਾਜ਼ੀ ਪ੍ਰਸੰਗ' ਬਰਨਨੰ ਨਾਮ ਤ੍ਰਿਬਿੰਸਤੀ ਅੰਸੂ॥ ੨੩॥

੨੪. [ਕਾਜ਼ੀ ਗੁੱਸੇ ਹੋ ਵਾਪਸ ਲਾਹੌਰ ਗਿਆ]।

ਦੋਹਰਾ॥ ਕਾਜ਼ੀ ਸਥਿਤਿ ਪ੍ਰਯੰਕ ਪਰ ਤਰੇ ਨਵਰ ਬੈਠਾਇ। ਕੌਲਾਂ ਕੋ ਤਬਿ ਸੁਧਿ ਕਰੀ ਦਾਸੀ ਅੰਤਰ ਜਾਇ॥ ੧॥ ਚੌਪਈ॥ ਭਾਂਤਿ ਭਾਂਤਿ ਕੇ ਤਯਾਰ

[1]ਅਸਵਾਰ। [2]ਕੱਲ ਇਕ (ਡੰਗ ਖਾਣਾ) ਬਣਿਆਂ ਸੀ। [3]ਕਹਿ ਘੱਲਿਆ ਸੀ (ਖਾਣਾ ਤਿਆਰ ਕਰੋ)। [4]ਭੁੱਖੇ ਹੋ। [5]ਹੌਲੀ ਜੇਹੀ। *ਪਾ:–ਤਿਹ। †ਪਿਛਲੇ ਅੰਸੂ ਦੇ ਅੰਕ ੪੫ ਮੂਜਬ ਤਾਂ ਇਸ ਵੇਲੇ ਕਾਰੀਗਰ ਉਸਾਰੀ ਵਾਲੇ ਪੁੱਜੇ ਹੋਣਗੇ, ਗ੍ਰਿਹ ਤੇ ਸਦਨ ਕਿੱਥੋਂ ਆ ਗਏ ?

ਅਹਾਰ। ਕਰਿ ਚਤੁਰਈ ਪਰੋਸਯੋ ਥਾਰ। ਕਰ ਦਾਸੀ ਕੇ ਪ੍ਰਥਮ ਪਠਾਯੋ।
ਪਿਖਿ ਕਾਜ਼ੀ ਨੇ ਹਰਖ ਉਪਾਯੋ॥ ੨॥ ਆਗੈ ਕੀਨਸਿ ਥਾਰ ਰਖਾਵਨਿ।
ਹੁਤੋ ਛੁਧਿਤਿ ਸੋ ਲਾਗਯੋ ਖਾਵਨਿ। ਕੇਤਿਕ ਖਾਇ ਲੀਨਿ ਜਬਿ ਖਾਨਾ।
ਆਛੀ ਬਿਧਿ ਸੋਂ ਨਹਿੰ ਤ੍ਰਿਪਤਾਨਾ॥ ੩॥—ਉਠਹਿ ਨ ਛੁਧਿਤਿ—ਜਾਨਿ
ਮਨ ਮਾਹੀ। ਪੁਨ ਕੌਲਾਂ ਆਵਨਿ ਕੌ ਚਾਹੀ। ਭੋਜਨ ਕੁਛਕ ਹਾਥ ਮੈਂ
ਧਾਰਾ। ਚਲੀ ਹੋਤਿ ਭੂਖਨ ਝੁਨਕਾਰਾ॥੪॥ ਕਾਜ਼ੀ ਮੂਢ ਹੇਰਿ ਅਭਿਰਾਮੂ।
ਮਨ ਮਹਿਂ ਕਹੈ—ਆਇ ਕੋ ਬਾਮੂ।ਬਸਤ੍ਰ ਬਿਭੂਖਨ ਮੋਲ ਬਿਸਾਲੇ।ਨਾਦਤਿ
ਕਰਹਿਂ ਸਦਨ ਜਬਿ ਚਾਲੇ—॥੫॥ ਨੀਚੇ ਨਯਨ ਕਰੇ ਚਲਿ ਆਈ। ਕਾਜ਼ੀ
ਨੇ ਉਤ ਦ੍ਰਿਸ਼ਟਿ ਲਗਾਈ। ਨਿਕਟ ਆਨਿ ਜਬਿ ਸਨਮੁਖ ਹੇਰਾ। 'ਬਾਵਾ
ਜੀ[1]! ਸਲਾਮ ਲਿਹੁ ਮੇਰਾ' ॥੬॥ ਪਿਖਤਿ ਸੁਨਤਿ ਜਬਿ ਪਰਖਨਿ ਠਾਨੀ।
ਮੂਰਖ ਬੂਡ ਗਯੋ ਬਿਨ ਪਾਨੀ। ਇਹ ਤਨੁਜਾ ਕਿਤ ਕੌ ਚਲਿ ਆਈ।
ਗ਼ਰਕ ਹੋਨਿ ਛਿਤਿ ਛਿੱਦ੍ਰ[2] ਨ ਪਾਈ॥੭॥ ਥਿਰਯੋ, ਗ੍ਰਾਸ[3] ਕੋ ਹਾਥ ਨ ਹਾਲਾ।
ਨਹੀ ਖਾਨ ਕੇ ਹਿਤ ਮੁਖੁ ਚਾਲਾ। ਅੰਤਰ ਅੰਨ ਨ ਸਕਹਿ ਲੰਘਾਈ।
ਭਯੋ ਸੋਚ ਬਸਿ ਬਾਹਰ ਆਈ॥ ੮॥ ਕੁਛਕ ਨੀਰ ਸੋਂ ਹਾਥ ਪਖਾਰੇ।
ਕਰਕਤਿ ਸਰ ਛਾਤੀ ਜਨੁ ਮਾਰੇ। ਬਿਸਰਿ ਗਈ ਸੁਧਿ ਤਨ ਅਰੁ ਮਨ ਕੀ।
ਕਹਾਂ ਬਾਤ ਲੈਬੇ ਨਿਜ ਧਨ ਕੀ॥੯॥ ਚੱਕ੍ਰਿਤ ਹੋਇ ਗਟੀ ਉਰ ਗਿਨੈ।
—ਅਬਿ ਮੋਕੋ ਕਰਤਬ ਕਯਾ ਬਨੈ—।ਉਠਨਿ ਹੇਤ ਕੌ ਤਨ ਉਕਸਾਵਾ।ਕੌਲਾਂ
ਕਹੈ 'ਰਿਸਯੋ ਕਿਮ ਬਾਵਾ?॥੧੦॥ ਖਾਨਾ ਖਾਹੁ ਦਰਬ ਨਿਜ ਲੇਹੂ। ਹੋਤਿ
ਪ੍ਰਾਤ ਕੇ ਗਮਨਹੁ ਗ੍ਰੇਹੂ'। ਚੀਰਾ ਚਰਮ[4] ਲਵਣ ਜਨੁ ਡਾਲਾ। ਬਿਖ ਸਮ
ਬੋਲਯੋ ਨਿਠੁਰ ਬਿਸਾਲਾ॥ ੧੧॥ 'ਹੇ ਖ਼ੁਦਾਇ ਮਾਰੀ! ਕਯਾ ਕਰੀ?।
ਜਨਮਤਿ ਕਯੋਂ ਨ ਪ੍ਰਥਮ ਹੀ ਮਰੀ। ਅਜਹੂੰ ਬੋਲਤਿ ਨਿਡਰ ਨਿਲਾਜਾ।
ਗਈ ਆਬਰੋ ਦੀਰਘ ਆਜਾ' ॥੧੨॥ [5]"ਸੁਨੀਅਹਿ ਪਿਤਾ! ਖ਼ੁਦਾਇ ਨ
ਮਾਰੀ। ਭਾ ਸਹਾਇ ਭਵ ਸਾਗਰ ਤਾਰੀ[6]। ਧੰਨ ਆਪ ਕੋ ਮਾਨਿ ਅਨੰਦਹੁ[7]।
ਪਰਵਦਗਾਰ ਬੰਦਿ ਕਰ ਬੰਦਹੁ॥ ੧੩॥ ਇਮ ਸਬੰਧ ਕਾਦਰ ਨੇ ਕੀਨਿ।
ਪੀਰਨ ਪੀਰ ਆਸਰਾ ਦੀਨਿ। ਜਿਸ ਕੋ ਜ਼ਾਹਰ ਜਗਤ ਜ਼ਹੂਰਾ[8]। ਹਿੰਦ
ਤੁਰਕ ਜਿਸ ਕਹਿੰ—ਗੁਰੁ ਪੂਰਾ—॥੧੪॥ ਮੈਂ ਤੋ ਤਰੀ, ਪਰੀ ਸ਼ਰਨਾਈ।

[1]ਪਿਤਾ ਜੀ! [2]ਗ਼ਰਕ ਹੋਣ ਨੂੰ ਪ੍ਰਿਥਵੀ ਵਿਚ ਛੇਕ ਨਾ ਲੱਭੇ। [3]ਗ੍ਰਾਹੀ। [4]ਚੀਰੇ ਮਾਸ ਤੇ।
[5]ਕੌਲਾਂ ਬੋਲੀ। [6]ਸੰਸਾਰ ਸਮੁੰਦਰ ਤੋਂ ਤਾਰਨ ਹਾਰ। [7]ਮੰਨਕੇ ਖੁਸ਼ ਹੋਵੋ। [8]ਪ੍ਰਤਾਪ।

ਨਿਕਸੀ ਨਰਕ,ਸੁਰਗ ਮਹੁਂ ਆਈ। ਅਬਿ ਤੂੰ ਕਰਹਿਂ ਕਾਮਨਾ ਜੈਸੇ।ਭਲੀ ਕਿ ਬੁਰੀ ਲਹੈਂ ਫਲ ਤੈਸੇ' ॥੧੫॥ ਸੁਨਿ ਕਾਜ਼ੀ ਉਰ ਜਰਿ ਬਰਿ ਗਇਊ। ਗਮਨਤਿ ਵਹਿਰ ਕਹਤਿ ਇਮ ਭਇਊ। 'ਹੈ ਸਦ ਹੈਫ[1] ਲਾਜ ਕੁਲ ਤੋਟੀ[2]। ਮਾਰਤਿ ਪ੍ਰਥਮ ਲਖਤਿ ਅਸ ਖੋਟੀ॥੧੬॥ ਅਬਿ ਭੀ ਫਾਸੀ ਦੇ ਤੁਝ ਮਾਰੌਂ। ਨਹਿਂ ਪਰੰਤੁ ਬਸਿ ਚਲਹਿ ਬਿਚਾਰੌਂ'[3]। ਇਮ ਕਹਿ ਗਾਰੀ ਬ੍ਰਿੰਦ ਨਿਕਾਰਤਿ। ਨਿਕਸ੍ਯੋ ਵਹਿਰ ਸ਼ੋਕ ਰਿਸ ਧਾਰਤਿ ॥ ੧੭ ॥ ਸ਼੍ਰੀ ਹਰਿ-ਗੋਬਿੰਦ ਥਿਤਿ ਜਿਸ ਥਾਨ। ਲਗ੍ਯੋ ਸਮੀਪ ਦਿਵਾਨ ਮਹਾਨ। ਤਹਾਂ ਤੁਰੰਗ ਬਾਂਧਿ ਕਰਿ ਗਯੋ। ਲੈਬੇ ਹੇਤੁ ਸੁ ਆਵਤਿ ਭਯੋ ॥ ੧੮ ॥ ਬੁਰਕਾ ਮਨਹੁਂ ਲਾਜ ਕੋ ਪਾਵਾ। ਨਹਿਂ ਊਚੇ ਕੋ ਬਦਨ ਉਠਾਵਾ। ਸ਼੍ਰੀ ਗੁਰ ਪਿਖ੍ਯੋ ਦੂਰਿ ਤੇ ਆਵਤਿ। ਸੁੰਦਰ ਬਦਨ ਮੰਦ ਮੁਸਕਾਵਤਿ ॥ ੧੯ ॥ ਅਪਰ ਜਿ ਸਿਖ ਜਾਨਹਿਂ ਬਿਰਤਾਂਤ। ਦੇਖਿ ਗੁਰੂ ਕੀ ਦਿਸ਼ਿ ਮੁਸਕ੍ਯਾਤਿ। 'ਨਿਜ ਤਨੁਜਾ ਸੋਂ ਮਿਲਿ ਕਰਿ ਕਾਜ਼ੀ। ਰਿਸ੍ਯੋ ਰਿਦੈ ਕੇ ਹੋਯਸਿ ਰਾਜ਼ੀ ॥ ੨੦ ॥ ਆਵਤਿ ਦਿਖਤਿ ਕ੍ਰੋਧ ਤੇ ਦੀਨ।ਨੀਚੇ ਕੀਨਸਿ ਬਦਨ ਮਲੀਨ'। ਸਤਿਗੁਰ ਭਨ੍ਯੋ ਸੁ 'ਜਾਨ੍ਯੋ ਜਾਇ। ਮਿਲਿ ਤਨੁਜਾ ਸੰਗ ਭਾ ਜਿਸ ਭਾਇ' ॥ ੨੧ ॥ ਖਰੇ ਹੋਇ ਢਿਗ ਨਫਰ ਪਠਾਵਾ। ਹਿਤ ਅਰੂਢਿਬੇ ਤੁਰੰਗ ਮੰਗਾਵਾ। ਸ਼੍ਰੀ ਹਰਿ ਗੋਬਿੰਦ ਦਾਸ ਪਠਾਯੋ। ਕਾਜ਼ੀ ਕੋ ਸਮੀਪ ਬੁਲਵਾਯੋ ॥ ੨੨ ॥ ਜਬਿ ਸੇਵਕ ਨੇ ਜਾਇ ਹਕਾਰਾ। ਮਹਾਂ ਕ੍ਰੋਧ ਤੇ ਨਿਠੁਰ ਉਚਾਰਾ। 'ਮੈਂ ਨਹਿਂ ਜਾਉਂ ਅਹੈ ਦੁਖਦਾਨੀ। ਕੌਨ ਗੁਰੂ?ਕ੍ਯਾ ਕਰਹਿ ਬਖਾਨੀ? ॥੨੩॥ ਆਨਿ ਚਮੂੰ ਬਹੁ ਪਕਰੌਂ ਜਬੈ। ਮਿਲੌਂ ਭਲੇ ਅਰੁ ਬੋਲੌਂ ਤਬੈ'। ਸੇਵਕ ਕਹ੍ਯੋ ਗੁਰੂ ਢਿਗ ਜਾਇ। 'ਨਿਕਟ ਨ ਆਇ ਕਰਹਿ ਬਕ ਬਾਇ ॥ ੨੪ ॥–ਮੈਂ ਸੈਨਾ ਗਨ ਕੌ ਲੇ ਆਵੌਂ। ਗਹੌਂ ਗੁਰੂ ਤਬਿ ਬਦਲਾ ਪਾਵੌਂ–। ਇਤ੍ਯਾਦਿਕ ਰਿਸ ਕਰਿ ਕਰਿ* ਕਹੈ। ਮੂਰਖ ਬਨ੍ਯੋ ਨ ਸ਼ਾਂਤੀ ਲਹੈ' ॥ ੨੫ ॥ ਪੁਨ ਗੁਰ, ਬਿਧੀਆ ਜੇਠਾ ਜੋਊ। 'ਆਨਹੁ ਕਾਜੀ' ਪਠੇ ਸੁ ਦੋਊ। 'ਜਾਹੁ ਮ੍ਰਿਦੁਲ ਸਨਮਾਨ ਬਖਾਨਹੁ। ਗਹਿ ਭੁਜ ਦੋਨਹੁ ਹਮ ਢਿਗ ਆਨਹੁ' ॥੨੬॥ ਜਾਇ ਕਹ੍ਯੋ 'ਕ੍ਯੋਂ ਕੋਪ ਕਰੀਜੈ। ਸਤਿਗੁਰ ਢਿਗ ਗਮਨਹੁ ਧਨ ਲੀਜੈ'। "ਮੈਂ ਨ ਮਿਲੌਂ,ਨਹਿਂ ਲੈਹੋਂ ਧਨ ਕੋ। ਨਹੀਂ ਲਖ੍ਯੋ ਅਸ ਕਪਟੀ ਮਨ ਕੋ'॥੨੭॥ ਗਹੀ ਬਾਂਹੁ ਰਿਸ ਕਰਤਿ ਛੁਟਾਵਤਿ। ਤਊ ਦੁਊ ਬਲ ਧਰਿ ਲੇ ਜਾਵਤਿ[4]।

[1]ਸੌ ਵਾਰੀ ਹਮਸੋਸ ਹੈ [ਅ:, ਹੈਫ]। [2]ਤੋੜੀ। [3]ਕਾਜ਼ੀ ਨੇ ਕਿਹਾ। [4]ਫੜਕੇ ਲੈ ਗਏ।

*ਪਾ:–ਕਰਕਸ ਬਚ।

ਕੋਮਲ ਕਹਤਿ ਗਏ ਲੇ ਤੀਰ। ਬੋਲੇ ਸ਼੍ਰੀ ਹਰਿਗੋਵਿੰਦ ਧੀਰ ॥੨੮॥ 'ਦਸ ਹਜ਼ਾਰ ਲਿਹੁ ਆਪਨਿ ਦਰਬ। ਨਹੀਂ ਬਿਲਮ ਗਿਨ ਦੇਵਹਿਂ ਸਰਬ। ਲਰ੍ਯੋ ਬ੍ਰਿੱਧ ਕੇ ਸਾਥ ਬਿਸਾਲਾ। ਤਿਸ ਕੋ ਫਲ ਪਾਇਸਿ ਇਸ ਕਾਲਾ' ॥ ੨੯ ॥ ਸੁਨ ਕਾਜ਼ੀ ਕਹਿ 'ਧਨ ਨਹਿਂ ਲੈਹੌਂ। ਇਹ ਸਭਿ ਸ਼ਾਹੁ ਨਿਕਟ ਕਹਿ ਦੈਹੌਂ। ਗਹਿ ਤੁਮ ਕੋ ਸਭਿ ਲੇਉਂ ਉਧਾਰੋ।ਨਾਂਹਿ ਤ ਤ੍ਯਾਗਿ ਦੇਉਂ ਮੈਂ ਸਾਰੋ ॥ ੩੦ ॥ ਮੋਰ ਆਬਰੂ ਬਡੀ ਉਤਾਰੀ। ਸ਼ਾਹੁ ਕਚਹਿਰੀ ਮਾਨਹਿਂ ਸਾਰੀ। ਤਨੁਜਾ ਮਮ ਲੁਭਾਇ ਲੇ ਆਏ। ਇਸ ਕੋ ਫਲ ਤੁਰਨਿ ਲਿਹੁ ਪਾਏ' ॥ ੩੧ ॥ ਗੁਰ ਕਹਿਂ 'ਅਹੈ ਅਪਰ ਜੋ ਝਗਰਾ। ਜਿਮ ਚਹਿ ਤਥਾ ਨਿਬੇਰਹੁ ਸਗਰਾ। ਕੈ ਤੁਮ ਦਰਬ ਲੇਹੁ ਨਿਜ ਅਬੈ। ਨਤੁ ਭਾਖਹੁ–ਹਮ ਲੀਨਹੁ ਸਬੈ–॥ ੩੨ ॥ ਨਹੀਂ ਕਰਜ਼ ਸਿਰ ਰਹੈ ਹਮਾਰੇ। ਤੀਨ ਬਾਰਿ ਇਮ ਕਰਹੁ ਉਚਾਰੇ। ਤੋਹਿ ਅਰਿਨੀ ਹੋਹਿਂ ਹਮ ਤਬੈ। ਲੇਹੁ ਦਰਬ ਕੈ ਤ੍ਯਾਗਹੁ ਸਬੈ ॥ ੩੩ ॥ ਲੇਨਿ ਸਥਾਨ ਅਹੈਂ ਹਮ ਤੇਰੇ। ਇਸ ਕਾਰਣ ਤੇ ਕਹੁ ਤੂੰ ਬੇਰੇ'। ਸੁਨਿ ਕਾਜ਼ੀ ਕਹਿ 'ਗਹਿ ਹੌਂ ਤੁਮੈਂ। ਲੈਬੋ ਦਰਬ ਕਰੌਂ ਤਿਹ ਸਮੈਂ ॥੩੪॥ ਨਾਂਹਿ ਤ ਕਹ੍ਯੋਂ[1] ਸਰਬ ਮੈਂ ਛੋਰਾ। ਕ੍ਯਾ ਮੁਖ ਲੈ ਆਵੌਂ ਤੁਮ ਓਰਾ'। ਪੁਨ ਗੁਰ ਕਹ੍ਯੋ 'ਜਿ ਦਰਬ ਨ ਲੇਤਿ। ਨਿਸਾ ਬਸਹੁ ਬਹੁ ਸ਼ੂਮਹਿ ਸਮੇਤਿ[2]॥ ੩੫ ॥ ਜੋ ਬਲ ਹੋਇ ਸੋਊ ਕਰਿ ਲੀਜੈ। ਰਾਤ ਬਿਤਾਵਨਿ ਸੁਖ ਸੋਂ ਕੀਜੈ'। [3]'ਮੋਹਿ ਛੁਟਾਵਹੁ ਮੈਂ ਨਹਿਂ ਰਹੌਂ। ਲਵਪੁਰਿ ਅਬਹਿ ਪਹੁੰਚਬੋ ਚਹੌਂ ॥੩੬॥ ਥਕ੍ਯੋ ਨਹੀਂ ਅਬਿ ਹਟਿ ਕਰਿ ਜਾਵੌਂ। ਸਹਿ ਨ ਸਕੌਂ ਉਰ ਪਿਖਿ ਪਛੁਤਾਵੌਂ'। ਤਬਿ ਸਤਿਗੁਰ ਕਹਿ ਭੁਜਾ ਛੁਟਾਈ। ਚਢ੍ਯੋ ਤੁਰੰਗ ਕਸ਼ਟ ਬਹੁ ਪਾਈ ॥ ੩੭ ॥ ਸੰਗ ਨਵਰ ਲੇ ਤੂਰਨ ਪ੍ਰੇਰਾ। ਗਮਨ੍ਯੋ ਕਾਜ਼ੀ ਕ੍ਰੋਧ ਘਨੇਰਾ। ਜਹਿਂ ਲਗਿ ਮਗ ਮਹਿਂ ਤਮ ਨਹਿਂ ਛਾਵਾ। ਤਹਿਂ ਲੌ ਚਲ੍ਯੋ ਗਯੋ ਸ਼ੂਮ ਪਾਵਾ ॥ ੩੮ ॥ ਹੇਰਿ ਗ੍ਰਾਮ ਕੋ ਉਤਰ੍ਯੋ ਥਾਨ। ਚਿੰਤਾ ਬਸੀ ਭਯੋ ਦੁਖ ਮਾਨਿ। ਨੀਠ ਨੀਠ ਕਰਿ ਨਿਸਾ ਗੁਜ਼ਾਰੀ। ਉਠ੍ਯੋ ਪ੍ਰਾਤ ਕੀਨਸਿ ਅਸੁਵਾਰੀ ॥੩੯॥ ਦ੍ਵਿਵਸ ਆਗਲੇ ਪਹੁੰਚ੍ਯੋ ਜਾਈ। ਪੁਰਿ ਮਹਿਂ ਸੁਧਿ ਪਸਰੀ ਅਗਵਾਈ। 'ਕਾਜ਼ੀ ਸੁਤਾ ਆਧਿਕ ਨਿਜ ਮਾਰੀ। ਨਿਕਸਿ ਗਈ ਅਤਿ ਦੁਖੀ ਬਿਚਾਰੀ' ॥ ੪੦ ॥ ਨਿੰਦਾ ਸੁਨਤਿ ਆਪਨੇ ਕਾਨ। ਬਦਨ ਬਸਨ ਤੇ ਛਾਦਨਿ ਠਾਨਿ[4]।

[1]ਕਹਿੰਦਾ ਹਾਂ। [2]ਥੱਕੇ ਹੋਏ ਹੋ। [3]ਕਾਜ਼ੀ ਕਹਿੰਦਾ ਹੈ। [4]ਕੱਜਕੇ।

ਤੁਰਨ ਤੁਰੰਗ ਪ੍ਰੇਰ ਕਰਿ ਗਯੋ। ਕਾਜ਼ਨਿ ਰੁਦਤਿ ਬਿਲੋਕਤਿ ਭਯੋ॥੪੧॥ ਨਹਿਂ ਬੋਲਯੋ ਕੁਛ ਸੰਕਟ ਪਾਵਾ। ਬੈਠਿ ਇਕਾਕੀ ਬਹੁ ਪਛੁਤਾਵਾ। ਦੋਸ਼ ਆਪਨੋ ਰਿਦੈ ਬਿਚਾਰਤਿ।–ਰਹਤਿ ਸਦਨ ਜੇ ਮੈਂ ਨਹਿਂ ਮਾਰਤਿ॥੪੨॥ਭਈ ਤਰੁਨ ਨਹਿਂ ਕਰਯੋ ਨਿਕਾਹ–।ਇੱਤਯਾਦਿਕ ਗਿਨ ਕਰਿ ਮਨ ਮਾਂਹਿ।ਤਿਸ ਦਿਨ ਸ਼ਾਹ ਸਮੀਪਿ ਨ ਗਯੋ।ਚਿੰਤਾਤੁਰ ਘਰ ਮਹਿਂਦੁਖਭਯੋ॥੪੩॥ਕਾਜ਼ਨਿ ਝਿਰਕਯੋ ਬਹੁ ਰਿਸਿ ਧਰਿਕੈ। ਬਾਰ ਬਾਰ ਸ਼ਰਮਿੰਦਤਿ ਕਰਿਕੈ।'ਗਈ ਗੁਰੂ ਸੰਗ' ਕਹਿ[1] ਭਾ ਮੌਨਿ। ਨਿਸਾ ਬਿਤੀਤਿ ਕਰੀ ਨਿਜ ਭੌਨ ॥ ੪੪ ॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪੰਚਮ ਰਾਸੇ 'ਕਾਜ਼ੀ ਪ੍ਰਸੰਗ' ਬਰਨਨੰ ਨਾਮ ਚਤੁਰਬਿੰਸਤੀ ਅੰਸੂ ॥ ੨੪ ॥

੨੫. [ਕਾਜ਼ੀ ਦੀ ਸ਼ਾਹ ਅਗੇ ਫਰਯਾਦ]।

ਦੋਹਰਾ ॥ ਉਠਯੋ ਪ੍ਰਾਤ ਸੁਧਿ ਪਾਇ ਕਰਿ ਮੁਖ ਪਖਾਰ ਲੇ ਬਾਰ।ਕਹਨਿ ਸ਼ਾਹੁ ਢਿਗ ਮਦਤਿ ਹਿਤ ਚਿਤ ਬਿਚਾਰਿ ਬਹੁ ਬਾਰ ॥ ੧ ॥ ਚੌਪਈ ॥ ਬਸਤ੍ਰਨਿ ਪਹਿਰਿ ਕਚਹਿਰੀ ਗਯੋ। ਪਾਤਿਸ਼ਾਹ ਕੋ ਦੇਖਤਿ ਭਯੋ। ਕਰਿ ਸਲਾਮ ਬਹੁ ਬਾਰਿ ਅਗਾਰੀ। ਬੋਲਯੋ ਅਪਨੀ ਕੀਨਿ ਪੁਕਾਰੀ ॥ ੨ ॥ 'ਹਰਿਗੋਬਿੰਦ ਹਿੰਦੁਨ ਕੋ ਪੀਰ। ਕਰੀ[2]ਸੁ ਕਹੌਂ ਆਪ ਕੇ ਤੀਰ। ਰੋਗੀ ਤੁਮ ਤੁਰੰਗ*ਮੁਝ ਦੀਨਿ। ਤਿਨ ਹਜ਼ਾਰ ਦਸ ਮੋਲ ਸੁ ਲੀਨਿ[3]॥੩॥ ਕਰੇ ਉਧਾਰ ਨ ਅਬਿ ਲੌ ਦਿਏ*। ਆਜ ਕਾਲ ਕਹਿ ਟਾਰੋ ਕਿਏ। ਅਬਿ ਤਨੁਜਾ ਮੇਰੀ ਬਿਰਮਾਇ।

---

[1](ਕਾਜ਼ੀ) ਕਹਿਕੇ। [2](ਜੋ ਮੇਰੇ ਨਾਲ) ਕੀਤੀ ਹੈ। [3]ਤਿਨ੍ਹਾਂ ਨੇ ਦਸ ਹਜ਼ਾਰ ਨੂੰ ਮੁੱਲ ਲੀਤਾ।

*ਇਸ ਘੋੜੇ ਦਾ ਪ੍ਰਸੰਗ ਕਿਸੇ ਹੋਰ ਪੁਰਾਣੇ ਇਤਿਹਾਸ ਤੋਂ ਅਜੇ ਨਹੀਂ ਮਿਲਿਆ, ਜਿਵੇਂ ਇੱਥੇ ਲਿਖਿਆ ਹੈ, ਇਹ ਦੱਸਦਾ ਹੈ ਕਿ ਪਠਾਣ ਰਾਜ ਦੇ ਸਮੇਂ ਤੇ ਅਕਬਰ ਦੇ ਪ੍ਰਸਿੱਧ ਨਿਆਈ ਰਾਜ ਵਿਚ ਯਾ ਉਸ ਦੇ ਰਤਾ ਕੁ ਮਗਰੋਂ ਵੀ ਹਿੰਦੂ ਦੀ ਸੁਹਣੀ ਚੀਜ਼ ਲੈ ਲੈਣੀ ਤੇ ਪਾਤਸ਼ਾਹ ਤਕ ਦਾ ਇਸ ਗੱਲੋਂ ਨਾ ਰੁਕਣਾ ਇਕ ਹੀਣਤਾਈ ਦੀ ਥੱਜ ਸੀ, ਜੋ ਅਜੇ ਬੀ ਹਿੰਦੂ ਦੇ ਮੱਥੇ ਲੱਗੀ ਹੀ ਖੜੀ ਸੀ। ਸਤਿਗੁਰੂ ਜੀ ਨੂੰ ਘੋੜੇ ਦਾ ਲੋਭ ਨਹੀਂ ਸੀ, ਚਲੇ ਜਾਣ ਦਾ ਸ਼ੋਕ ਨਹੀਂ ਸੀ, ਪਰ ਸਿੱਖ ਦੇ ਮਨ ਦੇ ਭਾਵ ਨੂੰ ਸੱਟ ਵੱਜਣੋਂ ਬਚਾਉਣਾ, ਤੇ ਇਸ ਮੌਕੇ ਤੇ ਆਤਮ ਸੱਤਾ ਮਾਤ੍ਰ ਨਾਲ ਘੋੜੇ ਨੂੰ ਮੰਗਾ ਲੈਣਾ, ਤੇ ਆਤਮ ਮੰਡਲ ਦੀ ਸ਼ਕਤੀ ਨੂੰ ਪ੍ਰਤੱਖ ਦਿਖਾ ਦੇਣਾ ਪ੍ਰਯੋਜਨ ਸੀ ਕਿ ਆਤਮ ਦੁਨੀਆਂ ਵਿਚ ਇਨਸਾਫ ਤੁਲਦਾ ਹੈ ਤੇ ਮਾਲਕ ਦੀ ਸ਼ੈ ਮਾਲਕ ਪਾਸ ਪੁਜਦੀ ਹੈ। ਫਿਰ ਬੀ ਕਾਜ਼ੀ ਨੂੰ ਰੁਪਏ ਦੇਣੋਂ ਸਤਿਗੁਰਾਂ ਕਦੇ ਨਾਂਹ ਨਹੀਂ ਕੀਤੀ, ਥੋੜਾ ਵਕਤ ਜ਼ਰੂਰ ਲਗਾ ਹੈ, ਪਰ ਜਿਸ ਵੇਲੇ ਰੁਪਏ ਦੇਣ ਲਗੇ ਹਨ, ਤਾਂ ਕਾਜ਼ੀ ਆਪਣੇ ਰੋਹ ਵਿਚ ਕਿ ਉਸ ਦੀ ਲੜਕੀ ਦੀਨ ਛੋਡ ਗਈ ਹੈ, ਲੈਂਦਾ ਨਹੀਂ, ਸਾਫ ਕਹਿੰਦਾ ਹੈ, ਕਿ ਐਉਂ ਨਹੀਂ ਪਰ ਜ਼ੋਰ ਜ਼ੁਲਮ ਨਾਲ ਲੈਸਾਂ. ਉਸ ਵਿਚ ਓਹ ਨਾ-ਕਾਮਯਾਬ ਰਹਿੰਦਾ ਹੈ, ਸਤਿਗੁਰਾਂ ਵਲੋਂ ਨਾਂਹ ਕਿਤੇ ਨਹੀਂ ਹੋਈ।

ਪੁਰਿ ਤੇ ਨਿਕਸ੍ਯੋ ਗਯੋ ਪਲਾਇ' ॥ ੪ ॥ ਰੁਦਿਤਿ ਕਹਤਿ ਨਹਿਂ ਸਮੁਝੀ ਗਾਥ[1]। ਆਗੈ ਸ਼ਾਹੁ ਰਿਸ੍ਯੋ ਕਿਹ ਸਾਥ। ਰਕਤ ਨੇਤ੍ਰ ਤੇ ਤਾੜਤਿ ਕਾਂਹੂ[2]। ਕਾਜ਼ੀ ਪਹੁੰਚ੍ਯੋ ਇਤਨੇ ਮਾਂਹੂ॥੫॥ਪਟਕੀ[3]ਸਿਰ ਤੇ ਪਾਗ ਉਤਾਰੀ।'ਮੁਝਕੋ ਕੀਨਿਸਿ ਜਗਤ ਖੁਆਰੀ'।ਕੂਪਤਿ ਸ਼ਾਹੁ ਕਹਿ 'ਮੇਲਤਿ ਰੌਰਾ[4]।ਸਮੁਝ ਨ ਪਰਹਿ ਕਹਤਿ ਜਿਮ ਬੌਰਾ ॥੬॥ ਨਾਂਗੋ ਸਿਰ ਨਹਿਂ ਕਰਹੁ ਅਗਾਰੀ। ਭਲੋ ਸਯਾਨੋ ਜਯੋਂ ਮਤਿ ਮਾਰੀ'। ਸ਼ਾਹੁ ਰਿਸਤ ਪਿਖਿ ਤੂਸ਼ਨਿ ਰਹ੍ਯੋ। ਨਿਕਟਿ ਵਜ਼ੀਰਖਾਨ ਤਬਿ ਕਹ੍ਯੋ[5]॥੭॥'ਹਜ਼ਰਤ ! ਸੁਨਹੁ ਕਹਾਂ ਕਿਸ ਕਹੀਅਹਿ। ਕਲਿਜੁਗ ਸਮਾ ਕਹਿਰ ਕੋ ਲਹੀਅਹਿ। ਤਨੁਜਾ ਤਰੁਨ ਕੀਨਿ ਦੁਖਿਆਰੀ। ਕਰ੍ਯੋ ਨਿਕਾਹ ਨ,ਦਿਨ ਪ੍ਰਤਿ ਮਾਰੀ[6]॥੮॥ਹੁਇ ਲਚਾਰ ਨਿਕਸੀ ਗ੍ਰਿਹ ਛੋਰਿ। ਬਿਚਰਤਿ ਗਈ ਸੁਧਾਸਰ ਓਰ। ਇਸ ਕੇ ਮਾਰਨਿ ਤੇ ਡਰਿ ਧਰਿਕੈ।ਬਸੀ ਤਹਾਂ ਆਇ ਨ ਮੁਰਿ ਕਰਿ ਕੈ ॥੯॥ ਸ੍ਰੀ ਗੁਰ ਕੋ ਘਰ ਸਦਾ ਕ੍ਰਿਪਾਲੁ। ਪਰੇ ਅਨੇਕ ਰਹਹਿਂ ਨਰ ਬਾਲ[7]। ਅੰਨ ਸਭਿਨਿ ਕੋ ਦੇਤੇ ਰਹੈਂ। ਅਸਨ ਬਸਨ ਬਸਹਿ ਜੁ ਤਹਿਂ ਲਹੈ ॥ ੧੦ ॥ ਤਿਨ ਪਰ ਕਰਤਿ ਪੁਕਾਰ ਅਜਾਨ। ਜਿਨਹੁੰ ਦੀਨਿ ਬਡ ਹਜ਼ਰਤ[8] ਪ੍ਰਾਨ। ਮੀਆਂਮੀਰ ਆਦਿ ਜੇ ਪੀਰ। ਜਿਨ ਤੇ ਅਦਬ ਕਰਹਿਂ ਮਿਲਿ ਤੀਰ॥੧੧॥ ਨਹੀਂ ਆਪ ਕੋ ਬਿਗਰਨਿ ਬਨੈ। ਯਾਂਤੇ ਕਯੋਂ ਤੁਮ ਇਨ ਤੇ ਸੁਨੈ।ਤਨਕ ਬਾਤਿ ਕ੍ਯਾ ਇਸ ਕੀ ਅਹੈ। ਖ਼ਲਕਤਿ ਸਗਰੀ ਤੁਮ ਸੁਖ ਚਹੈ' ॥੧੨॥ ਸ਼ਾਹਜਹਾਂ ਸੁਨਿ ਕੈ ਸਭਿ ਬਾਤਿ। ਕਾਜ਼ੀ ਸੋਂ ਕਹਿ 'ਕਯੋਂ ਨ ਲਜਾਤਿ। ਤੋਹਿ ਨ ਉਚਿਤ ਹੁਤੀ ਇਮ ਕਰਨੀ। ਰਖੀ ਨਿਕੇਤ ਤਨੂਜਾ ਤਰੁਨੀ ॥ ੧੩॥ ਪੀਰ ਫਕੀਰ ਸੰਗ ਨਹਿਂ ਅਰਨਾ[9]। ਇਨ ਕੋ ਸਦਾ ਅਦਾਇਬ ਕਰਨਾ। ਜੇ ਮੁਖ ਤੇ ਕਹਿ ਦੇਤਿ ਕੁਵਾਕ। ਕਰਹਿਂ ਪਲਕ ਮਹਿਂ ਬਛ ਗਿਰ ਖ਼ਾਕ ॥ ੧੪॥ ਬੀਚ ਕਚਹਿਰੀ ਪਰਦਾ ਪਾਰਾ। ਦੇਸ਼ ਬਿਦੇਸ਼ਨਿ ਮਹਿਂ ਭਾ ਖ਼੍ਵਾਰਾ।ਘਰ ਤਜਿ ਨਿਕਸੀ,ਗਯੋ ਇਮਾਨ[10]। ਪੁਨ ਆਨਹਿ, ਕ੍ਯਾ ਕਹਹਿ ਜਹਾਨ ?॥੧੫॥ਧਰੋ ਮੌਨ ਨਹਿਂ ਜ਼ਿਕਰ ਚਲਾਵਹੁ। ਅਪਨੋ ਕਰ੍ਯੋ ਪਾਇ ਪਛੁਤਾਵਹੁ'। ਸੁਨਿ ਕਾਜ਼ੀ ਮੁਖ

---

[1]ਰੋ ਕੇ ਕਹਿੰਦੇ ਦੀ ਗੱਲ ਪਾਤਸ਼ਾਹ ਨੇ ਸਮਝੀ ਨਾਂ। [2]ਤਾੜਦਾ ਸੀ ਕਿਸੇ ਨੂੰ। [3]ਪਟਕਾ ਕੇ ਮਾਰੀ। [4]ਰੌਲਾ ਪਾਂਵਦਾ ਹੈ। [5]ਕਿਹਾ (ਪਾਤਸ਼ਾਹ ਨੂੰ)। [6]ਰੋਜ਼ ਮਾਰਦਾ ਸੀ। [7]ਨਰ ਤੇ ਇਸਤ੍ਰੀਆਂ। [8]ਭਾਵ ਜਹਾਂਗੀਰ ਨੂੰ। [9]ਅੜਨਾ। [10](ਇਕ) ਘਰ ਛੱਡ ਗਈ (ਦੂਜੇ) ਦੀਨ ਛੱਡ ਬੈਠੀ, ਭਾਵ ਮਜ਼ਹਬ ਬਦਲ ਲਿਆ।

ਨੀਚੇ ਕਰਯੋ। ਕਹੇ ਸ਼ਾਹ ਕੇ ਅਤਿ ਦੁਖ ਭਰਯੋ ॥ ੧੬ ॥–ਬੋਲਨ ਤੇ ਭੀ ਮੋਹਿ ਹਟਾਯੋ–।ਧਰੀ ਪਾਗ ਸਿਰ ਹਟਿ ਕਰਿ ਆਯੋ।ਰਿਦੇ ਬਿਚਾਰਤਿ–ਕਯਾ ਇਹ ਭਯੋ। ਜਿਤ ਕਿਤ ਤੇ ਸੰਕਟ ਹੁਇ ਗਯੋ ॥ ੧੭ ॥ ਦਸ ਸਹੱਸ੍ਰ ਜੋ ਦਰਬ ਸਰਬ ਹੈ। ਰਾਖਹਿ ਗੁਰੂ ਗਹੀਰ[1] ਗਰਬ ਹੈ।ਮੁਝਕੋ ਜਾਨਹਿ ਤ੍ਰਿਣ ਸਮ ਰੰਕ। ਅਬਿ ਕੈਸੇ ਕਰਿ ਧਰੈ ਅਤੰਕ[2] ?॥੧੮॥ਦੇਹਿ ਨ ਧਨ, ਤਨੁਜਾ ਲੇ ਗਯੋ। ਮਰਨ ਮਨਿੰਦ ਮੋਹਿ ਕਰਿ ਗਯੋ।ਜਿਸ ਕੋ ਜਤਨ ਨ ਅਬਿ ਕਛੁ ਬਨੈ। ਪਲਟਾ, ਗਹਨਿ ਕਿ ਪ੍ਰਾਨਨ ਹਨੈ[3] ॥ ੧੯ ॥ ਸ਼ਾਹੁਜਹਾਂ ਪਰ ਹੁਤੋ ਭਰੋਸਾ। ਸੋ ਉਚਰਨਿ ਲਾਗਯੋ ਮਮ ਦੋਸ਼ਾ।ਕਹਾਂ ਖੁਦਾਇ ਕੀਨਿ ਸੰਗ ਮੇਰੇ। ਸੰਕਟ ਹੇਰਤਿ ਹੌਂ ਚਹੁੰਫੇਰੇ ॥ ੨੦ ॥ ਸਕਲ ਕੁਟੰਬ ਰੁਦਤਿ ਕਰਿ ਨੇਹੁ। ਅਸ ਬਿਛੁਰੀ ਜੋ ਮਿਲਹਿ ਨ ਕੇਹੁ–। ਰਿਦੈ ਬਿਸੂਰਿ ਬਿਸੂਰਿ ਪਰਯੋ ਹੈ।ਗੁਰੂ ਦ੍ਰੋਹ ਤੇ ਕਸ਼ਟ ਪਰਯੋ ਹੈ ॥ ੨੧ ॥ ਬਹੁਰ ਨ ਜ਼ਿਕਰ ਕਰਯੋ ਕਿਸ ਥਾਨ। ਜਾਨਤਿ–ਲਾਜਹੋਤਿ ਮਮਹਾਨ–।ਸ਼ਾਹੁਜਹਾਂ ਆਛੀ ਮਨਚੀਨ।ਖਾਨਵਜ਼ੀਰ ਸਰਾਹਨਿ ਕੀਨਿ॥੨੨॥ 'ਤੈਂ ਆਛੀ ਮਸਲਤਿ ਕਹਿ ਦਈ। ਜਿਸ ਤੇ ਬਡੀ ਬਾਤਿ ਨਹਿੰ ਭਈ। ਗੁਰ ਸੋਂ ਪਰੈ ਅਚਾਨਕ ਬੈਰ। ਜਿਸ ਤੇ ਬਿਨਸਹਿ ਤਨ ਕੀ ਖ਼ੈਰ ॥੨੩॥ ਕਾਜ਼ੀ ਕਰਮ ਕਰੇ ਕੁਰਿਆਰੇ। ਬਿਗਰਤਿ ਗਰ ਪਰ ਜਾਤਿ ਹਮਾਰੇ। ਕਯਾ ਲੈਨੋ ਕਯਾ ਦੇਨੋ ਤਿਨ ਸੋਂ। ਕਹਨਿ ਵਾਕ ਤੇ ਡਰੀਅਹਿ ਜਿਨ ਸੋਂ' ॥੨੪॥ ਸੁਨਿ ਵਜ਼ੀਰਖਾਂ ਪੁਨ ਸਮੁਝਾਵੈ। 'ਰਾਵਰਿ ਕੁਸ਼ਲ ਸਭਿਨਿ ਕੋ ਭਾਵੈ। ਹਜ਼ਰਤ ! ਬਡੇ ਪਿਤਾ ਜੁ ਤੁਮਾਰੇ। ਤਿਨ ਢਿਗ ਚੰਦੂ ਛਲ ਬਲ ਧਾਰੇ॥੨੫॥ ਕਰਤਿ ਬੈਰ ਗੁਰੁ,ਸ਼ਾਹ ਸਿਖਾਏ। ਤਬੈ ਗੁਆਲਿਅਰ ਮਹਿਂ ਪਹੁੰਚਾਏ। ਚਾਲੀ ਦਿਨ ਬੀਤੇ ਜਿਸ ਕਾਲ। ਹਜ਼ਰਤ ਹੇਰੇ ਸ਼ੇਰ ਕਰਾਲ ॥ ੨੬ ॥ ਨਿਸ ਮਹਿਂ ਤ੍ਰਾਸਤਿ ਰਿਦੇ ਬਿਲੰਦ। ਸਿਮਰਤਿ ਭੇ ਸ੍ਰੀ ਹਰਿ ਗੋਬਿੰਦ। ਰੱਛਾ ਕਰੀ ਧਾਇ ਕਰਿ ਆਇ। ਦੋਨਹੁੰ ਕੇਹਰਿ ਦਏ ਹਟਾਇ ॥੨੭॥ ਤਬਹਿ ਹਕਾਰਨਿ ਚਾਹੇ ਪਾਸ। ਮਹਿਪਾਲਕ ਕੈਦੀ ਤਹਿਂ ਬਾਸ। ਗੁਰੂ ਕਹਯੋ–ਛੂਟਹਿਂ ਮਹਿਪਾਲ।।ਹਮਰੋ ਦਰਸ ਹੋਇ ਤਿਸ ਕਾਲ।– ॥ ੨੮ ॥ ਹੁਤੀ ਜ਼ਰੂਰ ਹਕਾਰਨਿ ਕੇਰੀ। ਛੋਰੇ ਨ੍ਰਿਪ ਬਾਵਨ ਤਿਸ ਬੇਰੀ। ਨਿਕਟਿ ਹਕਾਰਿ ਕੀਨਿ ਸਨਮਾਨ।। ਜਯੋਂ ਗੁਰ ਕਹਯੋ ਸੁ ਹਜ਼ਰਤ ਮਾਨ।।

[1]ਭਾਰੀ। [2]ਹੁਣ ਮੇਰਾ ਡਰ ਕੀਕੂੰ ਮੰਨੇ। [3]ਬਦਲਾ ਲੈਣ ਦਾ–ਫੜਨ ਦਾ, ਅਥਵਾ ਪ੍ਰਾਣਾਂ ਦੇ ਨਾਸ਼ ਦਾ।

੨੯ ॥ ਤਿਨ ਕੇ ਸੰਗ ਬਿਰੋਧ ਉਠਾਵਨਿ। ਨਹਿਂ ਆਛੀ ਤੁਮ ਕੋ, ਸੁਖ ਪਾਵਨਿ[1]। ਨਿਜ ਅਨਜਾਨ ਪਨੋ ਕਰਿ ਮੰਦ। ਖੋਇ ਆਬਰੂ ਹੁਤੀ ਬਿਲੰਦ॥ ੩੦ ॥ ਤਿਸ ਕੇ ਕਹੇ ਆਪ ਕਸੋਂ ਕਰਤੇ। ਜਿਸ ਕੋ ਕਰਮ ਹੁਤੋ ਸੋ ਬਰਤੇ'। ਇਮ ਕਹਿ ਸੁਨਿਕੈ ਤਜਯੋ ਬ੍ਰਿਤੰਤ। ਚਿਤ ਮਹਿਂ ਚਿਤਵਯੋ ਨਹੀਂ ਕਦੰਤ ॥ ੩੧ ॥ ਇਹ ਸਗਰੀ ਸੁਧਿ ਕਹਿ ਲਿਖਵਾਈ। ਗੁਰ ਢਿਗ ਖਾਨ ਵਜ਼ੀਰ ਪਠਾਈ। ਆਯੋ ਲਵਪੁਰਿ ਤੇ ਚਲਿ ਚਾਰ[2]। ਸਿੱਖ ਪ੍ਰਤੀਖਤਿ ਹੁਤੇ ਉਦਾਰ॥ ੩੨ ॥[3]–ਕਾਜ਼ੀ ਕੁਛ ਉਤਪਾਤ ਉਠਾਵੈ।ਕਹੈ ਸ਼ਾਹੁ ਸੋਂ ਚਮੂੰ ਪਠਾਵੈ। ਪਰਹਿ ਜੰਗ ਗਨ ਸੁਭਟਨਿ ਹਾਨੀ। ਸਤਿਗੁਰ ਮਿਟਹਿਂ ਨ, ਜਾਇ ਸੁ ਜਾਨੀ[4]–॥ ੩੩॥ ਚਿੰਤਾ ਬਸੀ ਮਸੰਦ ਬਿਲੰਦ।–ਬਿਗਰਿ ਜਾਹਿੰਗੇ ਕਾਰਜ ਬ੍ਰਿੰਦ–। ਸ਼੍ਰੀ ਗੰਗਾ ਢਿਗ ਜਾਇ ਸੁਨਾਵਤਿ:–'ਐਸੀ ਬਾਤ ਨ ਕਿਮ ਮਨ ਭਾਵਤਿ ॥ ੩੪ ॥ ਕੀਨਿ ਅਨੁਚਿਤ ਅਯੋ ਪੁਨ ਕਾਜ਼ੀ। ਕਰਯੋ ਹਾਸ ਤਿਸ, ਭਯੋ ਵਿਰਾਜੀ[5]। ਗਯੋ ਪੁਕਾਰਨਿ ਸ਼ਾਹੁ ਸਮੀਪ। ਸੁਨਤਿ ਰਿਸਹਿ ਭੇਜਹਿ ਅਵ-ਨੀਪ[6] ॥ ੩੫ ॥ ਚਮੂੰ ਬ੍ਰਿੰਦ ਜਬਿ ਚੜ੍ਹ ਕਰਿ ਆਵੈ। ਗੁਰ ਆਗੇ ਤੇ ਜੰਗ ਮਚਾਵੈਂ। ਨਹੀਂ ਦੇਸ਼ ਕੋ ਰਾਜ ਹਮਾਰੋ। ਲਰਨਿ ਹੇਤੁ ਨਹਿਂ ਲਸ਼ਕਰ ਭਾਰੋ॥ ੩੬॥ ਸ਼ਾਹੁ ਸੰਗ ਕਿਮ ਸਮਤਾ ਹੋਇ। ਚਲਹਿਂ ਪਲਾਇ ਤਜਹਿਂ ਪੁਰਿ ਸੋਇ। ਪਿਤਾ ਪਿਤਾਮੇ ਕੋ ਇਸਥਾਨ। ਛੁਟਿ ਜੈ ਹੈ ਤਬਿ ਬਸਹਿਂ ਇਹਾਂ ਨ'॥ ੩੭॥ ਸੁਨਿ ਸੁਨਿ ਮਾਤ ਗੰਗ ਪਛੁਤਾਇ। ਕਹੈ ਕਿ 'ਹਮ ਤੇ ਹੈ ਨ ਉਪਾਇ। ਪੰਚ ਗੁਰੂ ਪੂਰਬ ਜੇ ਭਏ। ਸ਼ਾਂਤਿ ਰੂਪ ਸਿੱਖੀ ਬਿਦਤਏ ॥ ੩੮ ॥ ਇਨਹੂੰ ਤਖਤ ਰਚਿ ਆਯੁਧ ਧਾਰੇ। ਸੋ ਕਬਹੂੰ ਰਣ ਰਚਹਿਂ ਅਖਾਰੇ।ਮੈਂ ਬਹੁ ਕਹਯੋ ਰਹੀ ਸਮੁਝਾਇ।–ਹੇ ਸੁਤ ਤੁਮ ਨਹਿਂ ਇਹ ਬਨਿ ਆਇ–॥੩੯॥ ਉੱਤਰ ਦੇਤਿ ਕਿ–ਬਸਿ ਨਹਿਂ ਮੋਰੇ। ਜੇ ਬਸਿ ਹੋਇ ਤ ਦੇਵੌਂ ਮੋਰੇ–।ਸਰਬ ਪ੍ਰਕਾਰ ਆਪਿ ਸੋ ਸਯਾਨਾ। ਪਰਹਿ ਬਿਗਾਰ ਹੋਹਿ ਰਣ ਥਾਨਾ ॥ ੪੦ ॥ ਕਰਹਿ ਉਪਾਇ ਆਪ ਹੀ ਸੋਈ। ਹਮ ਤੁਮ ਤੇ ਅਬਿ ਹੋਹਿ ਨ ਕੋਈ। ਜੌ ਤੁਮ ਤੇ ਸਮੁਝਾਯਹੁ ਜਾਇ। ਕਹਹੁ ਜਾਇ ਦਿਹੁ ਜੰਗ ਮਿਟਾਇ॥੪੧॥ ਮਮ ਦਿਸ਼ਿ ਤੇ ਤੁਮ ਕਰਹੁ ਉਚਾਰਨਿ। ਨਹਿਂ ਨੀਕੇ ਕਰਿਬੋ ਰਣ ਕਾਰਨ[7]"। ਸੁਨਤਿ ਮਸੰਦ ਗਏ ਸਮੁਦਾਇ। ਹਾਥ ਜੋਰਿ ਬੰਦਨ ਕਰਿ ਪਾਇ ॥ ੪੨ ॥ ਉਦਤਿ

---

[1]ਸੁਖ ਪਾਵਣਾ ਕਰੋ। [2]ਦੂਤ। [3]ਸਿੱਖਾਂ ਨੇ ਵਿਚਾਰ ਕੀਤੀ। [4]ਸਤਿਗੁਰਾਂ ਨੇ ਟਲਣਾ ਨਹੀਂ, (ਇਹ ਗੱਲ) ਜਾਣੀਂਦੀ ਪਈ ਹੈ। [5]ਗੁੱਸੇ। [6]ਬਾਦਸ਼ਾਹ ਭੇਜੇਗਾ (ਸੈਨਾ)। [7]ਰਣ ਕਰਨੇ।

ਭਏ ਜਬਿ ਕਹਿਬੇ ਕਾਰਨ। ਇਤਨੇ ਮਹਿਂ ਕਿਧ ਚਾਰ ਨਿਹਾਰਨਿ। ਤਿਨ ਦਿਸ਼ਿ ਤੇ ਰੁਖ ਫੇਰਨਿ ਕੀਨਿ। ਕਾਗਦ ਦੀਨਿ, ਸਿੱਖ ਨੈ ਲੀਨਿ ॥ ੪੩ ॥ ਪਠਿ ਸਗਰੋ ਪਰਸੰਗ ਸੁਨਾਯੋ। ਸੁਨਤਿ ਸਭਿਨਿ ਮਨ ਆਨੰਦ ਪਾਯੋ। ਢਿਗ ਗੰਗਾ ਸੁਧਿ ਤੁਰਤ ਪਠਾਈ। ਜਾਨੀ ਭਲੀ ਰਿਦੇ ਹਰਖਾਈ॥੪੪॥ ਸਭਿ ਕੇ ਚਿਤ ਕੀ ਚਿੰਤ ਬਿਨਾਸੀ। ਅਪਨੋ ਬਸਨ ਲਖ੍ਯੋ ਅਬਿਨਾਸ਼ੀ[1]। ਹੋਤਿ ਭਏ ਬਹੁ ਮੰਗਲਚਾਰ। ਹਰਿਮੰਦਿਰ ਅਰਦਾਸ ਉਚਾਰਿ ॥ ੪੫ ॥ ਪੰਚਾਂਮ੍ਰਿਤ ਬਨਵਾਵਹਿ ਕੋਈ। 'ਮਿਟ੍ਯੋ ਬਖੇਰਾ ਬਸਿਬੋ ਹੋਈ'। ਸ੍ਰੀ ਸਤਿਗੁਰ ਕੋ ਟੇਕਹਿਂ ਮਾਥ। 'ਸਭਿ ਕਰਿ ਸਕਹੁ ਆਪ ਕੇ ਹਾਥ' ॥ ੪੬ ॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪੰਚਮ ਰਾਸੇ 'ਪਾਤਸ਼ਾਹ ਤੇ ਕਾਜ਼ੀ ਪੁਕਾਰ ਕੀ ਸੁਧਿ ਆਵਨ' ਪ੍ਰਸੰਗ ਬਰਨਨੰ ਨਾਮ ਪੰਚਬਿੰਸਤੀ ਅੰਸੂ ॥ ੨੫ ॥

੨੬. [ਦੂਸਰੇ ਵਿਵਾਹ ਦੀ ਤਿਆਰੀ]।

ਦੋਹਰਾ ॥ ਰਾਮਦਾਸ ਪੁਰਿ ਕੇ ਬਿਖੈ ਸ੍ਰੀ ਹਰਿਗੋਬਿੰਦ ਬਾਸ। ਮਨ ਭਾਵਤਿ ਨਿਸ ਦ੍ਯੋਸ ਮਹਿਂ ਬਿਲਸਤਿ ਬਹੁਤ ਬਿਲਾਸ॥ ੧ ॥ ਚੌਪਈ ॥ ਆਯੁਧ ਬਿੱਦ੍ਯਾ ਕੋ ਅੱਭ੍ਯਾਸੂ। ਨਿਤ ਕਰਾਇਂ ਗਨ ਜੋਧਨਿ ਪਾਸੂ। ਅਨਿਕ ਪ੍ਰਕਾਰ ਆਪ ਭੀ ਕਰੈਂ। ਛੋਰਿ ਤੁਫੰਗ ਤੁਰੰਗਨਿ ਚਰੈਂ ॥ ੨॥ ਹਯ ਧਵਾਇ ਤੋਮਰ ਕੋ ਫੇਰਨਿ। ਕਰਹਿਂ ਪ੍ਰਹਾਰ ਨਿਸ਼ਾਨੋ ਹੇਰਨਿ। ਤਰਵਾਰਨਿ ਕੋ ਵਾਰ ਕਰੰਤੇ। ਬਾਨ ਮਹਾਨ ਕਮਾਨ ਖਿਚੰਤੇ ॥ ੩ ॥ ਕਬਿ ਘੋਰੇ ਪਰ ਕਬਿ ਹੁਇਂ ਖਰੇ। ਵਾਰ ਅਨੇਕ ਪ੍ਰਹਾਰਨਿ ਕਰੇ। ਸੁਭਟ ਕਰਹਿਂ ਗੁਰੁ ਕੋ ਦਰਸਾਵੈਂ। ਤੋਮਰ ਤੀਰ ਤੁਫੰਗ ਚਲਾਵੈਂ ॥ ੪ ॥ ਸਿਪਰ ਖੜਗ ਕੋ ਦਾਵਨਿ ਪੇਲੈਂ[2]। ਅਰਹਿਂ ਏਕ ਕੋ ਦੁਤੀ ਧਕੇਲੈ। ਹੋਇ ਮੰਡਲਾਕਾਰ[3] ਚਲਾਇਂ। ਕਰਹਿਂ ਸ਼ੀਘ੍ਰਤਾ ਇਤਉਤ ਧਾਇ॥੫॥ ਮਨਹੁ ਪਰਤਿ ਹੈਂ ਮੱਲ੍ਯ[4] ਅਖਾਰਾ। ਭਾਵ ਦਾਵ[5] ਕਰਿ ਅਨਿਕ ਪ੍ਰਕਾਰਾ। ਬਹੁਤ ਸ਼ੀਘ੍ਰਤਾ ਕਰਿ ਦਿਖਰਾਵੈਂ। ਕਿਧੌਂ ਲੱਛ ਕੋ ਮਾਰਿ ਗਿਰਾਵੈਂ॥ ੬ ॥ ਤਿਹ ਪਿਖਿ 'ਸਾਧ ਸਾਧ' ਗੁਰ ਕਹੈਂ। ਕਰਹਿਂ ਰਿਝਾਵਨਿ ਬਖਸ਼ਿਸ਼ ਲਹੈਂ। ਇਸ ਪ੍ਰਕਾਰ ਸ਼ਸਤ੍ਰਨਿ ਅੱਭ੍ਯਾਸੂ। ਹੋਹਿ ਨਿਤਾਪ੍ਰਤਿ ਅਧਿਕ ਪ੍ਰਕਾਸ਼ੂ ॥ ੭ ॥ ਦੇਸ਼ ਬਿਦੇਸ਼ਨਿ ਮਹਿਂ

---

[1]ਆਪਣਾ ਵੱਸਣਾ ਅਟੱਲ ਜਾਣਿਆਂ। (ਅ) ਲਖਿਆ ਕਿ ਆਪਣੇ ਵਸ ਦੀ ਗੱਲ ਨਹੀਂ ਸੀ, (ਤੇ ਜੋ ਗੱਲ ਹੋ ਗਈ ਸੀ) ਸੋ ਹੁਣ ਨਾਸ਼ ਹੋਈ (ਮੁੱਕ ਗਈ)। (ੲ) ਜਾਣਿਆਂ ਕਿ ਆਪਣੇ ਵਸ ਦੀ ਗੱਲ ਤਾਂ ਨਹੀਂ ਸੀ, ਪਰ (ਅਬਿਨਾਸ਼ੀ=) ਵਾਹਿਗੁਰੂ ਜੀ ਨੇ (ਆਪ ਸਹਾਇਤਾ ਕੀਤੀ ਹੈ)। [2]ਦਾਵਾਂ ਨੂੰ ਰੋਕਦੇ ਹਨ। [3]ਗੋਲਾਕਾਰ। [4]ਪਹਿਲਵਾਨ ਦਾ। [5]ਦਾਵ ਦੇ ਪ੍ਰਕਾਰ।

ਜਸੁ ਫੈਲਾ। ਬਖਸ਼ਤਿ ਬਹੁ ਧਨ ਸ਼੍ਰੀ ਗੁਰ ਛੈਲਾ। ਸੁਨਿ ਸੁਨਿ ਸੁਭਟ ਆਨਿ ਗਨ ਰਹੈਂ। ਜੋ ਬਹੁ ਸ਼ਸਤ੍ਰਨਿ ਬਿੱਦ੍ਯਾ ਲਹੈਂ॥੮॥ ਸੰਗਤਿ ਸਿੱਖ ਦੇਸ਼ ਪਰਦੇਸ਼ੀ। ਆਇ ਨਿਤਾਪ੍ਰਤਿ ਭੀਰ ਵਿਸ਼ੇਸ਼ੀ। ਅਨਿਕ ਕਾਮਨਾ ਪੂਰਨ ਕਰਨੀ। ਜਨ ਪਰ ਭੀਰ ਪਰਹਿ ਸੋ ਹਰਨੀ ॥ ੯ ॥ ਬੈਠਿ ਦਿਵਾਨ ਦਰਸ ਕੋ ਦੈਨਾ। ਲੈਨਿ ਸਕਲ ਸੁਧਿ ਹਯ ਗਨ, ਸੈਨਾ। ਜਹਿਂ ਕਹਿਂ ਮਹਿ ਮਹਿਂ ਦਾਸਨਿ ਕਾਜੁ। ਸਿਮਰਹਿਂ ਗੁਰੂ ਗਰੀਬ ਨਿਵਾਜੁ॥੧੦॥ ਸਭਿ ਥਲ ਜਾਇ ਸਹਾਇਕ ਹੋਨਾ। ਨਿਜ ਜਨ ਕੋ ਦਿਖਾਇ ਕਬਿ ਭੌਨਾ। ਵਹਿਰ ਅਖੇਰ ਬ੍ਰਿੱਤ ਕਬਿ ਜਾਵੈਂ। ਕਾਨਨ ਮਹਿਂ ਜੀਵਨਿ ਕੋ ਘਾਵੈਂ॥੧੧॥ ਸ਼ਲਖ ਤੁਰੰਗਨਿ ਗਨ ਕੀ ਹੋਇ। ਮੰਗਲ ਨਾਨਾ ਸਮੈ ਸੁ ਦੋਇ। ਕਰਹਿਂ ਸੁਧਾ-ਸਰ ਮੱਜਨ ਜਾਇ। ਸ਼੍ਰੀ ਹਰਿਮੰਦਿਰ ਦਰਸ਼ਨ ਪਾਇ ॥ ੧੨ ॥ ਬੰਦਤਿ ਕਰਹਿਂ ਪ੍ਰਕਰਮਾ ਚਾਰ। ਅਲਪ ਸਮੈ ਠਹਿਰਹਿਂ ਦਰਬਾਰ।–ਅਦਬ ਨ ਰਹਹਿ ਥਿਰੇ ਚਿਰ ਕਾਲੁ–। ਇਮ ਲਖਿ ਕਰਿ ਉਠਿ ਆਇਂ ਕ੍ਰਿਪਾਲੁ॥੧੩॥ ਤਖਤ ਅਕਾਲ ਬਿਸਾਲ ਸਥਾਨ। ਬੈਠਹਿਂ ਗੁਰੂ ਲਗਾਇ ਦਿਵਾਨ। ਸੰਧ੍ਯਾ ਭਏ ਮਹਿਲ ਨਿਜ ਜਾਵੈਂ। ਤਹਿਂ ਦਮੋਦਰੀ ਸੇਵ ਕਮਾਵੈ ॥ ੧੪ ॥ ਗਨ ਦਾਸੀ ਕੋ ਬਰਜਨਿ ਕਰੈ। ਨਿਜ ਕਰ ਤੇ ਸੇਵਨਿ ਰੁਚਿ ਧਰੈ। ਨੀਰ ਪਖਾਰਹਿ ਪਦ ਅਰਬਿੰਦ। ਪੌਂਛਹਿ ਪਟ ਸੋਂ ਪ੍ਰੇਮ ਬਿਲੰਦ ॥ ੧੫ ॥ ਲਏ ਬੀਜਨਾ ਹਾਂਕਤਿ ਪੌਨ। ਚਾਂਪੀ ਕਰਹਿ ਚਰਣ ਜੁਗ ਲੌਨ। ਇੱਤ੍ਯਾਦਿਕ ਸੇਵਾ ਕਰਿ ਸਾਰੀ। ਕਰਹਿ ਪ੍ਰਸੰਨ ਰਹਹਿ ਅਨੁਸਾਰੀ॥ ੧੬ ॥ ਕਬਿ ਕਬਿ ਮਾਤ ਗੰਗ ਢਿਗ ਜਾਹਿਂ। ਬਿਵਹਾਰਨ ਕੀ ਬਾਤਿ ਉਮਾਹਿ। ਸੁਤ ਸੁੰਦਰ ਕੋ ਪਿਖਿ ਹਰਖੰਤੀ। ਜੋਧਾ ਬਲੀ ਬਡੋ ਪਰਖੰਤੀ॥੧੭॥ ਬਹੁ ਸਨੇਹ ਤੇ ਕਰਹਿ ਉਚਾਰਨਿ। ਮਧੁਰ ਬਚਨ ਸੁਤ ਕੇ ਅਨੁਸਾਰਨਿ। ਇਮਿ ਜਬਿ ਬੀਤ੍ਯੋ ਕੇਤਿਕ ਕਾਲ। ਗੰਗ ਮਾਤ ਨੇ ਸੁਧਿ ਸੰਭਾਲ॥੧੮॥–ਬਾਕ ਸਫਲ ਬਡ ਗੁਰੁ ਕੋ ਭਯੋ। ਸੋ ਕਰਿ ਗ੍ਰਿੰਥ ਬਿਖੈ ਲਿਖਿ ਦਯੋ। 'ਵਧੀ ਵੇਲਿ ਬਹੁ ਪੀੜੀ ਚਾਲੀ॥ ਧਰਮ ਕਲਾ ਹਰਿ ਬੰਧਿ ਬਹਾਲੀ'॥ ੧੯ ॥ ਅਬਿ ਲੌ ਪੌਤ੍ਰ ਨਹੀਂ ਉਪਜਯੋ। ਨਹੀਂ ਬਿਲੋਚਨ ਮੈਂ ਪਿਖਿ ਲਯੋ। ਨਹੀਂ ਕਾਮਨਾ ਪੂਰਨ ਹੋਈ। ਜਬਿ ਲੌ ਸੁਤ ਕੋ ਸੁਤ ਨਹਿਂ ਜੋਈ–॥੨੦॥ਕੇਤਿਕ ਦਿਨ ਲੌ ਚਿਤਵਤਿ ਰਹੀ।ਇਕ ਦਿਨ ਗੁਰੂ ਪੁੱਤ੍ਰ ਸੋਂ ਕਹੀ।'ਸਫਲ ਬਾਕ ਨਿਤ ਪਿਤਾ ਤੁਮਾਰੇ। ਬੰਸ ਬਧਾ-ਵਨਿ ਹੇਤੁ ਉਚਾਰੇ ॥ ੨੧ ॥ ਤਿਨ ਪਰ ਹੈ ਮੇਰੋ ਬਿਸਵਾਸੋ। ਬਡੋ ਬੰਸ ਜਗ

ਬਿਖੈ ਪ੍ਰਕਾਸੇ। ਤਉ ਏਕ ਚਿੰਤਾ ਚਿਤ ਧਾਰੌਂ। ਤੁਮ ਸੁਤ ਹੁਇ ਮੈਂ ਨੈਨ ਨਿਹਾਰੌਂ॥੨੨॥ ਹੈ *ਬਿਪਰੀਤਿ ਪ੍ਰੀਤਿ ਉਰ ਮੇਰੋ[1]। ਚਹੌਂ ਕਿ ਸੁਤ ਕੋ ਸੁਤ ਲਿਉਂ ਹੇਰੋ।ਸਭਿ ਸਿੱਖਿਨਿ ਕੀ ਪੂਰੋ ਆਸਾ।ਕਯੋਂ ਮਨ ਮੇਰੋ ਕਰਹੁ ਨਿਰਾਸਾ ॥੨੩॥ ਨਿਜ ਸੁਤਿ ਕੋ ਦਿਖਰਾਵਨਿ ਕਰੀਅਹਿ। ਅਧਿਕ ਪ੍ਰਮੋਦ ਕੁਟੰਬ ਮਹਿਂ ਧਰੀਅਹਿ'। ਸੁਨਿ ਬੋਲੇ ਸ਼੍ਰੀ ਹਰਿਗੋਬਿੰਦ। 'ਪੂਰਹਿਂ ਸਤਿਗੁਰੁ ਆਸਾ ਬ੍ਰਿੰਦ॥੨੪॥ਤੁਮ ਹੋ ਬਡੇ ਆਸ਼ਿਖਾ ਦੇਹੁ।ਬਧੈ ਬੰਸ ਲੀਜਹਿ ਸੁਖਏਹੁ। ਕੇਤਿਕ ਦਿਨ ਮਹਿਂ ਪੌਤ੍ਰ ਨਿਹਾਰਹੁ। ਪੁਰਹੁ ਮਨੋਰਥ ਆਨੰਦ ਧਾਰਹੁ'॥ ੨੫॥ ਸੁਨਿ ਹਰਖਤਿ ਹੋਈ ਮਨ ਗੰਗਾ। ਨਿਸ਼ਚੇ ਥਿਰ੍ਯੋ ਅਨੰਦ ਉਮੰਗਾ। -ਪਿਖੌਂ ਪੌਤ੍ਰ ਕੋ ਸੁਤ ਨੇ ਭਾਖਾ।ਪੂਰਨ ਹੋਇ ਮੋਰਿ ਅਭਿਲਾਖਾ-॥੨੬॥ਨਿਸ ਮੈਂ ਨਿਤ ਦਮੋਦਰੀ ਸੇਵੈ। ਦਰਸ਼ਨ ਤੇ ਆਨੰਦ ਕੋ ਲੇਵੈ। ਧਰ੍ਯੋ ਗਰਭ ਕੋ ਤੇਜ ਬਿਲੰਦ। ਦਿਨਪ੍ਰਤਿ ਜਥਾ ਦੂਜ ਕੋ ਚੰਦ ॥ ੨੭ ॥ ਸਭਿ ਮਹਿਂ ਬਿਦਤਿ ਭਈ ਇਹ ਬਾਤਿ। ਅਧਿਕ ਅਨੰਦਤਿ ਗੰਗਾ ਮਾਤ। ਉਤਸਵ ਰਚੇ ਅਨੇਕ ਪ੍ਰਕਾਰਾ। ਸੁਨਿ ਹਰਖ੍ਯੋ ਸਗਰੋ ਪਰਵਾਰਾ॥੨੮॥ ਲੇ ਦਮੋਦਰੀ ਗੰਗਾ ਸੰਗਿ। ਸ਼੍ਰੀ ਹਰਿਮੰਦਰ ਗਈ ਉਮੰਗਿ। ਹਾਥ ਜੋਰਿ ਕਰਿ ਮਾਥ ਟਿਕਾਯੋ। 'ਬੰਸ ਬ੍ਰਿੱਧ ਹਿਤ ਬਾਕ ਅਲਾਯੋ[2] ॥੨੯॥ ਸਰਬ ਮਨੋਰਥ ਕੇ ਤੁਮ ਦਾਤੇ। ਪ੍ਰੇਮੀ ਦਾਸਨਿ ਕੇ ਹਿਤ ਰਾਤੇ। ਕੁਲ ਬਰਧਕ ਗੁਨ ਜੁਤਿ ਸੁਤ ਦੀਜੈ। ਬਿਰਦ ਆਪਨੋ ਪ੍ਰਭੁ ਜਨੀਜੈ' ॥ ੩੦॥ ਏਵ ਮਨੋਰਥ ਮਨ ਮਹਿ ਧਾਰੇ।ਕਰ੍ਯੋ ਪ੍ਰਨਾਮ ਪ੍ਰਦੱਛਨ ਸਾਰੇ। ਖਰੇ ਹੋਇ ਅਰਦਾਸਿ ਕਰਾਈ।ਸਰਬ ਪ੍ਰਸਾਦਿ ਦੀਨਿ ਬਰਤਾਈ॥੩੧॥ਬਹੁਰ ਸਨੁਖਾ ਕੋ ਲੇ ਸੰਗਿ। ਅਧਿਕ ਉਮੰ-ਗਤਿ ਹਟਿਕਰਿ ਰੰਗ। ਆਈ ਗ੍ਰਿਹਿ ਬਡੀ ਬਡਭਾਗਨਿ। ਪੌਤ੍ਰ ਪਿਖਿਨਿ ਹੋਈ ਅਨੁਰਾਗਨਿ॥੩੨॥ ਕਿਤਿਕ ਦਿਵਸ ਬੀਤੇ ਇਸ ਭਾਂਤੀ।ਆਈ ਬਹੁਰ ਬਜਾਹ† ਕੀ ਪਾਤੀ। ਹਰੀਚੰਦ ਗੁਰੁ ਸਸੁਰੋ ਦੂਜਾ।ਸ਼੍ਰੀ ਅਰਜਨ ਕੋ ਜਿਸਨੇ ਪੂਜਾ ॥ ੩੩ ॥ ਇਕ ਦਿਨ ਦੋਨਹੁ ਭਈ ਸਗਾਈ। ਚੰਦੂ ਸੁਤਾ ਕੀ ਜਬਹਿ ਹਟਾਈ। ਹਰੀਚੰਦ ਕੀ ਜੋ ਸੁ ਕੁਮਾਰੀ। ਬੈਸ ਅਲਪ ਕੀ ਸੁਤਾ ਬਿਚਾਰੀ॥ ੩੪ ॥ ਯਾਂ ਤੇ ਬਜਾਹ ਪ੍ਰਿਥਮ ਨਹਿਂ ਕਿਯੋ। ਸਮੋ ਜਾਨਿ ਕਾਗਦਿ ਪਠਿ

[1]ਮੇਰੇ ਦਿਲ ਦੀ ਉਲਟੀ ਜਿਹੀ ਪ੍ਰੀਤ ਹੈ (ਜੋ ਆਪ ਦੇ ਸਾਮ੍ਹਣੇ ਕਹਿੰਦੀ ਹਾਂ ਕਿ ਪੋਤ੍ਰਾ ਹੋਵੇ)। [2]ਕਹਿਆ ਸੀ। *ਪਾ:-ਹ੍ਵੈ। †ਸ਼੍ਰੀ ਗੁਰੂ ਹਰਿਗੋਵਿੰਦ ਜੀ ਦੇ ਵਿਵਾਹਾਂ ਬਾਬਤ ਦੇਖੋ ਇਸ ਤੋਂ ਅਗਲੇ ਅੰਸੂ ਦੇ ਅੰਕ ੪੬ ਦੀ ਹੇਠਲੀ ਟੂਕ।

ਦਯੋ। 'ਮਾਸ ਵਿਸਾਖ ਪ੍ਰਿਥਮ ਦਿਨ ਮਾਂਹੀ'। ਲਿਖਿ ਭੇਜ੍ਯੋ ਸ਼੍ਰੀ ਗੰਗਾ ਪਾਹੀ ॥ ੩੫ ॥ ਸ਼ਾਦੀ ਪਰ ਸ਼ਾਦੀ ਅਹਿਲਾਦੀ[੧]। ਵਧਿਤਿ ਸਮਾਜ ਅਧਿਕ ਗੁਰੁ ਗਾਦੀ। ਸੁਨਿ ਸੁਨਿ ਗੁਰ ਕੇ ਦਾਸ ਰੁ ਦਾਸੀ। ਅਤਿ ਅਨੰਦਤਾ ਰਿਦੇ ਪ੍ਰਕਾਸ਼ੀ ॥੩੬॥ ਸ਼੍ਰੀ ਗੰਗਾ ਕੋ ਦੇਤਿ ਬਧਾਈ। ਸਭਿ ਦਿਸ਼ਿ ਤੇ ਸ਼ਾਦੀ ਢੁਰਿ ਆਈ[੨]। ਜੋ ਜੋ ਵਸਤੁ ਬਯਾਹੁ ਮਹਿਂ ਚਹੀਯਹਿ। ਨਗਰ ਸੁਧਾਸਰ ਤੇ ਨਹਿਂ ਲਹੀਯਹਿ ॥ ੩੭ ॥ ਤਿਨ ਹਿਤ ਬਿਧੀਏ ਕੋ ਦੇ ਦਰਬਾ। ਕਹ੍ਯੋ 'ਜਾਇ ਆਨਹੁ ਸ਼ੁਭ ਸਰਬਾ'। ਘ੍ਰਿਤ ਮਿਸ਼ਟਾਨ ਹੋਤਿ ਧਨ ਬ੍ਰਿੰਦ। ਜੇਠਾ ਅਰ ਲੇ ਅਪਰ ਮਸੰਦ ॥ ੩੮ ॥ ਸਗਲ ਭਾਂਤਿ ਕੇ ਅੰਨ ਅਨਾਏ। ਖਰਚ ਸਮੁਝਿ ਦਸ ਗੁਨ ਇਕਠਾਏ[੩]। ਗੁਰੁ ਘਰ ਮਹਿਂ ਨਿਤ ਖਰਚ ਬਿਸਾਲਾ। ਆਇਂ ਹਜ਼ਾਰਹੁਂ ਨਰ ਸਭਿ ਕਾਲਾ ॥ ੩੯ ॥ ਲੇਨਿ ਦੇਨਿ ਸੰਭਾਰਨਿ ਕਰਨਾ। ਸਰਬ ਕਰ੍ਯੋ ਬ੍ਰਿੱਧ ਕੇ ਅਨੁਸਰਨਾ। ਗਨ ਮਸੰਦ ਜਿਤ ਕਿਤ ਕੋ ਧਾਏ। ਕਰੀ ਸਕਲ ਵਸਤੂ ਇਕ ਥਾਏਂ ॥ ੪੦ ॥ ਮੇਲ ਹਕਾਰਨ ਮਨੁਜ ਪਠਾਏ। ਗੋਇੰਦਵਾਲ ਖਡੂਰਿ ਸਿਧਾਏ। ਲਵਪੁਰਿ ਮਹਿਂ ਸੋਢੀ ਰਹਿਂ ਭਾਈ। ਸੁਧਿ ਬਯਾਹ ਕੀ ਤੁਰਤ ਪਠਾਈ ॥ ੪੧ ॥ ਬਹੁਰ ਗ੍ਰਾਮ ਮਉ[੪] ਓਰ ਗਏ ਹੈਂ। ਸੁਨਿ ਸੁਨਿ ਸਭਿ ਕੇ ਅਨੰਦ ਭਏ ਹੈਂ। 'ਸ਼੍ਰੀ ਅਰਜਨ ਕੋ ਬਡੋ ਸ-ਪੂਤ'। ਜਹਿਂ ਕਹਿਂ ਸੁਜਸੁ ਕਹਤਿ ਹੈਂ ਪੂਤ ॥ ੪੨ ॥ 'ਸਭਿ ਬਿਧਿ ਤੇ ਬਿਰ-ਧਾਇ ਸਮਾਜਾ। ਸੈਨ ਸਕੇਲਿ ਬਨ੍ਯੋ ਮਹਾਂਰਾਜਾ। ਤਿਮਹੀ ਦੂਸਰ ਬਯਾਹਿ ਕਰਾਯਹੁ। ਪਤਿਸ਼ਾਹਨਿ ਤੇ ਚਰਨ ਪੁਜਾਯਹੁ ॥ ੪੩ ॥ ਕਾਜ਼ੀ ਤਨੁਜਾ ਕੋ ਅਪਰਾਧ। ਸ਼ਾਹੁ ਸੁਨਤਿ ਸਹਿ ਤੂਸ਼ਨਿ ਸਾਧ[੫]। ਕਰ੍ਯੋ ਅਦਾਇਬ, ਕਛੂ ਨ ਕੀਨਾ। ਯਾਂਤੇ ਲਖੀਯਤਿ ਭੇ ਬਡਿ ਪੀਨਾ[੬]' ॥ ੪੪ ॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪੰਚਮ ਰਾਸੇ 'ਬਯਾਹ ਉਤਸਵ' ਪ੍ਰਸੰਗ ਬਰਨਨੰ ਨਾਮ ਖਟਬਿੰਸਤੀ ਅੰਸੂ ॥ ੨੬ ॥

੨੭. [ਬਰਾਤ]।

ਦੋਹਰਾ ॥ ਸੁਨਿ ਸੁਨਿ ਗੁਰ ਉਤਸਾਹੁ ਕੋ ਮੇਲ ਭਯੋ ਆਮੋਦ[੭]। ਆਵਨ ਕੋ ਤਯਾਰੀ ਕਰੀ ਠਾਨਤਿ ਹਾਸ ਬਿਨੋਦ ॥ ੧ ॥ ਚੌਪਈ ॥ ਇਕ ਤੌ ਕਰਨਿ ਸੁਧਾਸਰ ਮੱਜਨ। ਦਿਵਸ ਵਿਸਾਖੀ ਮੇਲਾ ਸ੍ਰਿੱਜਨ[੮]। ਦੁਤੀਏ ਸਨਬੰਧੀ ਜੇ ਆਵੈਂ। ਸਭਿ ਸੋਂ ਮਿਲੈਂ ਅਨੰਦ ਉਪਜਾਵੈਂ ॥ ੨ ॥ ਤ੍ਰਿਤੀਏ ਸ਼੍ਰੀ ਗੁਰੁ ਹਰਿ

---

[੧]ਖੁਸ਼ੀ ਉਤੇ ਖੁਸ਼ੀ ਅਨੰਦ ਦਾਇਕ। [੨]ਖੁਸ਼ੀ ਨੇੜੇ ਆਈ। [੩]ਭਾਵ ਖਰਚ ਦਾ ਤਖਮੀਨਾ ਲਾਕੇ ਉਸ ਤੋਂ ਦਸ ਗੁਣਾਂ ਇਕੱਠੇ ਕੀਤੇ। [੪]ਮਾਤਾ ਗੰਗਾ ਜੀ ਦੇ ਪੇਕੇ ਪਿੰਡ ਦਾ ਨਾਮ। [੫]ਚੁਪ ਵੱਟ ਗਿਆ। [੬]ਬੜੇ ਬਲਵਾਨ। [੭]ਬਹੁਤ ਖੁਸ਼ੀ, ਪ੍ਰਸੰਨ। [੮]ਮਿੱਤ੍ਰਾਂ ਦਾ ਮੇਲ।

ਗੋਬਿੰਦ। ਮਿਲੇ ਪ੍ਰਥਮ ਭਾ ਕਾਲ ਬਿਲੰਦ। ਜਹਾਂਗੀਰ ਨੇ ਰਾਖੇ ਤੀਰ। ਰਹੇ ਨਿਕੇਤ ਨਹੀਂ ਬਰ ਬੀਰ॥੩॥ ਚੰਦੂ ਆਦਿਕ ਮਾਰਨਿ ਕਰੇ। ਮਾਨਹਿ ਸ਼ਾਹੁ ਅਦਬ ਕੋ ਧਰੇ। ਆਯੁਧ ਬਿੱਦਯਾ ਮਹਿਂ ਅੱਭਯਾਸੁ। ਇੱਤਯਾਦਿਕ ਭਾ ਸੁਜਸੁ ਪ੍ਰਕਾਸ਼ੁ ॥੪॥ ਸੁਨਿ ਸੁਨਿ ਪਿਖਨਿ ਹੋਤਿ ਚਿਤ ਚਾਉ। ਬਹੁਰ ਬਯਾਹੁ ਕੋ ਸਬਬ ਬਨਾਉ। ਯਾਂਤੇ ਬਹੁ ਅਨੰਦ ਜੁਤਿ ਸਬੈ। ਮਿਲਯੋ ਮੇਲ ਮਿਲਿ ਮੋਦਤਿ ਤਬੈ॥੫॥ ਕੁਲ ਭੱਲਯਨ ਕੀ ਗੋਇੰਦਵਾਲ। ਪਹੁੰਚੇ ਆਨਿ ਤ੍ਰਿਯਾ ਨਰ ਜਾਲ। ਤ੍ਰੇਹਣ ਕੁਲ ਖਡੂਰ ਤੇ ਆਏ। ਗੰਗ ਮਾਤ ਪਿਤ[1] ਮਉ ਤੇ ਧਾਏ ॥੬॥ ਅਪਰ ਮੇਲ ਲਵਪੁਰਿ ਤੇ ਆਦੀ। ਆਨਿ ਪਿਖੀ ਸੁੰਦਰ ਗੁਰੁ ਸ਼ਾਦੀ। ਜਥਾ ਜੋਗ ਮਿਲਿ ਸਭਿ ਹਰਖਾਏ। ਇਸਤ੍ਰੀ ਪੁਰਖ ਮੇਲ ਸਮੁਦਾਏ ॥ ੭ ॥ ਕਰਿ ਕਰਿ ਸਗੁਨ ਗੀਤ ਗੁਨ ਗਾਵੈਂ। ਕੌਤਕ ਕਰਤਿ ਅਨੇਕ ਸੁਹਾਵੈਂ। ਨੌਬਤ ਬਜਤਿ ਮੋਦ ਉਪਜਾਵਤਿ। ਉਤਸਵ ਸਕਲ ਦਿਸ਼ਿਨਿ ਦਿਸਿ ਆਵਤਿ[2] ॥ ੮ ॥ ਚਹੁੰਦਿਸ਼ਿ ਕੀ ਸੰਗਤਿ ਬਹੁ ਆਈ। ਸੁਨਿ ਪਿਖਿ ਬਯਾਹੁ ਮੁਦਤਿ ਅਧਿਕਾਈ*। ਅਨਗਨਿ ਭੀਰ ਸੁਧਾਸਰ ਹੋਈ। ਉਤਸਵ ਪਿਖਯੋ ਚਹਤਿ ਸਭਿ ਕੋਈ ॥੯॥ ਅਨਗਨ ਆਇ ਉਪਾਇਨ ਤਬੈ। ਬ੍ਰਿੰਦ ਮਸੰਦ ਸੰਭਾਰਤਿ ਸਬੈ। ਤਖਤ ਥਿਰਹਿਂ ਸ੍ਰੀ ਹਰਿ ਗੋਵਿੰਦ। ਤਮ ਹਤਿ ਮਾਰਤੰਡ ਮਾਨਿੰਦ[3] ॥ ੧੦ ॥ ਦਾਸਨ ਬਦਨ ਬਿਲੰਦ ਅਨੰਦਤਿ। ਅਰ-ਬਿੰਦਨਿ ਦੁਤਿ ਬ੍ਰਿੰਦ ਮਨਿੰਦਤਿ†। ਚੱਕ੍ਰਵਾਕ ਸਮ ਚਾਰਹੁੰ ਬਰਨਾ[4]। ਬਿਰਹ ਬਿਨਾਸ਼ਕ ਦਰਸ਼ਨ ਕਰਨਾ[5] ॥ ੧੧ ॥ ਗੁਰੁ ਦੋਖੀ ਪੇਚਕ ਸਮ[6] ਦੂਰੇ। ਤਿਮਰ ਦੰਭ ਹਤਿ ਬੇਮੁਖ ਮੁਰੇ[7]। ਬਡੋ ਦਿਵਾਨ ਲਗਤਿ ਸਭਿ ਓਰ। ਫਰਸ਼ ਹੋਤਿ ਪੂਰਬ ਚਹੁੰ ਕੋਰ ॥ ੧੨ ॥ ਚਾਮੀਕਰ ਚਿੱਤ੍ਰਤਿ ਗੁਲਜ਼ਾਰ[8]। ਬਿਜਨਾ[9] ਝੁਲਤਿ ਮੰਡਲਕਾਰ[10]। ਜਨੁ ਸੂਰਜ ਝੁਕਿ ਝੁਕਿ ਚਢਿ ਜਾਤਿ। ਚਮਕਤਿ ਚਾਰੁ ਚਲਤਿ ਚਪਲਾਤਿ [11] ॥੧੩॥ ਚਹੁੰਦਿਸ਼ਿ ਤੇ ਬੰਦਹਿਂ ਕਰ ਜੋਰਿ। ਚਾਰੁ ਚਮਰ ਢੋਰਤਿ ਜੁਗ ਓਰ। ਅਰਪਹਿਂ, ਖਰੇ ਹੋਹਿ ਅਰਦਾਸ।

[1]ਸ੍ਰੀ ਗੰਗਾ ਜੀ ਦੇ ਮਾਤਾ ਪਿਤਾ। [2]ਸਾਰਿਆਂ ਪਾਸਿਆਂ ਤੋਂ ਦਿਖਾਈ ਦੇ ਰਿਹਾ ਹੈ (ਅ) ਤਰਫਾਂ ਤਰਫਾਂ ਤੋਂ ਆਂਵਦਾ ਹੈ। [3]ਸੂਰਜਵਤ ਅਨ੍ਹੇਰਾ (ਰੂਪ ਅੱਗਜਾਨ ਦੇ) ਨਾਸ਼ ਕਰਤਾ। [4]ਚਕਵੇ ਚਕਵੀ ਵਰਗੇ (ਬਿਰਹਾਤੁਰ) ਚਾਰਾਂ ਹੀ ਵਰਨਾਂ ਦੇ। [5]ਦਰਸ਼ਨ ਕਰ ਰਹੇ ਹਨ। [6]ਉੱਲੂ ਵਤ। [7]ਦੰਭ ਰੂਪ ਅੰਧੇਰਾ ਨਾਸ ਹੋਇਆ ਤੇ ਬੇਮੁਖ ਮੁੜ ਗਏ। [8]ਬੇਲ ਬੂਟੇ। [9]ਪੱਖਾ। [10]ਗੋਲਾਕਾਰ। [11]ਚੰਚਲਤਾ ਨਾਲ।

*ਪਾਃ—ਮੰਗਲ ਸਬਦ ਗਾਇ ਸੁਖ ਪਾਈ। †ਪਾਃ—ਬਿਨਿੰਦਤਿ।

ਦਰਸ਼ਨ ਕਰਤਿ ਭੀਰ ਬਡਿ ਪਾਸ ॥ ੧੪ ॥ ਚਮੂ ਸੁਭਟ ਗਹਿ ਖੜਗ ਰੁ
ਢਾਲੇ। ਗੁਰੁ ਪ੍ਰਤਾਪ ਤੇ ਬਲੀ ਬਿਸਾਲੇ। ਕੇਹਰਿ ਕੀ ਸਮਤਾ ਕੋ ਧਰੈਂ।ਬੈਠੇ
ਸ਼ੁਭਤਿ, ਸੁ ਦਰਸ਼ਨ ਕਰੈਂ ॥ ੧੫ ॥ ਭੱਲੇ ਤੇਹਣ ਆਦਿਕ ਔਰ। ਭੀਰ
ਹਜ਼ਾਰੋਂ ਕੀ ਤਿਸ ਠੌਰ। ਕੌਨ ਕੌਨ ਕਹਿ ਗਿਨੇ ਸਮਾਜ। ਲੇਨਿ ਦੇਨਿ
ਸਮ ਹੁਇ ਮਹਾਰਾਜ ॥੧੬॥ ਨਿਕਟ ਬਜਾਹੁ ਕੋ ਦਿਵਸ ਜੁ ਆਯੋ। ਅੰਤਹਿ
ਪੁਰ ਸ੍ਰੀ ਗੁਰੂ ਬੁਲਾਯੋ।ਲੌਕਿਕ ਬੈਦਿਕ ਰੀਤਿ* ਅਨੇਕ। ਸਕਲ ਕਰੀ ਕੋ
ਕਹੈ ਬਿਬੇਕ[1] ॥ ੧੭ ॥ ਕੀਨਿਸਿ ਬਟਨਾ ਮਰਦਨਿ ਤਨ ਕੋ। ਸਪਤ
ਸੁਹਾਗਨਿ ਮਿਲੀ ਸ਼ਗੁਨ ਕੋ। ਕੰਚਨ ਭੀਨੇ ਭੂਖਨ ਅੰਗਾ[2]। ਸੂਖਮ ਬਸਤ੍ਰ
ਧਰੇ ਬਹੁ ਰੰਗਾ ॥ ੧੮ ॥ ਜੁਤਿ ਦਮੋਦਰੀ ਅਪਰ ਸਹੇਲੀ। ਗੀਤਨ ਕੀ
ਚਰਚਾ ਬਹੁ ਮੇਲੀ। ਸਾਕ ਸ਼ਰੀਕਨਿ ਤ੍ਰਿਯ ਗਨ ਮੇਲਿ। ਗਾਵਤਿ, ਗਾਰਿ
ਨਿਕਾਰਤਿ ਗੇਲ[3] ॥੧੯॥ ਪੀਤ ਬਸਤ੍ਰ ਸੁੰਦਰ ਬਹੁ ਰੰਗ। ਸ੍ਰੀ ਗੁਰ ਹਰਿ-
ਗੁਬਿੰਦ ਧਰਿ ਅੰਗ। ਉਦਤਿ ਅਧਿਕ ਦੁਤਿ ਮੁਦਤਿ ਨਿਹਾਰਹਿਂ। ਤਨ
ਮਨ ਧਨ ਤ੍ਰੀਯਨਿ ਗਨ ਵਾਰਹਿਂ ॥ ੨੦ ॥ ਜਬਰ ਜਰਾਉ ਜਵਾਹਰ ਜਰੇ।
ਭੂਖਤਿ ਭੂਖਨ ਅੰਗਨਿ ਧਰੇ। ਚਿਤਵਤਿ ਚਿਤਹਿ ਚੁਰਾਵਤਿ ਚਾਰੂ[4]।
ਹਾਥ ਕੰਕਨਾ ਬੰਧਿ[5] ਉਦਾਰੂ ॥ ੨੧ ॥ ਬ੍ਰਿੰਦ ਮਸੰਦ ਬਿਲੰਦ ਬਰਾਤੀ।
ਭੱਲੇ ਤ੍ਰੇਹਨ ਸਜਿ ਭਲਿ ਭਾਂਤੀ। ਸਿਖ ਪਰਧਾਨ ਬਿਦੇਸ਼ਨਿ ਆਇ। ਸੰਗ
ਸੰਗਤਾਂ ਜਿਨਿ ਸਮੁਦਾਇ ॥੨੨॥ ਭਈ ਬਟੋਰਨਿ ਬਡੀ ਬਰਾਤ। ਸ੍ਰੀ ਸਤਿ-
ਗੁਰੁ ਅਸੁ ਚਢੇ ਪ੍ਰਯਾਤਿ। ਡਫ ਗਨ ਪਟਹ[6] ਬੰਸਰੀ ਬਾਜਤਿ। ਧੁਨਿ
ਦੁੰਦਭਿ ਸੁਨਿ ਕੈ ਘਨ ਲਾਜਤਿ ॥੨੩॥ ਚਲੇ ਬੈਰਕਾਂ[7] ਧਰੇ ਅਗਾਰੀ। ਖਰੇ
ਪੁੰਜ ਹੇਰਤਿ ਨਰ ਨਾਰੀ। ਹਯ ਪੌਰਨਿ ਤੇ ਨਾਦਤਿ ਅਵਨੀ। ਦੂਲਹੁ ਜੁਤਿ
ਬਰਾਤ ਬਨਿ ਰਵਨੀ ॥ ੨੪ ॥ ਪੁਰਿ ਮਹਿਂ ਸਦਨ ਹੁਤੋ ਜਿਸ ਥਾਨ। ਹਰੀ
ਚੰਦ ਜਿਹ ਭਾਗ ਮਹਾਨ। ਇਕ ਥਲ ਮਿਲਿ ਖੱਤ੍ਰੀ ਸਮੁਦਾਇ। ਹਿਤ
ਸਨਮਾਨ ਅਗਾਊ ਆਇ ॥੨੫॥ ਅਨਗਨ ਧਨ ਜਨੁ ਘਨ ਬਨਿ ਬਰਖੇ।
ਗੁਰੁ ਰੁਖ਼ ਪਿਖਿ ਗੇਰਤਿ ਉਰ ਹਰਖੇ। ਭਏ ਨਿਹਾਲ ਰੰਕ ਜੋ ਜਾਲ। ਗੁਰੁ
ਕੀਰਤਿ ਬਰਨੰਤਿ ਬਿਸਾਲ ॥ ੨੬ ॥ ਹਰੀਚੰਦ ਹਿਤ ਮਿਲਨੀ ਆਯੋ।
ਬਸਤ੍ਰ ਦਰਬ ਅਰਪਨ ਕੋ ਲਯਾਯੋ। ਇਤ ਸਤਿਗੁਰ ਨੇ ਰਿਦੇ ਬਿਚਾਰਯੋ।

[1]ਵੀਚਾਰ ਕੌਣ ਕਹਿ ਸਕੇ। [2]ਸੋਨੇ ਦੇ ਗਹਿਣਿਆਂ ਨਾਲ ਅੰਗ ਭਰੇ ਹੋਏ ਹਨ। [3]ਨਾਲ ਹੀ।
[4]ਸੁਹਣੀ ਤੱਕਣੀ ਨਾਲ ਚਿਤ ਨੂੰ ਚੁਰਾ ਲੈਂਦੇ ਹਨ। [5]ਬੰਨ੍ਹਿਆ ਹੋਇਆ ਹੈ। [6]ਵੱਡੇ ਢੋਲ।
[7]ਝੰਡੀਆਂ [ਤੁ:, ਬੈਰਕ੍]। *ਦੇਖੋ ਰਾਸਿ ੪ ਅੰਸੂ ੪ ਅੰਕ ੨੦ ਦੀ ਹੇਠਲੀ ਟੂਕ।

–ਮਿਲਹਿਂ ਬ੍ਰਿੱਧ ਸਾਹਿਬ–ਨਿਰਧਾਰਯੋ ॥੨੭॥ ਕਰਿ ਕੁਲ ਰੀਤਿ ਮਿਲ੍ਯੋ,
ਹਟਿ ਆਏ। ਤਬਿ ਢੁਕਾਉ ਕਰਿ ਬੇਗ ਮੰਗਾਏ। ਲੋਕ ਹਜ਼ਾਰਨਿ ਹੇਰਨਿ
ਕਰੈਂ। ਭਈ ਭੀਰ ਭਾਰੀ ਭਰਪੂਰੈ॥੨੮॥ਦੂਲਹੁ ਚਢਿ ਬੜਵਾ ਅਤਿ ਸੋਹਤਿ
। ਗਨ ਨਰ ਨਾਰਿਨ ਕੇ ਮਨ ਮੋਹਤਿ। ਜਾਇ ਦ੍ਵਾਰ ਲਗਿ ਕਿਯ ਕੁਲ
ਚਾਲ। ਬੋਲਤਿ ਮਧੁਰ ਬਿਲੋਕਤਿ ਬਾਲ[1] ॥ ੨੯ ॥ ਬਹੁਰ ਬਰਾਤ ਕਰ੍ਯੋ
ਸਭਿ ਡੇਰਾ। ਜਥਾ ਜੋਗ ਜਹਿਂ ਥਲ ਜਿਨਿ ਹੇਰਾ। ਅਧਿਕ ਧੂਮ[2] ਸਗਰੇ
ਪੁਰਿ ਹੋਈ। ਦੇਖਨਿ ਹੇਤ ਮਿਲੇ ਸਭਿ ਕੋਈ ॥੩੦॥ ਜੋ ਮੰਗਤ ਜਨ ਮਾਂਗਤਿ
ਆਵੈ। ਮਨ ਭਾਵਤਿ ਸਤਿਗੁਰ ਤੇ ਪਾਵੈ। ਆਇਸੁ ਪਾਇ ਮਸੰਦਨਿ
ਦਰਬ। ਦਿਯੋ ਰੰਕ ਗਨ ਕੋ,ਜੇ ਸਰਬ ॥੩੧॥ ਬਾਜੇ ਬਜਹਿ ਅਨੇਕ ਪ੍ਰਕਾਰ।
ਬੀਤ੍ਯੋ ਦਿਵਸ ਤਿਮਰ ਬਿਸਤਾਰ। ਝਾਰ[3] ਮਸਾਲੈਂ ਜ੍ਵਲਤਿ ਮਤਾਬੀ।
ਹਰੀਚੰਦ ਨਰ ਪਠ੍ਯੋ ਸ਼ਿਤਾਬੀ ॥੩੨॥ 'ਭਲੋ ਮਹੂਰਤਿ ਧੇਨੁ ਧੂਲਿ[4]। ਬਿਨ
ਬੂਝੇ ਸ਼ੁਭ ਮੰਗਲ ਮੂਲ'। ਸੁਨਤਿ ਹਨੇ ਬਾਜਨਿ[5] ਪਰ ਡੰਕੇ। ਦੂਲਹੁ ਚਲ੍ਯੋ
ਬੇਸ ਬਰ ਬੰਕੇ ॥ ੩੩ ॥ ਮੁੱਖਿ ਮਸੰਦ ਸੰਗਿ ਸਭਿ ਗਏ। ਜਾਇ ਬੇਦਕਾ[6]
ਮਹਿਂ ਥਿਤ ਭਏ। ਦੇਖਤਿ ਉਠੇ ਤਹਾਂ ਸਮੁਦਾਇ। ਬੈਠਿ ਗਏ ਸਤਿਗੁਰੁਨਿ
ਬਿਠਾਇ ॥ ੩੪ ॥ ਬਿੱਪ੍ਰ ਰੀਤਿ ਸ਼ੁਭ ਪੂਜਨ ਕੇਰੀ। ਲਈ ਦੱਛਨਾ ਜਾਚਿ
ਘਨੇਰੀ।ਕਰ੍ਯੋ ਪ੍ਰਕਾਸ਼ ਹੁਤਾਸਨ ਭਹਾਂਡਾਰ ਸਰੋਏ[7] ਤੇ ਘ੍ਰਿਤ ਮਹਾਂ ॥੩੫॥
ਹਰੀਚੰਦੁ ਨਿਜ ਤਨੁਜਾ ਸਾਥਿ। ਅਗਨਿ ਪ੍ਰਦੱਛਨ ਫੇਰੇ ਨਾਥ*। ਅਪਰ
ਰੀਤਿ ਸਭਿ ਜੇਤਿਕ ਹੋਇ।ਜਥਾ ਜੋਗ ਕਹਿ ਕੀਨੀ ਸੋਇ† ॥੩੬॥ ਲੇ ਲਾਵਾਂ
ਡੇਰੇ ਜਬਿ ਆਏ। ਬੈਠੇ ਹੁਤੇ ਕੁਛਕ ਨਿਜ ਥਾਏਂ। ਹੇਤੁ ਅਹਾਰ ਹਕਾ-
ਰਨਿ ਆਏ। ਗੁਰੁ ਜੁਤਿ ਚਲਿ ਬਰਾਤਿ ਸਮੁਦਾਏ॥ ੩੭ ॥ ਆਤਸ਼ਬਾਜੀ
ਛੁਟਤਿ ਹਵਾਈ।ਜਨੁ ਸੁਰ ਪੁਰਿ ਕੋ ਖ਼ਬਰ ਪਠਾਈ। ਕੌਤਕ ਭਾਂਤਿ ਅਨੇ-
ਕਨਿ ਹੋਤਿ। ਪਿਖਿ ਪਿਖਿ ਸਭਿ ਕੇ ਅਨੰਦ ਉਦੋਤਿ ॥ ੩੮ ॥ ਹਰੀਚੰਦ ਕੇ
ਸਦਨ ਪਹੂਚੇ। ਭੋਜਨ ਹੇਤੁ ਬੈਠਿ ਕਰਿ ਊਚੇ। ਗੁਰੁ ਹਿਤ ਚੌਂਕੀ ਬਡੀ
ਬਿਛਾਇ। ਜਥਾ ਉਚਿਤ ਸਭਿ ਦਿਏ ਬਿਠਾਇ ॥ ੩੯ ॥ ਭਾਂਤਿ ਭਾਂਤਿ ਕੇ

[1]ਇਸਤ੍ਰੀਆਂ। [2]ਧੂਮ ਧਾਮ, ਰੌਣਕ। [3]ਝਾੜ=ਸ਼ਾਖੇ ਜਿਨ੍ਹਾਂ ਤੇ ਪਲੀਤੇ ਲਾਕੇ ਬਾਲਦੇ ਹਨ। [4]ਗਊ
ਧੂੜ ਦਾ ਵੇਲਾ। [5]ਵਾਜਿਆਂ ਤੇ (ਅ) ਧੌਂਸਿਆਂ ਤੇ। [6]ਵੇਦੀ। [7]ਘਿਉ ਦੀ ਆਹੂਤੀ ਦੇਣ ਵਾਲੀ
ਲਕੜੀ ਦੀ ਛੋਟੀ ਜਿਹੀ ਕੜਛੀ।

*ਦੇਖੋ ਰਾਸਿ ੪ ਅੰਸੂ ੧੨ ਅੰਕ ੨੮ ਦੀ ਹੇਠਲੀ ਟੂਕ।

†ਦੇਖੋ ਰਾਸਿ ੪ ਅੰਸੂ ੪ ਅੰਕ ੨੦ ਦੀ ਹੇਠਲੀ ਟੂਕ।

ਗਨ ਪਕਵਾਨ। ਧਰਿ ਧਰਿ ਥਾਰਿ ਪਰੋਸਨ ਠਾਨਿ। ਮੇਵੇ ਬਹੁ ਮਿਲਾਇ ਬਨਿਵਾਏ। ਸਭਿ ਕੋ ਦੇ ਕਰਿ ਕਹਿ ਅਚਵਾਏ ॥੪੦॥ ਸ੍ਵਾਦਤਿ ਅਚਵਨਿ ਲਗੇ ਅਹਾਰ। ਕੋਕਿਲ ਕੰਠੀ ਗਾਵਤਿ ਨਾਰਿ। ਹੋਤਿ ਅਨੰਦਤਿ ਹੇਰਤਿ ਅਚਵਤਿ।ਸਨੇ ਸਨੇ ਭੋਜਨ ਤੇ ਤ੍ਰਿਪਤਿ ॥੪੧॥ ਜੂਠ ਬਿਖੈ ਬਹੁ ਧਨ ਕੋ ਡਾਰੇ*। ਲੇ ਸਭਿ ਨੇ ਜਲ ਪਾਨ ਪਖਾਰੇ।ਇਸੀ ਪ੍ਰਕਾਰ ਤੀਨ ਦਿਨ ਬਾਸੇ। ਰੀਤਿ ਜਥੋਚਿਤ ਸਕਲ ਪ੍ਰਕਾਸੇ ॥ ੪੨॥ ਦਾਇਜ ਦੀਨਿ ਪ੍ਰਯੰਕ ਬਿਠਾਏ। ਬਸਤ੍ਰ ਬਿਭੂਖਨ ਧਰਿ ਸਮੁਦਾਏ। ਜਥਾਸ਼ਕਤਿ ਬਡ ਬਾਸਨ ਦੀਨਿ। ਹਾਥ ਜੋਰਿ ਬਿਨਤੀ ਪੁਨ ਕੀਨਿ ॥੪੩॥ ਹਰੀਚੰਦ ਹਰਦੇਈ ਦੰਪਤਿ। ਕਹੈਂ"ਗੁਰੂ ਹਮ ਦਈ ਜੁ ਸੰਪਤਿ। ਭੁਗਤੈਂ ਸਗਰੋ ਦਾਨ ਤੁਮਾਰ। ਨਹਿਂ ਸਮ ਕੋ,ਸਭਿ ਕੇ ਦਾਤਾਰ ॥੪੪॥ ਇਕ ਦਾਸੀ ਸੇਵਾ ਹਿਤ ਦੀਨਿ"।ਇਮ ਕਹਿ ਦੁਹਨਿ ਬੰਦਨਾ ਕੀਨਿ। ਬਿਦਾ ਕਰੇ ਸਗਰੀ ਬਿਧਿ ਆਛੇ। ਜਾਤਿ ਚਲੀ ਤਨੁਜਾ ਕੋ ਪਾਛੇ[1] ॥ ੪੫ ॥ ਲਾਇ ਗਰੇ ਸੰਗਿ ਦ੍ਰਿਗ ਜਲ ਭਰੇ। ਅਪਰ ਸਹੇਲੀ ਮਿਲਿਬੋ ਕਰੇ। ਬਿਦਾ ਹੋਇ ਸਤਿਗੁਰ ਚਲਿ ਪਰੇ। ਅਪਨੇ ਸਦਨ ਆਇਬੋ ਕਰੇ† ॥ ੪੬ ॥ ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪੰਚਮ ਰਾਸੇ 'ਦੁਤਿਯ ਬਯਾਹ' ਪ੍ਰਸੰਗ ਬਰਨਨੰ ਨਾਮ ਸਪਤਬਿੰਸਤੀ ਅੰਸੂ ॥ ੨੭ ॥

[1]ਪਿੱਛੇ ਚਲੀ ਜਾਂਦੀ ਪੁੱਤ੍ਰੀ ਨੂੰ। *ਇਹ ਰਾਜਸੀ ਘਰਾਂ ਦੀ ਚਾਲ ਮਗਰੋਂ ਦੀ ਹੈ, ਸਤਿਗੁਰੂ ਜੀ ਧਨ ਇੰਞ ਨਹੀਂ ਗਵਾਉਂਦੇ ਸਨ।

†ਇਕ ਤੋਂ ਵਧੀਕ ਵਿਆਹਾਂ ਬਾਬਤ ਕਈ ਵੇਰ ਪੁੱਛ ਹੁੰਦੀ ਹੈ। ਪਰ ਹਾਲਾਤ ਪੂਰੇ ਖੋਜੇ ਨਹੀਂ ਜਾ ਚੁਕੇ। ਜੋ ਕੁਛ ਹੁਣ ਤੱਕ ਪਤਾ ਚੱਲਦਾ ਹੈ ਇਉਂ ਹੈ, ਕਿ ਅਕਸਰ ਪ੍ਰੇਮੀ ਮਾਤਾ ਪਿਤਾ ਅਪਣੀਆਂ ਲੜਕੀਆਂ ਲਈ ਇਹ ਪ੍ਰਣ ਕਰ ਦੇਂਦੇ ਸਨ, ਕਿ ਬੀਬੀ ਨੂੰ ਗੁਰੂ ਘਰ ਵਿੱਚ ਪਰਨਾਉਂਣਾ ਹੈ। ਇਹ ਗੱਲ ਜਿਸ ਬੀਬੀ ਬਾਬਤ ਪ੍ਰਗਟ ਹੋ ਜਾਏ, ਉਸ ਨੂੰ ਸਾਰੇ ਸਿੱਖ ਮਾਤਾ ਜੀ ਸੱਦਣ ਲੱਗ ਜਾਂਦੇ ਸਨ, ਤੇ ਕੋਈ ਹੋਰ ਉਨ੍ਹਾਂ ਨੂੰ ਵਿਆਹੁੰਦਾ ਨਹੀਂ ਸੀ। ਸਿੱਖਾਂ ਦੀਆਂ ਇਸਤ੍ਰੀਆਂ ਦੀਆਂ ਭਾਵਨਾ ਦੂਸਰੇ ਵਿਆਹ ਦਾ ਕਾਰਨ ਹੋ ਜਾਯਾ ਕਰਦੀਆਂ ਸਨ, ਜਿਵੇਂ ਮਰਵਾਹੀ ਜੀ ਦੇ ਪਿਤਾ ਦਾ ਸੁਨੇਹਾ ਆਉਣ ਪਰ ਭਾਈ ਜੇਠੇ ਨੇ ਸਤਿਗੁਰਾਂ ਨੂੰ ਕਿਹਾ ਹੈ:—

'ਪੁਰਹੁ ਭਾਵਨਾ ਜਿਮ ਕਿਮ ਚਹਯੋ। ਜੇ ਕੋ ਆਨਿ ਪਰਹਿ ਸ਼ਰਨਾਈ।
ਨਹਿ ਤਜਾਗਹੁ ਇਹ ਬਿਰਦ ਸਦਾਈ। [ਰਾਸ ੫ ਅੰਸੂ ੫੨ ਅੰਕ ੪੨

ਇਕ ਦਸ਼ਾ ਹੋਰ ਹੈ ਜਿਵੇਂ ਕਿ ਪੰਚਮ ਸਤਿਗੁਰਾਂ ਦੇ ਪਹਿਲੇ ਮਹਿਲ ਚੜ੍ਹ ਗਏ ਸਨ, ਤੇ ਮਗਰੋਂ ਦੂਸਰਾ ਵਿਆਹ ਸ੍ਰੀ ਪਾਵਨ ਗੰਗਾ ਜੀ ਨਾਲ ਹੋਇਆ ਸੀ। ਇਹ ਗੱਲ ਸੁਣੀ ਹੈ ਕਿ ਪੰਜ ਸੌ ਸਾਖੀ ਵਿਚ ਲਿਖੀ ਹੈ। ਦਸਵੇਂ ਸਾਹਿਬਾਂ ਦੇ ਤੀਸਰੇ ਮਹਿਲ ਮਾਤਾ ਸਾਹਬ ਦੇਵਾਂ ਜੀ ਮਾਪਿਆਂ ਦੇ ਪ੍ਰਣ ਕੀਤੇ ਹੋਏ ਹੋਣ ਕਰਕੇ ਆਏ ਸਨ, ਪਰ ਉਹਨਾਂ ਤੋਂ

[ਬਾਕੀ ਟੂਕ ਦੇਖੋ ਅਗਲੇ ਪੰਨੇ ਦੇ ਹੇਠ]

੨੮. [ਸ੍ਰੀ ਨਾਨਕ ਮਤੇ ਦਾ ਹਾਲ]।

ਦੋਹਰਾ॥ਸ੍ਰੀ ਗੰਗਾ ਆਗਵਨ ਲਖਿ ਸਹਿਤ ਸਨੁਖਾ ਨੰਦ।ਸਭਿ ਬਰਾਤ ਜੁਤਿ ਪ੍ਰਥਮ ਗੇ ਹਰਿਮੰਦਿਰ ਸੁਖ ਕੰਦ ॥੧॥ਚੌਪਈ॥ ਹਾਥ ਬੰਦਿ ਬੰਦਨ ਕਰਿ ਆਛੇ। ਦਈ ਪ੍ਰਦੱਛਨ ਫਿਰ ਸੁਖ ਬਾਂਛੇ। ਲੇ ਪੁਨ ਗਈ ਸਦਨ ਕੋ ਗੰਗਾ। ਕਰਿ ਕੁਲਿ ਰੀਤਿ ਜਥੋਚਿਤ ਸੰਗਾ ॥ ੨ ॥ ਵਾਰਿ ਦਰਬ ਕੋ ਦੇਤਿ ਘਨੇਰੇ। ਸਗਰੇ ਹਰਖਹਿਂ ਮੁਖ ਗੁਰੁ ਹੇਰੇ। ਬਸਤ੍ਰ ਬਨਾਹ ਕੇ ਪੀਤ ਸੁਹਾਏ। ਪਿਖਹਿਂ ਜਿ ਦੇਸ਼ ਬਿਦੇਸ਼ਨਿ ਆਏ॥੩॥ ਕਰੈਂ ਕਾਮਨਾ ਮਨ ਮੈਂ ਜੈਸੇ । ਤਿਸ ਛਿਨਿ

[ਪਹਿਲੇ ਅੰਧ ਦੀ ਬਾਕੀ ਟੂਕ]

ਸਤਿਗੁਰਾਂ ਨੇ ਕੁਆਰੇ ਰਹਿਣ ਦਾ ਪ੍ਰਣ ਲੈ ਕੇ ਮਹਿਲੀਂ ਵਾਸ ਦਿੱਤਾ ਸੀ, ਤੇ ਸਾਈਂ ਸਿਮਰਨ ਵਿੱਚ ਯੋਗੀ ਰਾਜ ਤੇ ਖਾਲਸੇ ਦੀ ਮਾਤਾ ਹੋਏ ਹਨ। ਜੀਤੋ ਜੀ ਤੇ ਸੁੰਦਰੀ ਜੀ ਏ ਦੋ ਹੋਰ ਵਿਆਹ ਹਨ, ਪਰ ਕਈਆਂ ਦਾ ਖਯਾਲ ਹੈ ਕਿ ਜੀਤੋ ਜੀ ਦੀ ਹੀ ਅੱਲ ਸੁੰਦਰੀ ਸੀ, ਤੇ ਕਈਆਂ ਦਾ ਖਯਾਲ ਹੈ, ਜੀਤੋ ਜੀ ਦੇ ਚਲਾਣੇ ਤੋਂ ਬਾਦ ਆਪ ਵਯਾਹੇ ਗਏ ਸਨ, ਪਰੰਤੂ ਤ੍ਰੈਏ ਮਾਤਾ ਸਾਹਿਬਾਨ ਦੇ ਦੇਹੁਰੇ ਹੈਨ। ਅਨੰਦ ਪੁਰ ਸਾਹਿਬ ਦੇ ਲਾਗ ਮਾਤਾ ਜੀਤੋ ਜੀ ਦਾ ਤੇ ਦਿੱਲੀ ਵਿਚ ਮਾਤਾ ਸੁੰਦਰੀ ਜੀ ਤੇ ਮਾਤਾ ਸਾਹਿਬ ਕੌਰ ਜੀ ਦਾ।

ਸੱਤਵੇਂ ਪਾਤਸ਼ਾਹ ਜੀ ਦੇ ਸੱਤ ਯਾ ਅੱਠ ਵਿਆਹ ਦੱਸੇ ਜਾਂਦੇ ਹਨ। ਦੋਹਾਂ ਮਹਿਮਾ ਪ੍ਰਕਾਸ਼ਾਂ ਵਿੱਚ ਇਹ ਗੱਲ ਨਹੀਂ ਲਿਖੀ। ਇਹ ਗ੍ਰੰਥ ਸੂਰਜ ਪ੍ਰਕਾਸ਼ ਤੋਂ ਪੁਰਾਣੇ ਹੈਨ। ਛਾਪੇ ਦੇ ਨੁਸਖੇ ਤੋਂ ਸਿਵਾ ਅਸੀਂ ਕਈ ਲਿਖਤੀ ਨੁਸਖੇ ਤੱਕੇ ਹਨ, ਸ੍ਰੀ ਗੁਰ ਪ੍ਰਤਾਪ ਸੂਰਜ ਵਿੱਚ ਸਤਿਗੁਰਾਂ ਦੇ ਪ੍ਰਸੰਗ ਵਿਚ ਸੱਤਾਂ ਯਾ ਅੱਠਾਂ ਵਿਆਹਾਂ ਦਾ ਜ਼ਿਕਰ ਨਹੀਂ ਆਯਾ। ਇੱਕ ਸਾਨੂੰ ਲਹਿੰਦੇ ਦੇ ਨੁਸਖੇ ਵਿੱਚ ਇਹ ਪ੍ਰਸੰਗ ਮਿਲਿਆ ਹੈ, ਪਰ ਉਸ ਵਿੱਚ ੫੫੭ ਸਫੇ ਦੇ ਅੱਗੇ ੪ ਸਫਿਆਂ ਦੇ ਅੰਗ ਨਹੀਂ ਲੱਗੇ ਹੋਏ ਤੇ ੪ ਸਫੇ ਦੇ ਮਗਰੋਂ ਫੇਰ ੫੫੮ ਸਫਾ ਹੀ ਸ਼ੁਰੂ ਹੋ ਜਾਂਦਾ ਹੈ। ਜਿਸ ਤੋਂ ਬਿਨਾਸ਼ੱਕ ਪਿਆ ਦਿਸਦਾ ਹੈ ਕਿ ਏਹ ਚਾਰ ਸਫੇ ਮਗਰੋਂ ਪਾਏ ਗਏ ਹਨ ਤੇ ਆਖੇਪ ਕਰਨ ਵਾਲਾ ਸਫਿਆਂ ਦੇ ਅੰਗ ਬੀ ਨਹੀਂ ਬਦਲਾ ਕੇ ਗੱਲ ਨੂੰ ਲੁਕਾ ਸੱਕਿਆ। ਇਸ ਅਧਯਾਯ ਦੀ ਕਵਿਤਾ ਕਵਿ ਸੰਤੋਖ ਸਿੰਘ ਜੀ ਦੀ ਕਵਿਤਾ ਨਾਲੋਂ ਸਿਥਲ ਹੈ, ਇਸ ਵਿੱਚ ਕਵਿ ਸੰਤੋਖ ਸਿੰਘ ਵਾਲਾ ਜ਼ੋਰ ਨਹੀਂ, ਅਨੇਕਾਂ ਹੀ ਤੁਕਾਂ ਵਿੱਚ ਮਾਤ੍ਰਾ ਤੱਕ ਗਲਤ ਹਨ। ਫਿਰ ਹਾਸੇ ਹੀਣੀ ਬਾਤ ਇਹ ਹੈ ਕਿ ਸ੍ਰੀ ਗੁਰੂ ਹਰਿਰਾਇ ਜੀ ਦੀ ਉਮਰ ਇਸ ਵੇਲੇ ੧੦ ਸਾਲ ਦੀ ਸੀ, ਇੱਕ ਆਦਮੀ ਦੀਆਂ ਸੱਤ ਲੜਕੀਆਂ, ਜੇ ਅਤਿ ਛੇਤੀ ਛੇਤੀ ਬੀ ਜੰਮੀਆਂ ਹੋਣ, ਤਾਂ ਸਵਾ ਸਾਲ ਦਾ ਫਰਕ ਹਰ ਇਕ ਵਿੱਚ ਲੋੜੀਏ। ਇਸ ਹਿਸਾਬ ਜੇ ਵੱਡੀ ਲੜਕੀ ਦਸ ਸਾਲ ਦੀ ਮਿਥ ਲਈਏ ਤਾਂ ਸਭ ਤੋਂ ਛੋਟੀ ਲੜਕੀ ਵਰ੍ਹੇ ਸਵਾ ਵਰ੍ਹੇ ਦੀ ਬੇਠਦੀ ਹੈ, ਉਸ ਲੜਕੀ ਨੇ ਤੇ ਉਸ ਤੋਂ ਵੱਡੀ ਧੀ ਦਸ ਸਾਲ ਦੀ ਨੇ ਕੀਕੂੰ ਗੁਰੂ ਜੀ ਨਾਲ ਵਿਆਹ ਦਾ ਪ੍ਰਣ ਵਿਚਾਰਿਆ ਤੇ ਕੀਤਾ। ਤੇ ਜੇ ਮਾਪਿਆਂ ਨੇ ਪ੍ਰਣ ਕੀਤਾ ਤਾਂ ਸਵਾ ਵਰ੍ਹੇ ਦੀ ਬਾਲਕੀ ਲਈ ਦਸ ਬਰਸ ਦਾ ਵਰ ਸੋਚਣਾ ਕੱਚੀ ਦਿਮਾਗ ਵਾਲੇ ਦਾ ਕੰਮ ਨਹੀਂ ਹੋ ਸਕਦਾ, ਇਸ ਵਿਚਾਰ ਨਾਲ ਬੀ ਇਹ ਕਥਾ ਆਖੇਪਕ

[ਬਾਕੀ ਟੂਕ ਦੇਖੋ ਅਗਲੇ ਅੰਧ ਦੇ ਹੇਠ]

ਦਰਸ ਦੇਇਂ ਗੁਰ ਤੈਸੇ।ਜੇ ਸਿਖ ਅਬਿ ਲਗਿ ਧਾਰੈਂ ਧ੍ਯਾਨ॥ਸੁੰਦਰ ਬਨਤੇ* ਕੇਸਰੀ ਬਾਨਾ ॥੪॥ ਕਤੌਂ ਨ ਕਾਮਨਾ ਸਿਖ ਸੋ ਲਹੈਂ। ਜਿਨ ਕੇ ਰਿਦੇ ਸਤਿ-ਗੁਰੂ ਰਹੈਂ। ਜਲ ਕੋ ਵਾਰਿ ਪਾਨਿ ਕਰਿ ਗੰਗਾ। ਮੰਦਰ ਕੇ ਅੰਦਰ ਲੇ ਸੰਗਾ ॥ ੫ ॥ ਨੁਖਾ ਦੂਸਰੀ ਜਾਇ ਬਿਠਾਈ। ਨਾਰਿ ਬਿਲੋਕਤਿ ਹੈਂ ਸਮੁਦਾਈ। ਨਾਮ ਨਾਨਕੀ ਸੁੰਦਰ ਰੂਪ। ਜੋ ਸਭਿ ਤੇ ਬਡਿਭਾਗ ਅਨੂਪ॥੬॥ਤੇਗਬਹਾ-ਦਰ ਜਿਨ ਹੁਇੰ ਨੰਦਨ। ਪੌਤ੍ਰ ਬਲੀ ਬਿਦਤਹਿ ਜਗ ਬੰਦਨ। ਜੋ ਨਿਜ ਦਾਸਨਿ ਦੇ ਛਿਤਿ ਰਾਜ। ਕਰਹਿ ਬਿਨਾਸ਼ਨਿ ਤੁਰਕ ਸਮਾਜ ॥ ੭ ॥ ਪਿਖਹਿ ਪੌਤ੍ਰ ਜਿਹ ਬੈਸ ਬਡੇਰੀ। ਯਾਂਤੇ ਬਡ ਭਾਗਨਿ ਸਭਿ ਹੇਰੀ। ਤੇਹਣ ਭੱਲਜਨਿ ਕੁਲ ਕੀ ਦਾਰਾ। ਕਰਹਿਂਸਰਾਹਨ'ਰੂਪ ਉਦਾਰਾ'॥੮॥ਇਮਦਿਨ ਕਿਤਿਕ ਮੇਲ ਸਭਿ ਰਹ੍ਯੋ। ਬਹੁਰ ਸਦਨ ਗਮਨੈ ਚਿਤ ਚਹ੍ਯੋ।ਜੇ ਦਮੋਦਰੀ

---

*ਪਾਠ—ਠਯੋ ।

[ਪਿਛਲੇ ਪੰਨੇ ਦੀ ਟੂਕ ਦੀ ਬਾਕੀ]

ਤੇ ਝੂਠੀ ਸਾਬਤ ਹੁੰਦੀ ਹੈ, ਪਰ ਤਾਂ ਬੀ ਅਸਾਂ ਜੋ ਸਾਨੂੰ ਸਭ ਤੋਂ ਪੁਰਾਤਨ ਨੁਸਖਾ ਗੁਰ ਪ੍ਰਤਾਪ ਸੂਰਜ ਦਾ ਮਿਲ ਸਕਿਆ ਹੈ ਵੇਖਿਆ ਹੈ। ਇਹ ੧੯੧੯ ਸੰਮਤ ਦਾ ਲਿਖਤੀ ਹੈ ਅਰਥਾਤ ਕਵਿ ਜੀ ਦੇ ਚਲਾਣੇ ਤੋਂ ਕੇਵਲ ੧੯ ਬਰਸ ਦੇ ਵਿਚ ਸਮਾਪਤ ਹੋਇਆ ਹੋਇਆ ਹੈ, ਇਸ ਵਿੱਚ ਇਹ ਅੰਸੂ ਵਿਆਹਾਂ ਵਾਲਾ ਨਹੀਂ ਹੈ, ਜਿਸ ਤੋਂ ਨਿਰਸੰਸੇ ਸਿੱਧ ਹੋ ਗਿਆ, ਕਿ ਏਹ ਆਖੇਪਕ ਹੈ। ਸੋ ੭ ਵਿਆਹਵਾਂ ਵਾਲੀ ਗੱਲ ਸਾਨੂੰ ਨਾ ਗੁਰ ਪ੍ਰਤਾਪ ਸੂਰਜ ਤੋਂ ਮਿਲੀ ਤੇ ਨਾ ਹੀ ਮਹਿਮਾ ਪ੍ਰਕਾਸ਼ ਤੋਂ। ਮਹਿਮਾ ਪ੍ਰਕਾਸ਼ ਵਿਚ ਕੇਵਲ ਇਕ ਮਹਲ ਦਾ ਨਾਮ ਦਿੱਤਾ ਹੈ, ਐਉਂ ਲਿਖਦੇ ਹਨ:—

"ਬਾਬਾ ਗੁਰਦਿੱਤਾ ਪਿਤਾ, ਰਾਜ ਕੌਰ ਜੀ ਮਾਤ। 'ਸੁਲਖਣੀ' ਪਤਿ ਹਰਿ ਰਾਇ ਗੁਰੂ, ਹਰਿਕ੍ਰਿਸ਼ਨ ਰਾਮਰਾਇ ਤਾਤ।"

ਤਵਾਰੀਖ ਖਾਲਸਾ ਨੇ ਚਾਰ ਵਿਆਹ ਪਤਾ ਨਹੀਂ ਕਿੱਥੋਂ ਸਹੀ ਕਰਕੇ ਲਿਖੇ ਹਨ, ਤੇ ਮੇਕਾਲਫ ਨੇ ਸ਼ਾਯਦ ਇੱਥੋਂ ਹੀ ਸੱਤਵੇਂ ਸਤਿਗੁਰਾਂ ਦੇ ਵਯਾਹ ਬਹੁ ਵਚਨ ਵਿੱਚ ਲਿਖੇ ਹਨ। ਸਾਨੂੰ ਸੰਸਾ ਹੁੰਦਾ ਹੈ ਕਿ ਗੁਰ ਪ੍ਰਤਾਪ ਸੂਰਜ ਦੇ ਕਿਸੇ ਐਸੇ ਆਖੇਪ ਵਾਲੇ ਨੁਖਸੇ ਤੋਂ ਇਨ੍ਹਾਂ ਲੇਖਕਾਂ ਤੇ ਲੋਕਾਂ ਨੇ ਭੁਲੇਖਾ ਖਾਧਾ ਹੈ।

ਸੂਰਜ ਪ੍ਰਕਾਸ਼ ਦੇ ਬੰਸਾਵਲੀ ਵਾਲੇ ਅੰਸੂ ਵਿੱਚ ਪਤਾ ਨਹੀਂ ਅੱਠ ਵਿਆਹਾਂ ਦੀ ਗਿਣਤੀ ਕਿਵੇਂ ਚੜ੍ਹੀ ਹੈ, ਇਸਦੀ ਖੋਜ ਅਜੇ ਮੁਕੀ ਨਹੀਂ। ਪਰੰਤੂ ਮਹਿਮਾ ਪ੍ਰਕਾਸ਼ ਸੂਰਜ ਪ੍ਰਕਾਸ਼ ਤੋਂ ਪੁਰਾਣਾ ਹੋਣ ਕਰਕੇ ਉਸਦੇ ਮੁਕਾਬਲੇ ਤੇ ਹਾਲੇ ਸਾਨੂੰ ਸਾਰੀਆਂ ਲਿਖਤਾਂ ਖੰਡਤ ਸਮਝਣੀਆਂ ਚਾਹੀਏ, ਤੇ ਸ਼੍ਰੀ ਗੁਰੂ ਹਰਿ ਰਾਇ ਜੀ ਦੀ ਇਕੋ ਸੁਪਤਨੀ ਮਾਤਾ ਸੁਲੱਖਣੀ ਜੀ ਹੀ ਸਹੀ ਸਮਝਣੀ ਚਾਹੀਏ। ਜਿਸਨੂੰ ਉਨ੍ਹਾਂ ਨੇ ਰਾਮ ਰਾਇ ਤੇ ਸ਼੍ਰੀ ਗੁਰੂ ਹਰਿਕ੍ਰਿਸ਼ਨ ਜੀ ਦੀ ਮਾਤਾ ਲਿਖਿਆ ਹੈ ।

ਕੇ ਪਿਤ ਮਾਤਾ। ਰੀਤਿ ਜਥੋਚਿਤ ਕਰੇ ਪ੍ਰਯਾਤਾ[1] ॥ ੯ ॥ ਗੋਇੰਦਵਾਲ ਖਡੂਰ ਜੁ ਮੇਲ। ਦਾਨ ਮਾਨ ਜੁਤਿ ਗਮਨੇ ਗੇਲ। ਪੁਨ ਸੰਗਤਿ ਜੋ ਮੇਲੇ ਆਈ। ਦਰਸਨੋ ਬਡਾਹ ਮੋਦ ਉਪਜਾਈ ॥ ੧੦ ॥ ਲੇ ਲੇ ਸਿਰੋਪਾਉ ਗੁਰੁ ਘਰ ਤੇ। ਨਿਜ ਨਿਜ ਘਰ ਗੇ ਜਸੁ ਗੁਰੁ ਕਰਤੇ*।'ਪ੍ਰਥਮ ਗੁਰਨਿ ਤੇ ਇਨਿ ਬਿਧਿ ਨਜਾਰੀ। ਪੀਰੀ ਮੀਰੀ ਲੀਨਿ ਉਦਾਰੀ॥੧੧॥ਮਹਾਰਾਜ ਸਮ ਵਧਯੋ ਸਮਾਜੋ।ਬਡਿ ਐਸ੍ਵਰਜ ਕੇ ਸਹਿਤ ਬਿਰਾਜੋ'। ਇਮਿ ਉਤਸਵ ਸਤਿਗੁਰ ਕੇ ਭਯੋ। ਕਰਿ ਸੰਖੇਪ ਜਥਾ ਕਹਿ ਦਯੋ ॥੧੨॥ ਤਿਹ ਪੀਛੇ ਸ਼੍ਰੀ ਹਰਿ ਗੋਬਿੰਦ। ਬਸੇ ਕਿਤਿਕ ਦਿਨ ਅਨੰਦ ਬਿਲਦ। ਬਡਭਾਗੀ ਸਿਖ ਮਿਲਹਿਂ ਜਿ ਆਇ।ਦੇਂ ਉਪਦੇਸ਼ ਗਯਾਨ ਸਿਖਰਾਇ॥ ੧੩ ॥ ਗਯਾਨ ਪਾਇ ਭੇ ਮੁਕਤਿ ਘਨੇਰੇ†। ਜੋ ਜੋ ਆਇ ਚਰਨ ਗੁਰ ਹੇਰੇ†। ਨਾਨਕ ਮਤੇ ਜਾਨ ਕੀ ਕਥਾ। ਭਈ ਜਥਾ ਅਬਿ ਉਚਰੌਂ ਤਥਾ ॥ ੧੪ ॥ ਇਕਿ ਸਤਿਗੁਰ ਕੋ ਸਿਖ ਮਤਿ-ਵੰਤਾ। ਤੀਰਥ ਕਰਨਿ ਗਯੋ ਰਤਿਵੰਤਾ[2]। ਕਰਤਿ ਕਰਤਿ ਪੂਰਬ ਕੀ ਓਰ।ਮੱਜਤਿ ਜਾਤਿ ਪਾਵਨੀ ਠੌਰ ॥੧੫॥ ਪਹੁੰਚਯੋ ਤਬਿ ਸ਼੍ਰੀ ਨਾਨਕ ਮਤੇ। ਬੰਦਨ ਕਰਿ ਸਥਾਨ ਸ਼ੁਭ ਚਿਤੇ[3]। ਜ਼ਾਹਰਿ ਜਹਿਂ ਅਜ਼ਮਤਿ ਦ੍ਰਿਸ਼ਟਾਵੇ। ਚਲਦਲ ਵੇਨਲ[4] ਬ੍ਰਿੱਛ ਸੁਹਾਵੇ ॥ ੧੬ ॥ ਤਹਿਂ ਗੋਰਖ ਚੇਲਨਿ ਕੋ ਬਾਸਾ। ਅਪਨੋ ਕੀਨਸਿ ਅਧਿਕ ਪ੍ਰਕਾਸ਼ਾ। ਗੁਰ ਕੇ ਥਾਨ ਅਵੱਗਯਾ ਕਰੈਂ। ਗੋਰਖ ਕੋ ਜਸੁ ਸੋ ਵਿਸਤਰੈਂ ॥ ੧੭ ॥ ਸਹਿ ਨ ਸਕਯੋ ਪਿਖਿ ਕਰਿ ਅਕੁਲਾਯਹੁ। ਨਿਜ ਗੁਰੁ ਥਲ ਲਖਿ ਕਰਿ ਠਹਿਰਾਯਹੁ। ਸੇਵਾ ਕਰਨਿ ਲਗਯੋ ਸਭਿ ਭਾਂਤਿ। ਦੀਪਕ ਬਾਰਹਿ ਹੋਵਤਿ ਰਾਤਿ ॥ ੧੮ ॥ ਭੋਰ ਉਠਹਿ ਇਸ਼ਨਾਨ ਕਰੰਤਾ। ਸ਼੍ਰੀ ਹਰਿਗੋਬਿੰਦ ਕੋ ਸਿਮਰੰਤਾ। ਬਢਨੀ[5] ਫੇਰੇ, ਲੇਪਨ ਕਰਿਤਾ। ਪੁਸ਼ਪ ਧੂਪ ਪੂਜਨਿ ਆਚਰਿਤਾ[6]॥੧੯॥ ਤਹਾਂ ਜੁ ਬਾਸ ਸਿੱਧ ਕੁਛ ਕਰਿਤੇ। ਧਰਹਿਂ ਈਰਖਾ ਇਸਹਿ ਨਿਹਰਿਤੇ। ਬਹੁਰੋ ਬਾਦ ਕਰਨ ਕੋ ਲਾਗੇ। 'ਚਲਯੋ ਜਾਹੁ ਇਸਿ ਥਲ ਕੋ ਤਯਾਗੇ' ॥ ੨੦ ॥ ਦਿਨ ਪ੍ਰਤਿ ਬੋਲਤਿ ਬਧਯੋ ਬਿਖੇਰਾ। ਕਰਹਿਂ ਓਜ ਇਹ ਏਕਲ ਹੇਰਾ। 'ਗੁਰੁ ਕੋ ਸਿੱਖ ਨਹੀਂ ਕੋ ਨੇਰੇ। ਦਿਹੁ ਨਿਕਾਸ ਹਮ ਅਹੈਂ ਘਨੇਰੇ ॥ ੨੧ ॥ ਪੂਰਬ ਹੁਤੋ ਹਮਾਰੋ ਥਾਨ।

[1]ਕਰਕੇ ਚਲੇ ਗਏ। [2]ਪਿਆਰ ਵਾਲਾ। [3]ਦਰਸ਼ਨ ਕੀਤਾ। [4]ਪਿੱਪਲ ਤੇ ਰੇਠੜੇ ਦਾ। [5]ਬੁਹਾਰੀ। [6]ਪੂਜਾ ਕਰਦਾ।

*ਪਾ:-ਦੇ ਦੇ ਸਿਰੋਪਾਉ ਗੁਰ ਕਰ ਤੇ। ਜਿਤ ਕਿਤ ਜਾਤਿ ਸੁਜਸੁ ਗੁਰ ਕਰਤੇ।

†ਇਹ ਦੋ ਸਤਰਾਂ ਲਿਖਤੀ ਨੁਸਖਿਆਂ ਵਿੱਚ ਨਹੀਂ ਹਨ, ਤੇ ਚੌਪਈ ਦੇ ਦੋ ਹੀ ਚਰਣ ਹਨ।

ਬੈਠ੍ਯੋ ਗੋਰਖ, ਤਪ੍ਯੋ ਮਹਾਨ। ਸ੍ਰੀ ਨਾਨਕ ਤਿਨ ਕੇ ਢਿਗ ਆਇ। ਦ੍ਵਇ ਤ੍ਰੈ ਬਾਸੁਰ ਬਸ੍ਯੋ ਬਿਤਾਇ ॥੨੨॥ ਜਿਮ ਪਰਾਹੁਨੋਂ ਕਿਸ ਕੇ ਆਵੈ। ਕ੍ਯਾ ਮਾਲਿਕ ਤਿਸ ਘਰ ਹੁਇ ਜਾਵੈ?। ਤਿਮ ਬੈਠੇ ਗੁਰੁ ਕੋ ਕਿਮ ਅਹੈ? ਚਿਰੰ-ਕਾਲ ਕੇ ਸਿਧ ਗਨ ਰਹੈਂ ॥੨੩॥ ਗੋਰਖ ਮਤਾ ਬਿਦਤਿ ਜਗ ਨਾਮੂ। ਤਪ ਤੇ ਕਿਧ ਪੁਨੀਤ ਅਭਿਰਾਮੂ'।ਗੁਰੁ ਸਿਖ ਕਹੈ'ਬ੍ਰਿੱਛ ਇਹ ਦੋਊ। ਅਜ਼ਮਤ ਇਨ ਮੈਂ ਜ਼ਾਹਰ ਹੋਊ ॥ ੨੪ ॥ ਸ੍ਰੀ ਨਾਨਕ ਕੋ ਥਾਨ ਜਨਾਵੈਂ[1]। ਸਿੱਖ ਗੁਰੂ ਕੇ ਪੂਜਨਿ ਆਵੈਂ।ਗੁਰੁ ਕੇ ਚਿੰਨ੍ਹ, ਅਜਹੁੰ ਦਰਸੰਤੇ। ਕਰੌਂ ਬਤਾਵਨਿ ਕ੍ਯੋਂ ਨ ਪਿਖੰਤੇ ॥੨੫॥ ਚਲਦਲ ਦਲ ਪਰ ਕਰ ਗੁਰ ਚਿੰਨ੍ਹ[2]।ਯਾਂਤੇ ਸਭਿ ਤਰੁ ਤੇ ਇਹ ਭਿੰਨ। ਫੇਨਲ[3]ਕੋ ਤਰੁ ਦੋਇ ਪ੍ਰਕਾਰ।ਜਿਸ ਕੇ ਹੈਂ ਬਿਸਾਲ ਦ੍ਵੈ ਡਾਰਿ ॥੨੬॥ ਇਕਿ ਕੇ ਫਲ ਮਧੁਰੇ ਇਕ ਕੌਰੇ*। ਮਧੁਰ ਭਯੋ ਕਾਂਡ[4]

[1]ਦੱਸਦੇ ਹਨ। [2]ਪਿੱਪਲ ਦੇ ਪੱਤਿਆਂ ਤੇ ਤਾਂ ਗੁਰੂ ਜੀ ਦੇ ਹੱਥ ਦਾ ਨਿਸ਼ਾਨ ਹੈ। [3]ਰੇਠੜਾ। [4]ਸ਼ਾਖ। *ਸ੍ਰੀ ਗੁਰੂ ਨਾਨਕ ਪ੍ਰਕਾਸ਼ ਉਤਰਾਰਧ ਅਧਜਾਯ ੨੦ ਅੰਕ ੮੦ ਦੀ ਟੂਕ ਵਿੱਚ ਅਸੀਂ ਰੀਠੇ ਦੇ ਬ੍ਰਿੱਛ ਦਾ ਹਾਲ ਦੇ ਆਏ ਹਾਂ। ਉਸਤੋਂ ਮਗਰੋਂ ਕੁਛ ਸੰਤ ਜੋ ਕੱਤਕ ਦੇ ਮਹੀਨੇ ਆਪ ਉਥੇ ਹੋਕੇ ਆਏ ਸਨ ਤੇ ਆਪ ਮਿੱਠੇ ਰੀਠੇ ਖੁਲ੍ਹੇ ਛਕਕੇ ਆਏ ਸਨ, ਜੋ ਹਾਲ ਉਨ੍ਹਾਂ ਤੋਂ ਪ੍ਰਾਪਤ ਹੋਏ ਸੋ ਇਸ ਪ੍ਰਕਾਰ ਹਨ।

ਨਾਨਕ ਮਤਾ ਤੇ ਰੀਠੇ ਦਾ ਅਸਥਾਨ ਪੀਲੀ ਭੀਤ ਦੇ ਜ਼ਿਲੇ ਵਿੱਚ ਹੈ, ਖਟੀਮਾਂ ਅਸਟੇ-ਸ਼ਨ(ਜ਼ਿਲਾ ਨੈਨੀਤਾਲ) ਤੋਂ ਕੋਈ ੧੦ ਮੀਲ ਦੀ ਵਾਟ ਤੇ ਨਾਨਕ ਮਤਾ ਗੁਰਦਵਾਰਾ ਹੈ। ਇਸ ਤੋਂ ਅੱਗੇ ੪੫ ਮੀਲ ਦੇ ਲਗ ਪਗ ਪਹਾੜੀ ਤੇ ਜੰਗਲੀ ਵਾਟ ਤੇ ਰੀਠੇ ਦਾ ਅਸਥਾਨ ਹੈ, ਇਸ ਅਸਥਾਨ ਨੂੰ ਰੇਲਵੇ ਅਸਟੇਸ਼ਨ ਕਾਠ ਗੁਦਾਮ ਤੋਂ ਵੀ ਰਾਹ ਜਾਂਦਾ ਹੈ ਇਹ ਨਾਨਕ ਮਤੇ ਵਾਲੇ ਰਾਹ ਤੋਂ ਥੋਹੜਾ ਪੰਥ ਹੈ, ਰਾਹ ਦੋਵੇਂ ਪਹਾੜੀ ਨਿਰਜਨ ਹਨ। ਗੁਰੂ ਨਾਨਕ ਦੇਵ ਜੀ ਦੇ ਕੀਤੇ ਮਿੱਠੇ ਰੀਠੇ ਦੇ ਬੀਜ ਤੋਂ ਕੁਝਕੁ ਹੋਰ ਰੀਠੇ ਬ੍ਰਿਛ ਵੀ ਉੱਗੇ ਹਨ, ਪ੍ਰੰਤੂ ਓਹਨਾਂ ਦੀ ਮਿਠਾਸ ਉਤਨੀਂ ਨਹੀਂ ਜਿੰਨੀ ਕਿ ਸਤਿਗੁਰੂ ਜੀ ਦੇ ਮਿੱਠੇ ਕੀਤੇ ਰੇਠੇ ਦੀ ਹੈ, ਇਹ ਅਸਥਾਨ ਨਾਨਕ ਮਤੇ ਦੇ ਗੁਰਦਵਾਰੇ ਦੇ ਅਧੀਨ ਹੈ,।

ਨਾਨਕ ਮਤੇ ਤੋਂ ਰੀਠੇ ਦੇ ਅਸਥਾਨ ਜਾਣ ਲੱਗਿਆਂ ਪਹਿਲਾ ਮੁਕਾਮ ੧੫ ਮੀਲ ਦੀ ਵਾਟ ਤੇ ਚੋਰ ਗਲੀ ਹੈ, ਉਸ ਤੋਂ ਅੱਗੇ ੧੫ ਮੀਲ ਦੀ ਵਾਟ ਤੇ ਦੁਰਗਾ ਪਿੱਪਲ ਹੈ, ਇਸਤੋਂ ਅੱਗੇ ੭ ਮੀਲ ਪਹਾੜ ਦੀ ਚੜ੍ਹਾਈ ਹੈ, ਇੱਕ ਦੇਵ ਅਸਥਾਨ ਹੈ, ਜਿਥੇ ਲੋਹੇ ਦੀ ਪੀਂਘ ਤੇ ਛੋਟੇ ਛੋਟੇ ਧਨੁਖ ਪਏ ਹਨ, ਇਥੋਂ ੭ ਮੀਲ ਦੀ ਉਤਰਾਈ ਤੋਂ ਦੋ ਮੀਲ ਦੇ ਮੈਦਾਨ ਵਿੱਚ ਮਿੱਠੇ ਰੀਠੇ ਦਾ ਬ੍ਰਿਛ ਹੈ।

ਆਮ ਲੋਕਾਂ ਵਿੱਚ ਓਥੇ ਹੁਣ ਤੱਕ ਪ੍ਰਸਿੱਧੀ ਹੈ, ਕਿ ਇਹ ਰੀਠਾ ਗੁਰੂ ਨਾਨਕ ਨੇ ਮਿੱਠਾ ਕੀਤਾ ਹੈ, ਓਹ ਲੋਕ ਬ੍ਰਿਛ ਨੂੰ 'ਬਾਬੇ ਨਾਨਕ ਦਾ ਗੁਲੀਆ ਰੀਠਾ' ਕਹਿੰਦੇ

[ਬਾਕੀ ਟੂਕ ਦੇਖੋ ਅਗਲੇ ਪੰਨੇ ਦੇ ਹੇਠ]

ਜੁ ਗੁਰੁ ਓਰੇ। ਸਿੱਧਨਿ ਦਿਸ਼ਿ ਕੋ ਅਬਿ ਲਗਿ ਕੌਰਾ। ਜਿਸ ਤੇ ਮਾਨ ਭਯੋ ਤਿਨ ਹੌਰਾ॥੨੭॥ ਸ੍ਰੀ ਨਾਨਕ ਕੀ ਕਥਾ ਰਸਾਲਾ। ਹਮ ਨੇ ਪਠੀ ਸੁਨੀ ਤਤਕਾਲਾ। ਸਰਬ ਬ੍ਰਿਤਾਂਤ ਇਹਾਂ ਕੋ ਜਾਨਾ। ਸਭਿ ਸਿੱਧਨਿ ਕੋ ਹਾਨਿਸਿ ਮਾਨਾ॥੨੮॥ਮੈਂ ਨਿਜ ਗੁਰ ਕੀ ਥਾਉਂ ਨ ਛੋਰੌਂ।ਨਿਜ ਪ੍ਰਾਕ੍ਰਮਤੇ ਮੁਖ ਤੁਮ ਮੋਰੌਂ। ਸ੍ਰੀ ਨਾਨਕ ਕੀ ਗਾਦੀ ਤਾਂ ਪਰਿ। ਬੈਠੇ ਗੁਰੁ ਹਰਿਗੋਵਿੰਦ ਜਾਂ ਪਰ॥੨੯॥ ਪੀਰੀ ਮੀਰੀ ਧਰੀ ਪ੍ਰਚੰਡ। ਦੰਡ ਉਚਿਤ ਕੇ ਦਾਤਾ ਦੰਡ[1]। ਸਿਮਰੇ ਜਹਿਂ ਕਹਿਂ ਹਾਜ਼ਰ ਸਾਰੇ। ਸਿੱਖੀ ਬੇਲ ਬਧਾਵਨਿ ਹਾਰੇ॥੩੦॥ ਐਸੇ ਗੁਰੁ ਪੂਰਨ ਸਮਰੱਥ। ਸਿਰ ਮੇਰੇ ਪਰ ਤਿਨ ਕੋ ਹੱਥ। ਕਰਹਿਂ ਸਹਾਇ ਆਨਿ ਤਤਕਾਲਾ। ਲਖਹੁ ਇਕਾਕੀ ਨਹਿਂ, ਇਸ ਹਾਲਾ'॥੩੧॥ ਸੁਨਿ ਕਨਪਾਟੇ ਜੋਗੀ ਬ੍ਰਿੰਦ। ਉਠੇ ਤੁਰਤ ਰਿਸਿ ਧਾਰਿ ਬਿਲੰਦ। 'ਦੇਖਹਿਂ ਤੋਰ ਗੁਰੂ ਕਹਾ ਕਰੈ। ਇਸ ਪੀਪਰ ਕੋ ਹਮ ਪਰਹਰੈਂ॥੩੨॥ਯਹੀ ਚਿੰਨ੍ਹ ਤੂ ਬਹੁਤ ਬਤਾਵੈਂ। ਯਾਂਕੋ ਖੋਜ ਰਹਨਿ ਨਹਿਂ ਪਾਵੈ'। ਈਂਧਨ ਅਗਨਿ ਲੀਏ ਸਭਿ ਆਏ। ਧਰਿ ਚਹੁੰਦਿਸ਼ਿ ਮੈਂ ਕਰਿ ਸਮੁਦਾਏ॥੩੩॥ ਜਾਰਿ ਦਯੋ ਪੀਪਰ ਮਤਿਮੰਦ। ਤਬਿ ਬੋਲਯੋ ਅਲਮਸਤ[2] ਬਿਲੰਦ। 'ਆਗੈ ਸਿਧ ਗੋਰਖ ਜੁਤਿ ਹੋਇ। ਲਗੇ ਉਡਾਵਨਿ ਚਲਦਲ ਸੋਇ॥੩੪॥ ਸ੍ਰੀ ਨਾਨਕ ਨਿਜ ਕਰ ਤੇ ਗਹਯੋ। ਸਿਧ ਹਾਰੇ ਇਸਥਿਰੁ ਹੀ ਰਹਯੋ। ਅਬਿ ਭੀ ਸਤਿਗੁਰ ਬਨੈਂ ਸਹਾਈ। ਸਕਲ ਥਾਨ ਮੈਂ ਲੇਉਂ ਛੁਟਾਈ॥੩੫॥ ਕਰਹੁ ਅਵੱਗਯਾ ਤਸ ਫਲ ਪਾਵਹੁ। ਅਪਨਿ ਉਖਾਰ ਜਰਾਂ ਪਛੁਤਾਵਹੁ'। ਇਮ ਉਤਪਾਤ ਕਰਯੋ ਜੋਗੀਨਿ। ਰਿਪੁ ਗਨ ਆਪ ਇਕਾਕੀ ਚੀਨਿ[3]॥੩੬॥ ਲਗਯੋ ਅਰਾਧਨਿ ਤਪ ਕਰਿ ਬ੍ਰਿੰਦ। ਬਿਨਤੀ ਨਿਤਪ੍ਰਤਿ ਕਰਤਿ ਬਿਲੰਦ। 'ਸ੍ਰੀ ਹਰਿ ਗੋਵਿੰਦ! ਬਨਹੁ ਸਹਾਯਕ। ਰੱਛਹੁ ਆਪ ਸਿੱਖ ਕੀ ਲਾਯਕ[4]॥ ੩੭॥ ਸਰਬ ਘਟਨਿ ਕੋ

[1]ਦੰਡਯੋਗ ਨੂੰ ਦੰਡ ਦੇਣ ਵਾਲੇ। [2]ਨਾਮ ਸੀ ਸਿੱਖ ਦਾ। [3]ਵੈਰੀ ਬਹੁਤੇ ਤੇ ਆਪ ਨੂੰ ਇਕੱਲਾ ਜਾਣਕੇ। [4]ਸਿੱਖਾਂ ਦੀ (ਰੱਖਿਆ ਦੇ) ਲਾਇਕ ਹੋ।

[ਪਿਛਲੇ ਪੰਨੇ ਦੀ ਬਾਕੀ ਟੂਕ]

ਹਨ। ਮਾਲੂਮ ਹੁੰਦਾ ਹੈ ਕਿ ਜਿਵੇਂ ਸਿੱਧਾਂ ਨੇ ਨਾਨਕ ਮਤੇ ਦਾ ਪਿੱਪਲ ਸਾੜਿਆ ਸੀ, ਕਿਸੇ ਸਮੇਂ ਕੋਈ ਹਮਲਾ ਰੀਠੇ ਤੇ ਬੀ ਕਿਸੇ ਪ੍ਰਕਾਰ ਹੋਇਆ ਹੈ, ਪ੍ਰੰਤੂ ਸਾਈਂ ਦੀ ਮਿਹਰ ਨਾਲ ਅਸਲੀ ਬ੍ਰਿੱਛ ਦੇ ਉਸ ਪਾਸਿਓਂ ਜੋ ਸਤਿਗੁਰ ਨੇ ਮਿੱਠਾ ਕੀਤਾ ਸੀ ਫਿਰ ਬ੍ਰਿਛ ਫੁਟਕੇ ਲਹਿ ਲਹਿ ਕਰ ਰਿਹਾ ਹੈ ਤੇ ਉਹ ਮਿੱਠੇ ਫਲ ਹੁਣ ਤੱਕ ਦੇ ਰਿਹਾ ਹੈ, ਜਿਵੇਂ ਸ੍ਰੀ ਨਾਨਕ ਮਤੇ ਨਿਸ਼ਾਨੀ ਵਾਲਾ ਪਿੱਪਲ ਝੂਮ ਰਿਹਾ ਹੈ।

ਅੰਤਰਜਾਮੀ ! । ਦਾਤਾ ਸਭਿ ਜੀਵਨਿ ਕੋ ਸ੍ਵਾਮੀ ! । ਪਰੀ ਭੀਰ ਸਿਮਰਨ ਉਰ ਕਰਿਤਾ। ਰਿਦੇ ਭਰੋਸਾ ਰਾਵਰਿ ਧਰਿਤਾ ॥ ੩੮ ॥ ਬਹੁ ਮਿਲਿ ਬਲ ਕੀਨਸਿ ਜੋਗੀਨਿ। ਸ੍ਰੀ ਨਾਨਕ ਬਲ ਲੀਨਸਿ ਛੀਨ। ਦੇਸ਼ ਦੂਰ ਰਾਵਰਿ ਕੋ ਅਹੈ। ਬਿਨ ਆਏ ਇਹ ਥਾਨ ਨ ਰਹੈ ॥੩੯॥ ਬਿਰਦ ਆਪ ਕੋ ਹੋਵਤਿ ਹੀਨ। ਧਰਹਿ ਦਾਸ ਬਿਸਵਾਸੁ ਸੁ ਪੀਨ[1]*। ਜਨ ਰੱਖਜਕ ਇਹ ਨਾਮ ਤੁਮਾਰਾ। ਬਿਦਤਿ ਪੁਕਾਰਤਿ ਹੈ ਜਗ ਸਾਰਾ' ॥ ੪੦ ॥ ਇੱਤਯਾਦਿਕ ਨਿਤ ਬਿਨਤੀ ਕਰਿਤਾ। ਖਾਨ ਪਾਨ ਕੋ ਸੰਜਮ ਧਰਿਤਾ। ਆਤਪ ਬਰਖਾ ਸੀਤ ਸਹਾਰੇ। ਕਰੈ ਸ਼ਨਾਨ ਕਿ ਗੁਰੂ ਚਿਤਾਰੈ ॥ ੪੧ ॥ ਮਹਾਂ ਪ੍ਰੇਮ ਤੇ ਰਿਦੇ ਬਸਾਏ।ਰਾਤਿ ਦਿਵਸ ਨਹਿਂ ਧਯਾਨ ਭੁਲਾਏ।ਸ੍ਰੀ ਹਰਿਗੋਬਿੰਦ ਸਭਿ ਬਿਧਿ ਜਾਨੀ। ਭਈ ਪ੍ਰੇਮ ਕੀ ਖੈਂਚ ਮਹਾਨੀ ॥ ੪੨ ॥ ਰਹਯੋ ਨ ਜਾਇ ਅਧਿਕ ਅਕੁਲਾਏ।ਘਰੀ ਘਰੀ ਛਿਨਿ ਛਿਨਿ ਲਲਚਾਏ। ਪ੍ਰਿਯ ਸੇਵਕ ਕੋ ਮਿਲਹਿਂ ਨ ਜਾਵਤਿ[2]। ਕਹਾਂ ਸ਼ਾਂਤਿ ਸਤਿਗੁਰ ਕੋ ਭਾਵਤਿ ॥੪੩ ॥–ਏਕਲ ਬਨਹਿ ਨ ਤਿਹਠਾਂ ਜਾਨੋ। ਨਾਂਹਿ ਤ ਪਲਕ ਬਿਖੈ ਪ੍ਰਸਥਾਨੋ। ਕੁਛ ਸੁਭਟਨਿ ਕੋ ਲੇ ਕਰਿ ਸਾਥ। ਬਨਹਿਂ ਸਹਾਯਕ ਤੌ ਸ਼ੁਭ ਗਾਥ–॥ ੪੪ ॥ ਇੱਤਯਾਦਿਕ ਬਹੁ ਰਿਦੈ ਬਿਚਾਰੈਂ। ਕਿਮ ਸ੍ਰੀ ਨਾਨਕ ਮਤੇ ਸਿਧਾਰੈਂ। ਇਕ ਤੌ ਖੈਂਚ ਸਾਧ ਨੈ ਕਰੀ।–ਇਹਠਾਂ ਮਿਲਹਿਂ–ਕਾਮਨਾ ਧਰੀ ॥ ੪੫ ॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪੰਚਮ ਰਾਸੇ 'ਸ੍ਰੀ ਨਾਨਕ ਮਤੇ' ਪ੍ਰਸੰਗ ਬਰਨਨੰ ਨਾਮ ਅਸ਼ਟਬਿੰਸਤੀ ਅੰਸੂ ॥ ੨੮ ॥

੨੯. [ਭਰੋਲੀ, ਭਾਈ ਸਾਈਂਦਾਸ–ਰਾਮੋ]।

ਦੋਹਰਾ ॥ ਡੱਲੇ ਗ੍ਰਾਮ ਦਮੋਦਰੀ ਮਾਤ ਪਿਤਾ ਕੇ ਧਾਮ। ਇਕ ਭਗਨੀ ਇਸ ਕੀ ਬਡੀ ਰਾਮੋਂ ਤਿਸ ਕੋ ਨਾਮ ॥ ੧ ॥ ਚੌਪਈ॥ ਤਿਸ ਕੋ ਪਤਿ ਸਿਖ ਸਾਂਈ ਦਾਸ। ਗ੍ਰਾਮ ਭਰੋਲੀ ਵਸਹਿ ਅਵਾਸ।ਸਤਿਸੰਗਤ ਬਹੁ ਡੱਲੇ ਗ੍ਰਾਮੂ।ਮਿਲਿ ਮਿਲਿ ਸਿਮਰਤਿ ਹੈ ਸਤਿਨਾਮੂ ॥ ੨ ॥ ਸਾਈਂਦਾਸ ਬਸਯੋ ਸਸੁਰਾਰੇ। ਨਰ ਗਨ ਹੇਰੇ ਗੁਰੁਮਤਿ ਧਾਰੇ। ਤਿਨ ਕੀ ਸੰਗਤਿ ਤੇ ਮਨ ਫਰਯੋ।ਸ੍ਰੀ ਅਰਜਨ ਕੋ ਸਤਿਗੁਰੁ ਕਰਯੋ ॥ ੩ ॥ ਸਿੱਖੀ ਗੁਨ ਸਮੇਤ ਉਰ ਧਾਰੀ। ਸ਼ਰਧਾਲੂ ਚਿਤ ਭਗਤਿ ਉਦਾਰੀ। ਨਿਜ ਨਿਕੇਤ ਗਮਨਯੋ ਗੁਰ ਭਜੈ। ਸਿਮਰਤਿ ਸੱਤਿਨਾਮ ਨਿਤ ਜਜੈ ॥ ੪ ॥ ਇਮ ਸਿਖ ਭਾ ਕੇਤਿਕ ਦਿਨ ਪਾਛੈ।ਭਾ ਸਨ-ਬੰਧ ਗੁਰੂ ਕੋ ਆਛੈ। ਅਤਿ ਅਨੰਦ ਤਿਸ ਕੋ ਮਨ ਹੋਵਾ। ਕਈ ਬਾਰ ਗੁਰੁ

[1]ਦਾਸ (ਆਪ ਜੀ ਦਾ) ਭਾਰੀ ਭਰੋਸਾ ਰੱਖਦਾ ਹੈ। [2]ਜਦ ਤਕ। *ਪਾ:–ਛੀਨ।

ਦਰਸ਼ਨ ਜੋਵਾ॥੫॥ ਪਾਰੋ ਪਰਮ ਸਿੱਖ ਕੁਲ ਜਾਂਹੀ। ਰਾਮੋ ਜਨਮ ਲੀਨਿ ਤਿਸ ਮਾਂਹੀ। ਪਰੰਪਰਾ ਸਿੱਖੀ ਘਰ ਜਾਂਹੂ। ਯਾਂਤੇ ਗੁਰੁਮਤਿ ਧਰਿ ਉਰ ਮਾਂਹੂ॥੬॥ਮਾਤ ਪਿਤਾ ਗੁਰ ਕੇ ਸਿੱਖ ਭਾਰੇ।ਕ੍ਯੋਂ ਸੰਤਤਿ ਸਿੱਖੀ ਨਹਿਂ ਧਾਰੇ। ਰਾਮੋ ਸਿਮਰਤਿ ਸਤਿਗੁਰੁ ਨੀਤਿ। ਹਿਤ ਕੱਲ੍ਯਾਨ ਪ੍ਰੇਮ ਧਰਿ ਚੀਤ ॥੭॥ ਦੰਪਤਿ ਮਹਿਂ ਗੁਰਮਤਿ ਅਤਿ ਹੋਈ। ਗੁਰੁ ਗੁਰੁ ਸਿਮਰਤਿ ਦੁਰਮਤਿ ਖੋਈ।ਹੋਇ ਪੁਰਬ ਦਿਨ ਦੀਪਕ ਮਾਲ।ਕਿਧੌਂ ਵਿਸਾਖੀ ਮੇਲ ਬਿਸਾਲ॥੮॥ ਦੰਪਤਿ ਆਇ ਦਰਸ ਕੌ ਕਰਿਤੇ।ਮਿਲਿ ਮਿਲਿ ਬ੍ਰਿਹੁ ਕੇ ਦੁਖ ਪਰਹਰਿਤੇ। ਤਿਨਹੁ ਸਦਨ ਚਿਨਵਾਵਨਿ ਕੀਨਾ। ਧਨ ਗਨ ਤਹਿਂ ਲਗਾਇ ਸੁਖ ਭੀਨਾ ॥ ੯ ॥ ਬਹੁ ਸੁੰਦਰ ਮੰਦਿਰ ਜਬਿ ਬਨ੍ਯੋ। ਕਾਰੀਗਰਨਿ ਸੁਮਤਿ ਤੇ ਚਿਨ੍ਯੋ। ਦੰਪਤਿ ਨੇ ਅਵਿਲੋਕ੍ਯੋ ਆਛੇ। ਤਿਸ ਮੈਂ ਬਸਿਬੋ ਨਹਿਂ ਉਰ ਬਾਂਛੇ ॥੧੦॥ਕਰ੍ਯੋ ਪ੍ਰੇਮ-'ਗੁਰੁ ਪੁਰਬ ਬਸੈਂ। ਪੁਨ ਪਸ਼ਚਾਤਿ ਸਦਨ ਇਸ ਧਸੈਂ। ਪ੍ਰਥਮ ਨਹੀਂ ਇਹ ਹਮਰੇ ਜੋਗ।ਗੁਰੁ ਪੀਛੇ ਹਮ ਬਸਿਬੋ ਹੋਗ'॥੧੧॥ ਇਮ ਗਾਢੋ ਪ੍ਰਣ ਕਰਿ ਮਨ ਮਾਂਹੂ। ਰੁਚਿਰ ਕਿਵਾਰ ਬਨਾਇਸਿ ਤਾਂਹੂ। ਦ੍ਵਾਰ ਅਸੰਜਤਿ ਕਰਿ ਦਿਯ ਤਾਰੋ[1]। ਕਬਹੁੰ ਨ ਹੇਰਨਿ ਹੇਤੁ ਉਘਾਰੋ[2]॥ ੧੨ ॥ ਦੀਨਬੰਧੁ ਗੁਰੁ ਬਿਰਦ ਬਿਸਾਲ।ਜਨ ਇੱਛਾ ਪੂਰਵਹਿਂ ਤਤਕਾਲ।ਅਪਰ ਸਮੱਗ੍ਰੀ ਕਰਿ ਕਰਿ ਤ੍ਯਾਰੀ। ਸਿਮਰਤਿ ਰਾਖਤਿ ਸਦਨ ਮਝਾਰੀ ॥ ੧੩॥ ਬਹੁ ਸੁੰਦਰ ਪਰਯੰਕ ਬਨਾਏ। ਦੇ ਦੇ ਦਰਬ ਤ੍ਯਾਰਿ ਕਰਿਵਾਏ। ਹਿਤ ਭੋਜਨ ਕੇ ਸੁੰਦਰ ਅੰਨ। ਆਨਿ ਧਰਹਿ ਹੁਇ ਸਿਦਕ ਸਪੰਨ[3] ॥੧੪॥ ਜ੍ਯੋਂ ਜ੍ਯੋਂ ਵਸਤੁ ਤ੍ਯਾਰ ਕਰਿ ਜੋਵਤਿ। ਤ੍ਯੋਂ ਤ੍ਯੋਂ ਅਧਿਕ ਪ੍ਰੇਮ ਉਰ ਹੋਵਤਿ। ਦਿਨ ਪ੍ਰਤਿ ਪ੍ਰੇਮਾਤੁਰ ਹੁਇ ਦੰਪਤਿ। ਗੁਰੁ ਬਿਨ ਲਗਹਿ ਨ ਆਛੀ ਸੰਪਤਿ ॥ ੧੫ ॥ ਕਰਹਿਂ ਪ੍ਰਤੀਖਨ-ਕਬਿ ਗੁਰ ਆਵਹਿਂ। ਹਮਰੇ ਮਨ ਅਭਿਲਾਖ ਪੁਰਾਵਹਿਂ-। ਗੁਰੁ ਪ੍ਰਸੰਗ ਕਹਿ ਆਪਸ ਮਾਂਹੂ। ਸੁਜਸੁ ਬਖਾਨਤਿ ਰਿਦੇ ਉਮਾਹੂ ॥ ੧੬ ॥ ਬੀਤੇ ਕਿਤਿਕ ਦਿਵਸ ਇਸ ਭਾਂਤੀ।-ਗੁਰੂ ਨ ਆਏ ਤਾਪਤਿ ਛਾਤੀ। ਕ੍ਯਾ ਕਾਰਨ ਭਾ ਮਿਲੇ ਨ ਸ੍ਵਾਮੀ ?। ਚੌਦਹਿ ਲੋਕਨਿ ਅੰਤਰਜਾਮੀ ॥ ੧੭ ॥ ਸ਼੍ਰੀ ਗੁਰੁ ਹਰਿਗੋਵਿੰਦ ਮੁਖ ਚੰਦ। ਹਮ ਚਕੋਰ ਕਬਿ ਦੇਹਿਂ ਅਨੰਦ। ਸਮ ਸੂਰਜ ਕਬਿ ਤੇਜ ਦਿਖਾਵੈਂ । ਹਮਰੇ ਰਿਦੇ ਕਮਲ ਬਿਕਸਾਵੈਂ ॥੧੮॥ ਚਾਤ੍ਰਿਕ ਸਮ ਦੰਪਤਿ ਬਿਲਪਾਈਂ। ਸ੍ਵਾਂਤਿ ਬੂੰਦ ਕਬਿ

[1]ਜੰਦਰਾ ਮਾਰ ਦਿੱਤਾ। [2]ਕਦੀ ਵੇਖਣ ਵਾਸਤੇ ਵੀ ਨਾਂ ਖੋਲ੍ਹਿਆ। [3]ਸਮੇਤ।

ਮਿਲਹਿਂ ਗੁਸਾਈਂ[1]। ਤਰੁ ਸੁਕਤਿ ਦੁਰਬਲ ਹਮ ਤੈਸੇ। ਕਬਿ ਗੁਰ ਮਿਲਹਿ ਜਲਦ ਜਲ ਜੈਸੇ[2] ॥੧੯॥ ਜਬਿ ਦੇਖੈਂ ਜੁਗ ਪਦ ਅਰਬਿੰਦ। ਤਬਿ ਹਰਖਹਿਂ ਮਨ ਹੋਇ ਮਲਿੰਦ। ਅਜਹੁਂ ਨ ਆਏ, ਹਮ ਨਿਰਭਾਗੇ। ਕਿਧੌਂ ਨ ਰਿਦੈ ਪ੍ਰੇਮ ਬਹੁ ਜਾਗੇ ॥੨੦॥ ਬਸੀ ਪ੍ਰੀਤਿ ਕੇ ਸੁਨੇ ਸਦੀਵੇ। ਆਇਂ ਤੁਰਤ ਜਿਮ ਜਲ ਥਲ ਨੀਵੇ—। ਕਰਤਿ ਪ੍ਰਤੀਖਨ ਦਿਨ ਭੇ ਘਨੇ। ਤਬਿ ਰਾਮੋ ਨਿਜ ਪਤਿ ਸੋਂ ਭਨੇ ॥੨੧॥ 'ਚਲਹੁ ਸੁਧਾਸਰ ਮਿਲਿ ਕਰਿ ਲ੍ਯਾਵੈਂ। ਬਿਨਤੀ ਬਨਿ ਕੈ ਦੀਨ ਸੁਨਾਵੈਂ। ਜਯੋਂ ਕਯੋਂ ਕਰਿ ਨਿਜ ਘਰਿ ਮਹਿ ਆਨੈਂ।ਸਦਨਬਸਾਵਹਿਂ ਜਯੋਂ ਇਛ ਠਾਨੈਂ'॥੨੨॥ ਸਾਈਂ ਦਾਸ ਭਨਯੋ'ਸੁਨਿ ਭੋਰੀ!। ਨੀਕੀ ਲਗਹਿ ਬਾਤਿ ਨਹਿਂ ਤੋਰੀ। ਅਲਪੱਗ੍ਯਨਿ ਸੋਂ ਇਮ ਬਨਿ ਆਵੈ। ਬਿਨਾਂ ਭਨੇ ਜੋ ਭੇਦ ਨ ਪਾਵੈਂ ॥੨੩॥ ਗੁਰੁ ਹੈਂ ਪੂਰਨ ਪੁਰਖ ਕ੍ਰਿਪਾਲੂ। ਘਟ ਘਟ ਕੀ ਜਾਨਹਿਂ ਸਭਿ ਕਾਲੂ। ਮਨ ਚਿਤਵਨਿ ਤੇ ਇਹਾਂ ਬੁਲਾਵੈਂ। ਨਹਿਂ ਆਵਹਿਂ, ਬੈਠੇ ਗੁਨ ਗਾਵੈਂ ॥ ੨੪ ॥ ਕਬਹੂੰ ਪਿਖਹਿਂ ਹਮਾਰੀ ਓਰ। ਪੂਰਨਿ ਕਰੈਂ ਆਇ ਕਰਿ ਲੋਰ'। ਸਾਈਂ ਦਾਸ ਪ੍ਰੇਮ ਭ੍ਯਾ ਗਾਢੋ। 'ਘਰ ਮਹਿਂ ਦਰਸੋਂ' ਇਮ ਨਿਤ ਬਾਢੋ ॥੨੫॥ ਊਠਤਿ ਬੈਠਤਿ ਸੋਵਤਿ ਚਾਲਤਿ। ਗੁਰ ਆਗਵਨ ਸਦੀਵ ਸੰਭਾਲਤਿ। 'ਸੁਤਿ ਦਮੋਦਰੀ ਕੇ ਚਲਿ ਆਵੈਂ। ਮਮ ਘਰ ਬੈਠਹਿਂ ਦਰਸ ਦਿਖਾਵੈਂ' ॥੨੬॥ ਕਿਤਿਕ ਦਿਵਸ ਐਸੇ ਜਬਿ ਬੀਤੇ। ਪੁਨ ਰਾਮੋ ਕਹਿ ਪਤਿ ਸੋਂ ਪ੍ਰੀਤੇ। 'ਜੇ ਨਹਿਂ ਚਲਹੁ ਮਾਨਿ ਬਚ ਮੋਰਾ।ਪਾਤ੍ਰੀ ਲਿਖਿ ਪਠੀਅਹਿ ਗੁਰ ਓਰਾ ॥੨੭॥ ਉੱਤਰਿ ਲਿਖਹਿਂ ਜਾਇ ਸਭਿ ਜਾਨੀ। ਆਵਨਿ ਹੋਹਿ ਕਿ ਨਹਿਂ ਇਸ ਥਾਨੀ। ਬਹੁਰ ਕਰਹੁ ਜਿਮ ਤੁਵ ਉਰ ਭਾਵੈ। ਪ੍ਰਣ ਪੂਰਨ[3] ਕੀ ਸਭਿ ਸੁਨਿ ਪਾਵੈਂ' ॥੨੮॥ਸਾਈਂ ਦਾਸ ਭਨਯੋ ਪੁਨ ਬੈਨ। ਬੋਲਤਿ ਭਰਯੋ ਪ੍ਰੇਮ ਜਲ ਨੈਨ।'ਹੇ ਸੁਮੱਧਮੇ[4]*!ਨਹਿ ਮੈਂ ਮਾਨੌਂ।ਰਿਦੈ ਪ੍ਰੇਮ ਤੇ ਇਹਠਾਂ ਆਨੌਂ ॥ ੨੯ ॥ ਸਕਲ ਦੇਸ਼ ਕੋ ਹੋਵਹਿ ਭਲੇ। ਸਿੱਖੀ ਸਾਰਹਿ[5] ਸਤਿਗੁਰੁ ਮਿਲੇ। ਆਪ ਨ ਜਾਉਂ, ਲਿਖੋਂ ਨਹਿਂ ਪਾਤ੍ਰੀ। ਸਿਮਰੌਂ ਨਿਸ ਦਿਨ ਕਰਿ ਮਤਿ ਰਾਤੀ ॥੩੦॥ ਆਇਂ ਆਪ ਹੀ ਤੇ ਸੁਖ ਕਰੈਂ। ਲਖਹਿਂ ਪ੍ਰੀਤਿ ਉਰ ਆਸਾ ਪੁਰੈਂ'। ਦਿਨ ਪ੍ਰਤਿ ਵਸਤੂ ਸਕਲ ਸਕੇਲੇ। 'ਬਹੁ ਦਾਸਨ

---

[1]ਸ੍ਵਾਂਤੀ ਬੂੰਦ ਦੇ ਸਮਾਨ ਗੁਸਾਈਂ ਕਦੋਂ ਮਿਲਨਗੇ। [2]ਬੱਦਲ ਦੇ ਜਲ ਵਾਂਗ। [3](ਸਾਡੀ) ਪ੍ਰਤੱਗ੍ਯਾ ਪੂਰਨ ਕਰਨ ਦੀ (ਵਾਰਤਾ)। [4]ਸੁੰਦਰੀ। [ਸੰਸ:, ਸੁਮੱਧ੍ਯਮ=ਸੁਹਣੀ ਕਮਰ ਵਾਲੀ,ਭਾਵ ਇਸਤ੍ਰੀ]। [5]ਸਾਰੀ ਨੂੰ। (ਅ) ਸੰਭਾਲਨਗੇ। *ਪਾ:—ਹੇ ਸੁਮਤੇ ਇਹ।

ਸੁਤ ਗੁਰੁ ਕੋ ਮੇਲੇ[1] ॥ ੩੧ ॥ ਸਗਰੀ ਸੇਵ ਕਰੌਂ ਨਿਜ ਘਰ ਤੇ। ਨਹੀਂ ਆਪ ਤੇ ਲੇ ਕੁਛ ਬਰਤੇ"। ਤਯਾਰੀ ਕਰਤਯੋ ਦਿਵਸ ਬਿਤਾਵੈ।ਕਹੌਂ ਕਹਾਂ ਲਗਿ ਪ੍ਰੇਮ ਉਪਾਵੈ ॥੩੨॥ ਬਸਨ ਬਿਭੂਖਨ ਦੇਨ ਉਪਾਇਨ। ਕਰਿ ਕਰਿ ਤਯਾਰ ਧਰਤਿ ਹੈ ਆਇਨ[2]। 'ਆਜ ਕਾਲਿ ਮਹਿਂ ਗੁਰੁ ਆਗਵਨੂ।ਆਇ ਬਿਰਾਜਹਿੰਗੇ ਮਮ ਭਵਨ ॥੩੩॥ ਧੰਨ ਭਾਗ ਮੈਂ ਤਿਸ ਦਿਨ ਹੋਵੌਂ। ਨਿਜ ਘਰ ਮਹਿਂ ਥਿਤ ਸਤਿਗੁਰੁ ਜੋਵੌਂ। ਜਬਹਿ ਕ੍ਰਿਪਾ ਧਾਰਹਿੰਗੇ ਨਾਥ। ਸਭਿ ਪਰਵਾਰ ਲੇਹਿਂ ਨਿਜ ਸਾਥ ॥ ੩੪ ॥ ਮੋਹਿ ਦੀਨ ਕੀ ਦਸ਼ਾ ਨਿਹਾਰਹਿਂ। ਤਤਛਿਨ ਮਾਰਗ ਮਹਿਂ ਪਗ ਡਾਰਹਿਂ।ਸਫਲ ਕਰੈਂ ਮਮ ਸਦਨ ਚਿਨਾਯੋ। ਬਸਹਿਂ ਆਨ ਪਰਯੰਕ ਡਸਾਯੋ॥੩੫॥ਹਾਥ ਜੋਰਿ ਮੈਂ ਥਿਰੌਂ ਅਗਾਰੀ।ਕਰਿ ਹੌਂ ਜਯੋਂ ਜਯੋਂ ਸੁਮੁਖ ਉਚਾਰੀ[3]"। ਐਸੀ ਖੈਂਚਿ ਪ੍ਰੇਮ ਕੀ ਭਈ। ਸੁਧਿ ਬਿਵਹਾਰ ਬਿਸਰਿ ਸਭਿ ਗਈ ॥੩੬॥ ਦੋਨਹੁਂ ਦਿਸ਼ਿ ਕੋ ਪ੍ਰੇਮ ਪਛਾਨਾ। ਸ੍ਰੀ ਗੁਰੁ ਹਰਿਗੋਵਿੰਦ ਸੁਜਾਨਾ।–ਨਾਨਕ ਮਤੇ ਅਰਾਧਹਿ ਸਾਧੂ। ਸਿੱਧਨ ਤੇ ਲਹਿ ਬਾਧਾ ਆਧੂ[4] ॥੩੭॥ ਗ੍ਰਾਮ ਡਰੋਲੀ ਸਾਈਂਦਾਸ। ਠਾਨਯੋ ਪ੍ਰਣ 'ਗੁਰੁ ਬਸਹਿਂ ਅਵਾਸ'–। ਪ੍ਰੇਮ ਦਾਮ ਤੇ ਐਂਚਨਿ ਹੋਏ।ਮਿਲਯੋ ਚਹਤਿ ਚਿਤਵਤਿ ਦਿਸ਼ਿ ਦੋਏ ॥੩੮॥ ਬਿਰਦ ਸੰਭਾਰਿ ਗ਼ਰੀਬ ਨਿਵਾਜੂ।ਚਹਤਿ ਕਰੇ ਦਾਸਨਿ ਕੇ ਕਾਜੂ। ਜੁਤਿ ਪਰਵਾਰ ਡਰੋਲੀ ਚਾਹਤਿ। ਨਿਜ ਘਰ ਥਿਧੇ ਬਸਾਇ ਉਮਾਹਤਿ ॥੩੯॥ ਸਾਧ ਚਹੈ ਜੋਗਨਿ ਕੀ ਜੀਤਿ। ਸ੍ਰੀ ਨਾਨਕ ਥਲ ਮਹਿਂ ਧਰਿ ਪ੍ਰੀਤਿ। ਜਿਮ ਪ੍ਰਸਥਾਨ ਬਨਹਿ ਜੁਗ ਥਾਨ। ਤਥਾ ਬਿਚਾਰਤਿ ਗੁਰੁ ਭਗਵਾਨ ॥ ੪੦ ॥ ਸਭਿ ਬਿਧਿ ਕੋ ਸਮੁਝਨਿ ਕਰਿ ਮਨ ਮੈਂ। ਚਿਤ ਕੋ ਧਾਰਤਿ ਪੰਥ ਗਮਨਿ ਮੈਂ। ਬਨਯੋ ਅਵੱਸਯ ਪਹੁੰਚਨੋ ਤਹਾਂ। ਸ੍ਰੀ ਹਰਿ-ਗੋਵਿੰਦ ਸਮਰਥ ਮਹਾਂ ॥ ੪੧ ॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪੰਚਮ ਰਾਸੇ 'ਡਰੋਲੀ' ਪ੍ਰਸੰਗ ਬਰਨਨੰ ਨਾਮ ਏਕ ਊਨ ਤ੍ਰਿੰਸਤੀ ਅੰਸੂ ॥ ੨੯ ॥

੩੦. [ਮਾਤਾ ਗੰਗਾ ਜੀ ਡਰੋਲੀ ਪੁੱਜੇ]।

ਦੋਹਰਾ ॥ ਗੁਰ ਇਕੰਤ ਦਾਮੋਦਰੀ ਨਿਕਟਿ ਸੁ ਬੈਠੀ ਆਇ। ਤਿਸ ਕੀ ਬਹਨਿ[5] ਪ੍ਰਸੰਗ ਕੋ ਸਗਰੋ ਦਿਯੋ ਸੁਨਾਇ ॥ ੧ ॥ ਚੌਪਈ ॥ 'ਸਾਈਂ ਦਾਸ ਸਦਨ ਚਿਨਵਾਯੋ। ਪਿਖਿ ਸੁੰਦਰ ਪ੍ਰਣ ਰਿਦੇ ਬਸਾਯੋ। ਤੋਹਿ ਸਹਤ ਚਹਿ ਹਮਹਿ ਬਸਾਯਹੁ। ਇਸ ਕਾਰਣ ਤੇ ਇਹਾਂ ਨ ਆਯਹੁ ॥ ੨ ॥ ਦੰਪਤਿ

[1]ਮੇਲ ਹੋਵੇਗਾ। [2]ਘਰ ਵਿਚ। [3]ਜਿਵੇਂ ਜਿਵੇਂ ਅਪਣੇ ਸੁਹਣੇ ਮੁਖੋਂ ਉਚਾਰਨਗੇ (ਗੁਰੂ ਜੀ)। [4]ਮਾਨਸਕ ਪੀੜਾ। [5]ਭੈਣ ਦਾ।

ਸਿਮਰਤਿ ਚਾਤ੍ਰਿਕ ਜੈਸੇ। ਨਿਸ ਦਿਨ ਮਹਿਂ ਬਿਸਰਤਿ ਨਹਿਂ ਕੈਸੇ।ਦਿਹੁ ਸਲਾਹਿ ਕਿਮ ਕਰਹਿਂਪਯਾਨਾ।ਮਿਲਹਿਂ ਤਿਨਹੁੰ ਬ੍ਰਿਹੁ ਕਰਿਹੈਂ ਹਾਨਾ'॥੩॥ ਸੁਨਿ ਦਮੋਦਰੀ ਭਗਨਿ ਪ੍ਰਸੰਗਿ।ਬਿਨੈ ਭਨੀ ਮਨ ਸੰਗ ਉਮੰਗ। 'ਬਾਂਛਤਿ ਬਾਨੀ ਕਾਨ ਸੁਨਾਈ।ਸਾਈਂ ਦਾਸ ਭਗਨਿ ਕੋ ਸਾਈਂ[1]॥੪॥ ਏਵ ਕਾਮਨਾ ਜੋ ਤਿਨ ਕੀਨਿ। ਦੰਪਤਿ ਸਿਮਰਤਿ ਜੋ ਬਨਿ ਦੀਨ। ਅਹੈ ਪ੍ਰੇਮ ਬਸਿ ਬਿਰਦ ਤੁਮਾਰੋ।ਦਾਸਨਿ ਕੇ ਸਦ ਹੀ ਹਿਤਕਾਰੇ ॥ ੫॥ ਬਹੁਰ ਸਬੰਧ ਅਹੈ ਤਿਨ ਸਾਥਿ। ਚਲਹੁ ਮਿਲਹੁ ਤੂਰਨ ਹੀ, ਨਾਥ ! । ਬਿਛੁਰਨਿ ਤੇ ਬੀਤਯੋ ਚਿਰਕਾਲ। ਦੇਖਨਿ ਕੋ ਚਿਤ ਚਹਤਿ ਬਿਸਾਲ' ॥ ੬ ॥ ਸ੍ਰੀ ਗੁਰ ਕਹਯੋ 'ਕਰਹੁ ਅਬਿ ਤਯਾਰੀ।ਗਮਹੁ ਡਰੋਲੀ ਬਿਲਮ ਬਿਸਾਰੀ।ਨਿਸ ਦਿਨ ਕਸਕਤਿ[2]ਹੈ ਮਨ ਮੇਰੋ।ਜਾਨਿ ਜਾਨਿ*ਤਿਨ ਪ੍ਰੇਮ ਘਨੇਰੋ ॥੭॥ ਰਹਯੋ ਨ ਜਾਹਿ ਮੋਹਿ ਤੇ ਕੈਸੇ। ਬੰਧ ਜਿ ਬਾਰੂ ਬਾਰੀ ਜੈਸੇ[3]'। ਇਮ ਕਹਿ ਮਾਤਾ ਕੇ ਢਿਗ ਆਏ। ਦੁਹੁਦਿਸ਼ ਕੇ ਪ੍ਰਸਤਾਵ ਸੁਨਾਏ ॥੮॥ 'ਨਾਨਕ ਮਤੈ ਜ਼ਰੂਰੀ ਜਾਨਾ । ਤਹਾਂ ਸਾਧ ਕੇ ਪ੍ਰੇਮ ਮਹਾਨਾ। ਝਗਰਹਿਂ ਕਨਪਾਟੇ ਜੋਗੀਨਿ। ਸਿਖ ਏਕਲ ਕੋ ਕੀਨਸਿ ਦੀਨ ॥ ੯ ॥ ਸਤਿਗੁਰ ਕੋ ਇਸਥਾਨ ਬਿਗਾਰਾ। ਹਮਰੋ ਤ੍ਰਾਸ ਨਹੀਂ ਉਰ ਧਾਰਾ। ਬਨੌਂ ਸਹਾਇ ਸਥਾਨ ਛੁਰਾਵੌਂ†। ਬਿਲਮ ਬਿਹੀਨ ਤਹਾਂ ਕੋ ਜਾਵੌਂ ॥ ੧੦ ॥ ਦੁਤਿਯ ਪ੍ਰਸੰਗ ਡਰੋਲੀ ਮਾਂਹਿ। ਤੋਰ ਨੁਖਾ ਕੀ[4] ਭਗਨੀ ਤਾਂਹਿ। ਪਤਿ ਜੁਤਿ ਸਿਮਰਤਿ ਸਦਨ ਉਤਾਰਨ[5]। ਹਮ ਹਿਤ ਕੀਨਿ ਨਵੀਨਿ ਉਸਾਰਨ ॥ ੧੧ ॥ ਤਿਸ ਮਹਿਂ ਆਪ ਨ ਪ੍ਰਵਿਸ਼ਹਿ ਸੋਇ।–ਪ੍ਰਥਮ ਨਿਵਾਸ ਗੁਰੂ ਕੋ ਹੋਇ। ਪਾਛੇ ਆਪ ਬਸਨਿ–ਤਹਿਂ ਚਾਹੈ। ਨਿਸ ਦਿਨ ਮਮ ਸਿਮਰਨ ਮਨ ਮਾਂਹੇ' ॥੧੨॥ ਸੁਨਿ ਮਾਤਾ ਨੇ ਸੁਤ ਚਿਤ ਕੇਰੀ। ਕਹਯੋ 'ਬਾਟ ਤੁਹਿ ਪਰਹਿ ਘਨੇਰੀ। ਪੂਰਬ ਮਹਿਂ ਸਥਾਨ ਬਹੁ ਦੂਰ। ਤਹਾਂ ਜਾਨਿ ਕੋ ਚਹਹਿਂ ਜ਼ਰੂਰ ॥ ੧੩ ॥ ਬਹੁਰ ਡਰੋਲੀ ਜੁਤਿ ਪਰਵਾਰ। ਗਮਨੇ ਚਾਹਤਿ ਪ੍ਰੇਮ ਸੰਭਾਰਿ।ਤੁਮ ਸਮਰੱਥ ਕਰਹੁ ਜਿਮ ਭਾਵੈ। ਜਿਸ ਕਰਿਬੇ ਬਿਨ ਨਹਿਂ ਬਨਿ ਆਵੈ'॥੧੪॥ਸੁਨਿ ਗੰਗਾ ਤੇ ਗੁਰੂ ਉਚਾਰੀ। 'ਇਸ ਪ੍ਰਕਾਰ ਹਮ ਰਿਦੇ ਬਿਚਾਰੀ। ਦੋਨਹੁ ਨੁਖਾ ਸੰਗਿ ਨਿਜ ਲੀਜੈ। ਗਮਨ ਡਰੋਲੀ ਕੋ ਤੁਮ ਕੀਜੈ ॥ ੧੫ ॥ ਚਲਿ ਧੀਰਜ ਦਿਹੁ ਸਾਈਂਦਾਸ।

---

[1]ਭੈਣ ਦਾ ਪਤੀ। [2]ਪੀੜ ਕਰਦਾ ਹੈ। [3]ਜਿਵੇਂ ਰੇਤੇ ਦੇ ਬੰਨ੍ਹ ਤੋਂ ਜਲ (ਨਹੀਂ ਰੁਕ ਸਕਦਾ)। [4]ਨੋਂਹ ਦੀ। [5]ਘਰ ਵਿੱਚ ਉਤਾਰਨ ਲਈ। *ਪਾ:–ਜਾਨ ਜਾਨ। †ਪਾ:–ਸੁਹਾਵੌਂ।

ਮਿਲਿ ਕਰਿ ਬਾਸਹੁ ਤਾਂਹਿ ਅਵਾਸ। ਦਾਸੀ ਦਾਸ ਲੇਹੁ ਸਭਿ ਸੰਗ। ਸੁਭਟ ਪਚੀਸ ਜੁ ਚਢੇ ਤੁਰੰਗ[1]॥੧੬॥ ਸਜੈਂਦਨ ਬਹਿਲ ਸਕਟ ਧਰਿ ਭਾਰਾ। ਸਨੈ ਸਨੈ ਕਰਿ ਪੰਥ ਪਧਾਰਾ। ਸੁਖ ਸੋਂ ਸਭਿ ਸੰਭਾਰਿ ਬਸੀਜੈ। ਹਮ ਆਗਵਨ ਪ੍ਰਤੀਖਨ ਕੀਜੈ ॥੧੭॥ ਦਿਨ ਕੇਤਿਕ ਮਹਿਂ ਹਮ ਚਲਿ ਆਵੈਂ। ਮਿਲਹਿਂ ਡਰੋਲੀ ਅਨੰਦ ਉਪਾਵੈਂ’। ਇਮ ਮਸਲਤ ਕਰਿ ਮਾਤਾ ਸਾਥ। ਨਿਕਸੇ ਆਇ ਸਭਾ ਮਹਿਂ ਨਾਥ ॥ ੧੮ ॥ ਬ੍ਰਿਧ ਜੁਤਿ ਸਭਿਨਿ ਮਸੰਦਨਿ ਸੰਗਿ। ਚਲਿਬੇ ਬਰਨਯੋ ਸਕਲ ਪ੍ਰਸੰਗ।‘ਬਨਯੋ ਅਵੱਸ਼ਯਕ ਜਾਨਿ ਹਮਾਰਾ। ਕਰਿ ਨਿਰਨੈ ਚਿਤ ਲੀਨਿ ਬਿਚਾਰਾ’॥੧੯॥ਬਿਰਹੁ ਹੋਨਿ ਤੇ*ਸਭਿ ਅਕੁਲਾਏ। ਨਿਜ ਨਿਜ ਹਿਤ ਕੇ ਬਾਕ ਸੁਨਾਏ। ਦੀਨਿ ਅਖਿਲ ਕੋ ਧੀਰ ਘਨੇਰੋ।ਕਰੀ ਮਾਤ ਤਯਾਰੀ ਤਿਸ ਬੇਰੇ॥੨੦॥ਨਾਰਿ ਨਗਰ ਕੀ† ਸੁਨਿ ਕਰਿ ਆਈ।ਅਰ-ਪਿ ਅਕੋਰਨਿ ਬਿਨੈ ਅਲਾਈ। ‘ਤੂਰਨ ਨਿਜ ਪੁਰਿ ਕੀ ਸੁਧਿ ਲੀਜੈ। ਆਨਿ ਹਮੈ ਦਰਸ਼ਨ ਕੋ ਦੀਜੈ॥੨੧॥ਤੁਮਰੇ ਕਰਿ ਸਨਾਥ[2]ਹਮ ਸਾਰੇ।ਏਕ ਆਸਰੋ ਗੁਰੂ ਕੋ ਧਾਰੇ।ਤੁਮ ਬਿਨ ਰੱਖਯਕ ਕੌਨ ਹਮਾਰੋ।ਤਾਂਤੇ ਵਹਿਰ ਨ ਬਹੁ ਦਿਨ ਟਾਰੋ’ ॥੨੨॥ਸੁਨਿ ਮਾਤਾ ਨੇ ਧੀਰਜ ਦੀਨੋ। ‘ਪੁਰਿ ਕੇ ਰੱਖਯਕ ਨਿਤ ਗੁਰ ਚੀਨੋ।ਕਰਹੁ ਅਰਾਧਨਿ ਸ੍ਰੀ ਹਰਿਮੰਦਰ।ਜਾਗਤਿ ਜੋਤਿ ਗੁਰੂ ਕੀ ਅੰਦਰਿ’ ॥੨੩॥ ਸੁਨਿ ਬੰਦਨ ਕਰਿ ਦਰਸ਼ਨ ਦੇਖਿ। ਗਮਨੀ ਪੁਰਿ ਕੀ ਤ੍ਰਿਯਾ ਵਿਸ਼ੇਖ।ਸ੍ਰੀ ਅੰਮ੍ਰਿਤਸਰ ਗੰਗ ਸ਼ਨਾਨੀ।ਪੌਰ ਦਰਸ਼ਨੀ ਬੰਦਨ ਠਾਨੀ ॥੨੪॥ ਥਿਰੀ ਜਾਇ ਦਰਬਾਰ ਅਗਾਰੀ। ਦੌਨ ਸਨੂਖਾ ਕੇਰਿ ਮਝਾਰੀ। ਬਿਨਤੀ ਭਨੀ ਜੋਤਿ ਗੁਰ ਜ਼ਾਹਰ। ‘ਕੁਸ਼ਲ ਕਰਹੁ ਸਭਿ ਘਰ ਅਰੁ ਬਾਹਰ ॥੨੫॥ ਹਾਥ ਜੋਰਿ ਅਰਦਾਸ ਕਰਾਇ।ਦਈ ਪ੍ਰਦੱਛਨਿ ਸੀਸ ਨਿਵਾਇ। ਨਿਕਸਿ ਵਹਿਰ ਫਿਰਿ ਤਾਲ ਚੁਫੇਰੇ।ਪੁਨਪੁਨ ਬੰਦਤਿ ਮੰਦਿਰ ਹੇਰੇ॥੨੬॥ਰਥ ਅਰੂਢ ਗੰਗਾ ਤਿਸ ਬੇਰੇ। ਸੂਤ[3]ਤੁਰੰਗਮ ਮਾਰਗ ਪ੍ਰੇਰੇ। ਦੌਨ ਸਨੂਖਾ ਚਢਿ ਕਰਿ ਡੋਰੇ। ਗਮਨ ਕੀਨਿ ਦੱਖਣ ਦਿਸ਼ਿ ਓਰੇ ॥ ੨੭ ॥ ਦਾਸੀ ਬਹਿਲਨ ਮਹਿਂ ਚਢਿ ਚਾਲੀ। ਭਾਰ ਉਸ਼ਟ ਪਰ ਗਮਨੇ ਨਾਲ। ਸੁਭਟ ਤੁਰੰਗ ਅਰੂਢਤਿ ਹੋਏ। ਹਿਤ ਸਵਧਾਨੀ ਸ਼ਸਤ੍ਰੀ[4] ਜੋਏ ॥੨੮॥ਸਿਖ ਸੇਵਕ ਗਨ ਚਾਲੇ ਸੰਗ। ਹਿਤ ਸੇਵਾ ਕੇ ਹਰਖਤਿ ਅੰਗ।ਸਨੇ ਸਨੇ ਮਗ ਉਲੰਘੇ ਸਾਰ।ਤੀਰਥ ਤਾਰਨ

---

[1]ਘੋੜ ਚੜ੍ਹੇ। [2]ਮਾਲਕ ਵਾਲੇ ਹਾਂ। [3]ਰਥਵਾਹੀ ਨੇ। [4]ਸ਼ਸਤ੍ਰਧਾਰੀ।

*ਪਾ:-ਬ੍ਰਿੱਧ ਆਦਿਕ ਸ੍ਰੁਨਿ। †ਪਾ:-ਨਾਰਿ ਨਾਗਰੀ

ਤਰਨ ਨਿਹਾਰਾ ॥੨੯॥ ਪ੍ਰਥਮ ਬਾਸ ਕਰਿ ਨਿਸ ਬਿਸਰਾਮੇ । ਉਠੇ ਪ੍ਰਾਤਿ ਸਿਮਰਤਿ ਗੁਰੁ ਨਾਮੇ। ਕੀਨਿ ਸ਼ਨਾਨ ਪ੍ਰਦੱਛਨ ਦੈਕੈ । ਹਾਥ ਜੋਰਿ ਅਭਿ-ਬੰਦਨ ਕੈਕੈ ॥੩੦॥ ਗਮਨੇ ਮਾਰਗ ਗਏ ਅਗਾਰੀ । ਸਨੈ ਸਨੈ ਚਲਿ ਇਸੀ ਪ੍ਰਕਾਰੀ । ਕਿਤਿਕ ਦਿਵਸ ਮਹਿਂ ਪਹੁੰਚੇ ਜਾਈ । ਪਠਯੋ ਸਊਰ[1] ਏਕ ਅਗੁਵਾਈ ॥੩੧॥ ਮਿਲਯੋ ਜਾਇ ਕਰਿ ਸਾਂਈਦਾਸ। ਕੀਨੋ ਸਕਲ ਪ੍ਰਸੰਗ ਪ੍ਰਕਾਸ਼ । ਜਨੁ ਤਰੁਵਰ ਕੁਮਲਾਵਤਿ ਜਾਤੋ । ਮਿਲਯੋ ਨੀਰ ਭਾ ਹਰੋ ਸਪਾਤੋ[2] ॥੩੨॥ ਜਨੁ ਗ੍ਰੀਖਮ ਮਹਿਂ ਸਰ ਜਲ ਥੋਰਾ । ਤਰਫਤਿ ਝਖ[3], ਬਰ-ਖਯੋ ਘਨ ਘੋਰਾ । ਔਚਕ ਸੁਨਿ ਆਨੰਦ ਬਿਲੰਦਾ । ਮੇਘ ਗਰਜ ਤੇ ਮੋਰ ਮਨਿੰਦਾ॥੩੩॥ਜਾਇ ਭਾਰਜਾ ਨਿਕਟਿ ਸੁਨਾਈ। 'ਗੁਰ ਜਨਨੀ ਗੰਗਾ ਚਲਿ ਆਈ। ਸੰਗ ਨੁਖਾ ਜੁਗ ਮਿਲਿਬੇ ਹੇਤੁ । ਕ੍ਰਿਪਾ ਕਰੀ ਹਮ ਅਏ ਨਿਕੇਤ'॥ ੩੪॥ ਮੁਦਤਿ ਲਗੀ ਬੂਝਨਿ ਪਤਿ ਪਾਹੀ । 'ਸਤਿਗੁਰ ਨਾਥ ਸਾਥਿ ਕੈ ਨਾਂਹੀ?'। 'ਸੁਨਹੁ ਪ੍ਰਿਯੇ ਗੁਰੁ ਪੁਰਵਹਿਂ ਆਸ। ਕਯੋਂ ਨ ਆਇ ਦੇਂ ਦਰਸ਼ਨ ਪਾਸ॥੩੫॥ਨਾਨਕ ਮਤੈ ਆਪਅਬਿ ਗਏ। ਹਮ ਸਮ ਉਨ੍ਹੈ ਅਵਾਹਨਿ ਕਿਏ। ਬਸੀ ਪ੍ਰੇਮ ਕੇ ਟਿਕਯੋ ਨ ਜਾਇ। ਹਿਤ ਰੱਛਨਾ ਕੇ ਗੇ ਸਹਿਸਾਇ॥੩੬॥ਹਟਹਿਂ ਤਹਾਂ ਤੇ ਕਰੁਨਾ ਧਰਿ ਹੈਂ । ਹਮਹਿਂ ਨਿਹਾਲ ਦਰਸ ਦੇ ਕਰਿ ਹੈਂ । ਪ੍ਰਣ ਮੇਰੋ ਪੂਰਯੋ ਲਖਿ ਦੀਨ । ਅੰਤਰਜਾਮੀ ਗੁਰੂ ਪ੍ਰਬੀਨ ॥੩੭॥ ਅਬਿ ਤੂੰ ਉਠਹੁ ਉਤਾਇਲ ਠਾਨਿ । ਆਗੇ ਚਲਹੁ ਕਰਨਿ ਸਨਮਾਨ । ਮਸਤਕ ਟੇਕਿ ਸਫਲ ਹਮ ਹੋਵੈਂ। ਅਨਿਕ ਜਨਮ ਕੇ ਪਾਤਿਕ ਖੋਵੈਂ'॥੩੮॥ਤਤਛਿਨ ਪੂਰਯੋ ਥਾਰ ਪ੍ਰਸਾਦਿ । ਦੰਪਤਿ ਚਲੇ ਧਰੇ ਅਹਿਲਾਦ । ਨਗਨ ਚਰਨ ਹ੍ਵੈ ਗਏ ਅਗਾਰੀ । ਮਿਲੇ ਮਾਤ ਕੋ ਬੰਦਨ ਧਾਰੀ ॥੩੯॥ ਦੋਨਹੁ ਨੇ ਪਗ ਪਰ ਸਿਰ ਰਾਖਾ। ਗੰਗਾ ਪਿਖਿ ਆਸ਼ਿਖ ਮੁਖ ਭਾਖਾ॥ ਬੂਝੀ 'ਕੁਸ਼ਲ ਅਹੈ ਸਭਿ ਥਾਂਰੇ?'। 'ਕ੍ਰਿਪਾ ਆਪ ਕੀ' ਤਿਨਹੁਂ ਉਚਾਰੇ ॥ ੪੦ ॥ ਕਰਿ ਦਰਸ਼ਨਿ ਵਧਿ ਗਯੋ ਅਨੰਦ । ਪਿਖਯੋ ਚਕੋਰਨਿ ਪੂਰਨ ਚੰਦ । ਪੁਨ ਰਾਮੋ ਨਿਜ ਭਗਨੀ ਸੰਗਿ। ਮਿਲੀ ਗਰੇ ਸੋਂ ਹਰਖਤਿ ਅੰਗ ॥੪੧॥ਜਬਿ ਬੰਦਨਪਾਇਨ ਪਰਕੀਨਿ।ਤਬਿ ਦਮੋਦਰੀ ਬਰਜਤਿ ਚੀਨ[4]।'ਮੋ ਤੇ ਬਡੀ ਆਰਬਲ ਤੇਰੀ। ਉਚਤਿ ਨ ਨਮੋ ਕਰਨਿ ਕੋ ਮੇਰੀ'॥੪੨॥ਕਹਿ ਰਾਮੋ 'ਤੂੰ ਹੈਂ ਬਡਿਭਾਗਨਿ। ਜਗ ਬੰਦਨ ਕੀ ਪ੍ਰਿਯਾ ਸੁਹਾਗਨਿ । ਭੂਤਲ ਕਹਾਂ ਜਿ ਚੌਦਹਿਂ ਲੋਗ । ਤੂੰ ਸਭਿ ਕੇ ਨਿਤ

[1]ਅਸਵਾਰ । [2]ਪੱਤਿਆਂ ਸਮੇਤ ਹਰਾ । [3]ਮਛੀਆਂ । [4](ਇਹ) ਵੇਖਕੇ ਹੋਂਕਿਆ ।

ਬੰਦਨ ਜੋਗ'[1] ॥੪੩॥ ਛੋਟਿ ਬਧੂ ਗੁਰ ਕੀ ਪਿਖਿ ਦੂਜੀ। ਮਿਲਿ ਕਰਿ ਨਮੋ ਕਰਨਿ ਤੇ ਪੂਜੀ॥ਮਿਲੀ ਗਰੇ ਸੋਂ ਮੋਦ ਵਧਾਇ॥ਕੁਸ਼ਲ ਪ੍ਰਸ਼ਨ ਕਰਿ ਦੁਹਨਿ ਬਤਾਏ॥੪੪॥ ਇਮ ਸਨਮਾਨਤਿ ਲੈ ਕਰਿ ਸੰਗਿ॥ਆਈ ਸਦਨ ਅਨੰਦਤਿ ਅੰਗ॥ਸਨੈ ਸਨੈ ਸਭਿ ਕੋ ਉਤਰਾਵਾ॥ਸਭਿ ਵਾਹਨ ਕੋ ਸਿਵਰ ਕਰਾਵਾ॥੪੫॥ ਦੋਨਹੁੰ ਲਏ ਸਨੁਖਾ ਸੰਗ॥ ਆਈ ਸਦਨ ਅਨੰਦਤਿ ਅੰਗ। ਜੋ ਸਤਿਗੁਰ ਹਿਤ ਰਾਖ੍ਯੋ ਮੰਦਰ। ਖੋਲਿ ਕਿਵਾਰ ਉਤਾਰੇ ਅੰਦਰ ॥੪੬॥ ਜਥਾ ਜੋਗ ਸਭਿ ਸੇਵਾ ਕੀਨਿ। ਬ੍ਰਿਖਭ ਤੁਰੰਗਨਿ ਦਾਨਾ ਦੀਨਿ॥ ਮਨ ਭਾਵਤਿ ਤ੍ਰਿਣ ਦਏ ਬਤਾਇ। 'ਇਹ ਆਗੇ ਮੈਂ ਰਖੇ ਬਨਾਇ' ॥ ੪੭ ॥ ਬਹੁ ਬਿਧਿ ਕੇ ਅਹਾਰ ਕਰਿ ਤ੍ਯਾਰਾ। ਭਾਉ ਸਮੇਤਿ ਪਰੋਸੇ ਥਾਰਾ। ਮ੍ਰਿਦੁਲ ਗਿਰਾ ਜੁਤਿ ਧਰਿ ਅਚਵਾਏ। ਕਰਿ ਸੇਵਾ ਸਗਰੇ ਹਰਖਾਏ ॥ ੪੮ ॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪੰਚਮ ਰਾਸੇ 'ਸ੍ਰੀ ਗੰਗਾ ਗਮਨ ਡਰੋਲੀ' ਪ੍ਰਸੰਗ ਬਰਨਨੰ ਨਾਮ ਤ੍ਰਿੰਸਤੀ ਅੰਸੂ ॥ ੩੦ ॥

੩੧. [ਸ੍ਰੀ ਨਾਨਕ ਮਤੇ ਨੂੰ ਪਠਾਣ ਆਏ]।

ਦੋਹਰਾ ॥ ਦੰਪਤਿ ਸੇਵਾ ਕਰਤਿ ਭੇ ਵਸਤੁ ਹੁਤੀ ਸਭ ਤ੍ਯਾਰ॥ਭਾਂਤਿ ਭਾਂਤਿ ਭੋਜਨ ਕਰੇ ਮਹਾਂ ਪ੍ਰੇਮ ਕੋ ਧਾਰਿ ॥ ੧ ॥ਚੌਪਈ॥ ਰਾਮੋ ਤ੍ਰਿਯ ਪਤਿ ਸਾਂਈ-ਦਾਸ॥ਨਿਸ ਮਹਿਂ ਬੈਠਿ ਮਾਤ ਕੇ ਪਾਸ॥ਪ੍ਰਥਮ ਗੁਰੂ ਕੇ ਜ਼ਿਕਰ ਚਲਾਇ॥'ਕ੍ਯੋਂ ਨਹਿਂ ਸੰਗ ਆਪ ਕੇ ਆਏ? ॥੨॥ਅਬਿ ਕੇਤਿਕ ਦਿਨ ਮਹਿਂ ਚਲਿ ਆਵੈਂ? ਹਮ ਦੋਨਹੁੰ ਜਿਸ ਨਿਸ ਦਿਨ ਧ੍ਯਾਵੈਂ॥ਘਰ ਨ ਪ੍ਰਵੇਸ਼ਹਿਂ ਹਮ ਪ੍ਰਣ ਕੀਨਿ॥ ਗੁਰ ਅੰਤਰਜਾਮੀ ਸਭ ਚੀਨ'॥੩॥ਸ੍ਰੀ ਗੰਗਾ ਤਬਿ ਸਕਲ ਬਤਾਈ। 'ਉਤ ਕੀ ਹੁਤੀ ਅਧਿਕ ਸਹਿਸਾਈ। ਸ੍ਰੀ ਨਾਨਕ ਕੋ ਥਾਨ ਬਿਗਾਰਾ। ਹੁਇ ਆਤੁਰ ਤਿਹ ਸਿਮਰਨ ਧਾਰਾ ॥੪॥ ਇਤ ਤੁਮਰੋ ਲਖਿ ਪ੍ਰੇਮ ਘਨੇਰਾ॥ਰਹੈਂ ਬਿਚਾਰਤਿ ਬਹੁਤੀ ਬੇਰਾ। ਦੋਨਹੁੰ ਦਿਸ਼ਿ ਕੀ ਪੂਰਵਨਿ ਆਸਾ। ਹਮ ਕੋ ਪਠ੍ਯੋ ਕਿ ਦੇਹੁ ਦਿਲਾਸਾ ॥੫॥ ਕਹਤਿ ਭਏ–ਹਮ ਪੂਰਬ ਜਾਇ। ਕਰਹਿਂ ਸੰਤ ਕੀ ਤਹਾਂ ਸਹਾਇ। ਇਤਨੇ ਸਮੇਂ ਜੁ ਸਾਂਈਦਾਸ॥ਬਿਹਬਲ ਹੋਵੈ ਪ੍ਰੇਮ ਪ੍ਰਕਾਸ਼ ॥੬॥ ਤਹਾਂ ਜਾਇ ਮਿਲਿ ਦੇਹੁ ਸੁਨਾਏ। ਹਮ ਕੇਤਿਕ ਦਿਨ ਮਹਿਂ ਅਬਿ ਆਏ। ਬਸਹਿਂ ਤੁਮਾਰੇ ਢਿਗ ਚਿਰ ਕਾਲ–। ਜਾਨਿ ਸਰਾਹ੍ਯੋ ਪ੍ਰੇਮ ਬਿਸਾਲ' ॥੭॥ ਇੱਤ੍ਯਾਦਿਕ ਕਹਿ ਸੁਨਿ ਬਹੁ ਭਾਂਤੀ। ਸੁਪਤਿ ਜਥਾ ਸੁਖ ਸਭਿ ਤਿਸ ਰਾਤੀ। ਭਈ ਭੋਰ ਸੁਧਿ ਕੁਸ਼ਲ ਬਤਾਵਨਿ। ਸੁਤ ਢਿਗ[1] ਮਾਨਵ ਕੀਨਿ ਪਠਾਵਨਿ ॥ ੮ ॥ 'ਪੰਥ ਉਲੰਘਨ ਸਗਰੋ ਕੀਨਿ। ਕੁਸ਼ਲ

[1] ਭਾਵ ਸ੍ਰੀ ਗੁਰੂ ਹਰਿ ਗੋਬਿੰਦ ਜੀ ਪਾਸ ਮਾਤਾ ਜੀ ਨੇ।

ਸਹਤ ਪਹੁੰਚੇ ਹਮ ਚੀਨ।ਮਿਲੇ ਡਰੋਲੀ ਬਾਸੇ ਆਇ। ਤੁਮ ਤੂਰਨ ਪਹੁੰਚਹੁ ਇਸ ਥਾਇਂ॥ ੯ ॥ ਸਾਈਂਦਾਸ ਪ੍ਰਤੀਖਨ ਕਰਤਾ। ਪ੍ਰੇਮ ਆਪ ਕੋ ਉਰ ਬਹੁ ਧਰਿਤਾ'। ਸੁਨਤਿ ਸੰਦੇਸ ਵਿਸੇਸ਼ ਪਯਾਨਾ। ਮਾਰਗ ਸਕਲ ਤੁਰਤ ਉਲੰਘਾਨਾ॥੧੦॥ਸੁਧਾ ਸਰੋਵਰ ਦਰਸਜੋ ਜਾਇ।ਮਿਲਜੋ ਗੁਰੂ ਬੈਠਜੋ ਜਿਸ ਥਾਇਂ। ਰਾਮੋ ਸਾਈਂਦਾਸ ਦੁਹਨਿ ਕੀ। ਬਿਨੈ ਸੁਨਾਈ ਪ੍ਰੀਤਿ ਸੁ ਮਨ ਕੀ[1] ॥ ੧੧ ॥ 'ਤੁਮ ਕੋ ਸਿਮਰਤਿ ਸਮੈ ਬਿਤਾਵੈਂ। ਕਬਿ ਦਰਸ਼ਨ ਹੁਇ, ਧਹੁ ਲਲਚਾਵੈਂ। ਕਹਜੋ ਮਾਤ, ਸੁਨੀਯਹਿ ਗੁਰੁ ਪੂਰਨ ! ।–ਤਹਿਂ ਕਾਰਜ ਕਰਿ ਆਵਹਿ ਤੂਰਨ–' ॥੧੨॥ ਸੁਨੀ ਕੁਸ਼ਲ ਸੁਧਿ ਪਹੁੰਚਨ ਕੇਰੀ। ਹਰਖੇ ਸ੍ਰੀ ਸਤਿਗੁਰੁ ਤਿਸ ਬੇਰੀ॥ਅਪਨੀ ਤਯਾਰੀ ਚਲਿਬੇ ਹੇਤੁ। ਕਰਤਿ ਭਏ ਤਤ-ਕਾਲ ਸੁਚੇਤ॥੧੩॥ਸ੍ਰੀ ਹਰਿ ਮੰਦਿਰ ਸੇਵਨਿ ਹੇਤੁ। ਅਪਰ ਕਾਰ ਜੇ ਸਰਬ ਨਿਕੇਤ।ਸੌਂਪੀ ਬ੍ਰਿਧ ਕੋ ਅਰੁ ਗੁਰਦਾਸ। ਅਪਰ ਮਸੰਦ ਬ੍ਰਿੰਦ ਤਜਿ ਪਾਸ ॥੧੪॥'ਕਾਰ ਗੁਜ਼ਾਰਹੁ ਇਸਹੀ ਰੀਤਿ।ਕਰਹੁ ਕਾਜ ਨਿਜ ਨਿਜ ਧਰਿ ਪ੍ਰੀਤਿ'।

ਇਮ ਕਹਿ ਕਰਿ ਕੌਲਾਂ ਢਿਗ ਆਏ। ਪੂਰਬ ਚਲਨਿ ਪ੍ਰਸੰਗ ਸੁਨਾਏ॥ ੧੫ ॥ 'ਨਾਨਕ ਮਤੇ ਅਵੱਸ਼ਜਕ ਜਾਨਾ। ਤੂੰ ਧਰਿ ਧੀਰ ਬਸਹੁ ਇਸ ਥਾਨਾ। ਪੁਨ ਕੇਤਿਕ ਦਿਨ ਮਹਿਂ ਹਮ ਆਵੈਂ। ਤਹਾਂ ਜਾਇ ਕਰਿ ਕਾਜ ਬਨਾਵੈਂ' ॥੧੬॥ ਸੁਨਿ ਕੌਲਾਂ ਦੁਰਬਲ ਤਤਕਾਲਾ। ਮਾਨਜੋ ਬ੍ਰਿਹੁ ਤੇ ਕਸ਼ਟ ਬਿਸਾਲਾ। ਬੂੰਦੈ ਗਿਰੀ ਬਿਲੋਚਨ ਧਰਨੀ*। ਹੋਇ ਗਈ ਤਨ ਪੀਤ ਸੁ ਬਰਨੀ[2]॥੧੭॥'ਬਨਜੋ ਅਵੱਸ਼ਜਕ ਰਾਵਰਿ ਜਾਨਾ। ਭਯੋ ਬਿਯੋਗ ਅਧਿਕ ਦੁਖ ਦਾਨਾ। ਕਹਾਂ ਚਲਹਿ ਤਬਿ ਮੇਰੋ ਚਾਰਾ। ਨਿਤ ਦਰਸਤਿ ਸ਼ੁਭ ਦਰਸ ਤੁਮਾਰਾ ॥੧੮॥ ਅਚੌਂ ਅਹਾਰ ਬਿਨਾ ਅਬਿ ਦੇਖੇ। ਮੋਕਹੁ ਬਨੀ ਅਯੋਗ ਵਿਸ਼ੇਖੇ। ਨਹੀਂ ਗਰਾਸ[3] ਜਾਇ ਹੈ ਅੰਤਰ। ਰਹੈ ਲਾਲਸਾ ਰਿਦੇ ਨਿਰੰਤਰ॥੧੯॥ ਮੈ ਤੌ ਧੀਰਜ ਧਰੌਂ ਘਨੇਰਾ। ਜੇ ਕਰਿ ਹੋਇ ਸਥਿਰ ਮਨ ਮੇਰਾ। ਮਹਾਂ ਕਸ਼ਟ ਤੇ ਛੁਟਹਿਂ ਨ ਪ੍ਰਾਨਾ। ਇਹ ਉਪਾਇ ਕੁਛ ਕਰਹੁ ਬਖਾਨਾ ॥੨੦॥ ਜੇ[4] ਤਰਸਤਿ ਤਰਫਤਿ ਮਰਿ ਗਈ। ਯਾਂਤੇ ਮੈਂ ਸੁਧਿ ਸਭਿ ਕਹਿ ਦਈ'। ਸ੍ਰੀ ਹਰਿਗੋਵਿੰਦ ਤਬਹਿ ਉਚਾਰਾ। 'ਇਕ ਛਿਨ ਹੁਇ ਨਿਤ ਦਰਸ ਹਮਾਰਾ ॥੨੧॥ ਪਾਛਲਿ ਰਾਤ ਉਠਹੁ ਇਸ਼ਨਾਨਹੁ[5]। ਜਪੁਜੀ ਮੁਖ

[1]ਮਨ ਦੀ ਸੁਹਣੀ ਪ੍ਰੀਤ। [2]ਤਨ ਦਾ ਰੰਗ ਪੀਲਾ ਹੋ ਗਿਆ। [3]ਗ੍ਰਾਹੀ। [4]ਮਤਾਂ। [5]ਤੂੰ ਉਠਦੀ ਤੇ ਇਸ਼ਨਾਨ ਕਰਦੀ ਹੀ ਹੈਂ। *ਪਾ:–ਬਰਨੀ=ਖ਼ਿੰਮਣੀਆਂ ਤੋਂ।

ਤੇ ਪਾਠ ਬਖਾਨਹੁ[੧]। ਭੋਗ ਪਾਇ ਜਬਿ ਸੀਸ ਨਿਵਾਵੈ[੨]।ਦਰਸ ਹਮਾਰੋ ਤੂੰ ਤਬਿ ਪਾਵੈਂ[੩]॥੨੨॥ ਸਭਿ ਦਰਸ਼ਨ ਕਰ ਲੇਹਿਂ ਸੁਖਾਰੋ। ਬਹੁਰ ਬਿਯੋਗ ਨ ਬਾਧਾ ਧਾਰੋ[੪]। ਕੀਜਹਿ ਹਿਤ ਸੋਂ ਖਾਨ ਰੁ ਪਾਨਾ। ਹਮਹਿਂ ਪ੍ਰਤੀਖਤਿ ਰਹੋ ਮਹਾਨਾ॥੨੩॥ ਹੇ ਸੂਖਮ ਅੰਗੀ! ਧਰਿ ਧੀਰ।ਆਵਹਿਂ ਕਿਤਿਕ ਦਿਵਸ ਮਹਿਂ ਤੀਰ'।ਸੁਨਿ ਹਰਖੀਗੁਰੁ ਧੀਰਜ ਦੀਨਿ।ਨਿਕਸ ਵਹਿਰਪੁਨਤਯਾਰੀ ਕੀਨਿ ॥੨੪॥ ਕੁਛਕ ਸੈਨ ਬ੍ਰਿਧ ਕੇ ਢਿਗ ਛੋਰੀ। ਗਮਨੇ ਸ੍ਰੀ ਹਰਿਮੰਦਿਰ ਓਰੀ।ਬੰਦਨ ਕਰੀ ਪ੍ਰਦਛਨਾ ਜਾਇ।ਖਰੇ ਹੋਇ ਅਰਦਾਸ ਕਰਾਇ॥੨੫॥ ਕਹ੍ਯੋ ਨਿਕਸਿ ਕਰਿ 'ਇਤ ਤ੍ਰਿਣ ਥੋਰੇ[੫]। ਦੁਰਬਲ ਤਨ ਹੁਇ ਹੈਂ ਸਭਿ ਘੋਰੇ। ਯਾਂਤੇ ਸੰਗ ਚਲਹੁ ਜੇ ਅਹੈਂ। ਸਭਿ ਕਰਤਾਰਪੁਰੇ ਭਟ ਰਹੈਂ॥੨੬॥ ਬੀਚ ਦੁਆਬੇ ਤ੍ਰਿਣ ਤਹਿਂ ਘਨੇ। ਹੋਇਂ ਪੁਸ਼ਟ ਹਯ ਭਟ ਸੁਖ ਸਨੇ'।ਇਮ ਸਲਾਹ ਕਰਿ ਚਢੇ ਤੁਰੰਗ। ਸੈਨਾ ਸਕਲ ਅਰੂਢੀ ਸੰਗ॥ ੨੭॥ ਕਰ੍ਯੋ ਚਲਨਿ ਮਾਰਗ ਦਿਨ ਚਾਰ। ਆਇ ਪਹੂਚੇ ਪੁਰਿ ਕਰਤਾਰ। ਡੇਰਾ ਕਰ੍ਯੋ ਆਪਨੇ ਥਾਨ। ਸੁਖ ਸੋਂ ਕਰਿ ਕੈ ਖਾਨ ਰੁ ਪਾਨ॥੨੮॥-ਸਕਲ ਚਮੂੰ ਬਸਿ ਹੈ ਅਬਿ ਇਹਾਂ-। ਯਾਂਤੇ ਗੁਰ ਮੁਕਾਮ ਕਰਿ ਤਹਾਂ। ਭਈ ਭੋਰ ਬਡ ਲਗ੍ਯੋ ਦਿਵਾਨ।ਗਾਇਂ ਰਬਾਬੀ ਸ਼ਬਦ ਮਹਾਨ॥੨੯॥ਨਿਕਟਿ ਨਿਕਟਿ ਗਨ ਗ੍ਰਾਮ ਚੁਫੇਰੇ। ਸਭਿ ਮਹਿਂ ਸੁਧਿ ਪ੍ਰਗਟੀ ਤਿਹ ਬੇਰੇ। 'ਗੁਰ ਕਰਤਾਰਪੁਰੇ ਮਹਿਂ ਆਏ'। ਸੁਨਿ ਸੁਨਿ ਦਰਸ਼ਨ ਕੋ ਲਲਚਾਏ॥ ੩੦॥ ਲੈ ਲੈ ਸਭਿ ਅਕੋਰ ਸਮੁਦਾਈ। ਆਇ ਗੁਰੂ ਢਿਗ ਗ੍ਰੀਵ ਨਿਵਾਈ। ਕਰਹਿਂ ਕਾਮਨਾ ਦਰਸ਼ਨ ਪਾਇ। ਪੂਰਹਿਂ ਉਰ ਕੀ ਲਖਿ ਸਮੁਦਾਇ॥ ੩੧॥ ਮੀਰ ਵਡੇ ਸੁ ਗ੍ਰਾਮ ਕੋ ਨਾਮੂ। ਤਹਾਂ ਪਠਾਨ ਬਸਹਿਂ ਗਨ ਧਾਮੂ। ਕਰਤਿ ਚਾਕਰੀ ਜਹਿਂ ਬਨਿ ਜਾਇ। ਆਯੁਧ ਬਿੱਦਯਾ ਸਦਾ ਕਮਾਇਂ॥ ੩੨॥ ਤਿਨਹੁਂ ਸੁਨੀ 'ਹਰਿ-ਗੋਵਿੰਦ ਆਏ। ਸੈਨਾ ਸੰਗ ਜਿਨਹੁਂ ਸਮੁਦਾਏ'। ਕਰੀ ਸਲਾਹ 'ਚਲਹੁ ਦਰਸੈਹੈਂ। ਜੇ ਰਾਖਹਿਂ ਚਾਕਰ ਰਹਿ ਜੈ ਹੈਂ॥ ੩੩॥ ਨਾਂਹਿ ਤ ਦਰਸ਼ਨ ਪਰਸਨ ਕਰਿਕੈ।ਆਵਹਿਂ ਅਪਨੇ ਗ੍ਰਾਮ ਬਿਚਰਿਕੈ'।ਦਸ ਕੁ ਪਠਾਨ ਮਿਲੇ ਇਕ ਠਾਏ। ਸਿਪਰ ਖੜਗ ਕੋ ਅੰਗਿ ਲਗਾਏ॥ ੩੪॥ ਚਲਿ ਕਰਿ ਆਏ ਪੁਰਿ ਕਰਤਾਰ। ਸੁਨੇ 'ਗੁਰੂ ਹੈਂ ਸਭਾ ਮਝਾਰ'। ਮੁਦਤਿ[੬]ਖ਼ਾਨ ਪਹੁੰਚੇ ਤਿਸ

---

[੧]ਪਾਠ ਪੜ੍ਹਦੀ ਹੀ ਹੈਂ। [੨]ਜਦੋਂ ਸੀਸ ਨਿਵਾਯਾ ਕਰੇਂਗੀ। [੩]ਦਰਸ਼ਨ ਪਾਯਾ ਕਰੇਂਗੀ। [੪]ਫਿਰ ਵਿਯੋਗ ਦੀ ਪੀੜਾ ਨਹੀਂ ਹੋਵੇਗੀ। [੫]ਭਾਵ ਅੰਮ੍ਰਿਤਸਰ ਘਾਹ ਥੋੜਾ ਹੈ। [੬]ਖੁਸ਼ਖੁਸ਼।

ਥਾਨ। ਸ੍ਰੀ ਅਰਜਨ ਸੁਤ ਬੀਚ ਦਿਵਾਨ ॥੩੫॥ ਨਰ ਨਾਰਿਨਿ ਕੀ ਭੀਰ ਘਨੇਰੀ। ਕਰਿ ਕਰਿ ਦਰਸ ਜਾਇਂ ਤਿਸ ਬੇਰੀ। ਸਭਾ ਦੂਰ ਲਗਿ ਬੈਠੀ ਪਾਸ। ਖਰੇ ਕਰਤਿ ਸੰਗਤਿ ਅਰਦਾਸ ॥੩੬॥ ਨਿਕਟ ਹੋਨਿ ਕੋ ਥਾਉਂ ਨ ਪਾਈ। ਤੀਰ ਭੀਰ ਆਵਤਿ ਇਕ ਜਾਈ। ਸਭਾ ਬਿਖੈ ਭੀ ਬੈਠਨਿ ਥਾਨ। ਨਹਿਂ ਦੇਖਯੋ, ਥਿਰ ਸੁਭਟ ਮਹਾਨ ॥੩੭॥ ਕੀਨਿ ਸਲਾਮ ਤਮਾਮ ਪਠਾਨ। ਖਰੇ ਭਏ ਪਸ਼ਚਾਤ ਦਿਵਾਨ। ਕਿਤਿਕ ਕਾਲ ਬੀਤਯੋ ਤਹਿ ਠਾਂਵੇ। ਗੁਰ ਸਰੂਪ ਪਿਖਿ ਆਨੰਦ ਬਾਵੇ॥੩੮॥ ਦ੍ਰਿਸ਼ਟਿ ਗਈ ਸਤਿਗੁਰੁ ਕੀ ਜਬੈ। ਪਿਖੇ ਪਠਾਨ ਖਰੇ ਗਨ ਤਬੈ। ਸਿਪਰ ਖੜਗ ਕੇ ਅਧਿਕ ਸਿਪਾਹੀ। ਪਿਖੀਯਤਿ ਐਂਠ[1] ਜਿਨਹੁੰ ਕੇ ਮਾਂਹੀ ॥੩੯॥ ਬਸਤ੍ਰ ਸ਼ਸਤ੍ਰ ਤੇ ਬਾਨਾ ਬਨਯੋ। ਜਨੁ ਰਣ ਚਹਤਿ ਬੀਰ ਰਸ ਸਨਯੋ[2]। ਸ੍ਰੀ ਸਤਿਗੁਰ ਕੋ ਸਹਜ ਸੁਭਾਊ। ਜਹਾਂ ਬਿਲੋਕਹਿਂ ਬੀਰ ਬਨਾਊ[3] ॥ ੪੦ ॥ ਕ੍ਰਿਪਾ ਕਰਹਿ ਬੂਝਹਿਂ ਤਿਹ ਬਾਤ। ਲਰਿਬੇ ਜੁੱਧ ਸ਼ਸਤ੍ਰ ਕੇ ਘਾਤਿ। ਸੁਨਹਿਂ ਸੁਭਟ ਰਣ ਕਥਾ ਸੁਨਾਵੈਂ। 'ਇਮ ਲਰਿ ਬੀਰ ਬਿਜੈ ਬਡ ਪਾਵੈਂ'॥੪੧॥ਪੁਨ ਸ੍ਰੀ ਮੁਖ ਤੇ ਦਾਵ ਕਹੀਤੇ। 'ਇਮ ਸ਼ਸਤ੍ਰਨਿ ਹਤਿ ਸ਼ੱਤ੍ਰ ਜਿਤੀਤੇ'। ਯਾਂਤੇ ਪਿਖੇ ਪਠਾਨ ਅਗਾਰੀ। ਨਿਕਟਿ ਦਾਸ ਤਿਹ ਸੰਗ ਉਚਾਰੀ ॥ ੪੨ ॥ 'ਇਨ ਖਾਨਨਿ ਸੋਂ ਬੂਝਹੁ ਜਾਇ।–ਕੌਨ ਅਹੋ ਤੁਮ ਕਹਿਂ ਤੇ ਆਇ ?। ਦਰਸ਼ਨ ਕਰਹੁ ਕਿ ਕਾਰਜ ਕੋਊ ?–। ਸੁਨਿ ਜੋ ਕਹੈਂ, ਆਨਿ ਕਹੁ ਸੋਊ' ॥੪੩॥ ਸੁਨਤਿ ਸਿੱਖ ਉਤਲਾਵਤਿ ਗਯੋ। ਸਤਿਗੁਰ ਦਿਸ਼ਿ ਤੇ ਬੂਝਤਿ ਭਯੋ। ਸੁਨਿ ਖਾਨਨਿ ਆਨਨ ਤੇ ਭਾਖਾ। 'ਹਮ ਆਏ ਦਰਸ਼ਨ ਕੀ ਕਾਂਖਾ ॥ ੪੪ ॥ ਨਿਕਟਿ ਆਪ ਕੇ ਹਮਰੋ ਗ੍ਰਾਮੂ। ਭਾਖਹਿਂ–ਮੀਰਵਡੇ–ਤਿਸ ਨਾਮੂ। ਬਸਹਿਂ ਸਮੀਪੀ ਪਿਖਿ ਹਰਖਾਵੈਂ।ਕੁਈ ਕਾਜ ਇਨ ਤੇ ਬਨਿ ਜਾਵੈ[4]' ॥੪੫॥ ਸੁਨਿ ਸਿੱਖਨਿ ਸਭਿ ਜਾਇ ਸੁਨਾਯੋ। 'ਬਾਂਛਤਿ ਤੁਮ ਦਰਸ਼ਨ ਮਨ ਭਾਯੋ'। ਪੁਨ ਗੁਰ ਤਿਨ ਕੀ ਹੀ ਦਿਸ਼ਿ ਦੇਖੇ। ਭਿੰਨ ਭਿੰਨ ਤਨ ਬਲ ਅਵਿਰੇਖੇ ॥੪੬॥ ਇਕ ਖੋੜਸ ਬਰਖਨਿ ਕੋ ਖਾਨ। ਹੋਨਹਾਰ ਜਿਹ ਡੀਲ ਮਹਾਨ। ਦੀਰਘ ਅੰਗ ਸਰਬ ਹੀ ਹੇਰੇ।–ਬੀਰ ਸੁ ਬਨਹਿ ਬਨਾਉ ਬਡੇਰੇ[5]–॥੪੭॥ ਆਯੁਤ

---

[1]ਆਕੜ। [2]ਸਹਤ। [3]ਸੂਰਮੇ ਦਾ ਬਾਣਾ। [4]ਕੋਈ ਕੰਮ ਇਨ੍ਹਾਂ ਤੋਂ (ਸਾਡਾ) ਬਨ ਜਾਵੇ ਭਾਵ ਨੌਕਰੀ ਆਦਿ ਮਿਲ ਜਾਵੇ। [5]ਵੱਡੇ ਬਨਾਉ ਵਾਲਾ ਸੂਰਮਾ ਬਣੇਗਾ।

ਬਦਨ ਬਿਲੋਚਨ ਜਾਂਕੇ । ਬੈਧੇ ਪਰੇ ਬਾਰ ਬਰ ਬਾਂਕੇ[1] । ਲਾਂਬੀ ਬਾਂਹੁ ਪੁਸ਼ਟ ਭੁਜਦੰਡ । ਜਨੁ ਮਤੰਗ ਕੀ ਸੁੰਡ ਪ੍ਰਚੰਡ ॥ ੪੮ ॥ ਬਡ ਬਿਸਤਾਰ ਸਹਤ ਦ੍ਰਿਢ ਛਾਤੀ । ਸਰਬ ਸਰੀਰ ਸੰਧਿ[2] ਦਿਢ ਭਾਂਤੀ । ਲਾਂਬੀ ਗ੍ਰੀਵ ਬਨੂੰਨੋ ਸਿਰ ਚੀਰਾ[3]।ਅਪਰ ਸ਼ਰੀਰਬਿਖੈ ਬਰ ਚੀਰਾ[4]*॥੪੯॥ਕਰਿ ਪਸੰਦਰਾਖਨਿ ਕੋ ਚਾਹਾ । ਸਰਬ ਪਠਾਨ ਹਕਾਰੇ ਪਾਹਾ । ਆਗਜਾ ਸੁਨਤਿ ਨਿਕਟਿ ਚਲਿ ਆਇ । ਖਰੇ ਭਏ ਸਤਿਗੁਰੁ ਸਮੁਹਾਏ ॥ ੫੦ ॥ ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪੰਚਮ ਰਾਸੇ 'ਪੈਂਦੇ ਖਾਨ' ਪ੍ਰਸੰਗ ਬਰਨਨੰ ਨਾਮ ਇਕ ਤ੍ਰਿੰਸਤੀ ਅੰਸੂ ॥ ੩੧ ॥

੩੨. [ਪੈਂਦੇ ਖਾਂ ਨੌਕਰ ਰੱਖਿਆ । ਕੱਹੇ ਪਿੰਡ ਪਿੰਗਾਲਾ ਨਿਹਾਲ] ।

ਦੋਹਰਾ ॥ ਸਤਿਗੁਰੁ ਕੋ ਰੁਖ਼ ਦੇਖਿ ਕੈ ਆਇ ਨਿਕਟ ਪਠਾਨ । ਸਨਮੁਖ ਠਾਂਢੇ ਹ੍ਵੈ ਰਹੇ ਬਨਿ ਕੈ ਸਕਲ ਸਮਾਨ[5] ॥ ੧ ॥ ਚੌਪਈ ॥ ਸ਼੍ਰੀ ਹਰਿ ਗੋਵਿੰਦ ਬੂਝਨਿ ਠਾਨਿ । 'ਨਈ ਬੈਸ ਕੋ ਹੈ ਜੁ ਪਠਾਨ । ਕਿਸ ਕੋ ਪੁੱਤ੍ਰ ਨਾਮ ਕਜਾ ਅਹੈ?। ਤੁਮ ਢਿਗ ਬਸਹਿ ਕਿ ਅਨਤੈ ਰਹੈ ?' ॥੨॥ ਸੁਨ ਇਸਮਾਇਲ-ਖਾਨ[6] ਬਖਾਨੇ । 'ਗੁਰੂ ਗਰੀਬ ਨਿਵਾਜ ਮਹਾਨੇ ! । ਆਲਮਪੁਰਾ ਗਿਲ-ਜ਼ੀਆਨਾਮਾਪੂਰਬ ਹੁਤੋਤਹਾਂ ਇਸ ਧਾਮ॥੩॥ਹੁਤੇ ਨਾਨਕੇ ਮੀਰ ਵਡੋਮਹਿੰ । ਸੁਰਤਿ ਸੰਭਾਰੀ ਬਡੋ ਹੋਹਿ ਤਹਿੰ । ਮਾਦਰ ਪਿਦਰ ਭਿਸਤ ਕੋ ਗਏ[7] । ਇਸ ਲਘੁ ਕੋ ਹੀ ਤਜਾਗਤਿ ਭਏ ॥ ੪ ॥ ਮਮ ਭਗਨੀ ਸੁਤ ਲਾਗਤਿ ਜਾਨਾ । ਲੇ ਪਾਰਯੋ ਮੁਹਿ ਅਪਨੇ ਖਾਨਾ[8] । ਕੁਛਕ ਹੋਸ਼ ਅਬਿ ਕਰੀ ਸੰਭਾ-ਰਨਿ । ਧਰਿ ਕਰਿ ਅੰਗ ਬਿਖੈ ਹਥਯਾਰਨ ॥ ੫ ॥ ਦਰਸ ਆਪ ਕੇ ਆਯਹੁ ਸੰਗ । ਕਰਿ ਚਿਤ ਚੌਂਪ ਬਿਲੰਦ ਉਮੰਗ।ਪੈਂਦੇ ਖਾਨ ਨਾਮ ਕੋ ਕਹੈਂ।ਅਬਿ ਲੌ ਹਮਰੇ ਹੀ ਘਰ ਰਹੈ' ॥ ੬ ॥ ਸੁਨਿ ਸ਼੍ਰੀ ਹਰਿਗੋਵਿੰਦ ਉਚਾਰਾ। 'ਅਬਿ ਤੌ ਹੋਨਿ ਲਗਯੋ ਹੁਸ਼ੀਆਰਾ । ਮਹਾਂ ਡੀਲ ਹੁਇ ਸ਼ਸਤ੍ਰ ਧਰੈਯਾ । ਸੰਘਰ ਮਹਿਂ ਬਡ ਕਾਜ ਕਰੈਯਾ ॥੭॥ ਜੇ ਚਾਕਰ ਇਸ ਰਾਖਨਿ ਕਰੈਂ । ਰਹੈ, ਕਿ ਨਹੀਂ ਮਨੋਰਥ ਧਰੈ[9] ?' । ਬਹੁਰ ਖਾਨਿ ਗੁਰੁ ਸੰਗਿ ਬਖਾਨਾ । 'ਸਕਲ ਪਠਾਨਨਿ ਕੌਮ ਜੁ ਜਾਨਾ ॥ ੮॥ ਇਨਕੋ ਕਾਮ ਚਾਕਰੀ ਅਹੈ । ਤੁਮ ਸਮ ਕੇ[10] ਸਾਮੀਪੀ ਰਹੈਂ । ਕਰਹਿਂ ਆਪਨੀ ਨਿਤ ਗੁਜ਼ਰਾਨ । ਜਿਸ ਕੀ ਜੈਸੀ

---

[1](ਜਿਸਦੇ) ਸ੍ਰੇਸ਼ਟ ਸੁੰਦਰ ਵਾਲਾਂ ਨੂੰ ਬੰਧਨ (ਛੱਲੇ) ਪਏ ਹਨ । [2]ਸਾਰੇ ਸਰੀਰ ਦੇ ਜੋੜ। [3]ਰੰਗਦਾਰ ਪੱਗ, ਬਹੁਰੰਗੀ ਪੱਗ । [4]ਸਹਣੇ ਬਸਤ੍ਰ। [5]ਸਾਰੇ ਇੱਕੋ ਜੇਹੇ ਹੋਕੇ ਭਾਵ ਕਤਾਰ ਬੰਨ੍ਹਕੇ । [6]ਇਸਮਾਈਲ ਖ਼ਾਨ। [7]ਭਾਵ ਮਰ ਗਏ। [8]ਆਪਣੇ ਘਰ। [9]ਰਹਿਣ ਦਾ ਕਿ ਨਾਂ ਰਹਿਣ ਦਾ ਮਨੋਰਥ ਰਖਦਾ ਹੈ। [10]ਆਪ ਵਰਗੇ (ਵਡੇ ਲੋਕਾਂ) ਦੇ। *ਪਾ:-ਬੀਰਾ।

ਬਨਹਿ ਜਹਾਨ ॥ ੯ ॥ ਤਕਰੀ ਤੁਲਨਿ ਕਿ ਖੇਤੀ ਕਰਨੀ। ਜੇ ਇੱਤਯਾਦ ਕਾਰ ਜਗ ਬਰਨੀ।ਕਰੈਂ ਪਠਾਨ ਨ ਅੰਗੀਕਾਰਾ। ਇਨ ਕੋ ਹਿਤ ਹੈ ਜੰਗ ਅਖਾਰਾ ॥੧੦॥ ਮਿਹਰਵਾਨਗੀ ਆਪ ਜਿ ਧਰਿਹੋ। ਰਾਖਹੁ ਢਿਗ ਪ੍ਰਤਿ-ਪਾਰਨ ਕਰਿਹੋ। ਇਹ ਪਠਾਨ ਕੋ ਪੁਤ੍ਰ ਮਹਾਨੋ। ਕਰਹਿ ਕਾਜ ਜਬਿ ਤੁਮ ਰਣ ਠਾਨੋ ॥ ੧੧ ॥ ਜੇ ਪਰਵਸਤਿ[1] ਕਰਹੁ ਤੁਮ ਆਛੇ। ਮਿਲਹਿ ਪਦਾ-ਰਥ ਜਸ ਮਨ ਬਾਂਛੇ। ਬਹੁਰ ਦੇਖੀਯਹਿ ਡੀਲ ਬਿਲੰਦ। ਇਹ ਏਕਲ ਹੀ ਸਮ ਨਰ ਬ੍ਰਿੰਦ[2]॥੧੨॥ ਬਲੀ ਬਿਸਾਲ ਹੋਇ ਜਸ ਤਨੁ ਹੈ। ਰਾਖਹੁ ਨਿਕਟ ਬੀਰ ਬਰ ਬਨਿ ਹੈ'। ਸ਼੍ਰੀ ਹਰਿਗੋਬਿੰਦ ਬਹੁਰ ਸੁਨਾਯੋ। 'ਅਬਿ ਤੌ ਦਰਸ਼ਨ ਕੇ ਹਿਤ ਆਯੋ ॥੧੩॥ ਲੇ ਗਮਨਹੁ ਅਬਿ ਸਦਨ ਮਝਾਰੇ। ਪੁਨ ਆਵਹਿ ਉਠਿ ਹੋਤਿ ਸਕਾਰੇ। ਰਹੈ ਸੈਨ ਮਹਿਂ ਪੁਰਿ ਕਰਤਾਰ। ਹਮ ਗਮ-ਨਹਿਂ ਪੂਰਬ ਕੋ ਤਯਾਰਿ ॥ ੧੪ ॥ ਕੇਤਿਕ ਮਾਸਨ ਮਹਿਂ ਚਲਿ ਆਵਹਿਂ। ਬਸਤ੍ਰ ਸ਼ਸਤ੍ਰ ਦੇ ਬੀਰ ਬਨਾਵੈਂ'। ਇਮ ਕਹਿ ਇਕ ਦਸ[3] ਦੀਨਿ ਰੁਪੱਯੇ। 'ਪੁਰਿ ਤੇ ਲਿਹੁ ਅਹਾਰ ਇਨ ਖੱਯੇ' ॥੧੫॥ ਕਰੀ ਸਲਾਮ ਪਠਾਨ ਤਮਾਮੂ। ਹਰਖਤਿ ਹੁਇ ਕਰਿ ਗਮਨੇ ਧਾਮੂ। ਸੋ ਦਿਨ ਕਰਯੋ ਬਿਤਾਵਨਿ ਸਾਰੋ। ਨਿਸ ਮਹਿਂ ਸਤਿਗੁਰੁ ਖਾਇ ਅਹਾਰੋ ॥ ੧੬ ॥ ਸੁਪਤਿ ਜਥਾ ਸੁਖ ਰਾਤਿ ਬਿਤਾਈ। ਕਰੀ ਕ੍ਰਿਯਾ ਨਿਤ ਕੀ ਚਿਤ ਲਾਈ। ਦਿਵਸ ਚਢੇ ਪੁਨ ਸੰਗਤਿ ਆਇ।ਦਰਸ਼ਨ ਕੋ ਸਗਰੀ ਉਮਡਾਇ॥੧੭॥ਬੈਠੇ ਸਤਿਗੁਰੁ ਲਾਇ ਦਿਵਾਨ। ਸ਼ਬਦ ਬਿਲਾਵਲ ਕੇ ਸੁਨਿ ਕਾਨ। ਧਰਹਿਂ ਉਪਾਇਨਿ ਅਨਦਾਨ ਸੰਗਤਿ। ਦਰਸ਼ਨ ਕਰਹਿਂ ਥਿਰਹਿਂ ਬਨਿ ਪੰਗਤਿ ॥੧੮॥ ਪੰਚ ਪਠਾਨ ਲਿਏ ਨਿਜ ਸੰਗ। ਆਯੋ ਪੈਂਦੇ ਖਾਨ ਉਮੰਗ। ਗੁਰੁ ਦਰਮਾਹਾ[4] ਸਭਿ ਕੋ ਕਿਯੋ। ਬਸਿਬੇ ਕੋ ਇਕ ਥਲ ਤਿਨ ਦਿਯੋ ॥੧੯॥ ਜੁਗ ਮਹਿਖੀ[5] ਦੇ ਦੁਗਧ ਮਹਾਨਾ। ਸੇਵਕ ਸੋਂ ਗੁਰੁ ਕੀਨਿ ਬਖਾਨਾ। 'ਸਭਿ ਪੈ[6] ਲੇ ਕਰਿ ਕਰਹੁ ਤਪਾਵਨਿ। ਪਿਸਤਾ ਅਰੁ ਬਦਾਮ ਕਰਿ ਪਾਵਨੁ ॥ ੨੦ ॥ ਆਦਿ ਛੁਹਾਰੇ ਮੇਵਾ ਸਾਨੋ[7]। ਚਾਰ ਘਰੀ ਦਿਨ ਰਹਿ ਜਬਿ ਜਾਨੋ। ਮਿਸਰੀ ਕੋ ਮਿਲਾਇ ਕਰਿ ਆਛੇ।—ਕਰਹੁ ਖੁਵਾਵਨਿ ਜੇਤਿਕ ਬਾਂਛੇ ॥ ੨੧ ॥ ਪੰਚ ਰਜਤਪਣ ਨਿਤ ਦਰਮਾਹਾ। ਦਿਹੁ ਪੈਂਦੇ ਖਾਂ ਕੋ ਸੁਖ ਪਾਹਾ'।ਇੱਤਯਾਦਿਕ

---

[1]ਪਾਲਣਾ [ਫ਼ਾ:, ਪਰਵਰਸ਼]। [2]ਬਹੁਤਿਆਂ ਦੇ ਤੁੱਲ ਹੈ। [3]ਗਿਆਰਾਂ। [4]ਤਨਖਾਹ। [5]ਦੋ ਮੱਝੀਆਂ। [6]ਦੁੱਧ। [7]ਮਿਲਾਓ।

ਸੇਵਾ ਜੋ ਆਨ। ਨਿਜ ਦਾਸਨਿ ਸੋਂ ਗੁਰੂ ਬਖਾਨਿ ॥ ੨੨ ॥ ਪ੍ਰਤਿਪਾਰਨਿ ਕੀ ਕਰਿ ਤਕਰਾਈ। ਸਰਬ ਰੀਤਿ ਇਕ ਬਾਰ ਬਨਾਈ। ਭਏ ਪਠਾਨ ਅਨੰਦ ਮਹਾਨੇ। ਗੁਰ ਕੀ ਖੁਸ਼ੀ ਬਿਸਾਲ ਪਛਾਨੇ ॥੨੩॥ ਇਕ ਦਿਨ ਨਿਜ ਹਜ਼ੂਰ ਕਰਿਵਾਯੋ। ਨਿਕਟ ਬਿਠਾਇ ਗੁਰੂ ਅਚਵਾਯੋ। ਦ੍ਵੈ ਨਰ ਜੇਤਿਕ ਖਾਨਾ ਖਾਵੈਂ।ਤਿਤਿਕ ਖਾਇਗਾ, ਪਿਖਿ ਹਰਖਾਵੈਂ ॥੨੪॥'ਇਮ ਸਦੀਵ ਹੀ ਦੀਜਹਿ ਖਾਨਾ'। ਨਿਜ ਦਾਸਨਿ ਸੰਗਿ ਗੁਰੂ ਬਖਾਨਾ। ਸੈਨਾ ਮਹਿੰ ਮਿਲਾਇ ਇਮ ਰਾਖਾ। ਮਹਾਂ ਬਲੀ ਹੁਇ ਉਰ ਅਭਿਲਾਖਾ ॥ ੨੫ ॥ ਅਗਲੀ ਪ੍ਰਾਤ ਕਰੀ ਨਿਜ ਤਯਾਰੀ। ਸ਼ਸਤ੍ਰ ਧਰੇ ਹਯ ਕੀ ਅਸੁਵਾਰੀ। ਸ੍ਰੀ ਗੁਰ ਹਰਿ ਗੋਬਿੰਦ ਪਯਾਨੇ। ਪੰਦ੍ਰਹ ਕੋਸ ਪੰਥ ਉਲੰਘਾਨੇ ॥੨੬॥ ਕਰਿ ਡੇਰਾ ਤਹਿਂ ਨਿਸਾ ਬਿਤਾਈ। ਭਈ ਭੋਰ ਮਗ ਚਲੇ ਗੁਸਾਈਂ। ਇਸੀ ਰੀਤਿ ਦਿਨਪ੍ਰਤਿ ਪ੍ਰਸਥਾਨਹਿਂ। ਪਰੈ ਰਾਤ ਡੇਰਾ ਤਬਿ ਠਾਨਹਿਂ ॥੨੭॥ ਤੀਰਥ ਮਹਾਂ ਪਹੋਆ[1] ਨਾਮੂ। ਸਾਰਸੁਤੀ ਸਲਿਤਾ ਅਭਿਰਾਮੂ।ਗਨ ਪਾਪਨਿ ਕੋ ਖਾਪਨਿ ਕਰਨੀ। ਜਿਸ ਕੀ ਮਹਿਮਾ ਬੇਦ ਸੁ ਬਰਨੀ॥੨੮॥ ਸੋ ਖਟ ਕੋਸ ਰਹੀ ਜਬਿ ਆਵਨਿ। ਚਹੈਂ ਕਿ–ਚਲਿ ਤਹਿਂ ਡੇਰਾ ਪਾਵਨਿ–। ਤਹਿਂ ਇਕ ਪਿੰਗਲ ਆਂਖਨ ਹੀਨਾ। ਕਿਹ ਸਿਖ ਨੇ ਉਪਦੇਸ਼ਨਿ ਕੀਨਾ ॥ ੨੯ ॥ ਨਿਸ ਦਿਨ ਗੁਰ ਕੋ ਸਿਮਰਤਿ ਸੋਈ।ਕਹੈ ਕਿ'ਅਬਿ ਨਹਿਂ ਮੇਰੋ ਕੋਈ।ਮਿਲਹਿਂ ਗੁਰੂ ਸਭਿ ਜਗ ਕੇ ਦਾਤਾ। ਤੌ ਮੇਰੋ ਸੰਕਟ ਹੁਇ ਹਾਤਾ॥੩੦॥ਚਲਿ ਪਹੁੰਚਨਿ ਕੀ ਸ਼ਕਤਿ ਨ ਮੇਰੀ। ਆਇਂ ਇਹਾਂ ਧਰਿ ਕ੍ਰਿਪਾ ਘਨੇਰੀ'। ਇਮ ਮਨ ਠਾਨਿ ਕਰਾ ਇਕ ਗ੍ਰਾਮੂ। ਗੁਰ ਸਿਮਰਹਿ ਤਹਿਂ ਕਰਿ ਬਿਸਰਾਮੂ॥੩੧॥ਤਿਸ ਕੋ ਸੰਕਟ ਕਾਟਨਿ ਹੇਤਾ। ਉਤਰਿ ਪਰੇ ਤਹਿਂ ਕ੍ਰਿਪਾ ਨਿਕੇਤਾ। ਸੁਭਟਨਿ ਕਰੇ ਤੁਰੰਗ ਲਗਾਵਨਿ। ਸੇਵਤ ਲਗੇ ਤ੍ਰਿਣਨਿ ਕੋ ਲਯਾਵਨਿ ॥ ੩੨ ॥ ਰਸਦ ਖ਼ਰੀਦੀ ਗ੍ਰਾਮ ਮਝਾਰਾ। ਕਰਨਿ ਲਗੇ ਸਭਿ ਤਯਾਰ ਅਹਾਰਾ। ਪਿੰਗਲ ਸੁਨੀ ਕਿ 'ਸਤਿਗੁਰੁ ਆਏ'। ਭਯੋ ਅਨੰਦ ਅੰਗ ਨਹਿਂ ਮਾਏ॥੩੩॥ਹੁੜ੍ਹਤਿ ਚਲਤਿ ਨਿਕਸਯੋ ਤਜਿ ਗ੍ਰਾਮੂ। ਗੁਰੁ ਗੁਰੁ ਜਪਤਿ ਰਿਦੇ ਮੁਖ ਨਾਮੂ।ਜਿਸ ਥਲ ਸਤਿਗੁਰੁ ਥਿਰੇ ਸੁਹਾਵਤਿ।ਬੂਝਿ ਬੂਝਿ ਤਿਸਹੀ ਥਲ ਆਵਤਿ॥੩੪॥ ਆਨਿ ਪ੍ਰਭੂ ਕੋ ਸੀਸ ਨਿਵਾਯਹੁ।ਸਨਮੁਖ ਬੈਠਤਿ ਬਾਕ ਅਲਾਯਹੁ।'ਇਨ ਬਾਤਨਿ ਤੇ ਰਾਵਰਿ ਨਾਮੂ।–ਦੀਨਾਨਾਥ–ਭਨੈਂ ਅਭਿਰਾਮੂ ॥ ੩੫ ॥ ਤੁਮ

[1]ਨਾਮ ਹੈ ਪਿੰਡ ਦਾ।

ਬਿਨ ਨਹਿਂ ਕੋ ਜਗਤ ਹਮਾਰਾ। ਪਗ ਦ੍ਰਿਗ ਬਿਨ ਨਹਿਂ ਜਾਤਿ ਪਧਾਰਾ। ਰਹਯੋ ਪ੍ਰਤੀਖਤਿ ਆਸ ਤੁਮਾਰੀ। ਮਮ ਹਿਤ ਆਇ ਕਰੁਨਾ ਧਾਰੀ ॥੩੬॥ ਕੇਤਿਕ ਬਰਖ ਬਿਤੀਤੇ ਮੋਹੀ। ਸਿਮਰਨ ਕਰਤਿ ਸਦਾ ਗੁਰੁ ਤੋਹੀ।ਆਏ ਮੋਹਿ ਨਿਵਾਜ਼ਨਿ ਹੇਤੁ। ਦਿਹੁ ਦ੍ਰਿਗ ਪਗ ਮੈਂ ਬਨੌਂ ਸੁਚੇਤ' ॥ ੩੭॥ ਗੁਰ ਢਿਗ ਸਿੱਖਨਿ ਬਾਕ ਸੁਨਾਏ। 'ਚਰਨ ਕਮਲ ਕੀ ਲਿਹੁ ਰਜ ਪਾਏ'। ਧਰਯੋ ਉਪਾਨਧ[1] ਗੁਰੁ ਕੋ ਚੀਨਿ।ਲੇ ਤਿਨ ਅੰਗਰੀ ਘਸਵਨਿ ਕੀਨਿ॥੩੮॥ ਜਬਿ ਨੇਤ੍ਰਨਿ ਕੇ ਬਿਚ ਤਿਨ ਪਾਈ। ਭਈ ਆਂਖਿ ਜਨੁ ਪ੍ਰਥਮ ਬਨਾਈ। ਗੁਰੁ ਬਪੁ ਸੁੰਦਰ ਪਿਖਯੋ ਅਗਾਰੀ। ਬਾਰਿ ਬਾਰਿ ਹੋਵਤਿ ਬਲਿਹਾਰੀ॥੩੯॥ 'ਧੰਨ ਗੁਰੂ ਜਿਮ ਸੁਨਯੋ ਬਿਸ਼ੇਸ਼ਾ। ਤਥਾ ਬਿਲੋਚਨ ਤੇ ਅਬਿ ਦੇਖਾ।ਨਿਤ ਦੀਨਨਿ ਪਰ ਕਿਰਪਾ ਧਾਰੋ। ਹਮ ਸਮ ਪਤਿਤਨਿ ਪੁੰਜ ਉਧਾਰੋ' ॥ ੪੦॥ ਇੱਤਯਾਦਿਕ ਬਹੁ ਉਸਤਤਿ ਕੀਨਿ।ਸਤਿਗੁਰੁ ਕ੍ਰਿਪਾਦ੍ਰਿਸ਼ਟਿ ਦੁਖ ਹੀਨ। ਕਹਯੋ ਕਿ ਲੋਚਨ ਤੈਂ ਅਬਿ ਪਾਏ।ਇਸ ਥਲ ਕੋ ਸੇਵਹੁ ਹਿਤਲਾਏ॥੪੧॥ ਬਢਨੀ ਫੇਰਹੁ ਦੀਪਕ ਬਾਰਹੁ। ਸਦਾ ਗੁਰੂ ਕੋ ਨਾਮ ਸੰਭਾਰਹੁ। ਜੋ ਸਿਖ ਪੂਜਹਿ ਦੇ ਧਨ ਆਨ। ਤਿਸ ਕੋ ਬਾਂਟਿ ਕਰਹੁ ਗੁਜ਼ਰਾਨ ॥੪੨॥ ਆਵਤਿ ਜਾਤਿ ਸਿੱਖ ਬਸਿ ਜਾਏ। ਤਿਨ ਕਹੁ ਦੇ ਅਹਾਰ ਅਚਵਾਏ। ਪੀਛੇ ਆਪ ਕਰਹੁ ਪੁਨ ਖਾਨਿ। ਕਰਹੁ ਕਾਰ ਸਭਿ ਹੀ ਇਸਥਾਨ*' ॥ ੪੩ ॥ ਇਸ ਪ੍ਰਕਾਰ ਕੀ ਸਿੱਖਯਾ ਦੀਨਸਿ। ਪਿੰਗਲ ਭਾ ਪ੍ਰਸੰਨ ਹਿਤ ਚੀਨਸਿ। 'ਸਿਰ ਧਰਿ ਕਰਿਹੌਂ ਬਾਕ ਤੁਮਾਰਾ। ਹਲਤ ਪਲਤ ਮੁਰਿ ਸਰਬ ਸੁਧਾਰਾ॥੪੪॥ ਤੁਮ ਸਮਾਨ ਹੈ ਕਹਾਂ ਕ੍ਰਿਪਾਲੂ। ਦੀਨਨਿ ਦਯਾਲ ਸੁ ਨਾਮ ਬਿਸਾਲੂ'। ਤਿਹ ਸਥਾਨ ਸ੍ਰੀ ਹਰਿ ਗੋਵਿੰਦ। ਕਰਯੋ ਪੁਜਾਰੀ ਕ੍ਰਿਪਾ ਬਿਲੰਦ ॥ ੪੫ ॥ ਸੇਵਤਿ ਹੀ ਤਿਸ ਥਲ ਕੋ ਰਹਯੋ। ਕਿਤਿਕ ਬਰਖ ਬੀਤੇ ਦੁਖ ਦਹਯੋ। ਸ੍ਰੀ ਗੁਰ ਤੇਗ ਬਹਾਦਰ ਗਏ। ਨਿਜ ਨਿਵੇਸ ਤਹਿਂ ਕਰਤੇ ਭਏ ॥੪੬॥ਤਿਨ ਕੋ ਦਰਸ਼ਨ ਕਰਿ ਹਰਖਾਯੋ। ਸੱਤਿਨਾਮ ਸਿਮਰਨ ਬਰ ਪਾਯੋ। ਕੂਪ ਬਾਗ ਹਿਤ ਧਨ ਬਹੁ ਦੀਨੋ।ਆਨ ਥਾਨ ਪੁਨ ਪਯਾਨਾ ਕੀਨੋ ॥੪੭॥ ਪੁਨ ਸਤਿ-ਗੁਰ ਦਸਮੇਂ ਪਤਿਸ਼ਾਹੂ। ਪਹੁੰਚੇ, ਦੇਖੈਂ, ਨਰ ਥਿਤ ਤਾਹੂ[2]।ਹਿਤ ਸਨਮਾਨ ਖਰੋ ਨਹਿਂ ਹੋਵਾ। ਹਯ ਪਰ ਚਰੇ ਸਥਿਰ ਗੁਰ ਜੋਵਾ ॥ ੪੮॥ ਬੂਝੇ ਮਨੁਜ

[1]ਜੋੜਾ, ਜੁੱਤੀ [ਸਿਸ:, ਉਪਾਨਹ]। [2]ਓਥੇ ਕੋਈ ਮਨੁਖ ਬੈਠਾ ਹੈ।

*ਪਾ:-ਕਰਹੁ ਕਾਰ ਇਹ ਸਾਂਭ ਸਥਾਨ।

'ਅਹੈ ਇਹ ਕੌਨ?'। ਕਹ੍ਯੋ 'ਗ੍ਰਾਮ ਕਰਹਾਲੀ[1] ਭੌਨ। ਆਯੋ ਇਹ ਠਾਂ ਹੈ ਸਸੁਰਾਰਿ। ਬਿਚ ਪਰਗਨੇ ਠਿਕਾਨੇਦਾਰ[2]'॥੪੯॥ ਸਹਿਜ ਸੁਭਾਇਕ ਸੁਨਤਿ ਬਖਾਨੇ। ਸ੍ਰੀ ਕਲਗੀਧਰ ਤੇਜ ਮਹਾਨੇ। 'ਅਬਿ ਸਭਿ ਗਏ ਠਿਕਾਨੇ ਠਰਕ[3]। ਗਏ ਪ੍ਰਥਮ ਕੇ ਟਿੱਕੇ ਟਰਕ[4]'॥੫੦॥ ਇਮ ਕਹਿ ਤੁਰਤ ਤੁਰੰਗ ਹਟਾਇ। ਉਤਰੇ ਕਲਸੇ ਗ੍ਰਾਮ ਸੁ ਜਾਇ। ਸ੍ਰੀ ਹਰਿਗੋਵਿੰਦ ਨਿਸਾ ਬਿਤਾਈ। ਭਈ ਪ੍ਰਾਤਿ ਚਾਲੇ ਅਗਵਾਈ ॥ ੫੧ ॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪੰਚਮ ਰਾਸੇ 'ਕੱਰੇ ਗ੍ਰਾਮ ਪ੍ਰਸੰਗ' ਬਰਨਨੰ ਨਾਮ ਦੋਇ ਤ੍ਰਿੰਸਤੀ ਅੰਸੂ ॥ ੩੨ ॥

੩੩. [ਸ੍ਰੀ ਨਾਨਕ ਮਤੇ ਪੁੱਜੇ]।

ਦੋਹਰਾ॥ ਭਏ ਤਯਾਰਿ ਸ੍ਰੀ ਸਤਿਗੁਰੂ ਗਮਨੇ ਮਾਰਗ ਜਾਇ। ਖ਼ਸ਼ਟ ਕੋਸ ਪਰ ਸਰਸੁਤੀ ਹੇਰੀ ਜਲ ਅਲਪਾਇ ॥ ੧ ॥ ਚੌਪਈ ॥ ਤਹਿਂ ਸ਼ਨਾਨ ਕਰਿ ਦੇ ਧਨ ਦਾਨ। ਪੁਨ ਆਗੈ ਕੀਨਿਸਿ ਪ੍ਰਸਥਾਨਿ। ਚਲੇ ਜਾਹਿਂ ਕੁਛ ਸੈਨਾ ਸਾਥ। ਕਰਹਿਂ ਨਿਵੇਸ ਨਿਸਾ ਮਹਿਂ ਨਾਥ॥ ੨ ॥ ਸ਼ਯਾਮਲ ਜਲ ਜਮਨਾ ਤਬਿ ਆਈ। ਕਰਿ ਸ਼ਨਾਨ ਉਲੰਘੇ ਅਗਵਾਈ। ਗੜ੍ਹਗੰਗਾ ਕੇ ਪੰਥ ਪਧਾਰੇ। ਚਲੇ ਜਾਹਿਂ ਤੁਰਨਤਾ ਧਾਰੇ ॥੩॥ ਸਿਖ ਪ੍ਰੇਮੀ ਜਹਿਂ ਕਹਿਂ ਜਿਨ ਬਾਸਾ। ਸੁਨਹਿਂ 'ਗੁਰੂ ਆਯਹੁ ਇਤ ਆਸਾ[5]'। ਨਿਕਟਿ ਨਿਕਟਿ ਜੇ ਗ੍ਰਾਮ ਅਨੇਕ। ਕਹਿਂ ਲਗਿ ਤਿਨ ਕਹੁ ਕਰਹੁਂ ਬਿਬੇਕ ॥੪॥ ਕੇਤਿਕ ਮਗ ਮਹਿਂ ਮਿਲਹਿਂ ਸੁ ਆਇ। ਅਰਪਹਿਂ ਵਸਤੁਨਿ ਕੋ ਸਮੁਦਾਇ। ਕੇਤਿਕ ਜਬਿ ਨਿਵੇਸ ਕੋ ਕਰੈਂ। ਆਨਿ ਅਯੋਹਨ ਆਗੈ ਧਰੈਂ ॥ ੫॥ ਦੁਗਧ ਅਧਿਕ ਦਧਿ ਆਵਹਿ ਡੇਰੇ। ਜਥਾ ਸ਼ਕਤਿ ਧਰਿ ਦਰਬ ਅਗੇਰੇ। ਬੰਦਨ ਕਰਿ ਕਰਿ ਦਰਸਹਿਂ, ਜਾਵਹਿਂ। ਅਪਰਨਿ ਕੇ ਢਿਗ ਸੁਜਸੁ ਅਲਾਵਹਿਂ ॥ ੬ ॥ ਇਮ ਗਮਨਤਿ ਪਹੁੰਚੇ ਗੜ੍ਹ ਗੰਗਾ[6]। ਪਿਖ੍ਯੋ ਪ੍ਰਵਾਹੁ ਬਿਮਲ ਜਲ ਚੰਗਾ। ਉਤਰੇ ਸਤਿ-ਗੁਰ ਕੀਨਿ ਸ਼ਨਾਨ। ਦੀਨੋ ਅਧਿਕ ਦ੍ਵਿਜਨਿ ਕਹੁ ਦਾਨ ॥ ੭ ॥ ਪੂਰਨ ਗੁਰੂ ਨਹੀਂ ਤਿਨ ਜਾਨਾ। ਜਾਚ੍ਯੋ ਨਹੀਂ ਭਗਤਿ ਗੁਨ ਗ੍ਯਾਨਾ। ਧਨ ਲਾਲਚ ਕੋ ਜਿਨ ਮਨ ਕੀਨਿ। ਕਿਮ ਪ੍ਰਭੁ ਲਖਹਿਂ ਬਿਸ਼ਯ ਮਨ ਭੀਨ ॥ ੮ ॥ ਪੁਨ ਤਹਿਂ ਤੇ ਕਰਿ ਕੂਚ ਪਯਾਨੇ। ਚਲੇ ਜਾਹਿਂ ਆਗੈ ਸੁਖ ਸਾਨੇ। ਇਕ ਸਾਧੂ ਕੀ ਸ਼ਰਧਾ ਪੂਰਨ। ਪਹੁੰਚ੍ਯੋ ਚਹੈਂ ਤਹਾਂ ਗੁਰੁ ਤੂਰਨ ॥ ੯ ॥ ਪੁਨ ਸ੍ਰੀ ਨਾਨਕ ਮਤੇ ਸਥਾਨ। ਜਾਇ ਪਹੂੰਚੇ ਕ੍ਰਿਪਾ ਨਿਧਾਨ। ਉਤਰ੍ਯੋ

[1]ਨਾਮ ਪਿੰਡ, ਸਮਾਣੇ ਦੇ ਕੋਲ, ਰਾਜ ਪਟਿਆਲਾ। [2]ਜਾਇਦਾਦ ਵਾਲਾ। [3]ਨਾਸ਼ ਹੋਏ। [4]ਪਹਿਲਾਂ ਦੇ ਟਿੱਕੇ ਹੋਏ ਟਲ ਗਏ ਭਾਵ ਵਡਿਆਈ ਨਾਸ਼ ਹੋ ਜਾਏਗੀ [ਟਿੱਕੇ ਹੋਏ=ਵਡਜਾਏ ਹੋਏ। ਟਿਕੇ ਹੋਏ=ਬੈਠੇ ਹੋਏ]। [5]ਤਰਫ। [6]ਗੜ੍ਹ ਮੁਕਤੇਸਰ ਪਾਸ ਗੰਗਾ ਦਾ ਪ੍ਰਵਾਹ।

ਡੇਰਾ ਤੁਰੰਗ ਲਗਾਇ। ਇਤ ਉਤ ਸੁਭਟ ਫਿਰਤਿ ਸਮੁਦਾਇ॥ ੧੦॥
ਇਕ ਕਨਪਾਟੇ ਬੂਝਨਿ ਕੀਨੇ। 'ਕੋ ਸਰਦਾਰ ਆਇ ਭਟ ਲੀਨੇ?'।
ਸਿੱਖਨ ਕਹ੍ਯੋ 'ਸਾਚ ਪਤਿਸ਼ਾਹੂ। ਸ਼੍ਰੀ ਹਰਿ ਗੋਵਿੰਦ ਗੁਰੁ, ਦੁਖੁ ਦਾਹੂ'॥
੧੧॥ ਸੁਨਿ ਕਰਿ ਜੋਗੀ ਭਾਜਿ ਪਧਾਰੇ।–ਨਹਿਂ ਬੰਧਹਿਂ ਹਮ ਕੋ–ਡਰਧਾਰੇ।
ਸਿਖ ਕੀ ਦਸ਼ਾ ਸੁਨਹੁਂ ਜਿਮ ਹੋਈ*। ਗੁਰੂ ਧ੍ਯਾਨ ਮੈਂ ਥਿਰ ਹੈ ਸੋਈ*
॥੧੨॥ਤਨ ਕੀ ਕ੍ਰਿਆ ਸਾਧਿ[1] ਇਕ ਬਾਰੀ।ਬਹੁਰ ਥਿਰਹਿ ਨਿਸ ਦ੍ਯੋਸ
ਮਝਾਰੀ। ਗੁਰੁ ਸਿਮਰਨ ਕੇ ਤਤਪਰ ਹੋਵਾ। ਜਬਿ ਕੋ ਬਿਗਰ੍ਯੋ ਚਲਦਲ[2]
ਜੋਵਾ॥ ੧੩॥ ਬਹੁਤ ਬਿਸੂਰਤਿ ਦੁਖ ਉਰ ਧਾਰਤਿ।ਗੁਰੂ ਅਵੱਗ੍ਯਾ ਨਹੀਂ
ਸਹਾਰਤਿ। ਅਨਿਕ ਪ੍ਰਕਾਰਨਿ ਕੀ ਮਨ ਗਿਨਤੀ। ਹੋਇ ਦੀਨ ਬਹੁ
ਬੋਲਤਿ ਬਿਨਤੀ॥ ੧੪॥ 'ਹੇ ਪ੍ਰਭੂ! ਰਾਵਰ ਕੋ ਅਪਵਾਦ[3]। ਬਿਗਰਹਿ
ਬਿਰਦ,ਰਖਹੁ ਮਿਰਜਾਦਿ। ਸਤਿਗੁਰ ਸਦਾ ਸਲਾਮਤ ਗਾਦੀ। ਕਿਮ ਹੁਇਂ
ਪ੍ਰਾਪਤਿ ਜੈ ਕਹੁ ਬਾਦੀ॥ ੧੫॥ ਮਮ ਤਨ ਤਜੇ ਜਿ ਸੁਧਰਹਿ ਥਾਨੂ। ਤੌ
ਤਜਿ ਦੇਉਂ ਤਨਕ ਮਹਿਂ ਪ੍ਰਾਨੂ। ਤਊ ਨ ਜੋਗੀ ਲਹੈਂ ਬਿਸਾਦੂ[4]। ਕਰਿ
ਹੰਕਾਰ ਉਠਾਵਹਿਂ ਬਾਦੂ॥ ੧੬॥ ਸ਼੍ਰੀ ਨਾਨਕ ਕੀ ਮਹਿਮਾ ਗੌਰੀ[5]। ਤੁਮਰੇ
ਅਛਤ ਹੋਤਿ ਅਬਿ ਹੌਰੀ।ਤੌ ਪਾਛੇ ਕੀ ਕਯਾ ਹੈ ਚਲੀ। ਅਲਪ ਸ਼ਕਤਿ ਭੀ
ਨਿਰਭੈ ਦਲੀ[6]॥ ੧੭॥ ਕ੍ਯੋਂ ਨ ਉਤਾਇਲ ਬਨਹੁ ਸਹਾਯਕ। ਅਸ
ਕਾਰਜ ਤੁਮਰੇ ਹੀ ਲਾਇਕ। ਲਈ ਜਗਤ ਤੇ ਪੀਰੀ ਮੀਰੀ। ਕ੍ਯੋਂ ਨ
ਕਰੋ ਸਿੱਖਨ ਕਰ ਗੀਰੀ[7]॥ ੧੮॥ ਜਗ ਗੁਰ ਸਭਿਹਿਨਿ ਕੇ ਸਿਰਮੌਰ।
ਅਜ਼ਮਤ ਜੁਤਿ ਬਿਗਰਤਿ ਬਰ ਠੌਰ। ਸ਼੍ਰੀ ਹਰਿਗੋਵਿੰਦ! ਬਨਹੁ ਸਹਾਈ।
ਦਿਹੁ ਉਠਾਇ ਜੋਗੀ ਸਮੁਦਾਈ'॥੧੯॥ ਇੱਤ੍ਯਾਦਿਕ ਮੁਖ ਬਿਨੈ ਬਖਾ-
ਨਤਿ। ਜੀਤ ਰਿਖੀਕ ਧ੍ਯਾਨ ਗੁਰ ਠਾਨਤਿ। ਭਯੋ ਸ਼ਬਦ ਹਯ ਕੀਨਿ
ਹਿਰੇਖਾ। ਸੁਨਤਿ ਅਚਾਨਕ ਚਾਹਤਿ ਦੇਖਾ॥ ੨੦॥ ਨਿਕਸ ਕੁਟੀ ਤੇ
ਬਾਹਰ ਆਯੋ। ਮਾਨਵ ਗਨ ਕੋ ਥਿਰਿ ਦਰਸਾਯੋ।–ਲੋਕ ਪੰਜਾਬੀ–
ਕਰਹਿ ਚਿਨਾਰੀ। ਸੰਗ ਏਕ ਕੇ ਮਿਲ੍ਯੋ ਉਚਾਰੀ॥ ੨੧॥'ਕਿਸ ਕੋ ਡੇਰਾ

[1]ਭਾਵ ਖਾ ਪੀ ਕੇ। [2]ਪਿੱਪਲ। [3]ਨਿੰਦਿਆ। [4]ਭਾਵ ਜੋਗੀਆਂ ਨੂੰ ਕੋਈ ਪੀੜ ਨਹੀਂ ਹੋਵੇਗੀ। [5]ਭਾਰੀ। [6]ਥੜੀ ਤਾਕਤ ਵਾਲੇ ਵੀ ਨਿਰਭੈ ਹੋਕੇ ਨਾਸ਼ ਕਰਨਗੇ (ਐਸੇ ਅਸਥਾਨ)। [7](ਦਾ) ਹੱਥ ਪਕੜਨਾ, ਭਾਵ ਮੱਦਦ।

*ਤਿੰਨ ਲਿਖਤੀ ਨੁਸਖਿਆਂ ਵਿੱਚ ਇਨ੍ਹਾਂ ਦੋਹਾਂ ਤੁਕਾਂ ਦਾ ਪਾਠ ਨਹੀਂ ਹੈ, ਤੇ ਇਨ੍ਹਾਂ ਦੀ ਥਾਵੇਂ ਪਾਠ ਇਉਂ ਹੈ:–ਅਲਪ ਤ੍ਰਿਣਨਿ ਕੀ ਕੁਟੀ ਬਨਾਈ। ਦਰ ਲਘੁ ਰਚ੍ਯੋ ਬੀਚ ਪ੍ਰਵਿਸ਼ਾਈ।

ਉਤਰ੍ਯੋ ਆਇ ?। ਕਿਤ ਤੇ ਆਨਿ ਕਹਾਂ ਕੋ ਜਾਇ ?'। ਸਿਖ ਨੇ ਕਹ੍ਯੋ
'ਅਹੈ ਜਗ ਗੁਰੂ। ਦਰਸ਼ਨ ਸਿੰਘ ਬਿਘਨ ਗਨ ਰੁਰੂ[1]" ॥ ੨੨॥ ਅੰਮ੍ਰਿਤ
ਬਾਕ ਸ਼੍ਰਵਨ ਪੁਟ ਪਾਨਾ[2]। ਹੁਤੋ ਮ੍ਰਿਤਕ ਮਨੁ ਭਾ ਸਵਧਾਨਾ। ਧਾਇ ਧਰੈ
ਧਰਿ ਪਦ ਬਿਚਲੰਤਿ[3]। ਚਲ੍ਯੋ ਨ ਜਾਤਿ ਅਧਿਕ ਉਤਲੰਤਿ ॥੨੩॥ ਹੁਤੇ
ਖਰੇ ਗੁਰ ਸਹਿਜ ਸੁਭਾਇ। ਬਸਤ੍ਰ ਸ਼ਸਤ੍ਰ ਜੁਤਿ, ਰਜ ਦੁਤਿ ਪਾਇ। ਪਦ
ਅਰਬਿੰਦ ਮ੍ਰਿਦੁਲ ਬਰ ਲਾਲ। ਹੁਤੇ ਉਪਾਨਯ ਮਹਿਂ[4] ਤਿਸ ਕਾਲ॥੨੪॥
ਪਹੁੰਚਿ ਸਮੀਪ ਦੰਡ ਸਮ ਪਰ੍ਯੋ। ਭਰ੍ਯੋ ਪ੍ਰੇਮ ਤੇ ਦ੍ਰਿਗ ਜਲ ਢਰ੍ਯੋ। ਪਦ
ਰਜ਼ ਲੇ ਸਿਰ ਮੁਖ ਪਰ ਲਾਈ। 'ਧੰਨ ਗੁਰੂ ! ਤੇਰੀ ਵਡਿਆਈ'॥ ੨੫ ॥
ਹਾਥ ਜੋਰਿ ਭਾ ਸਨਮੁਖ ਠਾਂਢੇ। ਕਰਤਿ ਸੁਜਸੁ ਕੋ ਆਨੰਦ ਬਾਢੇ। 'ਚੌਦਹਿ
ਲੋਕਨਿ ਘਟਿ ਘਟਿ ਅੰਤਰ। ਸਭਿ ਸੁਧਿ ਜਾਨਤਿ ਸਦਾ ਨਿਰੰਤਰ ॥ ੨੬ ॥
ਇਕ ਮਮ ਘਟ ਕੀ ਲਖਿ ਕਰਿ ਆਏ। ਨਹਿਂ ਅਚਰਜ, ਤੁਮਰੇ ਬਨਿ
ਆਏ।ਸ਼ਕਤਿ ਅਨੰਤਨਿ ਕੇ ਬਡ ਸਾਗਰ।ਦੇਵਨਿਦੇਵ ਉਜਾਗਰ ਨਾਗਰ॥
੨੭॥ ਨਿਰਨੇ ਕਰਿ ਤੁਮ ਮਹਿਂ ਗੁਨ ਹੇਰਾ। ਰਹਹੁ ਪ੍ਰੇਮ ਕੇ ਬਸੀ ਘਨੇਰਾ॥
ਪ੍ਰੀਤ ਦ੍ਰੋਪਤੀ ਕੀ ਲਖਿ ਸਾਚੀ। ਭਈ ਦੀਨ ਮਨ ਬਿਨੈ ਉਬਾਚੀ ॥ ੨੮ ॥
ਸਭਾ ਸ਼ਰੀਕਨਿ ਕੀ ਰਿਸ ਰਾਚੀ[5]। ਬੇ ਮਿਰਜਾਦਿ ਕਰਨਿ ਕਹੁ ਬਾਚੀ[6]।
ਪਰੀ ਸ਼ਰਨ ਰੱਛਜਾ ਤਬਿ ਜਾਚੀ।ਰਾਖੀ ਲਾਜ ਜਾਨਿ ਜਨ ਤਾਚੀ[7] ॥੨੯॥
ਸੰਕਟ ਤੇ ਪ੍ਰਹਿਲਾਦ ਉਬਾਰ੍ਯੋ। ਦੁਖਦ ਦੈਤ ਕਹੁ ਤਤਛਿਨ ਮਾਰ੍ਯੋ।
ਤਿਮ ਬਹੁ ਸਿੱਖਨਿ ਭਏ ਸਹਾਇ। ਮਹਾਂ ਬਿਘਨ ਤੇ ਲੀਨਿ ਬਚਾਇ ॥
੩੦॥ ਕਰੀ ਤਿਲੋਕੇ ਕੀ ਤਲਵਾਰ। ਹੁਤੀ ਕਾਠ ਕੀ ਬਨਿਗੀ ਸਾਰ[8]।
ਸਿਖ ਕੋ ਬਾਟ ਘਾਟ ਥੋ ਜੋਈ। ਕਰ੍ਯੋ ਸਭਾ ਮਹਿਂ ਪੂਰਨ ਸੋਈ ॥ ੩੧ ॥
ਖਸ਼ਟ ਰੂਪ ਸਿਖ[9] ਭਏ ਸਹਾਈ। ਕਹਿਂ ਲੌ ਗਿਨੌਂ ਗਿਨੇ ਨਹਿਂ ਜਾਈ।
ਮੋਹਿ ਦੀਨ ਪਰ ਕਰੁਨਾ ਧਰਿ ਕੈ। ਮਾਰਗ ਦੂਰ ਉਲੰਘਨ ਕਰਿ ਕੈ॥੩੨॥
ਭਏ ਸਹਾਇਕ ਅੰਤਰਜਾਮੀ। ਨਮੋ ਨਮੋ ਪਗ ਪਰ ਜਗ ਸ੍ਵਾਮੀ। ਅਪਨਿ
ਬਿਰਦ ਪ੍ਰਭੁ ਆਪ ਸੰਭਾਰਹੁ*। ਸੇਵਕ ਕੇ ਨਿਜ ਕਾਜ ਸੁਧਾਰਹੁ*' ॥੩੩॥

---

[1]ਸਮੂਹ ਬਿਘਨਾਂ ਰੂਪ ਮ੍ਰਿਗਾਂ ਲਈ (ਜਿਸ ਗੁਰੂ ਜੀ ਦਾ) ਦਰਸ਼ਨ ਸ਼ੇਰ ਰੂਪ ਹੈ। [2]ਕੰਨ ਰੂਪੀ ਡੂਨੇ ਨਾਲ ਪੀਤੇ। [3]ਫਿਸਲਦੇ ਹਨ। [4]ਜੋੜੇ ਵਿੱਚ। [5]ਕ੍ਰੋਧ ਭਰੀ। [6]ਕਹਿਆ। [7]ਤਿਸ ਦਾਸੀ ਦੀ। [8]ਲੋਹੇ ਦੀ ਬਣ ਗਈ। [9](ਗੁਰੂ ਜੀ ਦੇ) ਛੀਏ ਰੂਪ ਹੀ ਸਿੱਖਾਂ ਦੇ।

*ਛਾਪੇ ਦੇ ਨੁਸਖੇ ਵਿੱਚ ਇਹ ਦੋ ਸਤਰਾਂ ਦਾ ਪਾਠ ਨਹੀਂ ਹੈ, ਪਰ ਲਿਖਤੀਆਂ ਵਿੱਚ ਹੈ।

ਇੱਤ੍ਯਾਦਿਕ ਬਹੁ ਕਰਿ ਕਰਿ ਬਿਨੈ।ਭਨੈਂ ਸੁ ਬੈਨ ਪ੍ਰੇਮ ਕੇ ਸਨੈ। ਸ੍ਰੀ ਹਰਿ ਗੋਵਿੰਦ ਭਏ ਪ੍ਰਸੰਨ। ਕਹ੍ਯੋ 'ਸਿੱਖ! ਤੂੰ ਅਹੈਂ ਅਨੰਨ ॥੩੪॥ ਗੁਰੁ ਪਰ ਸਿਦਕ ਧਾਰਿ ਕਰਿ ਬੈਸੇ। ਮਨੋ ਕਾਮਨਾ ਲਹੈਂ ਨ ਕੈਸੇ।ਕਹੁ ਅਲਮਸਤ! ਗਾਤਿ ਕੁਸ਼ਰਾਤਿ[1]। ਕਿਮ ਕਨਪਾਟੇ ਕਿਯ ਉਤਪਾਤ?'॥੩੫॥'ਪ੍ਰਭੁ ਜੀ! ਸੁਨਹੁ ਕ੍ਰਿਪਾ ਤੁਮ ਪਾਇ। ਕੁਸ਼ਲ ਸਰੀਰ ਅਹੈ, ਸੁਖਦਾਇ!। ਮਤਸਰ ਪਾਵਕ ਅਤਿ ਜੋਗੀਨਿ।ਜਰਹਿਂ ਸਦਾ ਉਰ ਸ਼ਾਂਤਿ ਬਿਹੀਨ॥੩੬॥ਚਲਦਲ ਜਾਰ੍ਯੋ ਅਗਨਿ ਲਗਾਇ। ਮਮ ਆਸਨ ਕੋ ਦਯੋ ਉਠਾਇ।ਕਰੀ ਅਵੱਗ੍ਯਾ ਇਸ ਤੇ ਆਦਿ। ਬਹੁ ਅਪਵਾਦ ਕਹ੍ਯੋ ਕਰਿ ਬਾਦ' ॥੩੭॥ ਸੁਨਿ ਸਤਿ-ਗੁਰ ਨੇ ਧੀਰਜ ਦੀਨਿ। 'ਪੁਰਹਿਂ ਕਾਮਨਾ ਤੋਹਿ,ਪ੍ਰਬੀਨ!' ।ਪੁਨ ਸਤਿਗੁਰੁ ਹਿਤ ਫਰਸ਼ ਡਸਾਇਵ ਬੈਠਿ ਸਰਬ ਰਜ ਕੋ ਝਰਵਾਇਵ ॥੩੮॥ ਸ਼ਸਤ੍ਰ ਉਤਾਰਿ ਬਿਰਾਜਤਿ ਭਏ।ਸੁਭਟਨਿ ਚਹੁੰਦਿਸ਼ਿ ਡੇਰਾ ਕਏ। ਹਰੇ ਤ੍ਰਿਣਨਿ ਗਨ ਸੇਵਕ ਲ੍ਯਾਏ। ਚਾਰੇ ਹਯਨਿ ਜ਼ੀਨਿ ਉਤਰਾਏ ॥੩੯॥ ਗ੍ਰਾਮਨਿ ਤੇ ਗਨ ਰਸਦ ਮੰਗਾਈ। ਲਾਗੇ ਕਰਨਿ ਦੇਗ ਮਨ ਭਾਈ।ਖਸ਼ਟ ਘਰੀ ਦਿਨ ਬਾਕੀ ਰਹ੍ਯੋ। 'ਆਨਹੁ ਨਿਰਮਲ ਜਲ' ਗੁਰੁ ਕਹ੍ਯੋ ॥ ੪੦ ॥ ਕਰ ਪਗ ਬਦਨ ਪਖਾਰਨਿ ਕੀਨੇ। ਪੁਨ ਮੱਜਨ ਜਲ ਤੇ ਮਲ ਹੀਨੇ।ਬਸਤ੍ਰ ਪਹਿਰਿ ਤਨ ਹ੍ਵੈ ਕਰਿ ਨ੍ਯਾਰੇ।ਕਹ੍ਯੋ 'ਚਲਹੁ,ਗੁਰੁ ਥਾਨ ਨਿਹਾਰੇ'॥੪੧॥ਭਯੋ ਸੰਗ ਅਲਮਸਤ ਬਤਾਵਤਿ।'ਇਹ ਥਲ ਪਿਖਹੁ ਮਹਾਂ ਛਬਿਪਾਵਤਿ।ਸੁਨਿ ਪਿਖਿ ਰਾਵਰ ਕੋ ਆਗਵਨੁ। ਭਾਜਿ ਗਏ ਜੋਗੀ ਤਜਿ ਭਵਨੁ ॥੪੨॥ ਇਸ ਥਲ ਚਲਦਲ ਦਲ ਕਲ ਹਰੀਅਲ[2]। ਜੋਗਿਨਿ ਦੁਸ਼ਟ ਅਵੱਗ੍ਯਾ ਕਹੀਅਲਿ[3]। ਮੁਝ ਤੇ ਪ੍ਰਥਮ ਲਖ੍ਯੋ ਤੁਮ ਆਏ[4]।ਦੇਖਿ ਰਹ੍ਯੋ,ਥਲ ਤ੍ਯਾਗਿ ਪਲਾਏ॥੪੩॥ ਇਹ ਰੇਨਲ[5] ਕੋ ਤਰੁ ਬਚ ਰਹ੍ਯੋ*। ਅਜ਼ਮਤ ਮਹਿ ਤਿਸ ਹਿਤ ਇਹ

[1]ਸ਼ਰੀਰ ਦੀ ਸੁਖ ਸਾਂਦ। [2]ਸੁਹਣੇ ਹਰੇ ਪਤਿਆਂ ਸਮੇਤ ਪਿੱਪਲ ਸੀ। [3]ਕੀਤੀ। [4]ਜਾਣਿਆਂ ਆਪ ਦਾ ਆਉਣਾ। [5]ਰੇਠੜੇ।

*ਮਿੱਠੇ ਰੇਠੇ ਦਾ ਹਾਲ ਪਿਛੇ ਸ੍ਰੀ ਗੁਰ ਨਾਨਕ ਪ੍ਰਕਾਸ਼ ਉੱਤ੍ਰਾਰਧ ਅਧ੍ਯਾਇ ੨੦ ਅੰਕ ੮੦ ਤੇ ਇਸੇ ਰਾਸ ਦੇ ਅੰਸ ੨੮ ਅੰਕ ੨੭ ਦੀਆਂ ਹੇਠਲੀਆਂ ਟੂਕਾਂ ਵਿਚ ਦੇ ਆਏ ਹਾਂ। ਇਹ ਬ੍ਰਿੱਛ ਨਾਨਕ ਮਤੇ ਤੋਂ ਦੂਰ ਹੈ। ਕਵਿ ਜੀ ਨੂੰ ਪਿੱਪਲ ਦੇ ਪਾਸ ਵਾਰ ਹੋਣ ਦੀ ਸੁਧ ਕਿਸੇ ਨੇ ਦਰੁਸਤ ਨਹੀਂ ਦਿਤੀ ਜਾਪਦੀ, ਇਹ ਹੋ ਸਕਦਾ ਹੈ ਕਿ ਨਾਨਕ ਮਤੇ ਦਾ ਕਾਰਜ ਕਰਕੇ ਗੁਰੂ ਸਾਹਿਬ ਜੀ ਮਿੱਠੇ ਰੇਠੇ ਦੇ ਟਿਕਾਣੇ ਗਏ ਹੋਣ, ਕਿਉਂਕਿ ਰੇਠੇ ਦਾ ਥਲ ਹੁਣ ਤਕ ਸ੍ਰੀ ਨਾਨਕ ਮਤੇ ਦੇ ਸੇਵਕਾਂ ਦੇ ਪ੍ਰਬੰਧ ਵਿਚ ਹੀ ਸੁਣੀਂਦਾ ਹੈ।

ਲਹਯੋ। ਇਕ ਸਿਕੰਧ[1] ਕੇ ਮਾਧੁਰ ਫਲ ਹੈਂ। ਜਿਤ ਦਿਸ਼ਿ ਸ਼੍ਰੀ ਨਾਨਕ ਥਿਰ ਥਲ ਹੈਂ ॥੪੪॥ ਦੁਤਿਯ ਡਾਰ ਕੇ ਫਲ ਹੈਂ ਕੌਰੇ। ਜਿਸ ਤੇ ਗੋਰਖਾਦਿ ਸਿਧ ਹੌਰੇ। ਸ਼੍ਰੀ ਹਰਿ ਗੋਵਿੰਦ ਸੁਨਯੋ ਪ੍ਰਸੰਗ।ਧੀਰਜ ਦਈ 'ਬਨਹਿ ਤਿਮ ਰੰਗ'[2]॥੪੫॥ ਤਹਾਂ ਫਰਸ਼ ਸਤਿਗੁਰੂ ਕਰਾਯਹੁ।ਬੈਠਿ ਸਭਿਨਿ ਦੀਵਾਨ ਲਗਾਯਹੁ। ਸੋਦਰ ਕੀ ਚੌਕੀ ਥਿਰਿ ਸੁਨੀ।ਜਿਸ ਮਹਿਂ ਮਹਿੰਮਾ ਗੁਰੁ ਹਰਿ ਭਨੀ ॥੪੬॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪੰਚਮ ਰਾਸੇ 'ਨਾਨਕ ਮਤੇ ਆਵਨਿ' ਪ੍ਰਸੰਗ ਬਰਨਨੰ ਨਾਮ ਤੀਨ ਤ੍ਰਿੰਸਤੀ ਅੰਸੂ ॥ ੩੩ ॥

੩੪. [ਸਿੱਧਾਂ ਨੂੰ ਨਿਰੁੱਤ੍ਰ ਕੀਤਾ]।

ਦੋਹਰਾ ॥ ਪਢਿ ਸੋਦਰ ਅਰਦਾਸ ਭੀ ਸਭਿਨਿ ਨਿਵਾਯਹੁ ਸੀਸ। ਸ਼੍ਰੀ ਹਰਿ ਗੋਵਿੰਦ ਚੰਦ ਜੀ ਗੁਰੁ ਸਮਰਥ ਜਗਦੀਸ਼॥ ੧ ॥ ਚੌਪਈ॥ ਚਲਦਲ ਪ੍ਰਥਮ ਸਤੁਲ ਚਹਿ ਕਰਯੋ। ਦਲ ਸੋਂ ਕਲਿਤ[3] ਹੁਤੋ ਜਿਮ ਹਰਯੋ।ਨਿਹਮਲ ਜਲ ਪਾਵਨ ਅਨਵਾਵਾ। ਕਹਿ ਕਰਿ ਕੁੰਕਮ ਕੋ ਘਸਵਾਵਾ॥੨॥ ਆਪ ਖਰੇ ਹੁਇ ਕਰ ਮਹਿਂ ਧਾਰਯੋ। 'ਸੱਤਿਨਾਮ' ਮੁਖਮੰਤ੍ਰ ਉਚਾਰਯੋ। ਨਿਜ ਕਰ ਤੇ ਛਿਰਕਨਿ ਕੋ ਕੀਨਿ। ਤਤਛਿਨ ਨਿਕਸਯੋ ਦਿਪਤਿ ਨਵੀਨ ॥੩॥ ਪ੍ਰਥਮ ਲਗਰ ਨਿਕਸੀ ਪਿਖਿ ਐਸੇ। ਬਿਵਰ ਬਿਖੈ ਤੇ ਬਿਸੀਯਰ ਜੈਸੇ[4]। ਛਿਰਕੇ ਦੇਤਿ ਨੀਰ ਕੇ ਜਯੋਂ ਜਯੋਂ। ਫੈਲਤਿ ਬ੍ਰਿਧਤਿ ਜਾਤਿ ਹੈ ਤਯੋਂ ਤਯੋਂ॥੪॥ਤਬਿ ਅਲਮਸਤ ਕਹਯੋ ਕਰ ਬੰਦਿ।'ਸ਼੍ਰੀ ਸਤਿਗੁਰ ! ਸਭਿ ਰੀਤਿ ਬਿਲੰਦ।ਪ੍ਰਥਮ ਚਿੰਨ੍ਹ ਇਸ ਪਰ ਗੁਰੁ ਕਰਕੋ[5]।ਮਹਾਂ ਮਹਾਤਮ ਜੁਤ ਪਿਖਿ ਤਰੁ ਕੋ॥੫॥ਅਬਿ ਨਹਿਂ ਪਿਖੀਯਤਿ ਤਥਾ ਬਨਾਵਹੁ। ਸਤਿਗੁਰ ਤੇ ਚਿੰਨ੍ਹਤਿ ਦਿਖਰਾਵਹੁ'। ਸ਼੍ਰੀ ਹਰਿ ਗੋਵਿੰਦ ਕਰਯੋ ਉਚਾਰਨਿ।'ਅਪਰ ਚਿੰਨ੍ਹਯੁਤ ਵਧਹਿ ਸ ਡਾਰਨ' ॥੬॥ ਇਮ ਕਹਿ ਕੁੰਕਮ ਕੋ ਛਿਰਕਾਯਹੁ। ਛੋਟੀ ਬਡੀ ਬੂੰਦ ਬਰਸਾਯਹੁ। 'ਇਨ ਛੀਟਨਿ ਤੇ ਚਿੰਨ੍ਹਤਿ ਰਹੈ। ਜਬਿ ਲੌ ਥਿਰ ਪ੍ਰਥਮੀ ਪਰ ਅਹੈ ॥੭॥ ਅਬਿ ਇਹ ਨਿਸ ਮਹਿਂ ਬਰਧਹਿ ਤੇਤੋ। ਜੋਗਨਿ ਜਾਰਯੋ ਹੁਤੋ ਸੁ ਜੇਤੋ'। ਪੁਨ ਸਤਿਗੁਰ ਡੇਰੇ ਕਉ ਆਏ। ਜਥਾ ਰੁਚੀ ਭੋਜਨ ਤ੍ਰਿਪਤਾਏ॥ ੮ ॥ ਭਏ ਸੁਪਤਿ ਸੁਖ ਰਾਤਿ ਬਿਤਾਈ। ਉਠੇ ਗੁਰੂ ਨਿਤ ਕ੍ਰਿਯਾ ਕਰਾਈ।ਭਈ ਪ੍ਰਾਤਿ ਬਡ ਲਗਯੋ ਦਿਵਾਨ। ਸਤਿਗੁਰ ਬੈਠੇ ਦਿਪਤਿ ਮਹਾਨ ॥੯॥ ਜੋਗੀ ਗੁਰ ਕੋ ਦੇਖਿ ਪਲਾਏ। ਸੋ ਗੋਰਖ ਕੇ ਨਿਕਟ ਸਿਧਾਏ। ਸਭਿਹਿਨਿ ਕੋ

---

[1]ਟਾਹਣ। [2]ਤਿਵੇਂ ਹੀ ਅਨੰਦ ਬਣੇਗਾ। [3]ਪੱਤਿਆਂ ਨਾਲ ਸ਼ਸ਼ੋਭਤ। [4]ਵਰਮੀ ਵਿਚੋਂ ਜਿਵੇਂ ਸੱਪ। [5]ਪਹਿਲੇ ਨਿਸ਼ਾਨ ਇਸਤੇ ਗੁਰੂ ਜੀ ਦੇ ਹੱਥ ਦਾ ਸੀ।

ਆਦੇਸ ਬਖਾਨੀ। ਬੈਠੇ ਨਿਕਟਿ ਹੌਲ ਉਰ ਠਾਨੀ ॥ ੧੦ ॥ ਮਾਨੋਂ ਮਹਾਂ ਜੰਗ ਤੇ ਭਾਜੇ। ਬੋਲ ਨ ਸਕਹਿਂ ਅਧਿਕ ਮਨ ਲਾਜੇ। ਕਿਤਿਕ ਦੇਰ ਮਹਿਂ ਧੀਰਜ ਧਾਰਾ। ਬਹੁਰੋ ਸਰਬ ਪ੍ਰਸੰਗ ਉਚਾਰਾ ॥ ੧੧ ॥ 'ਪ੍ਰਥਮ ਹਮਾਰੇ ਗੁਰੁ ਕੋ ਥਾਨਾ। ਗੋਰਖ ਮਤਾ ਨਾਮ ਸਭਿ ਜਾਨਾ। ਸ਼੍ਰੀ ਨਾਨਕ ਜਬਿ ਤਿਹਠਾਂ ਆਏ। ਸੋ ਪ੍ਰਸੰਗ ਤੁਮ ਲਖਹੁ ਸਬਾਏ ॥ ੧੨ ॥ ਗੁਰੁ ਕੋ ਨਾਮ[1]ਲੋਪ*ਹੁਇ ਗਯੋ। ਨਾਨਕ ਮਤਾ ਨਾਮ ਬਿਦਤਯੋ। ਟਿਕਯੋ ਨ ਜੋਗੀ ਕੋ[2] ਤਿਸ ਥਾਨ। ਬਿਨ ਸੇਵਾ ਥਲ ਰਹਯੋ ਵਿਰਾਨ ॥੧੩॥ ਹਮ ਨੇ ਚਿਤ ਮਹਿਂ ਹੇਰਿ ਬਿਚਾਰੀ। ਸੇਵਾ ਕਰਨ ਰਿਦੈ ਬੁਧਿ ਧਾਰੀ।–ਬੈਠਹਿਂ ਇਸਿ ਥਲ ਜੋਗ ਕਮਾਵੈਂ। ਅਰੁ ਨਿਜ ਗੁਰੂ ਨਾਮ ਬਿਦਤਾਵੈਂ–॥ ੧੪ ॥ ਬੀਤਯੋ ਹਮਹਿਂ ਰਹਤਿ ਚਿਰ-ਕਾਲ। ਸਦ ਸਥਾਨ ਕੀ ਸੇਵਾ ਘਾਲਿ। ਇਕ ਫਕੀਰ ਆਯੋ ਨਰ ਬਾਵਰ। ਨਹੀਂ ਤ੍ਰਾਸ ਧਾਰਯੋ ਜਿਨ ਰਾਵਰਿ ॥ ੧੫ ॥ ਸ਼੍ਰੀ ਨਾਨਕ ਕੋ ਨਾਮ ਬਖਾਨਾ। ਤਰੁ ਚਲਦਲ ਤਰ ਆਸਨ ਠਾਨਾ। ਕਿਤਿਕ ਥਾਨ ਪਰ ਮਮਤਾ ਧਾਰੀ। –ਹਮਰੇ ਗੁਰੁ ਕੀ–ਕਰਤਿ ਉਚਾਰੀ॥੧੬॥ਬਾਦ ਕਰਯੋ ਤਿਨ ਹਮਰੇ ਨਾਲ। ਹਟਯੋ ਨ ਉਰ ਧਰਿ ਤ੍ਰਾਸ ਬਿਸਾਲ। ਲੇ ਕਰਿ ਗਨ ਈਂਧਨ ਕੋ ਡਾਰਾ। ਲਾਇ ਅਗਨਿ ਹਮ ਚਲਦਲ ਜਾਰਾ ॥ ੧੭ ॥ ਤਬਿ ਨਿਰਾਸ ਹੁਇ ਬੈਠਯੋ ਦੂਰ। ਇਕ ਝੁੰਗੀ ਕਰਿ ਬਸਯੋ ਬਿਸੂਰ। ਕੋ ਜਾਨੈ ਕਿਨ ਜਾਇ ਸੁਨਾਯੋ। ਤਿਨ ਕੋ ਗੁਰ ਤਿਹ ਠਾਂ ਚਲਿ ਆਯੋ ॥ ੧੮ ॥ ਸ਼੍ਰੀ ਨਾਨਕ ਕੀ ਦੀਰਘ ਗਾਦੀ। ਤਿਸ ਪਰ ਥਿਰਯੋ, ਜਿਨਹੁਂ ਬਡ ਸ਼ਾਦੀ। ਕੁਛਕ ਚਮੂੰ ਹੈ ਤਿਨਕੇ ਸੰਗਿ। ਚੰਚਲ ਬਲੀ ਅਰੂਢਿ ਤੁਰੰਗ॥੧੯॥ਹਮ ਨੈ ਹੇਰਤਿ ਰਿਦੈ ਬਿਚਾਰੀ। –ਅਰਯੋ ਨ ਜੈ ਹੈ ਇਨਹੁਂ ਅਗਾਰੀ। ਅਪਰ ਚੱਕ੍ਰਵਰਤੀ ਹੁਇ ਰਾਜਾ। ਲਾਖਹੁਂ ਸੈਨਾ ਬੀਰ ਸਮਾਜਾ ॥ ੨੦ ॥ ਅਪਨੀ ਸਿੱਧਾਂ ਕੋ ਬਲ ਪਾਇ। ਤਿਸ ਕੋ ਭੀ ਹਮ ਲੇਹਿਂ ਹਰਾਇ। ਇਹ ਤੌ ਏਕਲ ਭੀ ਬਲਵਾਨ। ਜਿਨ ਕੀ ਅਜ਼ਮਤ ਬਿਦਤ ਜਹਾਨ ॥ ੨੧ ॥ ਹੋਇ ਨ ਅਸ ਹਮ ਕੋ ਗਹਿ ਲੇਹਿ।ਮਨ ਬਾਂਛਤਿ ਪੁਨ ਸੰਕਟ ਦੇਹਿ। ਚਲਦਲ ਜਰਯੋ ਲਖਹਿ ਅਪਰਾਧੀ। ਹਿਤ ਬਾਧਾ ਬਹੁ ਨਰ ਲੇ ਬਾਂਧੀ[3]–॥ ੨੨ ॥ ਤ੍ਰਾਸ ਪਾਇ ਹਮ ਸੁਧਿ ਹਿਤ ਆਏ। ਗੁਰੁ ਜੁਤਿ ਕਰਹੁ ਜਥਾ ਮਨ ਭਾਏ[4]'। ਸਭਿ ਸਿੱਧਨਿ ਗੋਰਖ ਦਿਸ਼ਿ ਦੇਖਾ।

[1]ਭਾਵ ਗੋਰਖ ਗੁਰੂ ਦਾ ਨਾਮ। [2]ਕੋਈ। [3](ਮਤਾਂ) ਪੀੜਾ ਦੇਣ ਲਈ ਸਾਡੇ ਬਹੁਤੇ ਬੰਦੇ ਬੰਨ੍ਹ ਲਵੇ (ਅ) ਬਹੁਤੇ ਨਰ (ਉਸ ਨਾਲ ਹਨ) ਸਾਨੂੰ ਬੰਨ੍ਹ ਨਾ ਲੈਣ। [4]ਗੁਰੂ ਗੋਰਖ ਸਮੇਤ (ਹੇ ਸਾਰੇ ਸਿੱਧੋ) ਕਰੋ ਜਿਵੇਂ ਭਾਵੇ।

*ਪਾ:–ਅਲਪ, ਅਲੋਪ।

ਜਿਸ ਕੀ ਆਇਸੁ ਬਿਖੈ ਅਸ਼ੇਖ਼॥ ੨੩ ॥ਸਭਿ ਕੇ ਮਨ ਕੀ ਗੋਰਖ ਜਾਨੀ। ਸਰਲ ਰਿਦੇ ਬੋਲਯੋ ਬਰ ਬਾਨੀ। 'ਸ਼੍ਰੀ ਨਾਨਕ ਸੰਗ ਮੇਲ ਸੁਹੇਲਾ। ਭਯੋ ਜਬਹਿ, ਸਿਧ ਗਨ, ਸੁ ਇਕੇਲਾ॥ ੨੪ ॥ ਜਿਨ ਕੇ ਮਨ ਮਹਿਂ ਮਾਨ ਮਹਾਨਾ। ਸਭਿ ਮਿਲਿ ਮਹਾਂ ਬਾਦ ਕੋ ਠਾਨਾ। ਅਜ਼ਮਤਿ ਜੁਤਿ ਚਰਚਾ ਕਰਿ ਹਾਰੇ। ਬਾਰ ਬਾਰ ਅਭਿਮਾਨ ਉਤਾਰੇ ॥ ੨੫ ॥ ਭੰਗਰਨਾਥ ਅਰਯੋ ਨਹਿਂ ਮਾਨਾ। ਮਾਰਿ ਖਾਇ ਕਰਿ ਬੰਦਨ ਠਾਨ॥ ਸਿਧ ਗੋਸਟ ਕਰਿ ਸਭਿ ਹਰਖਾਏ। ਸਗਰੇ ਸਿੱਧਨਿ ਸੀਸ ਨਿਵਾਏ' ॥ ੨੬ ॥ ਸੁਨਿ ਭੰਗਰ ਕ੍ਰੋਧੀ ਉਰ ਭਾਰਾ। ਨਹਿਂ ਗੋਰਖ ਕੋ ਬਾਕ ਸਹਾਰ॥ ਕਹਤਿ ਭਯੋ 'ਸੋ[1] ਗ੍ਰਿਹਸਤ ਮਝਾਰੇ। ਜੋਗ ਸਾਧਨਾ ਬ੍ਰਿਕਤ[2] ਹਮਾਰੇ॥ ੨੭ ॥ ਅਸਮੰਜਸ[3] ਅਸ ਰੀਤਿ ਚਲਾਈ। ਤਿਸ ਕੋ ਗੁਰੁ ਕਹਿ ਗ੍ਰੀਵ ਨਿਵਾਈ। ਤਿਨ ਕੋ ਪਿਖਿ ਰੁਖ ਬੰਦਨ ਧਾਰੀ[4]। ਨਤੁ ਭੰਗਰ ਕਿਸ ਨਿਵੈ ਅਗਾਰੀ?' ॥੨੮॥ ਬੋਲਯੋ ਮੰਗਲ ਨਾਥ ਸੁਜਾਨਾ। 'ਸਭਿ ਮਹਿਂ ਓਜ ਕਰੇ ਜੁ ਬਖਾਂਨਾ। ਤਿਸ ਕੋ ਉਚਿਤ ਸੁ ਕਰਿ ਦਿਖਰਾਵੈ। ਬਿਨਾ ਕਹੇ ਦੀਰਘ ਜਸੁ ਪਾਵੈ' ॥ ੨੯ ॥ ਬੋਲਯੋ ਭਰਥਰਿ 'ਹੈ ਇਹ ਕਾਲ। ਹੌਰਾ ਪੱਖ ਪਰਯੋ ਹਮ ਹਾਲ। ਆਂਪ ਗੁਰੂ ਨਾਨਕ ਭੀ ਨਾਂਹੀ। ਥਾਨ ਛੁਰਾਵਹੁ ਅਬਿ ਤਿਹ ਪਾਹੀ' ॥ ੩੦ ॥ ਝੰਗਰ ਆਦਿਕ ਮਾਨੀ ਜੇਯ। ਸਭਿ ਨੇ ਕਹਯੋ 'ਕਯੋਂ ਨ ਹਮ ਲੇਯ'। ਗੋਰਖ ਹਸਯੋ ਜਾਨਿ ਹੰਕਾਰੀ।–ਨਹਿਂ ਇਨ ਸੰਤਨਿ ਕੀ ਮਤਿ ਧਾਰੀ ॥੩੧॥ ਜਿਮ ਜਗ ਮਹਿਂ ਪਖਬਾਦ ਹੰਕਾਰਾ। ਸਗਰੇ ਧਰਯੋ, ਨ ਤਜੇ ਬਿਕਾਰਾ। ਮਾਨ ਹਾਨਿ ਬਹੁ ਭਏ ਅਗਾਰੀ। ਹੁਇ ਲੱਜਤਿ ਅਬਿ ਸੰਕਟ ਭਾਰੀ ॥ ੩੨ ॥ ਤਊ ਹੋਇ ਗੁਨ, ਦੂਖਨ ਜਾਇ[5]–। ਇਮ ਲਖਿ ਭਾਖਤਿ ਭਯੋ ਰਜਾਇ[6]:–'ਜੇ ਥਲ ਜਾਇ ਛੁਰਾਵਹੁ ਆਜ। ਸਭਿ ਸਿੱਧਨਿ ਕੋ ਸੁਧਰਹਿ ਕਾਜ॥ ੩੩ ॥ ਬਦਹਿ ਬ੍ਰਿੰਦ ਮਹਿਂ ਬਹੁ ਵਡਿਆਈ। ਆਛੀ ਬਾਤ ਕਰਹੁ ਸਹਿਸਾਈ'। ਬਚ ਗੋਰਖ ਕੇ ਨਿਜ ਅਨੁਸਾਰੇ। ਸੁਨਿ ਕਰਿ ਮਾਨੀ ਸਿੱਧ ਸਿਧਾਰੇ ॥ ੩੪ ॥ ਜਹਾਂ ਗੁਰੂ ਕੋ ਲਗਯੋ ਦਿਵਾਨ। ਚਲਿ ਆਏ 'ਆਦੇਸ' ਬਖਾਨਿ। ਸੁਨਿ

---

[1]ਭਾਵ ਸ਼੍ਰੀ ਗੁਰ ਨਾਨਕ ਜੀ। [2]ਤਿਆਗੀ (ਰਹਿਕੇ)। [3]ਅਣਬਣ। [4]ਉਸ ਨੂੰ (ਨਾਨਕ ਨੂੰ) ਗੁਰੂ ਕਹਿਕੇ (ਗੋਰਖ ਨੇ) ਗਿੱਚੀ ਨਿਵਾਈ, (ਸੋ) ਉਹਨਾਂ ਦਾ (ਗੋਰਖ ਦਾ) ਰੁਖ ਦੇਖਕੇ ਮੈਂ ਵੀ ਮੱਥਾ ਟੇਕ ਦਿਤਾ ਸੀ, (ਅ) (ਲੋਕਾਂ ਨੇ) ਗਿੱਚੀ ਨਿਵਾਈ, (ਲੋਕਾਂ ਦਾ) ਰੁਖ ਦੇਖਕੇ ਮੈਂ ਝੁਕਿਆ। [5]ਤਾਂ ਵੀ ਗੁਣ ਹੀ ਹੋਵੇਗਾ ਜੇ (ਹੰਕਾਰ ਰੂਪੀ) ਦੂਖਨ ਨਾਸ਼ ਹੋ ਜਾਵੇਗਾ। [6]ਹੁਕਮ ਦਿਤਾ।

ਬੋਲੇ ਸਤਿਗੁਰੁ ਜਗਤੇਸ਼। 'ਹੁਇ ਆਦੇਸ ਤਿਸੈ ਆਦੇਸ਼' ॥ ੩੫ ॥ ਗੁਰ ਸਮੀਪ ਸਨਮੁਖ ਹੁਇ ਬੈਸੇ। ਸਿਰ ਮੁੰਡਤਿ ਹੁਇ ਹੰਡੀਆ ਜੈਸੇ। ਮੁੰਦ੍ਰਾ ਫਟਕ ਸ੍ਰਵਣ ਮਹਿਂ ਡਾਰੀ। ਭਸਮ ਲਗੇ ਝੋਰੀ ਤਨ ਧਾਰੀ ॥੩੬॥ ਸੇਲੀ ਮੇਲੀ ਕਟ ਲੰਗੋਟੀ। ਅਸ ਤਨ ਬੇਖ, ਤਊ ਇਛ ਖੋਟੀ[1]। ਸਭਿ ਸਿੱਧਾਂ ਕੇ ਬਲ ਹੈਂ ਭਾਰੇ। ਹਾਥ ਬਿਰਾਗਣ ਵਹੁਰੀ ਧਾਰੇ ॥੩੭॥ ਸਤਿਗੁਰ ਸੋਂ ਭੰਗਰ ਤਬਿ ਕਹੇ। 'ਜਗ ਮਹਿਂ ਗ੍ਰਿਹਸਤੀ ਤੁਮ ਬਨ ਰਹੇ। ਹਮ ਸਿਧ ਭਏ ਜਗਤ ਤੇ ਨਜਾਰੇ। ਭੋਗ ਬਿਖੈ ਤਯਾਗੇ ਸੁਖ ਭਾਰੇ ॥ ੩੮ ॥ ਹਮਰੇ ਸੰਗ ਤੁਮਾਰੋ ਅਰਨਾ। ਅਸਮੰਜਸ, ਨਰ ਬ੍ਰਿਧ ਗਨ ਬਰਨਾ। ਯਾਂਤੇ ਨਹੀਂ ਓਜ ਕਛੁ ਕੀਜੈ। ਗੋਰਖਮਤਾ ਛੋਰਿ ਥਲ ਦੀਜੈ ॥ ੩੯ ॥ ਇਹ ਸਿੱਧਨਿ ਕੋ ਥਾਨ ਪੁਰਾਨਾ। ਛਪਜੈ ਨਹੀਂ ਕੁਛ ਬਿਦਤਿ ਜਹਾਨਾ'। ਸ੍ਰੀ ਹਰਿਗੋਵਿੰਦ ਬਿਕਸਤਿ ਨੈਨ। ਉਤ੍ਰ ਦੇਨਿ ਕੋ ਬੋਲੇ ਬੈਨ ॥ ੪੦ ॥ 'ਬੰਧਨ ਮੁਕਤਿ ਬੇਸ ਤੇ ਨਾਂਹੀ[2]। ਬੰਧੇ, ਤਨ ਹੰਤਾ ਜਿਨ ਮਾਂਹੀ। ਮਮਤਾ ਧਰਤਿ ਮਹਾਂ ਮਨ ਮਾਨੀ। ਲਖਜੈ ਨ ਰੂਪ, ਨ ਦੁਬਿਧਾ ਹਾਨੀ ॥੪੧॥ ਵਹਿਰ ਬੇਖ ਧਰਿ ਮਨ ਨਹਿਂ ਸਾਧਾ। ਸੋ ਕਬਿ ਛੁਟਹਿ ਨ, ਬੰਧਨ ਬਾਧਾ[3]। ਜਿਨ ਕੇ ਤਨ ਹੰਤਾ ਨਹੀਂ ਲੇਸ਼। ਨਿਜ ਸਰੂਪ ਲਖਿ ਜਗਤ ਅਸ਼ੇਸ਼ ॥ ੪੨ ॥ ਮਮਤਾ ਗਈ, ਨ ਪੱਯਤਿ ਕਹਾਂ[4]। ਸੋ ਬਿਨ ਬੰਧਨ,ਗਜਾਨੀ ਮਹਾਂ। ਬੇਖ ਦੇਖਿ ਬਿਰ-ਮਹਿ ਅਨਜਾਨ। ਮਨ ਬਿਕਾਰ ਤੁਮਰੇ ਮਨ ਮਾਨ ॥ ੪੩ ॥ ਯਾਂਤੇ ਹੋ ਸਜ਼ਾਇ ਕੀ ਲਾਇਕ। ਬੰਚਕ[5] ਜਿਮ ਤਨੁ ਬੇਖ ਬਨਾਇਕ'। ਸੁਨਤਿ ਛੋਭ ਕਰਿ ਸਕਲ ਉਡਾਨੇ। ਨਿਜ ਅਜ਼ਮਤ ਕੋ ਚਹਿਂ ਦਿਖਰਾਨੇ ॥੪੪॥ ਬਰਖਾ ਪਾਥਰ ਕੀ ਗਨ ਬਰਖਤਿ। ਬਡੇ ਰੂਪ ਧਰਿ ਸਿੱਖਨਿ ਧਰਖਤਿ[6]॥ ਐਂਚਤਿ ਕੰਕਰ ਧੂਰਿ ਘਨੇਰੀ। ਬਲ ਤੇ ਬਾਯੂ ਬਹੀ ਬਡੇਰੀ ॥ ੪੫ ॥ ਅਧਿਕ ਪ੍ਰਕਾਸ਼ਤਿ ਉਲਕਾ[7] ਡਾਰਤਿ। 'ਮਾਰਿ ਲੇਹੁ ਇਨ' ਬਦਨ ਪੁਕਾ-ਰਤਿ। 'ਬਹੁਰ ਨ ਕਰਹਿਂ ਬਿਖੇਰਾ ਆਇ'। ਬੋਲਜੈ ਭੰਗਰ ਕ੍ਰੋਧ ਵਧਾਇ॥ ੪੬॥ 'ਹਮ ਨੀਕੇ ਸਮੁਝਾਇ ਨ ਮਾਨੀ। ਕਰਹਿਂ ਚਮੂੰ ਜੁਤਿ ਅਬਿ ਤੁਵ ਹਾਨੀ।ਨਾਂਹਿ ਤ ਤੂਰਨ ਜਾਹੁ ਪਲਾਈ'। ਬੋਲਤਿ ਦਾਰੁਨ ਰੂਪ ਬਨਾਈ ॥

---

[1]ਖੋਟੀ ਵਾਸ਼ਨਾ ਹੈ। [2]ਭੇਖ ਨਾਲ ਮੁਕਤੀ ਤੇ ਬੰਧਾਇਮਾਨਤਾ ਨਹੀਂ ਹੈ। [3]ਓਹ ਬੰਧਨਾਂ ਕਰਕੇ ਬੱਧੇ ਹੋਏ ਹਨ। [4]ਗਈ ਹੋਈ ਕਿਧਰੇ ਨਹੀਂ ਪਾਈਦੀ। [5]ਠੱਗ। [6]ਦਬਾਉਂਦੇ ਹਨ [ਸਿਸ:, ਸਰ੍ਹਖਣ]। [7]ਚੁਆਤੀਆਂ। (ਅ) ਟੁੱਟਦੇ ਤਾਰੇ।

੪੭॥ ਸ਼ੇਰ ਸਰਪ ਗਿਰ ਸਮ ਵਧਿ ਗਏ।ਦੇਖਤਿ ਸਿੱਖ ਬਿਸਮ ਉਰ ਭਏ। ਸੁਨਤਿ ਹੁਤੇ ਸ੍ਰੀ ਨਾਨਕ ਸਾਥ। ਅਜ਼ਮਤਿ ਲਾਇ ਥਕੇ ਸਿਧ ਨਾਥ ॥੪੮ ॥ ਤਿਮ ਅਬਿ ਗੁਰੁ ਸੋਂ ਕੀਨਿ ਬਿਖੇਰਾ। ਬੋਲੇ ਹਰਿਗੋਵਿੰਦ ਤਿਸ ਬੇਰਾ। 'ਬੈਠੇ ਰਹਹੁ ਬਿਲੋਕ ਤਮਾਸ਼ਾ। ਸਭਿ ਇਨ ਸ਼ਕਤੀ ਹੋਹਿ ਬਿਨਾਸ਼ਾ' ॥੪੯ ॥ ਗੁਰੁ ਡੇਰੇ ਤੇ ਦੂਰ ਫਿਰੰਤੇ। ਗੁਰੂ ਤੇਜ ਤੇ ਅੰਗ ਜਰੰਤੇ। ਬਰਖਾਆਦਿਕ ਬਡ ਉਤਪਾਤ। ਗੁਰੁ ਨਰ ਕੇ ਨ ਛੁਏ ਕੁਛ ਗਾਤ ॥ ੫੦॥ ਗੁਰੂ ਪ੍ਰਤਾਪ ਅਪਨਿ ਦਿਖਰਾਵਾ। ਸਮ ਸੂਰਜ ਕੇ ਤਿਨਹੁੰ ਦਿਖਾਵਾ। ਜਹਿਂ ਜਹਿਂ ਫਿਰਤਿ ਧਾਇ ਕਰਿ ਸਾਰੇ। ਅਗਨ ਸਮਾਨ ਤਹਾਂ ਤਹਿਂ ਜਾਰੇ ॥੫੧॥ਸਹਿ ਨ ਸਕਹਿਂ ਭਾਜਨਿ ਹੀ ਧਾਰਾ। ਬਯਾਕੁਲ ਹੋਤਿ ਲਾਇ ਬਲ ਸਾਰਾ। ਜਰੇ ਜਾਹਿਂ ਤਨ ਜਤਨ ਕਰੰਤੇ। ਚਲੇ ਪਲਾਇ ਰਿਦੇ ਪਛੁਤੰਤੇ ॥ ੫੨॥ ਠਹਿ-ਰਯੋ ਗਯੋ ਨ ਬਡ ਹਠ ਧਾਰਤਿ। ਕੋਸ ਕੋਸ ਲਗਿ ਚਹੁੰਦਿਸ਼ਿ ਜਾਰਤਿ[1]। ਤਜਿ ਧੀਰਜ ਕੋ ਗਏ ਪਲਾਈ।ਜਹਿਂ ਗੋਰਖ ਜੁਤਿ ਸਿਧ ਸਮੁਦਾਈ॥੫੩॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪੰਚਮ ਰਾਸੇ 'ਸਿੱਧਨ ਪ੍ਰਸੰਗ' ਬਰਨਨੰ ਨਾਮ ਚਤੁਰਤ੍ਰਿੰਸਤੀ ਅੰਸੂ ॥ ੩੪ ॥

੩੫. [ਵਾਪਸ ਪੰਜਾਬ ਨੂੰ। ਬਨੇਸਰ, ਡਰੋਲੀ]।

ਦੋਹਰਾ ॥ ਭਾਜਿ ਗਏ ਤਜਿ ਲਾਜ ਕੋ ਸਿੱਧ ਸਮਾਜ ਮਝਾਰ। ਜਾਨੀ ਗੋਰਖ ਬਾਰਤਾ ਬੋਲਯੋ ਕੁਛ ਰਿਸ ਧਾਰਿ ॥੧॥ ਚੌਪਈ ॥ 'ਸੁਨਿ ਭੰਗਰ ! ਤੈਂ ਲਾਜ ਬਿਸਾਰੀ। ਬਨਿ ਬਨਿ ਬੈਠਤਿ ਬਡ ਹੰਕਾਰੀ। ਸ੍ਰੀ ਨਾਨਕ ਕੀ ਪ੍ਰਥਮ ਖਰਾਵਾਂ। ਤਿਸ ਕੀ ਮਾਰ ਖਾਇ ਪਛੁਤਾਵਾ ॥੨॥ ਅਪਨੇ ਸਾਥਿ ਅਨੁਚਿਤ ਕਰਾਈ। ਤੌ ਗੁਰ ਆਗੇ ਗ੍ਰੀਵ ਨਿਵਾਈ। ਜਗ ਮਹਿਂ ਪ੍ਰਗਟਨ, ਦੇਨਿ ਦਿਖਾਈ[2]। ਜਹਿਂ ਕਹਿਂ ਨਰ ਗਨ ਤੇ ਪੁਜਵਾਈ[3] ॥੩॥ ਤਬਿ ਕੀ ਹਮ ਨੇ ਦੀਨਿਸਿ ਛੋਰ। ਜਾਨਯੋ ਪਸਰਯੋ ਕਲਿਜੁਗ ਘੋਰ। ਸੋ ਪੂਨ ਤਜਿ ਅਬਿ ਗਮਨੇ ਦੌਰਿ। ਕਯਾ ਕਰਤੂਤ ਕਰੀ ਤਿਸ ਠੌਰਿ ॥ ੪ ॥ ਸਭਿ ਸਿੱਧਨਿ ਕੋ ਕੀਨਸਿ ਹੌਰਾ। ਮਦ ਹੰਕਾਰ ਪਾਨ ਤੇ ਬੌਰਾ। ਜੋ ਸਿਧ ਹੁਇ ਮਮ ਬਚ ਅਨੁਸਾਰੀ। ਰਹੈ ਦੂਰਯੋ ਅਬਿ ਗਿਰਨ ਮਝਾਰੀ ॥੫॥ ਨਹਿਂ ਦੇਸ਼ਨਿ ਤਿਨ ਦੇਹਿਂ ਦਿਖਾਈ[4]। ਰਹਹਿ ਨ ਬਿਦਤਿ ਹੋਨਿ ਪੁਜਵਾਈ। ਬੇ ਮਿਰਜਾਦ ਕਰਹਿ ਅਬਿ ਕੋਈ।ਸਿਧ ਮੰਡਲ ਤੇ ਨਿਕਸਹਿ[5] ਸੋਈ' ॥ ੬॥ ਸਭਿ ਸਿਧ ਭੰਗਰ ਕੀ ਦਿਸ਼ਿ ਦੇਖ।ਹਸਹਿਂ,ਲਖਹਿਂ–ਮਤਿਮੰਦ ਬਿਸ਼ੇਖ–। ਬੈਠਿ ਰਹਯੋ

[1] ਸਾੜਦੀ ਹੈ (ਅੱਗ)। [2] ਪ੍ਰਗਟ ਹੋਣਾ ਤੇ ਦਿਖਾਈ ਦੇਣਾ। [3] ਪੁਜਵਾਵਣਾ। [4] ਤਿਨ੍ਹਾਂ ਦੇਸ਼ਾਂ ਵਿਚ ਦਿਖਾਈ ਨਾ ਦੇਣ। [5] ਕੱਢਿਆ ਜਾਏਗਾ।

ਕਰਿ ਕੈ ਮੁਖ ਨੀਚਾ। ਮਨਹੁ ਸੈਂਕਰੇ ਘਟ ਜਲ ਸੀਂਚਾ[1] ॥੭॥ਸੁਨਿ ਗੋਰਖ ਤੇ ਸਿੱਧਨਿ ਮਾਨੀ। ਬਹੁਰ ਨ ਬਿਦਤਿ ਭਏ ਕਿਸ ਥਾਨੀ*। ਟਿਕੇ ਜਾਇ ਕਰਿ ਸਰਬ ਸੁਮੇਰ। ਕਰਹਿਂ ਜੋਗ ਕੋ ਬੇਸ ਬਡੇਰ ॥ ੮ ॥ ਸਭਿ ਉਤਪਾਤ ਬਿਸਾਲ† ਬਿਲੋਕੇ। ਅਪਨਿ ਤੇਜ ਤੇ ਸ੍ਰੀ ਗੁਰੁ ਰੋਕੇ।ਸੁਭਟ ਜਿ ਸਿੱਖ ਸਾਧ ਅਲਮਸਤ। ਸਿਧ ਭਾਗੇ ਪਿਖਿ ਹਰਖ ਸਮਸਤ ॥ ੯ ॥ ਸ੍ਰੀ ਮੁਖ ਤੇ ਸਭਿ-ਹੂੰਨਿ ਸੁਨਾਯੋ। 'ਭਯੋ ਬਿਘਨ ਹਮ ਸਕਲ ਮਿਟਾਯੋ। ਅਬਿ ਤੇ ਆਗੇ ਹੋਹਿ ਨ ਕੋਈ। ਨਹਿਂ ਆਵਹਿ ਕਬਿ ਕੋ ਸਿਧ ਜੋਈ ॥ ੧੦॥ ਭਯੋ ਅਚਲ ਸ੍ਰੀ ਨਾਨਕ ਮਤਾ। ਬਿਘਨ ਭਵਿੱਖਤਿ ਕੇ ਸਭਿ ਹਤਾ'। ਸੁਨਤਿ ਅਨੰਦ ਭਏ ਸਿਖ ਸਾਰੇ। ਸਦਾ ਗੁਰੂ ਕੀ ਬਿਜੈ ਉਚਾਰੇਂ॥ ੧੧ ॥ ਤਿਸ ਦਿਨ ਸਤਿ-ਗੁਰ ਡੇਰੇ ਮਾਂਹਿ। ਥਿਰੇ ਰਹੇ ਕਿਤ ਗਮਨੇ ਨਾਂਹਿ । ਪੰਚਾਂਮ੍ਰਿਤ ਘਨੋ ਕਰਿਵਾਯੋ। ਨਰ ਗਨ ਮਿਲੇ ਸਭਿਨਿ ਵਰਤਾਯੋ॥ ੧੨ ॥ਸੁਨਿ ਕਰਿ ਪਿਖਿ ਕਰਿ ਗੁਰ ਆਗਵਨੂ। ਜਿਸ ਪੁਰਿ ਗ੍ਰਾਮ ਹੁਤੇ ਸਿਖ ਭਵਨੂ। ਨਰ ਨਾਰੀ ਆਨੰਦ ਬਿਲੰਦੇ। ਮਿਲਿ ਮਿਲਿ ਜਹਿਂ ਕਹਿਂ ਤੇ ਸਿਖ ਬ੍ਰਿੰਦੇ॥ ੧੩ ॥ ਦਰਸ਼ਨ ਹਿਤ ਉਤਲਾਵਤ ਆਏ। ਮਨਹੁ ਅਮੀ ਸਰ ਮਰਿ ਮੁਹਿ ਪਾਏ[2]। -ਜਿਨਕੋ ਸੁਨਤਿ ਦੂਰਿ ਤੇ ਦੂਰਿਹਮ ਭਾਗਨਿ ਕਰਿ ਅਏ ਹਦੂਰਿ-॥੧੪ ॥ਧਰਿਧਰਿ ਆਗੈ ਪੁੰਜ ਅਕੋਰ।ਚਰਨ ਕਮਲ ਬੰਦਹਿਂ ਕਰਜੋਰਿ।ਜਸ ਜਸ ਕਰਹਿਂ ਕਾਮਨਾ,ਪਾਵਹਿਂ।ਦਰਸ਼ਨ ਤੇਨਿਰਮਲ ਬਨਿ ਜਾਵਹਿਂ॥੧੫॥ਸੱਤਿ-ਨਾਮ ਸਿਮਰਨ ਲਿਵ ਲਾਗੇ। ਜਿਨ ਮਨ ਸੁਪਤਿ ਭਗਤਿ ਮਹਿਂ ਜਾਗੇ। ਭਈ ਭੀਰ ਗੁਰੁ ਕੇ ਚਹੁੰਫੇਰੇ। ਆਵਤਿ ਗਮਨਤਿ ਚਹੁ ਦਿਸ਼ਿ ਕੇਰੇ॥੧੬॥ ਸੁਜਸੁ ਬਖਾਨਤਿ ਜਹਿਂ ਕਹਿਂ ਜਾਤੇ। ਪੁਰਹਿਂ ਕਾਮਨਾ ਉਰ ਹਰਖਾਤੇ। ਸ੍ਰੀ ਹਰਿਗੋਵਿੰਦ ਹਯ ਆਰੂੜੇ।ਕਰਹਿਂ ਅਖੇਰ ਬ੍ਰਿਤੀ ਬਨਿ ਗੂੜੇ[3] ॥੧੭॥ ਬੀਨ ਬੀਨ ਕਰਿ ਕੇਹਿਰ ਮਾਰੇ। ਸੂਕਰ ਸਸੇ ਧਾਇ ਸੰਘਾਰੇ। ਪਾੜ੍ਹੇ ਮਿਰਗ ਜਾਨਿ ਨਾਂਹਿ ਪਾਵੈਂ। ਤੀਰਨਿ ਤਰ ਕੈ ਤੁਪਕਨਿ[4] ਘਾਵੈਂ ॥੧੮॥ ਬਨ ਮਹਿਂ ਬਿਚਰਤਿ ਰਹਤਿ ਬਡੇਰੇ। ਸੰਗਤਿ ਆਇ ਥਿਰਹਿ ਬਿਚ ਡੇਰੇ।ਜਬਿ ਸਤਿ-

---

[1]ਮਾਨੋ ਜਲ ਦੇ ਘੜਿਆਂ ਨਾਲ (ਸਿੰਜਿਆ) ਭਿੱਜਿਆ ਭਾਵ ਸ਼ਰਮਿੰਦਾ ਹੋਇਆ ਹੈ। [2]ਮੁਰਦੇ ਸਮਾਨਾਂ ਦੇ ਮੂੰਹ ਵਿਚ ਮਾਨੋ ਅੰਮ੍ਰਿਤ ਪਾਇਆ ਹੈ। [3]ਸੰਘਣੇ ਬਨ ਵਿਚ। [4]ਬਹੁਤੇ ਤੀਰਾਂ ਨਾਲ ਅਥਵਾ ਬੰਦੂਕਾਂ ਨਾਲ।

*ਇਸ ਦਾ ਭਾਵ ਇਹ ਹੈ ਕਿ ਸਿੱਧਾਂ ਦਾ ਮਾਨ ਪ੍ਰਤਿਸ਼ਟਾ ਤੇ ਉਹਨਾਂ ਦਾ ਮਤ ਲੋਕਾਂ ਵਿਚੋਂ ਦੂਰ ਹੋ ਗਿਆ।

†ਪਾঃ-ਬਿਲਾਤ।

ਗੁਰ ਅਖੇਰ ਕਰਿ ਆਵੈਂ।ਤਬਿ ਸੁੰਦਰ ਦਰਸ਼ਨ ਕੋ ਪਾਵੈਂ ॥੧੯॥ ਗ੍ਰਾਮਨਿ
ਮਹਿਂ ਬਹੁ ਸਿਖ ਬਨਜਾਰੇ। ਧਨੀ ਬਿਸਾਲ ਕਰਹਿਂ ਬਿਵਹਾਰੇ। ਅਰਪਹਿਂ
ਦਰਬ ਸਰਬ ਤਹਿਂ ਆਨਿ। ਗੁਰੂ ਕਾਮਨਾ ਪੁਰਹਿਂ ਮਹਾਂਨ॥ ੨੦ ॥ ਇਸ
ਪ੍ਰਕਾਰ ਦਿਨ ਕਿਤਿਕ ਬਿਤਾਇ। ਸਭਿ ਥਲ ਕੇ ਸਿਖ ਮੁੱਖਜ ਬੁਲਾਇ।ਜਬਿ
ਸਮੁਦਾਇ ਆਨਿ ਕਰਿ ਬੈਸੇ।ਸ਼੍ਰੀ ਹਰਿਗੋਵਿੰਦ ਉਚਰਜੋ ਐਸੇ॥੨੧॥'ਪ੍ਰਥਮ
ਗੁਰੂ ਕੋ ਇਹ ਅਸਥਾਨ। ਦਰਸ਼ਨ ਕੋ ਫਲ ਪੁੰਨ ਮਹਾਨ। ਅਘ ਓਘਨਿ
ਹਰਤਾ ਉਰ ਧਰੀਯਹਿ। ਪੁਰਬ ਦਿਵਸ ਕੇ ਮੇਲਾ ਕਰੀਯਹਿ॥੨੨॥ ਸਤਿ-
ਗੁਰੁ ਸ਼ਬਦ ਪਠਹੁ ਅਰੁ ਸੁਨੀਯਹਿਕਰੋ ਕੀਰਤਨੁ ਨਿਰਮਲ ਬਨੀਯਹਿ।
ਬਿਘਨ ਉਠਾਵਹਿ ਕੋ ਇਤ ਆਇ। ਨਿਰਵਾਰਹੁ ਮਿਲਿ ਕਰਿ ਸਮੁ-
ਦਾਇ'॥੨੩॥ ਸੁਨਿ ਗੁਰਿ ਤੇ ਸਭਿਹੂੰਨਿ ਬਖਾਨੀ। 'ਅਬਿ ਤੇ ਕਰਹਿਂ
ਕਹੀ ਜਿਮ ਬਾਨੀ। ਜਿਸ ਪ੍ਰਕਾਰ ਹਮਰੋ ਕੱਲਜਾਨ[1]। ਤਿਮ ਤੁਮ ਹਮ ਸੋਂ
ਕਰਤਿ ਬਖਾਨ' ॥੨੪॥ 'ਅਬਿ ਤੇ ਸਾਧ ਫਕੀਰੀ ਬੇਸ। ਰਹੈ ਇਹਾਂ' ਬੋਲੇ
ਜਗਤੇਸ਼। ਪੁਨ ਅਲਮਸਤ ਸਾਧ ਕੋ ਧੀਰਦੇ ਕਰਿ ਭਲੇ ਗੁਰੂ ਬਰ ਬੀਰ॥
੨੫॥ ਅਪਨੇ ਦੇਸ਼ ਚਲਨਿ ਕੇ ਹੇਤੁ। ਕਹਜੋ ਸਭਿਨਿ ਸੋਂ 'ਬਨਹੁ ਸੁਚੇਤ'।
ਤਿਸ ਥਲ ਥਿਰ ਹੁਇ ਕਰਿ ਅਰਦਾਸ। ਅਭਿਬੰਦਨ ਚਿਤ ਧਰੇ ਹੁਲਾਸ॥
੨੬॥ਹਯ ਅਰੋਹ ਸਤਿਗੁਰ ਮਗ ਚਲੇ।ਕਰਿਕਰਿ ਬੰਦਨ ਨਰ ਗਨ ਮਿਲੇ।
ਸਭਿਹਿਨਿ ਕਹੁ ਹਰਖਾਇ ਸੁ ਆਛੇ। ਪ੍ਰਸਥਾਨੇ ਕੁਛ ਸੈਨਾ ਪਾਛੇ॥
੨੭॥ ਕ੍ਰਮ ਕ੍ਰਮ ਕਰਿ ਮਗ ਉਲੰਘਨਿ ਕਰਜੋ। ਆਇ ਸੁਰਸਰੀ ਨੀਰ
ਨਿਹਰਜੋ। ਤਟ ਪ੍ਰਵਾਹ ਕੇ ਡੇਰਾ ਪਾਇ। ਜਲ ਮਹਿਂ ਕ੍ਰੀੜਤਿ[2] ਅਨੰਦ
ਉਪਾਇ॥੨੮॥ਬਿਧੀਆ ਜੇਠਾ ਆਦਿਕ ਸਾਰੇ। ਗੁਰ ਪਾਛੇ ਬਰਿ ਗੰਗਮਝਾਰੇ।
ਇਤ ਉਤ ਪੈਰਤਿ[3]ਬੇਗ ਕਰੰਤੇ। ਨਿਰਮਲ ਜਲ ਤੇ ਉਰ ਹਰਖੰਤੇ॥੨੯॥
ਇਤਨੇ ਮਹਿਂ ਸੁਨਿ ਦਿਜ ਗਨ ਆਏ। ਜਾਚਿ ਗੁਰੂ ਤੇ ਧਨ ਬਹੁ ਪਾਏ।
ਕੀਰਤਿ ਕਰਤਿ ਸਦਨ ਕੋ ਗਏ। 'ਇਨਿ ਸਮ ਦਾਤਾ ਨਹਿਂ ਦ੍ਰਿਸ਼ਟਏ॥
੩੦॥ ਜਿਨਹੁੰ ਦਾਨ ਸਤਿਗੁਰ ਤੇ ਪਾਯੋ। ਦਾਰਿਦ ਸਗਰੀ ਬੈਸ ਗਵਾਯੋ।
ਜਿਸ ਕੋ ਦੇਤੇ ਕਰਤਿ ਨਿਹਾਲਾ'। ਪਸਰਜੋ ਜਹਿਂ ਕਹਿਂ ਸੁਜਸੁ ਉਜਾਲਾ॥
੩੧॥ ਮਨ ਭਾਵਤਿ ਗੁਰੁ ਕਰੇ ਬਿਲਾਸਾ। ਰਹੇ ਕਿਤਿਕ ਦਿਨ ਸੁਰਸਰਿ
ਪਾਸਾ। ਚਢੇ ਤਹਾਂ ਤੇ ਚਲੇ ਅਗਾਰੀ।ਸਨੈ ਸਨੈ ਵਾਹਨ[4] ਸੁਖ ਧਾਰੀ॥੩੨॥

[1]ਮੁਕਤ, ਸੁਖ। [2]ਖੇਲਾਂ ਕਰਦੇ ਹਨ। [3]ਤਰਦੇ ਹਨ। [4]ਸਵਾਰੀਆਂ (ਉੱਪਰ)।

ਆਈ ਸ਼ਜਾਮਲ ਵਾਰੀ ਵਾਰੀ[1]। ਸ੍ਰੀ ਜਮਨਾ ਪਾਵਨ ਅਘ ਹਾਰੀ। ਤਟ
ਡੇਰਾ ਕਰਿ ਤਹਾਂ ਨਹਾਏ। ਦਿਯੋ ਦਾਨ ਦਿਜ ਜੋ ਚਲਿ ਆਏ ॥ ੩੩ ॥
ਪਰੇ ਪਾਰ ਗੁਰੁ ਸੈਨ ਸਮੇਤਾ। ਆਗੈ ਗਮਨੇ ਹੋਇ ਸੁਚੇਤਾ। ਪ੍ਰਾਪਤਿ ਭਏ
ਥਨੇਸੁਰ ਆਏ। ਡੇਰਾ ਕਰ੍ਯੋ ਤੁਰੰਗ ਲਗਾਏਂ ॥ ੩੪ ॥ ਬਡੇ ਤਾਲ ਮਹਿਂ
ਕੀਨਿ ਸ਼ਨਾਨਾ। ਪੁਨ ਗਮਨੇ ਗੁਰ ਨਾਨਕ ਥਾਨਾ। ਦਰਸ਼ਨ ਕਰ੍ਯੋ
ਪ੍ਰਸ਼ਾਦਿ ਬ੍ਰਤਾਯੋ। ਹਰਖਤਿ ਸਭਿ ਸਿੱਖਨਿ ਲੇ ਖਾਯੋ ॥ ੩੫ ॥ ਦਾਸਨਿ
ਬੂਝ੍ਯੋ ਥਾਨ ਪ੍ਰਸੰਗ। ਗੁਰੂ ਸੁਨਾਯਹੁ ਸਭਿ ਕੇ ਸੰਗ।'ਸੂਰਜ ਪਰਬ[2] ਇਹਾਂ
ਗੁਰੁ ਆਏ। ਸੰਨ੍ਯਾਸੀ ਦਿਜਿ ਮਿਲਿ ਸਮੁਦਾਏ ॥ ੩੬ ॥ ਮਨ ਮਲੀਨ
ਸਭਿ ਕੇ ਗੁਰੁ ਜਾਨੇ। ਵਹਿਰ ਬੇਖ ਕੂਰੇ ਤਨ ਠਾਨੇ। ਕਰਿ ਚਰਚਾ ਸਭਿ
ਕੋ ਮਗ ਪਾਯਹੁ। ਗੁਰੁ ਸਿੱਖੀ ਜਗ ਮਹਿਂ ਬਿਦਤਾਯਹੁ ॥ ੩੭ ॥ ਇਕਠੇ
ਭਏ ਬਿਦੁਖਨਿ[3] ਬਿਲੋਕ। ਸ੍ਰੀ ਨਾਨਕ ਤਬਿ ਕੀਨਿ ਸ਼ਲੋਕ। ਕਰਹਿ
ਤਰਕਨਾ ਜੋ ਪਿਖਿ ਮਾਸ। ਤਿਨ ਪਰ ਕੀਨੇ ਬਾਕ ਬਿਲਾਸ' ॥ ੩੯ ॥ ਸ੍ਰੀ
ਗੁਰੁ ਹਰਿਗੋਵਿੰਦ ਮੁਕਾਮੂ। ਕਿਤਿਕ ਦ੍ਯੋਸ ਕੀਨਿਸਿ ਬਿਸਰਾਮੂ। ਸਭਿ
ਤੀਰਥ ਕੋ ਕਰੇ ਸ਼ਨਾਨ। ਪੁਨ ਤਹਿਂ ਤੇ ਚਾਹ੍ਯੋ ਪ੍ਰਸਥਾਨ॥੩੯॥ਸਨੈ ਸਨੈ
ਗਮਨੇ ਮਗ ਮਾਂਹੀ। ਮਿਲਹਿਂ ਸਿੱਖ ਸੁਨ ਆਵਤਿ ਪਾਹੀ। ਪੰਥ ਬਿਖੈ
ਕ੍ਰੇਤਿਕ ਮਿਲਿ ਕਰੈਂ। ਦੌਰਿ ਦੌਰਿ ਪਦ ਪਰ ਸਿਰ ਧਰੈਂ ॥੪੦॥ ਡੇਰਾ ਹੋਤਿ
ਅਨਿਕ ਚਲਿ ਆਵੈਂ। ਅਰਪ ਅਕੋਰਨਿ ਸੀਸ ਨਿਵਾਵੈਂ। ਇਸਿ ਬਿਧਿ
ਦਿਨ ਪ੍ਰਤਿ ਭੀਰ ਭਰਤਿ ਹੈ ਮੇਲਾ ਬਡਿ ਗੁਰੁ ਨਿਕਟਿ ਕਰਤਿ ਹੈਂ ॥੪੧॥
ਸਨੈ ਸਨੈ ਸਭਿ ਉਲੰਘਤਿ ਗਏ। ਨਿਕਟਿ ਡਰੋਲੀ ਪਹੁੰਚਤਿ ਭਏ। ਪਰ-
ਖਤਿ ਸਗੁਨ ਸਕਲ ਪਰਵਾਰ। ਕਰਤਿ ਪ੍ਰਤੀਖਨ ਪ੍ਰੇਮ ਉਦਾਰ ॥ ੪੨ ॥
ਬੋਲਤਿ ਕਾਕ ਉਡਾਵਨਿ ਕਰੈਂ।'ਗੁਰੁ ਆਵਹਿਂ'ਇਮ ਬਾਕ ਉਚਰੈਂ। ਗੰਗਾ
ਰਿਦੇ ਸਨੇਹ ਅਛੇਹ। ਸੁਤ ਦਰਸ਼ਨ ਕੋ ਬਾਂਛਤਿ ਗ੍ਰੇਹ ॥ ੪੩ ॥ ਦੋਹਰਾ ॥
ਗੁਰੁ ਘਰਨੀ ਦਾਮੋਦਰੀ ਦੁਤਿਯ ਨਾਨਕੀ ਜਾਨ। ਚਿਤਵਤਿ ਗੁਰੁ ਆਗ-
ਵਨਿ ਕੋ ਕਰਿ ਕਰਿ ਪ੍ਰੀਤ ਮਹਾਨ ॥੪੪॥ਚੌਪਈ॥ ਤਿਮ ਰਾਮੋ ਅਰੁ ਸਾਈਂ-
ਦਾਸ। ਕਰਹਿਂ ਪ੍ਰਤੀਖਨ ਆਵਨਿ ਆਸ। ਆਂਖ ਨਾਨਕੀ ਫਰਕੀ ਬਾਮੂ।
ਸਮ ਇੰਦੀਬਰ[4] ਬਡਿ ਅਭਿਰਾਮੂ ॥੪੫॥ ਪਟ[5] ਦਮੋਦਰੀ ਕੋ ਸਰਕੰਤਿ।
ਬਾਮ ਭੁਜਾ ਛਿਨ ਛਿਨ ਫਰਕੰਤਿ। ਤਿਮ ਸੁਭ ਸ਼ਗੁਨ ਗੰਗ ਪਰਖੰਤੀ।

[1]ਸ਼ਜਾਮ ਜਲ ਵਾਲੀ। [2]ਭਾਵ ਸੂਰਜ ਗ੍ਰਹਣ ਤੇ। [3]ਬ੍ਰਾਹਮਣ [ਸੰਸ:, ਵਿਦੁਖ=ਪੰਡਿਤ]।
[4]ਨੀਲੇ ਰੰਗ ਦੇ ਕਵਲ ਵਾਂਙ। [5]ਦੁਪੱਟਾ।

-ਸੁਤ ਆਵਹਿ ਅਬਿ ਸ਼ੀਘ੍ਰ-ਲਖੰਤੀ ॥ ੪੬ ॥ ਸੁਨਿ ਸੁਨਿ ਪਿਖਿ ਪਿਖਿ ਸੌਨ[1] ਪ੍ਰਕਾਸ਼। ਹਰਖਤਿ ਰਾਮੋ ਸਾਈਂਦਾਸ। ਗੁਰੁ ਆਗਵਨ ਜਾਨਿ ਨਿਧਰਾਧੋ। ਸਰਬ ਸਮਾਜ ਤਯਾਰ ਕਰਿਵਾਯੋ ॥ ੪੭ ॥ ਤ੍ਰਿਣ ਆਦਿਕ ਜੋ ਚਹਿਯਹਿ ਆਇ। ਕੀਨੇ ਤਯਾਰ ਸਕਲ ਸਮੁਦਾਇ। ਕਰਹਿਂ ਪ੍ਰਤੀਖਨ ਦਿਨ ਪ੍ਰਤਿ ਐਸੇ। ਗ੍ਰੀਖਮ ਮਹਿਂ ਬਰਹੀ ਘਨ ਜੈਸੇ[2] ॥ ੪੮ ॥ ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥੇ ਪੰਚਮ ਰਾਸੇ 'ਸ਼੍ਰੀ ਗੁਰੂ ਡਰੌਲੀ ਆਗਵਨ' ਪ੍ਰਸੰਗ ਬਰਨਨੰ ਨਾਮ ਪੰਚ ਤ੍ਰਿੰਸਤੀ ਅੰਸੂ ॥ ੩੫ ॥

੩੬. [ਡਰੌਲੀ]।

ਦੋਹਰਾ ॥ ਸ਼੍ਰੀ ਗੁਰੁ ਹਰਿ ਗੋਵਿੰਦ ਜੀ ਪ੍ਰਥਮ ਪਠ੍ਯੋ ਅਸਵਾਰ। ਗ੍ਰਾਮ ਡਰੌਲੀ ਸੁਧਿ ਦਈ ਸੁਨਿ ਹਰਖ੍ਯੋ ਪਰਵਾਰ ॥ ੧ ॥ ਚੌਪਈ ॥ ਸਾਈਂਦਾਸ ਦਾਸ ਲੇ ਬ੍ਰਿੰਦ। ਸੁਨਿ ਸਨਮਾਨਨਿ ਹੇਤੁ ਬਿਲੰਦ। ਨਿਕਸਿ ਗ੍ਰਾਮ ਤੇ ਵਧ੍ਯੋ ਪ੍ਰਮੋਦ। ਤੂਰਨਿ ਗਮਨ੍ਯੋ ਸਤਿਗੁਰੁ ਕੋਦ[3] ॥ ੨ ॥ [4]"ਸੁੰਦਰ ਮੰਦਰ ਬਿਖੈ ਪ੍ਰਯੰਕ। ਕਰ੍ਯੋ ਡਸਾਵਨਿ ਹਰਖਤਿ ਅੰਕ। ਉੱਜਲ ਆਸਤਰਨ[5] ਕਸਵਾਇ। ਰੇਸ਼ਮ ਡੋਰ ਗੁੰਫ[6] ਲਰਕਾਇ ॥੩॥ ਅੰਤਰ ਵਹਿਰ ਨਿਰੰਤਰ ਘਰ ਕੋ। ਕਰੀਯਹਿ ਤਯਾਰਿ ਮਾਰਜਨਿ[7] ਕਰਿ ਕੋ। ਅਤਰਨ ਕੀ ਖੁਸ਼ਬੋਇ ਫੈਲਾਵਹੁ। ਦਾਸ ਭੇਜਿ ਗਨ ਫੂਲ ਅਨਾਵਹੁ ॥ ੪ ॥ ਕੁੰਭ ਅੰਬ ਹਿਤ[8], ਦੀਜਹਿ ਕੋਰੇ। ਸੀਤਲ ਜਲ ਕੀਜਹਿ ਸਮ ਓਰੇ[9]। ਤਰ ਊਪਰ ਦੇ ਕਰਿ ਬਹੁ ਸ਼ੋਰਾ[10]। ਕਰਹੁ ਭਲੇ ਇਹ ਕਾਰਜ ਤੋਰਾ" ॥੫॥ ਕਹਿ ਰਾਮੋ ਸੰਗ ਆਪ ਪਧਾਨਾ। ਗੁਰੁ ਸਨਮੁਖ, ਕਰਿਬੇ ਸਨਮਾਨਾ। ਮਧੁਰ ਪ੍ਰਸ਼ਾਦਿ ਉਠਾਏ ਹਾਥ। ਅਤਿ ਚਿਤ ਚੌਂਪ ਪਿਖਨਿ ਕੋ ਨਾਥ ॥ ੬ ॥ ਮਾਤ ਗੰਗ ਕੇ ਸੇਵਕ ਸੰਗ। ਮਿਲੇ ਡਰੌਲੀ ਮਨੁਜ ਉਮੰਗ। ਸਭਿਹਿਨਿ ਕੇ ਚਿਤ ਚਾਉ ਬਡੇਰੇ। ਪੈਰ ਨਗਨ ਗੇ ਕੋਸ ਅਗੇਰੇ ॥੭॥ ਪਿਖੇ ਦੂਰ ਤੇ ਉਡਤੀ ਧੂਰ। ਭੇ ਅਨੰਦ ਤੇ ਉਰ ਭਰਪੂਰ। ਉਦ੍ਯੋ ਮਨੋ ਪੂਰਬ ਦਿਸ਼ਿ ਚੰਦ। ਭਏ ਚਕੋਰ ਬਿਲੋਚਨ ਵ੍ਰਿੰਦ ॥੮॥ ਕਰਤਿ ਉਤਾਇਲ ਕਿਮ ਮਿਲਿ ਜਾਇ। ਜਨੁ ਰਵਿ ਪਿਖਿ ਪੰਕਜ ਬਿਕਸਾਇ। ਚਰਨ ਧਰਤਿ ਆਗੇ, ਬਿਚਲੰਤੇ। ਗਦ ਗਦ ਗਿਰਾ ਨ ਬੋਲ ਸਕੰਤੇ ॥ ੯ ॥ ਭਈ ਦਸ਼ਾ ਅਸ ਸਾਈਂਦਾਸ। ਮਨ ਕੋ ਪ੍ਰੇਮ ਬਿਸਾਲ ਪ੍ਰਕਾਸ਼। ਜਲ

[1]ਸ਼ਗੁਨ। [2]ਮੋਰ ਬੱਦਲ ਨੂੰ ਜਿਵੇਂ [ਸੰਸ:,ਵਰਹਿਨ=ਮੋਰ]। [3]ਤਰਫ। [4]ਭਾਈ ਸਾਈਂਦਾਸ ਜੀ ਬੀਬੀ ਰਾਮੋ ਜੀ ਨੂੰ ਕਹਿੰਦੇ ਹਨ (ਦੇਖੋ ਅੰਕ ੬)। [5]ਵਿਛਾਵਣਾਂ। [6]ਗੁੱਛੇ। [7]ਸਫਾਈ। [8]ਜਲ ਵਾਸਤੇ ਘੜੇ। [9]ਗੜੇ ਵਾਂਕੂ ਠੰਢਾ। [10]ਸ਼ੋਰਾ ਪਾਣੀ ਵਿਚ ਪਾਕੇ ਵਿਚ ਪਾਣੀ ਦਾ ਬਰਤਨ ਧਰਿਆਂ ਠੰਢਾ ਹੋ ਜਾਂਦਾ ਹੈ।

ਕੀ ਬੂੰਦ ਬਿਲੋਚਨ ਬਰਨੀ[੧]।ਢਰਿ ਢਰਿ ਪਰਤਿ ਬਦਨ ਤੇ ਧਰਨੀ[੨]॥੧੦॥ ਇਤਨੇ ਮਹਿਂ ਸਤਿਗੁਰ ਸਹਿਸਾਏ। ਪ੍ਰੇਮਾਤੁਰ ਕੋ ਚਹਿਸਿ ਮਿਲਾਏ। ਪਰਮ ਪਵੰਗਮ[੩] ਪਾਯੋ ਪੇਈਏ।–ਅਪਨੇ ਜਨ ਕੋ ਤੂਰਨ ਜੋਈਏ[੪]–॥੧੧॥ ਨਿਕਟਿ ਹੋਇ ਕਰਿ ਲੀਨਿ ਟਿਕਾਇ। ਸੰਗ ਸੁਭਟ ਪਸ਼ਚਾਤੀ ਆਇ। ਸਾਂਈਂਦਾਸ ਉਤਾਇਲ ਕਰਿਕੈ।ਦਰਸ਼ਨ ਦੇਖਿ ਚਰਨ ਕਰ ਧਰਿਕੈ॥੧੨॥ ਸਿਰ ਧਰਿ ਪਗ ਪਰ ਤਿਹ ਥਲ ਥਿਰਯੋ। ਮਨਹੁਂ ਪਖਾਰਨਿ ਦ੍ਰਿਗ ਜਲ ਕਰਯੋ। ਅਪਰ ਦਾਸ ਦੂਸਰਿ ਪਗ ਗਹਯੋ। ਧਰਿ ਧਰਿ ਸਿਰ ਸਭਿ ਆਨੰਦ ਲਹਯੋ ॥੧੩॥ ਸ੍ਰੀ ਹਰਿ ਗੋਵਿੰਦ ਪਰਸਯੋ ਪਾਨ। ਬੂਝੀ 'ਕੁਸ਼ਲ ਅਹੈ ਸੁਖ ਥਾਨ?'। 'ਸਭਿ ਅਨੰਦ ਹੈ,ਕ੍ਰਿਪਾ ਤੁਮਾਰੀ। ਨਿਸ ਦਿਨ ਅਖਿਲ ਪ੍ਰਤੀਖਨ ਧਾਰੀ ॥ ੧੪ ॥ ਸਹਤ ਸਨੁਖਾ ਜਨਨੀ ਗੰਗਾ।ਕੁਸ਼ਲ ਸਹਿਤ ਸੇਵਕ ਸਰ-ਬੰਗਾ। ਦਿਨ ਸੰਮਤ ਸਮ ਬੀਤਤਿ ਰਹਯੋ। ਲਗੀ ਉਡੀਕ ਦਰਸ ਅਬਿ ਲਹਯੋ' ॥ ੧੫ ॥ ਸਨੈ ਸਨੈ ਗਮਨੇ ਦਿਸ਼ਿ ਗ੍ਰਾਮੂ। ਬੋਲਤਿ ਬਾਤ ਕਰਤਿ ਅਭਿਰਾਮੂ। 'ਸਾਈਂਦਾਸ! ਸਦਾ ਰਿਦ ਮੇਰੇ।ਬਸਤਿ ਰਹਯੋ ਤੁਵ ਪ੍ਰੇਮ ਬਡੇਰੇ ॥੧੬॥ ਸਿਮਰਤਿ ਕਰਤਿ ਚਹਤਿ ਇਤਿ ਆਵਨ। ਹਿਤ ਕਾਰਜ ਬਿਲਮੇਂ ਸਭਿ ਥਾਵਨ।ਭਏ ਸਿੱਧ,ਨਹਿਂ ਦੇਰ ਲਗਾਏ[੫]।ਸ਼ੀਘ੍ਰ ਕਰਤਿ ਤੇਰੀ ਦਿਸ਼ਿ ਆਏ ॥ ੧੭ ॥ ਮਗ ਮਹਿਂ ਸਿਖ ਸੰਗਤਿ ਸਭਿ ਥਾਈਂ।ਕਰਿ ਕਰਿ ਬਿਨਤੀ ਲਿਏ ਟਿਕਾਈ। ਸਭਿਹਿਨਿ ਮਨੋ ਕਾਮਨਾ ਪੂਰਿ।ਆਏ ਸ਼ੀਘ੍ਰ ਲਖਹੁ ਮਗ ਦੂਰ' ॥ ੧੮ ॥ ਇਮ ਬੋਲਤਿ ਬਿਹਸਤਿ ਗੁਰੁ ਨਾਥ। ਸਾਈਂਦਾਸ ਲਿਏ ਨਿਜ ਸਾਥ। ਗ੍ਰਾਮ ਡਰੋਲੀ ਭਏ ਪ੍ਰਵੇਸ਼।ਆਇ ਮਿਲੇ ਤਹਿਂ ਲੋਕ ਅਸ਼ੇਸ਼ ॥ ੧੯ ॥ ਜਥਾ ਜੋਗ ਮਿਲਿ ਬੋਲਨਿ ਕਰਿਕੈ। ਹਯ ਟਿਕਾਇ ਦਰ ਤਰੇ ਉਤਰਿ ਕੈ। ਗਏ ਪ੍ਰਥਮ ਗੰਗਾ ਕੇ ਪਾਸੀ। ਤਨੁਜ ਬਿਲੋਕਨ ਕੀ ਬਡ ਪਯਾਸੀ ॥੨੦॥ ਸੁਨਿ ਆਗਵਨ ਅਨੰਦਤਿ ਹੋਈ। ਪ੍ਰਿਯ ਪੁੱਤ੍ਰ ਥਿਰ ਦ੍ਵਾਰ ਅਲੋਈ[੬]।ਆਗੈ ਗਏ ਦੌਰ ਬਹੁ ਪਾਸ।ਜਿਨ ਗੁਰ ਦੇਖਯੋ ਧਰੇ ਹੁਲਾਸ॥੨੧॥ 'ਮਾਤਾ ਜੀ ਆਏ ਗੁਰ ਪੂਰੇ। ਸਭਿਹਿਨਿ ਕੀਨਸਿ ਦਰਸ਼ਨ ਰੂਰੇ'। ਇਤਨੇ ਮਹਿਂ ਸ੍ਰੀ ਹਰਿਗੋਵਿੰਦ। ਪਰੇ ਮਾਤ ਕੇ ਪਦ ਅਰਬਿੰਦ॥੨੨॥ ਪਿਖਿ ਸਪੂਤ

[੧]ਨੇਤ੍ਰਾਂ ਦੀਆਂ ਝਿਮਣੀਆਂ ਤੋਂ। [੨]ਮੁੱਖ ਤੋਂ ਧਰਤੀ ਤੇ। [੩]ਤੇਜ਼ ਘੋੜੇ ਨੂੰ। [੪]ਦੇਖੀਏ। [੫]ਸਭ ਥਾਵਾਂ ਵਿੱਚ ਕੰਮ (ਮਾਤ੍ਰ) ਲਈ ਠਹਿਰੇ ਹਾਂ (ਜਦੋਂ) ਕਾਰਜ ਸਿੱਧ ਹੋ ਗਏ (ਫੇਰ ਅਸਾਂ) ਦੇਰ ਨਹੀਂ ਲਾਈ। [੬]ਦਰ ਤੇ ਖੜੋ ਕੇ ਦੇਖ ਰਹੀ ਸੀ।

ਕੋ ਅੰਕ ਲਗਾਯਵ । ਉਰ ਅਨੰਦ ਦ੍ਰਿਗ ਜਲ ਭਰਿ ਆਇਵ । ਮਸਤਕ
ਸੂੰਘਤਿ ਬਰ ਮੁਖ ਹੇਰਤਿ।ਰਜ ਝਾਰਤਿ ਅੰਚਰ ਕੋ ਪ੍ਰੇਰਤਿ॥੨੩॥ਕਰੇ ਪ੍ਰੇਮ
ਕੋ ਕਰ ਤਨੁ ਫੇਰਤਿ । ਮਨਹੁ ਬ੍ਰਿਹਾ ਕੋ ਕਸ਼ਟ ਨਿਬੇਰਤਿ । 'ਕਹੁ ਸੁਤ !
ਸਕਲ ਕਾਜ ਸਿੱਧ ਕੀਨੇ । ਜਿਸ ਹਿਤ ਇਤੇ ਪੰਥ ਪਗ ਦੀਨੇ ॥ ੨੪ ॥
ਰਹਯੋ ਕੁਸ਼ਲ ਸੋਂ ਤਨ ਸਭਿ ਦਿਨ ਮੇਂ।ਵਧਯੋ ਕਿ ਨਹੀ ਪ੍ਰਮੋਦ ਜਿ ਮਨਮੇਂ'।
ਸੁਨਿ ਸਤਿਗੁਰ ਨੇ ਸਕਲ ਸੁਨਾਏ । ਜੋ ਪ੍ਰਸੰਗ ਸ਼੍ਰੀ ਨਾਨਕ ਥਾਏਂ॥੨੫॥
ਕਿਤਿਕ ਸਮੈਂ ਤਹਿਂ ਬੈਠੇ ਰਹੇ । ਪੁਨ ਇਕੰਤ ਹੋਵਨਿ ਕੋ ਚਹੇ। ਉਠੇ ਗੁਰੂ
ਲਖਿ ਸਾਈਂਦਾਸ। ਬੋਲਯੋ ਹਾਥ ਜੋਰਿ ਹੁਇ ਪਾਸ॥ ੨੬ ॥'ਮੰਦਿਰ ਸੁੰਦਰ
ਜਹਾਂ ਸੁਧਾਰਯੋ। ਤੁਮਹਿ ਬਸਾਵਨਿ ਕੋ ਪ੍ਰਨ ਧਾਰਯੋ। ਤਹਾਂ ਚਲਹੁ ਕੀਜਹਿ
ਬਿਸਰਾਮੂ। ਕਰਹੁ ਸਫ਼ਲ ਪਾਵਨ ਸ਼ੁਭ ਧਾਮੂ' ॥ ੨੭ ॥ ਇਮ ਕਹਿ ਆਪਿ
ਸੰਗ ਲੇ ਚਲਯੋ । ਬੂਝੀ ਕੁਸ਼ਲ ਆਨਿ ਜੋ ਮਿਲਯੋ । ਸੁੰਦਰ ਸਰਬ ਸੇਜ
ਮ੍ਰਿਦੁ ਕਰੀ । ਰਾਮੋ ਤਹਾਂ ਪ੍ਰਤੀਖਤਿ ਥਿਰੀ॥੨੮॥ ਪ੍ਰਵਿਸ਼ੇ ਦ੍ਵਾਰ ਦੌਰਿ ਕਰਿ
ਆਈ । ਕੋਮਲ ਪਗ ਪੰਕਜ ਲਪਟਾਈ । 'ਘਰੀ ਆਜ ਕੀ ਸ਼ੁਭ ਮੈਂ ਧੰਨ
। ਜਿਸ ਪਰ ਸਤਿਗੁਰ ਭਏ ਪ੍ਰਸੰਨ ॥ ੨੯ ॥ ਸਦਨ ਆਨਿ ਕੈ ਚਰਨ
ਦਿਖਾਏ । ਅਪਨੇ ਜਨ ਜਾਨੇ ਮਨ ਭਾਏ'।'ਕਹੁਰਾਮੋ ! ਤੂੰ ਹੈਂ ਸੁਖ ਸਾਥ?।
ਪ੍ਰੇਮੀ ਭਗਤਿ ਸਿੱਖ ਤੁਵ ਨਾਥ ॥ ੩੦ ॥ ਪ੍ਰੀਤਿ ਦਾਮ ਤ੍ਰੈ[1] ਐਂਚਿ ਮੰਗਾਏ।
ਕੇਵਲ ਇਸ ਘਰ ਕੇ ਹਿਤ ਆਏ'।ਇਮ ਬੋਲਤਿ ਸੁ ਪ੍ਰਯੰਕ ਬਿਰਾਜੇ।ਜਿਨ
ਕੇ ਸਿਮਰਨ ਤੇ ਅਘ ਭਾਜੇ ॥੩੧॥ ਤਬਿ ਰਾਮੋ ਪਿਖਿ ਤੂਰਨ ਤਰਨੀ[2]। ਲੇ
ਕਰਿ ਸੰਗ ਅਈ ਗੁਰ ਘਰਨੀ[3]। ਦੋਨਹੁੰ ਹਾਥ ਜੋਰਿ ਕਰਿ ਬੰਦਤਿ । ਪਤਿ
ਕੋ ਦਰਸ਼ਨ ਕਰਿ ਅਭਿਨੰਦਤਿ॥੩੨॥ ਕੁਸ਼ਲ ਬੂਝ ਕਰਿ ਧੀਰਜ ਦੀਨਿ।
ਪੁਨ ਅਹਾਰ ਕੀ ਤਯਾਰੀ ਕੀਨਿ । ਅਨਿਕ ਪ੍ਰਕਾਰ ਮਧੁਰ ਕਰਿ ਧਰੇ ।
ਤੁਰਸ਼ ਸਲਵਣ ਸ੍ਵਾਦ ਸੋਂ ਭਰੇ॥ ੩੩ ॥ਰਾਮੋ ਨਿਜ ਕਰ ਸੋਂ ਗੁਰ ਕਾਰਨ ।
ਭਾਂਤਿ ਭਾਂਤਿ ਕੇ ਰਚੇ ਅਹਾਰਨਿ।ਥਾਰ ਪਰੋਸਯੋ ਪ੍ਰੇਮ ਸੁ ਕਰਿ ਕਰਿ।ਪ੍ਰਿਥਕ
ਪ੍ਰਿਥਕ ਸਭਿ ਰਸ ਕੋ ਧਰਿ ਧਰਿ ॥ ੩੪ ॥ ਲੇ ਕਰਿ ਗਈ ਆਪ ਹਰਖੰਤੀ।
ਅਪਨਿ ਸਰੀਰ ਅਮੋਘ[4] ਕਰੰਤੀ । ਸਾਈਂਦਾਸ ਸੰਗ ਜਿਹ ਸਾਈਂ[5] । ਜਲ
ਸੀਤਲ ਨਿਜ ਹਾਥ ਉਚਾਈ ॥ ੩੫ ॥ ਆਨਿ ਥਾਰ ਕੋ ਧਰਯੋ ਅਗਾਰੀ ।

---

[1]ਪ੍ਰੀਤ ਦੀ ਰੱਸੀ ਨਾਲ। [2]ਛੇਤੀ ਖਿਸਕ ਗਈ [ਤਰਨਾ=ਤਿਲਕ ਜਾਣਾ] (ਅ) ਤਦ ਇਸਤ੍ਰੀ (ਭਾਵ ਬੀਬੀ) ਰਾਮੋ ਦੇਖਕੇ ਛੇਤੀ ਨਾਲ....। [3]ਗੁਰੂ ਜੀ ਦੇ (ਦੋਹਾਂ)ਮਹਿਲਾਂ ਨੂੰ ਨਾਲ ਲੈਕੇ ਆ ਗਈ। [4]ਸਫਲ, ਜੋ ਕਦੇ ਚੁੱਕੇ ਨਾਂ। [5]ਜਿਸ (ਰਾਮੋਂ) ਦਾ ਪਤੀ ਸਾਈਂਦਾਸ ਨਾਲ ਹੈ।

ਪਿਖਤਿ ਨ ਤ੍ਰਿਪਤਹਿ ਪ੍ਰੀਤਿ ਉਦਾਰੀ।ਪਤਿ ਬਿਜਨਾ ਗਹਿ ਹਾਂਕਤਿਬਾਯੂ। ਮੰਦ ਮੰਦ ਗੁਰ ਦੇਹਿ ਲਗਾਯੂ॥੩੬॥ ਤ੍ਰਿਯਾ ਹਾਥ ਮੈਂ ਧਰੇ ਰੁਮਾਲ। ਫੇਰ ਥਾਰ ਪਰ ਥਿਰ ਤਿਸ ਕਾਲ। ਇਮ ਦੰਪਤਿ ਉਰ ਭਾਉ ਸੁ ਧਰਿ ਧਰਿ। ਅਚਵਾਵਤਿ ਭੋਜਨ ਹਿਤ ਕਰਿ ਕਰਿ ॥੩੭॥ਸਨੈ ਸਨੈ ਬਾਤਨਿ ਬਤਰਾ-ਵਤਿ। 'ਇਹ ਸ੍ਵਾਦਲ' ਕਹਿ ਕਹਿ ਕੈ ਖ੍ਵਾਵਤਿ। ਅਤਿ ਪ੍ਰਸੰਨ ਪਿਖਿ ਕਰਿ ਗੁਰੁ ਹੋਏ। ਪ੍ਰੇਮੀ ਮਹਾਂ ਜਾਨਿ ਕਰਿ ਦੋਏ॥੩੮॥'ਸਨਬੰਧੀ ਹੈਂ ਗੁਰੂ ਹਮਾਰੇ'।ਇਹ ਨਿਸ਼ਚੈ ਉਰ ਤੇ ਨਿਰਵਾਰੇ।ਪ੍ਰਭੁ ਲਖ੍ਯੋਸਭਿ ਜਗਕੋ ਸ੍ਵਾਮੀ। –ਆਯਹੁ ਹਮਹਿੰ ਉਧਾਰਨਿ ਕਾਮੀ॥੩੯॥ਦੀਨਬੰਧੁ ਜਿਹ ਨਾਮ ਉਚਾਰੈਂ। ਬਸੀ ਪ੍ਰੇਮ ਕੇ ਸਕਲ ਬਿਚਾਰੈਂ। ਤੀਨ ਲੋਕ ਪਤਿ ਕੀ ਇਹ ਮੂਰਤਿ। ਸਿੱਖਨਿ ਬਤਸਲ ਸੁੰਦਰ ਸੂਰਤਿ–॥ ੪੦ ॥ ਇਮ ਨਿਸ਼ਚੈ ਲਖਿ ਸ਼੍ਰੀ ਗੁਰ ਪੂਰੇ। ਭਏ ਪ੍ਰਸੰਨਿ ਚਰਿਤ ਜਿਨਰੂਰੇ। ਅਪਰ ਕਾਮਨਾ ਜਿਨ ਕੈ ਨਾਂਹੀ। ਰਿਦਾਬਿਮਲ ਕਰਿਦੀਨਸਿ ਤਾਂਹੀ॥੪੧॥ਰੁਚਿਕਰਿ ਭੋਜਨ ਤੇ ਤ੍ਰਿਪਤਾਏ। ਜਲ ਸੀਤਲ ਪੀਵਤਿ ਹਰਖਾਏ। ਹਾਥ ਪਖਾਰਨ ਜਬਿ ਕਰਿ ਲੀਨਿ। ਪੌਂਛਨਿ ਹਿਤ ਰੁਮਾਲ ਤਬਿ ਦੀਨਿ ॥ ੪੨ ॥ ਕਰ੍ਯੋ ਬਚਨ ਉਰ ਭਾਉ ਜੁ ਹੇਰਾ।"ਹੋਹਿ ਨ ਅਬਿ ਤੇ ਭਵਜਲਿ ਫੇਰਾ। ਅਤਿ ਪ੍ਰਸੰਨ ਮੋਕਹੁ ਤੁਮ ਕੀਨਾ। ਇਸ ਕਾਰਨ ਤੇ ਗਤਿ ਬਰ ਦੀਨਾ"[1] ॥੪੩॥ ਦੇਖ੍ਯੋ ਅਪਨੇ ਰਿਦੇ ਬਿਚਾਰਿ। ਭਰਮ ਮੋਹ ਕੇ ਮਿਟੇ ਕਿਵਾਰ। ਗ੍ਯਾਨ ਬ੍ਰਿਤੀ ਜਿਨ ਕੇ ਉਰ ਜਾਗੀ। ਰਾਗ ਦ੍ਵੈਖ ਤਨਹੰਤਾ ਤ੍ਯਾਗੀ॥੪੪॥ਗੁਰੁ ਮਹਾਤਮ ਨੀਕੇ ਜਾਨਾ। ਸ੍ਰਿਸ਼ਟਿਯਨਿ ਤੇ ਮਨ ਜਬਿ ਸਿਤਲਾਨਾ[2]। ਬਡੇ ਭਾਗ ਤੇ ਜਾਗ੍ਯੋ ਗ੍ਯਾਨ। ਭਏ ਜਗਤ ਕੇ ਬੰਧਨ ਹਾਨ ॥ ੪੫ ॥ ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪੰਚਮ ਰਾਸੇ 'ਛਤੋਨੀ' ਪ੍ਰਸੰਗ ਬਰਨਨੰ ਨਾਮ ਖਸ਼ਟ ਤ੍ਰਿੰਸਤੀ ਅੰਸੂ॥ ੩੬ ॥

੩੭. [ਸ਼੍ਰੀ ਬਾਬਾ ਗੁਰਦਿੱਤਾ ਜੀ ਜਨਮ]।

ਦੋਹਰਾ॥ ਰਹਨਿ ਲਗੇ ਸ਼੍ਰੀ ਸਤਿਗੁਰੂ ਮਿਲਿ ਕਰਿ ਸਕਲ ਪ੍ਰਵਾਰ। ਗਰਭ-ਵਤੀ ਦਾਮੋਦਰੀ ਪੁੱਤ੍ਰ ਪ੍ਰਤੀਖਨ ਧਾਰਿ ॥੧॥ ਚੌਪਈ॥ ਸੇਵਾ ਕਰੈ ਨਾਨਕੀ ਕਰ ਸੋਂ[3]। ਪਤਿ ਮਹਿੰ ਪ੍ਰੀਤੀ ਧਾਰਤਿ ਉਰ ਸੋਂ। ਰੀਗਾ ਹੇਰਿ ਹੇਰਿ ਪ੍ਰਿਯ ਨੰਦਨ। ਕਰਹਿ ਆਨਿ ਜਗ ਜਿਨ ਕੋ ਬੰਦਨ ॥ ੨ ॥ ਅਤਿ ਅਨੰਦ ਚਿਤ ਜਿਸਕੇ ਹੋਵਾ। ਵਧ੍ਯੋ ਪ੍ਰਤਾਪ ਪੁੱਤ੍ਰ ਕੋ ਜੋਵਾ। ਪੌਤ੍ਰਾ ਪਿਖਨਿ

[1]ਇਸ ਕਰਕੇ (ਤੁਹਾਨੂੰ ਮੈਂ) ਮੁਕਤੀ ਦਾ ਵਰ ਦਿੱਤਾ। [2]ਠੰਢਾ ਹੋ ਗਿਆ। [3]ਹੱਥਾਂ ਨਾਲ।

ਲਾਲਸਾ ਜਾਂਹੀ*। ਰਖਹਿ ਸਨੂਖਾ ਕੋ ਨਿਜ ਪਾਹੀ*॥੩॥ ਬ੍ਰਿੰਦ ਬਿਘਨ ਤੇ ਰੱਛਨਾ ਕਰਿਹੀ। ਜਤਨ ਅਨੇਕਨਿ ਕੇ ਅਨੁਸਰਹੀ[1]।ਸਤਿਗੁਰੁ ਵਹਿਰ ਦਿਵਾਨ ਲਗਾਵੈਂ। ਸੁਨਿ ਸੰਗਤਿ ਬਹੁ ਦਿਸ਼ਿ ਤੇ ਆਵੈ॥ ੪ ॥ ਨਿਕਟਿ ਨਿਕਟਿ ਜੋ ਗ੍ਰਾਮ ਤਮਾਮੂ। ਸੁਨਿ ਸੁਨਿ ਗੁਰੁ ਕੋ ਜਸ ਅਭਿਰਾਮੂ।ਪ੍ਰਥਮ ਨ ਸਿੱਖ ਭਏ, ਸੋ ਆਵੈਂ। ਲੇ ਸਿੱਖ੍ਯਨਾ ਕੋ ਉਰ ਹੁਲਸਾਵੈਂ॥੫॥ ਬਨਹਿੰ ਦਾਸ ਮਨੁ ਕਾਮਨ ਪਾਵੈਂ। ਅਨਿਕ ਅਕੋਰਨ ਕੋ ਅਰਪਾਵੈਂ। ਕੇਤਿਕ ਦਿਨ ਪ੍ਰਤਿ ਦਰਸ਼ਨ ਆਵੈਂ। ਕਿਤਿਕ ਨਿਕਟ ਰਹਿ ਸੇਵ ਕਮਾਵੈਂ॥ ੬ ॥ ਸਿੱਖੀ ਅਧਿਕ ਹੋਨਿ ਤਹਿਂ ਲਾਗੀ। ਸਿਮਰਹਿਂ ਸੱਤਿਨਾਮ ਬਡਿਭਾਗੀ। ਭਏ ਦੇਸ਼ ਤਿਸ ਬ੍ਰਿੰਦ ਨਿਹਾਲ। ਫੈਲਿ ਰਹਯੋ ਸਤਿਗੁਰੁ ਜਸੁ ਜਾਲ॥੭॥ ਇਸ ਪ੍ਰਕਾਰ ਤਹਿਂ ਬਸਤਿ ਬਿਤਾਯੋ। ਸਮੈ ਪ੍ਰਸੂਤ ਹੋਨਿ ਕੋ ਆਯੋ। ਮਾਤ ਗੰਗ ਨਿਸਿ ਦਿਨ ਸਵਧਾਨਾ। ਨਿਕਟ ਨੁਖਾ ਕੇ ਰਹਤਿ ਸੁਜਾਨਾ॥੮॥ ਜਗਤ ਬਿਖੈ ਰੁਤਿ ਸਰਦ ਪ੍ਰਕਾਸ਼ੀ। ਕਾਤਿਕ ਸੁੰਦਰ ਪੂਰਨਮਾਸ਼ੀ। ਗ੍ਰਿਹ ਨਿਛੱਤ੍ਰ ਸੁਭ ਲਗਨ ਮਝਾਰਾ। ਅਰਧ ਰਾਤਿ ਮਹਿਂ ਚੰਦ ਉਦਾਰਾ॥ ੯ ॥ ਜਨਮਯੋ ਬਾਲਕ ਸੁੰਦਰ ਦੇਹਿ। ਸੁਨਿ ਗੰਗਾ ਭਈ ਆਨੰਦ ਗ੍ਰੇਹ। ਦਾਸੀ ਦਾਸ ਫਿਰਹਿਂ ਉਤਲਾਏ। ਮੰਗਲ ਵਸਤੁ ਸੰਚਿ ਸਮੁਦਾਏ॥੧੦॥ ਆਪਸ ਮਹਿਂ ਕਹਿ ਹਰਖਤਿ ਹੋਤਿ। ਸਭਿ ਕੁਟੰਬ ਕੇ ਅਨੰਦ ਉਦੋਤਿ। ਗੁਰ ਢਿਗ ਸੁਧਿ ਕਹਿ ਧਨ ਗਨ ਪਾਯੋ।ਸਭਿਨਿ ਬਿਖੈ ਮੰਗਲ ਪ੍ਰਗਟਾਯੋ॥੧੧॥ ਭਈ ਪ੍ਰਭਾਤੀ ਬਜੀ ਬਧਾਈ। ਲਘੁ ਨੌਬਤ ਬਾਜਤਿ ਸ਼ਹਨਾਈ। ਮੰਗਤ ਜਨੁ ਸੁਨਿ ਸੁਨਿ ਸਮੁਦਾਏ। ਜਾਚਨ ਹੇਤੁ ਗੁਰੂ ਤੇ ਆਏ॥ ੧੨ ॥ ਜੇਠੋ ਸੰਗ ਕਹਯੋ 'ਧਨ ਲੀਜੈ। ਗਨ ਮੰਗਤ ਜਨ ਕੋ ਬਹੁ ਦੀਜੈ'। ਲੇ ਤਬਿ ਏਕਲ ਥਾਨ ਥਿਰਯੋ ਹੈ। ਦੇ ਸਭਿਹਿਨ ਕੋ ਅਨੰਦ ਕਰਯੋ ਹੈ॥ ੧੩ ॥ ਘਰ ਦਰ ਅੱਗ੍ਰ ਹੀਜਰੇ[2] ਨਾਚਹਿਂ। ਪਿਖਹਿਂ ਅਨੇਕ ਹਰਖ ਚਿਤ ਰਾਚਹਿਂ। ਢੋਲਕ ਟਲਕਾ[3] ਘੁੰਘਰੂ ਤਾਲੀ।ਗਾਇ ਬਜਾਵਤਿ ਲੇਤਿ ਭਵਾਲੀ॥੧੪॥ਗੁੰਥਤਿ† ਫੂਲਨਿ ਪਾਤ ਸੁਧਾਰੇ[4]। ਦਰ ਪਰ ਬਾਂਧੀ ਬੰਦਨਵਾਰੇਂ।ਜੇਠਾ[5] ਸੁਤ ਜਨਮਯੋ ਬਡਭਾਗੀ। ਗਾਵਤਿ ਮਿਲੀ ਤ੍ਰਿਯਾ ਅਨੁਰਾਗੀ॥੧੫॥ਆਨਿ ਆਨਿ ਗਨ ਦੇਤਿ ਬਧਾਈ। ਸੁਨਿ ਸੁਨਿ ਮੋਦ ਗੰਗ ਉਰ ਪਾਈ। ਜੋ ਕੁਲ ਰੀਤਿ ਹੁਤੀ

[1]ਕਰਦੀ ਹੈ। [2]ਖੁਸਰੇ। [3]ਟੋਲੀਆਂ। [4]ਪੱਤੇ ਤੇ ਫੁੱਲ ਸੁਧਾਰਕੇ ਗੁੰਦੇ ਹੋਏ। [5]ਵੱਡਾ।

*ਛਾਪੇ ਦੇ ਨੁਸਖੇ ਵਿੱਚ ਇਨ੍ਹਾਂ ਦੋਹਾਂ ਤੁਕਾਂ ਦਾ ਪਾਠ ਨਹੀਂ ਹੈ। †ਪਾ:-ਗੁੰਦਤਿ।

ਸਭਿ ਕੀਨੀ। ਜਥਾ ਜੋਗ ਵਥੁ ਤ੍ਰੀਯਨਿ[1] ਦੀਨੀ ॥ ੧੬ ॥ ਸਾਈਂ ਦਾਸ ਪ੍ਰਿਥਕ ਧਨ ਬਾਂਟਾ। ਰਾਮੋ ਜੁਤਿ ਬਡ ਮੰਗਲ ਠਾਟਾ॥ਗੰਗ ਮਾਤ ਕੋ ਦੇਨਿ ਬਧਾਈ। ਗੁਰੁ ਢਿਗ ਕਹਤਿ ਸੁਨਤਿ ਹਰਖਾਈ॥੧੭॥ਇੱਤਜਾਦਿਕ ਬਡ ਉਤਸਵ ਕੀਨਾ। ਰੰਕਨਿ ਕੋ ਧਨ ਅਨਗਨ ਦੀਨਾ। ਸੁਨਿ ਸੁਨਿ ਅਪਰ ਗ੍ਰਾਮ ਕੇ ਆਵੈਂ। ਰਿਦੇ ਅਨੰਦਤਿ ਬਾਕ ਸੁਨਾਵੈਂ॥੧੮॥'ਰਾਮਦਾਸ ਗੁਰ ਕੋ ਬਡ ਬੰਸ॥ਸਗਰੇ ਸੋਢਿਨਿ ਕੋ ਅਵਤੰਸ[2]। ਗੁਰ ਅਰਜਨ ਕੋ ਉਦਯੋ ਸਪੂਤ। ਮਾਯਾ ਮਹਿੰ ਅਲੇਪ ਅਵਧੂਤ[3]॥੧੯॥ਜੋਧਾਗੁਰੂ ਜਗਤ ਕੋ ਮਾਲਿਕ॥ਸਭਿਨਿ ਜੀਵਕਾ ਤੁਮਰੇ ਤਾਲਿਕ[4]। ਅਲਪ ਘਨੀ ਦੇਤੇ ਸਭਿ ਤਾਂਈ। ਰਾਵਰਿ ਦਾਤ ਸਰਬ ਲੇ ਖਾਈ॥੨੦॥ਇੰਦ੍ਰ ਮਨਿੰਦ ਬਿਲੰਦ ਉਦਾਰਾ॥ ਦੇਤਿ ਦਾਨ ਜਿਸ ਵਾਰ ਨ ਪਾਰਾ। ਸਿਖ ਸੰਤਨ ਕੋ ਗੁਰ ਬਖ਼ਸ਼ੰਤੇ। ਜਨਮ ਮਰਨ ਕੇ ਬੰਧ ਕਟੰਤੇ' ॥੨੧॥ ਸੁਨਿ ਸੁਨਿ ਜਸੁ ਸ਼੍ਰੀ ਹਰਿਗੋਵਿੰਦ। ਬਖਸ਼ਤਿ ਦਰਬ ਦਯਾਲੁ ਬਖ਼ਸ਼ਿੰਦ। ਸੁਤ ਜਨਮਤਿ ਉਤਸਵ ਇਮ ਕੀਨਾ। ਜਥਾ ਜੋਗ ਜਨ ਗਨ ਧਨ ਦੀਨਾ ॥ ੨੨ ॥ ਕਰਨਿ ਲਗੇ ਸੁਤ ਕੀ ਪ੍ਰਿਤਪਾਰੇ। ਪੌਤ੍ਰਾ ਪਿਖਹਿ ਗੰਗ ਮੁਦ ਧਾਰੇ। ਖ਼ਸ਼ਟੀ ਕੀਨਿ ਜਥਾ ਕੁਲ ਚਾਲੀ। ਪਾਇ ਸੂਪ ਮਹਿੰ ਬਰਖਤਿ ਸਾਲੀ[5]॥੨੩॥ ਸਭਿ ਤ੍ਰੀਯਨ ਕਹੁ ਦੀਨਿ ਕਰਾਹੂ। ਬੰਟਯੋ ਬਹੁਤ ਲੀਨਿਸਿ ਸਭਿ ਕਾਹੂ । ਦਿਨ ਤ੍ਰੌਦਸ਼ਮੇਂ ਕਰਿ ਕੁਲ ਰੀਤਿ। ਹੇਰਿ ਹੇਰਿ ਕਰਿ ਹਰਖਤਿ ਚੀਤ ॥ ੨੪ ॥ ਸੰਵਾ ਮਾਸ ਜਬਿ ਬਿਤਵਨਿ ਕਰਯੋ। 'ਗੁਰਦਿੱਤਾ' ਗੁਰ ਆਖਯ[6] ਧਰਯੋ। ਪਿਤਾ ਨਿਕਟ ਤਬਿ ਲੇ ਕਰਿ ਆਏ। ਦਾਸੀ ਦਾਸ ਸੰਗ ਸਮੁਦਾਇ॥੨੫॥ ਸ਼੍ਰੀ ਹਰਿ ਗੋਬਿੰਦ ਨੰਦਨ ਹੇਰਾ। ਕਰਯੋ ਪਯਾਰ ਸਿਰ ਪਰ ਕਰ ਫੇਰਾ। 'ਸ਼੍ਰੀ ਗੁਰੁ ਸੁਤ ਦੀਨਸਿ ਅਭਿਰਾਮੂ। ਗੁਰ-ਦਿੱਤਾ ਯਾਂ ਤੇ ਧਰਿ ਨਾਮੂ'॥੨੬॥ਕਿਤਿਕ ਲੋਕ ਇਮ ਕਰਤਿ ਉਚਾਰ॥ 'ਸ਼੍ਰੀ ਨਾਨਕ ਕੋ ਇਹ ਅਵਤਾਰ'। ਨਹਿੰ ਇਮ ਕਹਹੁ ਅਨੁਚਿਤਿ ਮਹਾਨ। ਹੋਇ ਨ ਗੁਨ,ਅਵਗੁਨ ਪਹਿਚਾਨ ॥ ੨੭ ॥ ਜਿਸ ਕਾਰਨ ਤੇ ਉਚਰਨਿ ਲਾਗੇ। ਸੋ ਭੀ ਕਹੌਂ ਸੁਨਹੁੰ ਅਨੁਰਾਗੇ। ਇਕ ਦਿਨ ਮਹਿ ਸ਼੍ਰੀ ਹਰਿ ਗੋਵਿੰਦ। ਮਿਲੋ ਕਹੂੰ ਬੈਠੇ ਸ਼੍ਰੀ ਚੰਦ ॥੨੮॥ ਕਰਿ ਬੰਦਨ ਤਬਿ ਥਿਰੇ ਅਗਾਰੀ॥ ਸ਼੍ਰੀ ਨਾਨਕ ਸੁਤ ਗਿਰਾ ਉਚਾਰੀ। 'ਕੇਤਿਕ ਨੰਦਨ ਭਏ ਤੁਮਾਰੇ ?॥ ਗੁਰੂ ਭਏ[7]' ਸਭਿ

---

[1]ਇਸਤ੍ਰੀਆਂ ਨੂੰ। [2]ਮੁਕਟ। [3]ਸੰਨਯਾਸੀ। [4]ਸਪੁਰਦ, ਅਧੀਨ। [ਅ਼ਃ ਤਅੱਲਕ਼]। [5]ਛੱਜ ਵਿਚ ਪਾਕੇ ਫੁਲੀਆਂ ਵਰਸਾਂਦੇ ਹਨ। [6]ਨਾਮ। [7](ਆਪ) ਗੁਰੂ ਹੋਏ ਹੋ।

ਜਗਤ ਮਝਾਰੇ' ॥੨੯॥ ਹਾਥ ਜੋਰਿ ਬੋਲੇ ਗੁਰ ਭਾਰੀ। 'ਪੰਚ ਪੁੱਤ੍ਰ ਭੇ ਕ੍ਰਿਪਾ ਤੁਮਾਰੀ'। ਸਿਰੀਚੰਦ ਬਿਕਸਤਿ ਕਹਿ ਬੈਨਾ।'ਕੋ ਬਾਬੇ[1] ਕੇ ਘਰ ਭੀ ਦੈਨਾ? ॥੩੦॥ਕੈ ਅਪਨੇ ਘਰ ਹੀ ਸਭਿ ਰਾਖਹੁ।ਪੰਚਹੁ ਕੋਨ ਬਿਰਹ ਅਭਿਲਾਖਹੁ[2]'?। ਕਹ੍ਯੋ ਗੁਰੂ ਤਬਿ ਨੰਮ੍ਰੀ ਹੋਇ। 'ਕਰਹਿੰ, ਰਜ਼ਾਇ ਆਪ ਕੀ ਜੋਇ ॥ ੩੧ ॥ ਅਭਿਲਾਖਹਿਂ ਹਮ, ਸਕਲ ਸਮਾਜਾ। ਹੋਇ ਸਫਲ ਜੋ ਤੁਮਰੇ ਕਾਜਾ। ਆਦਿ ਗੁਰੂ ਕੇ ਨੰਦਨ ਆਪ। ਜਿਨ ਕੋ ਸਭਿ ਥਲ ਵਧ੍ਯੋ ਪ੍ਰਤਾਪ' ॥੩੨॥ ਸ਼੍ਰੀਨਾਨਕ ਸੁਤ ਸੁਨਤਿ ਅਲਾਈ। 'ਹਿਤ ਆਦਰ ਕੇ ਕਹਤਿ ਬਨਾਈ। ਕੈ ਤੁਮ ਸਾਚ ਕਰਹੁ ਹਮ ਜਾਚਾ[3]'। ਹਰਿਗੋਵਿੰਦ ਕਹਿ 'ਜਾਨੋ ਸਾਚਾ'॥੩੩॥ ਇਮ ਕਹਿ ਘਰ ਕੋ ਗਏ ਗੁਸਾਈਂ। ਜੇਸ਼ਟ ਨੰਦਨ ਲੀਨਿ ਬੁਲਾਈ। ਬਸਨ ਬਿਭੂਖਨ ਚਾਰੁ ਨਵੀਨ। ਸ਼ਸਤ੍ਰ ਸਹਤ ਪਹਿਰਾਵਨਿ ਕੀਨ ॥੩੪॥ ਲੈ ਨਿਜ ਸੰਗਿ ਗਏ ਪੁਨ ਤਹਾਂ।ਬੈਠ੍ਯੋ ਸਿਰੀਚੰਦ ਸ਼ੁਭ ਜਹਾਂ। 'ਜੇਠੋ ਨੰਦਨ ਇਹੀ ਹਮਾਰੇ। ਅਰਪ੍ਯੋ ਤੁਮਰੇ ਆਨਿ ਅਗਾਰੇ ॥੩੫॥ ਅਪਰ ਪੁੱਤ੍ਰ ਸਭਿ ਦਾਸ ਤੁਮਾਰੇ। ਚਿਤ ਬਾਂਛਹੁ ਲੀਜਹਿ ਅਬਿ ਸਾਰੇ। ਰਾਵਰ ਕੀ ਇਹ ਵਸਤੂ ਸਾਰੀ। ਹਮ ਸਦੀਵ ਐਸੀ ਮਤਿ ਧਾਰੀ' ॥੩੬॥ ਸੁਨਤਿ ਪ੍ਰਸੰਨ ਭਏ ਸ਼੍ਰੀ ਚੰਦ। 'ਧੰਨ ਤੁਮਹੁ ਇਮ ਬਨੇ ਬਿਲੰਦ। ਹਮ ਪ੍ਰਸੰਨ ਮਨ ਤੁਮ ਪਰ ਭਏ। ਉਚਿਤ ਬਡਾਈ ਕੋ ਲਖਿ ਲਏ॥੩੭॥ਜੋ ਇੱਛਾ ਹਮ ਤੇ ਬਰੁ ਲੀਜੈ। ਕੁਛ ਅਦੇਯ ਤੁਮ ਤੇ ਨ,ਜਨੀਜੈ'।ਸ਼੍ਰੀ ਹਰਿ ਗੋਵਿੰਦ ਸੁਨਤਿ ਬਖਾਨਾ। 'ਜੋ ਸਭਿ ਤੇ ਆਛੋ ਤੁਮ ਜਾਨਾ ॥੩੮॥ ਸੋ ਦੀਜਹਿ ਜੇ ਭਏ ਕ੍ਰਿਪਾਲਾ। ਦਾਤਾ ਤੁਮ ਸਮ ਕ੍ਵੈਨ* ਬਿਸਾਲਾ'। ਸਿਰੀ ਚੰਦ ਤਬਿ ਰਿਦੇ ਬਿਚਾਰਾ। ਸ਼੍ਰੀ ਅਰ-ਜਨ ਸੁਤ ਸੰਗ ਉਚਾਰਾ[4] ॥ ੩੯ ॥ 'ਆਗੇ ਹੀ ਤੁਮ ਘਰ ਬਡਿਆਈ। ਸ਼੍ਰੀ ਗੁਰ ਨਾਨਕ ਕੀ ਸ਼ੁਭ ਪਾਈ। ਹਮਰੇ ਸਿਰ ਟੋਪੀ ਇਕ ਅਹੈ। ਸੰਗੀ ਸਦਾ ਸਰਬ ਹੀ ਲਹੈਂ[5] ॥ ੪੦ ॥ ਅਪਰ ਪਦਾਰਥ ਸਭਿ ਤੁਮ ਲੀਨੇ। ਹਲਤ ਪਲਤ ਕੋ ਰਾਜ਼ ਪ੍ਰਬੀਨੇ। ਸੋ ਟੋਪੀ ਹਮ ਦੇਂ ਸੁਤ ਤੋਹੀ। ਬਿਦਤਹਿ ਜਗ ਬਖਸ਼ਿਸ਼ ਇਹ ਮੋਹੀ॥੪੧॥ ਸਭਿ ਜਗ ਕੀ ਮਹੰਤਤਾ ਭਾਰੀ† । ਇਸ ਟੋਪੀ

[1]ਇਥੇ ਭਾਵ ਹੈ ਬਾਬਾ ਸ਼੍ਰੀ ਚੰਦ ਜੀ ਤੋਂ। [2]ਵਿਛੜਾ ਨਹੀਂ ਚਾਹੁੰਦੇ ਹੋ। [3]ਸਾਡੀ ਮੰਗ। [4]ਭਾਵ ਸ਼੍ਰੀ ਗੁਰੂ ਹਰਿ ਗੋਬਿੰਦ ਜੀ ਨੂੰ ਕਹਿਣ ਲਗੇ। [5]ਸਾਰੇ ਸੰਗੀ ਸਦਾ ਹੀ ਇਹ ਜਾਣਦੇ ਹਨ।

*ਪਾ:-ਕੌਨ।

†ਮੁਰਾਦ ਉਨ੍ਹਾਂ ਦੀ ਅਪਣੀ ਅਤੀਤ ਫਕੀਰੀ ਦੀ ਗੱਦੀ ਤੇ ਮਹੰਤਤਾਈ ਤੋਂ ਹੈ। ਉਦਾਸੀ ਸੰਪ੍ਰਦਾ ਦੇ ਪ੍ਰਚਾਰਕ ਬਾਬਾ ਗੁਰਦਿੱਤਾ ਜੀ ਹੀ ਸਭ ਤੋਂ ਮੂਹਰੀ ਤੇ ਵਡੇ ਹੋਏ ਹਨ।

ਕੇ ਹੁਇ ਅਨੁਸਾਰੀ। ਅਪਰ ਨ ਹੈ ਇਸ ਕੇ ਸਮ ਦੂਜਾ। ਚਹੁੰ ਦਿਸ਼ਿ ਦੇਖਿ ਕਰਹਿਂ ਬੈਡ ਪੁਜਾ ॥ ੪੨ ॥ ਲਾਖਹੁਂ ਨਰ ਧਾਰਹਿਂ ਇਹ ਬਾਨਾ। ਕੇਤਿਕ ਨਾਂਗੇ ਬਨਹਿਂ ਮਹਾਨਾ। ਬਿਥਰਹਿ ਪੰਥ ਮਹਿਦ ਮਹੀਆਨ।ਜਿਨ ਕੇ ਹੋਇ ਨ ਆਨ ਸਮਾਨ ॥ ੪੩ ॥ ਮਮ ਤਪ ਕੋ ਪ੍ਰਤਾਪ ਬਲ ਭਾਰੀ। ਪਸਰਹਿ ਸਗਰੀ ਧਰਨੰ ਮਝਾਰੀ। ਜੇਤਿਕ ਹਮ ਢਿਗ ਆਛੋ[1] ਰਹ੍ਯੋ। ਸੋ ਸਭਿ ਪੁੱਤ੍ਰ ਤੁਮਾਰੇ ਲਹ੍ਯੋ ॥ ੪੪ ॥ ਸੌ ਸੰਮਤ ਊਪਰ ਕਿਛ ਜਾਨੋ। ਭਈ ਬੈਸ ਹਮਰੀ ਪਹਿਚਾਨੋ। ਪਿਤਾ ਗੁਰੂ ਕੀ ਜੋ ਬਡਿਆਈ। ਸੋ ਸਭਿ ਸੋਢਨਿ ਕੇ ਘਰ ਆਈ॥੪੫॥ਜੇਤਿਕ ਹੁਤੀ ਹਮਾਰੇ ਪਾਸ।ਸੋ ਭੀ ਆਈ ਤੋਹਿ ਅਵਾਸ।ਇਮ ਕਹਿ ਨਿਜ ਟੋਪੀ ਲੇ ਹਾਥ। ਧਰੀ ਤਬਹਿ ਗੁਰਦਿੱਤੇ ਮਾਥ ॥੪੬॥ ਹਰਖਿਤ ਕਹ੍ਯੋ ਬਦਨ ਕੋ ਜੋਯੋ। 'ਤੂੰ ਅਬਿ ਤੇ ਬਾਬੇ ਕੋ ਹੋਯੋ।ਅਪਰ ਚਤੁਰ ਸੋ ਗੁਰੁ ਕੇ ਰਹੇ'। ਚਿਤ ਪ੍ਰਸੰਨ ਤੇ ਗੁਰ ਸੁਤ ਕਹੇ ॥੪੭॥ਤਬਿ ਤੇ ਸ਼੍ਰੀ ਬਾਬਾ ਗੁਰੁਦਿੱਤਾ। ਕਹਨਿ ਲਗੇ ਜਬਿ ਤੇਬਰ ਦਿੱਤਾ। 'ਬਾਬਾ' ਨਾਮ ਕਹਿਨ ਤੇ ਜਾਨਾ। ਪਾਛੇ ਨਰ ਕਰਿ ਕਰਿ ਅਨੁਮਾਨਾ*॥੪੮॥–ਸ਼੍ਰੀ ਨਾਨਕ ਕੋ ਬਾਬਾ ਨਾਮ। ਜਗ ਮਹਿਂ ਬਿਦਤਿ ਲਖਹਿਂ ਅਭਿਰਾਮ। ਅਪਰ ਨ ਬਾਬਾ ਕਿਸ ਕੋ ਕਹ੍ਯੋ। ਗੁਰਤਾ ਥਿਰੁ ਸੁ ਗੁਰੂ ਪਦ ਲਹ੍ਯੋ[2] ॥੪੯॥ ਸਭਿ ਸੋਢੀ ਨੈ ਬਾਬਾ ਨਾਇ। ਸ਼੍ਰੀ ਗੁਰਦਿੱਤੇ ਕੋ ਲਖਿ ਪਾਇ। ਯਾਂਤੇ ਲਖੀਅਹਿ ਰਿਦੇ ਮਝਾਰ। ਸ਼੍ਰੀ ਨਾਨਕ ਕੇ ਭੇ ਅਵਤਾਰ–॥੫੦॥ ਇਕ ਤੌ ਕਥਾ ਗੁਰਨਿ ਕੀ ਸਾਰੀ। ਸੁਨੀ ਨਹੀਂ ਨਹਿਂ ਮਨ ਮਹਿਂ ਧਾਰੀ। ਔਰ ਵਾਸਤਵ ਨਹੀਂ ਬਿਚਾਰੇ। ਇਮ ਕਹਿਤੇ ਮਤਿ ਦੂਖਨਧਾਰੇ[3]॥੫੧॥ਬੈਠੇ ਗਾਦੀ ਨੌਂ ਗੁਰੁ ਭਾਰੇ।ਸੋ ਕਿਸ ਕੇ ਕਹੀਯਹਿ ਅਵਤਾਰੇ ?। ਜੇ ਲਖੀਅਹਿ ਬਾਬਾ ਗੁਰਦਿੱਤਾ।ਸ਼੍ਰੀ ਨਾਨਕ ਅਵਤਾਰ ਸੁ ਲਿੱਤਾ ॥ ੫੨ ॥ ਤਿਨਕੇ ਨੌ ਰੂਪਨਿ ਅਵਤਾਰ। ਇਹ ਆਸ਼ੈ ਨਿਕਸ੍ਯੋ ਕੁਰਿਆਰ[4]। ਜਿਸ ਨੇ ਪ੍ਰਥਮ ਕੀਨਿ ਅਨੁਮਾਨ। ਨਹੀਂ ਭੇਵ ਸੋ ਸਕ੍ਯੋ ਪਛਾਨ ॥ ੫੩ ॥ ਤਿਸ ਨੇ ਸਿਖ ਸੰਗਤਿ ਮਹਿਂ ਕਹ੍ਯੋ। ਸੁਨਿ ਪਰੰਪਰਾ[5] ਸਭਿ ਨੇ ਲਹ੍ਯੋ। ਕਹਤਿ ਰਹੇ ਸਿਖ ਸੁਨੰਤੇ ਰਹੇ। ਨਿਰਨੇ ਕਰਿ

---

[1] ਚੰਗੀ (ਵਸਤੂ)। [2] ਜੋ ਗੁਰਿਆਈ ਗੱਦੀ ਤੇ ਟਿਕੇ ਉਨ੍ਹਾਂ 'ਗੁਰੂ' ਪਦ ਲਿਆ। [3] ਇਉਂ ਕਹਿਕੇ ਬੁਧੀ ਵਿਚ ਦੂਸ਼ਨ ਧਾਰਦੇ ਹਨ। [4] ਇਹ ਆਸ਼ਾ ਝੂਠਾ ਨਿਕਲਿਆ। [5] ਇਕ ਦੂਜੇ ਤੋਂ ਅੱਗੇ ਅੱਗੇ ਸੁਣਕੇ।

*ਪਾ:–ਕੇ ਕਰ ਅਨੁਮਾਨਾ।

ਆਸ਼ੈ ਨਹਿੰ ਲਹੇ॥੫੪॥ਯਾਂ ਤੇ ਕਹਨਿ ਨਹੀਂ ਇਹ ਚੀਨ[1]।ਸਮਝਹੁ ਸਤਿ-ਗੁਰ ਸਿੱਖ ਪ੍ਰਬੀਨ। 'ਬਾਬਾ' ਕਹਿਬੇ ਤੇ ਸਭਿ ਜਾਨਾ। ਸਿਰੀ ਚੰਦ ਕਥ ਸੁਨੀ ਨ ਕਾਨਾ[2] ॥੫੫॥ ਨਿਰਨੈ ਕਰਨਿਹਾਰ ਸਿਖ ਜੇਈ। ਸਮਝ ਬਿਚਾ-ਰਹੁ ਨੀਕੇ ਤੇਈ। ਸ੍ਰੀ ਹਰਿ ਗੋਬਿੰਦ ਕੇ ਸੁਤ ਜਨਮੇਂ। ਸਰਬ ਕੁਟੰਬ ਅਨੰਦਤਿ ਮਨ ਮੇਂ ॥ ੫੬ ॥ ਕਰਿ ਕਰਿ ਰੰਗ ਸਨੇਹ ਘਨੇਰਾ।ਪੌਤ੍ਰ ਦੁਲਾ-ਰਤਿ ਸੰਝ ਸਵੇਰਾ। ਗ੍ਰਾਮ ਡਰੋਲੀ ਸਮੇ ਬਿਤਾਵਾ। ਸ੍ਰੀ ਸਤਿਗੁਰੂ ਪ੍ਰਮੋਦ ਬਧਾਵਾ ॥ ੫੭ ॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪੰਚਮ ਰਾਸੇ 'ਸ੍ਰੀ ਬਾਬਾ ਗੁਰ ਦਿੱਤਾ ਜਨਮ' ਪ੍ਰਸੰਗ ਬਰਨਨੰ ਨਾਮ ਸਪਤ ਤ੍ਰਿੰਸਤੀ ਅੰਸੂ ॥ ੩੭ ॥

੩੮. [ਬਾਬਾ ਬੁੱਢਾ ਜੀ ਨੇ ਚੌਂਕੀ ਤੋਰੀ। ਸਾਈਂ ਦਾਸ ਦਾ ਪ੍ਰੇਮ]।

ਦੋਹਰਾ ॥ ਸ੍ਰੀ ਹਰਿ ਗੋਵਿੰਦ ਚੰਦ ਕੇ ਸੁਤ ਉਪਜੇ ਪਸ਼ਚਾਤ। ਕੇਤਿਕ ਮਾਸ ਬਿਤੀਤ ਭੇ ਸੁੰਦਰ ਬ੍ਰਿੱਧਤਿ ਗਾਤ ॥ ੧ ॥ ਚੌਪਈ॥ ਰਾਮੋ ਲਗਤਿ ਹੁਤੀ ਗੁਰੁ ਸਾਰੀ[3]। ਸੋ ਸਬੰਧ ਕੋ ਰਿਦੇ ਬਿਸਾਰੀ। ਪਤਿ ਜੁਤਿ ਜਾਨਤੇ'ਗੁਰੁ ਜਗਦੀਸ਼'। ਨਿਤ ਉਠਿ ਧਰਤਿ ਚਰਨ ਪਰ ਸੀਸ ॥ ੨॥ ਭੋਜਨ ਆਦਿਕ ਸੇਵਾ ਜੋਇ। ਕਰਹਿ ਪ੍ਰੇਮ ਤੇ ਨਿਜ ਕਰ ਸੋਇ। ਅਸ ਪ੍ਰਤੀਤ ਦੰਪਤਿ ਕੋ ਆਈ। ਸੇਵਤਿ ਸਤਿਗੁਰ ਸ਼ਕਤੀ ਪਾਈ॥੩॥ਅਜ਼ਮਤਿ ਸਹਤ ਭਯੋ ਉਜੀਆਰਾ। ਚੌਦਹਿ ਲੋਕ ਚਰਿਤ ਲਖਿ ਸਾਰਾ। ਤਜੋਂ ਤਜੋਂ ਨੰਮ੍ਰੀਭੂਤ ਬਨੰਤੇ। ਸ਼ਕਤਿ ਪਾਇ ਕਰਿ ਨਹਿੰ ਗਰਬੰਤੇ॥੪॥ ਬਿਲਸਤਿ ਬਡੇ ਬਿਨੋਦ[4]ਬਿਲਾਸੂ। ਤਿਨਕੇ ਸਤਿਗੁਰੁ ਬਸੇ ਅਵਾਸੂ। ਰਾਮੋ ਲੇ ਗੁਰੁ ਸੁਤ ਕਰਿ ਪਜਾਰੂ। ਬਹੁਤ ਦੁਲਾਰਤਿ ਦੇਖਤਿ ਚਾਰੂ ॥ ੫ ॥ ਗੁਰ ਸਮੀਪ ਕਬਿ ਕਬਿ ਲੇ ਜਾਵੈ। ਗੋਦ ਪੁੱਤ੍ਰ ਕੋ ਲੇ ਦੁਲਰਾਵੈ। ਸਾਈਂਦਾਸ ਕਬਹੁੰ ਲੇ ਅੰਕ। ਸੁੰਦਰ ਮਨਹੁੰ ਚੰਦ ਅਕਲੰਕ ॥੬॥ ਪਿਖਿ ਦਮੋਦਰੀ ਹ੍ਵੈ ਬਲਿਹਾਰੀ।ਪਾਰਤਿ ਪੁੱਤ੍ਰ ਪ੍ਰੀਤਿ ਉਰ ਧਾਰੀ। ਜਰੇ ਜਰਾਉ ਸੁ ਚਾਮੀਕਰ ਕੇ। ਭੂਖਨ ਬਹੁ ਪਹਿਰਾਵਨਿ ਕਰਕੇ ॥ ੭ ॥ ਸੂਖਮ ਝੀਨ[5] ਬਸਤ੍ਰ ਪਹਿਰਾਵੈ। ਝਗਲੀ ਮਹਿਂ ਸਰੀਰ ਦਿਪਤਾਵੈ। ਤ੍ਰਿਪਤ ਨ ਹੋਤਿ ਦੁਲਾਰਤਿ ਸਾਰੇ। ਬਾਲਕ ਦੁਰਲਭ ਪ੍ਰਥਮ ਨਿਹਾਰੇ॥੮॥ ਬੀਤਯੋ ਚੇਤ, ਵਿਸਾਖੀ ਆਈ। ਚਹੁੰਦਿਸ਼ਿ ਤੇ ਸੰਗਤਿ ਉਮਡਾਈ। ਸੁਨਿ ਗੁਰ ਡੇਰਾ ਗ੍ਰਾਮ ਡਰੋਲੀ। ਅਰਪਨਿ ਹਿਤ ਵਸਤੂ ਬਹੁ ਮੋਲੀ ॥ ੯ ॥ ਲੈਬੇ

---

[1]ਇਹ ਕਹਿਣਾ (ਠੀਕ) ਨਾ ਜਾਣੋਂ। [2]ਸਿਰੀ ਚੰਦ ਜੀ ਦੀ ਕਥਾ ਕੰਨੀ ਨਾ ਸੁਣੀ। [3]ਸਾਲੀ। [4]ਕੌਤਕ। [5]ਬਰੀਕ।

ਖੁਸ਼ੀ ਕਾਮਨਾ ਪੂਰਨ।ਸੰਗਤਿ ਆਇ ਪਹੂਚੀ ਤੂਰਨ। ਦਿਵਸ ਬਸੋਏ[1] ਕੋ ਜਬਿ ਆਵਾ। ਬਡੋ ਫਰਸ਼ ਗੁਰ ਵਹਿਰ ਕਰਾਵਾ॥੧੦॥ਮਖ਼ਮਲ ਕੀ ਗਾਦੀ ਲਗਿ ਜ਼ਰੀ। ਚਾਰਨਿ ਕੋਰ ਬਰਾਬਰ ਕਰੀ। ਊਪਰ ਧਰੇ ਬਡੇ ਉਪਧਾਨੂ। ਖਰੇ ਫਲੈਤ[2] ਭੁਏ ਸਵਧਾਨੂ ॥ ੧੧ ॥ ਕੰਚਨ ਦੰਡ ਲਿਏ ਕੋ ਪਾਨੀ[3]। ਖਰੇ ਭੁਏ ਗੁਰ ਕੇ ਅਗਵਾਨੀ। ਸੂਰਜਮੁਖੀ ਬੀਜਨਾ ਚਮਕਹਿ। ਜਨੁ ਸੂਰਜ ਕਿਰਨਨਿ ਜੁਤਿ ਦਮਕਹਿ॥੧੨॥ਸੁੰਦਰ ਮੰਦਿਰ ਕੋ ਤਬਿ ਤਯਾਗੇ। ਆਇ ਬਡੀ ਸਭਾ ਜਹਿਂ ਲਾਗੇ। ਬੋਲਤਿ ਚਲਤਿ ਨਕੀਬ ਅਗਾਰੀ। ਰਾਮੋ ਪਤਿ ਸੋਂ ਕਰ ਕਰ ਧਾਰੀ[4] ॥ ੧੩ ॥ ਸਨੈ ਸਨੈ ਧਰਿ ਪਦ ਅਰਬਿੰਦ। ਆਵਤਿ ਭੇ ਸ਼੍ਰੀ ਹਰਿਗੋਵਿੰਦ। ਖਰੀ ਦੂਰ ਲੌ ਸੰਗਤਿ ਘਨੀ। ਦਰਸ਼ਨ ਕੀ ਅਭਿਲਾਖਾ ਸੁਨੀ ॥੧੪॥ ਏਕ ਬਾਰ ਸਭਿ ਸੀਸ ਨਿਵਾਏ। ਅਵਿਲੋਕਤਿ ਮਨ ਮੋਦ ਉਪਾਏ। ਗਾਦੀ ਕੋ ਬੰਦਨ ਕਰ ਬੰਦਿ। ਬੈਠੇ ਊਪਰ ਡੀਲ ਬਿਲੰਦ ॥੧੫॥ ਚਮਰ ਚਾਰੁ ਢੋਰਤਿ ਛਬਿ ਐਸੇ। ਆਵਤਿ ਉਡਤਿ ਹੰਸ ਹੁਇ ਜੈਸੇ। ਭਯੋ ਮੇਵਰੋ ਖਰੋ ਅਗਾਰੀ।ਹਿਤ ਸਿੱਖਯਨਿ ਅਰਦਾਸ ਉਚਾਰੀ॥੧੬॥ ਹੁਕਮ ਭਯੋ ਸੰਗਤਿ ਕੋ ਤਬੈ। 'ਅਬਿ ਗੁਰ ਦਰਸਹੁ ਆਵਹੁ ਸਬੈ'। ਸੁਨਤਿ ਬਾਤਿ* ਉਤਲਾਵਤਿ ਆਈ। ਧਰਹਿ ਉਪਾਇਨ ਗਨ ਅਗਵਾਈ ॥੧੭॥ਦਰਸ਼ਨ ਕਰਿ ਕਰਿ ਜੋਰਤਿ ਹਾਥ। ਪਾਇ ਕਾਮਨਾ ਸ਼ਰਧਾ ਸਾਥ। ਅਨਗਨ ਦਰਬ ਚਢਯੋ ਗੁਰ ਆਗੇ। ਅਰਪਹਿਂ ਜਾਨਹਿਂ ਸਫਲ ਸੁਭਾਗੇ ॥ ੧੮ ॥ ਆਵਨਿ ਸਿੱਖਯਨਿ ਕਰਯੋ ਸਕਾਰਥ। ਸ਼ਰਬ ਰੀਤਿ ਕਰਿ ਭੁਏ ਕ੍ਰਿਤਾਰਥ। ਸਵਾ ਜਾਮ ਗੁਰ ਦਰਸ਼ਨ ਦੀਨਾ। ਪੁਨ ਭੋਜਨ ਹਿਤ ਉਠੇ ਪ੍ਰਬੀਨ॥੧੯॥ਜਯ ਜਯਕਾਰ ਹੋਤਿ ਚਹੁੰ ਫੇਰੇ। ਗਏ ਸਦਨ ਕੋ ਗੁਰ ਤਿਸ ਬੇਰੇ। ਦੇਗ ਬਿਸਾਲ ਹੋਤਿ ਗੁਰ ਕੇਰੀ। ਕਰਹਿਂ ਤਯਾਰ ਨਿਸਿ ਦਿਵਸ ਘਨੇਰੀ ॥੨੦॥ ਲੋਕ ਅਨੇਕ ਸੁ ਅਚਹਿਂ ਅਹਾਰਾ।ਨਹਿਂ ਪੱਧਤਿ ਕਿਹ ਸਮੈ ਸ਼ੁਮਾਰਾ। ਤੀਨ ਦਿਵਸ ਮੇਲਾ ਬਡ ਰਹਯੋ। ਭਾਉ ਸਹਤ ਗੁਰ ਦਰਸ਼ਨ ਲਹਯੋ ॥੨੧॥ ਦੇ ਦੇ ਸਿਰੋਪਾਉ ਗੁਰ ਫੇਰ। ਕਰੇ ਬਿਸਰਜਨ ਜਿਤ ਕਿਤ ਕੇਰਿ।ਚਹੁ ਦਿਸ਼ਿ ਕੇ ਪ੍ਰਸਥਨ ਪ੍ਰਸਥਾਨੇ[5]।ਗੁਰ ਜਸ ਕਰਤੇ ਜਾਤਿ ਮਹਾਨੇ ॥੨੨॥ ਗਏ ਸੁਧਾਸਰ ਕੋ ਨਰ ਕੋਈ। ਮੱਜਨ ਕਰਤਿ ਭੁਏ ਤਹਿਂ ਤੇਈ।

---

[1]ਵਿਸਾਖੀ। [2]ਸੂਰਮੇ। [3]ਹੱਥਾਂ ਵਿਚ। [4]ਭਾਈ ਸਾਈਂਦਾਸ ਦਾ ਹੱਥ ਹੱਥ ਵਿਚ ਫੜਕੇ। [5]ਜਾਣੇ ਵਾਲੇ ਚਲੇ ਗਏ। *ਪਾ:–ਉਤ ਸੰਗਤਿ।

ਬੁੱਢੇ ਅਰੁ ਗੁਰਦਾਸਿ ਜਿ ਆਦਿ। ਬੂਝਤਿ ਸੁਧਿ ਕਰਿ ਕਰਿ ਗੁਰ ਯਾਦਿ॥
੨੩॥ ਚਹੈਂ ਦਰਸ–ਕਬਿ ਨਿਜ ਘਰ ਆਵਹਿਂ।ਚੰਦ ਬਦਨ ਸੁੰਦਰ ਦਰਸਾ-
ਵਹਿਂ–। ਸਭਿਹਿਨਿ ਬ੍ਰਿਧ ਸੋਂ ਕੀਨਿ ਬਖਾਨੀ। 'ਲਿਖਹੁ ਅਖਿਲ ਕੀ ਬਿਨੈ
ਮਹਾਂਨੀ ॥ ੨੪ ॥–ਅਭਿਲਾਖਤਿ ਹੈਂ ਦਰਸ ਤੁਮਾਰਾ। ਲਾਗ ਰਹ੍ਯੋ ਮਨ
ਇਤਹੁੰ ਹਮਾਰਾ। ਆਇਸੁ ਬਿਨਾਂ ਨ ਆਇ ਸਕੈ ਹੈਂ। ਚਿਤ ਚਾਹਤਿ ਹੀ
ਦਿਵਸ ਬਿਤੈ ਹੈਂ॥੨੫॥ ਸਦਨ ਪ੍ਰਵੇਸ਼ਹੁ ਆਨਿ ਗੁਸਾਈਂ।ਤਹਾਂ ਬਸਨ ਕੈਸੇ
ਮਨ ਭਾਈ। ਪਿਤਾ ਪਿਤਾਮ ਸਬੰਧੀ ਥਾਨ। ਤੀਰਥ ਸਤਿਗੁਰ ਕੀਨਿ
ਮਹਾਨ ॥੨੬॥ਕਿਮ ਬਿਸਾਰਨੋ ਬਨਹਿ ਜੁ ਐਸੇ। ਬਸਹੁ ਆਪ ਪਿਤ ਦਾਦਾ
ਜੈਸੇ–'। ਇੱਤ੍ਯਾਦਿਕ ਬ੍ਰਿਧ ਲਿਖ੍ਯੋ ਘਨੇਰੇ।ਸਿਖ ਗੁਰਦਾਸੁ ਆਦਿਕਨਿ
ਪ੍ਰੇਰੇ॥੨੭॥ ਪਠ੍ਯੋ ਸਿੱਖ ਚਲਿ ਤੂਰਨ ਆਯੋ। ਸ਼੍ਰੀ ਸਤਿਗੁਰ ਕੋ ਦਰਸ਼ਨ
ਪਾਯੋ। ਕਰਿ ਬੰਦਨ ਕੋ ਬਿਨੈ ਉਚਾਰੀ।ਧਰਿ ਦੀਨਸਿ ਅਰਦਾਸ ਅਗਾਰੀ॥
੨੮॥ ਸਭਿ ਕੀ ਕੁਸ਼ਲ ਬੂਝਿ ਤਿਹ ਸੰਗ। ਪੁਨ ਕਾਗਦ ਲੇ ਪਠ੍ਯੋ ਪ੍ਰਸੰਗ।
ਜਾਨਿ ਬਿਨੈ ਨਿਜ ਸਿੱਖਨਿ ਕੇਰੀ। ਕਰੀ ਗਮਨ ਕੀ ਮਤਿ ਤਿਸ ਬੇਰੀ ॥
੨੯ ॥ ਬਹੁਰ ਪਠ੍ਯੋ ਕਾਗਦ ਲਿਖਿਵਾਇ। 'ਬਿਨਾ ਬਿਲੰਬ ਆਇੰ ਇਸ
ਥਾਇੰ। ਸਰਬ ਕਾਜ ਇਤ ਕੇ ਹੁਇ ਗਏ। ਪੂਰ ਮਨੋਰਥ ਸਿੱਖ੍ਯਨਿ ਕਏ॥
੩੦॥ ਸਤਿਗੁਰ ਸ਼ਬਦ ਕਰਹੁ ਪਠਿ ਪ੍ਰੇਮ। ਜੋ ਦਾਤਾ ਦੁਹਿਂ ਲੋਕਨਿ ਛੇਮ'।
ਲੈ[੧] ਗੁਥ ਤੇ ਗਮਨ੍ਯੋ ਸਿਖ ਸੋਈ।ਜਾਇ ਪਹੂਚ੍ਯੋ ਪੁਰਿ, ਸੁਧਿ ਹੋਈ॥੩੧॥
ਸੁਨ੍ਯੋ ਹੁਕਮਨਾਮਾ ਗੁਰ ਕੇਰਾ। ਸਭਿ ਕੇ ਹਰਖ ਭਯੋ ਤਿਸ ਬੇਰਾ। ਬਹੁਰ
ਬ੍ਰਿੱਧ ਨੇ ਸਭਿ ਸੋਂ ਭਾਖਾ।'ਤੁਰਤ ਦਰਸ ਗੁਰ ਦੇਂ ਅਭਿਲਾਖਾ॥੩੨॥ ਪ੍ਰੇਮ
ਸੰਗ ਰਹੁਰਾਸ ਪਿਛੇਰੇ।ਮਿਲਹੁ ਸਿੱਖ ਤਬਿ ਹੋਇ ਘਨੇਰੇ।ਸਨੇ ਸਨੇ ਪਰਦ-
ਛਨਾ ਕਰੀਯਹਿ। ਪ੍ਰੇਮ ਸੰਗ ਗੁਰ ਸ਼ਬਦ ਉਚਰੀਯਹਿ ॥ ੩੩ ॥ ਹਲਤ
ਪਲਤ ਨਿਜ ਭਲੋ ਬਿਚਰੀਯਹਿ।ਹੁਕਮ ਗੁਰੂ ਆਯੋ ਮਨ ਧਰੀਯਹਿ। ਪ੍ਰੇਮ
ਬਸੀ ਹੈਂ ਸਹਿਜ ਸੁਭਾਇਕ। ਆਇ ਦਰਸ ਦੇਂ ਸਭਿ ਸੁਖਦਾਇਕ'॥੩੪॥
ਸੁਨਤ ਬ੍ਰਿੱਧ ਤੇ ਸਿੱਖਨਿ ਮਾਨਾ। ਸੰਧ੍ਯਾ ਬਿਖੇ ਮੇਲ ਬਡ ਠਾਨਾ। ਸੁਧਾ-
ਸਰੋਵਰ ਕੇ ਚਹੁੰ ਫੇਰੇ। ਫਿਰਤਿ ਪਢਤਿ ਕਰਿ ਪ੍ਰੇਮ ਘਨੇਰੇ ॥੩੫॥ ਕਰੈਂ
ਟਹਿਲ ਆਪਸ ਮਹਿਂ ਸਾਰੇ। ਚਾਂਪੀ ਕਰਿਤੇ, ਪੌਨ ਝੁਲਾਰੇ। ਚਾਰ ਘਟੀ
ਨਿਸਿ ਬੀਤੇ ਜਬਿ ਲੌ।ਗੁਰਕੇ ਸ਼ਬਦ ਉਚਾਰਹਿਂ ਤਬਿ ਲੌ॥੩੬॥ਭੋਗ ਪਾਇ

[੧](ਹੁਕਮ ਨਾਮਾ) ਲੈ ਕੇ।

ਅਰਦਾਸ ਕਰੰਤੇ। 'ਆਇ ਦਰਸ ਦਿਹੁ' ਬਚ ਉਚਰੰਤੇ। ਇਸ ਪ੍ਰਕਾਰ ਸਿੱਖਨਿ ਪ੍ਰਨ ਠਾਨਾ। ਅੰਤਰਜਾਮੀ ਗੁਰ ਸਭਿ ਜਾਨਾ ॥ ੩੭ ॥ ਚਹਤਿ ਚਲਨਿ ਕੋ ਪੁਰਿ ਉਤਲਾਏ। ਇਕ ਦਿਨ ਪੌਢੇ ਸਹਿਜ ਸੁਭਾਏ। ਰੁਤ ਗ੍ਰੀਖਮ ਮਹਿਂ ਘਾਮ ਬਿਸਾਲਾ। ਛਿਰਕਯੋ ਜਲ ਸੀਤਲ ਕਰਿ ਸਾਲਾ ॥੩੮॥ ਚਾਂਪਤਿ ਪਦ ਜੁਗ ਸਾਈਂ ਦਾਸ। ਰਾਮੋ ਬਿਜਨਾ ਕਰਤਿ ਹੁਲਾਸ। ਮ੍ਰਿਦੁਲ ਸੇਜ ਪਰ ਸਤਿਗੁਰ ਥਿਰੇ। ਇਸ ਪ੍ਰਕਾਰ ਕੌਤਕ ਤਬਿ ਕਰੇ:–॥੩੯॥ ਲਾਦੀ ਖੇਪ ਏਕ ਸੌਦਾਗਰ। ਭਰਿ ਜਹਾਜ ਠੇਲਯੋ ਵਿਚ ਸਾਗਰ। ਗਮਨਯੋ ਕਿਸ ਟਾਪੂ ਹਿਤ ਜਾਨੈ। ਜਲ ਅਗਾਧ ਮਹਿਂ ਕਰਤਿ ਪਯਾਨੈ ॥ ੪੦ ॥ ਕੇਤਿਕ ਦੂਰ ਗਯੋ ਚਲਿ ਸੋਇ। ਬਾਂਛਤਿ ਚਿਤ ਪਹੁੰਚਨਿ ਦ੍ਰਤ[1] ਹੋਇ। ਉਠਹਿਂ ਤਰੰਗ ਉਤੰਗ ਬਿਲੰਦ[2]। ਜਲ ਕੇ ਜੀਵ ਭਯਾਨਕ ਬ੍ਰਿੰਦ ॥੪੧॥ ਤਹਾਂ ਬਿਘਨ ਐਸੇ ਕੁਛ ਭਯੋ। ਚਲਤਿ ਜਹਾਜ ਅਟਕ ਤਹਿਂ ਗਯੋ। ਚਲਹਿ ਨ, ਜਤਨ ਕਰਤਿ ਸਭਿ ਹਾਰੇ। ਭੇ ਨਿਰਾਸ ਲਾਚਾਰ ਬਿਚਾਰੇ ॥ ੪੨ ॥ ਸਭਿ ਕਿਛ ਤਯਾਗ ਪਰੇ ਗੁਰ ਸ਼ਰਨਾ। 'ਰੱਛਹੁ ਆਇ, ਆਪ ਕੋ ਪਰਨਾ[3]। ਜਹਾਂ ਸਹਾਇਕ ਹੋਤਿ ਨ ਕੋਈ। ਤਹਿਂ ਸਿੱਖਨਿ ਕੇ ਪਾਲਿਕ ਹੋਈ ॥੪੩॥ ਕਾਰਜ ਕਰਹੁ ਸੁਧਾਰਨਿ ਸਾਰੇ। ਇਸ ਪ੍ਰਕਾਰ ਨਿਤ ਬਿਰਦ ਤੁਹਾਰੇ'। ਸ਼੍ਰੀ ਹਰਿ-ਗੋਬਿੰਦ ਸੰਕਟ ਜਾਨਾ। ਪਹੁੰਚੇ ਤਤਛਿਨ ਮਹਿਂ ਭਗਵਾਨਾ ॥੪੪॥ ਲਾਇ ਸਿਕੰਧ ਚਲਾਇ ਜਹਾਜਾ। ਨਿਜ ਸਿਖ ਕੇ ਪੂਰਨ ਕਿਯ ਕਾਜਾ। ਰਾਮੋ ਆਦਿਕ ਦਾਸ ਜਿ ਔਰ। ਜਾਨੈਂ–ਗੁਰ ਸੁਪਤੇ ਇਸ ਠੌਰ–॥੪੫॥ ਚਹੁੰਦਿਸ਼ਿ ਫਿਰਤੀ ਬਿਜਨਾ ਕਰਤੀ। ਸ੍ਵੇਦ ਨ ਹੋਇ ਪ੍ਰੇਮ ਕੋ ਧਰਤੀ। ਜਬੈ ਸਿਰਾਨੇ ਦਿਸ਼ਿ ਕੋ ਆਈ। ਕੇਸ ਛੁਟੇ[4] ਗੁਰ ਕੇ ਦਰਸਾਈ ॥੪੬॥ ਤਿਨ ਤੇ ਨਿਚੁਰਤਿ ਨੀਰ ਘਨੇਰਾ। ਅਚਰਜ ਭਈ ਹੇਰਿ ਤਿਸ ਬੇਰਾ। ਪਤਿ ਸੋਂ ਉਚਰਤਿ 'ਇਹ ਕਯਾ ਭਯੋ ?। ਇਤੋ ਸ੍ਵੇਦ ਕਿਮ ਸਿਰ ਤੇ ਗਯੋ' ॥ ੪੭ ॥ ਬਹੁਰ ਕਹਤਿ 'ਇਹ ਸ੍ਵੇਦ ਨ ਅਹੈ। ਨੀਰ ਅਧਿਕ ਕੇਸਨ ਤੇ ਬਹੈ। ਕਯਾ ਕਾਰਨ, ਭਾਖਯੋ ਨਹਿਂ ਜਾਈ'। ਸਾਈਂ ਦਾਸ ਸੁ ਬਾਤ ਸੁਨਾਈ ॥੪੮॥ 'ਅਬਿ ਸਾਗਰ ਬਿਚਰੇ ਗੁਰ ਆਇ। ਸਿਖ ਜਹਾਜ ਅਟਕਯੋ ਸੁ ਲੰਘਾਇ। ਤੂਸ਼ਨਿ ਰਹਹੁ ਸੇਵ ਕਹੁ ਠਾਨਹੁ। ਨਹਿਂ ਉਚੇ ਮੁਖ ਬਾਕ ਬਖਾਨਹੁ' ॥ ੪੯ ॥ ਤਬਿ ਸਤਿਗੁਰ

[1]ਛੇਤੀ। [2]ਬੜੀਆਂ ਉੱਚੀਆਂ ਲਹਿਰਾਂ ਉੱਠਣ। [3]ਆਸਰਾ ਹੈ। [4]ਕੇਸ ਖੁਲ੍ਹੇ ਹੋਏ। ਇਸ ਤੋਂ ਪ੍ਰਤੱਖ ਹੈ ਕਿ ਸਾਰੇ ਗੁਰੂ ਸਾਹਿਬ ਕੇਸਾਧਾਰੀ ਸਨ।

ਹੋਇ ਸਵਧਾਨਾ। ਉਠਿ ਕਰਿ ਬੈਠੇ ਬਾਕ ਬਖਾਨਾ। 'ਸਾਈਂ ਦਾਸ ਜੁ ਬਾਤ ਬਤਾਈ। ਸ਼ਕਤਿ ਇਤੀ ਕਿਤ ਤੇ ਤੈਂ ਪਾਈ?'॥੫੦॥ ਹਾਥ ਜੋਰਿ ਬੋਲਯੋ ਬਡਭਾਗੀ। 'ਤੁਮਰੀ ਸੇਵਾ ਮਹਿਂ ਮਤਿ ਪਾਗੀ। ਪਦ ਰਜ ਕੀ ਮੁਖ ਆਂਖਨਿ ਲਾਈ। ਸੀਤ ਪ੍ਰਸਾਦਿ ਆਪ ਕੋ ਖਾਈ॥ ੫੧॥ ਕਰਹਿ ਪ੍ਰੇਮ ਸੋਂ ਇਤੀ ਜੁ ਸੇਵਾ। ਇਸ ਬਿਧਿ ਹੁਇਂ ਪ੍ਰਸੰਨ ਗੁਰ ਦੇਵਾ। ਬਹੁਰੋ ਵਸਤੁ ਨ ਐਸੀ ਕੋਇ। ਜੋ ਸਿਖ ਤੁਮਰੋ ਲਹੈ ਨ ਸੋਇ॥ ੫੨॥ ਰਾਵਰ ਕੀ ਕਰੁਨਾ ਸਭਿ ਭਈ। ਅਪਰ ਕਹਾਂ ਤੇ ਹਮ ਨੇ ਲਈ'।ਸੁਨਿ ਪ੍ਰਸੰਨ ਸ੍ਰੀ ਹਰਿ ਗੋਵਿੰਦਾ'ਸਵਲ ਭਈ ਤੁਮ ਸੇਵ ਬਿਲੰਦ'॥ ੫੩॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪੰਚਮ ਰਾਸੇ 'ਸਾਈਂਦਾਸ ਪ੍ਰਸੰਗ' ਬਰਨਨੰ ਨਾਮ ਅਸ਼ਟਤ੍ਰਿੰਸਤੀ ਅੰਸੂ॥ ੩੮॥

੩੯. [ਸ੍ਰੀ ਅੰਮ੍ਰਿਤਸਰ ਜੀ ਆਉਣਾ]।

ਦੋਹਰਾ॥ ਗਮਨ ਕਰਨ ਕੋ ਸੁਧਾਸਰ ਸਿਮਰਤਿ ਉਰ ਮਹਿਂ ਨੀਤ।–ਚਹਤਿ ਦੇਖਿਬੇ ਹਮਹਿ ਕੋ ਸਭਿ ਸਿੱਖਨਿ ਕੋ ਪ੍ਰੀਤ[1]–॥ ੧॥ ਚੌਪਈ॥ ਇਕ ਦਿਨ ਮਾਤ ਗੰਗ ਕੇ ਪਾਸ। ਚਲਿਬੇ ਨਗਰ ਪ੍ਰਸੰਗ ਪ੍ਰਕਾਸ਼। 'ਬਹੁ ਦਿਨ ਬੀਤੇ ਤਜਯੋ ਸਥਾਨਾ। ਕਰਹਿਂ ਪ੍ਰਤੀਖਨ ਸਿੱਖ ਮਹਾਨਾ'॥ ੨॥ ਸੁਨਿ ਜਨਨੀ ਆਨੰਦ ਕਰਿ ਕਹਯੋ। 'ਸੁਨਹੁ ਪੁੱਤ੍ਰ! ਮਮ ਚਿਤ ਅਤਿ ਚਹਯੋ। ਅਧਿਕ ਬਾਸ ਨਿਜ ਪੁਰਿ ਬਨਿ ਆਵੈ।ਅਬਿ ਚਲਿਬੋ ਸਭਿ ਕੇ ਮਨ ਭਾਵੈ'॥੩॥ ਕਰਿ ਮਸਲਤ ਮਾਤਾ ਕੇ ਸਾਥ। ਨਿਕਸੇ ਵਹਿਰ ਬੈਠਿ ਕਰਿ ਨਾਥ। ਬਿਧੀਏ ਅਰੁ ਜੇਠੇ ਸੰਗ ਭਾਖਾ। 'ਪਿਖਨਿ ਸੁਧਾਸਰ ਕੀ ਅਭਿਲਾਖਾ'॥ ੪॥ ਸੁਨਿ ਦੋਨਹੁ ਹਰਖੇ ਕਹਿ ਬਾਨੀ।'ਹਮਰੇ ਮਨ ਕੀ ਹੀ ਤੁਮ ਜਾਨੀ। ਪਠਹਿਂ ਤਹਾਂ ਤੇ ਸਿੱਖ ਸੰਦੇਸਾ।–ਸਤਿਗੁਰ ਬਿਰਮ ਰਹੇ ਪਰਦੇਸ਼ਾ॥ ੫॥ ਕਰਿ ਕਰਿ ਬਿਨਤੀ ਜਯੋਂ ਕਯੋਂ ਆਨਹੁ। ਇਹ ਉਪਕਾਰ ਸੁ ਹਮ ਪਰ ਠਾਨਹੁ–। ਕਰੀਯਹਿ ਤਯਾਰੀ ਬਿਲਮ ਬਿਸਾਰੇ। ਨਿਜ ਸਿੱਖਨਿ ਕੀ ਕਰਹੁ ਸੰਭਾਰੇ'॥ ੬॥ ਗੁਰੂ ਉਚਰਯੋ 'ਸਭਿ ਕੋ ਕਹਿ ਦੀਜੈ। ਪ੍ਰਾਤਿ ਕੂਚ ਹੈ ਤਯਾਰੀ ਕੀਜੈ'। ਸੁਨਿ ਜੇਠੇ ਨੇ ਸਭਿ ਸੋਂ ਕਹਯੋ। 'ਚਲਨਿ ਪ੍ਰਾਤ ਸੋਂ ਸਤਿਗੁਰੁ ਚਹਯੋ'॥੭॥ ਸੁਨਿ ਪ੍ਰਸਥਾਨ ਸਕਲ ਹਰਖਾਏ। ਸਭਿ ਵਾਹਿਨ ਕੋ ਤਯਾਰਿ ਕਰਾਏ। 'ਚਲਹੁ ਸੁਧਾਸਰ, ਹਮਹਿਂ ਨਿਹਾਰੈਂ'। ਮਿਲਿ ਆਪਸ ਮਹਿਂ ਹਰਖ ਉਚਾਰੈਂ॥ ੮॥ ਪਰੀ ਨਿਸਾ ਗੁਰ ਪਲੰਘ ਸੁਹਾਏ। ਤਬਿ ਦੰਪਤਿ ਚਲਿ ਕਰਿ ਨਿਯਰਾਏ[2]। 'ਕਰਹੁ ਪ੍ਰਭੂ ਕੈਸੇ ਅਬਿ ਤਯਾਰੀ। ਕੌਨ ਖੁਨਾਮੀ ਪਿਖੀ ਹਮਾਰੀ॥ ੯॥

[1]ਪ੍ਰੀਤ ਹੈ ਸਾਡੇ ਨਾਲ। [2]ਨੇੜੇ ਆਏ।

ਅਪਨੇ ਜਾਨਹੁ ਦੇਹੁ ਬਤਾਇ। ਭਈ ਭੂਲ ਸੋ ਲੇਂ ਬਖ਼ਸ਼ਾਇ। ਕੈ ਹਮਰੇ ਪਰਵਾਰ ਮਝਾਰਾ। ਤੁਮ ਨਰ ਸੋਂ ਕਟੁ ਬਾਕ ਉਚਾਰਾ॥ ੧੦ ॥ਭਈ ਨ ਕੋ ਛੁਮਰੀ ਮਨ ਭਾਈ। ਜਿਸ ਤੇ ਔਚਕ ਕੀਨਿ ਚਢਾਈ'। ਸੁਨਿ ਸਤਿਗੁਰ ਬੋਲਤਿ ਮੁਸਕਾਏ। 'ਪ੍ਰੇਮ ਤੁਮਾਰੋ ਪਿਖਿ ਚਲਿ ਆਏ ॥ ੧੧ ॥ ਚਿਰੰਕਾਲ ਬੀਤਯੋ ਪੁਰਿ ਤਜਯੋ। ਸ਼੍ਰੀ ਹਰਿਮੰਦਰ ਕੋ ਨਹਿਂ ਜਜਯੋ। ਲਿਖਿ ਲਿਖਿ ਪਠਹਿਂ ਸਿੱਖ ਅਰਦਾਸ। ਜਿਨ ਕੈ ਨਿਸ ਦਿਨ ਪ੍ਰੇਮ ਪ੍ਰਕਾਸ਼॥ ੧੨ ॥ ਬਡੇ ਗੁਰਨਿ ਕੇ ਸੰਗੀ ਰਹੇ। ਉਚਿਤ ਅਦਬ ਕੇ ਹਮ ਕੋ ਅਹੇ। ਜਿਨ ਕੋ ਕਹਯੋ ਹਟਹਿ ਨਹਿਂ ਮੋ ਤੇ। ਉੱਤਮਤਾ[1] ਕਹੀਯਹਿ ਕਯਾ ਤੋ ਤੇ ॥ ੧੩ ॥ ਇਸ ਹਿਤ ਕੂਚ ਅਚਾਨਕ ਜਾਨਹੁ। ਤੁਮ ਦੰਪਤਿ ਅਬਿ ਸਭਿ ਸੁਖ ਠਾਨਹੁ। ਜਨਮ ਮਰਣ ਕੋ ਮਿਟਯੋ ਸੰਦੇਹੂ।ਸਿਮਰਹੁ ਸੱਤਿਨਾਮ ਬਿਧਿ ਏਹੂ॥ ੧੪ ॥ ਕਿਤਿਕ ਬਰਖ ਮੈਂ ਪੁਨ ਇਹ[2] ਆਵਹਿ। ਕਰਹਿਂ ਬਿਲਾਸ ਇਹਾਂ ਮਨ ਭਾਵਹਿ। ਅਬਿ ਤੁਮ ਸਦ ਹੀ ਸੰਗ ਹਮਾਰੇ। ਨਹੀਂ ਕਰਹਿਂ ਨਿਜ ਤੇ ਕਬਿ ਨਯਾਰੇ'॥੧੫॥ਇੱਤਯਾਦਿਕ ਕਹਿ ਧੀਰਜ ਦਈ। ਦੰਪਤਿ ਆਇਸੁ ਸਿਰ ਧਰਿ ਲਈ। ਬਿਨ ਅਨੁਸਾਰ ਨ ਬੋਲੇ ਹੇਰਿ[3]। ਉਠੇ ਨਮੋ ਕਰਿ ਸੁਪਤੇ ਫੇਰ ॥੧੬॥ ਰਾਤਿ ਜਥਾ ਸੁਖ ਸਕਲ ਬਿਤਾਈ। ਪ੍ਰਾਤਿ ਹੋਤਿ ਗੁਰ ਕੀਨਿ ਚਢਾਈ। ਹਿਤ ਸਨਮਾਨ ਸੰਗ ਕੁਛ ਆਏ। ਕਹਿ ਬਹੁ ਬਾਰ ਬਹੁਰ ਠਹਿਰਾਏ ॥ ੧੭ ॥ ਬਿਛੁਰਤਿ ਰਾਮੋ ਬੰਦਨ ਕੀਨਿ। ਸਾਈਂਦਾਸ ਨਿਮਯੋ ਬਨਿ ਦੀਨਿ। ਗੰਗਾ ਮਾਤ ਚਢੀ ਤਬਿ ਸਯੰਦਨਿ। ਦੋਨਹੁ ਕਰੀ ਜਾਇ ਪਦ ਬੰਦਨ ॥੧੮॥ ਆਸ਼ਿਖ ਦੇ ਆਗੇ ਕਹੁ ਚਲੀ। ਪੁਨ ਦਮੋਦਰੀ ਕੇ ਸੰਗ ਮਿਲੀ। ਦੰਪਤਿ ਜੰਪਤਿ[4] ਦ੍ਵੈ ਕਰ ਬੰਦ। 'ਤੂੰ ਜਨਮੀ ਜਗ ਭਾਗ ਬਿਲੰਦ ॥ ੧੯ ॥ ਮਾਤ ਪਿਤਾ ਕੋ ਬੰਸ ਉਧਾਰਾ। ਤੁਝ ਕਰਿ ਭਾ ਸਨਬੰਧ ਹਮਾਰਾ। ਭਏ ਕ੍ਰਿਤਾਰਥ ਤੁਵ ਉਪਕਾਰਾ। ਯਾਂਤੇ ਬੰਦਨ ਬਾਰੰਬਾਰਾ ॥ ੨੦ ॥ ਗੁਰ ਤੇ ਜੇਠੋ ਪੁੱਤ੍ਰ ਉਪਾਯੋ।ਅਧਿਕ ਭਾਗ ਤੁਵ ਭਾਲ ਸੁਹਾਯੋ'।ਸ਼੍ਰੀ ਗੁਰਦਿੱਤੇ ਕਹੁ ਲੇ ਗੋਦ। ਬਾਰਿ ਬਾਰਿ ਪਿਖਿ ਹੋਤਿ ਪ੍ਰਮੋਦ॥੨੧॥ ਕਹਿ ਦਮੋਦਰੀ'ਗੁਰਨਿ ਪ੍ਰਤਾਪ। ਦਾਸੀ ਜਾਨਿ ਕਰੀ ਮੁਹਿ ਆਪ। ਤਿਨ ਕੀ ਕ੍ਰਿਪਾ ਜਾਸ ਪਰ ਹੋਇ। ਸੁਖ ਬਡਿਆਈ ਪ੍ਰਾਪਤਿ ਸੋਇ ॥੨੨॥ ਦੀਪਮਾਲ ਵੈਸਾਖੀ ਆਦਿ।

---

[1]ਉਨ੍ਹਾਂ (ਬਾਬੇ ਬੁੱਢੇ ਆਦਿਕਾਂ) ਦੀ ਉੱਤਮਤਾਈ। [2]ਏਥੇ। [3](ਰਜ਼ਾ ਗੁਰੂ ਜੀ ਦੀ) ਵੇਖਕੇ (ਕਿ ਟੁਰਨ ਦੀ ਹੈ, ਕੋਈ ਗੱਲ) ਪ੍ਰਤਿਕੂਲਤਾ ਦੀ ਨਾ ਕਹੀ। [4]ਬਿਨੈ ਕੀਤੀ।

ਮਿਲਹੁ ਆਨਿ ਕਰਿ ਲਿਹੁ ਅਹਿਲਾਦ'। ਗਲ ਸੋਂ ਮਿਲਿ ਕਰਿ ਹੋਇਸਿ ਨਜਾਰੀ। ਬਹੁਰ ਨਾਨਕੀ ਨਿਕਟਿ ਪਧਾਰੀ॥੨੩॥ਨਮੋ ਕਰਤਿ ਕੋ ਪਕਰਿ ਹਟਾਈ। ਲੇ ਰਾਮੋ ਗਰ ਸੰਗ ਮਿਲਾਈ। ਕਹਿ ਸੁਨਿ ਬਚਨ ਪ੍ਰੇਮ ਕੇ ਮੁਰੀ। ਆਂਸੂ ਢਰਤਿ ਬਿਲੋਕਤਿ ਖਰੀ॥ ੨੪ ॥ਦੋਨਹੁਂ ਡੋਰੇ ਸੰਗ ਮਿਲਾਇ। ਤਬਿ ਸਸੰਦਨ ਗੰਗਾ ਚਲਿਵਾਇ। ਬਲੀ ਤੁਰੰਗਨ ਗੁਰੂ ਅਰੋਹੇ। ਮਹਾਂ ਬੇਗ ਤੇ ਗਮਨਤਿ ਸੋਹੇ ॥ ੨੫ ॥ ਸੰਗ ਪਵੰਗਮ ਜੋਧਾ ਚਢੇ । ਚਲਹਿਂ ਪਿਛਾਰੀ ਆਨੰਦ ਬਢੇ। ਪੰਥ ਉਲੰਘ੍ਯੋ ਕੇਤਿਕ ਹੇਰਾ । ਦੁਆਦਸ਼ ਕੋਸ ਕਰ੍ਯੋ ਚਲਿ ਡੇਰਾ ॥ ੨੬ ॥ ਜਥਾ ਜੋਗ ਕਰਿ ਖਾਨ ਰੁ ਪਾਨਾ। ਨਿਸ ਬਿਤਾਇ ਹੋਇ ਸਵਧਾਨਾ। ਕਰਤਿ ਅਖੇਰ ਗੁਰੂ ਮਗ ਚਾਲੇ। ਪਾਛੇ ਸਭਿ ਕੋ ਗੰਗ ਸੰਭਾਲੇ ॥੨੭॥ ਗਮਨੇ ਡੇਰਾ ਕੂਚ ਕਰਾਇ। ਇਸੀ ਪ੍ਰਕਾਰ ਚਲੇ ਮਗ ਜਾਇਂ । ਆਇ ਤਰਨ ਤਾਰਨ ਕੇ ਥਾਨ। ਟਿਕੇ ਨਿਸਾ ਮਹਿਂ ਗੁਰ ਭਗਵਾਨ ॥੨੮॥ ਸੁਤ ਕੋ ਲੇ ਕਰਿ ਗੇ ਦਰਬਾਰਾ। ਬੰਦਨ ਕਰਿ ਪ੍ਰਸਾਦਿ ਬਰਤਾਰਾ। ਕਰੀ ਪ੍ਰਦਛਨਾ ਫਿਰ ਕਰਿ ਸਾਰੇ। ਪੁਨ ਬਿਸਰਾਮੇ ਨਿਸਾ ਗੁਜ਼ਾਰੇ॥੨੯॥ਦੇਖਿ ਪ੍ਰਾਤਿ ਗੁਰ ਕੀਨਿ ਚਢਾਈ। ਪ੍ਰਥਮ ਸੁਧਾਸਰ ਸੁਧਿ ਪਹੁੰਚਾਈ। ਤਬਿ ਪੁਰਿ ਪਾਈ ਸਾਗਰ ਸ਼ੋਭਾ। ਉਮਗੇ ਨਰ ਜਨ ਬਾਢ੍ਯੋ ਛੋਭਾ[1]॥੩੦॥ਬਸਤ੍ਰ ਬਿਭੂਖਨ ਪਹਿਰਤਿ ਨਾਰੀ॥ਹਿਤ ਆਦਰ ਕੇ ਮਿਲਿਨਿ ਅਗਾਰੀ। ਬੀਥਨ[2] ਚਲੀ ਪ੍ਰਕਾਸ਼ ਛਬੀਲਾ। ਸੋਹਤਿ ਜਨੋਂ ਬੜਵਾਨਲ ਕੀਲਾ[3] ॥ ੩੧ ॥ ਨਗਰ ਮਿਰਜਾਦ ਸੁ ਬੇਲਾ ਠਾਹਰ[4]। ਨਰ ਜਲ ਨਿਕਸੇ ਫੈਲਤਿ ਬਾਹਰ। ਸ਼੍ਰੀ ਹਰਿਗੋਬਿੰਦ ਚੰਦ ਮਨਿੰਦ। ਪਿਖ੍ਯੋ ਪਰਬ ਮਹਿਂ ਧਰ੍ਯੋ ਅਨੰਦ ॥੩੨॥ ਸਿਖ ਪਹੁੰਚੇ ਇਕ ਕੋਸ ਅਗਾਰੀ। ਗੁਰੁ ਦਰਸ਼ਨ ਕਰਿ ਬੰਦਨ ਧਾਰੀ। ਲੈ ਲੈ ਜਥਾ ਸ਼ਕਤਿ ਪਰਸਾਦਿ। ਅਰਪਤਿ ਗੁਰੁ ਕੋ ਧਰਿ ਅਹਿਲਾਦ ॥ ੩੩ ॥ ਕੁਸ਼ਲ ਬੂਝ ਆਗੇ ਕੋ ਚਲੇ। ਤਬਿ ਗੁਰਦਾਸ ਆਦਿ ਸਭਿ ਮਿਲੇ। ਬ੍ਰਿਧ ਸੋਂ ਪ੍ਰਥਮ ਪਠ੍ਯੋ ਕਹਿ ਐਸੇ। 'ਕਰਹੁ ਨ ਖੇਦ ਰਹਹੁ ਤੁਮ ਬੈਸੇ॥ ੩੪ ॥ਹਮ ਆਵੈਂਗੇ ਨਿਕਟ ਤੁਮਾਰੇ। ਸ਼੍ਰੀ ਹਰਿਮੰਦਰ ਦਰਸ ਨਿਹਾਰੇ'। ਅਪਰ ਅਗਾਊ ਸਗਰੇ ਆਇ। ਪਿਖਿ ਪਿਖਿ ਸਤਿਗੁਰ ਕੋ ਹਰਖਾਏ ॥ ੩੫ ॥ ਜਥਾ ਜੋਗ ਸਭਿ ਬਚਨ ਉਚਾਰੇ। ਲੈ ਕਰਿ ਗਮਨੇ

[1]ਭਾਵ ਸਾਗਰ ਦਾ ਚੜ੍ਹਾਉ, ਜੁਆਰ। [2]ਗਲੀਆਂ ਵਿਚ। [3]ਬੜਵਾ ਅਗਨੀ ਦੀ ਲਾਟ। [4]ਨਗਰ ਦੀ ਹੱਦ (ਇਹ) ਕਿਨਾਰੇ ਦੀ ਥਾਂ ਹੈ (ਮਾਨੋ)।

ਸੰਗ ਅਗਾਰੇ। ਨਰ ਨਾਰੀ ਪੁਰਿ ਕੀ ਸਮੁਦਾਯਾ। ਮਿਲਤਿ ਆਇ ਸਭਿ ਸੀਸ ਨਿਵਾਯਾ॥੩੬॥ ਧਰਹਿਂ ਉਪਾਇਨ ਹ੍ਵੈਂ ਬਲਿਹਾਰੀ। 'ਧੰਨ ਆਜ ਕੀ ਘਰੀ'ਉਚਾਰੀ।'ਪੁੱਤ੍ਰ ਸਹਤ ਗੁਰ ਦਰਸ ਨਿਹਾਰਾ। ਹਮ ਸਭਿ ਕੇ ਹੈਂ ਭਾਗ ਉਦਾਰਾ' ॥੩੭॥ ਕਿਹ ਕੋ ਦੇਖਿ, ਬੋਲ ਕਿਹ ਸਾਥ। ਸਭਿਨਿ ਅਨੰਦਤਿ ਚਾਲੇ* ਨਾਥ। ਸ਼੍ਰੀ ਗੁਰੁਦਿੱਤਾ ਲੇ ਕਰਿ ਸੰਗ। ਗਮਨੇ ਸ਼੍ਰੀ ਦਰਬਾਰ ਉਮੰਗ ॥੩੮॥ ਪ੍ਰਥਮ ਅਕਾਲ ਤਖਤ ਕਹੁ ਬੰਦਤਿ। ਗਏ ਦਰਸ਼ਨੀ ਪੌਰ ਅਨੰਦਤਿ।ਸੀਸ ਨਿਵਾਇਰਿਦੇ ਅਨੁਰਾਗੇ।ਥਿਰੇ ਜਾਇ ਹਰਿ ਮੰਦਿਰ ਆਗੇ ॥ ੩੯ ॥ ਧਰਿ ਧਰਨੀ ਸਿਰ ਬੰਦਨ ਕੀਨਿ। ਸ਼੍ਰੀ ਅਰਜਨ ਸੁਤ ਮਹਾਂ ਪ੍ਰਬੀਨ। ਦਈ ਪ੍ਰਦਛਨਾ ਫਿਰ ਕਰਿ ਚਾਰੀ†। ਪੁਨ ਪ੍ਰਵਿਸ਼ੇ ਦਰਬਾਰ ਮਝਾਰੀ ॥੪੦॥ ਪਿਤਾ ਪਿਤਾਮੇ ਕੋ ਧਰਿ ਧ੍ਯਾਨ। ਹਾਥ ਜੋਰਿ ਅਭਿਬੰਦਨ ਠਾਨਿ। ਪੁਨ ਭਾਈ ਬ੍ਰਿਧ ਕੇ ਪਗ ਪਰੇ। ਕੁਸ਼ਲ ਪ੍ਰਸ਼ਨ ਦੁਹਿ ਦਿਸ਼ਿ ਤੇ ਕਰੇ ॥ ੪੧ ॥ ਸ਼੍ਰੀ ਗੁਰਦਿੱਤਾ ਕੋ ਪਗ ਪਾਇਵ। ਖਰੇ ਹੋਇ ਅਰਦਾਸ ਕਰਾਇਵ। ਇਮ ਮਨਾਇ ਕਰਿ ਗੁਰੂ ਬਡੇਰੇ। ਨਿਕਸੇ ਉਤਸਵ ਰਚੇ ਘਨੇਰੇ॥੪੨॥ਲਘੁ ਦੁੰਦਭਿ ਸ਼ਰਨਾਇ ਨਫੀਰੀ। ਬਜੇ ਬਾਜਿ ਧੁਨਿ ਉਠਤਿ ਗਹੀਰੀ। ਘਨ ਸਮ ਧਨ ਬਰਖਾ ਤਬਿ ਡਾਰੀ। ਗਾਵਤਿ ਚਲਤਿ ਨਾਗਰੀ ਨਾਰੀ ॥ ੪੩ ॥ ਕੋ ਢੋਲਕ ਕੌ ਜਾਤਿ ਬਜਾਵਤਿ। ਮੰਗਲ ਗੁਰੁ ਗ੍ਰਿਹ ਕੇ ਗਨ ਗਾਵਤਿ।ਜਿਸ ਜਿਸ ਬੀਥੀ ਸਤਿਗੁਰੁ ਜਾਇਂ। ਅੰਜੁਲ ਭਰਿ ਫੂਲਨਿ ਬਰਖਾਇਂ॥ ੪੪ ॥ ਇੱਤ੍ਯਾਦਿਕ ਮੰਗਲ ਕੋ ਠਾਨਤਿ। ਨਗਰ ਗਰੀ ਗੁਰੁ ਮੰਦ[1] ਪਯਾਨਤਿ। ਦੁਹਨਿ ਸਨੁਖਾ ਲੇ ਕਰਿ ਸੰਗ। ਤਿਮ ਹੀ ਪਾਛੇ ਗਮਨਤਿ ਰੰਗ ॥ ੪੫ ॥ ਬੋਲਤਿ ਜਾਤਿ ਨਕੀਬ ਅਗਾਰੀ। ਚਲਤਿ ਸੰਗ ਸਗਰੇ ਨਰ ਨਾਰੀ। ਭੀਰ ਮਹਾਂ ਗਰੀਅਨਿ ਕੇ ਮਾਹੂ। ਦਰਸ਼ਨਿ ਦੇਤਿ ਜਾਤਿ ਸਭਿ ਕਾਹੂੰ॥੪੬॥ ਰੰਗਾ ਮੰਗਲ ਸੰਗ ਉਮੰਗ। ਭਈ ਪ੍ਰਵੇਸ਼ ਨਿਕੇਤ ਉਤੰਗ। ਬਰ ਆਸਨ ਜਹਿਂ ਰੁਚਿਰ ਬਿਛਾਏ। ਆਸਤਰਨ ਬਹੁ ਮੋਲੇ ਛਾਏ ॥੪੭॥ ਪੌਤ੍ਰੇ ਸਹਤ ਸਨੁਖਾ ਲੀਨਿ। ਬੈਠੀ ਸਦਨ ਬਿਖੈ ਸੁਖ ਭੀਨ। ਪੁਰਿ ਨਾਰੀ ਗਨ ਦੇਤਿ ਵਧਾਈ। ਢੋਲਕ ਬਜਤਿ ਸੰਗ ਘਰਿ ਆਈ ॥ ੪੮ ॥ ਧਨ ਗਨ ਦੀਨਿ ਸਗਲ ਹਰਖਾਈ। ਸੁਧਾ ਸਮਾਨ ਆਸ਼ਿਖਾ ਗਾਈ। 'ਜੁਗੁ ਜੁਗੁ ਜੀਵਹੁ ਪੌਤ੍ਰ ਸੁਭਾਗ। ਰਹਹੁ ਸਦਾ ਗੁਰੁ ਪ੍ਰੇਮਹਿ ਪਾਗ'

---

[1] ਹੌਲੀ ਹੌਲੀ। *ਪਾ:—ਅਨੰਦ ਦੇ ਚਾਲੇ। †ਪਾ:—ਸਾਰੀ।

॥੪੯॥ਸ਼੍ਰੀ ਹਰਿਗੋਬਿੰਦ ਅਪਰ ਸਦਨ ਮੈਂ। ਬੈਠਿ ਬਿਰਾਜੇ ਤਹਿਂ ਗਨ ਜਨ ਮੈਂ। ਘਰ ਘਰ ਮਹਿਂ ਉਤਸਵ ਬਹੁ ਕਰਤੋ। 'ਸਤਿਗੁਰੁ ਆਏ ਮੁਦ ਮਨ ਭਰਨੋ' ॥ ੫੦ ॥ ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪੰਚਮ ਰਾਸੇ 'ਸੁਧਾਸਰ ਆਗਵਨ' ਪ੍ਰਸੰਗ ਬਰਨਨੰ ਨਾਮ ਊਨ ਚਤਵਾਰਿੰਸਤੀ ਅੰਸੂ ॥ ੩੯ ॥

੪੦. [ਕੌਲਾਂ। ਪੈਂਦਾਖਾਨ]।

ਦੋਹਰਾ ॥ ਗੁਰੁ ਇਕੰਤ ਹੋਏ ਜਬਹਿ ਕੌਲਾਂ ਦਰਸ਼ਨ ਪਯਾਸ। ਆਈ ਅਤਿ ਮੋਦਤਿ ਰਿਦੈ ਪ੍ਰਵਿਸ਼ੀ ਤਾਸ ਅਵਾਸ॥ ੧ ॥ ਚੌਪਈ॥ ਜਨੁ ਸੁਨਿ ਕਾਨ ਪ੍ਰਿਯ ਬਾਤਿ ਚਕੋਰੀ। ਦੌਰੀ ਨਿਕਟ ਚੰਦ ਕੀ ਓਰੀ। ਮਨਹੁ ਪ੍ਰੇਮ ਤੇ ਹ੍ਵੈ ਕਰਿ ਬੌਰੀ। ਕਮਲ ਖਿਰੇ ਪਰ ਆਵਤਿ ਭੌਰੀ॥ ੨ ॥ ਸੁੰਦਰ ਮੰਦਿਰ ਅੰਦਰ ਧਰੀਆ। ਕਰਿ ਦਰਸ਼ਨ ਚਰਨਨ ਪਰ ਪਰੀਆ। ਮਨਹੁਂ ਰੰਕ ਕਹੁ ਪ੍ਰਾਪਤਿ ਰਾਜੂ। ਮਨ ਮਹਿਂ ਗਿਨਤਿ–ਧੰਨ ਦਿਨ ਆਜੂ–॥੩॥ਕਮਲ ਬਿਲੋਚਨ ਤੇ ਜਲ ਡਾਰੈ। ਜਨੁ ਅਨੰਦ ਤੇ ਚਰਨ ਪਖਾਰੈ। ਹਾਥ ਜੋਰਿ ਸਨਮੁਖ ਗੁਰੁ ਬੈਸੀ। ਮੂਰਤਿ ਪਿਖੀ ਦਿਵਾਕਰ[1] ਜੈਸੀ॥ ੪ ॥ ਕਮਲ ਬਿਲੋਚਨ ਬਿਕਸਤਿ ਜਾਤਿ। ਇਕ ਟਕ ਦੇਖਿ ਰਹੀ ਗੁਰੁ ਗਾਤਿ। ਪੂਰਬ ਤਪ ਕੋ ਫਲ ਸ਼ੁਭ ਪਾਯੋ। ਅਤਿ ਪ੍ਰਮੋਦ ਚਿਤ ਕਹਯੋ ਨ ਜਾਯੋ॥ ੫ ॥ ਪ੍ਰੇਮਾਤੁਰ ਚਿਤ ਸਤਿਗੁਰੁ ਦੇਖੀ। 'ਕਹੁ ਕੌਲਾਂ! ਤਨ ਕੁਸ਼ਲ ਵਿਸ਼ੇਖੀ ?। ਸਰਬ ਰੀਤਿ ਤੇ ਸੁਖ ਸੋਂ ਰਹੀ?' ।ਸੁਨਿ ਮ੍ਰਿਦੁ ਬਾਕ ਆਪ ਪੁਨ ਕਹੀ॥੬॥ 'ਕ੍ਰਿਪਾ ਆਪ ਕੀ ਮੋ ਪਰ ਜਬਿ ਕੀ। ਪਦਵੀ ਕੁਸ਼ਲ ਲਹੀ ਮੈਂ ਤਬਿ ਕੀ। ਰਾਵਰਿ ਦਰਸ਼ਨ ਇੱਛਾ ਬਿਨਾ। ਰਿਦੇ ਮਨੋਰਥ ਉਠਹਿ ਨ ਅਨਾ ॥ ੭ ॥ ਰਹੀ ਉਡੀਕਤਿ ਨਾਮ ਅਧਾਰਾ[2]। ਰੁਚਿ ਸੋਂ ਅਚਯੋ ਨ ਕਬਹੁਂ ਅਹਾਰਾ। ਹੇਰਤਿ ਆਨਿ ਅਚਾਨਕ ਮੋਹੀ[3]। ਤਬਿ ਜਾਨਤਿ ਮੈਂ ਜਿਸ ਬਿਧਿ ਹੋਹੀ॥ ੮ ॥ ਰਾਵਰ ਕੋ ਸੁਨਿ ਕਰਿ ਆਗਵਨੁ। ਤਤਛਿਨ ਤਨ ਹੋਯਹੁ ਮੁਦ ਭਵਨੁ। ਦਰਸ਼ਨ ਦਰਸਯੋ ਅਬਿ ਦੁਖ ਦਵਨੁ। ਸਦਾ ਰਿਦੇ ਮਹਿਂ ਬਾਸਹਿ ਜਵਨੁ[4]' ॥ ੯ ॥ ਸੁਨਿ ਗੁਰ ਕਹਯੋ 'ਕਰਯੋ ਹਿਤ ਤੋਰਾ। ਦਰਸ਼ਨ ਕਰਤਿ ਰਹੀ ਨਿਤ ਮੋਰਾ। ਤੌ ਕਿਮ ਬ੍ਰਿਹ ਸੰਕਟ ਅਸ ਧਾਰਾ। ਪ੍ਰਥਮ ਦੇਖਿ ਜੋ ਕਰਤਿ ਅਹਾਰਾ' ॥ ੧੦ ॥ ਕਹਤਿ ਭਈ 'ਨਿਸ਼ਚੈ ਇਹ ਅਹਯੋ। ਨਿਤ

---

[1]ਸੂਰਜ। [2]ਨਾਮ ਦੇ ਆਸਰੇ। [3]ਮੈਨੂੰ ਅਚਾਨਕ ਆਕੇ ਦੇਖਦੇ। [4](ਜੋ ਦਰਸ਼ਨ ਮੇਰੇ) ਰਿਦੇ ਵਿਚ ਸਦਾ ਵਸਦਾ ਹੈ।

ਦਰਸ਼ਨ ਕੋ ਮੈਂ ਇਮ ਲਹਯੋ। ਕਰਿ ਸ਼ਨਾਨ ਜਥਿ ਸਿਮਰਨ ਕਰਯੋ। ਛਿਨਿਕ ਮਾਤ੍ਰ ਨਿਤ ਦਰਸ਼ ਨਿਹਰਯੋ॥੧੧॥ ਜਿਸਿ ਬਿਧਿ ਹੋਤੇ ਤੁਮ ਤਿਸ ਕਾਲ।ਬੈਠੇ ਕੈ ਹਯ ਚਢੇ ਬਿਸਾਲ।ਜਸ ਪੋਸ਼ਿਸ਼,ਜਸ ਹੋਤਿ ਸੁਭਾਉ। ਤਿਸੀ ਪ੍ਰਕਾਰ ਦਰਸ ਕੋ ਪਾਉਂ॥੧੨॥ਕਹਨਿ ਪਰਸਪਰ ਹੋਇ ਨ ਕੋਈ। ਜਿਯਤਿ ਰਹੀ ਪਿਖਿ ਦਰਸ਼ਨ ਸੋਈ'। ਇੱਤਯਾਦਿਕ ਕਹਿ ਸੁਨਿ ਕਰਿ ਬੈਨ। ਉਰ ਅਨੰਦ ਪੁਨ ਗਮਨੀ ਐਨ॥੧੩॥ ਖਾਨ ਪਾਨ ਕਰਿ ਸਤਿਗੁਰੁ ਫੇਰ। ਸੁਪਤਿ ਜਥਾ ਸੁਖ ਸੁਖਦ ਬਡੇਰ। ਜਾਮ ਜਾਮਨੀ ਜਾਗੇ ਨਾਥ।ਸੌਚ ਸ਼ਨਾਨ ਕੀਨਿ ਜਲ ਸਾਥ॥ ੧੪॥ ਨਿਜ ਸਰੂਪ ਮਹਿਂ ਇਸਥਿਤ ਭਏ। ਧਯਾਨ ਪਰਾਯਨ ਬੈਠਤਿ ਭਏ। ਦਿਨਕਰ ਉਦੈ ਪ੍ਰਕਾਸ਼ਯੋ ਸਾਰੇ। ਕਮਲ ਬਿਲੋ- ਚਨ ਤਬਹਿ ਉਘਾਰੇ॥੧੫॥ਚੌਂਕੀ ਗਾਇ ਬਿਲਾਵਲ ਕੇਰੀ। ਆਇ ਆਇ ਨਰ ਗਨ ਗੁਰੁ ਚੇਰੀ। ਬਡੋ ਦਿਵਾਨ ਲਗਯੋ ਗੁਰੁ ਤੀਰ। ਆਵਤਿ ਜਾਤ ਨਰਨ ਕੀ ਭੀਰ॥੧੬॥ਸਗਰੇ ਪੁਰਿ ਮਹਿਂ ਰਵਣਕ ਹੋਈ। ਕਾਰਜ ਭਨਹਿ ਸੁਨਹਿਂ ਸਭਿ ਕੋਈ। ਸੁਭਟਨਿ ਕੋ ਵਸਤੂ ਜੋ ਚਾਹੀ। ਜਾਚਤਿ ਪਾਵਤਿ ਸਤਿਗੁਰੁ ਪਾਹੀ॥੧੭॥ ਜਾਮ ਦਿਵਸ ਲੌ ਬੈਠਨਿ ਕਰੈਂ। ਨਿਜ ਦਾਸਨਿ ਕੀ ਬਾਂਛਾ ਪੁਰੈਂ। ਬਹੁਰ ਉਠਹਿਂ ਅਚਵਨ ਆਹਾਰਾ। ਅਨਿਕ ਪ੍ਰਕਾਰਨਿ ਤਯਾਰਿ ਸੁਧਾਰਾ॥੧੮॥ ਗਨ ਸਿੱਖਨਿ ਮਹਿਂ ਭੋਜਨ ਕਰੇ। ਨਾਨਾ ਭਾਂਤਿ ਸੁ ਬਾਸਨ ਧਰੇ। ਸੂਖਮ ਚਾਵਰ ਸੂਪ[1] ਜਿ ਨਾਨਾ। ਗੋਧੂਮ ਚੂਨ[2] ਜੁ ਸੂਖਮ ਠਾਨਾ॥੧੯॥ ਬਿੰਜਨ[3] ਅਨਿਕ ਪ੍ਰਕਾਰ ਬਨੰਤੇ। ਸਿਖ ਸੰਗਤਿ ਸਭਿ ਬੈਠਿ ਅਚੰਤੇ।ਦੇਗ਼ ਬਿਸਾਲ ਗੁਰੂ ਕੀ ਚਾਲੇ। ਭੁੰਚਹਿਂ ਸਕਲ ਆਨਿ ਜੁਗ ਕਾਲੇ॥੨੦॥ਬਹੁਰ ਦੁਪਹਿਰੇ ਕਰਹਿਂ ਅਰਾਮ। ਟਿਕਹਿਂ ਇਕਾਂਤ ਆਪਣੇ ਧਾਮ। ਚਤੁਰ ਘਟੀ ਤੇ ਉਠਹਿਂ ਪਿਛਾਰੀ।ਕਰਹਿਂ ਸੁਚੇਤਾ ਨਿਰਮਲ ਬਾਰੀ[4]॥੨੧॥ ਕਬਹਿ ਅਖੇਰ ਬ੍ਰਿੱਤ ਕੋ ਜਾਵਹਿਂ। ਸੁਭਟ ਸੰਗ ਚਢਿ ਕੈ ਫਿਰ ਆਵਹਿਂ। ਥਿਰਹਿਂ ਅਕਾਲ ਤਖਤ ਕੇ ਥਾਨ। ਗਨ ਸੁਭਟਨਿ ਕੋ ਲਗਹਿ ਦਿਵਾਨ॥ ੨੨॥ ਸਿੱਖ ਮਸੰਦ ਬ੍ਰਿੰਦ ਸਭਿ ਆਏ। ਬੰਦਨ ਕਰਿ ਕਰਿ ਧਨ ਅਰਪਾਏ। ਦੇਸ਼ ਬਿਦੇਸ਼ਨਿ ਕੀ ਗੁਰੁ ਕਾਰਾ। ਆਵਹਿ ਦਿਨਪ੍ਰਤਿ ਦਰਬ ਹਜ਼ਾਰਾ॥ ੨੩॥ ਸਭਿ ਪੁਰਿ ਗ੍ਰਾਮਨ ਬਿਖੇ ਮਸੰਦ। ਗੁਰੁ ਕੋ ਦਰਬ ਬਟੋਰਹਿਂ ਬ੍ਰਿੰਦ। ਪਸ਼ਚਮ ਬ੍ਰਿਖੈ ਬਿਲਾਇਤ ਮਾਂਹੀ। ਚਲਯੋ ਆਇ ਧਨ ਸਭਿ ਗੁਰੁ ਪਾਹੀ॥

---

[1]ਰਸੋਈ। [2]ਕਣਕ ਦਾ ਆਟਾ। [3]ਭੋਜਨ। [4]ਨਿਰਮਲ ਜਲ ਨਾਲ।

੨੪ ॥ ਪੂਰਬ ਦੱਖਣ ਉੱਤਰ ਸਾਰੇ। ਆਨਹਿਂ ਦਰਬ ਮਸੰਦ ਉਦਾਰੇ।
ਦਿਨ ਕੇ ਚੌਥੇ ਪਹਿਰ ਦਿਵਾਨ। ਕਰਹਿਂ ਲਗਾਵਨਿ ਗੁਰੂ ਮਹਾਨ ॥੨੫॥
ਪ੍ਰਥਮ ਨਮਹਿ ਕਰਿ ਸ੍ਰੀ ਹਰਿਮੰਦਿਰ। ਚਤਰ ਪ੍ਰਦਛਨਾ ਦੇ ਕਰਿ ਸੁੰਦਰ।
ਬੈਠਹਿਂ ਆਨਿ ਸਕਲ ਤਿਸ ਥਾਨ। ਸ੍ਰੀ ਹਰਿਗੋਵਿੰਦ ਜਹਾਂ ਸੁਜਾਨ ॥
੨੬ ॥ ਗਾਇ ਰਬਾਬੀ ਬਾਬਕ[1]* ਰਾਗ। ਗੁਰੁ ਜੁਤਿ ਸਿੱਖ ਸੁਨਹਿਂ ਕਰਿ
ਰਾਗ[2]। ਆਨਿ ਆਨਿ ਦਰਸਹਿਂ ਸਿਖ ਸਾਰੇ। ਪੁਰਹਿਂ ਮਨੋਰਥ ਕਾਂਖਾਵਾਰੇ॥
੨੭ ॥ ਕੇਤਿਕ ਆਵਤਿ ਚਲਿ ਜੱਗਜਾਸੀ। ਕਿਤਿਕ ਮਮੋਖੀ[3] ਸਿਖ ਰਹਿ
ਪਾਸੀ। ਸੇਵਾ ਕਰਹਿਂ ਪ੍ਰੇਮ ਤੇ ਘਨੀ।ਸੁਨਹਿਂ ਕਰਨ ਦੇ[4] ਜਿਮ ਗੁਰੁ ਭਨੀ॥
੨੮॥ ਸੰਧ੍ਯਾ ਮਹਿਂ ਸੋਦਰ ਸੁਨਿ ਕਰਿ ਕੈ। ਭੋਗ ਪਰੇ ਤੇ ਸ਼ਰਧਾ ਧਰਿ ਕੈ।
ਕਰਿ ਬੰਦਹਿਂ ਬੰਦਨ ਕਰਿ ਆਛੇ। ਬਹੁਰ ਚਲਹਿਂ ਸਤਿਗੁਰ ਕੇ ਪਾਛੇ ॥
੨੯ ॥ ਬਡੀ ਪ੍ਰਦਛਨਾ ਸਰ ਕੀ ਦੇਹਿਂ। ਪੌਰ ਦਰਸ਼ਨੀ ਦਰਸ਼ਨ ਲੇਹਿਂ।
ਅੰਤਰ ਕੀ ਪਰਕਰਮਾ ਕਰੈਂ। ਨੰਮ੍ਰੀ ਹੋਤਿ ਪ੍ਰੇਮ ਕੌ ਧਰੈਂ ॥ ੩੦ ॥ ਭਾਈ
ਬ੍ਰਿਧ ਸਭਿ ਸਿਖ ਗੁਰਦਾਸ। ਗਾਵਤਿ ਚੌਂਕੀ ਸਬਦ ਪ੍ਰਕਾਸ਼। ਸਨੈ ਸਨੈ
ਪ੍ਰਦੱਛਨਾ ਦੇਤੇ। ਸ਼ਬਦ ਪਢਤਿ ਸਮਝਤਿ ਸੁਖ ਲੇਤੇ ॥ ੩੧ ॥ ਦੇਖਤਿ
ਭਏ ਪ੍ਰਸੰਨ ਬਿਲੰਦ। ਬਦਤਿ ਭਏ ਸ੍ਰੀ ਹਰਿਗੋਵਿੰਦ। 'ਧੰਨ ਬ੍ਰਿੱਧ ਭਾਈ
ਸ਼ੁਭ ਰੀਤਿ†। ਕਰੀ ਸੁਧਾਸਰ[5] ਪਰ ਧਰਿ ਪ੍ਰੀਤਿ'॥ ੩੨ ॥ ਕਰੇ ਸਰਾਹਨਿ
ਪੁਨ ਗੁਰੁਦਾਸ। 'ਅਹੋ ਧੰਨ ਬਡ ਪ੍ਰੇਮ ਪ੍ਰਕਾਸ਼'। ਪੁਨਹਿ ਜਾਮਨੀ ਮਹਿ
ਗੁਰੁ ਜਾਵੈਂ। ਸੁਖ ਸਮੇਤ ਸ਼ੁਭ ਸਦਨ ਬਿਤਾਵੈਂ ॥ ੩੩ ॥ ਪੁਰਿ ਕਰਤਾਰ
ਬਿਖੈ ਗਨ ਸੈਨਾ। ਪਠੀ ਬੁਲਾਇ ਪ੍ਰਥਮ ਗੁਨ ਐਨਾ। ਪੈਂਦੇਖਾਂ ਸਮੇਤ
ਚਲਿ ਆਈ। ਗੁਰੁ ਆਗੈ ਸਭਿ ਗ੍ਰੀਵ ਨਿਵਾਈ॥ ੩੪ ॥ ਪ੍ਰਿਥਕ ਪ੍ਰਿਥਕ
ਸੁਭਟਨਿ ਕੋ ਹੇਰਾ। ਬੂਝੀ ਕੁਸ਼ਲ ਸਭਿਨਿ ਤਿਸ ਬੇਰਾ। ਹਰਖਤਿ ਹੁਇ
ਗਨ ਕਰਹਿਂ ਉਚਾਰੀ। 'ਅਖਿਲ ਅਨਾਮੈ[6] ਕ੍ਰਿਪਾ ਤੁਮਾਰੀ' ॥ ੩੫ ॥ ਪੁਨ
ਤੁਰੰਗ[7] ਸ਼ੁਭ ਅੰਗ ਨਿਹਾਰੇ।'ਅਹੈਂ ਪੁਸ਼ਟ ਤਨ ਪ੍ਰਾਕ੍ਰਮ ਭਾਰੇ'।ਪੁਨ ਪੈਦੇਖਾਂ
ਕੀ ਦਿਸ਼ਿ ਦੇਖਾ। ਜਿਸ ਕੋ ਡੀਲ ਸ਼ਰੀਰ ਵਿਸ਼ੇਖਾ ॥ ੩੬ ॥ ਪੂਰਬ ਤੇ
ਡਿਉਢਾ ਹੁਇ ਗਯੋ। ਅਤਿ ਖ਼ੁਰਾਕ ਤੇ ਬਲ ਅਤਿ ਭਯੋ। ਬਡੇ ਪੁਸ਼ਟ ਭੁਜ-

[1]ਨਾਮ ਰਬਾਬੀ ਦਾ। [2]ਪ੍ਰੇਮ। [3]ਮੁਕਤੀ ਦੀ ਇੱਛਾ ਵਾਲੇ। [4]ਕੰਨ ਦੇਕੇ। [5]ਅੰਮ੍ਰਿਤਸਰ। [6]ਰੋਗ ਰਹਿਤ, ਸੁਖੀ। [7]ਘੋੜਿਆਂ ਦੇ। *ਪਾ:—ਸੁੰਦਰ।

†ਚੌਂਕੀ ਸਾਹਿਬ ਦੀ ਰੀਤ ਜੋ ਹੁਣ ਤਕ ਜਾਰੀ ਹੈ।

ਦੰਡ ਪ੍ਰਚੰਡ। ਮਨਹੁਂ ਕਰਭ[੧]ਕੀ ਦੀਰਘ ਸੁੰਡ ॥ ੩੭ ॥ ਕਦ ਬਿਸਾਲ ਮਸੁ ਭੀਜਤਿ ਆਨਨ[੨]। ਜਿਹ ਸਮਾਨ ਤਨ ਨਾਂਹਿ ਨ ਆਨਨ[੩]। ਦੇਖਿ ਪ੍ਰਸੰਨ ਭਏ ਗੁਰ ਸਾਈਂ।–ਬਨਹਿ ਬਲੀ ਜੋਧਾ ਰਣ ਥਾਈਂ–॥੩੮॥ ਆਯੁਧ ਬਿੱਦਯਾ ਸਿੱਖਯਾ ਹੇਤੁ। ਬੋਲੇ ਸ੍ਰੀ ਸੋਢੀ ਕੁਲਕੇਤ। 'ਅਬਿ ਤੂੰ ਬਰਜ਼ਸ਼[੪] ਕਰਹੁ ਸਦਾਬੀ। ਦਿਨ ਮੈਂ ਦੋਇ ਸਮੈ ਦਿਢਤਾਈ[੫]'॥ ੩੯॥ ਗੁਰੂ ਹੁਕਮ ਕੋ ਪਾਇ ਪਠਾਨ। ਦ੍ਵੈ ਮਣ ਕੀ ਮੁੰਗਰੀ ਧਰਿ ਪਾਨ। ਚਾਰ ਘਰੀ ਫੇਰਹਿ ਬਲ ਲਾਇ। ਧਰਿ ਧਰਨੀ ਪਰ ਲਤਿ ਉਠਾਇ ॥ ੪੦ ॥ ਬਾਰ ਬਾਰ ਬਹੁ ਬਾਲੇ[੬] ਦੈ ਹੈ। ਸਿਰ ਪਰ ਆਨਿ ਭ੍ਰਮਾਵਨ ਕੈ ਹੈ। ਇਤ ਉਤਿ ਫੇਰਹਿ ਊਚ ਰੁ ਨੀਚੇ। ਕਰਹਿ ਉਛਾਰਨਿ ਗਹਿ[੭] ਅਧ ਬੀਚੇ ॥੪੧ ॥ ਵਧਯੋ ਓਜ ਮੁੰਗਰੀ ਪਰ ਭਾਰੋ। ਇਤ ਉਤ ਭ੍ਰਮਤਿ ਸ਼ੀਘ੍ਰਤਾ ਧਾਰੋ। ਪੁਨ ਗੁਰ ਘਟ ਸਿਕਤਾ[੮] ਭਰਿਵਾਇ। ਪੈਂਦੇ ਖਾਂ ਕੇ ਦੰਡ[੯] ਬੰਧਾਇ ॥੪੨॥ ਬਹੁਰ ਭ੍ਰਮਾਵਤਿ ਮੁੰਗਰੀ ਭਾਰੀ। ਕਰਹਿ ਸ਼ੀਘ੍ਰਤਾ ਤਿਮ ਕਰ ਧਾਰੀ। ਬਾਲੇ ਕਰਹਿ ਨਿਕਾਸਨ ਘਨੇ। ਹੇਰਤਿ ਹੁਇ ਪ੍ਰਸੰਨ ਗੁਰੁ ਭਨੇ ॥੪੩॥ 'ਦਿਨ ਪ੍ਰਤਿ ਕਰੋ ਬੰਧਾਵਨਭਾਰ। ਜਯੋਂ ਜਯੋਂ ਲੈਂ ਭੁਜਦੰਡ ਸਹਾਰ'। ਬੰਧੇ ਬਾਹੁ ਕਲਸ ਲਟਕੰਤੇ। ਗਰੁਵੀ ਮੁੰਗਰੀ ਬਹੁਤ ਭ੍ਰਮੰਤੇ ॥੪੪॥ ਕੇਤਿਕ ਦਿਵਸ ਕਰਤਿ ਇਮ ਰਹਯੋ। ਦੇਖਿ ਹਮੇ ਸ੍ਰੀ ਗੁਰੁ ਤਬਿ ਕਹਯੋ। 'ਅਬਿ ਦ੍ਵੈ ਮੱਲ ਬਲੀ ਜੇ ਅਹੈਂ। ਦੋਨਹੁ ਭੁਜਦੰਡਨ ਕੋ ਗਹੈਂ' ॥੪੫॥ ਆਗਯਾ ਮਾਨਿ ਕਰਨਿ ਲਗਿ ਸੋਈ। ਮੱਲ ਗਹੇਂ ਭੁਜ ਲਟਕਹਿਂ ਦੋਈ। ਤਊ ਮੂੰਗਰੀ ਤਥਾ ਭ੍ਰਮਾਵੈ। ਕਰਹਿ ਸ਼ੀਘ੍ਰਤਾ ਬਲ ਅਜ਼ਮਾਵੈ ॥੪੬॥ ਹੇਰਿ ਹੇਰਿ ਬਿਸਮਹਿਂ ਨਰ ਸਾਰੇ। –ਇਸ ਕੇ ਸਮ ਔਰ ਨ ਬਲ ਭਾਰੇ–। ਦੋਨਹੁ ਕਾਲ ਦੰਡ ਕੋ ਪੇਲੇ[੧੦]। ਸਭਿ ਤਨ ਭਾਰ ਹਾਥ ਪਰ ਮੇਲੇ[੧੧] ॥੪੭॥ ਇਕ ਇਕ ਕਰ ਪਰ[੧੨] ਥਿਰ ਹੁਇ ਜਾਇ। ਦਿਨ ਪ੍ਰਤਿ ਵਧਯੋ ਓਜ ਅਧਿਕਾਇ। ਸਿਪਰਨਿ ਕੋ ਕਰ ਗਹਿ[੧੩] ਚੀਰਾਇ। ਸ੍ਰੀ ਫਲ ਫੋਰਹਿ ਦੰਡ ਦਬਾਇ[੧੪] ॥੪੮॥ ਗਹੈ ਰਜਤ-ਪਣ[੧੫] ਚੁਟਕੀ ਮਾਂਹਿ। ਹਰਫ ਮਿਟਾਵਤਿ ਮਲਿ ਕਰਿ ਤਾਂਹਿ। ਇੱਤਯਾ-

---

[੧]ਹਾਥੀਦੇ ਬਚਿਦੇ। [੨]ਮੁੱਛਾਂ ਤੇ ਦਾਹੜਾ ਫੁਟਰਿਹਾ ਹੈ ਮੁੱਖ ਤੇ। [੩]ਹੋਰ ਕਿਸੇ ਦਾ ਨਹੀਂ। [੪]ਕਸਰਤ। [ਫ਼ਾ:, ਵਰਜ਼ਿਸ਼]। [੫]ਤਕੜਾ ਹੋਕੇ। [੬]ਮੁੰਗਲੀ ਦੇ ਫੇਰੇ। [੭]ਫੜਕੇ। [੮]ਘੜੇ ਰੇਤ ਦੇ। [੯]ਬਾਹਾਂ ਨਾਲ। [੧੦]ਡੰਡ ਕੱਢੇ। [੧੧]ਸਾਰੇ ਸਰੀਰ ਦਾ ਭਾਰ ਹੱਥਾਂ ਤੇ ਲੈ ਲਵੇ। [੧੨]ਫੇਰ ਇਕ ਇਕ ਹੱਥ ਤੇ......। [੧੩]ਢਾਲਾਂ ਨੂੰ ਹੱਥੀਂ ਫੜਕੇ। [੧੪]ਨਰੇਲ ਤੋੜ ਦੇਵੇ ਬਾਂਹ ਦੇ ਭਾਰ ਨਾਲ ਦਬਾਕੇ। [੧੫]ਰੁਪੱਯਾ।

ਦਿਕ ਨਿਤ ਅਚਰਜ ਕਰੈ। ਗੁਰ ਪ੍ਰਸੰਨਤਾ ਤਜੋਂ ਤਜੋਂ ਧਰੈਂ ॥੪੯॥ ਬਹੁ ਮੋਲੀ ਵਸਤੂ ਬਖਸ਼ੰਤੇ। ਧਨ ਗਨ ਦੇਤਿ, ਲੇਤਿ ਹਰਖੰਤੇ। ਇਸ ਕੀ ਕਥਾ ਕਹੈਂਗੇ ਫੇਰ। ਸੁਨਹੁ ਅਬਹਿ ਗੁਰੁ ਸਿੱਖਨਿ ਕੇਰਿ ॥ ੫੦ ॥ ਜਨੋਂ ਜਨੋਂ ਮਿਲੇ ਸੁਨਜੋ ਉਪਦੇਸ਼। ਲੇ ਗੁਰੁ ਮਤਿ ਕੋ ਕਟੇ ਕਲੇਸ਼। ਤਿਨ ਕੀ ਕਹੌਂ ਕਥਾ ਕੁਛ ਥੋਰੀ। ਸ੍ਰੋਤਾ ਸੁਨਹੁ ਮਹਾਂ ਰਸ ਬੋਰੀ[1] ॥੫੧॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪੰਚਮ ਰਾਸੇ 'ਪੈਂਦੇ ਖਾਨ' ਪ੍ਰਸੰਗ ਬਰਨਨੰ ਨਾਮ ਚੱਤਵਾਰਿੰਸਤੀ ਅੰਸੂ ॥ ੪੦ ॥

੪੧. [ਸਿੱਖਾਂ ਦੇ ਪ੍ਰਸੰਗ। ਚਰਚਾ ਚਾਰ ਪ੍ਰਕਾਰ। ਵੇਦਾਂਤ। ਕੜਾਹ ਪ੍ਰਸ਼ਾਦ]।

ਦੋਹਰਾ ॥ ਦਰਗਾਹਾ ਭੰਡਾਰੀਆ ਸਿੱਖ ਹੁਤੋ ਮਤਿ ਧੀਰ। ਸ੍ਰੀ ਗੁਰ ਹਰਿ ਗੋਵਿੰਦ ਕੋ ਸੇਵਤਿ ਰਹਿ ਕਰਿ ਤੀਰ ॥੧॥ ਚੌਪਈ ॥ ਹਾਥ ਜੋਰਿ ਅਰਦਾਸ ਬਖਾਨੀ। 'ਸਿੱਖ ਕਰਹਿਂ ਚਰਚਾ ਗੁਰੁ ਬਾਨੀ। ਕਿਤਿਕ ਪਰਹਿਂ ਲਰ ਆਪਸ ਮਾਂਹੀ। ਨਿਜ ਨਿਜ ਅਰਥ ਹਟਨ ਦੇਂ ਨਾਂਹੀ'॥੨॥ ਸੁਨਿ ਸ੍ਰੀ ਹਰਿ ਗੋਵਿੰਦ ਉਚਾਰਾ। ਹੋਵਤਿ ਚਰਚਾ ਚਾਰਿ ਪ੍ਰਕਾਰਾ। ਗੁਰ ਸਿੱਖਨਿ ਕੋ ਚਹੀਅਤਿ ਦੋਇ। ਦੋਨਹੁਂ ਕੋ ਤ੍ਯਾਗਤਿ ਹੈਂ ਸੋਇ॥੩॥ ਇਕ ਇਹ ਚਰਚਾ –ਵਾਦ–ਕਹਾਵੈ।ਸ਼ਬਦ ਅਰਥ ਜੋ ਨਹਿਂ ਉਰਆਵੈ।ਕਰਹਿ ਪਰਸਪਰ ਬੂਝ-ਨਿ ਕਹਿਨੇ[2]।ਸੁਨਹਿਂ ਪ੍ਰੇਮ ਤੇ ਅਰਥ ਸੁ ਲਹਿਨੇ॥੪॥ ਦੂਜੀ ਚਰਚਾ–ਹੇਤ[3]–ਪਛਾਨ। ਨਿਜ ਬੁਧਿ ਮਹਿਂ ਸੋ ਕਰਤਿ ਬਖਾਨ[4]। ਸੁਨਤਿ ਦੂਸਰੇ ਮ੍ਰਿਦੁ ਬਚ ਕਹੈਂ।–ਇਹੁ ਨਹਿਂ ਅਰਥ ਅਪਰ ਬਿਧਿ ਅਹੈਂ[5]–॥੫॥ਸ਼ਬਦ ਅਰਥ[6] ਕਹਿ ਭਲੋ ਸੁਨਾਯੋ। ਸੁਨਜੋ ਜਥਾਰਥ ਤਿਹ ਮਨ ਭਾਯੋ। ਬਹੁਰੋ ਦੇ ਕਰਿ ਬੁੱਧ ਵਿਸ਼ੇਖ। ਕਰਹਿਂ ਆਪ ਤੈਸੇ ਸ਼ੁਭ ਦੇਖਿ॥੬॥ ਭਨਤਿ ਸੁਨਤਿ ਦੋਨਹੁਂ ਮਿਲਿ ਆਛੇ। ਨਿਰਨੇ ਹੋਇ ਅਰਥ ਜੋ ਪਾਛੇ।ਪੱਖ ਬਾਦ ਤਜਿ ਸੋ ਉਰਧਰੈਂ। ਆਪਸ ਮਹਿਂ ਸਰਾਹਨਾ ਕਰੈਂ॥੭॥ ਇਸ ਤੇ ਆਇ ਨ ਉਸ ਤੇ ਸੁਨਜੇ। ਉਹ ਨਹਿਂ ਜਾਨੇ ਤੌ ਇਨ ਭਨਜੋ[7]*।ਦੋਨਹੁ ਕੋ ਗੁਨ ਮਿਲਿ ਕਰਿ ਭਯੋ। ਪ੍ਰੇਮ ਬਿਸਾਲ ਬਹੁਰ ਜੁਗ ਕਯੋ॥੮॥ ਜਿਮ ਇਕ ਦੀਪਕ ਕਰੈ ਪ੍ਰਕਾਸ਼। ਰਹਹਿ ਅੰਧੇਰਾ ਪੀਛੇ ਤਾਸ। ਦੁਤੀਓ ਦੀਪਕ ਜੇ ਤਹਿਂ ਹੋਇ। ਪਾਛਲ ਤਮ ਦੁਨਹਨਿ ਕੋ ਖੋਇ ॥੯॥ ਜੋ ਇਕਲ ਹੀ ਅਰਥ ਬਖਾਨੈ। ਤਿਸ ਤੇ ਮਨ ਕੋ ਮਾਨ ਨ

[1]ਮਹਾਂ ਰਸ ਵਿਚ ਡੁੱਬੀ ਹੋਈ। [2]ਆਪਸ ਵਿਚ ਕਹਿਕੇ ਪੁਛ ਲੈਣਾ। [3]ਪਿਆਰ ਵਾਲੀ ਚਰਚਾ। [4]ਜੋ ਆਪਣੀ ਬੁੱਧੀ ਵਿਚ ਹੈ ਸੋ (ਸਿੱਖ) ਕਥਨ ਕਰਦਾ ਹੈ। [5]ਹੋਰਵੇਂ ਹਨ। [6]ਸ਼ਬਦ ਦਾ ਅਰਥ। [7]ਭਾਵ ਇਕ ਨੂੰ ਅਰਥ ਨ ਆਇਆ ਤਾਂ ਦੂਜੇ ਤੋਂ ਪੁਛ ਲਿਆ, ਦੂਜਾ ਨਹੀਂ ਜਾਣਦਾ ਤਾਂ ਪਹਿਲੇ ਨੇ ਕਹਿ ਦਿਤਾ।

*ਪਾ:–ਇਸ ਨੇ ਭਨਜੇ।

ਹਾਨੈ। ਲੇਹਿਂ ਸ਼ਬਦ ਰਸ ਮਿਲਿ ਕਰਿ ਦੋਇ। ਮਾਨ ਨ ਰਹੇ ਮਹਾਂ ਫਲ ਹੋਇ॥ ੧੦॥ ਚਰਚਾ–ਜਲਪ–ਤੀਸਰੀ ਜਾਨਿ। ਜੋ ਨਿਜ ਮੁਖ ਤੇ ਕੀਨ ਬਖਾਨ। ਹੁਇ ਅਨਬਨ ਕੈ* ਬਨਯੋ ਕਹੰਤਿ[1]। ਨਹਿਂ ਦੂਸਰ ਉਰ ਬਿਖੈ ਲਹੰਤਿ॥੧੧॥ਤਿਸ ਪਰ ਦੋਨਹੁ ਬਾਦ[2] ਉਠਾਏ। ਨਿਜ ਨਿਜ ਪਖ ਪਰਿ ਜੁਗਤਿ[3] ਬਨਾਏ। ਅਨਿਕ ਪ੍ਰਮਾਣ ਆਨਿ ਦ੍ਰਿਢ ਕਰੈਂ। ਨਹਿਂ ਦੋ ਮਾਨਹਿਂ, ਨਹਿਂ ਮਨ ਧਰੈਂ॥ ੧੨॥ ਜਸੋਂ ਕਸੋਂ ਅਰਥ ਆਪਨੋ ਮੰਡਹਿਂ[4]। ਰਿਸਹਿਂ ਪਰਸਪਰ ਪਰ ਕੋ ਖੰਡਹਿਂ[5]। ਲਰਹਿਂ ਕ੍ਰੋਧ ਤੇ, ਬੰਧਹਿ ਦ੍ਵੈਖ। ਜਰਹਿਂ ਰਿਦੇ ਸੁਨਿ ਜਸੁ ਕੋ ਦੇਖਿ[6]॥੧੩॥ਸੋ ਗੁਰੁ ਸਿੱਖ ਨ ਅੰਗੀਕਾਰਹਿਂ। ਨਿੰਮ੍ਰ ਨ ਮਨ ਹੁਇ ਬੈਰ ਬਿਕਾਰਹਿ[7]। ਚੌਥੀ ਚਰਚਾ ਹੋਤਿ–ਵਿਤੰਡਾ–। ਖੰਡਣ ਮਹਿਂ ਨਿਤ ਹੋਤਿ ਪ੍ਰਚੰਡਾ[8]॥ ੧੪॥ ਅਪਨੀ ਮਤ ਵਿਸ਼ੇਸ਼ ਨਹਿਂ ਅਹੈ। ਨਹਿਂ ਮਾਨਹਿਂ ਜੋ ਦੂਸਰ ਕਹੈ। ਪਠਿਨਿਹਾਰ ਜੋ ਸਗਰੇ ਲੋਕ। ਦੁਖਹਿਂ ਅਧਿਕ ਤਿਨ ਜਬਹਿ ਬਿਲੋਕ॥੧੫॥ਇਹ ਭੀ ਸਤਿਗੁਰ ਕੇ ਸਿਖ ਤ੍ਯਾਗਹਿਂ। ਸਾਰ ਗਹੈਂ ਸ਼ੁਭ ਕੋ ਅਨੁਰਾਗਹਿਂ। ਕਿਸ ਕੌ ਮਨ ਕਬਿ ਨਹੀਂ ਦੁਖਾਵਹਿਂ। ਉਰ ਪ੍ਰਸੰਨਤਾ ਸਭਿਨਿ ਉਪਾਵਹਿਂ'॥ ੧੬॥ ਸ਼੍ਰੀ ਮੁਖ ਤੇ ਸੁਨਿ ਕੈ ਸ਼ੁਭ ਬਾਨੀ। ਸਿੱਖਨਿ ਧਰਿ ਸ਼ਰਧਾ ਉਰ ਆਨੀ। ਇਕ ਜਮਾਲ ਜਿਹ ਨਾਮ ਸੁ ਆਯੋ। ਸ਼੍ਰੀ ਸਤਿਗੁਰ ਕੋ ਸੀਸ ਨਿਵਾਯੋ॥੧੭॥ਬੈਠਿ ਸਮੀਪ ਭਾਉ ਕੋ ਧਾਰਾ। ਲੇਤੋ ਭਯੋ ਪ੍ਰਸ਼ਾਦ ਬ੍ਰਿਤਾਰਾ। ਦੇਖਿ ਪ੍ਰਭਾ[9] ਸਤਿਗੁਰ ਕੀ ਮੋਹਾ।ਸੁੰਦਰ ਸੀਤਲ ਸਸਿ ਸਮ ਸੋਹਾ[10]॥੧੮॥ਹਾਥ ਜੋਰਿ ਅਰਦਾਸਿ ਉਚਾਰੀ।'ਮੈਂ ਅਬਿ ਆਯੋ ਸ਼ਰਨਿ ਤੁਮਾਰੀ। ਸਿੱਖ ਆਪਨੋ ਮੋਹਿ ਬਨਾਵੋ। ਸੁਖਦਾਨੀ ਉਪਦੇਸ਼ ਬਤਾਵੋ॥ ੧੯॥ ਪੂਰਬ ਮਹਿਮਾ ਸੁਨੀ ਤੁਮਾਰੀ। ਅਬਿ ਮੈਂ ਆਨਿ ਹਜ਼ੂਰ ਨਿਹਾਰੀ।ਪਰਯੋ ਰਹੌਂਗੋ ਰਾਵਰਿ ਸ਼ਰਨੀ।ਕਹੋ ਬਦਨ ਤੇ ਕਰੌਂ ਸੁ ਕਰਨੀ' ॥ ੨੦॥ ਸ਼੍ਰੀ-ਮੁਖ ਤੇ ਉਪਦੇਸ਼ ਉਚਾਰਾ।'ਪਠਿ ਸੁਨਿ ਕਰਿ ਗੁਰੁ ਸ਼ਬਦ ਵਿਚਾਰਾ।ਧਰਹੁ ਸਿਦਕ ਤਿਮ ਕਰਮ ਕਮਾਵੋ। ਤਾਤਪਰਯ ਤਿਸ ਕੋ ਲਖਿ ਪਾਵੋ॥ ੨੧॥ ਜੇਤਿਕ ਤਨ ਜਗ ਮਹਿਂ ਉਪਜਾਏ। ਪੰਚ ਤੱਤ ਕੇ ਅਖਿਲ

---

[1]ਅਣਬਣ (ਵਾਰਤਾ) ਨੂੰ ਬਣੀ ਹੋਈ ਕਹਿੰਦਾ ਹੋਵੇ। [2]ਝਗੜਾ। [3]ਦਲੀਲਾਂ। [4]ਸਿੱਧ ਕਰਦੇ ਹਨ। [5]ਦੂਸਰੇ ਨੂੰ ਖੰਡਨ ਕਰਦੇ ਹਨ। [6](ਪਰਾਏ) ਜੱਸ ਨੂੰ ਸੁਣ ਤੇ ਦੇਖਕੇ। [7]ਵੈਰ ਦਾ ਵਿਕਾਰ ਹੁੰਦਾ ਹੈ। [8]ਤ੍ਰਿੱਖੇ। [9]ਸ਼ੋਭਾ। [10](ਉਹ ਪ੍ਰਭਾ) ਚੰਦ ਵਾਂਙੂ ਸੀਤਲ ਤੇ ਸੁਹਣੀ ਫਬ ਰਹੀ ਸੀ।

*ਪਾ:–ਕਹਿ।

ਬਨਾਇ। ਘਾਟ ਨ ਬਾਧ ਏਕ ਸਮ ਜਾਨੋ। ਅੰਤਹਕਰਣ ਇੰਦ੍ਰਯ ਤਨ ਮਾਨੋ॥੨੨॥ਜਹਿਂ ਕਹਿਂ ਇਕ ਚੇਤਨ ਸਭਿ ਮਾਂਹੀ।ਚੇਤਨ ਬਿਖੇ ਭੇਦ ਕੁਛ ਨਾਂਹੀ। ਜੇ ਇਮ ਜਾਨਹਿਂ ਸਿਖ ਹੈਂ ਸੋਈ। ਜਨਮ ਮਰਨ ਬੰਧਨ ਹਤਿ ਤੋਈ'॥੨੩॥ ਸੁਨਿ ਜਮਾਲ ਨੇ ਪ੍ਰਸ਼ਨ ਬਖਾਨਾ।'ਇਕ ਚੇਤਨ ਜੇ ਹੈ ਸਭਿ ਥਾਨਾ। ਤੌ ਅਹਾਰ ਕਰਿਬੇ ਇਕ ਸੰਗ।ਕ੍ਯੋਂ ਨ ਤ੍ਰਿਪਤਿ ਹੋਵੈਂ ਸਰਬੰਗ? ॥ ੨੪ ॥ ਇਕ ਕੇ ਗ੍ਯਾਨ ਹੋਨਿ ਕਰਿ ਸਾਰੇ। ਕ੍ਯੋਂ ਅੱਗ੍ਯਾਨ ਖੋਇਂ ਨਹਿ ਸਾਰੇ?।ਜੋ ਅਚਵਹਿ ਸੋਈ ਤ੍ਰਿਪਤਾਵੈ। ਜੋ ਗ੍ਯਾਨੀ ਸੋ ਕੈਵਲ ਪਾਵੈ'॥੨੫॥ ਸ਼੍ਰੀਮੁਖ ਤੇ ਸ਼ੁਭ ਉੱਤਰ ਦੀਨਿ।'ਘਟ ਮਠ ਨਾਨਾ ਜਹਿਂ ਕਹਿਂ ਚੀਨ।ਏਕ ਅਕਾਸ਼ ਸਭਿਨਿ ਮਹਿਂ ਦੀਖਤਿ[1]।ਨਿਰਨੈ ਕਰਹੁ ਭੇਵ ਨਹਿਂ ਈਖਤ[2]॥੨੬॥ ਪਾਇ ਪਦਾਰਥ ਜਿਸ ਘਟ ਬਿਖੈ।ਤਿਸਤੇ ਹੀ ਨਿਕਸਤਿ ਸਭਿ ਦਿਖੈ।ਜਿਸ ਮਠ ਮਹਿਂ ਦੀਪਕ ਹੈ ਬਾਰਾ[3]।ਤਿਸਇਕ ਮਹਿਂ ਹੋਇਸਿ ਉਜੀਯਾਰਾ॥੨੭॥ ਤਿਮ ਜਾਨਹੁ ਜਿਮ ਭੋਜਨ ਖਾਨੋ। ਧਰਮ ਪ੍ਰਾਨ ਕੋ ਪਾਨੀ ਪਾਨੋ[4]।ਮਨ ਕੋ ਧਰਮ ਸਮਝਬੋ ਗ੍ਯਾਨ।ਆਤਮ ਸਾਖੀ ਸਭਿਕੋ ਜਾਨ[5]॥੨੮॥ਭੇਦ ਸਜਾਤਿ, ਵਿਜਾਤੀ, ਸੁਗਤਿ ਨਾ।ਸਭਿ ਤੇ ਨ੍ਯਾਰੋ ਬ੍ਰਹਮ ਸਚੇਤਨ।[6]ਜਿਮ ਜੁਗ ਬ੍ਰਿੱਛ ਸਜਾਤੀਵਾਨ। ਤਥਾ ਬ੍ਰਹਮ ਤੇ ਬ੍ਰਹਮ ਨ ਆਨ[7]॥੨੯॥ਜਿਮ ਤਰੁ ਪੱਥਰੁ ਅਹੈਂ ਵਿਜਾਤੀ[8]?।ਤਿਮਭੀਬ੍ਰਹਮ ਕੋਨਹਿਂਬੱਖ੍ਯਾਤੀ[9]।ਚੇਤਨਬ੍ਰਹਮ,ਜਗਤ ਜੜ੍ਹ ਅਹੈ।ਭਇ ਬਿਜਾਤੀ ਦੋਨਹੁ ਲਹੈ[10]॥੩੦॥[11]ਬ੍ਰਹਮ ਸਦਾ ਸਤਿ ਚਿਤ ਅਬਿਨਾਸ਼ੀ।ਜੜ੍ਹ ਕਲਪਤ ਮਿੱਥ੍ਯਾ ਸਭਿਨਾਸ਼ੀ[12]।ਬ੍ਰਹਮਕੋ ਨਹੀਂ ਬਿਜਾਤੀ ਰਹੈ।ਯਾਂਤੇ ਭੇਦ[13]ਬ੍ਰਹਮ ਨਹਿਂ ਲਹੈ॥੩੧॥ਜਥਾ ਬਿਰਛ ਕੇ ਸ਼ਾਖਾ ਟਾਸ[14]। ਸੁਗਤਿ ਭੇਦ ਕੋ ਇਮ ਨਿਰਜਾਸਿ[15]।ਜਿਮ ਨਰ ਤਨ ਪ੍ਰਤਿ ਅੰਗ ਸੁ ਅੰਗ*।

---

[1]ਘੜੇ ਤੇ ਕੋਠੇ ਜਿੱਥੇ ਕਿੱਥੇ ਨਾਨਾ (ਅਨੇਕਾਂ) ਦੇਖੀਦੇ ਹਨ, ਪਰ ਅਕਾਸ਼ ਸਭਨਾਂ ਵਿਚ ਇਕੋ ਦਿੱਸਦਾ ਹੈ। [2]ਥੋੜਾ। [3]ਕੋਠੇ ਵਿਚ ਦੀਵਾ ਬਾਲਿਆ ਹੈ। [4]ਪਾਣੀ ਪੀਣਾਂ ਪ੍ਰਾਣਾਂ ਦਾ ਧਰਮ ਹੈ। [5]ਆਤਮਾਂ ਨੂੰ ਸਭ ਦਾ ਸਾਖੀ ਜਾਣ। [6]ਹੁਣ ਤਿੰਨਾਂ ਭੇਦਾਂ ਦਾ ਵੇਰਵਾ ਦੱਸਦੇ ਹਨ। [7]ਹੋਰ ਨਹੀਂ। ਭਾਵ ਉਹ ਭੇਦ ਜੋ ਬ੍ਰਿਛ ਬ੍ਰਿਛ ਵਿਚ ਹੈ। [8](ਫਿਰ ਜੇ ਕਹੋ ਕਿ) ਪੱਥਰ ਤੇ ਬ੍ਰਿੱਛ ਵਾਂਙੂ ਵਿਜਾਤੀ ਹਨ (ਤਾਂ ਉੱਤਰ ਹੈ ਕਿ)। [9]ਇਉਂ ਬੀ ਬ੍ਰਹਮ ਨਹੀਂ ਹੈ। [10]ਜਾਣਦੇ ਹਨ। [11]ਕਾਰਣ ਦੱਸਦੇ ਹਨ ਕਿ। [12]ਬ੍ਰਹਮ ਵਿਚ ਜੜ੍ਹ (ਜਗਤ) ਕਲਪਤ ਹੈ, ਇਸ ਕਰਕੇ ਮਿੱਥ੍ਯਾ ਹੈ ਤੇ ਮਿੱਥ੍ਯਾ ਹੋਣ ਕਰਕੇ ਨਾਸ਼ ਰੂਪ ਹੈ, ਭਾਵ ਬ੍ਰਹਮ ਤੋਂ ਜੁਦੇ ਕੋਈ ਸੱਤ੍ਯਾ ਨਹੀਂ ਰੱਖਦਾ ਜਗਤ। [13]ਭਾਵ ਵਿਜਾਤੀ ਭੇਦ। [14]ਟਾਹਣੇ। [15]ਸੁਗਤ ਭੇਦ ਨੂੰ ਇਉਂ ਸਮਝੋ। *ਪਾ:-ਅੰਗਰੂ ਪ੍ਰਤਿ ਅੰਗ।

ਨਹਿਂ ਚੇਤਨ ਕੌ[1],ਅਹੈ ਅਨੰਗ[2] ॥੩੨॥ ਬ੍ਰਹਮ ਆਤਮਾ ਇਮ ਨਿਰਧਾਰੋ। ਨਿਰਗੁਣ,ਸਭਿ ਮਹਿਂ,ਨਿਰਆਕਾਰੋ[3]।ਲਿਪਹਿਨ,ਸਰਬ ਬੀਚ ਅਰ ਨਜਾਰੋ। ਜਨੌਂ ਜਲ ਭੀਤਰ ਦੀਖਤਿ ਤਾਰੋ[4]॥੩੩॥ਤਨ ਘਟ[5],ਅੰਤਹਕਰਣ ਸੁ ਜਲੁ ਹੈ।ਬ੍ਰਹਮ ਚੰਦੁ ਪ੍ਰਤਿਬਿੰਬ ਸਤੁਲ ਹੈ[6]। ਸਭਿ ਮਹਿਂ ਭਾਸੈ ਸਭਿ ਤੇ ਨਜਾਰੋ[7]। ਏਵ ਆਤਮਾ ਕੌ ਉਰ ਧਾਰੋ॥੩੪॥ ਇਸ ਪ੍ਰਕਾਰ ਜਿਨਿ ਸਮੁਝਨਿ ਕੀਨਿ। ਸੇ ਗੁਰ ਕੇ ਸਿਖ ਪਰਮ ਪ੍ਰਬੀਨ[7]। ਸੁਨਿ ਜਮਾਲ ਗੁਰ ਕੋ ਸਿਖ ਭਯੋ। ਜੜ੍ਹ ਚੇਤਨ ਕੋ ਨਿਰਨੈ ਕਿਯੋ॥੩੫॥ ਕੂੱਕੋ[8] ਸਿੱਖ ਵਧਾਵਣ[9] ਜੋਇ। ਸੰਗ ਅਨੰਤਾ[9] ਦੂਸਰ ਹੋਇ। ਪਰੇ ਸ਼ਰਨਿ ਸ਼੍ਰੀ ਹਰਿਗੋਵਿੰਦ। ਬੰਦਤਿ ਦੋਨੋ ਪਦ ਅਰਬਿੰਦ ॥ ੩੬ ॥ ਹਾਥ ਜੋਰਿ ਜੁਗ ਅਰਜ਼ ਗੁਜਾਰੀ। 'ਭਏ ਗੁਰੂ ਨਾਨਕ ਨਿਰੰਕਾਰੀ। ਕੀਨਸਿ ਅੰਗੀਕਾਰ ਕਰਾਹ[10]। ਅਪਰ ਪ੍ਰਸਾਦਿ ਕਿਯੋ ਹਿਤ ਨਾਂਹ[11]॥੩੭॥ਇਸ ਮਹਿਂ ਕਯਾ ਕਾਰਣ ਗੁਰੁ ਰਾਖਾ?।ਨਹਿਂ ਪਕਵਾਨ ਆਨ ਕੋ ਕਾਂਖਾ[12]'।ਸੁਨਿ ਸ਼੍ਰੀ ਮੁਖ ਤੇ ਬਾਕ ਉਚਾਰ। 'ਉੱਤਮ ਲਖਹੁ ਗੁਰੂ ਅਵ-ਤਾਰਾ[13] ॥ ੩੮ ॥ ਸਭਿ ਤੋਂ ਉੱਤਮ ਤਥਾ ਕਰਾਹੂ[14]। ਅੰਗੀਕਾਰਨੋ ਸੰਗਤਿ ਮਾਂਹੂ। ਤਿਮ ਗੁਰੁ ਸ਼ਬਦ ਅਹੈ ਉਪਦੇਸ਼। ਸਭਿ ਤੇ ਸ਼੍ਰੀ ਸਤਿਨਾਮ ਵਿਸ਼ੇਸ਼ ॥ ੩੯ ॥ ਗੁਰ ਗਾਦੀ ਇਸਥਿਰ ਹੈ ਜਬਿ ਲੌਂ। ਬੀਨਿ ਬੀਨਿ ਨੀਕੀ ਵਥੁ ਤਬਿ ਲੌਂ। ਨਿਜ ਸਿੱਖਨਿ ਕੋ ਸਭਿ ਹੀ ਦੈਹੈਂ। ਬਡਿਭਾਗੀ ਗੁਰਮੁਖ ਬਨਿ ਲੈਹੈਂ॥੪੦॥ਜਗ ਸਾਰੇ ਮਹਿਂ ਸਾਰ ਨਿਕਾਰੈਂ। ਦੇ ਗੁਰੁ ਸਿੱਖ ਸੁ ਅੰਗੀਕਾਰੈਂ। ਸ੍ਰੁਤੀ ਸ਼ਾਸਤ੍ਰਨਿ ਸਾਰ ਨਿਕਾਰੈਂ। ਗਤਿ ਦਾਯਕ ਜਿਮ ਸ਼ਬਦ ਉਚਾਰੈਂ* ॥ ੪੧ ॥ ਉੱਤਮ ਵਸਤੁ ਗੁਰੂ ਘਰ ਮਾਂਹੀ।ਲਹੈਂ ਸਿੱਖ ਤਿਨ ਦੁਖ ਕਬਿ ਨਾਂ ਹੀ'।ਸੁਨਿ ਪ੍ਰਸੰਨ ਹੋਏ ਸਭਿ ਕੋਈ।ਨਿਵਲਾ ਅਪਰ ਨਿਹਾਲੂ ਦੋਈ॥ ੪੨॥

---

[1]ਭਾਵ ਬ੍ਰਹਮ ਵਿਚ ਸੁਗਤਿ ਭੇਦ ਬੀ ਨਹੀਂ ਹੈ, ਅਰਥਾਤ ਉਹ ਫਰਕ ਜੋ ਅਪਣੇ ਆਪ ਵਿਚ ਪ੍ਰਤੀਤ ਹੋਵੇ, ਜੈਸੇ ਬ੍ਰਿੱਛ ਤੇ ਟਾਹਣ, ਸਰੀਰ ਤੇ ਅੰਗ, ਪਰ ਚੇਤਨ ਨਿਰਾਕਾਰ ਹੋਣ ਕਰਕੇ ਉਸ ਵਿਚ ਸੁਗਤਿ ਭੇਦ ਬੀ ਨਹੀਂ ਹੈ। [2](ਚੇਤਨ) ਅੰਗ ਰਹਤ ਹੈ। [3]ਆਕਾਰ ਰਹਿਤ। [4]ਜਿਵੇਂ ਤਾਰੇ (ਦਾ ਪ੍ਰਤਿਬਿੰਬ) ਦਿੱਸਦਾ ਹੈ। [5]ਸਰੀਰ ਘੜਾ ਹੈ। [6]ਬ੍ਰਹਮ ਚੰਦ੍ਰਮਾਂ ਦੇ ਪ੍ਰਤਿਬਿੰਬ ਤੁੱਲ ਹੈ। [7]ਬ੍ਰਹਮ ਸਭ ਵਿਚ ਤੇ ਸਭ ਤੋਂ ਨਜਾਰਾ ਭਾਸਦਾ ਹੈ। [8]ਨਾਮ। [9]ਜਾਤੀ। [10]ਕੜਾਹ ਪ੍ਰਸ਼ਾਦਿ। [11]ਹੋਰ (ਕਿਸੇ) ਪ੍ਰਸਾਦਿ ਨਾਲ ਪ੍ਰੇਮ ਨਾ ਕੀਤਾ। [12]ਹੋਰ ਮਿਠਾਈ (ਯਾ ਭੋਜਨ) ਨਹੀਂ ਚਾਹੀ। [13]ਅਵਤਾਰਾਂ (ਵਿਚੋਂ) ਗੁਰੂ ਅਵਤਾਰ ਉੱਤਮ ਹੈ। [14](ਭੋਜਨਾਂ) ਵਿਚੋਂ ਤਿਵੇਂ ਕੜਾਹ ਹੈ।

*ਦੇਖੋ ਰਾਸ ੩ ਅੰਸੂ ੪੧ ਅੰਕ ੧੧ ਤੇ ਅੰਕ ੫੦ ਦੀ ਹੇਠਲੀ ਟੂਕ।

ਬੰਦਨ ਕਰਿ ਪਦ ਬੈਠਿ ਉਚਾਰਾ।'ਕਿਮ ਸ੍ਰੀ ਗੁਰੁ ਹਮ ਹੋਇ ਉਧਾਰਾ?'। ਸੁਨਿ ਕਰਿ ਸ੍ਰੀ ਹਰਿਗੋਵਿੰਦ ਕਹੈਂ। 'ਸਭਿ ਕਾਸ਼ਟ ਮਹਿਂ ਅਗਨੀ ਰਹੈ॥ ੪੩॥ਬਿਨਾ ਮਥੇ ਨਹਿਂ ਨਿਕਸਿ ਪ੍ਰਕਾਸ਼ੈ।ਕਾਰਜ ਕਰਹਿ ਨ ਸੀਤ ਬਿਨਾਸ਼ੈ। ਜਥਾ ਦੁਗਧ ਮਹਿਂ ਘ੍ਰਿਤ ਮਿਲਿ ਰਹਯੋ। ਮਥਨ ਕਰੇ ਬਿਨ ਕਿਨਹੁਂ ਨ ਲਹਯੋ॥੪੪॥ਤਿਮ ਸਤਿਗੁਰ ਕੇ ਸ਼ਬਦ ਮਝਾਰਾ।ਆਤਮ ਗਯਾਨ ਬਸੈ ਸੁਖ ਸਾਰਾ। ਪਾਠ ਕਰੇ ਹੁਇ ਪੁੰਨ ਮਹਾਨਾ।ਨਾਂਹਿ ਨ ਪ੍ਰਾਪਤਿ ਆਤਮ ਗਯਾਨਾ॥ ੪੫॥ ਜਬਿ ਬਿਚਾਰ ਕਰਿ ਰਿਦੇ ਬਸਾਵੈ। ਸਭਿ ਬਿਵਹਾਰਨਿ ਬਿਖੈ ਕਮਾਵੈ । ਗਯਾਨ ਪ੍ਰਕਾਸ਼ੈ ਆਨੰਦ ਪਾਵੈ। ਜਨਮ ਮਰਨ ਕੋ ਕਸ਼ਟ ਮਿਟਾਵੈ' ॥ ੪੬ ॥ ਦੋਨਹੁ ਸੁਨਿ ਗੁਰੁ ਕੋ ਉਪਦੇਸ਼। ਮਹਾਂ ਸੁਮਤਿ ਜੁਤਿ ਪਢੇ ਵਿਸ਼ੇਸ਼। ਲਾਗੇ ਗੁਰ ਕੋ ਸ਼ਬਦ ਬਿਚਾਰਨਿ। ਸਤਿ ਸੰਗਤਿ ਮਹਿਂ ਕਥਾ ਉਚਾਰਨਿ॥ ੪੭ ॥ ਸੁਨਿ ਤਿਨ ਤੇ ਸ਼੍ਰੋਤਾ ਹਰਖਾਵੈਂ। ਡਰ ਬਿਕਾਰ ਤੇ,ਗੁਰਮਤਿ ਪਾਵੈਂ। ਸੁਨਹਿਂ ਪ੍ਰੇਮ ਕਰਿ ਧਰਿ ਧਰਿ ਭਾਉ। ਬ੍ਰਹਮ ਗਯਾਨ ਲਹਿ ਸਹਿਜ ਸੁਭਾਊ ॥ ੪੮ ॥ ਸ਼੍ਰੋਤਾ ਬਕਤਾ ਜੇ ਸਮੁਦਾਇ। ਜੀਵਨ ਮੁਕਤਿ ਅਵਸਥਾ ਪਾਇ। ਇਸ ਪ੍ਰਕਾਰ ਭਾ ਬਹੁਤ ਉਧਾਰ। 'ਧੰਨ ਧੰਨ ਸਤਿਗੁਰੂ' ਉਚਾਰਿ ॥ ੪੯ ॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪੰਚਮ ਰਾਸੇ 'ਸਿੱਖਨ' ਪ੍ਰਸੰਗ ਬਰਨਨੰ ਨਾਮ ਏਕ ਚਤਵਾਰਿੰਸਤੀ ਅੰਸੂ ॥ ੪੧ ॥

੪੨. [ਸਿੱਖਾਂ ਦੇ ਪ੍ਰਸੰਗ। ਵਕਤਾ ਸ਼੍ਰੋਤਾ ਚੌਦਾਂ ਗੁਣ]।

ਦੋਹਰਾ ॥ ਮਨਸਾ ਧਾਰਿ ਸੁ ਤੁਲਸੀਆ ਦਰਗਹਿ ਤਖਤੂ ਧੀਰ। ਤੀਰਥ ਉੱਪਲ[1] ਸੰਗ ਮਿਲਿ ਆਇ ਸ੍ਰੀ ਗੁਰੁ ਤੀਰ ॥ ੧ ॥ ਚੌਪਈ ॥ ਬੰਦਨ ਕਰਿ ਸਭਿ ਬੈਠੇ ਪਾਸ। ਹਾਥ ਜੋਰਿ ਉਚਰੀ ਅਰਦਾਸ। 'ਸੱਚੇ ਪਾਤਿਸ਼ਾਹੁ ਹਮ ਸੁਨੈਂ । ਸਿੱਖ ਅਨੇਕ ਅਰਥ ਜੇ ਭਨੈਂ ॥ ੨ ॥ ਮਨ ਕੋ ਸ਼ਾਂਤਿ ਨ ਕਿਸ ਕੋ ਆਵੈ। ਇਤ ਉਤ ਤੇ ਹਟਿ ਥਿਰ ਨ ਰਹਾਵੈ। ਨਿਵਲਾ ਅਪਰ ਨਿਹਾਲੂ ਦੋਇ। ਕਥਾ ਉਚਾਰ ਕਰਤਿ ਹੈਂ ਸੋਇ ॥ ੩ ॥ ਤ੍ਰਾਸ ਬਿਕਾਰਨਿ ਤੇ ਹੁਇ ਤਬੈ। ਦੁਰਮਤਿ ਉਰ ਤੇ ਪਰਹਰਿ ਸਬੈ।ਗੁਰੁਮਤਿ ਕੋ ਪ੍ਰਾਪਤਿ ਚਿਤ ਹੋਤਿ। ਗੁਨ ਗਨ ਹਿਰਦੇ ਜੋਤਿ ਉਦੋਤਿ' ॥ ੪ ॥ ਸੁਨਿ ਸ੍ਰੀ ਹਰਿਗੋਵਿੰਦ ਬਖਾਨਾ। 'ਅੰਮ੍ਰਿਤ ਸਤਿਗੁਰੁ ਸ਼ਬਦ ਮਹਾਨਾ। ਬਕਤਾ ਮਹਿਂ ਚੌਦਹ ਗੁਨ ਹੋਇਂ। ਗਯਾਨ ਪਾਇ ਤਿਸ ਤੇ ਸੁਨਿ ਕੋਇ॥੫॥ਤਿਮ ਸ਼੍ਰੋਤਾ ਮਹਿਂ ਚੌਦਸ ਗੁਨ ਹੂੰ। ਤੁਰਤ ਗਯਾਨ ਪ੍ਰਾਪਤਿ ਜੇ ਸੁਨਿਹੈਂ।ਜੇ ਗੁਨ ਹੋਹਿਂ ਨ ਦੋਨਹੁ ਮਾਂਹੀਂ।ਤੂਰਨ ਗਯਾਨ ਸੁ ਪ੍ਰਾਪਤਿ ਨਾਂਹੀ॥ ੬ ॥ ਜੇ ਇਕ ਬਕਤਾ ਮਹਿਂ ਭੀ ਹੋਇਂ। ਸ਼੍ਰੋਤਾ

੧: ਮਾਲਾ ਵਿਚ ਚਾਰ ਨਾਮ ਹਨ:—ਮਨਸਾਧਾਰ, ਦਰਗਹ ਤੁੱਲੀ, ਤਖਤ ਧੀਰ, ਤੀਰਥ ਉੱਪਲ।

ਕੋ ਪ੍ਰਾਪਤਿ ਸੁਨਿ ਸੋਇ[੧]। ਬੂਝਨ ਕਰੇ ਗੁਰੂ[੨] 'ਗੁਨ ਜੇਈ। ਹਮ ਕਹੁ ਬਰ-ਨ*ਸੁਨਾਵਹੁ ਤੇਈ ॥੭॥ਕ੍ਰਿਪਾ ਕਰਹੁ ਸੇਵਕ ਨਿਜਜਾਨਿ।ਭਿੰਨ ਭਿੰਨ ਅਬਿ ਕਰਹੁ ਬਖਾਨ'। ਤਬਿ ਸ੍ਰੀ ਹਰਿ ਗੋਵਿੰਦ ਸੁਨਾਏ। 'ਸਨਹੁ ਸਿੱਖ ਧਾਰਹੁ ਸਮੁਦਾਏ॥੮॥ ਪ੍ਰਥਮ-ਵਾਗਮੀ[੩]-ਸੁੰਦਰ ਬਾਨੀ। ਬ੍ਰਿੰਦ ਸ਼ਬਦ ਕੇ ਪਦ ਲੈ ਜਾਨੀ[੪]। ਸ਼੍ਰੋਤੇ ਜਿਤੇ ਤਿਤੀ ਧੁਨਿ ਕਰੈ[੫]। ਛੰਦ ਧਾਰਨਾ ਜਿਮ, ਤਿਮ ਪਰੈ[੬] ॥ ੯ ॥ ਦੂਜੇ ਹੁਇ-ਵਿਤ ਬਜਾਸ ਸਮਾਸੇ[੭] -। ਲਖਹਿ ਕਿ ਜਿਸ ਥਲ ਸੁਰਸ ਪ੍ਰਕਾਸ਼ੇ[੮]। ਠਹਿਰੈ ਬ੍ਰਿਤਿ ਸ਼੍ਰੋਤਾਨਿ[੯]ਉਦਾਰ। ਤਹਾਂ ਸੁ ਕਰਹਿ ਅਰਥ ਵਿਸ-ਥਾਰ॥ ੧੦ ॥ਜਿਸ ਥਲ ਹੋਵਹਿ ਬ੍ਰਿਤੀ ਉਦਾਸ। ਤਹਿੰ ਸੰਛੇਪ ਹੀ ਕਰਹਿ ਪ੍ਰਕਾਸ਼।-ਬ੍ਰਿਤਿਪ੍ਰਿਯ ਕਥਾ ਕੇਰ ਪ੍ਰਸਤਾਵ[੧੦]-। ਇਹੁ ਚਤਰਥ ਗੁਨ ਲਖੋ ਸੁਭਾਵ ॥ ੧੧ ॥ ਮਧੁਰ ਗਿਰਾ ਅਸ ਕਰਹਿ ਉਚਾਰੀ। ਜਿਸ ਤੇ ਸਭਿ ਕੋ ਲਾਗਸਿ ਪਜਾਰੀ।ਪੰਚਮ-ਸਾਚ ਬਚਨ-ਕੋ ਕਹੈ।ਕਰਮ ਉਪਾਸ਼ਨ ਗਜਾਨ ਕਿ ਅਹੈ॥੧੨॥ਰਿਦਾ ਸ਼ਬਦ ਕੋ[੧੧]ਹੋਇ ਸੁ ਬਰਨੈ।ਅਰਥ ਸੁਨਾਵੈਕਰਿ ਕਰਿ ਨਿਰਨੈ।ਖਸ਼ਟ-ਸੰਦੇਹ ਛੇਦਨੋ[੧੨]-ਮਾਨਿ।ਪ੍ਰਸ਼ਨ ਕਰੈ[੧੩],ਉੱਤਰ ਦੇ ਜਾਨਿ ॥ ੧੩ ॥ ਜਥਾ ਸ਼ਬਦ ਕੋ ਆਸ਼ੈ ਅਹੈ। ਤਥਾ ਪ੍ਰਮਾਣ ਸੁ ਸਾਖੀ ਕਹੈ। ਜੈਸੇ ਬੁਧਿ ਮੈਂ ਸ਼੍ਰੋਤਾ ਜਾਨੇ। ਤਿਸੀ ਪ੍ਰਕਾਰ ਦ੍ਰਿਸ਼ਟਾਂਤ ਬਖਾਨੈ ॥ ੧੪ ॥ ਸਪਤਮ -ਕੁਸ਼ਲ ਸਕਲ ਮਤ ਕੇਰੋ[੧੪]-।ਸੁਨੇ ਹੋਇੰ ਸ਼ਾਸਤ੍ਰਨ ਕੇ ਝੇਰੋ[੧੫]।ਅਸ਼ਟਮ-ਖਜਾਤ ਵਿਖੇਪ ਕ੍ਰਿਤੌਨਿ[੧੬]-।ਕਥਾ ਪ੍ਰਸੰਗ ਹੋਤਿ ਹੈ ਜੌਨ ॥੧੫॥ ਅਪਰ ਜੁ ਮਤ[੧੭]ਸਾਖੀ ਸੁ ਪ੍ਰਮਾਨ।ਆਸ਼ੈ ਸਮਝਨਿ ਕਰੈ ਬਖਾਨ।ਨਵਮਿ-ਅਵਿੰਗ-ਜੁ ਸੁਧਾ ਬੈਸੇ।ਮਨ ਭੀ ਸਰਲ ਰਖਹਿ ਬਿਧਿ ਤੈਸੇ॥੧੬॥ਦਸਮੋ-ਜਨ ਰੰਜਕ[੧੮] -ਪਹਿਚਾਨ। ਜਜੋਂ ਜਜੋਂ ਸ਼੍ਰੋਤਾ ਸੁਨਹਿੰ ਸੁ ਕਾਨ। ਤਜੋਂ ਤਜੋਂ ਰੰਗ ਪ੍ਰੀਤ ਕੋ ਚਰੈ।ਇਮ ਕਹਿ ਸਰਬ ਸਭਾ ਬਸਿ ਕਰੈ॥੧੭॥-ਚਿਤੋ ਸਭੋ-ਇਕ ਦਸਮੋ

---

[੧]ਜੇ (ਚੌਦਾਂ ਗੁਣ) ਇਕ ਵਕਤਾ ਵਿਚ ਬੀ ਹੋਣ ਤਾਂ ਸ਼੍ਰੋਤਾ ਨੂੰ ਸੁਣਕੇ ਪ੍ਰਾਪਤ ਹੋ ਜਾਂਦੇ ਹਨ। [੨]ਗੁਰੂ ਜੀ ਤੋਂ ਪੁੱਛਿਆ (ਸਿੱਖਾਂ ਨੇ)। [੩]ਚੰਗਾ ਵਕਤਾ [ਸੰਸ:, ਵਾਗਮੀ]। [੪]ਜਾਣਦਾ ਹੋਵੇ। [੫]ਉਤਨੀ ਉੱਚੀ ਅਵਾਜ਼ ਕੱਢੇ। [੬]ਪੜ੍ਹੇ। [੭]ਦੂਜਾ ਗੁਣ ਇਹ ਹੈ ਕਿ ਵਿਸਥਾਰ ਤੇ ਸੰਕੋਚ ਦਾ ਜਾਣੂ ਹੋਵੇ। [੮]ਰਸ ਦਾ ਪ੍ਰਕਾਸ਼ ਹੈ। [੯]ਸ਼੍ਰੋਤਿਆਂ ਦੀ ਬ੍ਰਿਤੀ। [੧੦]ਕਥਾ ਦੇ ਪ੍ਰਸੰਗ ਪਜਾਰੇ ਕਰਕੇ ਕਹਿਣੇ ਜਾਣਦਾ ਹੋਵੇ। [੧੧]ਸਬਦ ਦਾ ਸਿੱਧਾਂਤ। [੧੨]ਸੰਸੇ ਨਿਵਿਰਤੀ (ਕਰ ਸਕਦਾ ਹੋਵੇ)। [੧੩]ਕੋਈ ਪ੍ਰਸ਼ਨ ਕਰੇ ਤਾਂ। [੧੪]ਚਤੁਰ ਹੋਵੇ ਸਾਰਿਆਂ ਮਤਾਂ ਵਿਚ। [੧੫]ਝਗੜੇ। [੧੬]ਕਥਾ ਵਿਚ ਵਿਖੇਪ ਨਾ ਕਰੇ ਜਉ ਕਥਾ ਹੋਰ ਹੋਵੇ ਤਾਂ ਸਾਖੀ ਹੋਰ ਭਾਵ ਦੀ ਨਾ ਕਰੇ। [੧੭]ਹੋਰਨਾਂ ਮਤਾਂ ਦੇ। [੧੮]ਲੋਗਾਂ ਨੂੰ ਪ੍ਰਸੰਨ ਕਰਨ ਵਾਲ਼ਾ।

*ਪਾ:-ਬਚਨ।

ਜਾਨ।ਸ਼੍ਰੋਤਾ ਸਕਲ ਸਮੁਖ ਸਵਧਾਨ।ਸ਼੍ਰਵਨ ਬਿਲੋਚਨ ਨਿਜ ਦਿਸ਼ ਕਰੈਂ।
ਚਹੈਂ ਕਿ–ਆਗੇ ਕਹਾਂ ਉਚਰੈ[1]?–॥੧੮॥–ਨਾ ਹੰਕ੍ਰਿਤ–ਦ੍ਵਾਦਸ਼ਮੋ ਹੋਵੈ[2]।
ਸਰਬ ਹੰਕਾਰ ਰਿਦੈ ਤੇ ਖੋਵੈ। ਮਨ ਨੀਵਾਂ ਰਾਖੈ ਸਭਿ ਸੰਗ। ਗੁਨ ਬਡ
ਲਖਿ[3]ਨ ਕਿਸੇ ਚਿਤ ਭੰਗ[4] ॥੧੯॥ਹੋਇ–ਧਾਰਮਿਕ[5]–ਤ੍ਰੋਦਸਵੇਂ ਇਹ।ਕਹੈ
ਜੁ ਕਥਾ ਕਮਾਵੈ ਨਿਜ ਤਿਹ। ਚੌਦਸ਼ਮਹਿੰ–ਸੰਤੋਖੀ–ਹੋਇ। ਪਰਾਲਬਧ
ਕਰਿ ਆਵੈ ਜੋਇ॥੨੦॥ਸਹਤ ਅਨੰਦ ਪਾਇ ਜੋ ਲੇਯ।ਬਿਨ ਜਾਚੇ ਅੰਮ੍ਰਿਤ
ਸਮ ਦੇਯ[6]। ਅਧਿਕ ਪਦਾਰਥ ਚਾਹ ਨ ਧਰੈ। ਦ੍ਵਿਗ*ਜੋ ਹੋਇ ਬਰਤਬੋ
ਕਰੈ॥੨੧॥ਇਹ ਬਕਤੇ ਕੇ ਚੌਦਸ਼ ਗੁਨ ਹੈਂ†। ਧਰਹਿੰ ਚਤੁਰਦਸ਼ ਕਥਾ ਜੁ

---

[1]ਸਾਰੇ ਸ਼੍ਰੋਤਿਆਂ ਨੂੰ ਸਾਵਧਾਨ ਤੇ ਸਨਮੁਖ (ਆਪਣੀ ਵੱਲ ਰੁਖ ਵਾਲੇ ਕਰ ਲਵੇ ਕਿ ਓਹ) ਆਪਣੇ ਕੰਨ ਤੇ ਨੇਤ੍ਰ (ਵਕਤਾ) ਵੱਲ ਕਰ ਲੈਣ ਤੇ ਚਾਹੁਣ ਕਿ (ਛੇਤੀ ਸੁਣੀਏ ਕਿ ਵਕਤਾ) ਅੱਗੋਂ ਕੀ ਕਹਿੰਦਾ ਹੈ। [2]ਬਾਰ੍ਹਵੇਂ ਹੰਕਾਰ ਕਰਨ ਵਾਲਾ ਨ ਹੋਵੇ। [3](ਆਪਣੇ ਵਿਚ) ਵਡੇ ਗੁਣ ਜਾਣਕੇ (ਅ) 'ਸਭ ਨਾਲ ਮਨ ਨੀਵਾਂ ਰੱਖਣਾ' ਵੱਡਾ ਗੁਣ ਸਮਝੇ। [4]ਕਿਸੇ ਦਾ ਦਿਲ ਨਾ ਤੋੜੇ। [5]ਧਰਮਾਤਮਾ। [6](ਤੇ ਇਹ ਸਮਝੇ ਕਿ) ਬਿਨਾਂ ਮੰਗੇ ਜੋ (ਕੋਈ ਕੁਛ) ਦੇਵੇ ਸੋ ਅੰਮ੍ਰਿਤ ਵਾਂਙ ਹੈ।

*ਪਾ:–ਦ੍ਵਿਵ।

†ਵਕਤੇ ਦੇ ਚੌਦਾਂ ਗੁਣਾਂ ਦਾ ਛੰਦ, ਜਿਸ ਦਾ ਕਵਿ ਜੀ ਨੇ ਉਲਥਾ ਕੀਤਾ ਹੈ, ਸਿੱਖਾਂ ਦੀ ਭਗਤਮਾਲ ਵਿਚ ਇਸ ਪ੍ਰਕਾਰ ਹੈ:

ਵਾਗਮੀ, ਵਜਾਸ, ਸਮਾਸਵਤ, ਪ੍ਰਿਯ ਕਥਾ ਪ੍ਰਸ੍ਰਾਵ, ਸਪਸ਼੍ਟ ਵਾਕ, ਸੰਦੇਹ ਛਿਦ,
ਅਸ਼ੇਖੰ ਸ਼ਾਸਤ੍ਰ ਕੁਸ਼ਲ:; ਨੱਖਜਾਤ ਵਿਖੇਪ ਕ੍ਰਿਤ। ਅਵਜੰਗੋ ਜਨ ਰੰਜਕੋ, ਜਿਤ
ਸਭੋ, ਨ ਹੰਕ੍ਰਤੋ, ਧਾਰਮਿਕੋ ਸੰਤੋਖੀ ਚ ਚਤੁਰਦਸ਼ ਗੁਣਾਂ ਉੱਤਮ ਵਕਤਾ ਪ੍ਰਣੀਤਜ:।

ਇਸ ਦੇ ਚੌਦਾਂ ਗੁਣਾਂ ਦੇ ਹੀ ਅਰਥ ਕ੍ਰਮ ਅਨੁਸਾਰ ਇਹ ਹਨ:–

੧. ਵਾਗਮੀ=ਰਸੀਲੀ ਤੇ ਸੁਰ ਨਾਲ ਬੋਲ ਸੱਕਣਾ। ੨. ਵਜਾਸ=(ਸ਼੍ਰੋਤਿਆਂ ਦੀ ਰੁਚੀ ਅਨੁਸਾਰ) ਵਿਸਥਾਰ ਨਾਲ ਸਮਝਾ ਸੱਕਣਾ। ੩. ਸਮਾਸ ਵਤ੍=(ਲੋੜ ਅਨੁਸਾਰ) ਸੰਖੇਪ ਕਰ ਸੱਕਣਾ। ੪. ਪ੍ਰਿਯ ਕਥਾ ਪ੍ਰਸ੍ਰਾਵ=ਦਿਲ ਲੁਭਾਉਣ ਵਾਲੀਆਂ ਕਥਾਵਾਂ ਕਹਿਣਾ। ੫. ਸਪਸ਼੍ਟ ਵਾਕ=ਸਾਫ ਬੋਲਣਾ ਤੇ ਸਪਸ਼੍ਟ ਕਰਕੇ ਸਮਝਾ ਸੱਕਣਾ। ੬. ਸੰਦੇਹ ਛਿਦ੍=ਸੰਸਿਆ ਨੂੰ ਦੂਰ ਕਰ ਸੱਕਣਾ। ੭. ਅਸ਼ੇਖੰ ਸ਼ਾਸਤ੍ਰ ਕੁਸ਼ਲ:=ਸਾਰੇ ਸ਼ਾਸਤ੍ਰਾਂ ਦਾ ਜਾਣਕਾਰ ਹੋਣਾਂ।੮. ਨੱਖਜਾਤ ਵਿਖੇਪ ਕ੍ਰਿਤ=ਕਥਾ ਦੇ ਪ੍ਰਸੰਗ ਵਿਚ ਹੋਰ ਪ੍ਰਸੰਗ ਤੋਂ ਉਲਟੇ ਪ੍ਰਮਾਣ ਨਾ ਦੇਵੇ। ੯. ਅਵਜੰਗੋ=ਸੁਹਣੀ ਤਰ੍ਹਾਂ ਸਿੱਧਾ ਬੈਠਣਾ। ੧੦. ਜਨ ਰੰਜਕੋ=ਸ਼੍ਰੋਤਿਆਂ ਦੇ ਦਿਲਾਂ ਨੂੰ ਪ੍ਰਸੰਨ ਕਰਨਾ। ੧੧. ਜਿਤ ਸਭੋ=ਸਭਾ ਨੂੰ ਜਿੱਤਣਾਂ। ਭਾਵ ਆਪਣੇ ਤੇ ਮੋਹਿਤ ਕਰ ਲੈਣਾ। ੧੨. ਨ ਹੰਕ੍ਰਤੋ=ਹੰਕਾਰ ਰਹਿਤ ਹੋਣਾ। ੧੩. ਧਾਰਮਿਕੋ=ਧਾਰਮਿਕ ਖ਼ਜਾਲਾਂ ਵਾਲਾ ਹੋਣਾ (ਰਹਿਣੀ ਵਾਲਾ=ਜੋ ਕਹੇ ਉਹੀ ਆਪ ਵੀ ਕਮਾਉਣ ਵਾਲਾ ਹੋਣਾ)। ੧੪. ਸੰਤੋਖੀ=ਸੰਤੋਖੀ ਹੋਣਾ।

ਸੁਨਿ ਹੈਂ। [1]ਬਕਤਾ ਕੀ ਕਰਨੀ ਨਿਜ ਭਗਤਿ। ਮਨ ਬਚ ਕਰਮਨ ਕੇ ਸੰਜੁਗਤਿ[2]॥੨੨॥ਦੂਜੇ ਹੋਇ ਨ ਮਨ ਹੰਕਾਰੀ।ਜਾਨਹਿ–ਮੈਂ ਬਡ ਸੇਵਾ ਧਾਰੀ –। ਤ੍ਰਿਤੀਏ ਸ਼ਰਧਾ ਸੁਨਿਬੇ ਹੋਇ। ਨਹੀਂ ਉਚਾਟਹਿ ਮਨ ਕੋ ਸੋਇ॥ ੨੩॥ ਚੌਥੇ ਅਪਨੀ ਚਿਤ ਚਤੁਰਾਈ। ਬਕਤੇ ਪਰ ਨਹਿਂ ਕਰਹਿ ਬਨਾਈ। ਪੰਚਮ ਬਕਤਾ ਭਨਹਿ ਜੁ ਅਰਥ।ਤਿਹ ਸਮੁਝਨ ਕੀ ਹੋਇ ਸਮਰਥ॥੨੪॥ ਖਸ਼ਟਮ ਪ੍ਰਸ਼ਨ ਕਰਨ ਕੋ ਜਾਨੈ। ਸਪਤਮ ਸੁਨੇ ਗ੍ਰੰਥ ਬਹੁ ਕਾਨੈ। ਅਸ਼-ਟਮ ਆਲਸ ਕੋ ਨਹਿਂ ਧਰੈ। ਨੌਮੇ ਨਿੰਦ੍ਰਾ ਕੋ ਬਸਿ ਕਰੈ॥ ੨੫॥ ਦਸਮੇ ਸੁਨਹਿਂ ਧਰਹਿ ਉਰ ਸੋਇ[3]। ਵੰਡ ਖਾਇ ਢਿਗਿ ਪਿਖ ਜੋ ਹੋਇ। ਦ੍ਵਾਦਸ਼ਮੇ ਜਿਮ ਗੁਰੁਨਿ ਸਿਧਾਂਤਿ।ਤਿਸ ਅਨੁਸਾਰਿ ਸੁਨਹਿ ਚਿਤ ਸ਼ਾਂਤਿ॥੨੬॥ ਹੋਇ ਵਿਪਰਜੈ[4] ਤਜਾਗਨਿ ਕਰੈ। ਤ੍ਰੌਦਸ਼ਮੇ ਤਨ ਮੈਂ ਸੁਚ ਧਰੈ। ਚੌਦਸ਼ਮੇ ਨਹਿਂ ਕਰੈ ਪਖੰਡ*। ਮਨ ਕੋ ਲਾਵਹਿ ਸੁਨਹਿਂ ਅਖੰਡ[5]॥ ੨੭॥ ਇਮ ਸ਼੍ਰੋਤਾ ਬਕਤਾ ਜੋ ਹੋਇ। ਪ੍ਰਾਪਤਿ ਹੋਤਿ ਗਜਾਨ ਕੋ ਦੋਇ। ਇਹ ਲੱਛਨ ਜੋ ਕਹੇ

---

[1]ਹੁਣ ਸ਼੍ਰੋਤਾ ਦੇ ਗੁਣ ਚਲੇ। [2]ਵਕਤਾ ਦੀ ਕਰਨੀ ਦਾ ਨਿਜ ਭਗਤ ਹੋਵੇ ਮਨ ਬਚਨ ਕਰਮ ਨਾਲ। ਇਹ ਪਹਿਲਾ ਗੁਣ ਹੈ। [3]ਜੋ ਸੁਣੇ ਸੋ ਧਾਰਨ ਕਰੇ। [4]ਜੋ ਗਲ ਗੁਰ ਸਿਧਾਂਤ ਵਿਰੁੱਧ ਹੋਵੇ। [5]ਦਿਲ ਲਾ ਕੇ।

*ਸ਼੍ਰੋਤਾ ਦੇ ਵੀ ਚੌਦਾਂ ਹੀ ਗੁਣਾਂ ਦਾ ਸ਼ਲੋਕ ਜਿਸ ਦਾ ਕਵੀ ਜੀ ਨੇ "ਸਿੱਖਾਂ ਦੀ ਭਗਤ ਮਾਲ" ਤੋਂ ਲੈਕੇ ਉਲਥਾ ਕੀਤਾ ਹੈ, ਇਉਂ ਹੈ:–

ਭਗਤੋ ਵਕਤ੍ਰੇ, ਅਗਰ੍ਬਤਾ, ਸ਼੍ਰੁਤਿ ਰੁਚਹਿ, ਚੰਚਲ ਹੀਨ, ਪਟਹਿ।
ਪ੍ਰਸ਼ਨਾਦਖਜਸ੍ਰ, ਬਹੁ ਸ਼੍ਰੁਤੋ, ਅਨਾਲਸੋ, ਨਿੰਦ੍ਰਾ ਜਿਤੀ ਸੁਤਹ।
ਦਾਤਾਤਿ, ਪਕ੍ਰਤਿ ਕਥੰਤ੍ਰਾ, ਸੁਚੇਵ, ਪਰਦੰਭੋਜਿਤਾ ਸਰ੍ਬਦਾ।
ਏਤੇਯਸ਼ ਸੰਤ ਨਿਰਮਲ ਗੁਣਾ ਵੈਕੁੰਠੇ ਪ੍ਰਸਸਤਾ ਸਦਾ।

ਅਰਥ ਇਸ ਪ੍ਰਕਾਰ ਹਨ:–੧. ਭਗਤੋ ਵਕ੍ਤਰੇ=ਸ਼੍ਰੋਤੇ ਲਈ ਮਨ ਬਚ ਕ੍ਰਮ ਤੇ ਵਕਤਾ ਦਾ ਭਗਤ ਹੋਣਾ। ੨. ਅਗਰ੍ਬਤਾ=ਨਿਰਹੰਕਾਰ ਹੋਣਾ। ੩. ਸ਼੍ਰੁਤਿ ਰੁਚਹਿ=ਸੁਣਨ ਵਿਚ ਪ੍ਰੀਤਵਾਨ ਹੋਣਾ। ੪. ਚੰਚਲ ਹੀਨ=ਕੁਤਰਕੀ ਨਾਂ ਹੋਣਾ। (ਅ) ਸਰੀਰ ਯਾ ਬਚਨਾਂ ਦੀ ਚਤੁਰਾਈ ਨਾ ਕਰਨੀ। ੫. ਪਟਹਿ=ਸਮਝਣ ਵਿਚ ਚਤੁਰ ਹੋਣਾ। ੬. ਪ੍ਰਸ਼ਨਾਦਖਜਸ੍ਰ=ਪ੍ਰਸ਼ਨ ਕਰਨ ਵਿਚ ਚਤੁਰ ਹੋਣਾ। ੭. ਬਹੁ ਸ਼੍ਰੁਤੋ=ਬਹੁਤੇ ਗ੍ਰੰਥਾਂ ਦਾ ਸੁਣਿਆ ਹੋਇਆ ਹੋਣਾ। ੮. ਅਨਾਲਸੋ=ਆਲਸੀ ਨਾ ਹੋਣਾ। ੯. ਨਿੰਦ੍ਰਾ ਜਿਤੀ ਸੁਤਹਿ=ਸੁਣਨ ਵੇਲੇ ਸਉਣਾਂ ਨਾਂ। ੧੦. ਦਾਤ ਤਿ=ਵੰਡ ਕੇ ਖਾਣ ਵਾਲਾ ਹੋਣਾ। ੧੧. ਪਕ੍ਰਤਿ=ਜੋ ਸੁਣੇ ਉਸ ਦਾ ਧਾਰਣੀ ਹੋਣਾ। ੧੨. ਕਥੰਤਰਾ=ਸਤਿਗੁਰੂ ਦੇ ਸਿਧਾਂਤ ਤੋਂ ਵਿਰੁਧ ਦਾ ਤਿਆਗੀ ਹੋਣਾ। ੧੩. ਸੁਚੇਵ=ਪਵਿੱਤ੍ਰ ਰਹਿਣਾ। ੧੪. ਪਰਦੰਭੋਜਿਤਾ=ਪਖੰਡੀ ਨਾਂ ਹੋਣਾ।

ਬਨਾਇ। ਸਿੱਖ ਨਿਹਾਲੂ ਬਿਖੈ ਸੁ ਪਾਇ॥੨੮॥ ਤਿਸ ਕੀ ਸੰਗਤਿ ਕਰਹੁ ਹਮੇਸ਼। ਹੁਇੰ ਤੁਮ ਮਹਿਂ ਗੁਨ ਬ੍ਰਿੰਦ ਵਿਸ਼ੇਸ਼। ਸੁਨਹ ਕਥਾ ਤਿਹ ਮੁਖ ਤੇ ਨੀਕੀ।ਕਨੌਂ ਨ ਸ਼੍ਰੇਯ ਹੁਇ ਤੁਮਰੇ ਜੀ ਕੀ' ॥੨੯॥ਸ਼੍ਰੀ ਮੁਖ ਤੇ ਸੁਨਿ ਸਭਿ ਹਰਖਾਇ।ਧਾਰਨ ਕੀਨੇ ਗੁਨ ਸਮੁਦਾਇ। ਕਿਸ਼ਨਾ ਝੰਝੂ ਪੰਮੂ ਪੂਰੀ। ਸ਼੍ਰੀ ਹਰਿਗੋਵਿੰਦ ਕੇਰਿ ਹਜ਼ੂਰੀ॥੩੦॥ਕਰਿ ਬੰਦਨਿ ਕੋ ਬਾਕ ਉਚਾਰਾ। 'ਕਰਹੁ ਗਰੀਬ ਨਿਵਾਜ ਉਧਾਰਾ'।ਸ਼੍ਰੀਮੁਖ ਤੇ ਉਪਦੇਸ਼ ਬਖਾਨਾ।'ਕਲ ਮਹਿਂ ਨਾਮ ਜਹਾਜ ਮਹਾਨਾ ॥੩੧॥ਸ਼ਬਦ ਪਠਨਿ ਕੀਜਹਿ ਅੱਭਯਾਸ। ਚਢਹੁ ਜਹਾਜ ਨਾਮ ਸੁਖ ਰਾਸਿ'।ਸੁਨਿ ਕਰਿ ਦੋਨਹੁ ਬਹੁਰ ਉਚਾਰੇ। 'ਇਕ ਸਿਖ ਪਢਨ ਸ਼੍ਰਵਨ ਕੋ ਧਾਰੇ ॥੩੨॥ਖੋਟੇ ਕਰਮ ਤਯਾਗ ਕਰਿ ਦੇਤਿ। ਇਕ ਪਢਿ ਕਰਿ ਧਾਰਨ ਕਰਿ ਲੇਤਿ[1]। ਕਰਹਿਂ ਪਰਸਪਰ ਅਧਿਕ ਵਿਰੋਧ। ਪਾਹਨ ਰੇਖ ਨ ਤਯਾਗਹਿਂ ਕ੍ਰੋਧ[2]॥੩੩॥ਉਰ ਹੰਕਾਰ ਧਰਹਿਂ–ਹਮ ਬਡੇ–। ਕਾਮ ਲੋਭ ਕਰ-ਦਮ ਮਨ ਗਡੇ[3]। ਤਿਨਕੋ ਪਦ ਪ੍ਰਾਪਤਿ ਹੁਇ ਕੈਸੇ। ਕਰੁਨਾ ਕਰਹੁ ਸੁਨਾ-ਵਹੁ ਤੈਸੇ'॥੩੪॥ਸੁਨਿ ਸ਼੍ਰੀ ਮੁਖ ਤੇ ਬਾਕ ਉਚਾਰ। 'ਕਰੈ ਸਬਦ ਸਭਿਹੂੰਨ ਉਧਾਰਾ। ਸਮੇਂ ਪਾਇ ਕਰਿ ਦੇ ਕੱਲਯਾਨੇ। ਪਢਿਬੋ ਸੁਨਿਬੋ ਸ਼ਬਦ ਜੁ ਠਾਨੇ ॥੩੫॥ ਇਕ ਨਰ–ਗਯਾਨਬੱਧ*–ਜੇ ਹੋਇ। ਤਿਨਕੀ ਸ਼੍ਰੇਯ ਕਰਹਿ ਨਹਿਂ ਕੋਇ।ਸੁਨਹਿ ਸ਼ਬਦ ਜੇ ਨਰ ਅੱਗਯਾਨੀ।ਤਿਨਕੇ ਕਲਮਲ ਹੋਵਹਿਂ ਹਾਨੀ॥੩੬॥ਜੱਗਯਾਸਾ ਕੋ ਪਾਇ ਅਗਾਰੇ। ਅੱਭਯਾਸੇ ਲਹਿ ਗਯਾਨ ਸੁਖਾਰੇ। ਭਗਤਨਿ ਕੀ ਦਿਢਿ ਭਗਤੀ ਹੋਇ। ਗਯਾਨੀ ਗਯਾਨ ਸੁ ਗਾਢੋ ਜੋਇ ॥ ੩੭ ॥ ਜੋ ਨਰ ਪਢਹਿ ਮਾਨ ਕੇ ਕਾਰਨ। ਦੂਰਿ ਦੂਰਿ ਕਰਹਿ ਸਮੂਹ ਬਿਕਾਰਨਿ। ਨਿਸ਼ਚਾ ਨਹੀ ਗਯਾਨ ਕੋ ਪਾਵੈ। ਸਭਿ ਮਹਿਂ ਗਯਾਨੀ ਨਾਮ ਕਹਾਵੈ॥੩੮॥ ਹੰਕਾਰੀ ਸਤਿਸੰਗ ਨ ਕਰੈ† । ਬਡਿਆਈ ਧਨ ਹਿਤ ਸਭਿ ਧਰੈ। ਤਿਸ ਕੋ ਪ੍ਰਾਪਤਿ ਹੋਇ ਨ ਗਯਾਨ। ਕਿਮ ਦਰਗਾਹਿ ਪਾਇ ਸੋ ਮਾਨ ॥ ੩੯ ॥ ਸ਼੍ਰੀ ਅੰਮ੍ਰਿਤਸਰ ਜਿਸ ਨੇ ਜਾਨਾ। ਮਗ ਨ ਲਹਹਿ ਤੌ ਬੂਝ

---

[1](ਵਿਕਾਰਾਂ ਨੂੰ) ਧਾਰ ਲੈਂਦੇ ਹਨ। [2]ਪੱਥਰ ਦੀ ਰੇਖਾ (ਵਾਂਙੂ) ਕ੍ਰੋਧ ਨੂੰ ਨਹੀਂ ਤਯਾਗਦੇ। [3]ਚਿਕੜ ਵਿਚ ਫਸਿਆ ਹੈ ਮਨ।

*ਬੱਧ ਗਯਾਨ ਦੇ ਲੱਛਣ ਅਗੇ ਅੰਕ ੩੮, ੩੯, ੪੨, ੪੩, ੪੪ ਵਿਚ ਦੱਸੇ ਹਨ।

†ਯਾਰ੍ਹਵੀਂ ਵਾਰ ਦੇ ਟੀਕੇ ਵਿਚ ਇਥੇ 'ਮਿਤ੍ਰਾਂ ਦਾ ਸੰਗ ਨਹੀਂ ਕਰਦਾ' ਲਿਖ੍ਯਾ ਹੈ।

ਪਯਾਨਾ[1] । ਅੱਗਯਾਨੀ ਭੀ ਆਨਿ ਸ਼ਨਾਨੇ। ਤਿਸ ਕੋ ਸੰਗਤਿ ਮਿਲੀ ਮਹਾਨੇ ॥੪੦॥ ਆਇ ਸੁਧਾਸਰ ਕਰਨਿ ਸ਼ਨਾਨ। ਮਿਲਿ ਆਵਤਿ ਤਿਨ ਸੰਗ ਅਜਾਨਿ। ਤਿਮ ਜੱਗਯਾਸੀ ਪਹੁੰਚਹਿ ਆਇ।ਮੱਜਨ ਕਰਿ ਅਨੰਦ ਕੋ ਪਾਇ ॥ ੪੧ ॥ ਜੋ ਗਯਾਨੀ ਮਗ ਜਾਨਤਿ ਆਛੇ। ਆਨਿ ਪਹੂਚਤਿ ਜਬਿ ਚਿਤ ਬਾਂਛੇ। ਜੋ ਪਰੰਤੁ ਮਗ ਜਾਨਨਿਹਾਰੋ।ਦਿਸ਼ਾ ਭਰਮ[2]ਭਾ ਰਿਦੇ ਮਝਾਰੋ ॥੪੨॥ਉਲਟੋ ਜਾਤਿ ਸੁਧਾਸਰ ਮਗ ਤੇ। ਸੁਨਹਿ ਅਪਰ ਤੇ ਕਹੈ ਨ ਲਗਤੇ। ਉਰ ਹੰਕਾਰ ਕਿ-ਮੈਂ ਮਗ ਜਾਨੋਂ-ਭਰਮ ਭਯੋ ਉਰ ਨਹੀਂ ਪਛਾਨੋ ॥੪੩॥ਤਿਮ ਸੰਤਨ ਤੇ ਪੂਛਤਿ ਨਾਂਹੀ।-ਮੈਂ ਸਭਿ ਪਠਯੋ-ਲਖਹਿ ਮਨ ਮਾਂਹੀ।ਨਹਿੰ ਸਤਿਸੰਗ ਕਰਹਿ ਮਨ ਮਾਨੀ । ਸੋ ਕਬਿ ਹੋਇ ਨਹੀਂ ਬ੍ਰਹਮ ਗਯਾਨੀ'॥੪੪॥ਸ੍ਰੀ ਗੁਰੁ ਕਹਯੋ ਸਭਿਨਿ ਸਿਖ ਸੁਨਯੋ। ਸ਼ਰਧਾ ਧਰਿ ਨੰਮ੍ਰੀ ਹੁਇ ਮਨਯੋ। ਪਿੰਗਣ ਮੱਦੂ ਦੋਇ ਤਿਖਾਣ। ਕਰਨਿ ਕਾਰ ਮਹਿਂ ਬਹੁਤ ਸੁਜਾਨ ॥੪੫॥ ਰਹੈਂ ਗੁਰੂ ਹਰਿਗੋਵਿੰਦ ਤੀਰੇ। ਨਿਤ ਲੰਗਰ ਕੀ ਲਕਰੀ ਚੀਰੈਂ। ਮੰਜੇ ਬਹੁਤ ਚੌਕੀਆਂ ਕਰੈਂ। ਸਤਿਗੁਰ ਕੇ ਘਰ ਮੈਂ ਸੋ ਧਰੈਂ॥ ੪੬॥ ਅਪਰ ਸਿੱਖ ਕੇ ਕਾਰਜ ਹੋਇ। ਕਰਿ ਕੈ ਪ੍ਰੇਮ ਬਨਾਵੈਂ ਸੋਇ। ਕਥਾ ਕੀਰਤਨ ਸ਼ਬਦ ਉਚਾਰਿ। ਸੁਨਹਿ ਪ੍ਰੇਮ ਤੇ ਕਾਜ ਬਿਸਾਰਿ ॥ ੪੭ ॥ ਪਾਛਲਿ ਰਾਤਿ ਹੋਇ ਸਵਧਾਨ। ਪੂਰਬ ਆਪ ਕਰਹਿਂ ਇਸ਼ਨਾਨ। ਜਲ ਨਿਕਾਸਿ ਪੁਨ ਸਿੱਖ ਨਵ੍ਹਾਵੈਂ। ਨਿਸ ਦਿਨ ਸੱਤਿਨਾਮ ਲਿਵ ਲਾਵੈਂ ॥ ੪੮ ॥ ਅੰਤ ਸਮਾਂ ਤਿਨ ਕੌ ਜਬਿ ਭਯੋ। ਪ੍ਰਥਮ ਸ਼ਨਾਨ ਸੁਧਾਸਰ ਕਿਯੋ । ਜਿਤਿਕ ਪਦਾਰਥ ਨਿਕਟ ਨਿਹਾਰੇ। ਨਿਜ ਕਰ ਤੇ ਰੰਕਨਿ ਦੇ ਸਾਰੇ ॥ ੪੯ ॥ 'ਵਾਹਿਗੁਰੂ' ਸਿਮਰਤਿ ਤਨ ਛੋਰਾ।ਗੁਰ ਬਿਨ ਕਰਯੋ ਨ ਮਨ ਕਿਸ ਓਰਾ। ਸਿੱਖ ਚਿਖਾ ਪਰ ਜਬਿ ਲੇ ਗਏ। ਸ੍ਰੀ ਹਰਿਗੋਵਿੰਦ ਪਹੁੰਚਤਿ ਭਏ ॥ ੫੦ ॥ ਦੋਨਹੁ ਕੋ ਕਰ ਤੇ ਸਸਕਾਰਾ[3]। ਪੀਛੇ ਗੁਰੂ ਪ੍ਰਸੰਗ ਉਚਾਰਾ। 'ਇਹ ਨਲ ਨੀਲ ਹੁਤੇ ਅਵਤਾਰ। ਕਰੀ ਬਿਨੈ ਇਨਹੂੰ ਇਕਬਾਰ ॥ ੫੧ ॥-ਹਮ ਕੌ ਭਗਤਿ ਦੇਇ ਬ੍ਰਹਮ ਗਯਾਨ। ਹੋਵਹਿਂ ਲੀਨਿ ਅਨੰਦ ਮਹਾਨ-।ਤਬਿ ਹਮ ਨੇ ਉਚਰਯੋ ਤਿਸਕਾਲ।-ਪੂਰ ਕਾਮਨਾ ਕਰਹਿਂ ਨਿਹਾਲ-॥ ੫੨ ॥ ਅਬਿ ਸਤਿਗੁਰੁ ਕੇ ਸਬਦ ਕਮਾਏ। ਬ੍ਰਹਮ ਗਯਾਨ ਭੇ ਨਹੀਂ ਲਖਾਏ[4]। ਅਬ-

[1]ਪੁਛਕੇ ਚਲਿਆ। [2]ਹੋਰ ਦਿਸ਼ਾ ਨੂੰ ਹੋਰ ਸਮਝ ਲੈਣਾ। [3](ਆਪਣੇ) ਹੱਥੀਂ ਦਾਹ ਦਿਤਾ। [4]ਬ੍ਰਹਮ ਗਯਾਨ ਹੋਇਆ (ਆਪ ਨੂੰ) ਨਹੀਂ ਜਣਾਇਆ।

ਚਲ ਪਦ ਪ੍ਰਾਪਤਿ ਅਬਿ ਹੋਵਾ। ਭੋਗ ਕਰਮ ਫਲ ਸਭਿ ਕੋ ਖੋਵਾ' ॥੫੩॥
ਸੁਨਿ ਕਰਿ ਸਗਰੇ ਸਿਖ ਬਿਸਮਾਇ।'ਗਤਿ ਮਿਤ ਤੁਮਰੀ ਲਖੀ ਨ ਜਾਇ।
ਕੋਇ ਨ ਜਾਨੈ ਮਹਿਮਾ ਸਗਰੀ।ਤੀਨ ਲੋਕ ਮਹਿਂ ਮਹਾਂ ਉਜਗਰੀ' ॥੫੪॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪੰਚਮ ਰਾਸੇ 'ਸਿੱਖਨ' ਪ੍ਰਸੰਗ ਬਰਨਨੰ ਨਾਮ ਦੋਇ ਚਤਵਾਰਿੰਸਤੀ ਅੰਸੂ ॥ ੪੨ ॥

੪੩. [ਸਿੱਖਾਂ ਦੇ ਪ੍ਰਸੰਗ]।

ਦੋਹਰਾ ॥ ਹੁਤੇ ਬੈਦ ਦੋਨਹੁਂ ਬਡੇ ਬਨਵਾਲੀ, ਪ੍ਰਸਰਾਮ। ਸਿੱਖ ਸਾਧ ਕੋ ਰੁਜ ਹਰੈਂ ਉਰ ਨਿਸ਼ਕਾਮ ਅਨਾਮ[੧] ॥ ੧ ॥ ਚੌਪਈ ॥ ਅਵਖਧ ਨਿਜ ਧਨ ਲਾਇ ਬਨਾਵੈਂ। ਗੁਰੂ ਅਰਥ ਰੋਗੀਨ ਖੁਲਾਵੈਂ। ਪਰਜੋ ਹੋਇ[੨] ਤਿਸਕੇ ਘਰ ਜਾਇ। ਅਵਖਧ ਬਲ ਤੇ ਦੇਤਿ ਉਠਾਇ ॥ ੨ ॥ ਸਤਿਗੁਰੁ ਸ਼ਬਦ ਪ੍ਰੇਮ ਤੇ ਗਾਵੈਂ। ਅਰਥ ਬਿਚਾਰਹਿਂ ਬਹੁਰ ਕਮਾਵੈਂ। ਇਕ ਦਿਨ ਸ੍ਰੀ ਸਤਿਗੁਰੂ ਅਗਾਰੀ। ਕਰ ਜੋਰਤਿ ਅਰਦਾਸ ਉਚਾਰੀ ॥ ੩ ॥ 'ਸਾਚੇ ਪਾਤਸ਼ਾਹੁ ਹਮ ਜਾਨਾ। ਸਤਿਗੁਰੁ ਸ਼ਬਦ ਦੇਤਿ ਕੱਲਜਾਨਾ। ਸਾਧ ਸੰਗ ਕੀ ਉਪਮਾਂ ਭਾਰੀ। ਕਸੋਂ ਸਤਿਗੁਰੁ ਨੇ ਇਤੀ ਉਚਾਰੀ?' ॥੪॥ ਸ੍ਰੀਮੁਖ ਤੇ ਤਿਨ ਸੋਂ ਤਬਿ ਕਹੈਂ। 'ਅਵਖਧ ਸਭਿ ਰੋਗਨਿ ਕੋ ਅਹੈ। ਤੁਮਨੇ ਕਰਿ ਸਭਿ ਘਰ ਮਹਿਂ ਰਾਖੀ। ਰੋਗਾਤੁਰ ਆਵਹਿਂ ਹੁਇ ਕਾਂਖੀ[੩] ॥ ੫ ॥ ਦੇਖ ਨਾਟਕਾ[੪] ਕਰਹਿਂ ਬਿਚਾਰੀ। ਗਰਮੀ, ਸਰਦੀ, ਕਫ਼ੀ ਉਦਾਰੀ[੫]। ਨੀਕੇ ਜਬਿ ਪਰਖਹੁ ਤਬਿ ਦੇਤਿ। ਬਹੁਰੋ ਪਥ[੬] ਬਤਾਇ ਸੁਖ ਹੇਤੁ ॥ ੬ ॥ ਤਬਿ ਤਿਸ ਕੋ ਰੁਜ ਦੂਰ ਬਿਦਾਰੋ। ਸਨੇ ਸਨੇ ਹੁਇ ਜਾਤਿ ਸੁਖਾਰੋ। ਧਰੀ ਹੋਇ ਜੇ ਅਵਖਧ ਲਾਖ। ਰੋਗੀ ਮਿਲੈਂ ਸਗਲ ਉਰ ਕਾਂਖ[੭] ॥ ੭ ॥ ਬਿਨਾ ਬੈਦ ਤੇ ਰੋਗ ਨ ਜਾਈ। ਇਹੁ ਨਿਸ਼ਚੈ ਜਾਨਹੁ ਸਮੁਦਾਈ। ਤਿਮ ਗੁਰਮੁਖ ਸਿਖ ਜੋ ਮਮ ਪਜਾਰੇ। ਦੇਖਹਿਂ ਪ੍ਰਥਮ–ਕਵਨ ਅਧਿਕਾਰੇ? ॥੮॥ ਕਰਮ ਉਪਾਸਨ, ਕੈਧੋਂ ਗਜਾਨ–। ਅਧਿਕਾਰੀ ਜਸ ਤਥਾ ਬਖਾਨ। ਰਹਤ[੮] ਬਤਾਇ ਗੁਨਨਿ ਕੋ ਦੇਤਿ। ਸੋ ਸਿਖ ਸ਼ੀਘ੍ਰ ਸ਼੍ਰੇਯ ਕੋ ਲੇਤਿ ॥ ੯ ॥ ਬਿਨ ਅਧਿਕਾਰ ਜੁ ਦੇ ਉਪਦੇਸ਼। ਰਹੀ ਸ਼੍ਰੇਯ ਸੋ ਲਹੈ ਕਲੇਸ਼[੯]। ਸਾਧ ਸੰਗ ਕੀ ਮਹਿਮਾ ਭਾਰੀ। ਯਾਂਤੇ ਸ੍ਰੀ ਗੁਰ-ਦੇਵ ਉਚਾਰੀ' ॥ ੧੦ ॥ ਹੁਤੋ ਤੀਰਥਾ ਇਕ ਸਿਖ ਜੋਇ। ਰਹੇ ਸ਼ਾਹੁ ਲਸ਼ਕਰ ਮੈਂ ਸੋਇ। ਸ੍ਰੀ ਹਰਿਗੋਵਿੰਦ ਸ਼ਰਨੀ ਆਯੋ।ਹਾਥ ਜੋਰਿ ਕਰਿ ਬਾਕ

[੧]ਰੋਗ ਰਹਿਤ। [੨](ਜੋ ਰੋਗੀ) ਪਿਆ ਹੋਵੇ। [੩](ਦਵਾਈ ਦੀ) ਇੱਛਾ ਵਾਲੇ ਹੋਕੇ। [੪]ਨਾੜੀ। [੫]ਬਹੁਤੀ। [੬]ਅਨੁਪਾਨ। [੭]ਰਿਦੇ ਵਿਚ (ਦਵਾਈ ਦੀ) ਇੱਛਾ ਕਰਕੇ। [੮]ਰਹਿਣੀ। [੯]ਕੱਲਜਾਨ ਤਾਂ ਕਿਤੇ ਰਹੀ, ਸਗੋਂ ਕਲੇਸ਼ ਪਾਉਂਦਾ ਹੈ।

ਅਲਾਯੋ ॥ ੧੧ ॥ 'ਲਗੋ ਰਹੌਂ ਨਿਜ ਕਿਰਤ ਬਿਸਾਲਾ। ਅਵਸਰ ਹੋਤਿ ਨਹੀਂ ਕਿਸ ਕਾਲਾ। ਕਿਮ ਹਮਰੋ ਭੀ ਹੋਇ ਉਧਾਰਾ ?'।ਸ੍ਰੀ ਮੁਖ ਤੇ ਉਪ-ਦੇਸ਼ ਉਚਾਰਾ ॥੧੨॥ 'ਸੰਤਨ ਕੀ ਸੇਵਾ ਨਿਤ ਕਰੀਅਹਿ। ਛਾਦਨ ਭੋਜਨ ਤੇ ਸੁਖ ਧਰੀਅਹਿ[1]। ਦੇਤਿ ਧੇਨੁ ਕੋ ਘਾਸ ਰ ਦਾਨਾ। ਸੋ ਨਰ ਦੁਗਧ ਕਰਤਿ ਹੈ ਪਾਨਾ ॥ ੧੩ ॥ ਤਥਾ ਸਾਧ ਕੀ ਸੇਵਾ ਕਰੈ। ਜਿਮ ਕਿਮ ਤਿਨ ਪ੍ਰਸੰਨਤਾ ਧਰੈ। ਪੰਥ ਸੁਖੇਨ ਬਤਾਇ ਸੁ ਦੇਤਿ। ਭਗਤਿ ਗ੍ਯਾਨ ਕੋ ਦ੍ਰਿੜ ਕਰਿ ਲੇਤਿ' ॥ ੧੪ ॥ ਸੁਨਿ ਬੂਝਯੋ 'ਕਿਮ ਸੰਤ ਪਛਾਨੋਂ ?। ਜਿਸਤੇ ਪਿਖ ਕਰਿ ਸੇਵਾ ਠਾਨੋਂ'। ਤਬਿ ਸਤਿਗੁਰ ਬਿਧਿ ਤਾਂਹਿ ਬਤਾਈ। 'ਇਕ ਨ੍ਰਿਪ ਨੇ ਅਭਿਲਾਖ ਉਠਾਈ ॥ ੧੫ ॥–ਕਿਮ ਹੇਰਹਿਂ ਹੰਸਨ ਕੋ ਨੈਨ–। –ਖਗ ਗਨ ਕੋ ਸੇਵਨਿ ਕਰਿ ਐਨ–। ਬ੍ਰਿੰਦ ਚੋਗ ਸਭਿ ਬਿਧਿ ਕੀ ਪਾਵੈ[2]। ਦੇਸ਼ ਬਿਦੇਸ਼ਨਿ ਤੇ ਖਗ ਆਵੈਂ ॥੧੬॥ ਚੁਗੈਂ ਚੋਗ ਅਰੁ ਜਸੁ ਬਿਸਤਾਰੈਂ। ਮਾਨ ਸਰੋਵਰ ਲਾਗ ਸਿਧਾਰੈਂ। ਸੁਨਿ ਹੰਸਨ ਸਭਿ ਬਿਖੇ ਬਖਾਨਾ।–ਹਮ ਭੀ ਚਲਹਿਂ ਨਰਿੰਦ ਸਥਾਨਾ ॥੧੭ ॥ ਤਿਹ ਉਰ ਸ਼ਰਧਾ ਜਾਇ ਵਧਾਵੈਂ। ਜਿਸ ਤੇ ਨਿਤ ਖਗ ਚੋਗ ਚੁਗਾਵੈਂ--। ਤਬਿ ਹੰਸਨ ਕੀ ਜੋਰੀ[3] ਆਇ। ਅਪਨਿ ਸਰੂਪ ਸੁ ਦੀਨ ਦਿਖਾਇ ॥ ੧੮ ॥ ਪਿਖਿ ਲੋਕਨਿ ਤਬਿ ਜਾਇ ਸੁਨਾਯੋ। ਹਰਖਤਿ ਨ੍ਰਿਪ ਮੁਕਤਾ ਪੈ[4] ਲਯਾਯੋ। ਧਰਯੋ ਅਗਾਰੀ ਤਿਨ ਕੇ ਜਾਇ। ਤਜਿ ਪਾਨੀ, ਪੈ ਲੀਨਿਸਿ ਖਾਇ ॥੧੯ ॥ ਗੋਲ ਅਮੋਲਕ ਮੁਕਤਾ ਜਾਲ*। ਨਿਜ ਅੰਤਰ ਤੇ ਦਏ ਨਿਕਾਲ।ਉਡਿ ਕਰਿ ਗਏ ਆਪਨੇ ਦੇਸ਼। ਮਨ ਅਨੰਦ ਕਰਿ ਲਏ ਨਰੇਸ਼[5] ॥੨੦॥ ਜਬੈ ਜੌਹਰੀ ਤੇ ਪਰਖਾਏ। ਸਭਿ ਨ੍ਰਿਪ ਧਨ ਨਹਿਂ ਤਿਨਿ ਸਮਤਾਏ[6]। ਤਿਮ ਤੂੰ ਸਭਿ ਕੀ ਸੇਵਾ ਠਾਨਿ †। ਮਿਲਹਿ ਆਇ ਜੋ ਦੇ ਬ੍ਰਹਮ ਗ੍ਯਾਨ' ॥੨੧॥ ਭਯੋ ਅਨੰਦ ਸੁਨੇ ਗੁਰੁ ਬੈਨ। ਸੇਵਨ ਲਗਯੋ ਸੰਤ ਸੁਖਦੈਨ। ਵਾਹਿਗੁਰੂ ਸਿਮਰਤਿ ਸੁਖ ਪਾਵਾ। ਅੰਤਕਾਲ ਗੁਰੁ ਨਿਕਟਿ ਸਿਧਾਵਾ ॥੨੨॥ ਭਾਵਾ ਧੀਰੋ ਬਸਹਿ ਉਜੈਨ। ਕਰਹਿ ਭਗਤਿ ਗੁਰੁ ਕੀ ਨਿਜ ਐਨ। ਕਥਾ ਕੀਰਤਨ ਸੁਨੈ ਸੁਨਾਵੈ। ਦੋਇ ਜਾਮ ਨਿਸ

[1]ਭਾਵ ਸੁਖ ਦਿਓ। [2]ਸਭ ਬਿਧ ਦੀ ਚੋਗ ਸਾਰੇ (ਪੰਛੀਆਂ) ਨੂੰ ਪਾਵੇ। [3]ਜੋੜੀ। [4]ਮੋਤੀ ਤੇ ਦੁੱਧ। [5]ਰਾਜੇ ਨੇ (ਮੋਤੀ) ਲੈ ਲਏ। [6]ਬਰਾਬਰ।

*'ਸਿੱਖਾਂ ਦੀ ਭਗਤ ਮਾਲ' ਵਿਚ ਦੋ ਮੋਤੀ ਲਿਖੇ ਹਨ।

†ਦੇਖੋ ਸ੍ਰੀ ਗੁਰ ਨਾਨਕ ਪ੍ਰਕਾਸ਼ ਉਤਰਾਰਧ ਅਧ੍ਯਾਯ ੪੨ ਅੰਕ ੫੪ ਦੀ ਹੇਠਲੀ ਟੂਕ।

ਸੁਪਤਿ ਬਿਤਾਵੈ ॥੨੩॥ ਖਸ਼ਟ ਜਾਮ ਮਹਿਂ ਭਗਤਿ ਕਰੰਤਾ। ਸਤਿਸੰਗਤਿ ਕੋ ਮਿਲਿ ਬੁਧਿਵੰਤਾ। ਛਠੇ ਮਾਸ ਗੁਰੁ ਕੇ ਢਿਗ ਆਵੈ। ਦਰਸ਼ਨ ਕਰਤਿ ਅਨੰਦ ਕੋ ਪਾਵੈ ॥੨੪॥ ਇਕ ਦਿਨ ਬੂਝਯੋ ਸਤਿਗੁਰੁ ਪਾਸ। 'ਸੰਤਨਿ ਕੇ ਲੱਛਨ ਕਯਾ ਰਾਸਿ ?'। ਤਬਿ ਸ੍ਰੀ ਹਰ ਗੋਵਿੰਦ ਬਖਾਨਾ। 'ਇਕ ਸਲੋਕ ਸੰਤਨਿ ਗੁਨਵਾਨਾ ॥ ੨੫ ॥ ਸ੍ਰੀ ਮੁਖਵਾਕ ॥

ਮੰਤ੍ਰੰ ਰਾਮ ਰਾਮ ਨਾਮੰ ਧ੍ਯਾਨੰ ਸਰਬਤ੍ਰ ਪੂਰਨਹ ॥ ਗ੍ਯਾਨੰਸਮ ਦੁਖ ਸੁਖੰ ਜੁਗਤਿ ਨਿਰਮਲ ਨਿਰਵੈਰਣਹ ॥ ਦਯਾਲੰ ਸਰਬਤ੍ਰ ਜੀਆ ਪੰਚ ਦੋਖ ਬਿਵਰਜਿਤਹ ॥ ਭੋਜਨੰ ਗੋਪਾਲ ਕੀਰਤਨੰ ਅਲਪ ਮਾਯਾ ਜਲ ਕਮਲ ਰਹਤਹ ॥ ਉਪਦੇਸੰ ਸਮ ਮਿਤ੍ਰ ਸਤ੍ਰਹ ਭਗਵੰਤ ਭਗਤਿ ਭਾਵਨੀ ॥ ਪਰਨਿੰਦਾ ਨਹ ਸ੍ਰੋਤਿ ਸ੍ਰਵਣੰ ਆਪੁ ਤ੍ਯਿਾਗਿ ਸਗਲ ਰੇਣੁਕਹ ॥ ਖਟ ਲਖ੍ਯਣ ਪੂਰਨੰ ਪੁਰਖਹ ਨਾਨਕ ਨਾਮ ਸਾਧ ਸ੍ਵਜਨਹ ॥ ੪੦ ॥

ਚੌਪਈ ॥ ਸਿਮਰਹਿਂ ਰਾਮ ਲਖਹਿ ਸਭਿ ਮਾਂਹੀ। ਦੁਖ ਸੁਖ ਮਹਿਂ ਸਮ ਸਦਾ ਰਹਾਂਹੀ।ਜੋ ਨਿਰਮਲ ਨਿਰਵੈਰ ਨਿਰਾਲਾ। ਜੁਰੇ ਰਹੈਂ ਤਿਹਸੋਂ ਸਭਿ ਕਾਲਾ ॥੨੬॥ ਸਭਿ ਜੀਵਨ ਪਰ ਦਯਾ ਕਰੰਤੇ। ਕਾਮ ਕ੍ਰੋਧ ਕਰਿ ਨਹੀਂ ਲਿਪੰਤੇ। ਜਯੋਂ ਜਲ ਕਮਲ ਅਲੇਪ ਸਦੀਵੇ। ਸ਼ੱਤ੍ਰ ਮਿੱਤ੍ਰ ਉਪਦੇਸ਼ਕ ਥੀਵੇ ॥ ੨੭॥ ਪਰਨਿੰਦਾ ਨਹਿਂ ਸੁਨੈਂ ਸੁਨਾਵੈਂ। ਨਿੰਮ੍ਰੀ ਮਨ, ਖਟ ਲੱਖਨ ਪਾਵੈਂ।ਇਨਤੇ ਪਰਖ ਲੇਹਿ ਬੁਧਿਵਾਨ। ਸੋਈ ਸਾਧ ਬ੍ਰਿੰਦ ਗੁਨਵਾਨ॥ ੨੮ ॥ ਤਿਨ ਕੀ ਸੰਗਤਿ ਦੁਰਮਤਿ ਹਰੈ। ਸੇਵਹਿ ਗਯਾਨ ਪ੍ਰਾਪਤੀ ਕਰੈ'।ਸੁਨਿ ਹਰਖਯੋ ਧੀਰੋ ਘਰਗਯੋ।ਸ਼ੁਭ ਲੱਖੰਨ ਸਭਿ ਧਾਰਤਿ ਭਯੋ॥੨੯॥ ਮੇਲਿ ਬਡੋ ਸਿਖ ਪੁਰ ਬੁਰਹਾਨ[1]।ਭਾਈ ਭਗਤ ਦਾਸ ਭਗਵਾਨ[2]।ਅਪਰ ਬੋਦਲਾ ਮਲਕ ਕਟਾਰੂ। ਪਿਰਥੀ ਮਲ ਜਰਾਂਦ[3]ਬੁਧਿ ਸਾਰੂ॥੩੦॥ਡੱਲੂ ਭਗਤ ਛੁਰਾ ਹੈਰਾਨ।ਸ਼ਯਾਮੀ-ਦਾਸ ਵਧਾਵਨਿ[4] ਜਾਨਿ। ਸੁੰਦਰ[5] ਆਦਿਕ ਸਿੱਖ ਅਨੇਕ।ਮਿਲਹਿਂ ਕੀਰ-ਤਨ ਕਰਹਿਂ ਬਿਬੇਕ॥੩੧॥ ਸਭਿ ਇਕਠੇ ਦਰਸ਼ਨ ਹਿਤ ਆਏ। ਸ੍ਰੀ ਗੁਰੂ ਹਰਿਗੋਵਿੰਦ ਦਰਸਾਏ।ਅਨਿਕ ਭਾਂਤਿ ਕੀ ਅਰਪਿ ਉਪਾਇਨ। ਸਿਰ ਧਰਿ ਬੰਦਤਿ ਪੰਕਜ ਪਾਇਨਿ ॥ ੩੨॥ ਰਹੇ ਕਿਤਿਕ ਦਿਨ ਦਰਸਨ ਕਰਿਤੇ। ਬੈਠੇ ਢਿਗ ਜੱਗਯਾਸਾ ਧਰਿਤੇ। 'ਹਮ ਕੋ ਸੁਮਤਿ ਬਤਾਵਨਿ ਕਰੀਅਹਿ। ਭਵ ਸਾਗਰ ਤੇ ਪਾਰ ਉਤਰੀਅਹਿ'॥੩੩॥ਤਬਿ ਸ੍ਰੀ ਹਰਿਗੋਬਿੰਦ ਉਚਾਰ। 'ਧਰਮਸਾਲ ਇਕ ਕਰਹੁ ਉਦਾਰਾ। ਬਡੀ ਪ੍ਰਭਾਤਿ ਮਿਲਹਿਂ ਸਭਿ ਆਇ

---

[1]ਬੁਰਹਾਨ ਪੁਰ। [2]ਭਾਈ ਭਗਵਾਨ ਦਾਸ ਭਗਤ ਸੀ। [3]ਜਰਾਂਦੀ ਜਾਤ ਹੈ। ਸਿਕਲੀ ਗਰ, ਯਾ ਸੰਜੋਅ ਬਨਾਣੇ ਵਾਲਾ [ਫ਼ਾ: ਜ਼ੱਰਾਦ, ਜ਼ਰਹ ਗਰ]। [4]ਜਾਤਿ। [5]ਨਾਮ।

ਗੁਰਬਾਨੀ ਕੋ ਸੁਨਹਿੰ ਸੁਨਾਇੰ ॥੩੪॥ ਅਰਥ ਬਿਚਾਰਹੁ ਕਥਾ ਕਰੀਜੈ। ਬਹੁਰ ਕਮਾਵਹੁ ਮਨ ਧਰਿ ਲੀਜੈ। ਸਮੋਂ ਆਰਤੀ ਚਰਨ ਕਵਲ ਲਗਿ*। ਕਰਿ ਅਰਦਾਸ ਜਾਹੁ ਨਿਜ ਘਰ ਮਗ ॥੩੫॥ ਧਰਮ ਕਿਰਤ ਕਰਿ ਕੂਰ ਨ ਕਹੀਅਹਿ। ਪੁਨ ਰਹਰਾਸ ਸਮੋਂ ਜਬਿ ਲਹੀਅਹਿ। ਜਾਮ ਨਿਸਾ ਲਗਿ ਕਿਰਤਨੁ ਕਰੀਅਹਿ। ਅੰਤ ਸੋਹਿਲਾ ਪਢਿਬੋ ਲਹੀਅਹਿ॥੩੬॥ਜਾਮ ਨਿਸਾ ਤੇ ਕਰਹੁ ਸ਼ਨਾਨ। ਪਠਹੁ ਕੰਠ ਬਾਨੀ ਸੁਖ ਖਾਨਿ। ਛੁਧਿਤਿ ਨਗਨ ਸਿਖ ਦੇਖੋ ਜੋਇ। ਭੋਜਨ ਬਸਤ੍ਰ ਦੇਹੁ ਸੁਖ ਹੋਇ ॥੩੭॥ ਪੁਰਬ ਅਮੱਸਨਾ ਅਰੁ ਸੰਗ੍ਰਾਂਦਿ।ਦੀਪਮਾਲ ਬੈਸਾਖੀ ਆਦਿ।ਗੁਰ ਕੀ ਕਾਰ ਇਕੱਤ੍ਰ ਕਰੀਜੈ। ਤਬਿ

---

*ਵੱਡੇ ਗੁਰੂ ਦੁਆਰਿਆਂ ਵਿਚ ਪੰਜ ਚੋਕੀਆਂ ਦੀ ਮਰ੍ਯਾਦਾ ਸਨਾਤਨ ਹੈ। ਸ੍ਰੀ ਦਰਬਾਰ ਸਾਹਿਬ ਜੀ ਵਿਚ ਹੁਣ ਤਕ ਜਾਰੀ ਹੈ। ਪਹਿਲੀ ਚੌਂਕੀ ਆਸਾ ਦੀ ਵਾਰ ਦੀ, ਦੂਸਰੀ ਬਿਲਾਵਲ ਦੀ, ਤੀਸਰੀ ਚਰਨ ਕਮਲ ਦੀ, ਚੋਥੀ ਸੋਦਰ ਦੀ, ਪੰਜਵੀਂ ਕੀਰਤਨ ਸੋਹਿਲੇ ਦੀ। ਪੰਡਤ ਤਾਰਾ ਸਿੰਘ ਜੀ ਨੇ ਬਿਲਾਵਲ ਤੇ ਚਰਨ ਕਮਲ ਦੀ ਚੌਂਕੀਆਂ ਨੂੰ ਇੱਕੋ ਲਿਖਿਆ ਹੈ, ਇਹੋ ਉਕਾਈ ਏਥੇ ਹੋਈ ਜਾਪਦੀ ਹੈ, ਕਿ ਬਿਲਾਵਲ ਦੀ ਚੌਂਕੀ ਦੀ ਥਾਂ ਚਰਨ ਕਮਲ ਦੀ ਚੌਂਕੀ ਲਿਖੀ ਗਈ ਹੈ। ਇਨ੍ਹਾਂ ਪੰਜ ਪ੍ਰਸਿੱਧ ਚੌਂਕੀਆਂ ਤੋਂ ਛੁਟ ੬ ਚੌਂਕੀਆਂ ਹੋਰ ਹਨ, ੧੧ ਚੌਂਕੀਆਂ ਨਾਲ ਸ੍ਰੀ ਹਰਿਮੰਦਰ ਵਿਚ ਅਖੰਡ ਕੀਰਤਨ ਹੁੰਦਾ ਹੈ। ਪਹਿਲਾਂ ਇਨ੍ਹਾਂ ਦੇ ਵਕਤ ਪਹਿਰਿਆਂ ਦੇ ਹਿਸਾਬ ਉਤੇ ਸਨ ਜੋ ਘੜਿਆਲ ਬੁੰਗੇ ਤੋਂ ਪਹਿਰੇ ਤੇ ਘੜੀਆਂ ਵਜਾ ਕੇ ਦੱਸੇ ਜਾਂਦੇ ਸਨ। ਹੁਣ ਘੰਟਿਆਂ ਦਾ ਹਿਸਾਬ ਹੈ। ੧੧ ਚੌਂਕੀਆਂ ਦਾ ਵੇਰਵਾ ਇਉਂ ਹੈ:—

੧. ਤ੍ਰਿਪਹਿਰੇ ਦੀ ਚੌਂਕੀ	੨—੩੦ ਵਜੇ ਤੋਂ	੩—੩੦ ਵਜੇ ਤਕ।	ਇਹ
੨. ਆਸਾ ਦੀ ਵਾਰ ਦੀ ਚੌਂਕੀ	੩—੩੦ ਵਜੇ ਤੋਂ	੬—੪੫ ਵਜੇ ਤਕ।	ਹਿਸਾਬ
੩. ਬਿਲਾਵਲ ਦੀ ਪਹਿਲੀ ਚੌਂਕੀ	੭—੦ ਵਜੇ ਤੋਂ	੮—੪੦ ਵਜੇ ਤਕ।	ਚੇਤਰ ਦੇ
੪. ਬਿਲਾਵਲ ਦੀ ਦੂਜੀ ਚੌਂਕੀ	੮—੪੦ ਵਜੇ ਤੋਂ	੧੦—੨੦ ਵਜੇ ਤਕ।	ਮਹੀਨੇ
੫. ਅਨੰਦ ਦੀ ਚੌਂਕੀ	੧੦—੨੦ ,, ਤੋਂ	੧੨—੦ ਵਜੇ ਤਕ।	ਦਾ ਹੈ।
੬. ਸਾਰੰਗ ਦੀ ਚੌਂਕੀ	੧੨—੦ ,, ਤੋਂ	੧—੫੦ ਵਜੇ ਤਕ।	ਅਗੋਂ ਹੋਰ
੭. ਚਰਨ ਕਵਲ ਦੀ ਚੌਂਕੀ	੧—੫੦ ,, ਤੋਂ	੩—੩੦ ਵਜੇ ਤਕ।	ਮਹੀਨੇ
੮. ਜੈਤਸਿਰੀ ਦੀ ਚੌਂਕੀ	੩—੩੦ ,, ਤੋਂ	੫—੧੫ ਵਜੇ ਤਕ।	ਸਭ
੯. ਸੋਦਰ ਦੀ ਚੌਂਕੀ	੫—੧੫ ,, ਤੋਂ	੭—੦ ਵਜੇ ਤਕ।	ਚੌਂਕੀਆਂ
੧੦. ਕਲਯਾਨ ਦੀ ਚੌਂਕੀ	੮—੩੦ ,, ਤੋਂ	੮—੪੫ ਵਜੇ ਤਕ।	੧੫ ਮਿੰਟ
੧੧. ਕੀਰਤਨ ਸੋਹਿਲੇ ਦੀ ਚੌਂਕੀ	੧੦—੦ ,, ਤੋਂ	੧੦—੪੫ ਵਜੇ ਤਕ।	ਅਗੇਤ੍ਰੀਆਂ

ਹੁੰਦੀਆਂ ਜਾਣਗੀਆਂ, ਜੇਠ ਹਾੜ ਦਾ ਵਕਤ ਇਕੋ ਰਹੇਗਾ। ਅਰਥਾਤ ੨ ਵਜੇ ਅਰੰਭ। ਸਾਵਣ ਤੋਂ ਫਿਰ ਹਰ ਮਹੀਨੇ ੧੫ ਮਿੰਟ ਵਕਤ ਅਗਲੇ ਪਾਸੇ ਵਧੇਗਾ ਅਰਥਾਤ ਸਾਵਣ ਵਿਚ ਅਰੰਭ ੨-੧੫ ਹੋਵੇਗਾ, ਪਰ ਕੱਤਕ ਮਘਰ ਪੋਹ ਮਾਘ ਫੇਰ ਇਕੋ ਵਕਤ ਰਹੇਗਾ। ਅਰਥਾਤ ਪਹਿਲੀ ਚੌਂਕੀ ੩ ਵਜੇ। ਫਗਣ ਨੂੰ ਫੇਰ ਪਿਛਲੇ ਪਾਸੇ ੧੫ ਮਿੰਟ ਘਟੇਗਾ, ਅਰਥਾਤ ੨-੪੫ ਤੋਂ ਅਰੰਭ ਹੋਵੇਗਾ।

ਪੰਚਾਂਮ੍ਰਿਤ ਕਰਿ ਬਰਤੀਜੈ॥ ੩੮ ॥ ਤਜਿ ਹੌਮੈ ਧਾਰਹੁ ਮਨ ਨੀਵਾਂ। ਇਮ ਸਤਿਸੰਗਤਿ ਕਰਹੁ ਸਦੀਵਾ।–ਪਰੀ ਕੂਪ ਮਹਿਂ ਜਾਇ ਬਿਲਾਈ[1]। ਕਿਮ ਪਵਿੱਤ੍ਰ ਹੁਇ?–ਪੂਛਯੋ ਜਾਈ[2]॥੩੯॥ਪੰਡਿਤ ਕਹਯੋ–ਕਾਢਿ ਮੰਜਾਰੀ[1] ।ਬਹੁਰ ਹਜ਼ਾਰ ਡੋਲ ਕਢਿ ਬਾਰੀ[3]। ਹੁਇ ਪਵਿੱਤ੍ਰ–ਸੁਨਿਕੈ ਨਰ ਗਯੋ। ਕਢਨਿ ਬਿਲਾਈ ਭੂਲਤਿ ਭਯੋ॥੪੦॥ਜਲ ਨਿਕਾਸਿ ਬਹੁ,ਗੰਧਿ ਨ ਗਈ। ਪੰਡਤ ਨਿਕਟ ਜਾਇ ਸੁਧਿ ਦਈ।–ਨਹਿਂ ਪਾਵਨਿ ਸੋ ਕੂਪ ਭਯੋ ਹੈ। ਨੀਰ ਨਿਕਾਸਨਿ ਅਧਿਕ ਕਿਯੋ ਹੈ–॥੪੧॥ਸੁਨਿ ਪੰਡਤ ਨੇ ਪੁਨਹੁ ਬਖਾਨੀ।–ਕਾਢਹੁ ਲੱਛ[4]ਡੋਲ ਭਰਿ ਪਾਨੀ–।ਪੁਨ ਦੁਰਗੰਧਿ ਲਖੀ ਜਲ ਮਾਂਹੀ।–ਨਹਿਂ ਪੁਨੀਤ–ਕਹਿ ਪੰਡਤ ਪਾਹੀ॥੪੨॥ ਸੁਨਿ ਪੰਡਿਤ ਚਲਿ ਕੂਪਿ ਨਿਹਾਰਿ। ਬੀਚ ਪਰੀ ਤਿਮ ਹੀ ਮੰਜਾਰਿ[1] ।-ਕਹਤਿ ਭਯੋ–ਇਹ ਕਸਾ ਤੁਮ ਕੀਨੀ। ਮ੍ਰਿਤਕ ਬਿਲਾਈ ਬਿਚ ਰਖਿ ਲੀਨੀ ॥੪੩॥ ਜੌ ਲਗਿ ਇਸਹਿ ਨਿਕਾਸਹੁ ਨਾਂਹੀ। ਕਿਮ ਪਾਵਨਤਾ ਹੁਇ ਜਲ ਮਾਂਹੀ?–। ਤਿਮ ਜਾਨਹੁ ਤਨ ਹੌਮੈ ਬੁਰੀ । ਅਣਹੋਵਤਿ ਜੋ ਤਨ ਮਹਿਂ ਧਰੀ॥੪੪॥ਜਬਿ ਲਗਿ ਇਸਹਿ ਬਿਸਾਰੋ ਨਾਂਹਿ ਤਬਿ ਲਗਿ ਸੰਸੈ ਮੁਕਤੀ ਮਾਂਹਿ। ਯਾਂਤੇ ਹੌਮੈ ਤਜਿਬੇ ਹੇਤੁ। ਕਰਹੁ ਜਤਨ ਨਿਤ ਹੋਇ ਸੁਚੇਤ ॥੪੫॥ ਸਨੈ ਸਨੈ ਇਹ ਹੋਇ ਬਿਨਾਸ॥ ਹੋਇ ਆਤਮਾ ਗਯਾਨ ਪ੍ਰਕਾਸ਼'। ਇਮ ਸੁਨਿ ਕੈ ਸਿੱਖਨਿ ਕੀ ਪੰਗਤਿ। ਜੋ ਬੁਰਹਾਨਿ ਪੁਰੇ ਕੀ ਸੰਗਤਿ ॥ ੪੬ ॥ ਧਰਯੋ ਅਨੰਦ ਗਏ ਨਿਜ ਧਾਮੂ। ਸਿਮਰਨਿ ਕਰਤਿ ਭਏ ਸਤਿਨਾਮੂ। ਕਹਯੋ ਗੁਰੂ ਸੋ ਕੀਨਿ ਕਮਾਵਨਿ। ਅੰਤਹਕਰਣ ਭਏ ਤਿਨ ਪਾਵਨਿ ॥੪੭॥ ਜੋ ਜੋ ਸਤਿਗੁਰ ਰਹਤਿ ਬਤਾਈ। ਸੋਈ ਕਰਤਿ ਭਏ ਸਭਿ ਜਾਈ। ਉਚਿਤ ਮੋਖ ਕੇ ਸਗਰੇ ਭਏ। 'ਸਤਿਗੁਰੁ ਧੰਨ ਧੰਨ ਸੁਖ ਦਏ' ॥ ੪੮ ॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪੰਚਮ ਰਾਸੇ 'ਸਿੱਖਨ' ਪ੍ਰਸੰਗ ਬਰਨਨੰ ਨਾਮ ਤੀਨ ਚਤੁਰਾਰਿੰਸਤੀ ਅੰਸੂ ॥ ੪੩ ॥

੪੪. [ਸਿੱਖਾਂ ਦੇ ਪ੍ਰਸੰਗ]।

ਦੋਹਰਾ ॥ ਮਾਈਆ[5] ਲੰਬ[6] ਸੁਹੰਡ[7] ਰਹਿ ਸਤਿਸੰਗਤਿ ਨਿਤ ਜਾਇ। ਪ੍ਰੇਮ ਗਾਇ ਗੁਰ ਸ਼ਬਦ ਕੋ ਕਰਹਿ ਭਗਤਿ ਭਉ ਭਾਇ[8] ॥ ੧ ॥ ਚੌਪਈ ॥ ਸਤਿਗੁਰ ਕੇ ਦਰਸ਼ਨ ਹਿਤ ਆਯੋ। ਪਗ ਪੰਗਜ ਪਰ ਸੀਸ ਝੁਕਾਯੋ। ਰਹਿ ਕੇਤਿਕ ਦਿਨ ਬੂਝਨਿ ਕੀਨਿ। 'ਮੋਹਿ ਬਤਾਵਹੁ ਗੁਰੂ ਪ੍ਰਬੀਨ ॥ ੨ ॥ ਸਤਿ-

[1]ਬਿੱਲੀ। [2](ਕਿਸੇ ਨੇ) ਜਾਕੇ ਪੁਛਿਆ। [3]ਜਲ ਦੇ। [4]ਲੱਖ। [5]ਨਾਮ। [6]ਜਾਤ। [7]ਟਿਕਾਣੇ ਦਾ ਨਾਮ। [8]ਭ ਧਾਰਕੇ ਪ੍ਰੇਮਾ ਭਗਤੀ ਨਾਲ।

ਸੰਗਤਿ ਕੈ ਗੁਰੁ ਦਰਬਾਰ। ਇਕ ਤੌ ਜਾਤਿ ਕਾਮਨਾ ਧਾਰਿ। ਲੇਤਿ ਪਦਾਰਥ ਹਿਤ ਗੁਜ਼ਰਾਨ। ਕਰਹਿਂ ਤਿਸੀ ਤੇ ਖਾਨ ਰੁ ਪਾਨ ॥ ੩॥ ਇਕ ਸਿਖ ਕਰਿ ਕੈ ਧਰਮ ਕਮਾਈ। ਸਿੱਖਨਿ ਕੋ ਬਰਤਾਇ ਸੁ ਖਾਈਂ। ਸਹਕਾਮੀ ਨਿਸ਼ਕਾਮੀ ਜੋਊ।ਕਿਰਤਨ ਕਰਤਿ ਸੁਨਤਿ ਹੈਂ ਦੋਊ॥੪॥ਸਤਿ ਸੰਗਤਿ ਕਰਿ ਬੈਸ ਬਿਤਾਵੈਂ। ਨਿਤ ਰਾਵਰ ਕੋ ਦਰਸ਼ਨ ਪਾਵੈਂ। ਕਯਾ ਗਤਿ ਹੋਤਿ ਅਗਾਰੀ ਜਾਵੈਂ ?। ਅੰਤਰ ਕਿਤਿਕ ਸੁ ਫਲ ਕੋ ਪਾਵੈਂ ?[1] ॥੫॥ ਸ਼੍ਰੀ ਹਰਿਗੋਵਿੰਦ ਤਬਹਿ ਸੁਨਾਇ। 'ਸਤਿ ਸੰਗਤਿ ਮਹਿਂ ਦੋਨੋ ਆਇ। ਸਹਿਕਾਮੀ ਮਰਿ ਗੰਧ੍ਰਬ ਲੋਕ। ਜਾਇ ਅਨੰਦ ਭੁਗਤਹਿ ਬਿਨ ਸ਼ੋਕ ॥ ੬ ॥ ਤਿਨ ਹੀ ਸੰਗ ਮੁਕਤਿ ਹੋ ਜਾਵੈ। ਜਨਮ ਮਰਨ ਕੋ ਦੁਖ ਨਹਿਂ ਪਾਵੈ। ਜੋ ਨਿਸ਼-ਕਾਮਿ, ਗਯਾਨ ਕੋ ਪਾਇ।ਝੂਠੇ ਲਖਿ ਜਗ ਸੁਖ-ਸਮੁਦਾਇ॥੭॥ ਪਰਾਰਬਧ ਪੂਰਵੇ[2] ਤਜਿ ਪ੍ਰਾਨ। ਮਿਲਹਿਂ ਵਾਹਿਗੁਰੂ ਮਹਿਂ ਸੁਖਵਾਨ। ਸਭਿ ਤੇ ਅਧਿਕ ਅਹੈ ਨਿਸ਼ਕਾਮ। ਦੁਇ ਬਿਧਿ ਕੇ ਜਾਨਹੁ ਸਹਿਕਾਮ॥੮॥ ਤਨ ਨਿਰਬਾਹ ਮਾਤ੍ਰ ਇਕ ਲੇਤਿ। ਬਿਨ ਜਾਚੇ ਕਰਿ ਭਾਉ ਜੁ ਦੇਤਿ[3]। ਸੋ ਲੇ ਕਰਿ ਹਰ-ਖਹਿਂ ਉਰ ਮਾਂਹੀ। ਲਖਹਿਂ—ਵਾਹਿਗੁਰੂ ਪਠਿ[4] ਹਮ ਪਾਹੀ—॥ ੯ ॥ ਪ੍ਰਾਪਤਿ ਜੋ,ਬਰਤਾਇ ਸੁ[5] ਖਾਇ। ਕਿਰਤਨੁ ਕਥਾ ਸ਼੍ਰੇਯ ਹਿਤ ਗਾਇ। ਥੋਰੇ ਬਹੁਤ ਪਦਾਰਥ ਪਾਇ। ਕਰਿ ਸੰਤੋਖ ਸਦਾ ਹਰਖਾਇ॥ ੧੦ ॥ ਅਸ ਭੀ ਹੁਇ ਨਿਸ਼ਕਾਮ ਸਮਾਨ। ਬਿਨਾ ਲੋਭ ਤੇ, ਕਰਹਿ ਜੁ ਆਨ[6]। ਕਿੰਚਿਤ ਕਰਹਿ ਬਾਸਨਾ ਜੋਇ। ਪੁਰਿ ਗੰਧ੍ਰਬ ਜਾਤਿ ਹੈ ਸੋਇ ॥੧੧॥ ਜੇ ਅਤਿ ਲੋਭੀ ਧਨ ਕੇ ਹੇਤੁ।ਕਰਹਿ ਕੀਰਤਨ ਮਨ ਨਹਿਂ ਦੇਤਿ। ਉਚਰਨਿ ਕਥਾ,ਅਪਰ ਸ਼ੁਭ ਕਰਮ। ਕਰਹਿ ਦਰਬ ਹਿਤ, ਜਾਇ ਨ ਭਰਮ॥੧੨॥ਇਹਾਂ ਪਦਾਰਥ ਚਹੈ ਸੁ ਪਾਵੈ। ਧਨ ਹਿਤ, ਸੰਗਤਿ ਮਿਲਯੋ ਰਹਾਵੈ। ਮਰਹਿ ਬਹੁਰ ਨਰ ਤਨ ਕੋ ਪਾਇ। ਸਿਮਰਹਿ ਪੁਨ ਸਤਿਗੁਰ ਅਧਿਕਾਇ ॥੧੩॥ ਜਨਮ ਅਨੇਕ ਪਾਇ ਮਲ ਖੋਇ। ਲਹੈ ਮੋਖ ਨਿਸ਼ਕਾਮੀ ਹੋਇ। ਯਾਂਤੇ ਤੁਮ ਬਨ ਕੈ ਨਿਸ਼ਕਾਮ। ਕਿਰਤਨ ਕਰਹੁ,ਭਜਹੁ ਸਤਿਨਾਮ'॥੧੪॥ਸੁਨਿ ਉਪਦੇਸ਼ਰਿਦੇ ਮਹਿਂਧਾਰਾ। ਜਨਮ ਮਰਨ ਕੋ ਕਸ਼ਟ ਨਿਵਾਰਾ। ਸਿਖ ਚੂਹੜ ਚੋਝੜ[7] ਗੁਨ ਧਾਰੀ।

[1](ਸਕਾਮੀ ਤੇ ਨਿਸ਼ਕਾਮੀ) ਜੋ ਫਲ ਪਾਂਵਦੇ ਹਨ, ਤਿਨ੍ਹਾਂ ਵਿਚ ਕਿੰਨਾ ਕੁ ਫਰਕ ਹੈ ? [2](ਦੇ) ਪੂਰੇ ਹੋਇਆਂ। [3]ਬਿਨਾਂ ਮੰਗੇ ਜੋ ਪ੍ਰੇਮ ਨਾਲ ਕੋਈ ਦੇਵੇ (ਸੋ ਲੈਂਦੇ ਹਨ)। [4]ਭੇਜਦਾ ਹੈ। [5]ਸੋ ਵਰਤਾਕੇ। [6]ਬਿਨਾ ਲੋਭ ਤੋਂ ਜੋ (ਪਦਾਰਥ) ਆਵਣਾ ਕਰੇ। [7]ਖਤ੍ਰੀਆਂ ਦੀ ਇਕ ਜਾਤ।

ਰਹਤਿ ਨਗਰ ਲਖਨਊ ਮਝਾਰੀ ॥ ੧੫ ॥ ਉਠਤਿ, ਬੈਠਤਿ, ਪੌਢਤਿ, ਚਾਲਤਿ। ਕਾਜਨ ਮਹਿਂ ਸਤਿਨਾਮ ਸੰਭਾਲਤਿ। ਸੋ ਚਲਿ ਦਰਸ਼ਨ ਕੇ ਹਿਤ ਆਵਾ। ਪਦ ਅਰਬਿੰਦਨ ਸੀਸ ਨਿਵਾਵਾ ॥ ੧੬॥ ਕਿਤਿਕ ਦਿਵਸ ਦਰ ਸ਼ਨ ਹਿਤ ਰਹਯੋ।ਇਕ ਦਿਨ ਸਤਿਗੁਰ ਕੇ ਸੰਗ ਕਹਯੋ।'ਸਿੱਖੀ ਲਤਾ ਮੂਲ ਕਹਾ ਅਹੈ ?। ਬਰਨੋ ਰੂਪ ਕਿ ਜਿਮ ਸਭਿ ਲਹੈਂ' ॥ ੧੭ ॥ ਸ੍ਰੀ ਗੁਰੂ ਹਰਿ- ਗੋਬਿੰਦ ਉਚਾਰਾ। 'ਮਨ ਨੰਮ੍ਰੀ ਧਰਯੋ ਸੁ ਕਿਦਾਰਾ[1]। ਗੁਰ ਸ਼ਰਧਾ ਜਿਸ ਕੋ ਅੰਕੁਰ। ਗੁਰ ਪਦ ਪ੍ਰੀਤ ਮਹਾਂ ਦ੍ਰਿਢ ਮੂਰ[2]॥੧੮॥ ਸਤਿ ਸੰਗਤਿ ਸੋਂ ਕਰਨੋ ਮੇਲਿ। ਇਹ ਬਰਧਨ[3] ਹੈ ਸਿੱਖੀ ਬੇਲਿ। ਸੰਤਨਿ ਕੀ ਸੇਵਾ ਸ਼ੁਭ ਕਰਨੀ। ਸਗਰੀ ਲਗਰੈਂ ਛੂਟਨਿ ਬਰਨੀ[4]॥੧੯॥ਗੁਨ ਗਨ ਕੋ ਧਰਨੋ ਦਲ ਹਰੇ[5]। ਦਿਨਪ੍ਰਤਿ ਘਨੇ ਹੋਨਿ ਅਨੁਸਰੈ[6]। ਕਿਰਤਨ ਕਰਨਿ ਕਿ ਸੁਨਿਬੋ ਕਰਨਿ। ਇਹੀ ਨੀਰ ਕੋ ਸੇਂਚਨ ਕਰਨਿ ॥੨੦॥ ਸ਼ਬਦ ਬਿਚਾਰਨਿ ਸੁਮਨਸ ਫੂਲੇ। ਕਿਰਤਨ ਸਰਬ ਸੁਗੰਧਿ ਅਨਕੂਲੇ[7]।ਉਕਤਿ ਜੁਗਤਿ ਲਖਿਬੋ ਮਕਰੰਦ[8]। ਬਿਕਸਨ ਬਿਸ਼ਯ ਬਿਰਾਗ ਬਿਲੰਦ[9] ॥ ੨੧ ॥ ਲਾਗਯੋ ਫਲ, ਜਾਨਯੋ ਜਗ ਕੂਰਾ। ਬ੍ਰਹਮਾਨੰਦ ਕੇ ਰਸ ਸੰਗ ਪੂਰਾ। ਲੀਨੋ ਅਪਨੋ ਰੂਪ ਪਛਾਨ।ਇਹੀ ਸ੍ਵਾਦ ਪਾਯੋ, ਮਨ ਜਾਨਿ॥੨੨॥ਸਿੱਖੀ ਬੇਲ ਲਈ ਜਿਨ ਏਹੀ। ਏਹੀ ਸਿਖ ਹੈਂ ਗੁਰੂ ਸਨੇਹੀ। ਸੇ ਗੁਰਮੁਖ ਸੇ ਪਰਉਪਕਾਰੀ। ਸੇ ਗਯਾਨੀ, ਸੇ ਭਗਤਿ ਬਿਚਾਰੀ ॥੨੩॥ ਸੇ ਜਗ ਕੇ ਸਿਰਮੌਰ ਉਦਾਰਾ। ਜੀਤ ਗਯੋ ਸੋ ਕਬਹੁੰ ਨ ਹਾਰਾ'। ਸੁਨਿ ਚੂਹੜ ਸਤਿਗੁਰੁ ਕੇ ਬੈਨ। ਗਯੋ ਸਰਾਹਤਿ ਅਪਨੇ ਐਨ॥ ੨੪॥ ਸਨਮੁਖ ਸਿੱਖ ਨਾਮ ਇਕ ਭਾਨਾ।ਤੀਰਥਰਾਜ ਪ੍ਰਯਾਗ ਸਥਾਨਾ। ਤਹਾਂ ਬਸਤਿ ਬੀਤਯੋ ਚਿਰਕਾਲਾ।ਸਤਿਗੁਰੁ ਕੇ ਦਰਸ਼ਨ ਕੋ ਚਾਲਾ॥੨੫॥ ਜਥਾ ਸ਼ਕਤਿ ਧਰਿ ਭੇਟ ਅਗਾਰੀ। ਹਾਥ ਜੋਰਿ ਕਰਿ ਬੰਦਨ ਧਾਰੀ।ਕੁਸ਼ਲ ਪ੍ਰਸ਼ਨ ਕੀਨਸਿ ਜਬਿ ਤਾਂਹੂ। ਅਰਜ਼ ਕਰਤਿ ਭਾ ਸਤਿਗੁਰੁ ਪਾਹੂ ॥ ੨੬॥ 'ਰਿਦੇ ਕਾਮਨਾ ਕਰਿ ਕੱਲਯਾਨ। ਆਨਿ ਪਰਯੋ ਤੁਮ ਸ਼ਰਨਿ ਮਹਾਨ।ਨਿਜ ਉਪਦੇਸ਼ ਬਤਾਵਹੁ ਮੋਹੀ। ਜਿਸ ਤੇ ਜਨਮ ਮਰਨ ਨਹਿੰ ਹੋਹੀ' ॥੨੭॥ ਸ੍ਰੀ ਗੁਰੁ ਹਰਿਗੋਵਿੰਦ ਬਖਾਨਾ। 'ਕਿਰਤ ਧਰਮ ਕੀ ਕਰਹੁ ਸੁ ਜਾਨਾ। ਵਾਹਿ-

[1](ਇਹ) ਖੇਤ ਹੈ। [2]ਪੱਕੀ ਜੜ। [3]ਵਧਣਾ। [4]ਲਗਰਾਂ ਛੁਟ ਰਹੀਆਂ ਕਥਨ ਕਰਦੇ ਹਨ। [5]ਗੁਣਾਂ ਦਾ ਧਾਰਨਾ ਹਰੇ ਪੱਤੇ (ਸਾਮਾਨ) ਹੈ। [6]ਸਤਿ ਸੰਗਤ ਦੇ) ਅਨੁਸਾਰੀ ਹੋਣਾ ਦਿਨ ਦਿਨ ਪ੍ਰਤਿ (ਇਹ ਪੱਤਿਆਂ ਦਾ) ਬਹੁਤਾ ਹੋਣਾ ਹੈ। [7]ਕੀਰਤਨ ਜੋ ਸਭ ਦੇ ਅਨਕੂਲ ਹੈ, ਇਹ ਸੁਗੰਧੀ ਹੈ। [8]ਰਸ ਹੈ। [9]ਵਿਸ਼ਿਆਂ ਤੋਂ ਬਹੁਤਾ ਵੈਰਾਗ ਇਹ ਖਿੜਨਾ ਹੈ।

ਗੁਰੂ ਕੋ ਨਾਮ ਲਈਜੈ। ਰਸਨਾ ਸਿਮਰਹੁ ਨਹਿਂ ਬਿਸਹੀਜੈ' ॥੨੮॥ ਤਬਿ
ਭਾਨੋ ਸੁਨਿ ਕੈ ਨਿਰਧਾਰਾ। ਪੁਨ ਪੂਛਨਿ ਕੋ ਬਾਕ ਉਚਾਰਾ। 'ਅਪਰ
ਮਤਨਿ ਕੇ ਨਰ ਹੁਇ ਨੇਰੇ। ਤਰਕਹਿਂ ਮੋਹਿ[1] ਬਾਦ ਕੋ ਛੇਰੇ ॥੨੯—ਪੁਰਸ਼
ਮਹਾਨ ਸਭਿਨਿ ਤੇ ਜੋਇ। ਬਾਰੰਬਾਰਿ ਹਕਾਰਹਿ[2] ਕੋਇ। ਖੀਝਹਿ ਸੋ[3],
ਝਿਰਕਹਿ ਦੇ ਤ੍ਰਾਸ। ਨਹਿਂ ਰਾਖਤਿ ਹੈ ਤਿਨ ਕੋ ਪਾਸ॥੩੦॥ਰਾਮ ਰਾਮ ਨਿਤ
ਪਰੇ ਪੁਕਾਰੋ[4]। ਨਹਿਂ ਰੀਝੈ, ਖੀਝੈ ਨਿਰਧਾਰੋ। ਕਹਾ ਫਲ ਤੁਮ ਕੋ ਆਵੈ
ਹਾਥ? । ਰਿਸਹਿ ਮਹਾਂ ਫਲ ਦਾਤਾ ਨਾਥ[5]—'॥੩੧॥ਸ਼੍ਰੀ ਸਤਿਗੁਰ ਕਹਿਂ:--
'ਲਖਹੁ ਨ ਐਸੇ।ਸ਼ਰਧਾ ਧਰਹੁ ਕਹੈਂ ਹਮ ਜੈਸੇ। ਜਿਮ ਕੋਈ ਆਜਿਜ਼ ਹ੍ਵੈ[6]
ਦੀਨ। ਸ਼ੱਤ੍ਰ ਬ੍ਰਿੰਦ ਨੇ ਜਿਸ ਦੁਖ ਦੀਨਿ ॥ ੩੨ ॥ ਸਭਿ ਤੇ ਹੁਇ ਨਿਰਾਸ
ਨਿਰਧਾਰੇ। ਲੇ ਅਧਿਪਤਿ ਕੋ ਨਾਮ ਪੁਕਾਰੇ।ਜਬਿ ਲਗਿ ਸੁਨੀਯਤਿ ਨਹੀਂ
ਪੁਕਾਰ। ਬਾਰਿ ਬਾਰਿ ਸੋ ਕਰਹਿ ਉਚਾਰ ॥ ੩੩ ॥ ਸੁਨਹਿ ਪੁਕਾਰ ਤੁ ਰਿਪੁ
ਜਨ ਜੋਈ। ਸੋ ਹਟਿ ਜਾਤਿ ਕਸ਼ਟ ਨਹਿਂ ਦੇਈ। ਨਿਜ ਬਲ ਰੋਕਹਿਂ ਤਿਸ
ਤੇ ਫੇਰਿ[7]। ਭੈ ਕਰਿ ਹੋਇ ਸਕਹਿਂ ਨਹਿਂ ਨੇਰ[8] ॥ ੩੪ ॥ ਜੇ ਅਧਿਪਤਿ ਕੇ
ਚਾਕਰ ਅਹੈਂ। ਦੀਨ ਦੁਖੀ ਰਿਪੁ ਗਨ ਤੇ ਲਹੈਂ[9]।ਕ੍ਰਿਪਾ ਕਰਹਿਂ ਤੇ ਬਨਹਿਂ
ਸਹਾਇ। ਸਭਿ ਸ਼ੱਤ੍ਰਨਿ ਕੋ ਦੇਤਿ ਹਟਾਇ॥੩੫॥ ਜੋ ਅਧਿਪਤਿ ਤੀ ਸੁਨਹਿ
ਪੁਕਾਰਾ।ਜਾਨਹਿਂ— ਮੋਹਿ ਨਾਮ ਉਚਾਰਾ—। ਕ੍ਰਿਪਾ ਕਰੈਂ ਨਿਰਭੈ ਕਰਿ ਲੇਤਿ।
ਰਿਪੁ ਗਨ ਨਾਸ਼, ਮਹਾਂ ਸੁਖ ਦੇਤਿ ॥੩੬॥ ਤਿਮ ਏ ਕਾਮ ਕ੍ਰੋਧ ਤੇ ਆਦਿ।
ਲੂਟਤਿ ਨਿਤਪ੍ਰਤਿ ਕਰਿ ਕਰਿ ਬਾਦ। ਪਾਪ ਰੂਪ ਭੈ ਦੇਤਿ ਸਦੀਵ। ਦੁਖਦ
ਸ਼ਤ੍ਰ ਗਨ ਲਖਹਿ ਜਿ ਜੀਵ[10]॥੩੭॥ਰਾਮ ਰਾਮ ਤਬਿ ਕਰਹਿ ਉਚਾਰਨ*।
ਮਿਲੈਂਹਿ ਜਿ ਸੰਤ ਸੁ ਕਰਹਿਂ ਉਧਾਰਨਿ। ਕਾਮ ਕ੍ਰੋਧ ਰਿਪੁ ਪਾਪ ਸਮੇਤਿ।
ਇਨ ਤੇ ਅਭੈ ਤੁਰਤ ਕਰਿ ਲੇਤਿ ॥੩੮ ॥ ਸੁਨਿ ਪਰਮੇਸ਼ੁਰ ਕਰੁਨਾ ਧਹੈ।

---

[1]ਮੈਨੂੰ। [2](ਜੇ) ਕੋਈ ਬੁਲਾਵੇ.। [3](ਤਦ ਉਹ) ਖਿਝਦਾ ਹੈ। [4](ਤੁਸੀਂ) ਪੁਕਾਰਦੇ ਹੋ। [5]ਮਹਾਂ ਫਲ ਦਾਤਾ ਸ੍ਵਾਮੀ ਗੁੱਸੇ ਹੋਏਗਾ। [6]ਆਤੁਰ ਹੋਕੇ। [7](ਉਹ ਵੈਰੀ) ਆਪਣਾ ਬਲ ਉਸ ਵਲੋਂ ਰੋਕ ਲੈਂਦੇ ਹਨ। [8](ਉਹ ਵੈਰੀ) ਨੇੜੇ ਨਹੀਂ ਹੋ ਸਕਦੇ। [9]ਦੇਖ ਲੈਣ ਤਾਂ। [10]ਜੀਵ ਜੇ ਸਾਰੇ ਸ਼ੱਤ੍ਰੂਆਂ ਨੂੰ ਦੁਖ ਦਾਤੇ ਲਖਕੇ (ਰਾਮ ਰਾਮ ਉਚਾਰਨ ਕਰੇ)।

*ਸਿਖਾਂ ਦੀ ਭਗਤ ਮਾਲ ਵਿਚ ਏਥੇ ਦ੍ਰਿਸ਼ਟਾਂਤ ਵਾਲੀ ਪਹਿਲੀ ਗਲ ਇਉਂ ਦਿਤੀ ਹੈ—ਤੈਸੇ ਜੋ ਪੁਰਖ ਕਾਮ ਕ੍ਰੋਧ ਆਦਿ ਵੈਰੀਆਂ ਥੀਂ ਭੈਮਾਨ ਹੋ ਕਰ ਮਹਾਰਾਜ ਦਾ ਨਾਮ ਉਚਾਰਨ ਕਰਦਾ ਹੈ, ਤਾਂ ਪਾਪ ਉਸ ਨੂੰ ਤਿਆਗ ਕਰ ਜਾਂਦੇ ਹਨ, ਨਹੀਂ ਤਾਂ ਸੰਤਾਂ ਨੂੰ ਮਿਲਦਾ ਹੈ ਓਹ ਉਹਨਾਂ ਨੂੰ ਨਿਹਚਾ ਦੇਕੇ ਪਾਪਾਂ ਥੀਂ ਰਹਿਤ ਕਰਦੇ ਹੈਨ।

ਜਾਨਹਿ–ਮੇਰੋ ਸਿਮਰਨਿ ਕਰੈ। ਪਰਯੋ ਸ਼ਰਨ ਮੇਰੀ ਹੁਇ ਆਰਤਿ।ਰਿਪੁ ਗਨ ਮਿਲੇ ਇਸੇ ਨਿਤ ਮਾਰਤਿ–॥੩੯॥ ਬਿਰਦ ਕ੍ਰਿਪਾਲ ਆਪਨੋ ਜਾਨ॥ ਕਰਹਿ ਮੁਕਤਿ ਸਭਿ ਬੰਧਨ ਹਾਨਾ। ਅਬਚਲਿ ਸੁਖ ਪ੍ਰਭੁ ਦਾਤ ਕਰੰਤੇ। ਇਹ ਫਲ ਹੋਤਿ ਨਾਮ ਸਿਮਰੰਤੇ'॥੪੦॥ਸਤਿਗੁਰੁ ਕਹਯੋ 'ਤੋਹਿ ਜੋ ਤਰਕੈ[1]। ਪ੍ਰਭੁ ਸਿਮਰਨ ਤੇ ਪਾਇ ਜੁ ਫਰਕੈ। ਨਿੰਦਕ ਪਾਮਰ ਸ਼ੱਤ੍ਰੁ ਸੋਇ। ਤਿਨ ਸਮ ਦੁਖਦ ਅਪਰ ਨਹਿਂ ਕੋਇ॥੪੧॥ਤਿਨ ਕੋ ਸੰਗਨ ਕਰੋ ਕਦਾਈ। ਮਿਲਨਿ ਬੋਲਨੇ ਪਾਪ ਉਪਾਈ। ਕਹਿ ਤਰਕਾਂ ਨਿਸ਼ਚੇ ਤੇ ਗੇਰਤਿ। ਅਪਰ ਜਿ ਮੰਦਮਤੀ ਮਹਿਂ ਪ੍ਰੇਰਤਿ[2] ॥੪੨॥ ਤਜਹਿ ਨ ਬਿਸ਼ਯ, ਰਹੈ ਮਨ ਲਾਗਿ[3]।ਤੌ ਬਿਸ਼ਿਯਨ ਕੇ ਸੰਗੀ ਤ੍ਯਾਗ॥ਤਿਨ ਕੀ ਸੰਗਤਿ ਕਬਹਿ ਨ ਕਰੈ। ਤਿਨ ਕੋ ਤਜਨਿ ਸਦਾ ਹਿਤ ਧਰੈ'॥੪੩॥ਸੁਨਿ ਭਾਨੇ ਪੂਛਯੋ 'ਇਹ ਕਹਾਂ? ਬਿਸ਼ਿਯਨਿ ਤੇ ਬਿਸ਼ਈ ਰਿਪੁ ਮਹਾਂ। ਕਾਰਨ ਬਿਸ਼ਯ ਪਰਤਿ ਹੈਂ ਜਾਨੇ[4]। ਬਿਸਯਨਿ ਭੁਗਤਾ ਕਾਜ ਸਮਾਨੇ[5]*'॥੪੪॥ਸੁਨਿ ਸ੍ਰੀ ਹਰਿਗੋਵਿੰਦ ਉਚਾਰੇ। 'ਕਾਰਨ ਅਗਨਿ ਦੇਇ ਤਨ ਜਾਰੇ।ਤਿਸ ਅਗਨੀ ਤੇ ਲੋਹ ਤਪਾਵਾ। ਲਾਲ ਬਿਸਾਲ ਭਯੋ ਝਲਕਾਵਾ ॥ ੪੫ ॥ ਅਗਨੀ ਤੇ ਹੁਇ ਤੇਜ ਮਹਾਨੇ। ਸਹਿ ਨਹਿਂ ਸਕੀਅਤਿ ਨੇਰ ਨ ਠਾਨੇ। ਤਯੋਂ ਬਿਸ਼ਈ ਬਿਸ਼ਯਨਿ ਤੇ ਭਯੋ। ਬੰਧਮਾਨ, ਕਿਮ ਨਹਿਂ ਮੁਕਤਯੋ ॥੪੬॥ ਤਿਨ ਕੀ ਸੰਗਤਿ ਦੇਤਿ ਗਿਰਾਇ। ਸ਼ੁਭ ਪਦ ਕੋ ਨ ਅਰੂਢਨਿ ਪਾਇ। ਜਿਮ ਤਰੁਵਰ ਕੋ ਬਹੁ ਫਲ ਲਾਗੇ। ਬਾਉ ਲਗੇ ਜਿਨਿ† ਸ਼ਾਖਾ ਤ੍ਯਾਗੇ॥੪੭॥ਸੋਈਂਦਾ ਹੁਇ ਜਾਇ ਨ ਪਾਕੇ।ਕਾਚੇ ਗਿਰਯੋ ਨ ਰਸ ਪਰਿ ਵਾਕੇ[6]। ਬਾਯੁ ਆਦਿ ਜਿਨ ਬਿਘਨ ਨ ਭਯੋ। ਦ੍ਰਿਢ ਸ਼ਾਖਾ ਕੇ ਸੰਗੀ ਰਹਯੋ ॥ ੪੮ ॥ ਸੋ ਤਰੁਵਰ ਤੇ ਰਸ ਕੋ ਪਾਵੈ। ਪਾਕੇ ਨੀਮ ਮਧੁਰ ਹੁਇ ਜਾਵੈ। ਗੁਰੁਬਾਨੀ ਸ਼ਾਖਾ ਤਿਮ ਲਾਗੇ‡।ਤਰਕੈ ਨਿੰਦਕ ਸੁਨਿ ਜੋ, ਤ੍ਯਾਗੇ॥੪੯॥ਪਰਮੇਸ਼ੁਰ ਤਰੁ ਕੋ ਰਸ ਪਾਇ ਨ। ਗੀਦੇ ਜਨਮ ਮਰਨ ਦੁਖ ਆਇਨ[7]।ਲਗੇ ਰਹੇ ਸੋ ਲੇ ਰਸ ਗ੍ਯਾਨ। ਮਧੁਰ ਮੁਕਤਿ ਹੁਇ ਬੰਧਨ

---

[1]ਤਰਕਾਂ ਕਰੇ। [2]ਹੋਰ ਜੋ ਖੋਟੀ ਮਤ ਵਿਚ ਪ੍ਰੇਰਦੇ ਹਨ। [3]ਮਨ ਲਗਾ ਰਹਿੰਦਾ ਹੈ (ਵਿਸ਼ਿਆਂ ਵਿਚ)। [4]ਵਿਸ਼ੇ 'ਕਾਰਣ' ਜਾਣ ਪੈਂਦੇ ਹਨ। [5]ਤੇ ਵਿਸ਼ਿਆਂ ਦਾ ਭੋਗਤਾ ਸੋ 'ਕਾਰਜ' ਦੇ ਸਮਾਨ ਹੈ। [6]ਨਾਂ ਰਸ ਹੀ ਪਿਆ ਉਸ ਨੂੰ। [7]ਜਨਮ ਮਰਨ ਦੁਖ ਦਾ ਘਰ ਇਹ ਗੀਦੇ ਹੋਣਾ ਹੈ।

*ਪਾ:–ਮਹਾਨੇ। †ਪਾ:–ਨਿਜ। ‡ਨਾਮ ਵਿਚ ਲਗੇ ਰਹਿਣਾ ਪਰਮੇਸ਼ਰ ਰੂਪ ਬਿੱਛ ਨਾਲ ਲਗੇ ਰਹਿਣਾ ਹੈ, ਜੋ ਮਿਠਿਆਂ ਕਰਦਾ ਤੇ ਪਕਾਉਂਦਾ ਹੈ।

ਹਾਨਿ ॥ ੫੦ ॥ ਤਜੋਂ ਭ੍ਰਾਨਾ ਤੁਮ ਸੁਨਿ ਕੈ ਤਰਕ। ਪਰਮੇਸੁਰ ਸੋਂ ਕਰਹੁ ਨ ਫਰਕ[1]। ਨਹਿੰ ਤਯਾਗਹੁ ਸਤਿਨਾਮੁ ਸੁਖੇਨਾ। ਜੇ ਅਨੰਦ ਅਭਿਲਾਖਹੁ ਲੇਨਾ' ॥ ੫੧ ॥ ਸੁਨਿ ਭਾਨੇ ਮਾਨੀ ਗੁਰਬਾਨੀ। 'ਸੱਤ੍ਯ ਸੱਤ, ਐਸੇ ਗੁਨ ਖਾਨੀ?' ਦ੍ਰਿੜ ਸ਼ਰਧਾ ਧਰਿ ਸਿਮਰਨ ਕਰਯੋ। ਭਉਜਲ ਤਰਯੋ ਪਾਰ ਸੋ ਪਰਯੋ॥੫੨॥ ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪੰਚਮ ਰਾਸੇ 'ਸਿੱਖਨ' ਪ੍ਰਸੰਗ ਬਰਨਨੰ ਨਾਮ ਚਤੁਰ ਦ੍ਵਤਵਾਰਿੰਸਤੀ ਅੰਸੂ॥੪੪॥

੪੫. [ਸਿੱਖਾਂ ਦੇ ਪ੍ਰਸੰਗ]

ਦੋਹਰਾ ॥ਬਸਹਿ ਜੌਨਪੁਰ ਕੇ ਬਿਖੈ ਜੱਟੂ ਤਪਾ ਮਹਾਨ।ਸ਼੍ਰੀ ਗੁਰ ਹਰਿਗੋਬਿੰਦ ਕੋ ਆਯਹੁ ਦਰਸ਼ਨ ਠਾਨਿ ॥ ੧ ॥ ਚੌਪਈ ॥ ਬੰਦਨ ਕਰੀ ਜੋਰਿ ਜੁਗ ਪਾਨ। ਬੈਠਿ ਕਰੀ ਅਰਦਾਸ ਬਖਾਨ। 'ਸੁਨਯੋ ਸੁਜਸੁ ਰਾਵਰ ਕੋ ਭਾਰੀ। ਲਾਖਹੁੰ ਮਾਨੁਖ ਕੁਮਤਿ ਬਿਦਾਰੀ ॥ ੨ ॥ ਪਰਯੋ ਸ਼ਰਨਿ ਮੈਂ, ਕ੍ਰਿਪਾ ਨਿਧਾਨ!।ਦਿਹੁ ਉਪਦੇਸ਼ ਹੋਇ ਕਲਿਆਨ'। ਸੁਨਿ ਕਰਿ ਸ਼੍ਰੀ ਸਤਿਗੁਰੂ ਉਚਾਰਾ। 'ਕਰਹੁ ਸ਼ਾਂਤਿਕੀ ਤਪ ਨਿਰਧਾਰਾ ॥ ੩ ॥ ਰਾਮ ਨਾਮ[2] ਨਿਤ ਨਾਮ ਉਚਰੀਅਹਿ। ਇੰਦ੍ਰੈ ਰੋਕਿ ਨਾਮ ਮਨ ਧਰੀਅਹਿ'। ਬਹੁਰ ਤਪੇ ਬੂਝਨਿ ਗੁਰੁ ਕੀਨੇ। 'ਕੇਤਿਕ ਕਹਿਤੇ ਸੁਮਤ ਪ੍ਰਬੀਨੇ॥੪॥ਬਿਨਾ ਗਯਾਨ ਤੇ ਗਤਿ ਕਬਿ ਨਾਂਹੀ। ਬੇਦ ਪ੍ਰਮਾਣ ਦੇਤਿ ਇਸ ਮਾਂਹੀ'। ਸੁਨਿ ਗੁਰ ਭਨਯੋ 'ਲਖਹੁ ਇਸ ਰੀਤਿ। ਜੇ ਗਤਿ ਕੇ ਅਭਿਲਾਖੀ ਚੀਤ[3] ॥ ੫ ॥ ਵਾਹਿਗੁਰੂ ਜਬਿ ਨਿਸਿ ਦਿਨ ਜਾਪਤਿ।ਚਾਰਹੁੰ ਦ੍ਵਾਰ ਹੋਇ ਤਬਿ ਪ੍ਰਾਪਤਿ।ਜਿਨਿ ਦਰ ਅੰਦਰ ਹੁਇ ਪ੍ਰਵਿਸਾਇ[4]। ਮਿਲਹਿ ਜਾਇ ਕਰਿ, ਪਦ ਕੋ ਪਾਇ ॥੬॥ ਜਿਮਿ ਹਰਿਮੰਦਰ ਕੇ ਦਰ ਚਾਰ।ਜਿਸ ਦਰ ਬਰਹਿ ਸੁ ਤਿਸਹਿ ਉਦਾਰ[5]।ਜੋਗ, ਵਿਰਾਗ, ਭਗਤਿ ਅਰੁ ਗਯਾਨ। ਸਿਮਰੇ ਨਾਮ ਆਇੰ ਚਹੁ ਪਾਨ[6]॥੭॥ਬ੍ਰਿੱਤਿ ਇਕਾਗਰ ਕਰਿ ਅਭਿਰਾਮ। ਪ੍ਰੇਮ ਸਹਤ ਸਿਮਰੇ ਸਤਿਨਾਮ। ਤਬਿ ਫਲ–ਜੋਗ–ਕਰੋ ਕੋ ਪਾਵੈ।ਸਿਮਰਨ ਕਰਿ ਤਿਸ ਮਨ ਟਿਕ ਜਾਵੈ॥੮॥ਤਬਿ ਬਿਸ਼ਿਯਨਿ ਤੇ ਲਹੈ –ਵਿਰਾਗ–।ਮੂਲ–ਭਗਤਿ ਕੋ ਸਿਮਰਨਿ ਲਾਗਿ[7]।ਪ੍ਰਭੁ ਮਹਿੰ–ਪ੍ਰੇਮ–ਮਹਾਂ ਉਪਜਾਯੋ। ਨਿਸ ਦਿਨ ਮਨ ਮੈਂ ਏਕ ਬਸਾਯੋ ॥ ੯ ॥ ਕ੍ਰਿਪਾ ਕਰਹਿ ਜਿਸ ਮਹਿੰ ਲਿਵਲਾਈ[8]। ਰਿਦੇ ਪੁਨਹਿ ਦੇ–ਗਯਾਨ--ਉਪਾਈ। ਏਕ ਆਤਮਾ

[1]ਵ੍ਰਿੱਥ। [2]ਭਾਵ ਪ੍ਰਮੇਸ਼ਰ ਦਾ ਨਾਮ, ਅੰਕ ਛੇ ਵਿਚ 'ਵਾਹਿਗੁਰੂ' ਦਸਦੇ ਹਨ। [3]ਜੇ ਚਿੱਤ ਵਿਚ ਮੁਕਤੀ ਦੇ ਲੋੜਕੂ ਹਨ। [4]ਜਿਸ ਨੂੰ (ਮੁਕਤੀ ਦੇ) ਦਰਵਜਿਆਂ ਅੰਦਰ ਪ੍ਰਵੇਸ਼ ਹੋਵੇ। [5]ਤੇ ਉਸ ਨੂੰ ਉਹੋ ਹੀ ਚੰਗਾ ਹੈ। [6]ਚਾਰੇ (ਜੋਗ, ਵਿਰਾਗ, ਭਗਤਿ, ਤੇ ਗਿਆਨ) ਹੱਥਾਂ ਵਿਚ ਆਂਵਦੇ ਹਨ। [7]ਭਗਤੀ ਦਾ ਮੂਲ ਜੋ ਸਿਮਰਨ ਹੈ ਤਿਸ ਵਿਚ ਲੱਗਾ ਤਾਂ। [8]ਜਿਸ ਦੇ (ਰਿਦੇ ਵਿਚ) ਲਿਵ ਲਾ ਦੇਵੇ।

ਪੂਰਨ ਜਾਨਹਿ। ਨਿਜ ਸਰੂਪ ਲਖਿ ਬੰਧਨ ਹਾਨਹਿ ॥੧੦॥ ਇਮ ਸਤਿ ਨਾਮ ਆਸਰੈ ਚਾਰੇ। ਸਿਮਰਤਿ ਪ੍ਰਾਪਤਿ ਹੋਵਤਿ ਸਾਰੇ। ਯਾਂਤੇ ਜੇ ਬਾਂਛਹਿਂ ਇਨ ਚਾਰਨਿ। ਨਾਮ ਨਿਰੰਤਰ ਕਰਹਿਂ ਸੰਭਾਰਨ ॥ ੧੧॥ ਧਰਮਸਾਲ ਕੈ ਸਤਿਗੁਰ ਦ੍ਵਾਰੇ। ਚਲਤਿ ਲਹਹਿ ਫਲ ਪਗ ਪਗ ਭਾਰੇ[1]। ਸ਼ਬਦ ਸੁਨਹਿ ਭਜਿ ਹੈ, ਮਨ ਨੀਵਾ। ਪ੍ਰਭੁ ਉਪਾਸਨਾ ਪ੍ਰਾਪਤਿ ਥੀਵਾ ॥੧੨॥ ਪਾਛਲਿ ਰਾਤਿ ਉਠਨਿ ਇਸ਼ਨਾਨ। ਅਹੈ ਸ਼ਾਂਤਕੀ ਤਪੁ ਸੁ ਮਹਾਨ। ਸੱਤਿਨਾਮੁ ਸਿਮਰਨਿ ਫਲ ਪਾਵੈ।–ਮੈਂ ਤਨ ਨਹਿਂ–ਨਿਸ਼ਚੈ ਠਹਿਰਾਵੈ ॥੧੩॥–ਤਨ ਜਨਮੇ ਤੇ ਜਨਮ ਨ ਮੇਰੋ।ਬਿਨਸਨਿ ਤੇ ਬਿਨਸਨਿ ਨਹਿਂ ਹੇਰੋ।ਸਤਿ ਚੇਤਨ ਮੈਂ ਰੂਪ ਅਨੰਦਾ।ਸਨੈ ਸਨੈ ਐਸੇ ਸੁਖ ਕੰਦ–'॥੧੪॥ਨਵਲਾ ਸਿੱਖ ਨਿਹਾਲਾ ਦੋਇ।ਪਟਨੇ ਨਗਰ ਬਸਹਿਂ ਘਰ ਸੋਇ।ਸਚ ਬੋਲਹਿਂ ਸਚੁ ਕਾਰ ਕਮਾਵੈਂ। ਸਾਚੇ ਕੀ ਸੰਗਤਿ ਨਿਤ ਭਾਵੈ ॥ ੧੫ ॥ ਜੇ ਸਿਖ ਭਜਨ ਕਰਤਿ ਧਰਿ ਪ੍ਰੇਮ। ਤਿਨ ਕੋ ਸੇਵਤਿ ਨਿਤ ਹਿਤ ਛੇਮ। ਸ੍ਰੀ ਗੁਰ ਕੇ ਦਰਸ਼ਨ ਕੋ ਆਇ। ਜਥਾਸ਼ਕਤਿ ਧਰਿ ਸੀਸ ਨਿਵਾਇ ॥ ੧੬॥ ਕਿਤਿਕ ਦਿਵਸ ਬਸਿ ਕਰਿ ਗੁਰ ਪਾਸ। ਹੁਇ ਥਿਤ ਕਰਤਿ ਭਏ ਅਰਦਾਸ। 'ਗੁਰੂ ਗਰੀਬ ਨਿਵਾਜ ਮੁਕੰਦ!।ਦਿਹੁ ਐਸੋ ਉਪਦੇਸ਼ ਬਿਲੰਦ॥੧੭॥ਜਿਸ ਕੇ ਕਰੇ ਸਰਬ ਕੁਛ ਹੋਈ। ਬਹੁਰੋ ਕਰਤਬ ਰਹਹਿ ਨ ਕੋਈ'। ਸ੍ਰੀ ਗੁਰੁ ਹਰਿ ਗੋਬਿੰਦ ਅਭਿਰਾਮੂ। ਕਹ੍ਯੋ 'ਉਪਾਸਹੁ ਨਿਤ ਸਤਿਨਾਮੂ' ॥੧੮॥ ਭਨ੍ਯੋ ਨਿਹਾਲੇ ਸੁਨਿ ਤਿਸ ਕਾਲ। 'ਕਿਤਿਕ ਸੁਮਤਿ ਜੁਤਿ ਕਹਿਂ ਇਸ ਢਾਲ।–ਜਬਿ ਲੌ ਦ੍ਵੈਤ ਹੋਤਿ ਜਨ ਰਿਦੇ। ਤ੍ਰਿਪੁਟੀ[2] ਬਨੀ ਰਹਤਿ ਹੈ ਤਦੇ ॥੧੯॥ ਦੋਹਰਾ ॥ ਏਕ ਉਪਾਸਿ ਉਪਾਸਨਾ ਭ੍ਰਿਤੀ ਉਪਾਸਕ ਸੇਯ। ਧ੍ਯਾਤਾ ਧੇਯ ਰੁ ਧ੍ਯਾਨੁ ਤਿਮ,ਗ੍ਯਾਤਾ ਗ੍ਯਾਨ ਰੁ ਗੇਯ[2]॥੨੦॥ਚੌਪਈ॥ਜਬਿ ਪ੍ਰਾਪਤਿ ਅੱਦ੍ਵੈਤੀ[3]ਹੋਇ। ਤਹਿਂ ਤੀਨਹੁ ਕੋ ਬਨਨਿ ਨ ਜੋਇ[4]। ਪਾਰਬ੍ਰਹਮ ਕੋ ਬਨਹਿ ਸਰੂਪ।ਜਿਮ ਸਾਗਰ ਹੁਇ ਬੂੰਦ ਅਨੂਪ ॥੨੧॥ ਨਾਮੀ,ਨਾਮ,ਨ ਜਾਪਕ ਜਥੈ। ਅਪਨਿ ਸਰੂਪ ਸਰਬ ਲਖਿ ਤਬੈ'। ਸ੍ਰੀ ਗੁਰ ਸੁਨਿ ਕੈ ਬਹੁਰ ਉਚਾਰਾ। 'ਭਗਤਿ ਹੋਤਿ ਹੈ ਚਾਰਿ ਪ੍ਰਕਾਰਾ॥੨੨॥ਬਿੰਦ ਕਾਮਨਾ ਕਰਿ ਕਰਿ ਮਨ ਮੈਂ। ਸੱਤ੍ਰਿ-

---

[1]ਪੈਰ ਪੈਰ ਤੇ ਭਾਰੀ ਫਲ ਲੈਂਦਾ ਹੈ। [2]ਤ੍ਰਿਪੁਟੀ=ਤਿੰਨ ਵਸਤਾਂ ਦਾ ਇਕੱਠ, ਜੈਸੇ, ਉਪਾਸਕ, ਉਪਾਸਨਾ, ਉਪਾਸ੍ਯ; ਧ੍ਯਾਤਾ, ਧ੍ਯਾਨ, ਧੇਯ; ਗ੍ਯਾਤਾ ਗ੍ਯਾਨ ਗੇਯ। [3]ਅਦ੍ਵੈਤਤਾ ਦੀ ਹਾਲਤ, ਜਿੱਥੇ ਨਾ ਤ੍ਰਿਪੁਟੀ ਨਾ ਦੂਆ ਰਹਿੰਦਾ ਹੈ। [4]ਨਹੀਂ ਦੇਖਦਾ ਹੈ।

ਨਾਮ ਸਿਮਰਤਿ ਨਿਸ ਦਿਨ ਮੈਂ। ਅਰੁ ਸੰਤਨ ਕੀ ਸੇਵਾ ਠਾਨਤਿ। ਕਹੇ ਬਚਨ ਸੰਤਨਿ ਕੇ ਮਾਨਤਿ ॥ ੨੩ ॥ ਤਿਨ ਕੀ ਹੋਤਿ ਕਾਮਨਾ ਪੂਰੀ। ਪੁਨ ਪ੍ਰਭੁ ਪ੍ਰੀਤਿ ਉਪਜਿ ਉਰ ਰੂਰੀ। ਦੁਤੀਏ ਆਰਤਿ ਭਗਤ ਬਨੰਤੇ। ਜੇ ਸ਼ਤ੍ਰਨਿ ਤੇ ਹੁਇ ਦੁਖਵੰਤੇ ॥ ੨੪ ॥ ਕੈ ਰੋਗਾਤੁਰ ਦੁਖ ਕੋ ਪਾਵੈਂ। ਪ੍ਰਭੁ ਕੇ ਸਿਮਰਨਿ ਮਹਿੰ ਮਨ ਲਾਵੈਂ। ਸ਼ੱਤ੍ਰਨਿ ਤੇ ਹੁਇ ਜਾਤਿ ਸੁਖਾਰੇ। ਰੋਗ ਨਸ਼ਟ ਤੇ ਹੁਇ ਬਲ ਭਾਰੇ[1] ॥ ੨੫ ॥ ਆਗੇ ਕੋ ਸ਼ਰਧਾ ਵਧਿ ਪਰੈ। ਲਾਲਚ ਤੇ ਸਦ ਸਿਮਰਨਿ ਕਰੈ। ਤੀਜੇ ਨਿਤ ਉਪਾਸਨਾ ਧਾਰੀ। ਸਿਮਰਹਿੰ ਸੱਤਿਨਾਮ ਅਘਹਾਰੀ॥੨੬॥ਲਖਹਿੰ ਦਾਸ ਨਿਜ, ਪ੍ਰਭੁ ਕੋ ਕਰਤਾ। -ਹਮ ਤ੍ਰਿਯ ਸਮ, ਪਰਮੇਸ਼ੁਰ ਭਰਤਾ-। ਅੰਤਹਕਰਨ ਬਿਮਲ ਹੁਇ ਜਾਤਿ। ਪੁਨ ਤਿਸਿ ਬ੍ਰਹਮ ਗਯਾਨ ਉਪਜਾਤਿ ॥ ੨੭ ॥ ਚੌਥੇ ਗਯਾਨੀ ਭਗਤ ਬਿਸਾਲੇ। ਏਕ ਪ੍ਰਮੇਸੁਰ ਸਭਿ ਮਹਿੰ ਭਾਲੇ। ਘਟ ਮਠ ਮਹਿੰ ਜਿਮ ਬਯਾਪਿ ਅਕਾਸ਼। ਤਿਮ ਸਭਿ ਮਹਿੰ ਇਕ ਬ੍ਰਹਮ ਪ੍ਰਕਾਸ਼॥੨੮॥ਇਮ ਲਖਿ ਵਾਹਿਗੁਰੂ ਨਿਤ ਸਿਮਰਹਿੰ। ਦ੍ਰਿਢ ਹੁਇ ਆਤਮ ਗਯਾਨ ਸੁ ਉਰ ਮਹਿੰ। ਚਤੁਰ ਭੂਮਿਕਾ ਤੇ ਚਢਿ ਜਾਇ। ਸਪਤਮ ਬਿਖੈ ਸਥਿਰਤਾ ਪਾਇ[2]॥ ੨੯ ॥ ਯਾਂਤੇ ਸਿਮਰਹੁ ਤੁਮ ਸਤਿਨਾਮ। ਸੰਤਨ ਕੋ ਸੇਵਹੁ ਨਿਸ਼ਕਾਮ। ਮਨ ਨੀਵਾਂ ਰਾਖਹੁ ਤਜਿ ਮਾਨ। ਹੋਇ ਸੁਖੇਨ ਤੁਮਹੁ ਕੱਲਯਾਨ' ॥ ੩੦ ॥ ਸੁਨਿ ਉਪਦੇਸ਼ ਭਲੋ ਤਿਸ ਕਾਲਾ। ਗੁਰਮੁਖ ਭੇ ਨਵਲਾ ਰੁ ਨਿਹਾਲਾ।

ਜੋਧਾ ਜੈਤ ਸੇਠ ਮਲ ਭਾਰੀ।ਪੌਰਦਾਰ ਗੁਰੁਪੌਰ ਅਗਾਰੀ॥੩੧॥ਸਦਾ ਦੂਾਰ ਪਰ ਰੱਛਾ ਕਰਿ ਹੀਂ। ਬਿਨ ਬੂਝੇ ਨਹਿੰ ਅੰਤਰਿ ਬਰਿਹੀਂ।ਇਕ ਦਿਨ ਬੈਠੇ ਸਹਿਜ ਸੁਭਾਇ। ਸਤਿਗੁਰੁ ਸੋਂ ਬੂਝਯੋ ਇਸ ਭਾਇ॥੩੨॥'ਕੇਤਿਕ ਕਹਤਿ ਗਯਾਨ ਜਬਿ ਲਹਾ। ਤਬਹਿ ਭਗਤਿ ਕੋ ਕਰਿਬੋ ਕਹਾਂ। ਦੇਤਿ ਗਯਾਨ ਹੀ ਕੇਵਲਿ ਏਕ।ਜਿਸ ਕੇ ਉਪਜਯੋ ਰਿਦੇ ਬਿਬੇਕ' ॥੩੩॥ ਸ੍ਰੀ ਮੁਖ ਤੇ ਸ਼ੁਭ ਪੰਥ ਬਤਾਵੈਂ। 'ਬਿਨਾ ਭਗਤਿ ਨਹਿੰ ਗਯਾਨ ਸੁਹਾਵੈ। ਜਥਾ ਘ੍ਰਿਤਿ ਹੈ ਅਤਿ ਬਲਿਦਾਨ। ਭੋਜਨ ਮਿਲਹਿ ਜਿ ਸ੍ਵਾਦ ਮਹਾਨ ॥ ੩੪ ॥ ਕਢੀ ਜਿ ਘ੍ਰਿਤਿ ਪਾਨ ਕੋ ਕਰੈ। ਛਾਤੀ ਬੋਝ ਰੋਗ ਸੋ ਧਰੈ। ਫੀਕਾ ਬਦਨ ਰਹੈ ਦਿਨ ਰਾਤਿ। ਖਾਂਸੀ ਹੋਤਿ,ਅਹਾਰ ਨ ਖਾਤਿ॥੩੫॥ਜੇ ਸੁਭਾਉ ਤਨ ਪੇਤੀ ਹੋਇ[3]।ਪੀਵਹਿ

[1]ਅਰੋਗ ਹੋਕੇ ਬਲ ਵਾਲਾ (ਤਕੜਾ) ਹੋ ਜਾਂਦਾ ਹੈ। [2]ਭਾਵ ਚੌਥੀ ਤੋਂ ਚੜ੍ਹਕੇ ਪੰਜਵੀਂ ਛੇਵੀਂ ਲੰਘਕੇ, ਸਤਵੀਂ ਵਿਚ ਟਿਕਾਉ ਪਾਉਂਦਾ ਹੈ। [3]ਗਰਮੀ ਵਾਲਾ ਹੋਵੇ। ਪਿੱਤ=ਸ੍ਰਫਰਾ।

ਨਿਰੋ ਘ੍ਰਿੱਤਿ ਜੋ ਸੋਇ। ਤਿਨ ਕੋ ਲਗਹਿਂ ਅਧਿਕ ਅਤਿਸਾਰ[1]। ਉਪਜਹਿ ਤਨ ਮਹਿਂ ਰੋਗ ਬਿਕਾਰ ॥੩੬॥ ਜੇ ਮਿਲਾਇ ਮਿਸਰੀ ਸੋ ਖਾਇਂ।ਦੁਹੂੰਅਨਿ ਕੇ ਤਨ ਸੁਖ ਉਪਜਾਇ। ਤਥਾ ਗਯਾਨ ਜਹਿਂ ਏਕੈ ਹੋਇ।–ਅਹੰਬ੍ਰਹਮ –ਕਹਿ, ਸੁਭਹਿ ਨ ਸੋਇ ॥੩੭॥ ਸੁਨਿਬੇਹਾਰ ਬਿਗਾਰ ਬਹੁ ਜਾਇਂ।ਪਰੈਂ* ਨਰਕ, ਨਹਿਂ ਸੁਰਗ ਲਖਾਇਂ। ਜੋ ਹੰਕਾਰੀ ਨਰ ਉਰ ਧਾਰੈ। ਅਪਨਿ ਆਪਿ ਕੋ ਬਡੋ ਬਿਚਾਰੈ ॥੩੮॥ ਨਹਿਂ ਸਤਿਸੰਗਤਿ ਸੇਵਾ ਕਰੈ।ਨੰਮ੍ਰਿਤਾ ਨ ਕਿਸ ਆਗੈ ਧਰੈ। ਛਾਤੀ ਬੋਝ ਰੋਗ ਇਹ ਹੋਇ। ਨਰਕ ਪਰਹਿ ਲਹਿ ਸੰਕਟ ਸੋਇ ॥ ੩੯ ॥ ਜੇ ਬਿਸ਼ਈ ਸੁਨਿ ਕੇਵਲ ਗਯਾਨ। ਭੋਗਹਿ ਨਾਰਿ ਬਿਰਾਨੀ[2] ਜਾਨਿ।ਇੱਤ੍ਯਾਦਿਕ ਬਿਸ਼ਿਯਨਿ ਲਗਿ ਜਾਇ।ਅਤੀਸਾਰ ਸਮ, ਨਰਕ ਸੁ ਪਾਇ ॥੪੦॥ ਯਾਂਤੇ ਭਗਤਿ ਸੰਗ ਬ੍ਰਹਮ ਗਯਾਨ। ਸਭਿਹਿਨਿ ਕੀ ਕਰਤਾ ਕੱਲਯਾਨ। ਸ਼ੋਭਹਿ ਮੁਖ ਤੇ ਕਹਿ, ਪ੍ਰਭੁਦਾਸ[3]। ਗਯਾਨ ਅਹੰ-ਬ੍ਰਹਮ ਰਿਦੇ ਪ੍ਰਕਾਸ਼॥ ੪੧ ॥ਯਾਂਤੇ ਸਭਿ ਕੋ ਸਿਮਰਨਿ ਨਾਮੁ। ਕਰਹਿ ਪ੍ਰੇਮ ਤੇ ਲਹਿ ਸੁਖ ਧਾਮ।ਖੁਸ਼ਕ ਗਯਾਨ ਯਾਂਤੇ ਨਹਿਂ ਨੀਕੋ†।ਸਿਮਰੇ ਨਾਮ ਸ਼ੁੱਧ ਹੁਇ ਜੀਕੋ' ॥ ੪੨ ॥ ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪੰਚਮ ਰਾਸੇ 'ਸਿੱਖਨ' ਪ੍ਰਸੰਗ ਬਰਨਨੰ ਨਾਮ ਪੰਚ ਚਤਵਾਰਿੰਸਤੀ ਅੰਸੂ ॥ ੪੫ ॥

੪੬. [ਸਿੱਖਾਂ ਦੇ ਪ੍ਰਸੰਗ]।

ਦੋਹਰਾ ॥ ਰਾਜਿ ਮਹਲ ਪੁਰਿ ਕੇ ਬਿਖੈ ਭਾਨੂ ਬਹਲ ਬਸੰਤਿ। ਭਾਉ ਭਗਤਿ ਸਿੱਖੀ ਧਰੀ ਬਰਤਹਿ ਗੁਰੂ ਮਤੰਤ[4] ॥ ੧ ॥ ਚੌਪਈ ॥ ਸਿਮਰਹਿ ਵਾਹਿਗੁਰੂ ਸਤਿਨਾਮੁ। ਵੰਡਿ ਖਾਇ ਜੋ ਹੋਵਤਿ ਧਾਮ। ਸ਼੍ਰੀ ਹਰਿਗੋਵਿੰਦ ਕੇ ਢਿਗ ਆਯੋ।ਧਰਿ ਅਕੋਰ ਕੋ ਸੀਸ ਨਿਵਾਯੋ॥੨॥ਬੂਝਨਿ ਕੀਨੇ ਜਲਧਿਬਿਬੇਕ[5]। 'ਸ਼ਾਸਤ੍ਰਨਿ ਮਤ[6] ਅਹੈਂ ਅਨੇਕ।ਕੋ ਤਪ ਤੀਰਥ ਮਹਿਮਾ ਗਾਵੈ। ਕੋ–ਬ੍ਰਤ ਨੇਮਨਿ ਕਰਹੁ–ਬਤਾਵੈ॥੩॥–ਜੱਗ ਹੋਮ–ਕੋ ਕਰੈ ਬਿਸਾਲ।ਕੋ ਕਹਿ–ਦਾਨ ਕਰਹੁ ਬਿਧਿ ਨਾਲ–। ਬਡਿਆਈ ਸਤਿਗੁਰ ਕੇ ਧਾਮ। ਕੇਵਲ ਸਿਮਰਨਿ ਕੋ ਸਤਿਨਾਮ ॥੪॥ ਅੰਤਰ ਇਨ ਮਹਿਂ ਕਿਤਿਕ ਬਤਾਵਹੁ। ਕਿਮ ਮਹਿਮਾ ਸਤਿਨਾਮ ਬਧਾਵਹੁ ?'। ਸ਼੍ਰੀ ਮੁਖ ਤੇ ਸੁਨਿ ਬਾਕ ਬਖਾਨਾ। 'ਜੁਗਤਿ ਬਤਾਵਨਿ ਕੀਨਿ ਮਹਾਨਾ॥੫॥ ਸੱਤਿਨਾਮ ਏਕਾਂਗ[7] ਪਛਾਨਾ।ਅਪਰ ਕਰਮ

---

[1]ਦਸਤ। [2]ਪਰਾਈ। [3]ਆਪ ਨੂੰ ਪ੍ਰਭੂ ਦਾ ਦਾਸ ਕਹੇ। [4]ਗੁਰੂ ਮਤ ਅਨੁਸਾਰ। [5]ਭਾਵ ਗੁਰੂ ਜੀ ਤੋਂ ਪੁੱਛਿਆ। [6]ਸ਼ਾਸਤ੍ਰਾਂ ਦੇ ਮਤ। [7]ਏਕਾ। *ਪਾ:–ਭਰੇ।

†ਇਹ ਗਲ ਚੇਤੇ ਰੱਖਣ ਵਾਲੀ ਹੈ, ਖਾਸ ਕਰ ਖੁਸ਼ਕ ਵੇਦਾਂਤੀਆਂ ਨੂੰ।

ਸਭਿ ਸ਼ੂੰਨ[1] ਸਮਾਨ। ਜੇ ਇਕਾਂਗ[2] ਪੂਰਬ ਲਿਖਦੇਯ।ਸ਼ੂੰਨ ਲਗੇ ਦਸ ਗੁਨੋ ਬਧੇਯ ॥ ੬ ॥ ਜੋ ਇਕਾਂਗ ਪੂਰਬ ਲਿਖਿ ਨਾਂਹੀ। ਕੇਵਲ ਸ਼ੂੰਨ ਲਿਖਤਿ ਹੀ ਜਾਹੀਂ। ਸੋ ਸਭਿ ਖਾਲੀ ਕੁਛ ਨਹਿਂ ਸਰੈ। ਗਿਨਤੀ ਮਹਿਂ ਕੋਊ ਨਹਿਂ ਧਰੈ ॥ ੭ ॥ ਤਿਮ ਸਤਿਨਾਮ ਬਿਨਾ ਸਭਿ ਬਾਦਿ। ਜਿਨਿ ਕੋ ਫਲ ਯੁਤਿ ਅੰਤ ਰੁ ਆਦਿ[3]। ਜੇ ਇਕਾਂਗ ਪਰਿ ਸ਼ੂੰਨ ਲਿਖਾਇ ਨ[4]। ਹੋਇ ਨ ਦਸ ਗੁਨ ਤੌ ਇਕ ਜਾਇ ਨ[5] ॥੮॥ ਅਪਰ ਜੁਗਨਿ ਕੇ ਧਰਮ ਸਰਬ ਹੈਂ।ਬਲੀ ਬਿਸਾਲ ਸਮੂਹ ਦਰਬ ਹੈ[6]। ਕਲਿ ਮਹਿ ਕੇਵਲ ਹੈ ਸਤਿਨਾਮ। ਇਸਤੇ ਲਹੈ ਸ਼੍ਰੇਯ ਸੁਖਧਾਮ ॥ ੯ ॥ ਬਿਨਾਂ ਨਾਮ ਤੇ ਨਹਿਂ ਛੁਟਕਾਰਾ। ਅਪਰ ਕਰਮ ਤੇ ਵਧੈ ਹੰਕਾਰਾ। ਨੰਮ੍ਰਿ ਹੋਨਿ ਸਿਮਰਨਿ ਹਰਿਨਾਮ। ਲਹੈ ਅੰਤ ਕੋ ਸੁਖ ਬਿਸਰਾਮ ॥੧੦॥ ਅੰਤਰ ਇਤੋ ਜਾਨਿ ਮਨ ਮਾਹਿ। ਸੋ ਹੰਤਾ ਜੁਤਿ[7],ਇਸ ਮਹਿਂ ਨਾਂਹਿ[8]। ਭਾਨੂ ਬਹਲ ਸੁਨਤਿ ਸੁਖ ਪਾਯੋ। ਗੁਰ ਕੋ ਕਹਿਬੋ ਰਿਦੇ ਬਸਾਯੋ ॥੧੧॥ ਬਦਲੀ ਮੋਦੀ ਸੇਠ ਗੁਪਾਲ। ਸ੍ਰੀ ਹਰਿਗੋਬਿੰਦ ਕੇ ਨਿਤ ਨਾਲ। ਰਹਹਿਂ ਸਦਾ ਘਾਲਹਿਂ ਬਹੁ ਘਾਲ। ਗੁਰੂ ਢਿਗ ਕਰਯੋ ਪ੍ਰਸ਼ਨ ਇਕ ਕਾਲ॥੧੨॥'ਕੀਜਹਿ ਕੁਛ ਉਪਦੇਸ਼ ਬਖਾਨ। ਜਿਸ ਤੇ ਹੋਹਿ ਪਰਮ ਕੱਲਯਾਨ'। ਸ਼੍ਰੀ ਮੁਖ ਕਹਯੋ 'ਬਿਸਾਲ ਸੁਖਾਰੇ[9]। ਨਿਵਿ ਕਰਿ ਗਮਨਹੁ ਸਕਲ ਅਗਾਰੇ[10]॥੧੩॥ਜਥਾ ਫੁਹਾਰੇ ਕੋ ਜਲ ਹੇਰੇ। ਜਿਤੋ ਨੀਵ[11] ਚਢਿ ਤਿਤੋ ਉਚੇਰੇ। ਧੂਰਿ ਸਰਬ ਕੇ ਪਾਇਨ ਤਰੇ[12]। ਇਸ ਗੁਨ ਤੇ ਸਭਿ ਕੇ ਸਿਰ ਚਰੇ॥੧੪॥ ਕਰ ਅੰਗੁਰੀ ਜਿਨ ਛੋਟਿ ਕਹਾਯੋ[13]। ਰੁਚਿਰ ਬਿਭੂਖਨ[14] ਤਿਸ ਕੇ ਪਾਯੋ। ਸਭਿ ਤਰੁ ਤੇ ਛੋਟਾ ਤਰੁ ਚੰਦਨ। ਕਰਹਿ ਸੁਗੰਧਿਤਿ ਨਿਕਟ ਜਿ ਬ੍ਰਿੰਦਨਿ ॥ ੧੫ ॥ ਜੇਤਿਕ ਊਚੇ ਪਦ ਅਭਿਲਾਖਹਿਂ। ਤੇਤਿਕ ਨੰਮ੍ਰਿ ਅਪਨਿ ਮਨ ਰਾਖਹਿਂ। ਸਭਿ ਤੇ ਅਧਿਕ ਬਿਸ਼ਨੁ ਬਡਿਆਈ। ਤਿਮ

---

[1]ਬਿੰਦੀ। [2]ਏਕਾ। [3]ਜਿਨ੍ਹਾਂ (ਪੁੰਨ) ਕਰਮਾਂ ਦਾ ਫਲ ਆਦਿ ਅੰਤ ਵਾਲਾ ਹੈ, ਭਾਵ ਸ਼ੁਰੂ ਬੀ ਹੁੰਦਾ ਹੈ ਤੇ ਮੁੱਕ ਬੀ ਜਾਂਦਾ ਹੈ। [4]ਬਿੰਦੀ ਨਾ ਲਿਖੀਏ। [5](ਤਾਂ ਏਕਾ) ਦਸ ਗੁਣਾਂ ਨਹੀਂ ਹੋਵੇਗਾ, (ਪਰ) ਏਕਾ (ਬਣਿਆਂ ਰਹੇਗਾ,) ਜਾਏਗਾ ਨਹੀਂ। [6](ਤਾਂ ਹੋ ਸਕਦੇ ਹਨ) ਜੇ ਬਹੁਤਾ ਬਲੀ ਤੇ ਸਮੂਹ ਧਨ ਵਾਲਾ ਹੋਵੇ। [7]ਓਹ (ਕਰਮ) ਹੰਕਾਰ ਨਾਲ (ਹੁੰਦੇ ਹਨ)। [8]ਇਸ (ਨਾਮ) ਵਿਚ (ਹੰਕਾਰ) ਨਹੀਂ ਹੁੰਦਾ। [9]ਬੜੇ ਸੁਖੀ ਹੋਵੋਗੇ ਜੇ। [10]ਸਭ ਦੇ ਅੱਗੇ। [11]ਜਿੰਨਾਂ ਨੀਵਾਂ ਜਾਂਦਾ ਹੈ। [12]ਪੈਰਾਂ ਦੇ ਤਲੇ ਹੁੰਦੀ ਹੈ। [13]ਭਾਵ ਚੀਚੀ। [14]ਭਾਵ ਮੁੰਦਰੀ।

ਸਭਿ ਤੇ ਮਨ ਨੰਮ੍ਰਿ ਸਦਾਈ॥੧੬॥ ਭ੍ਰਿਗੁ ਲਾਤ ਸਹਿ ਨੰਮ੍ਰੀ ਹੋਇ।ਪਾਂਡਵ ਮਖ ਮਹਿਂ[1] ਰਿਖਿ ਪਗ ਧੋਏ। ਅਪਰ ਜਿ ਕਰਮ ਕਰਤਿ ਭਗਵਾਨ। ਹੁਇ ਨੰਮ੍ਰੀ ਹੰਕਾਰ ਨ ਠਾਨਿ॥੧੭॥ਊਚੇ ਪਦ ਦੇਬੇ ਕੀ ਕਾਰਨ।ਅਹੈ ਨੰਮ੍ਰਤਾ ਉਰ ਹੰਕਾਰ ਨ। ਗੁਰ ਸਿੱਖਨਿ ਤੇ ਹਾਰਨਿ ਸਦਾ। ਇਨ ਤੇ ਜੀਤ ਨ ਚਾਹਹਿ ਕਦਾ ॥੧੮॥ ਜੋ ਜੀਤਹਿ ਸੋ ਹਾਰਹਿ ਅੰਤਿ।ਜੋ ਹਾਰਯੋ ਸੋ ਜੀਤਨਿਵੰਤਿ। ਜਿਮ ਫਿਰੰਗ ਕੀ ਪੌਰੀ[2] ਹੋਇ। ਐਸੀ ਕਲਾ ਸਹਤ ਬਨਿ ਸੋਇ॥ ੧੯॥ ਲਖਹਿ ਜੁ–ਚਢਤਿ ਜਾਤਿ ਮੈਂ ਊਚਾ–। ਸੋ ਤੌ ਉਤਰਤਿ ਗਮਨਤਿ ਨੀਚਾ। ਜੋ ਜਾਨਹਿ–ਮੈਂ ਗਮਨੌਂ ਨੀਚੇ–। ਸੋ ਚਢਿ ਜਾਤਿ ਅਚਾਨਕ ਊਚੇ॥੨੦॥ ਜੀਤਤਿ ਹਾਰਯੋ, ਹਾਰਤਿ ਜੀਤੇ। ਇਮ ਹੋਵਤਿ ਸਿੱਖਨਿ ਬਿਪਰੀਤੇ[3]। ਸਤਿਸੰਗਤਿ ਮਹਿਂ ਨੀਵੇ ਚਲਹੁ। ਮਧੁਰ ਗਿਰਾ ਕਹਿ ਸਿੱਖਨਿ ਮਿਲਹੁ'॥ ੨੧॥ ਇਮ ਸੁਨਿਕੈ ਸਤਿਗੁਰ ਕੋ ਕਹਯੋ[4]। ਨੰਮ੍ਰੀ ਹੋਇ ਪਰਮਪਦ ਲਹਯੋ। ਇਕ ਚੱਢਾ[5] ਸੁੰਦਰ ਜਿਸ ਨਾਮ।ਗੁਰਸਿਖ ਹੁਤੋ ਆਗਰੇ ਧਾਮ ॥ ੨੨ ॥ ਮਿਲਹਿਂ ਸਿੱਖ ਧ੍ਰਮਸਾਲਾ ਮਾਂਹਿ। ਕਿਰਤਨ ਕਰਹਿ ਨਾਮ ਸਿਮਰਾਹਿ। ਜਹਾਂ ਭਜਨ ਕੋ ਕਰਤੇ ਦੇਖਹਿ। ਤਹਿਂ ਸੇਵਾ ਨਿਤ ਕਰਤਿ ਵਿਸ਼ੇਖਹਿ ॥ ੨੩ ॥ ਸ਼੍ਰੀ ਗੁਰ ਹਰਿ ਗੋਬਿੰਦ ਢਿਗ ਆਵਹਿ। ਤਥਾ ਭਾਉ ਧਰਿ ਸੇਵ ਕਮਾਵਹਿ। ਇਕ ਦਿਨ ਬੈਠਯੋ ਢਿਗ ਕਰਿ ਪਾਸ। ਹਾਥ ਬੰਦਿ ਬੋਲਯੋ ਅਰਦਾਸਿ ॥ ੨੪ ॥ 'ਸਤਿਗੁਰ ! ਕਿਸਿ ਬਿਧਿ ਸਿੱਖ ਉਧਾਰੈਂ ?। ਅਵਗੁਨ ਪਰਹਰਿ[6] ਗੁਨ ਨਿਸਤਾਰੈਂ[7] ?'। ਸੁਨਿ ਸ਼੍ਰੀ ਹਰਿਗੋਬਿੰਦ ਉਚਾਰਾ। 'ਹੋਤਿ ਸਤਿਗੁਰੂ ਚਾਰਿ ਪ੍ਰਕਾਰਾ ॥ ੨੫ ॥ ਸ਼੍ਰੀ ਨਾਨਕ ਚਾਰਹੁ ਮਹਿਂ ਬਡੇ। ਜਿਨ ਕੇ ਨਾਮ ਸੁਨਤਿ ਜਮ ਛਡੇ। ਇਕ ਗੁਰ ਭ੍ਰਿੰਗੀ ਕੇ ਸਮ ਹੋਇ। ਕਿਸੀ ਜਾਤਿ ਕੋ ਲੇ ਕ੍ਰਿਮ[8] ਸੋਇ ॥੨੬॥ ਨਿਜ ਘਰ ਧਰਿ ਦਰ ਪਰ ਥਿਰ ਘਨੈ। ਕਿਰਮ ਧਯਾਨ ਕਰਿ ਭ੍ਰਿੰਗੀ ਬਨੈ। ਕਿਸੀ ਜਾਤਿ ਕ੍ਰਿਮ ਨਿਜ ਸਮ ਕਰੈ[9]। ਨਹਿਂ ਸਭਿ ਬਨਹਿਂ ਸੁ ਜਾਨੀ ਪਰੈ[10] ॥ ੨੭ ॥ ਇਕ ਗੁਰ ਪਾਰਸ ਕੇ ਸਮ

[1]ਪਾਂਡਵਾਂ ਦੇ ਯੱਗ ਵਿਚ। [2]ਜਾਦੂ ਦੀ ਪੌੜੀ। [3]ਸਿੱਖਾਂ ਵਿਚ ਇਹ ਉਲਟ ਰੀਤ ਹੁੰਦੀ ਹੈ। [4]ਸਤਿਗੁਰੂ ਦਾ ਕਹਿਆ ਸੁਣ ਕੇ। [5]ਜਾਤ। [6]ਦੂਰ ਕਰਕੇ। [7]ਗੁਣ (ਦੇ ਕੇ) ਮੁਕਤ ਕਰਦੇ ਹਨ। [8]ਕੀੜੇ। [9]ਕਿਸੀ (ਖਾਸ) ਜਾਤ ਦਾ ਕੀੜਾ ਹੋਵੇ ਆਪਣੇ ਵਤ ਕਰ ਲੈਂਦੀ ਹੈ। [10]ਸਾਰੀ (ਕਿਸਮ ਦੇ) ਕੀੜੇ ਭ੍ਰਿੰਗੀ ਨਹੀਂ ਬਣਦੇ ਇਹ ਪਤਾ ਲੱਗਦਾ ਹੈ, ਭਾਵ ਕਿਸੇ ਇਕ ਜਾਤ ਦੇ ਕੀੜੇ ਨੂੰ ਆਪਣੇ ਵਰਗਾ ਕਰਦੀ ਹੈ।

ਅਹੈਂ। ਕਿਸ ਧਾਤੂ ਕੇ ਸੰਗ[1] ਜਿ ਛੁਹੈਂ। ਤਿਸ ਕੋ ਕੰਚਨ ਦੇਤਿ ਬਨਾਇ। ਨਿਜ ਗੁਨ ਦੇਤੇ ਨਹੀਂ ਕਦਾਇ[2] ॥ ੨੮ ॥ ਇਕ ਬਾਵਨ ਚੰਦਨ ਸਮ ਹੋਤਿ। ਜਬਿ ਤਿਸ ਪਰ ਰਿਤੁ ਹਿਤੁ ਉਦੋਤਿ[3]।ਨਿਕਟ ਬ੍ਰਿੱਛ ਚੰਦਨ ਕਰਿ ਲੇਤਿ। ਬਿਨ ਰੁਤਿ ਨਹਿਂ ਸੁਗੰਧਿਤਾ ਦੇਤਿ ॥ ੨੯ ॥ ਇਕ ਸਤਿਗੁਰ ਹੈਂ ਦੀਪ ਸਮਾਨ। ਤਿਨ ਸੋਂ ਮਿਲਹਿ ਜਿ ਦੀਪਕ ਆਨ[4]। ਅਪਨੇ ਸਮ ਹੀ ਲੇਤਿ ਬਨਾਇ। ਬਾਤੀ ਤੇਲ ਜਿ ਸਹਤਿ ਮਿਲਾਇ[5] ॥ ੩੦ ॥ ਸ੍ਰੀ ਗੁਰ ਨਾਨਕ ਪਰਮ ਕ੍ਰਿਪਾਲ। ਹੋਇ ਜਿ ਸਿਖ ਸਰਧਾ ਕੇ ਨਾਲ। ਸੁਨਹਿ ਪਠਹਿ ਸਤਿਗੁਰ ਕੀ ਬਾਨੀ। ਸਨੇ ਸਨੇ ਹੋਵੈ ਬ੍ਰਹਮਗਯਾਨੀ ॥ ੩੧ ॥ ਅਨੰਦ ਆਤਮਾ ਸੋ ਬਨਿ ਜਾਇ। ਰਹੈ ਸੁ ਅਪਰਨਿ ਤਥਾ ਬਨਾਇ।ਨਹੀਂ ਸਾਧਨਾ ਚਹੀਯਤਿ ਕੋਇ। ਮੇਲੀ ਸਤਿਸੰਗਤਿ ਕੋ ਹੋਇ ॥ ੩੨ ॥ ਇਸ ਤੇ ਹੀ ਪ੍ਰਾਪਤਿ ਕੱਲਯਾਨ। ਜਨਮ ਮਰਨ ਕੇ ਬੰਧਨ ਹਾਨਿ '। ਸੁਨਿ ਸੁੰਦਰ ਸੁੰਦਰ ਉਪਦੇਸ਼।ਸਤਿ ਸੰਗਤਿ ਭਾ ਪ੍ਰੇਮ ਵਿਸ਼ੇਸ਼ ॥੩੩॥ ਮੋਹਨ ਸਿਖ ਢਾਕੇ ਮਹਿਂ ਰਹੈ। ਗੁਰੁ ਸਿੱਖੀ ਕੇ ਗੁਨ ਮਨ ਚਹੈ। ਦਰਸ਼ਨ ਹੇਤੁ ਦੂਰਿ ਤੇ ਆਯੋ। ਜਥਾ ਸ਼ਕਤਿ ਭੇਟਨਿ ਅਰਪਾਯੋ ॥੩੪॥ ਮਸਤਕ ਟੇਕਤਿ ਧਰਤਿ ਅਨੰਦ। ਗੁਰੁ ਢਿਗ ਰਹਯੋ ਸੁ ਪ੍ਰੇਮ ਬਿਲੰਦ। ਇਕ ਦਿਨ ਬੈਠਿ ਕਰੀ ਅਰਦਾਸਿ। ਸਾਚੇ ਪਾਤਿਸ਼ਾਹ ਕੇ ਪਾਸ ॥ ੩੫ ॥ 'ਜਨਮ ਮਰਨ ਕੋ ਕਸ਼ਟ ਬਿਸਾਲ। ਕਰਹੁ ਮਿਟਾਵਨਿ, ਦੀਨ ਕ੍ਰਿਪਾਲੁ !'। ਸ੍ਰੀ ਮੁਖ ਕਹਯੋ 'ਨ ਆਪ ਪਛਾਨਾ। ਬਿਨ ਨਿਜ ਜਾਨੇ ਕਸ਼ਟ ਮਹਾਨਾ ॥ ੩੬ ॥ ਕਹਹੁ ਸਰੂਪ ਕਵਨ ਤੈਂ ਜਾਤਾ?। ਜਿਸ ਕੇ ਹਿਤ ਮਹਿਂ ਨਿਤ ਚਿਤ ਰਾਤਾ'। 'ਹਮ ਮਾਨੁਖ ਤਨ ਰੂਪ ਸੁ ਹੇਰੇ। ਸਾਚੇ ਪਾਤਿਸ਼ਾਹ ! ਸਿਖ ਤੇਰੇ' ॥ ੩੭ ॥ ਸੁਨਿ ਗੁਰੁ ਕਹਯੋ 'ਸਰੀਰ ਜਿ ਸਾਰੇ। ਪੰਚਤੱਤ ਕੇ ਲੇਹੁ ਬਿਚਾਰੇ।ਤਨ ਜਨਮੇ ਤੇ ਪੂਰਬ ਅਹੈ। ਬਿਨਸੇ ਤੇ ਪੁਨ ਪਾਛੇ ਰਹੈ ॥ ੩੮ ॥ ਸੋ ਤਨ ਗੁਰੁ ਅਰੁ ਸਿਖ ਕੋ ਸਮ ਹੈ[6]।

---

[1]ਕਿਸੇ ਇਕ ਧਾਤੂ ਨਾਲ। [2]ਕਦੇ ਬੀ। ਭਾਵ ਪਾਰਸ ਕਿਸੇ ਧਾਤ ਨੂੰ ਪਾਰਸ ਨਹੀਂ ਬਣਾ ਸਕਦਾ। [3]ਹਿਤ ਵਾਲੀ ਰਿਤੁ ਉਦੇ ਹੁੰਦੀ ਹੈ, ਭਾਵ ਖਾਸ ਰੁਤ। [4]ਦੀਵੇ ਹੋਰ। [5]ਉਸ ਵਿਚ ਜੇ ਤੇਲ ਤੇ ਵੱਟੀ ਹੋਵੇ ਤਾਂ। [6]ਗੁਰੂ ਤੇ ਸਿੱਖ ਦਾ ਸਰੀਰ (ਉਪਜਨ ਬਿਨਸਨ ਕਰਕੇ) ਸਮ ਹੈ। (ਉਂਞ ਦਸਾਂ ਪਾਤ-ਸ਼ਾਹੀਆਂ ਦਾ ਸਰੀਰ ਮਾਯਾ ਦੀ ਸ਼ੁੱਧ ਅਤੇ ਗੁਣ ਪ੍ਰਧਾਨ ਅੰਸ਼ ਤੋਂ ਬਣਿਆਂ ਸੀ, ਤੇ ਜੀਵਾਂ ਦਾ ਸਰੀਰ ਤਮੋਗੁਣ ਪ੍ਰਧਾਨ ਪ੍ਰਕ੍ਰਿਤੀ ਤੋਂ ਬਣਦਾ ਹੈ। ਕਵਿ ਜੀ ਦੀ ਮੁਰਾਦ ਏਥੇ ਗੁਰਮੁਖ ਅਰਥਾਤ ਮੁਰਸ਼ਦ ਤੋਂ ਹੈ, ਦਸਾਂ ਪਾਤਸ਼ਾਹੀਆਂ ਤੋਂ ਨਹੀਂ ਜੋ ਕਾਰਕ ਤੇ ਅਵਿਤਾਰ ਸ਼ਿਰੋਮਣਿ ਸਨ)।

ਤਿਮ ਪ੍ਰਮਾਤਮਾ ਨਹਿਂ ਕਿਮਿ* ਕਮ ਹੈ[1]। ਨਹਿਂ ਜਨਮਤਿ ਨਹਿਂ ਮਰਤਾ ਸੋਇ[2]। ਸਾਖੀ ਰੂਪ ਏਕ ਸਮ ਹੋਇ ॥ ੩੯ ॥ ਗੁਰ ਸਿਖ ਮਨ ਕੋ ਭੇਦ ਬਿਸਾਲਾ[3]। ਗੁਰ ਕੋ ਉੱਜਲ, ਸਿਖ ਕੋ ਕਾਲਾ। ਇਕ ਹੈ ਸ਼ੁੱਧ ਅਸ਼ੁੱਧ ਸੁ ਦੂਜਾ। ਆਇ ਸ਼ਰਨਿ ਜਬਿ ਕਰਿ ਹੈ ਪੂਜਾ॥ ੪੦॥ ਗੁਰ ਕੋ ਸ਼ਬਦ ਸ੍ਰਵਨ ਮਗ[4] ਜਾਇ। ਰਿਦੇ ਪ੍ਰਵੇਸ਼ਹਿ ਥਿਰਤਾ ਪਾਇ। ਸਨੈ ਸਨੈ ਸਿਖ ਮਨ ਜੁ ਮਲੀਨ। ਉੱਜਲ ਕਰਹਿ, ਬਨਹਿ ਮਲ ਹੀਨ ॥੪੧॥ ਪੁਨ ਅਪਨੋ ਸਿਖ ਰੂਪ ਪਛਾਨੈ। ਦੇਹ ਅਹੰਤਾ ਸਗਰੀ ਹਾਨੈ।ਲੱਖ ਜੀਵ ਅਰੁ ਈਸ਼ਰੁ ਕੇਰਾ। ਸਤਿਚਿਤ ਆਨੰਦ ਏਕਹਿ ਹੇਰਾ[5] ॥੪੨॥ ਵਾਚ ਦੁਹਨਿ ਕੋ ਭਿੰਨ ਪਛਾਨੋ। ਜੀਵ ਵਾਚ ਅਲਪੱਗ ਮਹਾਨੋ । ਈਸ਼ਰੁ ਵਾਚਯ ਅਹੈ ਸਰਬੱਗਯ[6] । ਜਾਨਤਿ ਨੀਕੇ ਜੋਇ ਤਤੱਗਯ ॥ ੪੩ ॥ ਇਕ ਉੱਜਲ ਇਕ ਤਾਲ[7] ਮਲੀਨ। ਰਵਿ,ਪ੍ਰਤਿਬਿੰਬ ਦੁਹਿਨ ਮਹਿਂ ਚੀਨ[8]। ਜਲ ਮਲੀਨ ਮਹਿਂ ਮੈਲੋ ਭਾਸੈ। ਉੱਜਲ ਹੁਇ, ਉੱਜਲ ਜਲ ਆਸ਼ੈ[9] ॥੪੪॥ ਸ਼ੁੱਧ ਸਤੋਗੁਨ ਮਾਯਾ ਮਾਂਹਿ। ਬ੍ਰਹਮ ਪ੍ਰਤਿਬਿੰਬ[10] ਸੁ ਈਸ਼੍ਵਰ ਆਹਿ† । ਮਲਿਨ ਅਵਿੱਦ੍ਯਾ ਤਮ ਗੁਣ ਬਿਖੈ। ਬ੍ਰਹਮ ਪ੍ਰਤਿਬਿੰਬ ਜੀਵ ਤਿਹ ਪਿਖੈ‡ ॥ ੪੫ ॥ ਈਸ਼ੁਰ ਮਹਿਂ ਖਟ ਗੁਨ ਕੋ ਜਾਨਿ। ਜਾਂਤੇ ਕਹੀਅਤਿ ਹੈ ਭਗਵਾਨ। ਖਟ ਬਿਕਾਰ ਜੁਤ ਜੀਵ ਰਹੰਤਿ[11]। ਭਿੰਨ ਭਿੰਨ ਸੁਨਿ ਸਭਿ ਬਿਰਤੰਤ ॥ ੪੬ ॥ ਜਸੁ, ਐਸ਼੍ਵਰਜ, ਵਿਰਾਗ,ਉਦਾਰ[12]। ਲਛਮੀ, ਗ੍ਯਾਨ ਸੁ ਪੂਰਨ ਧਾਰਿ‡। ਖਟ

---

[1]ਤਿਵੇਂ ਪ੍ਰਮਾਤਮਾ ਬੀ (ਦੁਹਾਂ ਵਿਚ) ਕਿਸੇ ਤਰ੍ਹਾਂ ਘੱਟ ਨਹੀਂ, ਭਾਵ ਜਿਵੇਂ ਗੁਰ ਸਿੱਖ ਦੁਹਾਂ ਦੇ ਸਰੀਰ ਪੰਜਾਂ ਤੱਤਾਂ ਦੇ ਹਨ, ਤਿਂਵੇਂ ਵ੍ਯਾਪਕ ਪ੍ਰਮਾਤਮਾ ਬੀ ਦੁਹਾਂ ਵਿਚ ਸਮ ਹੈ, ਅੱਗੇ ਖੁਹਲਦੇ ਹਨ। [2]ਭਾਵ ਪ੍ਰਮਾਤਮਾ। [3](ਪ੍ਰਸ਼ਨ—ਫੇਰ ਫਰਕ ਕੀ ਹੈ ?। ਉੱਤਰ) ਗੁਰੂ ਅਤੇ ਸਿੱਖ ਦੇ ਮਨ ਦਾ ਬੜਾ ਭੇਦ ਹੈ। [4]ਕੰਨਾਂ ਰਾਹੀਂ। [5]ਜੀਵ ਤੇ ਈਸ਼੍ਵਰ ਦਾ ਲਕੜ੍ਹ ਇਕੋ ਸਤ ਚਿਤ ਆਨੰਦ ਹੈ। [6]ਜੀਵ ਦਾ ਵਾਚ੍ਯ ਅਲਪੱਗ੍ਯ ਹੈ ਬ੍ਰਹਮ ਦਾ ਸਰਬੱਗ੍ਯ ਹੈ। [7]ਤਲਾਉ। [8]ਵੇਖੋ। [9]ਉੱਜਲ ਜਲ ਵਾਲੇ ਥਾਂ ਪ੍ਰਤਿਬਿੰਬ ਉੱਜਲ ਹੁੰਦਾ ਹੈ। [10]ਬ੍ਰਹਮ (ਦਾ) ਅਕਸ। [11]ਰਹਿੰਦੇ ਹਨ। [12]ਉਦਾਰਤਾ।

*ਪਾਃ—ਕਿਤ।

†ਨਿਰਮਲ ਜਲ ਵਾਂਙੂ ਸੁਧ ਮਾਇਆ ਵਿਚ ਜੋ ਬ੍ਰਹਮ ਦਾ ਪ੍ਰਤਿਬਿੰਬ ਪੈਂਦਾ ਹੈ ਸੋ 'ਈਸ਼੍ਵਰ' ਹੈ, ਮਲੀਨ ਮਾਯਾ ਅਰਥਾਤ ਅਵਿੱਦ੍ਯਾ ਤਮੋਗੁਣ ਵਿਚ ਬ੍ਰਹਮ ਦਾ ਪ੍ਰਤਿਬਿੰਬ 'ਜੀਵ' ਹੈ।

‡ਇਹ ਈਸ਼੍ਵਰ ਦੇ ਗੁਣ ਕਹੇ ਹਨ। 'ਸਿੱਖਾਂ ਦੀ ਭਗਤਮਾਲ' ਵਿਚ ਏ ਛੇ ਗੁਣ ਐਉਂ ਗਿਣੇ ਹਨਃ—ਧਰਮ, ਜਸ, ਗਿਆਨ, ਵੈਰਾਗ, ਸ੍ਰਿਆ, ਸਮਤਾ। ਆਮ ਪ੍ਰਸਿੱਧ ਇੰਵ ਹਨਃ—ਬਲ, ਐਸ਼੍ਵਰਜ, ਅਰ ਲੱਛਮੀ, ਯਸ, ਵੈਰਾਗ, ਗ੍ਯਾਨ। ਇਸਤ੍ਰੀ ਮੇਂ ਹੁਇਂ ਭਗਵਤੀ, ਪੁਰਖ ਹੋਇਂ ਭਗਵਾਨ।

ਬਿਕਾਰ:—ਜਨਮਨਿ ਅਰੁ ਮਰਨੇ। ਇਹ ਸਰੀਰ ਕੇ ਦੋਨਹੁ ਬਰਨੇ ॥੪੭॥ ਛੁਧਾ, ਤ੍ਰਿਖਾ, ਦੁਇ ਪ੍ਰਾਨਨਿ ਕੇਰ[1]। ਹਰਖ, ਸ਼ੋਕ, ਮਨ ਕੇ ਜੁਗ ਹੇਰਿ। ਸਾਖੀ ਰੂਪ ਬ੍ਰਹਮ ਨਿਰਲੇਪ। ਮੁਕਤਿ ਹੋਤਿ ਲਖਿ ਬਿਨਾ ਵਿਖੇਪ' ॥੪੮॥ ਸੁਨਿ ਸਿੱਖਨਿ ਪੁਨ ਪ੍ਰਸ਼ਨ ਉਠਾਯੋ।'ਤੁਮਨੇ ਸੱਤਿਨਾਮ ਹੀ ਗਾਯੋ'। ਸਤਿਗੁਰੁ ਕਹ੍ਯੋ 'ਲਖਹੁ ਮਨ ਮਾਂਹੁ। ਜਥਾ ਮਹਾਨ ਬੇਗ ਪਰਵਾਹੁ[2] ॥ ੪੯ ॥ ਇਕ ਭੁਜ ਬਲ ਤੇ ਪਰਤੇ ਪਾਰ। ਐਸੇ ਬਿਰਲੇ ਰਿਦੇ ਬਿਚਾਰ। ਚਢਿ ਬੇਰੇ ਪਰ ਸਭਿ ਕੋ ਤਰੈ। ਸੁਖ ਕੇ ਸਾਥ ਪਾਰ ਸੋ ਪਰੈ ॥ ੫੦॥ ਤਿਮ ਜਾਨਹੁ ਸਤਿਨਾਮ ਜਹਾਜੂ। ਜਪਤਿ ਪੁਰਹਿ ਸਭਿ ਮਨ ਕੇ ਕਾਜੂ। ਅੰਤ ਸਹਾਇਕ ਬਨਹਿ ਬਿਸਾਲਾ। ਨਾਸਹਿ ਕਸ਼ਟ ਸਰਬਦਾ ਕਾਲਾ ॥ ੫੧ ॥ ਕਲਿ ਮਹਿਂ ਇਸ ਕੇ ਸਮ ਨਹਿਂ ਦੂਜਾ। ਸਿਮਰਹਿ ਨਾਮ ਰਿਦੇ ਨਿਤ ਪੂਜਾ। ਜੇ ਨਿਤ ਜਪਹਿਂ ਸਿ ਮਾਨਵ ਧੰਨ।ਲਿਵ ਲਾਗੇ ਪ੍ਰਭੁ ਹੋਹਿ ਪ੍ਰਸੰਨ॥ ੫੨॥ਗ੍ਰਿਹਸਤੀ ਰਹੈ ਕਿ ਹੁਇ ਸੰਨਿਆਸੀ।ਜਪੈ ਨਾਮ ਨਹਿਂ ਜਮ ਕੀ ਫਾਸੀ॥ ਊਚ ਨੀਚ ਹੁਇ ਰੰਕ ਕਿ ਰਾਉ। ਸਿਮਰਹਿ ਨਾਮ ਜਿ ਸਹਿਜ ਸੁਭਾਊ ॥ ੫੩ ॥ ਤਿਨ ਕੇ ਸਮ ਕੋ ਹੋਤਿ ਨ ਆਨ। ਦਿਜ ਤਪ ਬ੍ਰਤ ਜੋ ਕਰਹਿ ਮਹਾਨ। ਯਾਂਤੇ ਸਦਾ ਨਾਮ ਉਰ ਧਾਰਹਿ। ਆਪ ਤਰਹਿ ਅਰੁ ਪਿਤਰਨਿ ਤਾਰਹਿ' ॥੫੪॥ ਸੁਨਿ ਸਗਰੇ ਸਿਖ ਆਨੰਦ ਪਾਯੋ। ਸੱਤਿਨਾਮ ਕੋ ਰਿਦੇ ਬਸਾਯੋ। ਸਿਮਰਤਿ ਉਧਰੇ ਸਿੱਖ ਕਰੋਰ। ਬਰਨਤਿ ਕੌਨ ਲਹੈ ਤਿਨ ਓਰਿ[3] ॥ ੫੫ ॥ ਸਿੱਖਨਿ ਕੋ ਗੁਰਮਤਿ ਹਿਤ ਦੈਬੇ। ਸਿੱਖੀ ਕੇ ਹਿਤ ਗ੍ਰਹਨ ਕਰੈਬੇ। ਕੁਛ ਸਿੱਖਨਿ ਕੀ ਕਥਾ ਸੁਨਾਈ। ਜਿਨ ਮਹਿਂ ਬਰਨੇ ਗੁਨ ਸਮੁਦਾਈ ॥੫੬॥ ਦੋਹਰਾ ॥ ਬਡੇ ਭਾਗ ਜਿਸ ਕੇ ਅਹੈਂ ਲੇ ਗੁਰਮਤਿ ਕੋ ਪਾਇ। ਆਪ ਤਰੈ ਸੰਗੀ ਤਰੈਂ ਕਸ਼ਟ ਸਮਸਤ ਨਸਾਇ ॥ ੫੭ ॥ ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪੰਚਮ ਰਾਸੇ 'ਸਿਖਨਿ' ਪ੍ਰਸੰਗ ਬਰਨਨੰ ਨਾਮ ਖਸ਼ਟ ਚਤੁਵਾਰਿੰਸਤੀ ਅੰਸੂ ॥ ੪੬ ॥

੪੭. [ਮਾਈ ਭਾਗਭਰੀ ਦਾ ਪ੍ਰੇਮ]।

ਦੋਹਰਾ॥ਸ਼੍ਰੀ ਅਰਜਨ ਕਸ਼ਮੀਰ ਮਹਿਂ ਸੋਢੀ ਮਾਧੋ ਦਾਸ। ਪਠ੍ਯੋ ਤਹਾਂ ਤਿਸ ਨੇ ਕਰੀ ਸਿੱਖੀ ਮਹਿਦ ਪ੍ਰਕਾਸ਼॥੧॥ ਚੌਪਈ॥ਜੋ ਜਿਸ ਨੇ ਜਸ ਬਾਂਛਾ ਕਰੀ। ਪਾਇ ਸੁ ਗੁਰੁ ਮਹਿਂ ਸ਼ਰਧਾ ਧਰੀ। ਪਾਹੁਲ ਪਦ ਪਖਾਰ ਕਰਿ ਲੀਨੀ।

---

[1]ਦੋਵੇਂ ਪ੍ਰਾਣਾਂ ਦੇ ਵਿਕਾਰ ਹਨ। [2]ਜਿਵੇਂ ਪ੍ਰਵਾਹ ਦਾ ਵੇਗ ਬੜਾ (ਤ੍ਰਿੱਖਾ) ਹੋਵੇ। [3]ਓੜਕ,ਅੰਤ।

ਗੁਰੁ ਸਿੱਖੀ ਕੀ ਮਹਿਮਾ ਚੀਨੀ ॥ ੨ ॥ ਪਠਹਿਂ ਸ਼ਬਦ ਪੰਚਾਂਮ੍ਰਿਤ ਕਰਹਿਂ। ਗੁਰ ਹਿਤ ਬਰਤਾਵਹਿਂ ਅਘ ਹਰਹਿਂ। ਮੇਲਿ ਕਰਹਿਂ ਸਿਖ ਆਪਸਿ ਮਾਂਹੀ। ਸੁਨਿ ਹੈਂ ਕਿਰਤਨ ਬਹੁ ਸੁਖ ਪਾਹੀਂ ॥੩॥ ਗੁਰ ਕੀ ਕਾਰ ਇਕੱਤ੍ਰੇ ਕਰਿਕੈ। ਅਰਪਹਿਂ ਬੰਦਹਿਂ ਸ਼ਰਧਾ ਧਰਿਕੈ। ਸਿੱਖੀ ਕੋ ਹੋਯਹੁ ਬਿਸਤਾਰ। ਸਿਮਰਨ ਲਗੇ ਨਾਮ ਕਰਤਾਰ ॥੪॥ ਇਕ ਤੌ ਮਨ ਬਾਂਛਤਿ ਕੋ ਪਾਵੈਂ। ਦੁਤੀਏ ਮਗ ਸੁਖੇਨ ਦਰਸਾਵੈਂ। ਤ੍ਰਿਤੀਏ ਦੋਨਹੁਂ ਲੋਕ ਭਲੇਰਾ। ਸਭਿ ਤੇ ਗੁਰਮਤਿ ਜਾਨਿ ਉਚੇਰਾ ॥੫॥ ਬਿਪ੍ਰ ਆਦਿ ਸਭਿ ਅੰਗੀਕਾਰਾ। ਦੇਂ ਦਸਵੰਧ ਗੁਰੂ ਕੀ ਕਾਰਾ। ਭਏ ਹਜ਼ਾਰਹੁਂ ਘਰ ਸਿੱਖ ਗੁਰੁ ਕੇ। ਜੀਵਤਿ ਹੀ ਹੋਏ ਸਮ ਸੁਰ ਕੇ[1] ॥ ੬ ॥ ਸੇਵਾ ਦਾਸ ਬਿੱਪ੍ਰ ਇਕ ਤਹਾਂ। ਸਿਦਕ ਕਰਹਿ ਸਿੱਖੀ ਮਹੁ ਮਹਾਂ। ਪੰਚਾਂਮ੍ਰਿਤ ਕਰਾਇ ਬਹੁ ਬਾਰੀ। ਕਰਹਿ ਮੇਲਿ ਸੰਗਤਿ ਕੌ ਭਾਰੀ ॥ ੭ ॥ ਪਠਹਿ ਸੁਨਹਿ ਗੁਰ ਸ਼ਬਦ ਮਹਾਨਾ। ਪ੍ਰੇਮ ਕਰਹਿ ਸਤਿਸੰਗਿ ਸੁਜਾਨਾ। ਨਿਜ ਸੁਤ ਕੀ ਦਿਸ਼ਿ ਜਨਨੀ ਹੇਰਾ। ਉਪਜਯੋ ਹਿਰਦੇ ਪ੍ਰੇਮ ਬਡੇਰਾ ॥ ੮ ॥ ਸਤਿਸੰਗਤਿ ਕੀ ਪੰਕਤਿ ਜਹਾਂ। ਸੁਨਤਿ ਸ਼ੀਘ੍ਰ ਹੀ ਪਹੁੰਚਹਿ ਤਹਾਂ। ਸਤਿਗੁਰ ਕੇ ਗੁਨ ਸੁਨਹਿ ਅਛੇਰੇ। ਹੇਰਹਿਂ ਪ੍ਰੇਮ ਏਕ ਜਨ ਕੇਰੇ[2] ॥੯॥ ਧਨ ਆਦਿਕ ਜੇ ਅਪਰ ਬਡਾਈ। ਤਿਨਹੁਂ ਨ ਮਾਨਹਿਂ ਮਨ ਸੁਖਦਾਈ। ਸ਼ਰਧਾ ਕਰੇ ਭਾਵਨਾ ਠਾਨਹਿਂ। ਉਰ ਸੇਵਕ ਕੇ ਪ੍ਰੇਮ ਪਛਾਨਹਿਂ-॥੧੦॥ ਬੂਝਤਿ ਰਹਹਿ ਪੁੱਤ੍ਰ ਕੇ ਪਾਸ। 'ਕਿਮ ਸੁਭਾਵ? ਕਹੁ ਸੇਵਾ ਦਾਸ!। ਬਸਹਿਂ ਦੂਰਿ ਕਿਮ ਦਰਸ਼ਨ ਦੇਹਿਂ ?। ਜਾਨਹਿਂ ਨਹੀਂ ਕਿ ਜਨਨਿ ਸਨੇਹ[3] ?॥੧੧॥ ਬਿਨ ਦਰਸ਼ਨ ਤੇ ਤ੍ਰਿਪਤਿ ਨ ਮੋਹੀ। ਮਿਲਹਿਂ ਜਬਹਿ, ਨਹਿਂ ਸੰਸੈ ਹੋਹੀ[4]। ਤੀਨ ਲੋਕਪਤਿ ਕੇਰ ਸੁਭਾਊ। ਦਾਸਨਿ ਸੰਗਿ ਫਿਰਹਿਂ ਹਰ ਥਾਊ ॥੧੨॥ ਨਾਮ-ਦੇਵ ਅਰੁ ਭਗਤ ਕਬੀਰ। ਰਹੇ ਸੰਗ ਇਨ ਗੁਨੀ ਗਹੀਰ। ਬਾਂਧੀ ਛਪਰੀ ਕਾਰਜ ਕੀਨਾ। ਬਿਠੁਲ[5] ਦੇਹੁਰਾ ਫੇਰਿ ਸੁ ਦੀਨਾ ॥ ੧੩ ॥ ਕੇਤਿਕ ਗਿਨੀਅਹਿ ਗੁਨ ਤਿਨ ਕੇਰੇ। ਭਗਤਨਿ ਕਾਜ ਕਰੇ ਫਿਰ ਫੇਰੇ[6]। ਸਤਿਗੁਰ

---

[1] ਦੇਵਤਿਆਂ ਜੇਹੇ। [2] ਦਾਸ ਦਾ (ਕੇਵਲ) ਇਕ ਪ੍ਰੇਮ ਹੀ ਦੇਖਦੇ ਹਨ (ਗੁਰੂ ਜੀ)। [3] ਦਾਸਾਂ ਦਾ ਪ੍ਰੇਮ ਜਾਣਦੇ ਹਨ ਕਿ ਨਹੀਂ? [4] ਜਦੋਂ ਮਿਲਨਗੇ ਫਿਰ ਸ਼ੰਸੇ ਨਹੀਂ ਰਹੇਗਾ? [5] ਵਯਾਪਕ ਪਰਮੇਸ਼ੁਰ ਨੇ। [ਬੀ=ਉਤਪਤੀ। ਠ=ਠਹਰਾਉਣਾ। ਲ=ਲੈਅ ਕਰਨਾ, ਨਾਸ਼ ਕਰਨਾ। ਉਤਪਤੀ, ਪਾਲਨਾ ਤੇ ਲੈਤਾ ਕਰਨ ਵਾਲਾ ਪ੍ਰਮੇਸ਼ੂਰ]। (ਅ) (ਬਿਠ=) ਇਟ ਦਾ ਜਿਸ ਨੇ ਆਸਣ ਲਿਆ ਹੋਵੇ (=ਪੁੰਡਰੀਕ)। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਇਉਂ ਦੱਸਿਆ ਹੈ:-ਈਭੈ ਬੀਠਲੁ ਊਭੈ ਬੀਠਲੁ ......ਭਾਵ ਵਿਆਪਕ ਭਗਵਾਨ। [6] ਕਈ ਵਾਰ। (ਅ) ਫਿਰ ਫਿਰ ਕੇ।

ਹੈਂ ਤਿਨਕੇ ਅਵਿਤਾਰ[1] । ਸਿੱਖਜਨਿ ਕਾਜ ਸੁਧਾਰਣਿਹਾਰਿ ॥ ੧੪ ॥ ਸ੍ਰੀ ਨਾਨਕ ਆਦਿਕ ਗੁਰੁ ਭਏ। ਦੇਖਿ ਪ੍ਰੇਮ ਸਿੱਖਜਨਿ ਕੋ ਗਏ। ਸੁਨਿਯਤਿ ਅਹੈ ਸ਼ਾਹਦੀ ਸਾਰੇ[2] । ਆਦਿ ਸਿੰਗਲਾਦੀਪ ਸਿਧਾਰੇ ॥ ੧੫ ॥ ਦੇਖਯੋ ਨ੍ਰਿਪ ਕੋ ਪ੍ਰੇਮ ਬਡੇਰੇ। ਕਰਯੋ ਨਿਹਾਲ ਗਏ ਤਿਸ ਡੇਰੇ। ਮੈਂ ਐਸੇ ਗੁਨ ਸਿਮਰਨਿ ਕਰੌਂ। ਹੇਰਨਿ ਹੇਤੁ ਪ੍ਰੇਮ ਉਰ ਧਰੌਂ" ॥ ੧੬ ॥ ਸੇਵਾਦਾਸ ਪੁਤ੍ਰ ਸੁਨਿ ਕਾਨ। ਕਹਯੋ 'ਜਿ ਹਮਰੇ ਭਾਗ ਮਹਾਨ । ਜਾਨਹਿੰ ਪ੍ਰੇਮ ਰਿਦੇ ਕੋ ਜਬੈ। ਦੇਹਿੰ ਦਰਸ ਆਵਹਿੰ ਗੁਰੁ ਤਬੈ' ॥ ੧੭ ॥ ਇਮ ਕਹਿ ਸੁਨਿਕੈ ਬ੍ਰਿਧਾ ਮਹਾਨੀ। ਗੁਰ ਦੇਖਨਿ ਹਿਤ ਪ੍ਰੀਤੀ ਠਾਨੀ। ਇੱਤਜਾਦਿਕ ਗੁਨ ਕਰਹਿ ਬਿਚਾਰਨਿ। ਅਪਰ ਕਹਾਂ ਲਗਿ ਕਰੌਂ ਉਚਾਰਨਿ ॥ ੧੮ ॥ ਨਿਤਪ੍ਰਤਿ ਗੁਰੁ ਗੁਨ ਨਏ ਬਿਚਾਰਹਿ । ਦਰਸ਼ਨ ਕੋ ਸਨੇਹ ਉਰ ਧਾਰਹਿ। ਪੁਨ ਉਪਾਇ ਇਕ ਰਚਯੋ ਨਵੀਨ। ਦੁਰਲਭ ਤੂਲ[3] ਮੋਲ ਬਡਿ ਲੀਨਿ ॥੧੯ ॥ ਨਿਜ ਹਾਥਨਿ ਤੇ ਤੁੰਬਨ ਕਰਿਕੈ। ਬੀਨਿ ਬੀਨਿ ਤਿਹ ਭਲੋ ਸੁਧਰਿਕੈ। ਗੁਰੁ ਗੁਨ ਗਾਵਤਿ ਕਰਤਿ ਸੁ ਕਾਰ। ਕਾਤਹਿ ਸੂਖਮ ਸੂਤ ਸੁਧਾਰਿ ॥ ੨੦ ॥ ਇਕ ਸਮ ਕਰਿਕੈ ਬਟੋ ਚਢਾਵਹਿ[4] । ਚਰਖਾ ਫੇਰਹਿ ਸੂਤ ਬਨਾਵਹਿ। ਸਹਤ ਪ੍ਰੀਤ ਕੇ ਕਰਹਿ ਅਟੇਰਨਿ। ਦਿਨਪ੍ਰਤਿ ਅਭਿਲਾਖਤਿ ਗੁਰੁ ਹੇਰਨਿ ॥ ੨੧ ॥ 'ਹੇ ਪ੍ਰਭੁ ਮੈਂ ਬਿਰਧਾ ਬਹੁ ਹੋਈ। ਨਹੀਂ ਸਮਰਥ ਗਮਨਿ ਕੀ ਕੋਈ।ਪੰਥ ਪਹਾਰਨਿ ਕੋ ਬਹੁ ਦੂਰਿ[5]।ਊਚ ਨੀਚ ਥਲ ਲਖੀਯਤਿ ਭੂਰ ॥ ੨੨ ॥ ਨਾਂਹਿ ਤ ਮੈਂ ਅੰਮ੍ਰਿਤਸਰ ਆਵਤਿ। ਨਿਜ ਕਰ ਸੋਂ ਅੰਬਰ[6] ਪਹਿਰਾਵਤਿ। ਸ਼ਕਤਿ ਹੀਨ ਕਿਮ ਗਮਨੌਂ ਸ੍ਵਾਮੀ। ਸਭਿ ਘਟ ਬਜਾਪਕ ਅੰਤਰਜਾਮੀ ! ॥ ੨੩ ॥ ਦਾਸਨਿ ਕਰਹੁ ਕਾਮਨਾ ਪੂਰਨ। ਹੇਰਿ ਪ੍ਰੇਮ ਕੋ ਪਹੁੰਚਹੁ ਤੂਰਨ। ਸ਼ਾਸਤ੍ਰ ਬੇਦ ਸ੍ਰੀ ਗ੍ਰਿੰਥ ਮਝਾਰਾ। ਸੁਨਯੋ ਆਪ ਕੋ ਬਿਰਦ ਉਦਾਰਾ' ॥੨੪॥ ਇਸ ਪ੍ਰਕਾਰ ਚਿਤਵਨਿ ਚਿਤ ਧਰਿਤੀ। ਬਸਤ੍ਰ ਬੁਨਾਵਨਿ ਕੀ ਕ੍ਰਿਤ ਕਰਿਤੀ। ਗ੍ਰਿਹਿ ਕੁਬਿੰਦ[7] ਕੇ ਤਬਿ ਚਲਿ ਗਈ। ਸੂਤ ਬੁਨਾਵਨਿ ਦੇਤਿ ਸੁ ਭਈ ॥ ੨੫ ॥ ਅਧਿਕ ਮਜੂਰੀ ਦੇ ਕਰਿ ਤਾਂਹਿ। ਮੁਖ ਤੇ ਮ੍ਰਿਦੁਲ ਗਿਰਾ ਕੋ ਪ੍ਰਾਹਿ। 'ਅਤਿ ਪ੍ਰਿਅ ਪਟ ਕੋ ਕਾਰਜ ਮੇਰਾ। ਕਰਹਿੰ

[1]ਭਾਵ ਤੀਨ ਲੋਕ ਪਤੀ ਪਰਮੇਸ਼ੁਰ ਦੇ ਅਵਤਾਰ ਹਨ । [2]ਸਭ ਥਾਂ ਤੋਂ ਸਾਫ (ਉਗਾਹੀ) ਸੁਣੀਂਦੀ ਹੈ । [3]ਰੂਈ। [4]ਵੱਟ ਚੜ੍ਹਾਂਵਦੀ ਹੈ (ਅਥਵਾ ਪੂਣੀਆਂ ਕੱਤਦੀ ਹੈ) । [5]ਪਹਾੜਾਂ ਦਾ ਰਾਹ ਤੇ ਬਹੁਤ ਦੂਰ (ਦਾ ਪੈਂਡਾ ਹੈ) । [6]ਕੱਪੜਾ । [7]ਜੁਲਾਹੇ ।

ਨੀਕ,ਉਪਕਾਰਹਿ ਤੇਰਾ[1] ॥ ੨੬ ॥ ਕਹਿ ਬਹੁ ਬਾਰਿ ਭਲੋ ਬੁਨਿਵਾਯੋ। ਪੁਨ ਮਿਹਨਤ ਬਹੁ ਦੀਨਿ ਧੁਵਾਯੋ। ਘਰ ਮਹਿਂ ਇਕ ਸਥਾਨ ਸੁਧਾਰਾ। ਗੁਰੁ ਹਿਤ ਕਲਪਯੋ ਰਿਦੇ ਮਝਾਰਾ॥ ੨੭ ॥ ਲਿੰਪਨਿ ਕਰਿ ਤਹਿਂ ਧੂਪ ਧੁਖਾਵਹਿ । ਅਧਿਕ ਸੁਗੰਧਤਿ ਪੁਸ਼ਪ ਚਢਾਵਹਿ । ਘ੍ਰਿਤ ਕੋ ਦੀਪਕ ਰਾਖਹਿ ਬਾਰ। ਚੰਦਨ ਕੋ ਚਰਚੈ ਮਹਿਕਾਰ ॥ ੨੮ ॥ ਇਕ ਚੌਂਕੀ ਤਹਿਂ ਕੀਨਿ ਡਸਾਵਨਿ। ਬਹੁ ਪਾਵਨ ਕਰਿ ਨਈ ਬਨਾਵਨਿ। ਤਿਸਪਰ ਰਾਖਯੋ ਬਸਤ੍ਰ ਸੁਧਾਰਿ। ਕਰਿ ਨੀਕੇ ਫੂਲਨਿ ਬਿਸਤਾਰ ॥ ੨੯ ॥ ਸਤਿਗੁਰੁ ਸਮ ਪੂਜਹਿ ਕਰ ਬੰਦਿ। ਦਿਨ ਪ੍ਰਤਿ ਸ਼ਰਧਾ ਵਧਹਿ ਬਿਲੰਦ। ਬਿਨੈ ਬਖਾਨਹਿ ਖਰੀ ਅਗਾਰੀ। ਨਈਬੇਦ[2] ਅਰਪੈ ਹਿਤ ਧਾਰੀ ॥ ੩੦ ॥ ਦੋਨਹੁ ਸਮੈਂ ਅਰਚਨਾ ਕਰਿਹੀ। ਗੁਰੁ ਸਮਸਰ ਕੀ ਸ਼ਰਧਾ ਧਰਿਹੀ। ਕਰਹਿ ਅਰਾਧਨਿ ਉਰ ਕਰ ਬੰਦਿ।'ਗੁਰ ਅਰਜਨ ਸੁਤ ਹਰਿਗੋਵਿੰਦ॥ ੩੧ ॥ਪੂਰਨਿ ਕਰਹੁ ਜਾਨਿ ਮਮ ਆਸ਼ਾ। ਪਗ ਪੰਕਜ ਕੋ ਹੈ ਭਰਵਾਸਾ। ਮੈਂ ਕੁਚੀਲ[3] ਇਸਤ੍ਰੀ ਕੋ ਜਾਮਾ। ਤਊ ਆਸਰਾ ਲੀਨਸਿ ਨਾਮਾ' ॥ ੩੨ ॥ ਸੁਤ ਜੁਤਿ ਭਾਗਭਰੀ[4] ਦ੍ਵੈ ਸਮੈ । ਸ਼੍ਰੀ ਗੁਰੁ ਹਰਿਗੋਵਿੰਦ ਕੋ ਨਮੈ। ਸੁਨਿ ਨਰ ਅਪਰ ਕਰਹਿਂ ਉਪਹਾਸ। 'ਤੁਵ ਜਨਨੀ ਹੇ ਸੇਵਾਦਾਸ !॥ ੩੩॥ ਬਸਤ੍ਰ ਬੁਨਾਇ ਇਹਾਂ ਹੀ ਰਾਖਾ । ਪੁਰਿ ਆਵਹਿਂ ਗੁਰ ਧਰਿ ਅਭਿਲਾਖਾ। ਸੋ ਕਿਮ ਆਵਨਿ ਤਿਨ ਕੋ ਹੋਇ?। ਸੈਨਾ ਘਨੀ ਸੰਗ ਮਹਿਂ ਜੋਇ ॥ ੩੪ ॥ ਦੁਰਗਮ ਮਾਰਗ ਆਵਨਿ ਕੇਰਾ। ਅਹੈ ਦੂਰਿ, ਕੁਛ ਨਾਂਹਿ ਨ ਨੇਰਾ। ਇਕ ਸ਼੍ਰੀ ਨਾਨਕ ਬਿਚਰੇ ਸਾਰੇ। ਅਪਰ ਗੁਰੂ ਰਹਿ ਦੇਸ਼ ਮਝਾਰੇ ॥ ੩੫ ॥ ਨਹਿਂ ਬਿਚਰਤਿ ਪਰਦੇਸ਼ਨਿ ਮਾਂਹੀ। ਸੰਗਤਿ ਸਕਲ ਤਹਾਂ ਚਲਿ ਜਾਹੀ। ਅਸਮੰਜਸ ਇਸ ਥਲ ਗੁਰ ਆਵਨਿ। ਸੈਨ ਸਮੇਤ ਕਰਹਿਂ ਇਤ* ਪਾਵਨ[5] ॥੩੬॥ ਮਹਾਂ ਪ੍ਰੇਮ ਤੇ ਬਸਤ੍ਰ ਬੁਨਾਯੋ। ਸੋ ਤਿਸ ਹੀ ਥਲ ਦੇਹੁ ਪਠਾਯੋ'। ਸੇਵਾਦਾਸ ਮਾਤ ਸਮੁਝਾਈ। 'ਹਠ ਛੋਰਹੁ ਦਿਹੁ ਤਹਾਂ ਪਠਾਈ ॥ ੩੭ ॥ ਬਹੁਤ ਲੋਕ ਸਮੁਝਾਵਤਿਮੋਹੀ।-ਗੁਰ ਆਗਵਨ ਕਹਹੁ ਕਿਮ ਹੋਹੀ?।ਸ਼੍ਰੀ ਨਾਨਕ ਬਿਨ ਅਪਰ ਨ ਆਯੋ। ਬਡ ਸਮਾਜ ਗੁਰੁ ਸੰਗ[6] ਸੁਹਾਯੋ-॥ ੩੮ ॥ ਸਿਮਰਹੁ

---

[1]ਤਾਂ ਤੇਰਾ ਉਪਕਾਰ ਹੈ। [2]ਭੇਟਾ। ਅਰਪਿਆ ਪਦਾਰਥ। [ਸੰਸ:, ਨੈਵੇਦਜ]। [3]ਮੈਲਾ। [4]ਨਾਮ ਹੈ ਮਾਈ ਦਾ। [5]ਸੈਨਾ ਸਮੇਤ ਇਧਰ (ਆਕੇ ਦੇਸ਼ ਨੂੰ) ਪਵਿਤ੍ਰ ਕਰਨ (ਇਹ ਗਲ ਕਠਨ ਹੈ)। [6]ਭਾਵ ਸ਼੍ਰੀ ਗੁਰੂ ਹਰਿਗੋਵਿੰਦ ਜੀ ਦੇ ਨਾਲ। *ਪਾ:-ਤਹਿਂ।

ਨਾਮ ਧ੍ਯਾਨ ਕੋ ਕੀਜੇ। ਜਿਮ ਹਜ਼ੂਰ ਤਿਮ ਹੀ ਫਲ ਲੀਜੈ'। ਭਾਗਭਰੀ ਸੁਨਿ ਕੈ ਸੁਤ ਬੈਨ। ਪਰਮ ਪ੍ਰੇਮ ਜਲ ਛੋਰਤਿ ਨੈਨ॥੩੯॥'ਸੁਨਹੁ ਪੁੱਤ੍ਰ! ਮਮ ਬੈਸ ਬਿਹਾਈ। ਗੁਰ ਦਰਸ਼ਨ ਇਛ ਹੈ ਅਧਿਕਾਈ। ਮਰਨਿ ਪ੍ਰਯੰਤ ਆਸ ਮੈਂ ਕਰਿਹੌਂ। ਨਿਸ ਬਾਸੁਰ ਸਿਮਰਨਿ ਮਨ ਧਰਿਹੌਂ ॥ ੪੦ ॥ ਅੰਤਰ-ਜਾਮੀ ਸਭਿ ਬਲ ਬਡਾਪਾ। ਸਰਬ ਸ਼ਕਤਿ ਧਰਿ ਸੰਕਟ ਖਾਪਾ। ਤਿਨ ਆਗਵਨ ਕਠਨ ਕੁਛ ਨਾਂਹੀ। ਨਹਿਂ ਬਲ ਅਸ ਜਹਿਂ ਨਹਿਂ ਚਲਿ ਜਾਹੀਂ ॥੪੧॥ ਕਰਨਿ ਤਰਕਨਾ[1] ਅਸ ਮਨ ਮਾਂਹੀ। ਨਿਸ਼ਚਾ ਰਿਦੈ ਟਿਕਾਨਿ ਦੇ ਨਾਂਹੀ। ਮਮ ਅਨਾਥ ਕੀ ਦਿਸ਼ਾ ਨਿਹਾਰਹਿਂ। ਬਿਰਦ ਗ਼ਰੀਬ ਨਿਵਾਜ ਸੰਭਾਰਹਿਂ ॥ ੪੨ ॥ ਛਿਨ ਮਹਿਂ ਆਇ ਦਰਸ ਕੋ ਦੈਹੈਂ। ਮਮ ਕਰ ਤੇ ਅੰਬਰ ਪਹਿਰੈਹੈਂ।ਹੁਤੀ ਭੀਲਨੀ ਭਗਤਨਿ ਹਰਿ ਕੀ। ਕਰਤਿ ਪ੍ਰਤੀਖਨਿ ਸ਼ਰਧਾ ਉਰ ਕੀ ॥ ੪੩ ॥ ਬਦਰੀ ਫਲ ਸੰਚਤਿ ਸੋ ਰਹੀ। ਮਿਲੇ ਪ੍ਰਭੂ ਇਮ ਆਗਮ ਕਹੀ[2]। ਮੈਂ ਤਿਹ ਸਮ ਹੀ ਕਰਤਿ ਉਡੀਕਾ। ਦੇਹਿਂ ਦਰਸ ਲਖਿ ਪ੍ਰੇਮ ਸੁ ਹੀ ਕਾ ॥ ੪੪ ॥ ਮਿਲਹਿਂ ਅਵੱਸ਼ਜ, ਮੋਹਿ ਬਿਸਵਾਸਾ। ਜੀਵਤਿ ਮੈਂ ਨਹਿਂ ਤ੍ਯਾਗੌਂ ਆਸਾ। ਨਾਂਹਿ ਤ ਮਰਿ ਕੈ ਮਿਲਿ ਹੌਂ ਜਾਇ। ਮੈਂ ਨ ਪ੍ਰਤੱਗ੍ਯਾ ਤਜੌਂ ਕਦਾਇ' ॥੪੫॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪੰਚਮ ਰਾਸੇ 'ਕਸ਼ਮੀਰ ਪ੍ਰੇਮਨਿ ਸਿੱਖਨੀ ਬ੍ਰਿਤਾਂਤ' ਬਰਨਨੰ ਨਾਮ ਸਪਤ ਚਤ੍ਵਾਰਿੰਸਤੀ ਅੰਸੂ ॥ ੪੭ ॥

੪੮. [ਸਤਿਗੁਰੂ ਜੀ ਸ੍ਰੀ ਨਗਰ ਪੁਜੇ]।

ਦੋਹਰਾ ॥ ਸ੍ਰੀ ਗੁਰ ਹਰਿ ਗੋਵਿੰਦ ਜੀ ਜਾਨੀ ਸਭਿ ਮਨ ਮਾਂਹਿ ।–ਮਮ ਪ੍ਰਤੀਖਨਾ ਕਰਤਿ ਹੈ ਨਿਸ ਬਾਸੁਰ ਸੁਖ ਨਾਂਹਿ॥੧॥ਚੌਪਈ॥ਦੇਸ਼ ਪਹਾਰਨਿ ਕੋ ਮਗ ਅਹੇ। ਮਮ ਸਿਖਨੀ ਨਿਤ ਜਾਚਤਿ ਰਹੇ। ਬਸਹਿਂ ਗਿਰਨਿ ਮਹਿਂ ਸਿੱਖ੍ਯ ਘਨੇਰੇ। ਨਿਤ ਚਾਹਤਿ ਜੋ ਮੋਕਹੁ ਹੇਰੇ ॥ ੨ ॥ ਤਿਨ ਸਭਿਹਿਨਿ ਕੀ ਪੁਰਵੌਂ ਆਸਾ। ਜੋ ਹਮੇਸ਼ ਰਹਿਂ ਮਮ ਭਰਵਾਸਾ। ਬਿਰਧਾ ਭਾਗਭਰੀ ਪਟ ਰਾਖਾ। ਮੋਕਹੁ ਪਹਿਰਾਵਨਿ ਅਭਿਲਾਖਾ ॥ ੩ ॥ ਖਾਨ ਪਾਨ ਸੂਖਮ ਜਿਨ ਕੀਨੋ। ਨਿਸ ਬਾਸੁਰ ਸਿਮਰਨਿ ਮਨ ਲੀਨੋ। ਅੰਤ ਸਮਾਂ ਭੀ ਆਨਿ ਪਹੂਚ੍ਯੋ। ਮਮ ਦੇਖਨਿ ਕੋ ਨਿਤ ਚਿਤ ਰੂਚ੍ਯੋ[3]–॥੪॥ ਸ੍ਰੀ ਗੁਰ ਹਰਿਗੋਬਿੰਦ ਕੁਲ ਚੰਦ। ਰਿਦੇ ਬਿਚਾਰ੍ਯੋ ਚਲਨਿ ਅਮੰਦ[4]। ਬੂਝਿ ਮਾਤ ਕੋ ਕਰਿ ਕੈ

---

[1]ਹੁੱਜਤਾਂ। [2]ਇਉਂ ਸ਼ਾਸਤ੍ਰਾਂ ਨੇ ਕਿਹਾ ਹੈ। [3]ਲਗਿਆ ਹੈ। [4]ਤ੍ਰਿੱਖਾ, ਛੇਤੀ ਚੱਲਣਾ (ਅ) ਸੂਹਣਾ ਚਲਣਾ।

ਨਮੋ। ਮਿਲਿ ਕੈ ਸਕਲ ਸੰਗ ਤਿਹ ਸਮੋ ॥ ੫ ॥ ਨਿਜ ਸੁਭਟਨਿ ਕੁਛ ਲੈ ਕਰਿ ਸਾਥ। ਸਭਿ ਕੋ ਧੀਰਜ ਦੇ ਕਰਿ ਨਾਥ। ਯਥਾ ਯੋਗ ਸਭਿ ਕੋ ਸਨ-ਮਾਨਾ। ਦਾਸ਼ ਲਿਏ ਸੰਗਿ ਕੀਨਿ ਪਯਾਨਾ ॥ ੬ ॥ ਕਰਨਿ ਨਿਹਾਲ ਦੇਸ਼ ਕਸ਼ਮੀਰ। ਗਮਨੇ ਦਿਨਪ੍ਰਤਿ ਗੁਰੁ ਗੰਭੀਰ। ਚਲਤਿ ਚਲਤਿ ਚਪਰਾਹੜ ਪੁਰਿ* ਜਹਿਂ। ਜਾਇ ਪਹੂੰਚੇ ਢਿਗ ਸਤਿਗੁਰ ਤਹਿਂ ॥੭॥ ਇਕ ਦਿਜਬਰ ਅਸੁਵਾਰਨਿ ਮਿਲਯੋ। ਤਿਨ ਬੂਝਯੋ ਕੋ ਆਵਤਿ ਚਲਯੋ ?। ਤਿਸ ਕੋ ਸਿਖ ਨੇ ਕਹਿ ਸਮੁਝਾਯੋ। 'ਇਹ ਸਤਿਗੁਰੁ ਇਤ ਦਿਸ਼ਿ ਕੋ ਆਯੋ ॥ ੮ ॥ ਪਹੁੰ-ਚਹਿਂਗੇ ਆਗੇ ਕਸ਼ਮੀਰ। ਹਰਿਗੋਵਿੰਦ ਬੀਰ ਬਡਿ ਧੀਰ'। ਖਰੋ ਰਹਯੋ ਹੇਰਨਿ ਹਿਤ ਸੋਊ।–ਦੇਖਿ ਲੇਉਂ ਗੁਰ ਭਾਖਤਿ ਜੋਊ–॥੯॥ ਇਤਨੇ ਮਹਿਂ ਸਤਿਗੁਰ ਚਲਿ ਗਏ। ਤਿਸ ਦਿਜ ਸੋਂ ਬਚ ਬੋਲਤਿ ਭਏ। 'ਇਸ ਥਲ ਬਸਹਿਂ[1] ? ਨੀਰ ਕਹੁ ਕਹਾਂ?। ਉਤਰਹਿਂ ਕਰਹਿਂ ਸੁਚੇਤੋ ਤਹਾਂ ॥ ੧੦ ॥ ਹੁਇ ਤੜਾਗ ਬਿਨ ਮਲ ਤੇ ਜਲ ਕੋ। ਬੈਠਹਿਂ ਤਹਾਂ,ਬਤਾਵਹੁ ਥਲ ਕੋ'। ਸੁਨਿ ਦਿਜ ਕਹਤਿ ਭਯੋ ਕਰਿ ਬੰਦਨ। 'ਆਪ ਜਗਤ ਗੁਰੁ, ਦੋਸ਼ ਨਿਕੰ-ਦਨ ॥ ੧੧॥ ਛਪੀ ਵਸਤੁ ਕਿਤ ਕਿਸੂ ਨ ਪਾਵੈ। ਮਨ ਕਰਿ ਭੀ ਸੋ ਲਖੀ ਨ ਜਾਵੈ। ਤਿਨਹਿ ਬਤਾਵਹੁ ਆਪ ਸੁ ਜਾਤਾ[2]। ਤੀਨ ਲੋਕ ਥਲ ਕੇ ਸਭਿ ਗਯਾਤਾ॥ ੧੨ ॥ ਨਹਿਂ ਜਾਨਤਿ ਜਿਮ ਬੂਝਹੁ ਮੋਹੀ। ਯਾਂਤੇ ਅਚਰਜ ਉਰ ਮਹਿਂ ਹੋਹੀ। ਬਰਤਹੁ ਸ਼ਕਤਿ ਤੇਜ ਬਿਪਰੀਤਿ[3]। ਇਹ ਨ ਸੁਹਾਇ ਲੋਕ ਮਹਿਂ ਰੀਤਿ ॥ ੧੩॥ ਜਹਿਂ ਜਲ ਜਾਇ[4] ਤਹਾਂ ਚਲਿ ਜਾਵਹੁ। ਜੇ ਨਹਿਂ, ਨਿਜ ਹਿਤ ਨਯੋ ਬਨਾਵਹੁ। ਤੁਮ ਸਰਬੱਗਯ ਕਰਹੁ ਜਸ ਅਹੈ। ਉਤਰਹੁ ਜਲ ਨਿਰਮਲ ਜਿਤ ਲਹੈ' ॥ ੧੪ ॥ ਇਮ ਸੁਨਿ ਕਰਿ ਸ੍ਰੀ ਹਰਿ-ਗੋਵਿੰਦ। ਰੋਕਯੋ ਨਿਜ ਤੁਰੰਗ ਕੁਲ ਚੰਦ। ਉਤਰ ਪਰੇ ਸੋਈ ਥਲ ਦੇਖਿ। ਠਹਿਰੀ ਸੈਨਾ ਸਾਥ ਅਸ਼ੇਖ ॥ ੧੫ ॥ ਆਇ ਦਾਸ ਕੀਨਸਿ ਅਰਦਾਸ।

---

[1]ਤੂੰ ਏਥੇ ਵਸਦਾ ਹੈਂ। [2]ਆਪ ਨੇ (ਸਭ ਕੁਛ) ਜਾਣਿਆ ਹੋਇਆ ਹੈ। [3]ਸ਼ਕਤੀ ਵਾਲੇ ਪ੍ਰਭਾਵ ਤੋਂ ਉਲਟ ਵਰਤ ਰਹੇ ਹੋ। [4]ਜਿੱਥੇ ਜਲ ਦੀ ਜਗ੍ਹਾ ਹੈ।

*ਇਹ ਪਿੰਡ ਸਿਆਲਕੋਟ ਤੋਂ ਸਤ ਅੱਠ ਮੀਲ ਪੂਰਬੋਤ੍ਰ ਦਿਸ਼ਾ ਵਲ ਹੈ। ਇਸਤੋਂ ਦੋ ਕੁ ਮੀਲ ਤੇ ਪਿੰਡ ਰਹਿਸਮਾਂ ਹੈ, ਜਿਸ ਤੋਂ ਢਾਈ ਕੁ ਸੌ ਕਰਮ ਦੀ ਵਿੱਥ ਤੇ ਸਾਹਿਬਾਂ ਦੀ ਯਾਦਗਾਰ ਵਿਚ ਦੋ ਗੁਰਦੁਆਰੇ 'ਟਾਹਲੀ ਸਾਹਿਬ' ਤੇ 'ਗੁਰੂ ਸਰ' ਹਨ, ਸਰੋਵਰ ਜਿਥੋਂ ਬਰਛਾ ਮਾਰਕੇ ਜਲ ਕਢਿਆ ਸੀ ਹੁਣ ਹੈ, ਛੇਵੇਂ ਸਤਿਗੁਰ ਜੀ ਦੇ ਅਵਤਾਰ ਧਾਰਨ ਦੇ ਦਿਨ ਮੇਲਾ ਲਗਦਾ ਰਿਹਾ ਹੈ।

'ਇਸ ਥਲ ਦਿਖਤਿ ਨਹੀਂ ਜਲ ਪਾਸ। ਆਗੈ ਜਿਮ ਰਾਵਰ ਕੀ ਮਰਜ਼ੀ। ਜੇ ਕਰਿ ਦੂਰਿ ਤੌ ਆਨਹਿਂ ਗੁਰ ਜੀ !' ॥੧੬॥ ਕਰ ਸਤਿਗੁਰ ਕੇ ਬਰਛੋ ਹੁਤੋ। ਖਰ ਦੀਰਘ, ਸੋ ਅਵਨੀ ਹਤੋ[੧]। ਧਸ੍ਯੋ ਕਿਤਿਕ ਪੁਨ ਐਂਚਿ ਨਿਕਾਸ੍ਯੋ। ਫੁਟੀ ਬੰਬ ਜਲ[੨] ਤਬਹਿ ਪ੍ਰਕਾਸ਼੍ਯੋ ॥੧੭॥ ਸਤਿਗੁਰੁ ਭਨ੍ਯੋ 'ਖਨਹੁ ਕੁਛ ਟੋਵਾ। ਜਿਸ ਤੇ ਜਲ ਕੁਛ ਰਹੈ ਖਰੋਵਾ'। ਸੁਨਤਿ ਹੁਕਮ ਤਹਿਂ ਲਯੋ ਬਨਾਇ। ਜਿਤਕ ਚਹਤਿ ਸੋ ਲੀਨਿ ਟਿਕਾਇ ॥੧੮॥ ਛੁਟ੍ਯੋ ਪ੍ਰਵਾਹ ਨੀਰ ਕੋ ਘਨੋ। ਚਲਤਿ ਸੁ ਚਿਰੰਕਾਲ ਕੌ ਮਨੋ[੩]। ਪੁਨ ਸਤਿਗੁਰੁ ਹਿਤ ਫਰਸ਼ ਬਨਾਯਹੁ। ਗਿਲਮ ਗ਼ਲੀਚਾ ਰੁਚਿਰ ਡਸਾਯਹੁ ॥ ੧੯ ॥ ਮਾਦਿਕ* ਦਾਸ ਆਨਿ ਕਰਿ ਦੀਨਿਸਿ। ਸੌਚਾਚਾਰਿ ਸਤਿਗੁਰੂ ਕੀਨਸਿ। ਦੇਖਿ ਬਿੱਪ੍ਰ ਬਿਸਮ੍ਯੋ ਡਰਪਾਯੋ। ਪਗ ਪੰਕਜ ਪਰ ਸੀਸ ਨਿਵਾਯੋ ॥ ੨੦॥ 'ਮਹਾਂਰਾਜ ! ਮੈਂ ਕਹ੍ਯੋ ਕਠੋਰਾ। ਜਾਤਿ ਗਰਬ ਅਵਰ੍ਯੋ ਚਿਤ ਮੋਰਾ। ਮਹਿਮਾ ਜਾਨਿ ਬੂਝਿ ਸਭਿ ਰਾਵਰਿ। ਬਿਨੈ ਜੁਕਤਿ ਮੈਂ ਭਨ੍ਯੋ ਨ ਬਾਵਰ' ॥ ੨੧ ॥ ਸਤਿਗੁਰੁ ਸੁਨਿ ਕਰਿ ਧੀਰਜ ਦੀਨਾ। 'ਜਥਾ ਜੋਗ ਤੈਂ ਭਾਖਨਿ ਕੀਨਾ। ਕਛੁ ਕ੍ਰੂਰਤਾ ਦੋਸ਼ ਜਿ ਪਾਯੋ। ਮਿਟ੍ਯੋ ਸੁ ਪਾਛੇ ਬਹੁ ਪਛੁਤਾਯੋ ॥੨੨॥ ਅਲਪੰ ਪਾਪ, ਜੇ ਬਚਨ ਕਹਨਿ ਮੈਂ। ਨਸ਼ਟਹਿਂ, ਕਰੇ ਬਿਸੂਰਨਿ ਮਨ ਮੈਂ'। ਕੇਤਿਕ ਚਿਰ ਸਤਿਗੁਰ ਤਹਿਂ ਥਿਰੇ। ਸੌਚਾਚਾਰ ਚਮੂੰ ਪੁਨ ਕਰੇ ॥ ੨੩ ॥ ਨਿਕਸ੍ਯੋ ਜਲ ਸੋਈ ਸਭਿ ਲੀਨਿ। ਕ੍ਰਿਆ ਸ਼ਨਾਨ ਆਦਿ ਤਹਿਂ ਕੀਨਿ। ਬਿਸਮੇ ਹੇਰਿ ਮੁਕੰਦ ਪ੍ਰਤਾਪੂ। ਪਰਮੇਸ਼ੁਰ ਬਪੁ, ਪੁੰਨ ਨ ਪਾਪੂ ॥ ੨੪ ॥ ਸ਼ਰਧਾ ਧਰਹਿਂ ਕਰਹਿਂ ਸਭਿ ਸੇਵਾ। ਪ੍ਰੇਮ ਸਹਤ ਦਰਸਹਿਂ ਗੁਰਦੇਵਾ। ਕਰ੍ਯੋ ਕੂਚ ਸਤਿਗੁਰੂ ਆਰੂਢੇ। ਗਮਨੇ ਪੰਥ, ਚਲਿਤ[੪] ਜਿਨ ਗੂਢੇ ॥੨੫॥ ਤਹਿਂ ਜਲ ਅਬਿ ਲੌ ਨਿਕਸਤਿ ਰਹੈ। ਹਮ ਨੇ ਸੁਨ੍ਯੋ, ਗੁਰੂ ਸਿੱਖ ਕਹੈਂ। ਜਾਇ ਪਹਾਰਨ ਬਿਖੇ ਪ੍ਰਵੇਸ਼ੇ। ਅਨਿਕ ਭਾਂਤਿ ਜਹਿਂ

[੧]ਪ੍ਰਿਥਵੀ ਤੇ ਮਾਰਿਆ। [੨]ਜਲ ਦੀ ਧਾਰਾ। [੩]ਮਾਨੋਂ। [੪]ਚਰਿੱਤ੍ਰ।

*ਮਾਦਿਕ=ਕਿਸੇ ਨਸ਼ੇ ਵਾਲੀ ਸ਼ੈ ਨੂੰ ਕਹਿੰਦੇ ਹਨ, ਭਾਵ ਅਫੀਮ ਤੋਂ ਹੋਣਾ ਹੈ। ਪਰੰਤ ਚੜ੍ਹਦੀ ਜਵਾਨੀ ਤੇ ਸਰਮਗਤੀ ਦੀ ਅਵਧੀ ਸ੍ਰੀ ਗੁਰੂ ਜੀ ਜੋ ਸਾਰੇ ਨਸ਼ਿਆਂ ਦੇ ਨਿਸ਼ੇਧ ਕਰਨ ਵਾਲੇ ਸਨ, ਕਦੇ ਆਪ ਕੋਈ ਨਸ਼ਾ ਅੰਗੀਕਾਰ ਨਹੀਂ ਸਨ ਕਰ ਸਕਦੇ। ਸਤਿਗੁਰਾਂ ਦੇ ਸਮੇਂ ਦੇ ਏਹ ਨਕਸ਼ੇ ਸਨ ਹੀ ਨਹੀਂ। ਉਂਵ ਬੀ ਪੰਜਾਬ ਵਿਚ ਅਫੀਮ ਬੁਢਾਪੇ ਵਿਚ ਲਗਦੀ ਹੈ ਤੇ ਸਿਖਾਂ ਵਿਚ ਕਵਿ ਜੀ ਦੇ ਸਮੇਂ ਰਿਵਾਜ ਪਾ ਰਹੀ ਸੀ। ਦੇਖੋ ਰਾਸਿ ੪, ਅੰਸੂ ੪੪, ਅੰਕ ੧੧ ਦੀ ਹੇਠਲੀ ਟੂਕ।

ਬ੍ਰਿਛਨਿ ਬਿਸੇਸੇ*॥੨੬॥ ਦਾਰਮ[੧], ਜ਼ਰਦਾਲੂ ਤਹਿਂ ਖਰੇ।ਫਲ ਬਹੁ ਮਧੁਰ ਤੁਰਸ਼ ਰਸ ਭਰੇ। ਖਰੇ ਖਰੋਟ ਸ ਦਲ[੨] ਗਨ ਹਰੇ। ਕਦਲੀ[੩] ਬਦਰੀ[੪] ਫਲ ਝਰ ਪਰੇ[੫] ॥ ੨੭ ॥ ਜਹਿਂ ਕਹਿਂ ਦਿਖਤਿ ਮਹੀਰਹ[੬] ਭੀੜ। ਸਰਲੀ[੭] ਊਚੇ ਬਹੁ ਥਲ ਚੀੜ। ਸਿਲਾ ਪਹਾਰਨਿ ਕੀ ਜਹਿਂ ਨਾਨਾ। ਕਿਤ ਵਾਹੜ, ਗਨ ਖਰੇ ਪਖਾਨਾ[੮] ॥੨੮॥ ਝਰਨੇ ਝਰਹਿਂ ਮਹਾਂ ਜਲ ਨਾਦਤਿ। ਦੇਖਤਿ ਸਤਿਗੁਰੁ ਹੁਇਂ ਅਹਿਲਾਦਤਿ। ਸਲਿਤਾ ਵਹੈ ਬੇਗ ਧਰਿ ਬ੍ਰਿੰਦਾ। ਸੁੰਦਰ ਜਲ ਮਲਹੀਨ ਬਿਲੰਦਾ ॥੨੯॥ ਬਰਫ ਸੁਪੇਦ ਚਹੂੰ ਦਿਸ਼ਿ ਦਿਖਿਯਤਿ। ਜਹਾਂ ਉਸ਼ਨ ਕੋ ਤ੍ਰਾਸ ਨ ਲਖਿਯਤਿ। ਸੇਉ, ਬਟੰਕ[੯], ਬੇਲ ਅੰਗੂਰ। ਫਲ ਸੁੰਦਰ ਗਨ ਸ੍ਵਾਦਤਿ ਭੂਰ ॥ ੩੦ ॥ ਕਬਿ ਊਚੇ ਪਰਬਤ ਪਰ ਚਰੈਂ। ਕਬਿ ਗਮਨਤਿ ਥਲ ਉਤਰਨਿ ਤਰੈ। ਇਮ ਸੈਲਨਿ ਕੀ ਸੈਲ ਬਿਸਾਲੇ।ਕਰਤਿ ਸੁ ਮੰਦ ਮੰਦ ਮਗ ਚਾਲੇ ॥ ੩੧ ॥ ਸਿੱਖ ਜੁ ਹੁਤੇ ਪਹਾਰਨਿ ਬਾਸੀ। ਜਿਤ ਕਿਤ ਸੁਨਿ ਕਰਿ ਸੁਧਿ ਸੁਖਰਾਸੀ[੧੦]। ਰੁਚਿਰ ਉਪਾਇਨ ਲੈ ਲੈ ਆਇ। ਕਰਿ ਕਰਿ ਦਰਸ਼ਨ ਉਰ ਹਰਖਾਇ ॥ ੩੨ ॥ ਉਚਿਤ ਖਾਨ ਕੇ ਸ੍ਵਾਦਿ ਬਿਸਾਲੇ। ਗੁਰ ਹਿਤ ਆਨਿ ਦੇਤਿ ਰਸ ਵਾਲੇ। ਜਬਿ ਪਰਬਤ ਉਲੰਘੇ ਮਗ ਸਾਰਾ। ਸਮ[੧੧] ਸਥਾਨ ਪੁਨ ਚਾਰੁ ਨਿਹਾਰਾ॥੩੩॥ਇਕ ਕੱਟੂ

---

[੧]ਅਨਾਰ। [੨]ਪੱਤਿਆਂ ਸਮੇਤ। [੩]ਕੇਲਾ। [੪]ਬੇਰ, ਭਾਵ ਉਨਾਬਾਂ ਤੋਂ ਹੈ। [੫]ਬਹੁਤੇ ਲਗੇ ਹੋਏ ਹਨ। (ਅ) ਡਿੱਗ ਡਿੱਗ ਪੈਂਦੇ ਹਨ। [੬]ਬ੍ਰਿੱਛਾਂ ਦੀ। [੭]ਸਿੱਧੀਆਂ (ਅ) ਪੀਤੱਦ੍ਰ ਯਾ ਪੂਤੀ ਕਾਸ਼ਟ ਨਾਮੀ ਬ੍ਰਿੱਛ (ਦੇਖੋ ਕਵੀ ਸੰਤੋਖ ਸਿੰਘ ਜੀ ਦਾ ਨਾਮ ਕੋਸ਼, ਭੂਮਿ ਵਰਗ, ਅੰਕ ੧੩੦ ਯਥਾ:- ਪਿਤੱਦ੍ਰ ਪੂਤੀ ਕਾਸ਼ਟ ਸੋਇ। ਸਰਲ ਬ੍ਰਿਖ ਕੇ ਆਖਯ ਹੋਇ)। [੮]ਕਿਤੇ ਨਾਲੇ (ਚਲਦੇ ਹਨ ਤੇ ਕਿਨਾਰੇ) ਪੱਥਰ ਖੜੇ ਹਨ। [੯]ਛੋਟੀ ਨਾਸ਼ਪਾਤੀ, ਜੰਗਲੀ ਨਾਖ ਨੂੰ ਬੀ ਬਟੰਕ ਕਹਿੰਦੇ ਹਨ ਜਿਸ ਪਰ ਪੇਉਂਦਾਂ ਲਾਉਂਦੇ ਹਨ। [੧੦]ਭਾਵ ਸ੍ਰੀ ਗੁਰੂ ਜੀ ਦੀ। [੧੧]ਇਕੋ ਜੇਹਾ।

*ਸਤਿਗੁਰੂ ਜੀ ਚਪਰਾਹੜ ਪੁਰ ਤੋਂ ਚਲਕੇ ਗਲੋਟੀ, ਵਜ਼ੀਰਾਬਾਦ ਆਦਿ ਕਸਬਿਆਂ ਵਿਚ ਉਤਰਦੇ ਸਿਖਾਂ ਦੀ ਕੱਲਯਾਣ ਕਰਦੇ ਹੋਏ ਮੀਰ ਪੁਰ ਪੁੱਜੇ ਸਨ। ਇਥੇ ਕਵੀ ਜੀ ਨੇ ਬਾਕੀ ਗੁਰਦੁਵਾਰਿਆਂ ਦੇ ਹਾਲ ਨਹੀਂ ਦਿਤੇ। ਗਲੋਟੀ ਵਜ਼ੀਰਾਬਾਦੋਂ ੧੦ ਕੁ ਕੋਹ ਪੂਰਬ ਵਲ ਹੈ, ਇਥੇ ਸੁਣਿਆਂ ਹੈ ਸਤਿਗੁਰੂ ਜੀ ਇਕ ਰਾਤ ਰਹੇ ਸਨ, ਤੇ ਸ੍ਰੀ ਗੁਰੂ ਹਰਿਰਾਇ ਜੀ ਦੇ ਅਵਤਾਰ ਧਾਰਨ ਵਾਲੇ ਪੁਰਬ ਤੇ ਪਿੰਡ ਦੀ ਸਿੰਘ ਸਭਾ ਵਲੋਂ ਭਾਰੀ ਦੀਵਾਨ ਹੁੰਦਾ ਹੈਸੀ ਤੇ ਵਜ਼ੀਰਾਬਾਦ ਵਿਖੇ 'ਕੋਠਾ ਸਾਹਿਬ' ਨਾਮ ਦਾ ਬੜਾ ਭਾਰੀ ਗੁਰਦੁਵਾਰਾ ਛੇਵੇਂ ਗੁਰਾਂ ਦੇ ਠਹਿਰਨ ਦੀ ਯਾਦਗਾਰ ਵਿਚ ਅਸਥਾਨ ਹੈ। ਕਈ ਵੀਚਾਰਵਾਨਾਂ ਦਾ ਖਿਆਲ ਹੈ ਕਿ ਗਲੋਟੀ ਦਾ ਗੁਰਦੁਆਰਾ ਸੱਤਵੇਂ ਸਤਿਗੁਰਾਂ ਦੀ ਯਾਦਗਾਰ ਹੈ।

ਸਿਖ ਤਹਾਂ ਬਸੇ ਹੈ। ਸੱਤਜਨਾਮ ਰਸ ਰਿਦਾ ਰਸੇ ਹੈ। ਆਗੈ ਮਿਲਯੋ ਸੁਧਾ-
ਸਰ ਆਇ। ਤਬਿ ਸਤਿਗੁਰੁ ਕੀ ਸੇਵ ਕਮਾਇ ॥ ੩੪ ॥ ਅਤਿ ਸੁਹਿਰਦ
ਪ੍ਰੇਮੀ ਗੁਰੁ ਕੇਰਾ। ਅੰਤਰ ਪ੍ਰਭੁ ਨਿਰੰਤਰ ਹੇਰਾ। ਕ੍ਰਿਪਾ ਕਟਾਛ ਗੁਰੂ ਜਬਿ
ਕੀਨਾ। ਹਤਿ ਅੱਗਜਾਨ, ਰੂਪ ਲਖਿ ਲੀਨਾ ॥ ੩੫ ॥ ਸੱਤਜਨਾਮ ਸਿਮ-
ਰਨਿ ਲਿਵਲਾਗੀ। ਲਖਯੋ ਬ੍ਰਹਮ ਹੁਇ ਗੁਰੁ ਅਨੁਰਾਗੀ। ਸੇਵਾ ਕਰਤਿ
ਰਹਯੋ ਚਿਰ ਕਾਲ। ਲਖਿ ਸੁ ਬ੍ਰਿਤਿ ਸਤਿਗੁਰੂ ਕ੍ਰਿਪਾਲ ॥ ੩੬ ॥ ਕੱਟੂਸ਼ਾਹ
ਨਾਮ ਤਿਸ ਕਹਯੋ। ਅਧਿਕ ਪ੍ਰੇਮ ਤਿਸ ਕੇ ਉਰ ਲਹਯੋ। ਗ੍ਰਿਹ ਕੌ ਕਰਯੋ
ਬਿਸਰਜਨਿ ਫੇਰਿ। ਘਾਲੀ ਘਾਲਿ ਸਤਿਗੁਰੂ ਹੇਰਿ ॥ ੩੭ ॥ ਯਾਂਤੇ ਨਾਮ
ਗਰੀਬਨਿਵਾਜਾ। ਗੁਰੁ ਕੋ ਜਗ ਕਹਿੰ ਰੰਕ ਰੁ ਰਾਜਾ। ਮਿਲਯੋ ਆਇ ਲੇ
ਫਲ ਬਹੁ ਸ੍ਵਾਦੂ। ਦਰਸ਼ਨ ਦੇਖਤਿ ਉਰ ਅਹਿਲਾਦੂ ॥ ੩੮ ॥ ਪਗ ਪੰਕਜ
ਪਾਵਨ ਲਪਟਾਯੋ। ਜਲ ਅਨੰਦ ਲੋਚਨ ਝਲਕਾਯੋ। ਹੇਰਤਿ ਸ਼੍ਰੀ ਹਰਿ
ਗੋਵਿੰਦ ਕਹੈਂ। 'ਕੱਟੂਸ਼ਾਹ ਆਉ, ਸੁਖ ਅਹੈ?' ॥੩੯॥ 'ਸ਼੍ਰੀ ਗੁਰੁ ਜੀ ਤੁਵ
ਦਰਸ਼ਨ ਹੇਰੇ। ਸੁਖ ਅਨੰਦ ਉਰ ਸੌਗੁਨ ਮੇਰੇ। ਬਿਖਮ ਪੰਥ ਕਸ਼ਮੀਰ
ਘਨੋ ਹੈ। ਗੁਰ ਸਿੱਖੀ ਬਿਸਤਾਰ ਸਨੋ ਹੈ ॥ ੪੦ ॥ ਜਾਨਿ ਆਪਨੇ ਦਾਸ
ਘਨੇਰੇ। ਕਰਨਿ ਕ੍ਰਿਤਾਰਥ ਤਿਨ ਇਹ ਬੇਰੇ। ਕ੍ਰਿਪਾ ਧਾਰਿ ਕੀਨਸਿ
ਆਗਮਨੂ। ਬਡੇ ਭਾਗ, ਪ੍ਰਾਪਤਿ ਭੇ ਭਵਨੂ' ॥ ੪੧ ॥ ਇੱਤਯਾਦਿਕ ਕਹਿ
ਕਰਿ ਸ਼ੁਭ ਬਾਨੀ। ਰਹਯੋ ਰੈਨ ਢਿਗ ਪ੍ਰੀਤਿ ਮਹਾਨੀ[1]। ਅਪਰ ਅਨੇਕ
ਸਿੱਖ ਚਲਿ ਆਏ। ਬੰਦਹਿੰ ਪਦ ਅਰਬਿੰਦ ਸੁਹਾਏ ॥ ੪੨ ॥ ਜਥਾ ਜੋਗ
ਸਗਲੇ ਸਨਮਾਨੇ। ਬਸਿ ਰੈਨ ਪੁਨ ਪ੍ਰਾਤ ਪਯਾਨੇ। ਕੱਟੂਸ਼ਾਹ ਬਿਸਰਜਨਿ
ਕਰਯੋ। ਮਹਾਂ ਪ੍ਰੇਮ ਪਦ ਪਰ ਸਿਰ ਧਰਯੋ ॥ ੪੩ ॥ ਸਤਿਗੁਰ ਹਰਿ ਗੁਵਿੰਦ
ਕਰਿ ਕੂਚ। ਪੁਰਿ ਬਿਸਾਲ* ਢਿਗ ਜਾਇ ਪਹੂਚਿ। ਜਹਾਂ ਹੁਤੋ ਕਾਠੀ ਦਰ-
ਵਾਜਾ। ਕਿਯੋ ਪ੍ਰਵੇਸ਼ ਗ਼ਰੀਬ ਨਿਵਾਜਾ* ॥੪੪॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪੰਚਮ
ਰਾਸੇ 'ਸਤਿਗੁਰ ਕਸ਼ਮੀਰ ਪ੍ਰਵੇਸ਼ ਕਰਨ' ਬਰਨਨ ਨਾਮ ਅਸ਼ਟ ਚਤਵਾਰਿੰਸਤੀ ਅੰਸੂ ॥ ੪੮ ॥

---

[1]ਬੜੀ ਪ੍ਰੀਤ ਸਮੇਤ ਰਾਤ ਨੂੰ ਪਾਸ ਰਹਿਆ।

*ਪੁਰਬਿਸਾਲ ਤੋਂ ਮਤਲਬ ਸਿਰੀ ਨਗਰ ਦਾ ਹੈ। ਕਾਠੀ ਦਰਵਾਜ਼ਾ ਸ਼ਹਿਰ ਦਾ ਨਹੀਂ, ਪਰ ਹਰੀ ਪਰਬਤ ਉਤੇ ਬਣੇ ਕਿਲ੍ਹੇ ਦਾ ਦਰਵਾਜ਼ਾ ਹੈ, ਜਿਸ ਦੇ ਬਾਹਰ ਵਾਰ ਹੁਣ ਤਕ ਗੁਰਦੁਆਰਾ ਹੈ, ਜਿਸ ਨੂੰ 'ਦਰਬਾਰ ਗੁਰੂ ਹਰਿਗੋਬਿੰਦ' ਜੀ ਕਹਿੰਦੇ ਹਨ, ਚੌਂਕੀ ਬੀ ਪਈ ਹੈ। ਇੱਥੇ ਹੀ ਮਾਈ ਭਾਗਭਰੀ ਦਾ ਘਰ ਸੀ।

੪੯. [ਮਾਈ ਨਿਹਾਲ ਹੋਈ]।

ਦੋਹਰਾ ॥ ਪੌਰ ਪ੍ਰਵੇਸ਼ੇ ਪ੍ਰਭੁ ਪੁਰਿ ਜਿਸ ਥਲ ਦਾਸ ਅਵਾਸ। ਤਹਾਂ ਪਹੂਚੇ ਜਾਇ ਕਰਿ ਪੂਰਨ ਬਿਰਧਾ ਆਸ[1] ॥ ੧ ॥ ਚੌਪਈ ॥ ਤਿਸ ਘਰ ਕੇ ਦਰ ਖਰੇ ਅਗਾਰੀ। ਸੇਵਾਦਾਸ ਸਿੱਖਜ ਹਿਤਕਾਰੀ। ਸੁਨਿ ਤੁਰੰਗ ਕੇ ਖੁਰ ਕੋ ਖਰਕਾ। ਨਿਕਸ੍ਯੋ ਵਹਿਰਿ ਛੋਰਿ ਦਰ ਘਰ ਕਾ[2] ॥੨॥ ਖਰੇ ਹੇਰਿ ਸ੍ਰੀ ਹਰਿ ਗੋਵਿੰਦ। ਕਰ ਮਹਿਂ ਤੋਮਰ ਗਹ੍ਯੋ ਬਿਲੰਦ। ਪਗ ਪੰਕਜ ਪਰਿ ਧਰਿ ਕਟਿ ਸਿਰਕੋ। ਭਯੋ ਅਨੰਦ ਬਿਲੰਦੈ ਉਰ ਕੋ ॥ ੩ ॥ 'ਚਿਰੰਕਾਲ ਕੀ ਲਗੀ ਉਡੀਕਾ। ਦਰਸ੍ਯੋ ਆਜ ਭਾਵਤੋ ਜੀ ਕਾ'। ਗਹਿ ਰਕਾਬ ਕਰਿ ਬਿਨੈ ਉਤਾਰੇ। ਲੇ ਗਮਨ੍ਯੋ ਨਿਜ ਗ੍ਰਿਹ ਮਝਾਰੇ ॥ ੪ ॥ ਰੁਚਿਰ ਪ੍ਰਯੰਕ ਨਿਕਾਸਿ ਡਸਾਵਾ। ਨਿਜ ਮਾਤਾ ਕੋ ਹਰਖਿ ਸੁਨਾਵਾ। 'ਹੇ ਬਡਭਾਗਨਿ! ਦਿਨ ਪ੍ਰਤਿ ਜਾਂਹੀ।ਕਰਤਿ ਪ੍ਰਤੀਖਨ ਚਹਿ ਚਿਤ ਮਾਂਹੀ ॥੫॥ ਕ੍ਰਿਪਾ ਧਾਰਿ ਘਰ ਸੋ ਚਲਿ ਆਏ। ਨਾਮ ਸਖਾ ਸਿੱਖਨਿ ਬਿਦਤਾਏ। ਆਖਯ ਭਾਗ ਭਰੀ ਸ਼ੁਭ ਤੇਰਾ। ਸਾਰਥਿ[4] ਭਾਗ ਭਰੀ ਅਬਿ ਹੇਰਾ' ॥ ੬ ॥ ਸੁਨਤਿ ਉਠੀ ਬਿਹਬਲ ਯੁਤ ਪ੍ਰੇਮ। ਬਲਹੀਨਾ ਗੁਰ ਹਿਤ ਕਿਯ ਨੇਮ। ਇਕ ਤੌ ਬ੍ਰਿਧਾ ਥਿਤੀ ਬਯ ਘਨੀ। ਖਾਨ ਪਾਨ ਸੰਜਮ ਕੇ ਸਨੀ ॥ ੭ ॥ ਚਿੰਤ ਨਿਰੰਤਰ ਅੰਤਰ ਉਰ ਕੇ। ਨਿਸ ਦਿਨ ਦਰਸ਼ਨ ਚਹਿ ਸਤਿਗੁਰ ਕੇ। ਯਾਂਤੇ ਪ੍ਰੇਮ ਬ੍ਰਿਹਾਤੁਰ ਹੋਈ। ਸ਼ੀਘ੍ਰ ਨਹੀਂ ਉਠਿ ਸਕੀਯਾ ਸੋਈ ॥ ੮ ॥ ਸੁਤ ਕਰ ਪਕਰੇ ਅੰਙਨ ਆਈ[5]। ਚਖਨਿ ਪਲਕ ਤੇ[6] ਇਕ ਟਕ ਲਾਈ। ਗਦ ਗਦ ਭਈ ਨ ਬੋਲ੍ਯੋ ਜਾਈ।ਬਾਨੀ ਰਹੀ ਕੰਠ ਉਰਝਾਈ[7] ॥੯॥ਸਨੇ ਸਨੇ ਸਾਮੀਪੀ ਹੋਇ। ਕਰ ਮਹਿਂ ਗਹਿ ਪਗ ਪੰਕਜ ਦੋਇ। ਸਿਰ ਧਰਿ ਧਰਿ ਪਰਿ ਕਰਿ ਪਰਨਾਮਾ। ਦੇਖਤਿ ਪੁਨ ਸਰੂਪ ਅਭਿਰਾਮਾ ॥ ੧੦ ॥ ਬਰਛਾ ਅਪਨੇ ਨਿਕਟ ਗਡਾਯੋ। ਸ਼ੁਭ ਸਿਹਜਾ ਪਰ ਗੁਰੂ ਸੁਹਾਯ। ਕਿਤਿਕ ਸਮੇਂ ਮਹਿਂ ਧਰਿ ਕਰਿ ਧੀਰਾ। ਬੋਲੀ ਬਿਰਧਾ ਪ੍ਰੇਮ ਗਹੀਰਾ ॥੧੧॥ '–ਸਤਿਗੁਰ ਸੰਗ ਲਗਨ ਜਿਸ ਲਾਗੀ। ਸਭਿ ਰਸ ਤ੍ਯਾਗਿ ਦਰਸ ਅਨੁਰਾਗੀ। ਤਿਸ ਕੋ ਨਿਸ਼ਚੈ ਪ੍ਰਾਪਤਿ ਹੋਇ–। ਇਹ ਗਾਥਾ ਜਗ ਕਹਿ ਸਭਿ ਕੋਇ ॥ ੧੨ ॥ ਸੋ ਪ੍ਰਤੱਖਯ ਹੋਈ ਅਬਿ ਮੇਰੇ।ਸ੍ਰੀ ਸਤਿਗੁਰ ਤੁਮ ਦਰਸ਼ਨ ਹੇਰੇ। ਹੌਂ ਵਾਰੀ,

[1]ਬਿੱਢੀ ਦੀ ਆਸ ਪੂਰਨ ਕਰਨ ਲਈ। [2]ਘਰ ਦਾ ਦਰਵਜਾ ਛੋਡਕੇ। [3]ਨਾਮ। [4]ਸਫਲ। [5]ਪੁੱਤ ਦਾ ਹੱਥ ਫੜਕੇ ਵੇਹੜੇ ਵਿਚ ਆਈ। [6]ਨੇਤ੍ਰਾਂ ਦੀਆਂ ਪਲਕਾਂ ਨਾਲ। [7]ਰਕ ਰਹੀ ਹੈ।

ਹੌਂ ਸਦ ਬਲਿਹਾਰੀ। ਹੌਂ ਸਦਕੇ ਘੋਲੀ ਸਦ ਵਾਰੀ'॥੧੩॥ ਗੁੰਦੀ ਫੂਲਨਿ ਮਾਲ ਬਿਸਾਲਾ। ਪਹਿਰਾਈ ਗੁਰ ਗਰ ਦੁਤਿ ਮਾਲਾ। ਕਰੌਂ ਪੂਜਨਾ ਗ੍ਰੇਹ ਮਝਾਰਾ। ਤੁਮ ਹਿਤ ਜਹਾਂ ਸਥਾਨ ਸੁਧਾਰਾ॥ ੧੪॥ ਧ੍ਯਾਨ ਧਾਰਿ ਕਰਿ ਗਰ ਪਹਿਰਾਵੌਂ। ਭਈ ਸਫਲ ਅਬਿ ਦਰਸ਼ਨ ਪਾਵੌਂ'। ਸੁਨਿ ਬੋਲੇ ਸ਼੍ਰੀ ਹਰਿਗੋਵਿੰਦ। 'ਕਰਯੋ ਪ੍ਰੇਮ ਤੇ ਬਸੀ ਬਿਲੰਦ॥ ੧੫॥ ਮਮ ਹਿਤ ਬਸਤ੍ਰ ਸੁਧਾਰਯੋ ਨੀਕੋ। ਨਿਸ ਦਿਨ ਕਰਿ ਅਨੁਰਾਗਤਿ ਜੀਕੋ। ਸੋ ਮੈਂ ਪਹਿਰਨਿ ਹਿਤ ਚਲਿ ਆਯੋ। ਅਪਰ ਨ ਅੰਬਰ ਮੋਹਿ ਸੁਹਾਯੋ॥ ੧੬॥ ਸੋ ਮੋ ਕਹੁ ਅਬਿ ਦੇਹੁ ਸਿਵਾਇ। ਪਹਿਰੌਂ ਤਨ ਮਹਿਂ ਮੋਦ ਉਪਾਇ'। ਸੁਨਿ ਬਿਸਮਤਿ ਚਿਤ ਹ੍ਵੈ ਕਰਿ ਕਹਯੋ। 'ਨਹਿਂ ਤੁਮਰੇ ਇਹ ਅਚਰਜ ਲਹਯੋ॥ ੧੭॥ ਕਰਤੇ ਰਹੇ ਸਦਾ ਇਸ ਭਾਂਤੀ। ਨਹੀਂ ਬਿਚਾਰਹੁ ਜਾਤਿ ਕੁਜਾਤੀ। ਇਸਤ੍ਰੀ ਪੁਰਖ ਨ ਧਨ ਗੁਨ ਕੋਈ[1]। ਪ੍ਰੇਮ ਰਿਦੇ ਹੁਇ ਪਰਖਹੁ ਸੋਈ॥ ੧੮॥ ਨਾਂਹਿ ਤ ਮੈਂ ਮਤਿਮੰਦ ਮਲੀਨੀ। ਧਨ ਗੁਨ ਸਕਲ ਭਾਂਤਿ ਤੇ ਹੀਨੀ। ਬਿਖਮ ਪੰਥ ਜਹਿਂ ਬਿੰਦ ਪਹਾਰਨਿ। ਸਭਿ ਉਲੰਘਿ ਪਹੁੰਚੇ ਜਿਸ ਕਾਰਨ॥ ੧੯॥–ਸਿਖ ਪ੍ਰਿਯ–ਬਿਰਦ ਆਪ ਕੋ ਸਚ ਇਮ[2]। ਭਗਤ ਵਛਲ ਤੁਮ ਰੂਪ ਬਿਸ਼ਨੁ ਜਿਮ। ਮੋਹਿ ਪਤਿਤ ਕੋ ਪਾਵਨ ਕੀਨਾ॥ ਦੀਨਨਿ ਪਰ ਕਰੁਨਾ ਰਸ ਭੀਨਾ॥੨੦॥ ਕਹਾਂ ਆਪ ਕੀ ਸਤੁਤਿ ਬਖਾਨੌਂ। ਅਲਪ ਮਤੀ ਕੁਛ ਕਹਿ ਨਹਿਂ ਜਾਨੌਂ।–ਅਧਮ ਉਧਾਰਨਿ–ਨਾਮ ਤੁਮਾਰਾ। ਇਕ ਇਹ ਮੈਂ ਨੀਕੇ ਨਿਰਧਾਰਾ॥੨੧॥ਦੇਖਹੁ ਪ੍ਰੇਮ ਕਿ ਨਰ ਹੁਇ ਨਾਰੀ। ਗਤਿ ਸੁਭਾਉ ਕੀ ਮਹਿਦ ਬਿਚਾਰੀ[3]। ਨੌ ਨਿਧਿ ਸਿੱਧਨਿ ਸਭਿ ਕੋ ਸ੍ਵਾਮੀ। ਪੋਖਨਿ ਕਰਹੁ ਸੁਬੰਤਰਜਾਮੀ॥ ੨੨॥ ਕਯਾ ਇਕ ਬਸਤ੍ਰ,ਨਹੀਂ ਸੋ ਨੀਕਾ। ਤਿਸ ਹਿਤ ਸ਼੍ਰੀ ਸੋਢੀ ਕੁਲ ਟੀਕਾ। ਪੰਥ ਬਿਖਮ ਕੋ ਲਾਂਘਤਿ[4] ਆਏ। ਮੁਝ ਜੀਵਤਿ ਕੋ ਦਰਸ ਦਿਖਾਏ'॥ ੨੩॥ ਇਮ ਕਹਿ ਹੋਤ ਵਾਰਨੇ ਹਿਤ ਸੋਂ। ਕਰੀ ਪ੍ਰਕਰਮਾ ਹਰਖਤਿ ਚਿਤ ਸੋਂ। ਤ੍ਰਿਪਤਿ ਨ ਹੋਤਿ ਬਿਲੋਕਤਿ ਲੋਚਨਿ। ਨਿਤ ਚਿਤਵਤਿ ਸੋਚਨਿ ਕਰਿ ਮੋਚਨਿ[5]॥ ੨੪॥

[1]ਜਾਤ ਕੁਜਾਤ ਇਸਤ੍ਰੀ ਪੁਰਸ਼ ਤੇ ਧਨ ਗੁਣ (ਆਦਿ ਦੀ) ਕੋਈ ਨਹੀਂ ਵਿਚਾਰ ਕਰਦੇ ਹੋ। [2]ਇਹ ਬਿਰਦ ਆਪ ਦਾ ਸੱਚਾ ਹੈ। [3](ਆਪ ਜੀ ਦੇ) ਸੁਭਾਉ ਦੀ ਦਸ਼ਾ ਬੜੀ (ਉੱਚੀ) ਵਿਚਾਰੀ ਹੈ। [4]ਲੰਘਕੇ। [5]ਸੋਚਾਂ ਦੇ ਦੂਰ ਕਰਨ ਵਾਲੇ ਨੂੰ ਨਿਤ ਚਿਤਵਨਾਂ ਕਰਦੀ ਸੀ। (ਅ) ਸੋਚਾਂ ਨੂੰ ਦੂਰ ਕਰਕੇ ਚਿਤਵਦੀ ਸੀ।

ਅੰਤਰ ਜਾਇ ਬਸਤ੍ਰ ਕੋ ਲਯਾਈ। ਜਿਸ ਪਰ ਅਧਿਕ ਸੁਗੰਧਿ ਸਿੰਚਾਈ। ਕਰਤਿ ਸ਼ੀਘ੍ਰਤਾ ਧਰਯੋ ਅਗਾਰੀ।ਹਾਥ ਜੋਰਿ ਪੁਨ ਬੰਦਨ ਧਾਰੀ॥੨੫॥ਤਤ-ਛਿਨ ਦਰਜੀ ਨਿਕਟ ਹਕਾਰਾ। ਦੀਰਘ ਗੁਰੂ ਸਰੀਰ ਦਿਖਾਰਾ। 'ਸੀਮਨਿ ਕਰਹੁ[1] ਸਰਬ ਅਭਿਰਾਮਾ। ਜਨਮ ਸਫਲ ਹੁਇ, ਪਹਿਰਹਿਂ ਜਾਮਾ'॥੨੬॥ ਇਮ ਕਹਿ ਤਤਛਿਨ ਸਿਯਨਿ ਲਗਾਯੋ। ਨਿਕਟ ਬੈਠਿ ਸੋ ਤਯਾਰਿ ਕਰਾਯੋ। ਪੁਨ ਬਿਰਧਾ ਨਿਰਮਲ ਜਲ ਲੀਨੇ। ਪਦ ਅਰਬਿੰਦ ਪਖਾਰਨਿ ਕੀਨੇ ॥੨੭॥ ਸੋ ਲੇ ਜਬਿ ਅਪਨੇ ਮੁਖ ਡਾਰਾ। ਦਿੱਬਯ ਦ੍ਰਿਸ਼ਟਿ ਹੋਈ ਲਖਿ ਸਾਰਾ[2]। ਰੂਪ ਵਾਸਤਵ ਆਤਮ ਜਾਨਾ। ਉਰ ਅਨੰਦ ਅੰਤਰ ਲਗਿ ਧਯਾਨਾ ॥ ੨੮ ॥ ਬਰਖ ਸੈਂਕਰੇ ਸਾਧਹਿਂ ਜੋਗ। ਭਈ ਜੋਗ ਅਸ ਪਹੁੰਚਨਿ ਲੋਗ[3]। ਸਭਿ ਘਰ ਮਹਿਂ ਉਠਿ ਕਰਿ ਛਿਰਕਾਯੋ। ਪੁਨਹ ਪੁੱਤ੍ਰ ਕੋ ਪਾਨ ਕਰਾਯੋ ॥ ੨੯ ॥ ਡੇਰਾ ਸਭਿਹਿਨਿ ਕੋ ਕਰਿਵਾਇ। ਖਾਨ ਪਾਨ ਹਿਤ ਸਕਲ ਪੁਚਾਇ। ਸ੍ਰੀ ਸਤਿਗੁਰ ਕੀ ਸੇਵਾ ਸਾਰੀ। ਅਪਨੇ ਹਾਥ ਕਰੀ ਹਿਤਕਾਰੀ ॥੩੦॥ ਨਿਸਾ ਬਿਖੈ ਸੁਭ ਸੇਜ ਬਿਲੰਦ। ਪੌਢੇ ਸਤਿਗੁਰੁ ਹਰਿ-ਗੋਵਿੰਦ। ਦੇਸ਼ ਸਰਬ ਕਸ਼ਮੀਰ ਮਝਾਰੀ।ਗੁਰ ਆਗਵਨੁ ਸੁਧਿ ਬਿਸਤਾਰੀ॥ ੩੧॥ ਕਰਨ ਪੁਟਨਿ ਜਨੁ ਸੁਧਾ ਪਿਵਾਈ। ਸੁਨਿ ਸੁਨਿ ਸਿਖ ਮਨ ਮੋਦ ਉਪਾਈ। ਜਹਿਂ ਕਹਿਂ ਤੇ ਇਕੱਤ੍ਰ ਹੁਇ ਆਏ। ਭਈ ਪ੍ਰਾਤ ਪਹੁੰਚੇ ਸਮੁ-ਦਾਏ ॥ ੩੨ ॥ ਮਧੁਰ ਮਹਾਂ ਫਲ ਮੂਲ ਬਿਲੰਦ । ਗੁਰੁ ਹਿਤ ਲਯਾਵਤਿ ਕਰਤਿ ਅਨੰਦ।—ਹੁਇ ਪ੍ਰਸੰਨ ਹਮ ਤੇ ਫਲ ਖਾਵੈਂ।ਜਨਮ ਸਫਲਤਾ ਤਤ-ਛਿਨ ਪਾਵੈਂ[4]—॥ ੩੩ ॥ ਘਨੇ ਸੇਉ ਲੇ ਕਰਿ ਰੰਗ ਲਾਲ। ਗੁੱਛ ਅੰਗੂਰਨਿ ਕੇਰ ਬਿਸਾਲ। ਜ਼ਰਦਾਲੂ ਅਰੁ ਲਯਾਇ ਬਟੰਤ[5]। ਇੱਤਯਾਦਿਕ ਬਹੁ ਬਿਧਿ ਅਰਪੰਤਿ ॥ ੩੪ ॥ ਸਿੱਖਯਨਿ ਕਰਨਿ ਭਾਵਨਾ ਪੂਰਨ। ਸਤਿਗੁਰ ਅਚਹਿਂ ਹੇਰਿ ਫਲ ਰੂਰਨਿ। ਅਪਰ ਅੰਨ ਸਿਧ ਹੇਤੁ ਰਸੋਈ।ਚਹੁੰਦਿਸ਼ਿ ਤੇ ਆਨਤਿ ਸਭਿ ਕੋਈ ॥੩੫॥ ਜਯੋਂ ਜਯੋਂ ਦੂਰਿ ਹੋਤਿ ਸੁਧਿ ਗ੍ਰਾਮਨਿ। ਤਯੋਂ ਤਯੋਂ ਸਿਖ ਆਵਤਿ ਤਜਿ ਧਾਮਨਿ। ਬਡੇ ਭਾਗ ਅਪਨੇ ਪਹਿਚਾਨਹਿਂ।ਬਡੋ ਲਾਭ ਬਿਨ ਜਤਨ ਪਛਾਨਹਿਂ ॥ ੩੬ ॥ ਜਥਾ ਜਨਮ ਦਾਰਿੱਦ੍ਰੀ ਕੋਇ।

[1]ਸੀਵੋਂ। [2](ਸਾਰ=) ਤੱਤ ਰੂਪ ਨੂੰ ਜਾਣਕੇ ਦਿਬਯ ਦ੍ਰਿਸ਼ਟੀ ਹੋਈ। [3]ਐਸੇ ਲੋਕ ਵਿਚ ਪਹੁੰਚਣ ਦੇ ਲਾਇਕ ਹੋ ਗਈ। [4](ਅਸੀਂ) ਪਾਈਏ। [5]ਛੋਟੀ ਜਿਹੀ ਨਾਖ ਯਾ ਨਾਸ਼ਪਾਤੀ। ਜੰਗਲੀ ਨੂੰ 'ਬਟੰਕ' ਕਹਿੰਦੇ ਹਨ। ਇਸ ਪਰ ਪੇਉਂਦਾਂ ਚਾੜ੍ਹਦੇ ਹਨ। ਸੋ ਬਟੰਤ ਤੋਂ ਮੁਰਾਦ ਪੇਉਂਦੀ ਦੀ ਹੈ। ਅਸਲੀ ਨਿੱਕਾ ਬੱਗੂ ਗੋਸ਼ਾ।

ਉੱਦਮ ਹੀਨ ਆਲਸੀ ਹੋਇ। ਤਿਸ ਕੇ ਸਦਨ ਅਚਾਨਕ ਆਵੈ। ਨਵ ਨਿੱਧਿਨਿਕੋ ਬੈਠਯੋ ਪਾਵੈ॥੩੭॥ਤਥਾ ਪਰਸਪਰ ਭਾਖਤਿ ਮਿਲਿ ਕੈ।'ਜਨਮ ਲਾਭ ਲਿਹੁ ਦਰਸਹੁ ਚਲਿ ਕੈ'। ਇਮ ਜਹਿਂ ਕਹਿਂ ਤੇ ਸਿਖ ਚਲਿ ਆਏ। ਅਨਿਕ ਉਪਾਇਨਿ ਉੱਤਮ ਲਯਾਇ॥ ੩੮ ॥ ਸੁੰਦਰ ਬਸਤ੍ਰ ਅਨੇਕ ਬਿਧਿਨਿ ਕੇ।ਅਰਪਹਿਂ ਗੁਰ ਆਗੈ ਜੁਤਿ ਧਨ ਕੇ।ਹੋਤਿ ਦੇਗ ਸਤਿਗੁਰੁ ਕੀ ਭਾਰੀ। ਕਰਹਿਂ ਅਹਾਰ ਸਿਗਰੀ ਸਾਰੀ ॥੩੯॥ ਬਿਰਧਾ ਨੇ ਸੋ ਜਾਮਾ ਲੀਨਿ। ਨਿਜ ਕਰ ਤੇ ਪਹਿਰਾਵਨਿ ਕੀਨਿ। ਹੇਰਿ ਹੇਰਿ ਸਤਿਗੁਰੁ ਕੀ ਦੁਤਿ ਕੋ। ਸੁਤ ਜੁਤਿ ਕਰਤਿ ਅਨੰਦਤਿ ਚਿਤ ਕੋ ॥੪੦॥–ਹਮ ਰੰਕਨਿ ਕੇ ਘਰ ਗੁਰੁ ਆਏ। ਸੇਵਤਿ ਸੁਰ ਨਰ ਜਿਹ ਸਮੁਦਾਏ–। ਸਭਿ ਸੰਗਤਿ ਮਹਿਂ ਪਸਰੀ ਬਾਤਿ।–ਬਿਰਧਾ ਬਸਤ੍ਰ ਕਰਯੋ ਜੋ ਕਾਤ[1]॥੪੧॥ ਤਿਸ ਪਹਿਰਨਿ ਕੋ ਗੁਰ ਚਲਿ ਆਏ–। ਸੋ ਜਾਮਾ ਅਬਿ ਗਰ* ਪਹਿਰਾਏ। ਹੇਰਿ ਹੇਰਿ ਕਰਿ ਆਪਸ ਮਾਂਹੀ। ਭਾਗ ਬ੍ਰਿਧਾ ਕੇ ਅਧਿਕ ਸਰਾਹੀਂ ॥੪੨॥ 'ਰਹੈਂ ਪ੍ਰੇਮ ਬਸਿ ਸ੍ਰੀ ਪਤਿ ਜੈਸੇ। ਗੁਰੁ ਸਰੂਪ ਤਿਨ ਕੋ ਬਿਧਿ ਤੈਸੇ। ਧੰਨ ਗੁਰੂ, ਗੁਰ ਸਿੱਖਯ ਸੁ ਧੰਨ। ਜਿਨ ਕੈ ਪ੍ਰੇਮ ਗੁਰੂ ਉਤਪੰਨ' ॥ ੪੩ ॥ ਇਮ ਕੀਰਤਿ ਪਸਰੀ ਤਿਸ ਦੇਸ਼। ਕਰਿ ਦਰਸ਼ਨ ਭੇ ਸਿੱਖ ਵਿਸ਼ੇਸ਼। ਪਗ ਪਾਹੁਲ ਲੇ ਆਨੰਦ ਹੋਵੈਂ। ਜਨਮ ਮਰਨ ਕੋ ਸੰਕਟ ਖੋਵੈਂ ॥ ੪੪ ॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪੰਚਮ ਰਾਸੇ 'ਕਸ਼ਮੀਰ' ਪ੍ਰਸੰਗ ਬਰਨਨੰ ਨਾਮ ਏਕ ਊਨਪੰਚਾਸਤਿ ਅੰਸੂ ॥ ੪੯ ॥

੫੦. [ਕੱਟੂ ਸ਼ਾਹ। ਸੇਵਾਦਾਸ ਨੂੰ ਬਖਸ਼ਿਸ਼]।

ਦੋਹਰਾ ॥ ਇਸ ਪ੍ਰਕਾਰ ਸ਼੍ਰੀ ਸਤਿਗੁਰੂ ਬਾਸੇ ਦਯੋਸ ਕਿਤੇਕ।ਦਰਸਹਿਂ ਸਿੱਖਯ ਨਿਹਾਲ ਹੁਇ ਕੇਤਿਕ ਲਹਯੋ ਬਿਬੇਕ ॥ ੧ ॥ ਚੌਪਈ ॥ ਕਿਸ ਕੋ ਪ੍ਰਾਪਤਿ ਸਤਿ ਸੰਤੋਸ਼।ਕੋ ਬ੍ਰਹਮਗਯਾਨੀ ਭਏ ਅਦੋਸ਼। ਸੱਤਿਨਾਮ ਸਿਮਰਨਿ ਕਿਸ ਪਾਵਾ। ਨਿਸ ਦਿਨ ਉਰ ਅੰਤਰਿ ਲਿਵਲਾਵਾ ॥ ੨ ॥ ਉਚਿਤ ਮੁਕਤਿ ਕੇ ਕੇਤਿਕ ਭਏ। ਗੁਰ ਸੰਗਤਿ ਤੇ ਦੋਸ਼ਨਿ ਹਏ। ਇਕ ਦਿਸ਼ਿ ਤੇ ਸਿਖ ਆਵਤਿ ਬ੍ਰਿੰਦ। ਬਾਸਨ ਮਧੁ ਕੋ[2]ਭਰਯੋ ਬਿਲੰਦ ॥੩॥ ਮਗ ਮਹਿਂ ਘਰ ਰਹਿ ਕੱਟੂਸ਼ਾਹੁ। ਬ੍ਰਹਮਗਯਾਨ ਜਿਸ ਕੇ ਉਰ ਮਾਂਹੁ। ਤਿਸ ਕੇ ਸਦਨ ਰਹੇ ਸਿੱਖ ਸੋਈ। ਨਿਸਾ ਬਿਤਾਇ ਚਲਹਿਂ ਮਗ ਜੋਈ ॥ ੪ ॥ ਕੱਟੂ ਸ਼ਾਹੁ ਸੇਵ ਸਭਿ ਕਰੀ। ਗੁਰ ਸਗਤਿ ਲਖਿ ਸ਼ਰਧਾ ਧਰੀ। ਖਾਨ ਪਾਨ ਆਛੋ ਕਰਿਵਾਇ। ਸੁਪਤਨਿ ਕੋ ਦੀਨੀ ਸ਼ੁਭ ਥਾਇ ॥੫॥ ਭਈ ਪ੍ਰਾਤ ਉਠਿ ਸੰਗਤਿ ਸਾਰੀ।

[1]ਕੱਤ ਕੇ। [2]ਬਰਤਨ ਸ਼ਹਿਦ ਦਾ। *ਪਾ:–ਗੁਰੁ।

ਕ੍ਰਿਯਾ ਸ਼ਨਾਨ ਆਦਿ ਸਭਿ ਧਾਰੀ। ਜਬਿ ਹੋਇ ਚਲਿਬੇ ਕਹੁ ਤਯਾਰੀ। ਬਾਨੀ ਕੱਟੂਸ਼ਾਹੁ ਉਚਾਰੀ॥੬॥'ਇਸ ਬਾਸਨ ਮਹਿਂਕਯਾ ਲੇ ਆਏ?।ਭੋ ਗੁਰੁ ਸਿੱਖਹੁ ਦੇਹੁ ਦਿਖਾਏ'।ਸੁਨਿ ਕਰਿ ਕਹ੍ਯੋ'ਮਧੁ ਸ਼ੁਭ ਜਾਤਿ[1]। ਸ਼੍ਰੀ ਸਤਿਗੁਰੁ ਹਿਤ ਲੇ ਕਰਿ ਜਾਤਿ॥੭॥ਅਧਿਕ ਫਿਰੇ ਇਹ ਕੀਨਿ ਬਟੋਰਾ।ਗੁਰ ਰਸਨਾ ਕੀ ਲਾਯਕ ਟੋਰਾ। ਇਹ ਡਾਲੀ ਜੁਤ ਫਲ ਸਮੁਦਾਏ[2]। ਸਤਿਗੁਰ ਕੌ ਅਰਪਹਿਂ ਅਬਿ ਜਾਏ'॥੮॥ਕੱਟੂ ਸ਼ਾਹੁ ਸੁਨਯੋ ਸ਼ੁਭ ਏਹ।ਜਾਚ੍ਯੋ ਮਧੁ 'ਮੁਝ ਕੋ ਕਛੁ ਦੇਹੁ। ਆਨ੍ਯੋ ਟੋਰਿ ਹੋਇ ਹੈ ਆਛੋ। ਹੇਰਨਿ ਹੇਤ ਸ੍ਵਾਦ ਮੈਂ ਬਾਂਛੋ' ॥੯॥ਸੁਨਿ ਕਰਿ ਸਿੱਖਯਨਿ ਉੱਤਰ ਦਿਯੋ।'ਗੁਰਕੋ ਨਹੀਂ ਅਰਪਬੋ ਕਿਯੋ। ਬਹੁ ਸ਼੍ਰਮ ਕਰਿਕੈ ਮਧੁ ਬਟੋਰਾ। ਸਤਿਗੁਰ ਅਚਹਿਂ,ਨੇਮ ਚਿਤ ਜੋਰਾ॥੧੦॥ ਸਤਿਗੁਰ ਬਿਨਾਂ ਦਿਯੋ ਨਹਿਂ ਜਾਈ। ਪੂਰਬ ਆਪ ਲੇਹਿਂ ਮੁਖ ਪਾਈ।ਪਾਛੇ ਸਿਖ ਸੰਗਤਿ ਕੋ ਦੇਹਿਂ। ਖੈਬੇ ਉਚਿਤ ਤਬਹਿ ਲਖਿ ਲੇਹਿਂ' ॥੧੧॥ ਮੌਨ ਕਰੀ ਪੁਨ ਕੱਟੂਸ਼ਾਹੂ। ਨਹਿਂ ਪ੍ਰਾਪਤਿ ਭੀ ਚਿਤ ਕੀ ਚਾਹੂ। ਹਰਖ ਸ਼ੋਕ ਕੋ ਲੇਸ਼ ਨ ਉਰ ਮੈਂ। ਰੈਨ ਦਿਵਸ ਮਨ ਲਾਗ੍ਯੋ ਗੁਰ ਮੈਂ ॥ ੧੨ ॥ ਇਮ ਕਹਿ ਸੰਗਤਿ ਮਾਰਗ ਪਰੀ। ਗੁਰ ਦਰਸ਼ਨ ਕੀ ਮਨਸ਼ਾ ਧਰੀ। ਸਨੈ ਸਨੈ ਚਲਿ ਕੈ ਪੁਰਿ ਆਏ। ਸਿਵਰ ਬੂਝਿ ਕਰਿ ਤਹਾਂ ਸਿਧਾਏ ॥੧੩॥ ਜਹਾਂ ਬਿਰਾਜੇ ਸਤਿਗੁਰੁ ਪੂਰੇ। ਸੰਗਤਿ ਪਹੁੰਚੀ ਜਾਇ ਹਦੂਰੇ। ਸਭਿ ਮੇਵਨਿ ਕੀ ਛਾਲੀ[3] ਧਰੀ। ਹਾਥ ਜੋਰਿ ਤਬਿ ਬੰਦਨ ਕਰੀ ॥ ੧੪ ॥ ਰਿਦੇ ਪ੍ਰਮੋਦ ਧਾਰਿ ਕਰਿ ਦਰਸੇ। ਸ਼ਰਧਾ ਤੇ ਸਤਿਗੁਰ ਪਗ ਪਰਸੇ।ਖੁਸ਼ੀ ਕਰੀ ਸਭਿਹਿਨਿ ਪਰ ਤਬੈ। ਹੋਤਿ ਨਿਹਾਲ ਬਿਲੋਕਤਿ ਜਬੈ ॥ ੧੫ ॥ ਗੁਰ ਕਹਿ ਬਾਸਨ ਮੁਖ ਖੁਲ-ਵਾਇਵ। ਦੇਖਤਿ ਸਭਿ ਕੇ ਮਨ ਬਿਸਮਾਇਵ। 'ਇਹ ਹਮ ਖੋਜਿ ਖੋਜਿ ਕਰਿ ਸਾਰੇ। ਮਧੁ[4] ਆਨ੍ਯੋ ਪ੍ਰਭੁ ਹੇਤੁ ਤੁਮਾਰੇ॥੧੬॥ਪਿਖ੍ਯੋ ਪ੍ਰਾਤ ਇਹ ਨੀਕੋ ਤਬੈ। ਅਬਿ ਕ੍ਰਿਮ ਗਨ ਸੋਂ ਪੂਰਨ ਸਬੈ। ਕਯਾ ਹੋਯੋ ਗਤਿ ਲਖੀ ਨ ਜਾਇ। ਸ਼ੁਧ ਮਧੁ ਮਧਿ[5]ਕ੍ਰਿਮ ਭੇ ਸਮੁਦਾਇ' ॥੧੭॥ ਮੁਸਕਾਨੇ ਗੁਰ ਬਾਕ ਬਖਾਨਾ। 'ਕੱਟੂ ਮਹਿਂ ਹਮ ਜਾਚਨਿ ਠਾਨਾ[6]। ਤਹਿਂ ਤੁਮ ਨੇ ਇਹ ਦੀਨਿਸਿ ਨਾਂਹਿ। ਯਾਂਤੇ ਭਏ ਕਿਰਮ ਮਧੁ ਮਾਂਹਿ ॥ ੧੮ ॥ ਜੋ ਮਮ ਸਿੱਖਯਨਿ ਕੇ ਮੁਖ ਪਰੇ। ਸੋ ਮੁਝ ਕੋ ਪਹੁਚਹਿ ਹਿਤ ਧਰੇ। ਸਿਖ ਜਾਚੇ ਜੋ ਦੇਯ ਨ ਤਾਂਹੀ।

[1]ਸ਼ਹਦ ਚੰਗੀ ਕਿਸਮ ਦੀ। [2]ਸਾਰੇ ਫਲਾਂ ਦੀ ਇਹ ਡਾਲੀ (ਭੇਟਾ) ਹੈ। [ਪੰ:, ਡਾਲੀ=ਟੋਕਰੀ, ਪਿੱਠੂ, ਫੁੱਲਾਂ ਦੀ ਟੋਕਰੀ। ਭੇਟਾ ਦੇਣ ਲਈ। ਭੇਟਾ]। [3]ਭੇਟਾ। [4]ਸ਼ਹਦ। [5]ਸ਼ੁਧ ਸ਼ਹਦ ਵਿਚ। [6]ਕੱਟੂਸ਼ਾਹ (ਦੇ ਰਿਦੇ) ਵਿਚ ਹੋਕੇ ਅਸਾਂ ਮੰਗਿਆ ਸੀ।

ਬਿਘਨ ਪਰਤਿ ਨਿਸ਼ਚੈ ਤਿਸ ਮਾਂਹੀ ॥ ੧੯ ॥ ਕੱਟੂ ਸ਼ਾਹੁ ਨਿਕਟ ਅਬਿ ਜਾਵਉ। ਧਰਿ ਸ਼ਰਧਾ ਮਧੁ ਤਿਸੈ ਅਚਾਵਉ।ਸੁ ਪ੍ਰਸੰਨ ਜਬਿ ਕਰਿਹੋ ਤਾਂਹਿ। ਇਹ ਸਗਰੋ ਤੈਸੇ ਬਨਿ ਜਾਹਿ' ॥ ੨੦ ॥ਸੁਨਿ ਸਤਿਗੁਰ ਤੇ ਉਰ ਪਛੁਤਾਏ।–ਕੱਟੂ ਸ਼ਾਹੁ ਸਿੱਖ ਅਧਿਕਾਏ।ਨਿਜ ਦਾਸਨਿ ਮਹਿਂ ਬਾਸ ਕਰੰਤਾ[1]। ਸਰਬ ਸਥਲ ਮਹਿਂ ਗੁਰ ਭਗਵੰਤਾ–॥ ੨੧ ॥ ਮਾਨਿ ਬਚਨ ਕੋ ਬਹੁਰ ਪਧਾਰੇ। ਲੇ ਮਧੁ ਬਾਸਨ ਬਿਲਮ ਨਿਵਾਰੇ। ਸੰਧ੍ਯਾ ਸਮੈਂ ਪਹੂਚੇ ਜਾਇ। ਕੱਟੂਸ਼ਾਹੁ ਹੇਰਿ ਮੁਸ਼ਕਾਇ ॥ ੨੨ ॥–ਸਿੱਖਯਨਿ ਕੋ ਗੁਰ ਮਾਨ ਰਖੰਤਾ। ਨਿਜ ਤੇ ਅਧਿਕਾਵਤਿ ਭਗਵੰਤਾ–। ਤਿਨਹੁਂ ਜਾਇ ਧਰਿ ਮਧੂ ਅਗਾਰੀ। 'ਛਿਮਹੁ ਅਵੱਗ੍ਯਾ' ਬਿਨੈ ਉਚਾਰੀ ॥ ੨੩ ॥ ਬਾਸਨ ਤੇ ਨਿਕਾਸਿ ਮਧੁ ਲੀਨਾ।ਕੱਟੂ ਸ਼ਾਹੁ ਖਾਨਿ ਤਬਿ ਕੀਨਾ। ਬਹੁਰ ਅਛਾਦਨਿ ਮੁਖ[2] ਕਰਿ ਦਯੋ। ਅਧਿਕ ਸੁਗੰਧਤਿ ਮਧੁ ਹੁਇ ਗਯੋ ॥੨੪॥ ਕਰਿ ਬੰਦਨ ਸਿਖ ਮਹਿਮਾ ਜਾਨੀ।ਗੁਰ ਸਿੱਖੀ ਹੈ ਧੰਨ ਮਹਾਨੀ। ਪੁਨਿ ਪੁਰਿ ਕੋ ਚਲਿ ਕਰਿ ਸੋ ਲ੍ਯਾਏ।ਮਧੁਬਾਸਨ ਗੁਰੁ ਢਿਗ ਅਰਪਾਏ ॥ ੨੫ ॥ ਆਛੋ ਮਧੂ ਦੇਖਿ ਗੁਰ ਕਹ੍ਯੋ। 'ਗੁਰਮੁਖ ਸਿਖ ਮਮ ਭੇਦ ਨ ਲਹ੍ਯੋ। ਏਕ ਰੂਪ ਕਰਿ ਜਾਨਹੁ ਦੋਈ। ਗੁਰ ਅਰੁ ਸਿੱਖਯ ਨ ਅੰਤਰ[3] ਕੋਈ*' ॥੨੬॥ ਇਮ ਕਹਿ ਮਧੁ ਬਾਸਨ ਧਰਿਵਾਇਸਿ। ਸਿੱਖੀ ਮਹਿਮਾ ਅਧਿਕ ਬਧਾਇਸਿ। ਇਸੀ ਪ੍ਰਕਾਰ ਬਸੇ ਕਸ਼ਮੀਰ। ਨਿਤ ਆਵਤਿ ਸੰਗਤਿ ਕੀ ਭੀਰ ॥ ੨੭ ॥ ਕਿਤਿਕ ਦਯੋਸ ਬੀਤੇ ਤਿਸ ਦੇਸ਼। ਨਿਤ ਨੌਤਨ ਗੁਰੁ ਚਰਿਤ ਵਿਸ਼ੇਸ਼। ਅੰਤ ਸਮਾਂ ਬਿਰਧਾ ਕੋ ਆਵਾ। ਤਨੁ ਤ੍ਯਾਗ੍ਯੋ ਉਰ ਹਰਖ ਉਪਾਵਾ ॥ ੨੮ ॥ ਗੁਰ ਕੇ ਨਿਕਟ ਕੁਸ਼ਾਸਨ ਕਰ੍ਯੋ। ਨਖ ਸ਼ਿਖ[4] ਰੁਚਿਰ ਸਰੂਪ ਨਿਹਰ੍ਯੋ। ਦੇਖਤਿ ਦੇਖਤਿ ਸਤਿਗੁਰ ਦੇਹਿ। ਨਿਕਰੇ ਪ੍ਰਾਨ ਨ੍ਰਿਬਾਹ ਸਨੇਹ[5] ॥ ੨੯ ॥ ਧੰਨ ਜਨਮ ਬਿਰਧਾ ਕੋ ਕਹੈਂ। ਜਿਸ ਕੀ ਸਮਤਾ ਜੋਗੀ ਲਹੈਂ। ਸਤਿਗੁਰੁ ਕੀ ਆਇਸੁ ਕੋ ਪਾਇ। ਸਸਕਾਰਨਿ ਕੋ ਕੀਨਿ ਉਪਾਇ ॥੩੦॥ ਸੇਵਾਦਾਸ ਆਦਿ ਸਿਖ ਸਾਰੇ। ਕਰਤਿ

---

[1]ਕਰਦਾ ਹੈ (ਸਤਿਗੁਰ)। [2](ਭਾਂਡੇ ਦਾ) ਮੂੰਹ। [3]ਫਰਕ। [4]ਨਹੁੰ ਤੋਂ ਕੇਸਾਂ ਤਕ=ਸਾਰਾ। [5]ਆਪਣਾ ਪ੍ਰੇਮ ਨਿਰਬਾਹ ਕੇ ਪ੍ਰਾਣ ਨਿਕਲ ਗਏ (ਅ) ਸਤਿਗੁਰਾਂ ਨਾਲ ਪ੍ਰੇਮ ਨਿਭ ਗਿਆ ਤੇ ਪ੍ਰਾਣ ਨਿਕਲੇ।

*'ਗੁਰਮੁਖ ਸਿੱਖ ਦਾ ਤੇ ਮੇਰਾ ਫਰਕ ਨਹੀਂ' ਕੱਟੂ ਸ਼ਾਹ ਦਾ ਪਿੱਛੇ ਪ੍ਰਸੰਗ ਆ ਚੁਕਾ ਹੈ, ਕਿ ਉਹ ਪੂਰਨ ਪਦ ਦਾ ਸਦਾ ਲਿਵਲੀਨ ਸਿੱਖ ਸੀ। ਇਹ ਭੁਲੇਖਾ ਨਹੀਂ ਖਾਣਾ ਚਾਹੀਦਾ ਕਿ ਸਾਕਤ ਲੋਕ ਵੀ ਕਦੇ ਗੁਰੂ ਰੂਪ ਕਹੇ ਜਾ ਸਕਦੇ ਹਨ।

ਭਜਨ ਸਭਿ ਕਾਰ ਸੁਧਾਰੇ। ਜਥਾ ਸ਼ਕਤਿ ਤੇ ਕੀਨਿ ਬਿਮਾਨਾ। ਕੰਧ ਉਠਾਏ ਕਰਯੋ ਪਯਾਨਾ ॥੩੧॥ ਧਰੀ ਚਿਖਾ ਪਰ ਪਾਵਕ ਬਾਰੀ। ਤਤਛਿਨ ਦਹਿ ਭਸਮ ਕਰਿ ਡਾਰੀ। ਜਬਿ ਤਨੁ ਜਰਯੋ ਭਯੋ ਨਭ ਲਾਲ। ਪਿਖਿ ਸਭਿ ਅਚਰਜ ਕਰਯੋ ਬਿਸਾਲ ॥ ੩੨ ॥ ਮਹਿਨਿ ਖਚਯੋ ਇਕ ਆਇ ਬਿਮਾਨ। ਸੁਰ ਸਰੂਪ ਹੁਇ ਚਢੀ ਸੁਜਾਨ।ਦਿੱਬਯ ਸਰੂਪ ਬਿਭੂਖਨ ਬਸਨ। ਮੰਦ ਮੰਦ ਸੁੰਦਰ ਮੁਖ ਹਸਨਿ ॥ ੩੩ ॥ ਸਗਰੇ ਲੋਕ ਉਲੰਘਤਿ ਗਈ। ਸਤਿਗੁਰ ਪੁਰਿ ਕੋ ਪ੍ਰਾਪਤਿ ਭਈ। ਅਨਿਕ ਦੇਵ, ਗਨ, ਸਾਦਰ ਸਾਥ। ਪਹੁੰਚਾਈ ਜੋਰਤਿ ਜੁਗ ਹਾਥ॥ ੩੪ ॥ ਜੈ ਜੈ ਕਰਤਿ ਛੋਰਿ ਮੁਰਿ ਆਇਸਿ। ਉੱਤਮ ਮਹਿਮਾ ਤਿਸ ਕੀ ਗਾਇਸ। ਗੁਰੁ ਪਗ ਪੰਕਜ ਪ੍ਰੇਮ ਬਿਸਾਲਾ। ਤਿਸ ਤੇ ਅਸ ਪਦ ਲਹਿ ਤਤਕਾਲਾ॥ ੩੫ ॥ ਤਪ ਜਪ ਦਾਨ ਜੱਗ ਨਹਿਂ ਕੀਨਾ। ਗੁਰੂ ਪ੍ਰੇਮ ਤੇ ਸ਼ੁਭ ਗਤਿ ਲੀਨਾ। ਕਲਿ ਮਹਿਂ ਮਾਨਵ ਅਸ ਸ੍ਰੀ ਗੁਰ ਕੋ। ਸੇਵਹਿ ਜੇ ਨ ਪ੍ਰੇਮ ਕਰਿ ਉਰ ਕੋ ॥ ੩੬ ॥ ਭਾਗਹੀਨ ਤਿਨ ਤੇ ਕੋ ਪਰੈ। ਅਸ ਸੁਖੇਨ ਜੇ ਕਾਜ ਨ ਕਰੈ। ਬਡ ਪੁੰਨਨਿ ਕੋ ਜੇ ਫਲ ਹੋਈ। ਤੌ ਅਸ ਸਤਿਗੁਰ ਪ੍ਰਾਪਤਿ ਹੋਈ ॥ ੩੭ ॥ ਦੂਰਿ ਉਲੰਘੇ ਬਿਖਮ ਪਹਾਰ। ਦੀਨਸਿ ਦਰਸ਼ਨ ਸਦਨ ਮਝਾਰ। ਨਿਜ ਹਜ਼ੂਰ ਹੁਇ ਤਨੁ ਤਜਿਵਾਇ। ਅਚਲੋਤਮ[1] ਪਦ ਦਈ ਪੁਚਾਇ॥ ੩੮ ॥ ਅਸ ਕ੍ਰਿਪਾਲ ਗੁਰੁ ਪ੍ਰਭੂ ਬਿਸਾਲ। ਸਿਮਰਹੁ ਮਨ ਤਜਿ ਅਪਰ ਜੰਜਾਲ। ਕਰਹੁ ਅਰਾਧਨਿ ਪ੍ਰੇਮੀ ਹੋਇ। ਜੀਵਤਿ ਨਹਿਂ ਬਿਸਰਾਵਹੁ ਸੋਇ ॥ ੩੯ ॥ ਇਸ ਪ੍ਰਕਾਰ ਸਤਿਗੁਰ ਤਹਿਂ ਬਾਸੇ। ਸਿੱਖਨਿ ਕੇ ਕਰਿ ਕਾਰਜ ਰਾਸੇ। ਬਹੁ ਦਾਸਨਿ ਕੇ ਕਰਯੋ ਪ੍ਰਕਾਸ਼ੂ। ਸੰਸੇ ਜੁਤਿ ਅੱਗਯਾਨ ਬਿਨਾਸੁ॥ ੪੦ ॥ਸ਼੍ਰੀ ਮੁਖ ਤੇ ਆਗਯਾ ਤਬਿ ਕਰੀ। 'ਸੇਵਾਦਾਰ ਆਇ ਤਿਸ ਘਰੀ। ਸਤਿਸੰਗਤਿ ਕੋ ਦੇਹੁ ਅਹਾਰਾ। ਭੋਜਨ ਰਚਹੁ ਅਨੇਕ ਪ੍ਰਕਾਰਾ'॥ ੪੧ ॥ ਤਤਛਿਨ ਸਭਿ ਵਸਤੂ ਅਨਵਾਇ। ਸੇਵਾਦਾਸ ਕਰੀ ਸਮੁਦਾਇ। ਜਗਯ ਕਰਯੋ ਸੰਗਤਿ ਮੁਖ ਪਾਯੋ। ਜਿਸ ਜਸ ਚਹਯੋ ਸੁ ਤਸ ਤਿਸ ਖਾਯੋ॥ ੪੨ ॥ਦੇਖਿ ਪ੍ਰਸੰਨ ਭਏ ਗੁਰਦੇਵ। ਸੇਵਾਦਾਸ ਲਾਇ ਨਿਜ ਸੇਵ। ਕਰਯੋ ਮਸੰਦ ਦੇਸ਼ ਤਿਸ ਕੇਰਾ। ਗੁਰੂ ਦਰਬ ਸੰਚੈ ਸੁ ਘਨੇਰਾ ॥ ੪੩ ॥ ਦੇਗ ਚਲਾਵਨਿ ਲਾਗਯੋ ਤਹਾਂ। ਧਰਮ-ਸਾਲ ਰਚਿ ਸੰਗਤਿ ਮਹਾਂ*। ਅਪਰ ਜਿਤਿਕ ਧਨ ਸੰਚੇ ਹੋਹਿ[2]। ਸਤਿਗੁਰੁ

[1]ਅਟੱਲ ਤੇ ਉਤਮ। [2]ਕੱਠਾ ਹੋ ਜਾਵੇ। *ਇਹੋ ਹੀ ਗੁਰਦਵਾਰਾ ਹੈ ਹੁਣ ਤੀਕ, ਕਾਠੀ ਦਰਵਾਜ਼ੇ।

ਢਿਗ ਪਹੁੰਚਾਵੈ ਸੋਇ ॥ ੪੪ ॥ ਇਸ ਬਿਧਿ ਕੋ ਮਸੰਦ ਕਰਿ ਭਾਰੀ। ਸ਼੍ਰੀ ਹਰਿਗੋਬਿੰਦ ਕੀਨਿਸਿ ਤਯਾਰੀ। ਚਲਨੋ ਚਹੈਂ ਨਿਜ ਦੇਸ਼ ਮਝਾਰਾ। ਬਲੀ ਬਿਸਾਲ ਪ੍ਰਤਾਪ ਉਦਾਰਾ ॥ ੪੫ ॥ ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪੰਚਮ ਰਾਸੇ 'ਕਸ਼ਮੀਰ' ਪ੍ਰਸੰਗ ਬਰਨਨੰ ਨਾਮ ਪੰਚਾਸਤਿ ਅੰਸੂ ॥ ੫੦ ॥

੫੧. [ਵਾਪਸ ਮੁੜੇ। ਜਪਜੀ ਅਰਥ। ਤਲਵੰਡੀ]।

ਦੋਹਰਾ ॥ ਸੁਨਿ ਸਤਿਗੁਰੂ ਕੇ ਗਮਨਿ ਕੋ ਸਿਖ ਸੰਗਤਿ ਸਮੁਦਾਇ। ਫਲ ਮਧੁਰੇ ਬਹੁ ਭਾਂਤਿ ਕੇ ਪੰਥ ਹੇਤੁ ਦੇ ਲਜਾਇ[1] ॥੧॥ ਚੌਪਈ ॥ ਮਨੋ ਕਾਮਨਾਂ ਸਭਿ ਨੇ ਪਾਈ॥ਕ੍ਰਿਪਾ ਦ੍ਰਿਸ਼ਟਿ ਪਿਖਿ ਸਿਖ ਸਮੁਦਾਈ॥ਸਿਰੋ ਪਾਉ ਮੁੱਖਜਨਿ ਕੋ ਦੀਨੇ। ਨਿਜ ਨਿਜ ਸਦਨ ਬਿਸਰਜਨਿ ਕੀਨੇ ॥ ੨ ॥ ਜਥਾ ਜੋਗ ਸਭਿਹਿਨਿ ਸੋਂ ਕਰਿ ਕੈ। ਗਮਨੇ ਸਤਿਗੁਰ ਹਯ ਪਰਿ ਚਰਿ ਕੈ। ਜਹਿਂ ਬਾਵਨ ਹੋਇ ਅਵਤਾਰ। ਅਦਿਤੀ ਕੱਸਯਪ ਸਦਨ ਮਝਾਰ॥੩॥ਬਾਰਾਮੂਲਾ ਪੁਰਿ ਕੋ ਨਾਮ*। ਤਿਸ ਥਲ ਮਹਿਂ ਰਿਖਿ ਬਰ[2] ਕੋ ਧਾਮ। ਬਡ ਕਸ਼ਮੀਰ ਦੇਸ਼ ਜਹਿਂ ਤੀਕਾ। ਕੱਸਯਪ ਕੀਨਿ ਬਸਾਵਨਿ ਨੀਕਾ ॥ ੪ ॥ ਤਹਾਂ ਆਇ ਉਤਰੇ ਗੁਰ ਪੂਰੇ। ਚਹੁੰ ਦਿਸ਼ਿ ਮਹਿਂ ਪਰਬਤ ਥਲ ਰੂਰੇ। ਬਾਰਾਮੂਲੇ ਮਹਿਂ ਸਿਖ ਜੇਤੇ। ਸੁਨਿ ਸਤਿਗੁਰੁ ਢਿਗ ਪਹੁੰਚੇ ਤੇਤੇ॥੫॥ਸਰਬ ਭਾਂਤਿ ਕਰਿ ਸੇਵ ਮਹਾਨੀ। ਪੂਰੀ ਭਈ ਜੁ ਬਾਂਛਾ ਠਾਨੀ। ਗੁਰਮਤਿ ਕੋ ਦੇ ਕਰਿ ਉਪਦੇਸ਼ਾ। ਗਾਢੀ ਸਿੱਖੀ ਕੀਨਿ ਵਿਸ਼ੇਸ਼ਾ ॥ ੬ ॥ ਨਿਸਿ ਬਿਤਾਇ ਕਰਿ ਪ੍ਰਾਤ ਅਰੋਹੇ†।ਪੁਨ ਆਗੈ ਗਿਰ ਕੋ ਮਗ ਜੋਹੇ।ਸਰਲ ਚੀੜ੍ਹ[3] ਸਮੁਦਾਇ ਖਰੇ ਹੈਂ। ਸਨੈ ਸਨੈ ਚਲਿ ਉਲੰਘ ਪਰੇ ਹੈਂ ॥੭॥ ਹਾਵਸਵਾਦ[4] ਸਿੱਖ ਇਕ ਸਿਮਰ-

---

[1]ਲਿਆ ਦਿੱਤੇ। [2]ਭਾਵ ਕੱਸਯਪ। [3]ਚੀੜ ਦੇ ਬ੍ਰਿੱਛ। [4]ਹਾਵਸ਼ਵਾਦ। ਏਥੇ ਗੁਰਦੁਵਾਰਾ ਹੈ।

*ਏਥੇ ਸਤਿਗੁਰਾਂ ਦੇ ਉਤਾਰੇ ਦੇ ਥਾਓਂ ਗੁਰਦੁਆਰਾ ਦਰਯਾ ਦੇ ਕਿਨਾਰੇ ਉਤੇ ਹੈ।

†ਏਥੇ ਸਤਿਗੁਰੂ ਜੀ ਕੁਛ ਦਿਨ ਰਹੇ ਹਨ! ਇੱਕੋ ਰਾਤ ਰਹਿ ਕੇ ਨਹੀਂ ਟੁਰ ਪਏ। ਇਰਦ ਗਿਰਦ ਸ਼ਿਕਾਰ ਚੜ੍ਹਦੇ ਰਹੇ ਹਨ। ਜਿੱਥੇ ਹੁਣ ਸਿੰਘ ਪੁਰਾ ਗਾਓਂ ਹੈ, ਇਸ ਤੋਂ ਉਰੇ ਜਿੱਥੇ ਪੁਰਾਣੀ ਸੜਕ ਲੰਘਿਆ ਕਰਦੀ ਸੀ, ਇੱਥੇ ਇਕ ਬਹਿਲੋਲ ਨਾਮੇ ਫਕੀਰ ਪਾਸ ਜਾ ਕੇ ਬੈਠਿਆ ਕਰਦੇ ਸਨ ਜੋ ਉਹਨਾਂ ਦੇ ਸਤਿਸੰਗ ਨਾਲ ਤਰ ਗਿਆ, ਇਸ ਟਿਕਾਣੇ ਹੁਣ ਤਕ ਥੜ੍ਹਾ ਸਾਹਿਬ ਹੈ, ਜਿੱਥੇ ਹੁਣ ਗੁਰਦਵਾਰਾ ਬਣ ਗਿਆ ਹੈ। ਹੁਣ ਵਾਲੀ ਪੱਕੀ ਸੜਕ ਤੋਂ ਸ਼੍ਰੀ ਨਗਰ ਦੇ ਪਾਸੇ ਬਾਰਾਂ ਮੂਲੇ ਤੋਂ ਚਾਰ ਕੁ ਮੀਲ ਅਗੇਰੇ 'ਦਿਲਨਾਂ' ਨਾਮੇ ਗਿਰਾਂ ਤੋਂ ਸੱਜੇ ਪਾਸੇ ਵੱਲ ਸੜਕ ਇਸ ਟਿਕਾਣੇ ਨੂੰ ਚੜ੍ਹਦੀ ਹੈ। ਇਹ ਟਿਕਾਣਾ ਬੜਾਂ ਰਮਣੀਕ ਹੈ, ਮੀਲ ਕੁ ਪਰੇ ਸਿੰਘਾਂ ਦਾ ਗਿਰਾਂ ਹੈ—ਸਿੰਘ ਪੁਰਾ—।

ਤਿ*। ਸਤਿਗੁਰੁ ਦਰਸ਼ਨ ਕੋ ਚਿਤ ਬਿਰਮਤਿ[1]। ਤਿਸਕੋ ਦਰਸ਼ਨ ਦੈਬੇ ਹੇਤੁ। ਪਹੁੰਚੇ ਸ਼੍ਰੀ ਸੋਢੀ ਕੁਲਕੇਤ॥੮॥ਪੁਰਿ ਤੇ ਵਹਿਰ ਕਰਨੋ ਪਿਖਿ ਡੇਰਾ॥ ਉਤਰੇ ਹਯ ਲਗਾਇ ਤਿਸ ਬੇਰਾ। ਤਰੁਵਰੁ ਕੀ ਛਾਯਾ ਰਮਣੀਕ। ਸਘਨ ਸਦਲ ਗਨ ਖਰੇ ਨਜੀਕ ॥੯॥ ਫਰਸ਼ ਕਰਾਇ ਬੈਠਿ ਤਹਿਂ ਗਏ। ਪੁਰਿ ਮਹਿਂ ਸੁਧਿ ਹੋਈ 'ਗੁਰ ਅਏ'। ਕਰਮ ਚੰਦ ਸਿਖ ਤਹਾਂ ਬਸਤਿ ਹੈ। ਬਾਨੀ ਪਠਿਬੇ ਅਰਥ ਰਸਤਿ[2]†ਹੈ ॥੧੦॥ ਸੋ ਸੁਨਿ ਕੈ ਆਯਹੁ ਤਤਕਾਲੁ। ਦੇਖਨੋ ਸੁੰਦਰ ਦਰਸ ਬਿਸਾਲੂ। ਬੰਦਨ ਕਰੀ ਚਰਨ ਅਰਬਿੰਦ। ਬੂਝਤਿ ਭੇ ਸ਼੍ਰੀ ਹਰਿਗੋਬਿੰਦ ॥੧੧॥ 'ਕੌਨ ਅਹੈਂ, ਕਿਸ ਥਲ ਮਹਿਂ ਬਾਸ਼ੈਂ?। ਕਿਸ ਕਾਰਜ ਆਯਹੁ ਹਮ ਪਾਸੈ?'।ਕਰਮ ਚੰਦ ਕਰ ਜੋਰਤਿ ਉਚਰੀ। 'ਰਾਵਰਿ ਸਿੱਖ,ਬਸੌਂ ਇਸ ਪੁਰੀ ॥੧੨॥ ਜਥਾ ਸ਼ਕਤਿ ਚਾਹੌਂ ਤੁਮ ਸੇਵਾ। ਬਡੇ ਭਾਗ

[1]ਲੋਚਦਾ ਸੀ। [2]ਬਾਣੀ ਦੇ ਪਾਠ ਤੇ ਅਰਥਾਂ ਦਾ ਰਸੀਆ।

*ਕਵਿ ਜੀ ਨੇ ਮੁੜਵੇਂ ਸਫਰ ਦਾ ਹਾਲ ਨਹੀਂ ਦਿੱਤਾ, ਪਰ ਹੋਰ ਪੁਸਤਕਾਂ ਅਤੇ ਰਸਤੇ ਦੇ ਨਿਸ਼ਾਨਾਂ ਤੋਂ ਪਤਾ ਲਗਦਾ ਹੈ ਕਿ ਬਾਰਾਂ ਮੂਲੇ ਤੋਂ ਦਰਯਾ ਦੇ ਪਾਰਲੇ ਕਿਨਾਰੇ ਜੋ ਸੜਕ ਤਦੋਂ ਪੰਜੇ ਸਾਹਿਬ ਤਕ ਜਾਂਦੀ ਸੀ, ਗੁਰੂ ਸਾਹਿਬ ਜੀ ਉਸ ਰਸਤੇ ਪੰਜੇ ਸਾਹਿਬ ਅੱਪੜੇ ਹਨ। ਅਜ ਕਲ ਸੜਕ ਉਰਾਰਲੇ ਪਾਸੇ ਹੈ। ਰਾਹ ਵਿਚ ਉੜੀ ਦੇ ਲਾਗ ਆਪ ਦੇ ਠਹਿਰਨ ਦੀ ਯਾਦਗਾਰ ਹੈ, ਹੋਰ ਬੀ ਜਗਾ ਜਗਾ ਨਿਸ਼ਾਨ ਸਨ ਜੋ ਮਿਟ ਰਹੇ ਹਨ। ਇਕ ਦੋ ਜਗ੍ਹਾ ਹੋਰ ਬੀ ਹਨ, ਫਿਰ ਮੁਜ਼ਫਰਾ ਬਾਦ ਜਿੱਥੇ ਟਿਕੇ ਸਨ ਓਥੇ ਸੁਹਣਾ ਗੁਰਦੁਆਰਾ ਹੈ, ਚਸ਼ਮਾ ਹੈ, ਉਸ ਤੋਂ ਕੁਛ ਵਿੱਥ ਤੇ ਬਾਦਸ਼ਾਹ ਦੀ ਫੋਦਗਾਹ ਹੈ, ਜਿਸ ਦੀ ਚਾਰ ਦੀਵਾਰੀ ਦਰਵਾਜ਼ੇ ਤੇ ਉਪਰ ਖੁਤਬਾ ਬੀ ਹੈ। ਇਹ ਜ਼ਿਕਰ ਬੀ ਅਜ ਤਕ ਲੋਕਾਂ ਨੂੰ ਯਾਦ ਹੈ ਕਿ ਪਾਤਸ਼ਾਹ ਨੇ ਜੋ ਆਪਣੇ ਡੇਰੇ ਦੀ ਰੌਣਕ ਵਿਚ ਸੀ ਸਤਿਗੁਰਾਂ ਨੂੰ ਨਿਰੀ ਉਜਾੜ ਵਿਚ ਡੇਰਾ ਕੀਤਾ ਵੇਖ ਕੇ ਆਖਿਆ ਕਿ ਆਪ ਉਜਾੜ ਵਿਚ ਉਤਰੇ ਹੋ? ਤਾਂ ਆਪ ਨੇ ਉੱਤਰ ਦਿਤਾ ਕਿ ਫਕੀਰਾਂ ਦੀ ਉਜਾੜ ਦੁਤੀਆ ਦਾ ਚੰਦ ਹੈ, ਤੇ ਪਾਤਸ਼ਾਹਾਂ ਦੀ ਰੌਣਕ ਪੁੰਨਿਆਂ ਦਾ ਚੰਦ ਹੈ। ਭਾਵ ਇਹ ਸੀ ਕਿ ਇਸ ਅਸਥਾਨ ਦੀ ਰੌਣਕ ਵਧੇਗੀ ਤੇ ਫਰੋਦਗਾਹ ਦੀ ਘਟੇਗੀ, ਸੋ ਹੁਣ ਗੁਰਦਵਾਰੇ ਬੜੀ ਰੌਣਕ ਹੈ ਤੇ ਫਰੋਦਗਾਹ ਉਜਾੜ ਪਈ ਹੈ, ਅੰਦਰ ਖੇਤੀ ਹੁੰਦੀ ਹੈ। ਇਥੋਂ ਆਪ ਉਸ ਰਸਤੇ ਗਏ ਜਾਪਦੇ ਹਨ ਜੋ ਹੁਣ ਮਾਨਸੇਹਰਾ (ਮਾਨ ਸਿੰਘੇਰਾ) ਐਬਟਾਬਾਦ ਪਾਸੋਂ ਲੰਘਦਾ ਹੈ। ਐਬਟਾਬਾਦ ਪਾਸੇ ਨਵਾਂ ਸ਼ਹਿਰ ਪੁਰਾਣੀ ਆਬਾਦੀ ਹੈ। ਏਥੇ ਯਾ ਧਮਧੋੜ ਕਿਸੇ ਟਿਕਾਣੇ ਆਪ ਟਿਕੇ ਹਨ। ਫੇਰ ਪੰਜੇ ਸਾਹਿਬ ਅੱਪੜੇ ਹਨ। ਏਥੋਂ ਪਾਤਸ਼ਾਹ ਪੱਛੋਂ ਨੂੰ ਗਿਆ ਹੈ ਤੇ ਆਪ ਗੁਜਰਾਤ ਆਦਿਕ ਥਾਈਂ ਠਹਿਰਦੇ ਹਾਫਜ਼ਾਬਾਦ ਹੋਕੇ ਨਨਕਾਣੇ ਸਾਹਿਬ ਗਏ ਹਨ। ਇਹ ਬੀ ਖਿਆਲ ਹੈ ਕਿ ਵਜ਼ੀਰਾਬਾਦ ਗੁਜਰਾਤੋਂ ਹੁੰਦੇ ਹੋਏ ਠਹਿਰੇ ਹਨ, ਜਿੱਥੇ ਕੋਠਾ ਸਾਹਿਬ ਕਰਕੇ ਗੁਰਦਵਾਰਾ ਮੌਜੂਦ ਹੈ। ਪਰ ਵਿਸ਼ੇਸ਼ ਖੋਜ ਦੀ ਲੋੜ ਹੈ।

†ਪਾਃ—ਸਹਤ।

ਪਹੁੰਚੇ ਗੁਰਦੇਵਾ'। ਇਮ ਕਹਿ ਗਯੋ ਸਦਨ ਤਤਕਾਲਾ। ਸਰਬ ਸਮੱਗ੍ਰੀ ਲਯਾਇ ਬਿਸਾਲਾ ॥ ੧੩ ॥ ਹੇਤੁ ਪਵੰਗਮ ਤ੍ਰਿਣ ਅਰੁ ਦਾਨਾ। ਚਾਵਰ, ਚੂਨ, ਦਾਰ[੧] ਬਿਧਿ ਨਾਨਾ। ਸਰਪੀ[੨], ਸਿਤਾ[੩],ਆਨਿ ਕਰਿ ਨੀਕੋ।ਸ੍ਰੀ ਗੁਰ ਕੇ ਸਭਿ ਧਰ੍ਯੋ ਨਜੀਕੋ॥੧੪॥ ਆਇਸੁ ਪਾਇ ਅਰਾਲਿਕ[੪] ਤਬੈ। ਭੋਜਨ ਕਰ੍ਯੋ ਤਯਾਰਿ ਸ਼ੁਭ ਸਬੈ। ਸ਼੍ਰੀ ਹਰਿ ਗੋਬਿੰਦ ਜਬਿ ਤ੍ਰਿਪਤਾਏ। ਹੁਇ ਪ੍ਰਸੰਨ ਬੈਠੇ ਤਰੁ ਛਾਏ ॥ ੧੫॥ ਬੋਲ੍ਯੋ ਕਰਮਚੰਦ ਕਰ ਜੋਰਿ। 'ਚਹਿਤਿ ਰਹ੍ਯੋ ਆਵਨਿ ਤੁਮ ਓਰ। ਜਪੁਜੀ ਕੇ ਅਰਥਨ ਕੀ ਚਾਹੂ। ਸੁਨੌਂ ਸ਼੍ਰੌਨ ਮੈਂ ਰਾਵਰਿ ਪਾਹੂ ॥੧੬॥ ਕ੍ਰਿਪਾ ਕਰਹੁ ਮੁਝ ਦੇਹੁ ਸੁਨਾਇ। ਤੁਮ ਬਿਨ ਅਪਰ ਨ ਕਿਸ ਤੇ ਆਇ'। ਸ਼੍ਰੀ ਹਰਿਗੋਵਿੰਦ ਬਾਕ ਬਖਾਨਾ। 'ਜਪ ਕੇ ਅਰਥ ਮਹਾਨ ਮਹਾਨਾ ॥ ੧੭॥ ਜਥਾ ਬੇਦ ਪਦ ਅਰਥ ਉਚਾਰੈਂ। ਨਿਜ ਸਰੂਪ ਜਾਨਨਿ ਨਿਰਧਾਰੈ[੫]। ਤਿਮ ਜਪੁ ਪਦ ਕੋ ਅਰਥ ਲਖੀਜੈ। ਜਾਨਨਿ ਅਪਨਿ ਸਰੂਪ ਜਨੀਜੈ ॥ ੧੮ ॥ ਧਰ੍ਯੋ ਪ੍ਰਥਮ ਹੀ ਜੋ ਜਪੁ ਨਾਮ। ਸਰਬ ਗ੍ਰਿੰਥ ਕੋ ਲਿਖਿ ਅਭਿਰਾਮ। ਬੇਦ ਰੁ ਜਪੁ ਪਦ ਦ੍ਵੈ ਕੋ ਅਰਥ[੬]। ਇਕਿ ਗ੍ਯਾਨਨਿ ਕੋ ਕਹੈ ਸਮਰਥ[੭] ॥੧੯॥ ਯਾਂਤੇ ਸੁਨਹੁ ਖਸ਼ਟ ਜੇ ਪੌਰੀ। ਕੀਨਿ ਮੰਗਲਾ ਚਰਨ ਸੁ ਠੌਰੀ[੮]। ਸਪਤਮ ਮਹਿਂ ਬੈਰਾਗ ਅਲਾਵਾ।ਬਿਨਾ ਗਯਾਨ ਸਭਿ ਕੂਰ ਦਿਖਾਵਾ ॥੨੦॥ਬਹੁਰੋ ਚਾਰ ਜਿ ਪੌਰੀ ਬਨੀ। ਸ਼੍ਰਵਣ ਮਹਾਤਮ ਮਹਿਮਾ ਭਨੀ[੯]। ਪੁਨ ਚਾਰਿਨਿ ਮਹਿਂ ਮਨਨ ਦਿਖਾਯੋ। ਬ੍ਰਹਮ ਗਯਾਨ ਕੋ ਹੇਤੁ[੧੦] ਜਨਾਯੋ ॥੨੧ ॥ ਪੰਚ ਪਰਵਾਣ ਬਿਖੈ ਨਿੱਧ੍ਯਾਸਨ। ਤੀਨਹੁੰ[੧੧] ਕਰਤ੍ਯੋ ਕਰਹਿ ਉਪਾਸਨ। 'ਤੂ ਸਦਾ ਸਲਾਮਤਿ ਨਿਰੰਕਾਰਿ'। ਇਹ ਤੁਕ ਤਤ੍ਵਮਸਿ[੧੨] ਉਚਾਰ ॥੨੨॥ ਮਹਾਂ ਵਾਕ ਇਹ ਸ਼੍ਰੁਤਿ ਮਹਿਂ ਚਾਰਿ[੧੩]। ਤਿਮ

---

[੧]ਦਾਲ। [੨]ਘਿਉ। [੩]ਖੰਡ। [੪]ਲਾਂਗਰੀ, ਰਸੋਈਆ। [੫]ਜਿਵੇਂ ਬੇਦ ਪਦ ਦਾ ਅਰਥ ਕਹਿੰਦੇ ਹਨ ਕਿ "ਨਿਜ ਸਰੂਪ ਦਾ ਜਾਨਣਾ" ਹੈ। [੬]ਵੇਦ ਦਾ ਧਾਤੂ ਹੈ ਵਿਦ (ਵਿਦ੍=ਜਾਨਣਾ)। ਜਪ ਦਾ ਧਾਤੂ ਹੈ ਯਪ (ਗਯਪ=ਜਾਨਣਾ)। ਵਿਸ਼ੇਸ਼ ਲਈ ਦੇਖੋ ਰਾਸ ੩ ਅੰਸੂ ੪੧ ਅੰਕ ੨੬ ਦੀ ਹੇਠਲੀ ਟੂਕ। [੭]ਸ਼ਬਦ ਸ਼ਕਤੀ ਦੱਸਦੀ ਹੈ ਕਿ (ਦੋਹਾਂ ਦਾ) ਇਕੋ ਅਰਥ ਹੈ [ਸੰਸ:, ਸਾਮਰ੍ਥ=ਸ਼ਬਦ ਦੀ ਅਰਥ ਸ਼ਕਤੀ] (ਅ) ਜੋ (ਸਮਰੱਥ=) ਗਯਾਨੀ ਲੋਕ ਹਨ। (ੲ) ਇਕ ਜਾਣਨ ਨੂੰ ਯਥਾਰਥ ਅਰਥ ਕਹਿੰਦੇ ਹਨ। [੮]ਦੀ ਥਾਵੇਂ। [੯]'ਸ਼੍ਰਵਣ' ਦੀ ਮਹਿਮਾ ਕਹੀ ਹੈ। [੧੦]ਕਾਰਣ। [੧੧]ਸ਼੍ਰਵਣ, ਮਨਨ, ਨਿੱਧ੍ਯਾਸਨ। [੧੨]ਇਹ ਵੇਦਾਂਤ ਦਾ ਮਹਾਂ ਵਾਕ ਹੈ। [ਤਤ੍+ਤ੍ਵੰ+ਅਸੀ=ਸੋ ਪ੍ਰਮਾਤਮਾ ਤੂੰ ਹੈਂ]। [੧੩]ਵੇਦ ਵਿਚ ਚਾਰ ਹਨ।

ਤੁਕ ਕਹੀ ਚਾਰਿ ਹੀ ਬਾਰ। ਸ਼ਕਤਿ ਸ਼ਾਂਤਕੀ[1] ਪ੍ਰਥਮ ਉਚਾਰੀ।ਜੇ ਅਸੰਖ ਕੀ ਪਵਰਿ[2] ਬਿਚਾਰੀ ॥ ੨੩ ॥ ਦੂਜੈ ਬਿਖੈ ਤਾਮਸੀ[3] ਕਹੀ। ਤ੍ਰਿਤੀ ਬਿਖੈ ਦ੍ਵੈ ਮਿਸਰਤਿ[4] ਲਹੀ। ਜੀਵ ਈਸ਼ ਇਕਤਾ ਦਿਖਰਾਈ। ਸਚਿਦਾਨੰਦ ਦੁਹਨਿ ਸਮ ਪਾਈ[5]' ॥ ੨੪ ॥ ਇੱਤ੍ਯਾਦਿਕ ਸਭਿ ਅਰਥ ਸੁਨਾਏ। ਸੁਨਿ ਸਿਖ ਸਗਰੇ ਮੰਨਿ ਵਸਾਏ।'ਜਪੁਜੀ ਅਰਥ ਅਹੈਂ ਅਤਿ ਗੂਢੋ।ਸ੍ਰੀ ਨਾਨਕ ਬਾਨੀ ਸਭਿ ਰੂਢੋ[6] ॥੨੫॥ ਜਿਸ ਤੇ ਪਰੈ ਕਹਿਨ ਕੁਛ ਨਾਂਹੀ। ਕਹੈ ਪਰੈ ਸੋ ਜਾਨਹਿਂ ਨਾਂਹੀ[7]। ਜੋਗ ਜਨਾਵਨਿ[8] ਸਕਲ ਜਨਾਯੋ। ਸਭਿ ਸਿੱਖਨਿ ਕੋ ਪੰਥ ਬਤਾਯੋ ॥ ੨੬ ॥ ਬਚਨ ਮਾਨਿ ਜਿਨ ਪਾਯਹੁ ਗ੍ਯਾਨ। ਕੋਟ ਜਨਮ ਕੇ ਬੰਧਨ ਹਾਨਿ। ਮੱਜਤਿ ਜਪੁਜੀ ਪਢਿ ਜੁਤਿ ਨੇਮ। ਸ੍ਰੀ ਨਾਨਕ ਧਰਿ ਧ੍ਯਾਨ ਸੁ ਪ੍ਰੇਮ ॥੨੭॥ਤਿਨ ਕੋ ਗਹੈ ਨ ਜਮ ਦੁਖਦਾਈ। ਅੰਤ ਸਮੈ ਗੁਰ ਬਨਹਿਂ ਸਹਾਈ'। ਸ੍ਰੀ ਗੁਰ ਨਾਨਕ ਦੇਸ਼ ਬਿਦੇਸ਼। ਫਿਰੇ ਉਧਾਰਤਿ ਜੀਵ ਵਿਸ਼ੇਸ਼ ॥ ੨੮ ॥ ਜੇਠੇ ਆਦਿ ਸੁਨੀ ਗੁਰ ਪਾਸ[9]। ਅਪਨਿ ਮਨੋਰਥ ਕੀਨਿ ਪ੍ਰਕਾਸ਼। 'ਜਨਮੇ ਸ੍ਰੀ ਨਾਨਕ ਜਗਤੇਸ਼। ਸੋ ਇਤ ਹੀ ਦਿਸ਼ਿ ਹੈ ਸ਼ੁਭ ਦੇਸ਼ ॥ ੨੯ ॥ ਕ੍ਰਿਪਾ ਕਰਹੁ ਤਹਿਂ ਦਰਸ ਦਿਖਾਵਹੁ। ਚਲਤਿ ਪੰਥ ਤਿਤ ਓਰ ਸਿਧਾਵਹੁ'। ਸ੍ਰੀ ਹਰਿਗੋਵਿੰਦ ਸੁਨਿ ਕਰਿ ਭਾਖਾ। 'ਹਮਰੀ ਭੀ ਐਸੇ ਅਭਿਲਾਖਾ ॥ ੩੦ ॥ ਅਬਿ ਦਰਸ਼ਨ ਕਰਤੇ ਤਹਿਂ ਚਲੈਂ। ਬਰਤਿ ਨਿਮਾਨੀ ਕੇ ਨਰ ਮਿਲੈਂ[10]। ਤਿਸ ਦਿਨ ਹਮ ਭੀ ਪਹੁੰਚਹਿਂ ਜਾਈ'। ਇਮ ਕਹਿ ਸਤਿਗੁਰ ਨਿਸਾ ਬਿਤਾਈ ॥ ੩੧ ॥ ਪ੍ਰਾਤਿ ਭਏ ਆਰੋਹਿ ਤੁਰੰਗ। ਗਮਨੇ ਪੰਥ ਸੈਨ ਕੁਛ ਸੰਗ। ਕਰਮ ਚੰਦ ਤਬਿ ਆਇ ਅਗਾਰੀ। 'ਚਲੌਂ ਸੰਗ ਮੈਂ' ਗਿਰਾ ਉਚਾਰੀ ॥੩੨॥ ਕਹ੍ਯੋ ਗੁਰੂ 'ਰਚਿ ਇਹਾਂ ਸਥਾਨ।ਆਇ ਸਿੱਖ, ਕਰਿ ਸੇਵ ਮਹਾਨ। ਜਿਮ ਹਮ ਸੰਗ ਰਹੇ ਫਲ ਪਾਵੈਂ। ਤਥਾ ਸਥਾਨ ਸੇਵ ਤੇ ਭਾਵੈ' ॥ ੩੩ ॥ ਇਮ ਦੈ ਧੀਰਜ ਚਲੇ ਅਗਾਰੀ। ਬਾਰ ਦੇਸ਼ ਜਿਸ ਦਿਸ਼ਾ ਮਝਾਰੀ। ਪੰਥ ਉਲੰਘਤਿ ਪਹੁੰਚੇ ਜਾਈ। ਤਲਵੰਡੀ

[1]ਸਤੋਗੁਣੀ। [2]ਪੌੜੀ। [3]ਤਮੋਗੁਣੀ। [4]ਸਤੋ ਤੇ ਤਮੋ ਰਲੀ ਹੋਈ। [5]ਜੀਵ ਤੇ ਈਸ਼ ਦੀ ਏਕਤਾ ਦਿਖਾਈ, 'ਸਤ ਚਿਤ ਆਨੰਦਤਾ' ਦੁਹਾਂ ਵਿਚ ਇਕੋ ਜੇਹੀ ਪਾਈ ਜਾਂਦੀ ਹੈ। [6]ਸਾਰੀ ਸੁੰਦਰ ਹੈ। [7]ਜੋ ਪਰੇ ਕਹਿੰਦਾ ਹੈ ਸੋ ਜਾਣਦਾ ਨਹੀਂ (ਭਾਵ ਅਨਜਾਨ ਹੈ)। [8]ਜਣਾਵਣੇ ਲਾਇਕ। [9]ਜੇਠੇ ਆਦਿਕਾਂ ਨੇ ਇਹ ਗੱਲ ਗੁਰੂ ਜੀ ਪਾਸੋਂ ਸੁਣੀ ਹੋਈ ਸੀ। [10]ਨਿਮਾਣੀ ਇਕਾਦਸ਼ੀ ਦੇ (ਦਿਨ) ਪੁਰਸ਼ ਇਕੱਠੇ ਹੁੰਦੇ ਹਨ।

ਨਗਰੀ ਜਿਸ ਤਾਈਂ ॥ ੩੪ ॥ ਸ੍ਰੀ ਨਾਨਕ ਸਰ ਪਰ ਕਰਿ ਡੇਰਾ। ਕੀਨਿ ਸ਼ਨਾਨ ਬਿਮਲ ਜਲ ਹੇਰਾ। ਬਹੁਤਿ ਮੋਲਿ ਕੀ ਪੋਸ਼ਿਸ਼ ਨਈ। ਪਹਿਰੀ ਤਨ ਸ਼ੋਭਾ ਅਤਿ ਭਈ ॥ ੩੫ ॥ ਸੂਖਮ ਬਹੁ ਪਾਲੇ ਕੋ[1] ਜਾਮਾ। ਕਲਗ਼ੀ ਜਿਗਾ ਸੀਸ ਅਭਿਰਾਮਾ। ਸ਼ਮਸ਼ ਸ਼ਨਾਮ ਦੀਰਘ ਮੁਖ ਮੰਡਲ। ਮੁਕਤਾ-ਮਾਲ ਕਰਨ ਕਲ ਕੁੰਡਲ ॥ ੩੬ ॥ ਸਹਤ ਸਿਪਰ ਸ਼ੋਭਤਿ ਸ਼ਮਸ਼ੇਰ[2]। ਕਸੀ ਕਮਰ ਪੌਰਖ ਸਮ ਸ਼ੇਰ[3]। ਦਰਬ ਪ੍ਰਸਾਦ ਬਹੁਤ ਉਚਵਾਇ। ਫਲ ਕਸ਼ਮੀਰ ਦੇਸ਼ ਕੇ ਲਜਾਇ ॥ ੩੭॥ ਪ੍ਰਥਮ ਤਾਲ ਪਰ ਅਰਪਿ ਉਪਾਇਨ। ਪੁਨ ਪਹੁੰਚੇ ਚਲਿ ਕਰਿ ਤਿਸ ਆਇਨ। ਜਨਮ ਲੀਨਿ ਸ੍ਰੀ ਨਾਨਕ ਜਹਾਂ। ਧਰਿ ਅਕੋਰ ਦਰਸ਼ਨ ਕੋ ਲਹਾ ॥ ੩੮ ॥ ਉਰ ਕਰਿ ਧਯਾਨ ਮਧੁਰ ਫਲ ਧਰੇ। ਬਿਨਤੀ ਭਨਤਿ ਬੰਦਨਾ ਕਰੇ। ਤਹਿਂ ਦਰਸ਼ਨ ਕਰਿ ਆਨ ਸਥਾਨ। ਚਲੇ ਬਤਾਵਤਿ ਗੁਰ ਭਗਵਾਨ ॥ ੩੯ ॥ ਜਿਸ ਤਰੁਵਰੁ ਕੇ ਤਰ ਪ੍ਰਭੁ ਪਰੇ। ਆਇ ਸ਼ੇਸ਼[4] ਮੁਖ ਛਾਯਾ ਕਰੇ। ਕਥਾ ਸੁਨਾਵਤਿ ਦਰਸ ਕਰਾਵਾ। ਸਭਿਹਿਨਿ ਤਿਸ ਥਲ ਸੀਸ ਨਿਵਾਵਾ ॥੪੦॥ ਬਿਰਛ ਬਿਲੋਕਯੋ ਬਹੁਰੋ ਜਾਇ। ਟਿਕੀ ਰਹੀ ਜਹਿਂ ਤਰੁ ਪਰਛਾਂਇ[5]। ਪੁਨ ਕਿਦਾਰ ਸੋ ਜਾਇ ਨਿਹਰਯੋ। ਮਹਿਖਨਿ ਚਰਯੋ ਕਰਯੋ ਦ੍ਰਿਤਿ ਹਰਯੋ॥੪੧॥ਇੱਤਯਾਦਿਕ ਫਿਰਿ ਸਰਬ ਸਥਾਨ। ਜਾਤ੍ਰਾ ਕਰੀ ਭਾਉ ਕੇ ਠਾਨਿ। ਆਨਿ ਬਿਰਾਜੇ ਸਤਿਗੁਰੁ ਡੇਰੇ। ਪਸਰੀ ਖ਼ਬਰ ਦੇਸ਼ ਚਹੁੰਫੇਰੇ ॥ ੪੨ ॥ ਬ੍ਰਤ ਇਕਾਦਸ਼ੀ ਦ੍ਵਿਵਸ ਨਿਮਾਨੀ। ਆਯਹੁ ਮੇਲਾ ਭਰਯੋ ਮਹਾਨੀ। ਬੇਦੀ ਲਾਲੂ ਚਾਚਾ ਗੁਰੁ ਕੇ। ਤਿਸ ਕੋ ਪਰਪੋਤ੍ਰਾ ਹਿਤ ਕਰਿ ਕੇ ॥ ੪੩ ॥ ਸੁਧਿ ਸੁਨਿਕੈ ਮਨ ਮੋਦ ਉਪਾਯੋ। ਸੁਤ ਬੁਲਾਰ ਕੁਲ ਤਾਂਹਿ ਸੁਨਾਯੋ ਮਿਲਿ ਕਰਿ ਸ਼ੁਭ ਮਾਨਵ ਸਮੁਦਾਇ। ਆਛੀ ਵਸਤੂ ਸੰਗ ਲਵਾਇ ॥ ੪੪ ॥ ਰਿਦੇ ਭਾਉ ਧਰਿ ਸਭਿ ਕਰ ਜੋਰਿ। ਮਿਲੇ ਗੁਰੂ ਕੋ ਅਰਪਿ ਅਕੋਰ। ਫਰਸ਼ ਬਿਸਾਲ ਦਿਵਾਨ ਬਡੇਰਾ। ਰਾਜ ਸਮਾਜ ਦਿਪੇ ਗੁਰੁ ਕੇਰਾ ॥੪੫॥ ਪਿਖਿ ਸਭਿਹਿਨਿ ਕੋ ਕਰਿ ਸਨਮਾਨਾ।ਕੁਸ਼ਲ ਅਨਾਮਯ[6] ਬੂਝਨਿ ਠਾਨਾ। ਤਿਨ ਬਡਿਯਨਿ ਕੀ ਜਥਾ ਕਹਾਨੀ। ਗੁਰ ਪੂਛੀ ਤਿਨ ਅਖਿਲ ਬਖਾਨੀ॥੪੬ ॥ ਸਿਰੋਪਾਉ ਬਹੁ ਮੋਲੇ ਜੇਈ। ਬਖ਼ਸ਼ੇ ਦੋਨਹੁਂ ਕੋ ਪਿਖਿ ਤੇਈ। ਅਤਿ ਅਨੰਦ ਪਾਯਹੁ ਮਿਲਿ ਗੁਰ

[1]ਬਹੁਤੇ ਪੱਲਿਆਂ ਵਾਲਾ। [2]ਤਲਵਾਰ। [3]ਸ਼ੇਰ ਵਾਂਙ। [4]ਸ਼ੇਸ਼ਨਾਗ ਨੇ। [5]ਬ੍ਰਿੱਛ ਦਾ ਪਰਛਾਵਾਂ।
[6]ਸੁਖ ਸਾਂਦ ਤੇ ਰਾਜ਼ੀ ਖ਼ੁਸ਼ੀ।

ਕੋ। ਪਰਖਤਿ ਭੇ ਉਦਾਰ ਬਡਿ ਉਰ ਕੋ ॥ ੪੭ ॥ ਪੁਨ ਮੇਲਾ ਆਯੋ ਥਲ[1] ਪਰਸਨ। ਤਿਨ ਸਭਿਹਿਨਿ ਲੀਨਸਿ ਗੁਰ ਦਰਸ਼ਨ। ਜਥਾ ਸ਼ਕਤਿ ਭੇਟਨਿ ਅਰਪਾਵੈਂ। ਰਿਦੇ ਕਾਮਨਾ ਕਰਹਿਂ ਸੁ ਪਾਵੈਂ ॥ ੪੮ ॥ ਹਾਥ ਜੋਰਿ ਕਰਿ ਸੀਸ ਨਿਵਾਵੈਂ। ਸੁੰਦਰ ਗੁਰ ਸਰੂਪ ਦਰਸਾਵੈਂ। ਕਰਹਿਂ ਸਰਾਹਨਿ ਆਪਸ ਮਾਂਹੀ। ਸੁਜਸੁ ਕਰਤਿ ਨਿਤ ਨਿਜ ਘਰ ਜਾਂਹੀ ॥ ੪੯ ॥ ਗ੍ਰਾਮ ਸਮੂਹਨਿ ਕੇ ਨਰ ਆਏ। ਕਰਿ ਮੇਲਾ ਸਤਿਗੁਰ ਦਰਸਾਏ। ਇਸ ਪ੍ਰਕਾਰ ਸ਼੍ਰੀ ਹਰਿਗੋਵਿੰਦ। ਦੇਖਿ ਦੇਖਿ ਗਮਨੇ ਨਰ ਬ੍ਰਿੰਦ ॥ ੫੦ ॥ ਕੇਤਿਕ ਦਿਨ ਤਹਿਂ ਬਾਸਾ ਕਰਿ ਕੈ। ਕਰਯੋ ਕੂਚ ਹਯ ਸੁੰਦਰ ਚਰਿ ਕੈ। ਸਨੈ ਸਨੈ ਮੱਦ੍ਰੀ ਚਲਿ ਆਏ। ਸ਼ੁਭ ਸਥਾਨ ਪਿਖਿ ਸਿਵਰ ਕਰਾਏ ॥ ੫੧ ॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪੰਚਮ ਰਾਸੇ 'ਤਲਵੰਡੀ' ਪ੍ਰਸੰਗ ਬਰਨਨੰ ਨਾਮ ਇਕ ਪੰਚਾਸਤੀ ਅੰਸੂ ॥ ੫੧ ॥

੫੨. [ਤੀਸਰੀ ਸਗਾਈ]।

ਦੋਹਰਾ ॥ ਮੱਦ੍ਰੀ* ਉਤਰੇ ਗੁਰੂ ਪ੍ਰਭੁ ਦਾਸਨਿ ਲਾਇ ਤੁਰੰਗ। ਫਰਸ਼ ਕਰਾਇ ਬਿਸਾਲ ਕੋ ਬੈਠੇ ਸਿਖ ਭਟ ਸੰਗਿ ॥ ੧ ॥ ਚੌਪਈ ॥ ਗ੍ਰਾਮ ਬਿਖੈ ਨਰ ਸੁਨਿ ਸਭਿ ਆਏ। ਅਰਪਿ ਉਪਾਇਨਿ ਸੀਸ ਨਿਵਾਏ। ਸੇਵਾ ਸਰਬ ਕਰੀ ਗੁਰੁ ਕੇਰੀ। ਇਕ ਸਿਖ ਨੇ ਭਾਖਯੋ ਤਿਸ ਬੇਰੀ ॥ ੨ ॥ 'ਸ਼੍ਰੀ ਅਰਜਨ ਕੋ ਆਸਾ[2] ਇਹਾਂ। ਪਗ ਕੀ ਪਨਹੀ ਉੱਤਮ ਮਹਾਂ'। ਸੁਨਿ ਸਤਿਗੁਰ ਸੋ ਨਿਕਟਿ ਮੰਗਾਇ। ਕਰਿ ਦਰਸ਼ਨ ਸਭਿ ਸੀਸ ਨਿਵਾਇ ॥੩॥ ਜੇਠੇ ਬੂਝਯੋ 'ਗੁਰੁ ਕਿਸ ਕਾਰਨ ? ਦਿਏ ਤੁਮਹਿਂ, ਸੋ ਕਰਹੁ ਉਚਾਰਨ'। ਸੁਨਿ ਸਿਖ ਮਾਨਿਕ ਜਿਸ ਕੋ ਨਾਮੂ। ਕਹਿਬੇ ਲਗਯੋ ਪ੍ਰਸੰਗ ਅਭਿਰਾਮੁ ॥ ੪ ॥ 'ਸ਼੍ਰੀ ਅਰਜਨ ਜੀ ਇਸ ਥਲ ਆਏ। ਸਿੱਖ ਕਿਦਾਰਾ ਮਿਲਯੋ ਸੁ ਧਾਇ। ਡੇਰਾ ਧਰਮਸਾਲ ਕਰਿਵਾਯੋ। ਸੇਵਾ ਕਰਤਿ ਅਧਿਕ ਚਿਤ ਚਾਯੋ[3] ॥ ੫ ॥ ਹੁਤੀ ਹਜੀਰਾਂ ਗਰ ਮਹਿਂ ਤਾਂਹੀ। ਦੇਤਿ ਬਿਖਾਦ, ਮਿਟਤਿ ਸੋ ਨਾਂਹੀ। ਕੇਤਿਕ ਕਰਿ ਉਪਾਉ ਕੋ ਹਾਰਾ। ਨਹਿਂ ਕਿਸ ਔਖਧਿ ਰੋਗ ਨਿਵਾਰਾ ॥ ੬ ॥ ਜਤਨ ਕਰਨਿ ਤੇ ਪੁਨ ਹਟਿ ਰਹਯੋ। ਏਕ ਅਲੰਬ ਗੁਰੂ ਕੋ ਲਹਯੋ। ਸਿੱਖੀ ਬਿਖੈ ਸਦਾ ਸਵਧਾਨ। ਸੇਵਾ ਕਰਤਿ ਸਪ੍ਰੀਤਿ ਮਹਾਨ ॥੭॥ ਜਾਮ ਜਾਮਨੀ ਜਬਿ ਰਹਿ ਗਈ। –ਦਰਸੌਂ ਗੁਰ–ਇੱਛਾ ਤਿਸ ਭਈ। ਸ਼੍ਰੀ ਅਰਜਨ ਪ੍ਰਯੰਕ ਪਰ ਥਿਰੇ। ਬੈਠਯੋ ਆਨਿ ਭਜਨ ਮੁਖ ਕਰੇ[4] ॥ ੮ ॥ ਸਿਖ ਗੁਰੁ ਸੰਗੀ ਬੈਠੇ ਜੇਯ। ਤਿਨ

[1] ਭਾਵ ਜਨਮ ਅਸਥਾਨ ਦੇ। [2] ਸੋਟਾ। [ਅ:, ਅਸਾ]। [3] ਚਿੱਤ ਦੇ ਚਾ ਨਾਲ। [4] ਮੂਖੋਂ ਭਜਨ ਕਰਦਾ ਆ ਬੈਠਾ।

*ਇਹ ਪਿੰਡ ਸ਼ੇਖੂਪੁਰੇ ਦੇ ਜ਼ਿਲੇ ਵਿਚ ਹੈ।

ਮਹਿੰ ਮਿਲਿ ਕਰਿ ਬੈਠ ਰਹੇਯਾ।ਗ੍ਰੀਵ ਹੇਰਿ ਬੋਲ੍ਯੋ ਗੁਰੁਦਾਸ।–ਇਹ ਕਿਮ ਹੋਯਹੁ ਕਸ਼ਟ ਪ੍ਰਕਾਸ਼?–॥੯॥ਸੁਨਿ ਕਰਿ ਤਿਸਤੇ ਕਹੈ ਕਿਦਾਰਾ।–'ਰੋਗ ਹਜੀਰਾਂ ਸੰਕਟ ਭਾਰਾ । ਕਰਤਿ ਰਹ੍ਯੋ ਕੇਤਿਕ ਉਪਚਾਰੂ। ਪਰਾਰਬਧ ਕਰਿ ਨਹਿੰ ਪਰਹਾਰੂ[1] ॥੧੦॥ ਪਿਖਿ ਅਮੇਟਿ ਮੈਂ ਪੁਨ ਮਿਟਿ ਰਹ੍ਯੋ[2]।ਨਹਿ ਕੁਛ ਕਰ੍ਯੋ ਨਰਨ ਬਹੁ ਕਹ੍ਯੋ–। ਸੁਨਿ ਪੁਨ ਬੋਲ੍ਯੋ ਸਿਖ ਕਲਿਆਨਾ। –ਰੁਜ ਅਸਾਧ੍ਯ[3] ਇਹ ਤੋਹਿ ਪਛਾਨਾ ॥ ੧੧ ॥ ਦਿਵਸ ਬਿਖੈ ਸਤਿਗੁਰੂ ਅਗਾਰੀ। ਕਰਹੁ ਬਿਨੈ,ਦੇਂ ਰੋਗ ਬਿਦਾਰੀ[4]।ਐਸੀ ਵਸਤੁ ਨ ਜਗ ਮਹਿ ਕੋਈ। ਕਰਹਿ ਗੁਰੂ ਜੋ ਹੋਇ ਨ ਸੋਈ–॥ ੧੨ ॥ ਸੁਨਤਿ ਕਿਦਾਰੇ ਬਹੁਰ ਉਚਾਰਾ।–ਸਤਿਗੁਰ ਮਹਿਮਾ ਅਪਰ ਅਪਾਰਾ। ਅਹੈ ਜਥੋਚਿਤ ਤੁਮ ਨੇ ਭਾਖਾ। ਤਊ ਸੁਨਹੁ ਮੇਰੀ ਅਭਿਲਾਖਾ ॥੧੩॥ ਗੁਰ ਤੇ ਅਬਿਚਲ ਸੁਖ ਕੋ ਜਾਚਨਿ। ਸੱਤਿਨਾਮ ਸਿਮਰਨ ਮਨ ਰਾਚਨਿ। ਤਨ ਅਨਿੱਤ ਐਸੇ ਸੁਖ ਇਸ ਕੇ। ਨਾਸ਼ਵੰਤ ਨਹਿੰ ਸੰਗੀ ਕਿਸਕੇ ॥ ੧੪ ॥ ਰੁਜ ਹਰਿਬੇ ਹਿਤ ਗੁਰ ਕੋ ਕਹੌਂ। ਰਿਦੇ ਅਨੁਚਿਤਿ ਬਾਤ ਮੈਂ ਲਹੌਂ। ਕਹਾਂ ਮਸ਼ਕ ਪਰ ਸ਼ੇਰਿ ਬੰਗਾ-ਰਨਿ[5]। ਉਚਿਤ ਮਤੰਗ ਕੁੰਭ ਜੋ ਫਾਰਨਿ[6] ॥ ੧੫ ॥ ਮੋਹ ਮਹਾਨ ਮਸਤ ਕੋ ਮਾਰਤਿ। ਜਿਸਦਿਸ਼ਿ ਕਰੁਨਾ ਦ੍ਰਿਸ਼ਟਿ ਨਿਹਾਰਤਿ[7]–।ਅਸ ਨਿਸ਼ਚਾ ਨਿਜ ਕੀਨਿ ਸੁਨਾਵਨਿ। ਸਰਬ ਸਿੱਖ ਤਤਛਿਨ ਹਰਖਾਵਨਿ ॥ ੧੬ ॥ ਕਹਿ ਗੁਰਦਾਸ–ਉਚਿਤ ਤੈਂ ਕਹ੍ਯੋ। ਜਿਸ ਪਰ ਕ੍ਰਿਪਾ ਤਿਸੀ ਇਮ ਲਹ੍ਯੋ।ਧਰਿ ਸ਼ਰਧਾ ਦ੍ਰਿਢ ਅਬਿ ਨਿਜ ਉਰ ਕੀ।ਧਰੀ ਜੁ ਪਨਹੀ ਇਹ ਸਤਿਗੁਰ ਕੀ ॥ ੧੭ ॥ ਗਰ ਕੇ ਚਹੁੰਦਿਸਿ ਫੇਰਹੁ ਯਾਹਿ। ਦੁਖਦ ਰੋਗ ਸਗਰੇ ਮਿਟਿ ਜਾਹਿ–। ਮਾਨ੍ਯੋ ਕਹਿਬੋ ਹਾਥ ਉਠਾਈ। ਰੋਗ ਹਜੀਰਾਂ ਪਰ ਤਬਿ ਲਾਈ॥ ੧੮॥ ਤੁਰਤਿ ਕਿਦਾਰੇ ਕੋ ਦੁਖ ਹਰ੍ਯੋ।ਮਨਹੁੰ ਨ ਭਯੋ[8], ਗਰੋ ਅਸ ਕਰ੍ਯੋ। ਜਨੁ ਮਿਸਿ ਚਾਹਤਿ ਪਨਹੀ ਲਾਗੇ। ਹਰਖਤਿ ਭਏ, ਸਰਬ ਰੁਜ ਭਾਗੇ ॥ ੧੯ ॥ ਕਿਤਿਕ ਸਮੇਂ ਮਹਿੰ ਸਤਿਗੁਰ ਜਾਗੇ। ਪਿਖ੍ਯੋ ਕਿਦਾਰਾ ਬੈਠ੍ਯੋ ਆਗੇ। ਪਦ ਅਰਬਿੰਦਨਿ ਬੰਦੇ ਗੁਰ ਕੋ। ਬੂਝਤਿ ਭਏ–ਕਹਾਂ ਰੁਜ ਗਰ ਕੋ?–॥ ੨੦ ॥ ਸੁਨਿ ਕਰਿ ਸਗਰੀ ਬਾਤਿ ਬਤਾਈ ।–ਤੁਮਰੀ ਪਨਹੀ ਅਬਹਿ

[1]ਦੂਰ ਨਾ ਹੋਯਾ। [2]ਅਮਿਟ (ਰੋਗ) ਜਾਣਕੇ ਮੈਂ (ਦਵਾ ਦਾਰੂ ਕਰਨੇ) ਛਡ ਦਿਤੇ। [3]ਨਾ ਰਾਜ਼ੀ ਹੋਣ ਵਾਲਾ। [4]ਦੂਰ ਕਰ ਦੇਣਗੇ। [5]ਮੱਛਰ ਉੱਤੇ ਸ਼ੇਰ ਨੂੰ ਵੰਗਾਰਨਾਂ। [6]ਜੋ (ਸ਼ੇਰ) ਕਿ ਹਾਥੀ ਦਾ ਮੱਥਾ ਪਾੜਨ ਨੂੰ ਜੋਗ (ਸਮਰੱਥ) ਹੈ। [7]ਦੇਖਦੇ ਹਨ (ਗੁਰੂ ਜੀ)। [8]ਮਾਨੋ ਰੋਗ ਹੈਸੀ ਹੀ ਨਹੀਂ।

ਲਗਾਈ। ਅਨਿਕ ਜਤਨ ਤੇ ਗਯੋ ਨ ਜੋਇ। ਤਨਕ ਸਮੈ ਮਹਿਂ ਦੀਨਸਿ ਖੋਇ-॥੨੧॥ਤਬਿ ਸਤਿਗੁਰੁ ਲੇ ਆਸਾ ਹਾਥ। ਪਨਹੀ ਕੋ ਉਠਾਇ ਤਿਹ ਸਾਥ। ਦਈ ਕਿਦਾਰੇ ਕੋ, ਇਮ ਕਹ੍ਯੋ।-ਜਿਮ ਤੇਰੇ ਗਰ ਕੋ ਦੁਖ ਦਹ੍ਯੋ॥ ੨੨॥ ਤਿਮ ਕੋ ਅਪਰ ਹਜੀਰਾਂ ਵਾਰੇ। ਕਰਹਿਂ ਲਗਾਵਨਿ ਰੋਗ ਬਿਦਾਰੇ। ਪਨਹੀ ਜੁਤਿ ਆਸਾ ਘਰ ਰਖਹੁ।ਚਿਰੰਕਾਲ ਇਹ ਰਹਿਹੈ,ਲਖਹੁ-॥੨੩॥ ਸੁਨਿ ਆਗਜਾ ਤਬਿ ਲੀਨਿ ਕਿਦਾਰੇ। ਰਾਖੇ ਅਪਨੇ ਸਦਨ ਸੁਧਾਰੇ। ਪੂਜਾ ਕਰਹਿਂ ਧਰਯੋ ਇਹ ਰਹੈ। ਆਇ ਰੁਜੀ ਤਿਸ ਕੋ ਰੁਜ ਦਹੈ'॥੨੪॥ਸੁਨਤਿ ਅਨੰਦ ਭਏ ਸਿਖ ਬ੍ਰਿੰਦ। ਬਸੇ ਨਿਸਾ ਸ੍ਰੀ ਹਰਿਗੋਬਿੰਦ। ਖਾਨ ਪਾਨ ਕਰਿ ਭਲੀ ਪ੍ਰਕਾਰਾ। ਸੁਪਤਿ ਜਥਾ ਸੁਖ ਭਈ ਸਕਾਰਾ ॥ ੨੫ ॥ ਸੌਚਿ ਸ਼ਨਾਨ ਠਾਨਿ ਗੁਰੁ ਚਲੇ।ਨਮੋ ਕਰਹਿਂ ਸਿਖ ਜੋ ਮਗ ਮਿਲੇ। ਮਟਵੀਂ* ਆਇ ਸਿਵਰ ਕੋ ਘਾਲਾ। ਹਯ ਤੇ ਉਤਰੇ ਗੁਰੂ ਕ੍ਰਿਪਾਲਾ ॥ ੨੬ ॥ ਇਹਾਂ ਪ੍ਰਸੰਗ ਭਯੋ ਜਿਸ ਰੀਤਿ। ਸੁਨੀਅਹਿ ਸ਼੍ਰੋਤਾ ਸ਼੍ਰੋਨ ਸਪ੍ਰੀਤਿ। ਗ੍ਰਾਮ ਏਕ ਜਾਨਹੁ ਮੰਡਜਾਲੀ। ਐਰਾਵਤੀ ਕੋਸ ਤ੍ਰੈ ਚਾਲੀ[1] ॥ ੨੭॥ ਤਹਿਂ ਮਰਵਾਹਾ ਖੱਤ੍ਰੀ ਰਹੈ। ਦੁਆਰਾ ਨਾਮ ਤਿਸੀ ਕੋ ਕਹੈ। ਭਾਗਣ ਨਾਮ ਭਾਰਜਾ ਤਾਂਹੀ।ਕਰੇ ਪੁੰਨ ਪੂਰਬ ਭਵ ਮਾਂਹੀ[2] ॥੨੮॥ ਚਿਰੰਕਾਲ ਬਾਸੇ ਤਿਸ ਗ੍ਰਾਮੂ। ਸਿਮਰਤਿ ਸ੍ਰੀ ਪਰਮੇਸ਼ੁਰ ਨਾਮੂ। ਬਰ ਪ੍ਰਾਪਤਿ ਕੰਨਜਾ ਤਿਨਿ ਧਾਮੂ। ਬਡ-ਭਾਗਨਿ ਸਭਿ ਤਨ ਅਭਿਰਾਮੂ॥੨੯॥ ਖੋਜਤਿ ਰਹੇ ਸੁ ਕਰਨਿ ਸਗਾਈ। ਮਨ ਭਾਵਤਿ ਨਹਿਂ ਕਿਤਹੂੰ ਪਾਈ। ਗੁਰ ਕੋ ਸਿੱਖ ਮਿੱਤ੍ਰ ਤਿਸ ਕੋਈ। ਇਕ ਦਿਨ ਮਿਲੇ ਪਰਸਪਰ ਦੋਈ॥ ੩੦ ॥ ਨਿਜ ਕੰਨਜਾਂ ਕੀ ਬਾਤ ਸੁਨਾਈ। 'ਆਛੋ ਥਾਨ ਨਹੀਂ ਕੋ ਪਾਈ। ਜੇ ਤੋ ਕਹੁ ਕਿਤ ਮਾਲੁਮ ਹੋਇ। ਦੇਹੁ ਬਤਾਇ ਠਿਕਾਨੋ ਕੋਇ' ॥ ੩੧ ॥ ਸੁਨਤਿ ਸਿੱਖ ਨੇ ਰਿਦੇ ਬਿਚਾਰੀ। -ਜੇ ਸਤਿਗੁਰ ਕੋ ਦੇਹਿਂ ਕੁਮਾਰੀ। ਜਿਨ ਤੇ ਆਛੋ ਅਪਰ ਨ ਕੋਈ।ਜੋ ਇਹ ਸੁਤਾ ਭਾਗ ਬਡਿ ਹੋਈ-॥੩੨॥ ਕਹਤਿ ਭਯੋ 'ਸੁਨਿ ਸਖਾ ਹਮਾਰੇ!। ਜੇ ਸਬੰਧ ਬਨਿ ਜਾਹਿ ਤਿਹਾਰੇ। ਧੰਨ ਆਪ ਕੋ ਜਾਨਹੁ ਫੇਰਿ। ਜਿਨ ਕੇ ਸਮ ਕੋ ਅਪਰ ਨ ਹੇਰਿ॥੩੩॥ਸ੍ਰੀ ਅਰਜਨ ਸੁਤ ਜੋਧਾ ਬਲੀ। ਸ੍ਰੀ ਹਰਿਗੋਵਿੰਦ ਸੂਰਤ ਭਲੀ। ਦ੍ਵੈ ਉਪਬਾਹ ਅਗਾਰੀ ਭਏ। ਜਿਨ ਆਗੈ ਸਗਰੋ ਜਗ ਨਏ[3] ॥੩੪॥ ਉਰ ਸ਼ਰਧਾ ਧਰਿ ਜੋ ਅਰਪਾਵੈਂ। ਤਿਨ ਤੇ ਆਛੋ ਅਪਰ ਨ

[1]ਰਾਵੀ ਤੋਂ ੪੩ ਕੋਸ। [2]ਪਹਿਲੇ ਜਨਮ ਵਿਚ। [3]ਨੀਉਂਦਾ ਹੈ। *ਭਾਈ ਕੇ ਮੱਟ੍ਰ, ਗੁਜਰਾਂ ਵਾਲਾ ਤਸੀਲ ਵਿਚ ਹੈ।

ਪਾਵੈਂ'। ਸੁਨਿ ਦੁਆਰਾ ਪੁਨ ਬੂਝਨਿ ਲਾਗਾ। 'ਅਬਿ ਸੋ ਅਹੈਂ ਕੌਨ ਸੀ ਜਾਗਾ ?॥੩੫॥ਕਹਿ ਕਰਿ ਲਾਗੀ ਦੇਉਂ ਪਠਾਇ। ਤੇਰੋ ਕਹਯੋ ਮੋਰ ਹਿਤ ਚਾਇ[1]'। ਬਹੁਰ ਸਿੱਖ ਨੇ ਬਾਕ ਸੁਨਾਏ। 'ਅਬਿ ਕਸ਼ਮੀਰ ਦੇਸ਼ ਤੇ ਆਏ॥ ੩੬॥ ਮੈਂ ਡੇਰਾ ਤਲਵੰਡੀ ਸੁਨਯੋ। ਇਕ ਪੰਥੀ ਨੇ ਮੋ ਸੰਗ ਭਨਯੋ। ਇਸ ਮਾਰਗ ਹੀ ਅਬਿ ਚਲਿ ਆਵੈਂ। ਸੁਧਿ ਲੇਤੋ ਰਹੁ ਸਿਵਰ ਜੁ ਪਾਵੈਂ ॥੩੭॥ ਨਿਕਟਿ ਗ੍ਰਾਮ ਕੇ ਆਇ ਜਿ ਜਾਨੋ। ਤੁਰਤ ਸਬੰਧ ਕਰਨਿ ਕੋ ਠਾਨੋ'। ਸੁਨਿ ਸਿਖ ਕੋ ਉਪਦੇਸ਼ਨਿ ਦ੍ਵਾਰਾ। ਲਗਯੋ ਪ੍ਰਤੀਖਨ ਗੁਰੂ ਉਦਾਰਾ ॥ ੩੮ ॥ ਮਟਵੀਂ ਆਇ ਕਰਯੋ ਜਬਿ ਡੇਰਾ। ਲਾਗੀ ਪਠੇ ਸੁਨੇ ਜਿਸ ਬੇਰਾ। ਸਹਿਜ ਸੁਭਾਇਕ ਬੈਠੇ ਜਹਾਂ। ਆਨਿ ਪਹੂਚੇ ਤਤਛਿਨ ਤਹਾਂ ॥ ੩੯ ॥ ਆਸ਼ਿਖ ਦਈ ਬਿੱਪ੍ਰ ਬਰ ਜਬੈ। ਜੇਠਾ ਦੂਰਿ ਹਕਾਰਯੋ ਤਬੈ। ਸਕਲ ਬਾਤ ਦਿਜ ਨੈ ਸਮੁਝਾਈ। 'ਮੈਂ ਆਨੀ ਗੁਰ ਹੇਤੁ ਸਗਾਈ ॥ ੪੦ ॥ ਮੰਡਯਾਲੀ ਖੱਤ੍ਰੀ ਮਰਵਾਹਾ। ਬਰ ਪ੍ਰਾਪਤਿ ਕੰਨਯਾ ਘਰ ਮਾਂਹਾ। ਬਯਾਹ ਸਹਤ ਇਕ ਬਾਰ ਸਗਾਈ। ਕਰੀ ਭਾਵਨਾ ਅਬਹਿ ਪਠਾਈ' ॥ ੪੧ ॥ ਸੁਨਿ ਜੇਠੇ ਸਤਿਗੁਰੁ ਸੋਂ ਕਹਯੋ। 'ਪੂਰਹੁ ਭਾਵਨਾ ਜਿਮ ਕਿਮ ਚਹਯੋ। ਜੋ ਕੋ ਆਨਿ ਪਰਹਿ ਸ਼ਰਨਾਈ। ਨਹਿਂ ਤਯਾਗਹੁ ਇਹ ਬਿਰਦ ਸਦਾਈ' ॥ ੪੨ ॥ ਸ੍ਰੀ ਹਰਿਗੋਵਿੰਦ ਸੁਨਿ ਕਰਿ ਮਾਨੀ। ਬੂਝਯੋ ਦਿਜ ਬੁਲਾਇ ਅਗਵਾਨੀ। ਦ੍ਵਾਰੇ ਕੀ ਸਭਿ ਬਾਤ ਸੁਨਾਈ। 'ਧਰੀ ਭਾਵਨਾ ਪਠੀ ਸਗਾਈ' ॥ ੪੩ ॥ ਪੁਨ ਪਾਂਧਾ ਦਿਜ ਅਪਰ ਹਕਾਰਾ। ਆਨਿ ਗ੍ਰਾਮ ਤੇ ਬੰਦਨ ਧਾਰਾ। ਸ਼ੁਭ ਦਿਨ ਲਗਨ* ਗਿਨਯੋ ਤਿਨ ਆਛੋ।ਕਹਯੋ:–'ਕਰਹੁ ਪਰਸੋਂ ਜਿਮ ਬਾਛੋ'॥੪੪॥ ਤਹਾਂ ਟਿਕੇ ਗੁਰੁ ਭਈ ਸਗਾਈ†। ਸਕਲ ਬਯਾਹ ਤਯਾਰੀ ਕਰਿਵਾਈ। ਲਵਪੁਰਿ ਪਠਿ ਕਰਿ ਵਸਤੁ ਮੰਗਾਈ। ਜੋ ਚਹੀਯਤਿ ਦਿਜ ਦੀਨਿ ਬਤਾਈ ॥ ੪੫ ॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪੰਚਮ ਰਾਸੇ 'ਸ੍ਰੀ ਹਰਿਗੋਬਿੰਦ ਸਗਾਈ' ਪ੍ਰਸੰਗ ਬਰਨਨੰ ਨਾਮ ਦ੍ਵੈਪੰਚਾਸਤਿ ਅੰਸੂ ॥ ੫੨ ॥

੫੩. [ਤੀਸਰਾ ਵਿਵਾਹ]।

ਦੋਹਰਾ ॥ ਕਰੇ ਸ਼ਗੁਨ ਸਭਿ ਬਯਾਹ ਕੇ ਜੇਤਿਕ ਬਿੱਪ੍ਰ ਬਤਾਇ। ਸ੍ਰੀ ਗੁਰੁ ਹਰਿ ਗੋਵਿੰਦ ਜੀ ਦੂਲਹੁ ਰਹੇ ਸੁਹਾਇ ॥ ੧ ॥ ਚੌਪਈ ॥ ਸਜੀ ਬਰਾਤਿ

---

[1]ਤੇਰੇ ਕਹੇ ਵਿਚ ਮੇਰਾ ਚਾਉ ਤੇ ਪਿਆਰ ਹੈ।

*ਦੇਖੋ ਰਾਸਿ ੪ ਅੰਸੂ ੭ ਅੰਕ ੨੪ ਦੀ ਹੇਠਲੀ ਟੂਕ।

†ਸ੍ਰੀ ਗੁਰੂ ਹਰਿਗੋਬਿੰਦ ਜੀ ਦੇ ਵਿਵਾਹਾਂ ਬਾਬਤ ਪਿਛੇ ਦੱਸ ਆਏ ਹਾਂ ਦੇਖੋ ਇਸੇ ਰਾਸਿ ਦੇ ਅੰਸੂ ੨੭ ਅੰਕ ੪੬ ਦੀ ਹੇਠਲੀ ਟੂਕ।

ਜਿਤਿਕ ਸਿਖ ਸੰਗ॥ਚਲੇ ਕੁਦਾਵਤਿ ਚਪਲ ਤੁਰੰਗ॥ ਪਹੁੰਚੇ ਤਬਹਿ ਜਾਇ ਮੰਡਜਾਲੀ। ਦੇਖਿ ਖੁਸ਼ੀ ਤਿਨ ਕੀਨਿ ਬਿਸਾਲੀ ॥ ੨॥ ਲੋਕ ਇਕੱਤ੍ਰ ਕਰੇ ਸਮੁਦਾਇ। ਆਗੇ ਲੈਨਿ ਸੁ ਦ੍ਵਾਰਾ ਆਇ। ਜੇਠਾ ਲਗ੍ਯੋ ਦਰਬ ਬਰਖਾ-ਵਨਿ। ਰੰਕ ਧਨੀ ਬਨਿ ਭੇ ਹਰਖਾਵਨਿ ॥੩॥ ਤੁਰਰੀ, ਡਫ, ਗਨ ਪਟਹ, ਨਿਸ਼ਾਨਾ[1]। ਬਾਜਿ ਉਠੇ ਜਨੁ ਘਨ ਗਰਜਾਨਾ। ਗੁਰੁ ਪਰ ਦ੍ਵਾਰੇ ਵਾਰ੍ਯੋ ਦਰਬ। ਰੀਤਿ ਕਰੀ ਕੁਲ ਕੀ ਜੋ ਸਰਬ ॥ ੪ ॥ ਲੇ ਕਰਿ ਸੰਗ ਨਿਵੇਸ ਕਰਾਯੋ। ਜੋ ਚਹੀਯਤਿ ਤਤਕਾਲ ਪਠਾਯੋ। ਦ੍ਵੈ ਦਿਨ ਸਤਿਗੁਰੁ ਗਏ ਅਗਾਰੀ।ਦੇਖਿਸਰਾਹਤਿ ਹੈਂ ਨਰਨਾਰੀ॥੫॥ਮੰਗਤ ਜਨਸਮੂਹ ਚਲਿਆਵੈਂ। ਸਭਿ ਕੋ ਸਤਿਗੁਰੁ ਦਰਬ ਦਿਵਾਵੈਂ। ਜਸੁ ਫੈਲ੍ਯੋ ਬਡ ਦਾਨ ਦਏ ਤੇ।ਬਸੇ ਦੋਇ ਦਿਨ ਬੀਤਿ ਗਏ ਤੇ ॥ ੬ ॥ ਤ੍ਰਿਤੀ ਦਯੋਸ ਰਹਿ ਘਟਿਕਾ ਚਾਰਿ। ਬਡ਼ਵਾਰੂਢੇ ਹ੍ਵੈ ਸਭਿ ਤ੍ਯਾਰਿ। ਘਨੇ ਬਜਾਵਤਿ ਬਾਜੇ ਚਾਲੇ। ਸੁਨਿ ਸਭਿ ਕੈ ਭਾ ਹਰਖ ਬਿਸਾਲੇ ॥ ੭ ॥ ਜੇਠੇ ਸੰਗ ਮਿਲਨੀ ਕਰਿ ਦ੍ਵਾਰੇ[2]। ਕਰ੍ਯੋ ਢੁਕਾਉ ਜਾਇ ਤਿਸ ਦ੍ਵਾਰੇ[3]। ਪਿਖ੍ਯੋ ਜਮਾਤ੍ਰਾ ਭਾਗਣ ਜਬੈ। ਅੰਗ ਅਨੰਦ ਨ ਮੇਵਹਿ ਤਬੈ ॥ ੮॥ ਪਿਖਿ ਪਿਖਿ ਅਬਲਾ ਸਕਲ ਸਰਾਹਤਿ। ਜਿਹ ਨ ਪਿਖੇ ਸੁਨਿ ਦੇਖਿਨਿ ਚਾਹਤਿ[4]। ਜਾਨਿ ਸਮਾ ਗੋ ਧੂਲ[5] ਬਿਸਾਲਾ। ਬੇਦੀ ਥਲ ਮਿਲਿ ਕਰਿ ਦਿਜ ਜਾਲਾ ॥ ੯ ॥ ਸਤਿਗੁਰ ਕਰੇ ਅਵਾਹਨ ਜਬੈ। ਪਹੁੰਚਤਿ ਭਏ ਜਾਇ ਕਰਿ ਤਬੈ। ਬਿਧੀਆ ਜੇਠਾ ਆਦਿਕ ਸਾਥ। ਖਾਰ੍ਯੋਂ ਪਰ ਬੈਠੇ ਸ਼ੁਭ ਨਾਥ ॥੧੦॥ ਨੌ ਗ੍ਰੈਹ ਕੋ ਦਿਜ ਨੇ ਪੁਜਵਾਇ*। ਅਗਨਿ ਸਥਾਪਨ ਕੀਨਿ ਬਨਾਇ। ਸਰਪੀ ਪਾਇ ਹੋਮ ਕੋ ਕਰ੍ਯੋ। ਉਠਿ ਸਤਿਗੁਰ ਚਹੁੰ ਦਿਸ਼ਿ ਤਿਸਿ ਫਿਰ੍ਯੋ ॥੧੧॥ ਕਰਨਿ ਉਚਿਤ ਕਰਿ ਲਾਵਾਂ ਲੀਨਿ। ਜਹਾਂ ਚਹਤਿ ਜੇਠੇ ਧਨ ਦੀਨਿ। ਸਤਿਗੁਰੁ ਗਏ ਆਪਨੇ ਡੇਰੇ। ਬਾਜੇ ਬਜਤਿ ਬਹੁਤ ਤਿਸ ਬੇਰੇ ॥੧੨॥ਪੁਨ ਭੋਜਨ ਕੇ ਹੇਤੁ ਬੁਲਾਏ।ਊਚੇ ਪੰਕਤਿ ਲਾਇ ਬਿਠਾਏ। ਸਤ ਪਕਵਾਨੀ ਆਨਿ ਅਹਾਰੇ[6]।ਕਰ੍ਯੋ ਪਰੋਸਨਿ ਸਕਲ ਅਗਾਰੇ ॥੧੩॥ ਅਚਨਿ ਲਗੇ ਗਾਵਤਿ ਬਰ ਨਾਰੀ। ਲੇ ਲੇ ਨਾਮ ਉਚਾਰਤਿ ਗਾਰੀ†। ਮੁਦਿਤ ਸਮਾਜ ਸਰਬ ਹੁਇ ਰਹ੍ਯੋ। ਦੇਖਿ ਦੇਖਿ

[1]ਧੌਂਸੇ। [2]ਕੀਤੀ ਦੂਾਰੇ ਤੇ। [3]ਤਿਸ ਦੇ ਦਰਵਜੇ। [4]ਜਿਸ ਨਹੀ ਦੇਖੇ ਸੀ (ਉਹ ਭੀ) ਸੁਣਕੇ ਦੇਖਣਾ ਚਾਹੇ। [5]ਗਊ ਧੂੜ ਦਾ ਵੇਲਾ। [6]ਸਤ (ਤਰ੍ਹਾਂ ਦੀ) ਮਠਿਆਈ ਦੇ ਭੋਜਨ ਆਂਦੇ। ਮੁਹਾਵਰਾ ਹੈ ਸਤਵੰਨੀ ਮਠਿਆਈ।

*ਵੇਖੋ ਰਾਸਿ ੪ ਅੰਸੂ ੭ ਅੰਕ ੨੪ ਦੀ ਹੇਠਲੀ ਟੂਕ।

†ਵੇਖੋ ਰਾਸਿ ੪ ਦੇ ਅੰਸੂ ੪ ਅੰਕ ੧੪ ਤੇ ਅੰਸੂ ੧੨ ਅੰਕ ੪੦ ਦੀਆਂ ਹੇਠਲੀਆਂ ਟੂਕਾਂ।

ਗੁਰ ਜਸੁ ਕੋ ਕਹਯੋ ॥੧੪॥ ਤ੍ਰਿਪਤਿ ਹੋਇ ਡੇਰੇ ਪੁਨ ਆਇ। ਸੁਪਤਿ ਜਥਾ
ਸੁਖ ਰਾਤਿ ਬਿਤਾਇ। ਭਈ ਪ੍ਰਾਤ ਕਰਿ ਸੌਚ ਸ਼ਨਾਨਾ। ਬੈਠੇ ਸਤਿਗੁਰੁ
ਲਾਇ ਦਿਵਾਨਾ ॥ ੧੫ ॥ ਨਿਕਟਿ ਨਿਕਟਿ ਕੇ ਗ੍ਰਾਮ ਜਿ ਬ੍ਰਿੰਦ। ਦੇਖਨਿ
ਹਿਤ ਸ਼੍ਰੀ ਹਰਿਗਵਿੰਦ। ਲੋਕ ਅਨੇਕ ਧਨੀ ਅਰੁ ਰੰਕਾ। ਆਨਿ ਆਨਿ
ਦਰਸਹਿਂ ਗੁਰ ਬੰਕਾ[1] ॥ ੧੬ ॥ ਅਰਪਿ ਅਕੋਰਨਿ ਸੀਸ ਨਿਵਾਵੈਂ। ਮਨੋ
ਕਾਮਨਾ ਹੇਰਤਿ ਪਾਵੈਂ। ਦੁਇ ਦਿਨ ਪੂਰਬ ਤੀਨਿ ਪਿਛਾਰੀ[2]। ਕਰਯੋ
ਬਾਸ ਤਹਿਂ ਸ਼੍ਰੀ ਗੁਰੁ ਭਾਰੀ ॥ ੧੭ ॥ ਪੁਨ ਬਿਦਾਇਗੀ ਦ੍ਵਾਰੇ ਕੀਨਿ। ਯਥਾ
ਸ਼ਕਤਿ ਦਾਇਜ ਕੋ ਦੀਨਿ। ਮਿਲਿ ਭਾਗਣ ਦੁਹਿਤਾ ਕੇ ਸਾਥਿ। ਅਰ-
ਪਨਿ ਕਰਤਿ ਭਈ ਗੁਰੁ ਨਾਥ ॥ ੧੮ ॥ ਕਰਿ ਡੋਰਾ ਆਗੇ ਗੁਰ ਚਲੇ।
ਹੁਇ ਪਸ਼ਚਾਤਿ ਅਪਰ ਸਭਿ ਮਿਲੇ। ਬਾਜੇ ਬਜਤਿ ਪੰਥ ਗਮਨੰਤੇ। ਅਨ-
ਗਨ ਧਨ ਘਨ ਜਨੁ ਬਰਖੰਤੇ॥ ੧੯ ॥ਕਿਤਿਕ ਦੂਰ ਜਬਿ ਚਲੇ ਅਗਾਰੀ।
'ਖਰੇ ਰਹੋ' ਗੁਰੁ ਗਿਰਾ ਉਚਾਰੀ। 'ਪਜਾਰੋ ਸਿੱਖ ਚਲਯੋ ਇਕ ਆਵਤਿ।
ਹਮ ਦਰਸ਼ਨ ਕੋ ਬਹੁ ਲਲਚਾਵਤਿ'॥ ੨੦॥ ਇਤਨੇ ਮਹਿਂ ਲੰਗਾਹ ਚਲਿ
ਆਯੋ। ਪ੍ਰੇਮੀ ਪਗ ਪੰਕਜ ਲਪਟਾਯੋ। ਕਰਿ ਬੰਦਨ ਜਬਿ ਖਰੋ ਅਗਾਰੀ।
'ਅਹੈ ਕੁਸ਼ਲ?' ਸਤਿਗੁਰੂ ਉਚਾਰੀ ॥੨੧॥ ਕਹਤਿ ਭਯੋ 'ਸਿਖ ਲਵਪੁਰਿ
ਗਏ। ਬਜਾਹ ਵਸਤੁ ਕਛੁ ਲਜਾਵਤਿ ਭਏ। ਸੁਧਿ ਰਾਵਰ ਕੀ ਤਿਨ ਤੇ
ਪਾਈ। ਦਰਸ਼ਨ ਕੋ ਹਿਯਰਾ ਲਲਚਾਈ ॥ ੨੨ ॥ ਅਪਰ ਬਾਤ ਇਕ,
ਪਰਤਿ ਬਿਗਾਰਿ। ਬੈਰ ਕਰਹਿ ਕਾਜ਼ੀ ਕੁਰਿਆਰ। ਸ਼ਾਹੁ ਨਿਕਟ ਹੁਇ
ਉਚਰਤਿ ਚਾਰੀ[3]। ਖੋਟ ਅਰੋਪਹਿ ਓਰ ਤੁਹਾਰੀ[4] ॥ ੨੩ ॥ ਧਰਮਸਾਲ ਕੋ
ਚਹਤਿ ਗਿਰਾਵਾ। ਹਿਤ ਮਸੀਤ ਧਰਿ ਅਵਨੀ ਦਾਵਾ। ਕਰਹਿ ਵਜ਼ੀਰ-
ਖਾਨ ਤਿਹ ਮੋਰਨਿ। ਚਹਤਿ ਅਨੀਤਿ ਰਾਖਿ ਉਰ ਖੋਰਨਿ[5] ॥ ੨੪ ॥ ਇਹ
ਸੁਧਿ ਕਰਨਿ ਕਾਜ ਮੈਂ ਆਵਾ। ਮਹਾਂ ਲਾਭ ਤੁਮ ਦਰਸ਼ਨ ਪਾਵਾ'। ਸ਼੍ਰੀ
ਸਤਿਗੁਰੁ ਸੁਨਿ ਬਾਕ ਬਖਾਨਾ।'ਧਰਮਸਾਲ ਪਰਮੇਸ਼ੁਰ ਥਾਨਾ ॥੨੫॥ ਤਿਸ
ਕੋ ਬੁਰਾ ਚਿਤਹਿ ਜੋ ਮੂਰ[6]। ਅਪਨੋ ਬੇਗ[7] ਉਖਾਰਹਿ ਮੂਰ[8]। ਸਤਿਗੁਰੁ
ਧਰਮਸਾਲ ਨਿਤ ਥਿਰੀ। ਅਵਚਲ ਨੀਵ ਪ੍ਰਮੇਸੁਰ ਕਰੀ' ॥ ੨੬ ॥ ਇਮ
ਕਹਿ ਸੁਨਿ ਕੈ ਸਿੱਖ ਲੰਗਾਹੁ। ਸਤਿਗੁਰੁ ਕਹਯੋ 'ਅਬਹਿ ਤੂੰ ਜਾਹੁ।ਅੰਤਰ
ਬਾਹਰ ਸੇਵਾ ਸਾਰੀ। ਆਮਦ ਖਰਚਨਿ ਲੇਹੁ ਸੰਭਾਰੀ ॥ ੨੭ ॥ ਧਰਮਸਾਲ

[1]ਬਾਂਕੇ। [2]ਭਾਵ ਪੰਜ ਦਿਨ। [3]ਚੁਗਲੀ। [4]ਆਪ ਜੀ ਦੀ ਵੱਲ। [5]ਦ੍ਵੈਸ਼। [6]ਮੂਰਖ। [7]ਛੇਤੀ। [8]ਜੜ੍ਹ।

ਮਹਿਂ ਜੇਤਿਕ ਸੰਗਤਿ। ਦਿਹੁ ਅਹਾਰ ਸਭਿਹਿਨਿ ਕਰਿ ਪੰਗਤਿ। ਦੇਗ ਚਲਾਵਤਿ ਰਹੀਅਹਿ ਨੀਤਿ। ਸੇਵਹੁ ਭਲੇ ਰਿਦੇ ਕਰਿ ਪ੍ਰੀਤਿ' ॥ ੨੮ ॥ ਇਮ ਸਤਿਗੁਰੁ ਕੀ ਆਇਸੁ ਪਾਇ। ਚਰਨ ਕਮਲ ਪਰ ਸੀਸ ਨਿਵਾਇ। ਲਵਪੁਰਿ ਕੇ ਮਾਰਗ ਚਲਿ ਗਯੋ। ਦਰਸ਼ਨ ਤੇ ਹਰਖਤਿ ਚਿਤ ਭਯੋ ॥ ੨੯॥ ਦ੍ਵਾਰਾ ਤਨਿਯਾ ਨੇਹ ਅਰੁਝਾ। ਹਾਥ ਜੋਰਿ ਸਤਿਗਰ ਸੋਂ ਬੂਝਾ। 'ਕਬਿ ਦਰਸ਼ਨ ਮੈਂ ਲਹੌਂ ਤੁਹਾਰਾ?। ਬਡ ਕ੍ਰਿਪਾਲ ਮੁਝ ਪਤਿਤ ਉਧਾਰਾ'॥ ੩੦॥ ਦਰਸ਼ਨ ਕੀ ਦੀਰਘ ਜਿਸ ਪਯਾਸਾ। ਅੰਤਰਜਾਮੀ ਬਾਕ ਪ੍ਰਕਾਸ਼ਾ। 'ਬ੍ਰਿੱਛ ਸਿੰਸਪਾ ਖਰੋ ਜਿ[1] ਏਹ। ਇਸ ਪਿਖਿ ਹਮ ਦਰਸ਼ਨ ਫਲ ਲੇਹੁ ॥ ੩੧॥ ਧਰਹਿ ਭਾਵਨਾ ਇਸ ਕੋ ਹੇਰੇ। ਤਿਸ ਨਰ ਕੋ ਹੁਇਂ ਪੁੰਨ ਬਡੇਰੇ। ਹੁਇ ਹੈ ਇਸ ਕੋ ਨਾਮ ਚੁਟਾਲਾ। ਬਿਦਤ ਬਿਸਾਲ ਰਹਹਿ ਚਿਰ ਕਾਲਾ' ॥ ੩੨ ॥ ਸਤਿਗੁਰ ਸਸੁਰ ਜਾਨਿ ਥਲ ਵਡੇ। ਸਨਮਾਨਯੋ ਬਹੁ ਤਹਿਂ ਹੀ ਛਡੇ। ਭਾਗਨ ਸਾਸ ਖਰੀ ਕਰ ਜੋਰਿ। ਕਰਿ ਬੰਦਨ ਗੁਰ ਤਿਸ ਕੀ ਓਰ ॥੩੩॥ ਕਰਯੋ ਪਯਾਨ ਲਿਏ ਸਭਿ ਸੰਗ। ਹੇਰੇ ਐਰਾਵਤੀ ਤਰੰਗ। ਤਰਨੀ ਤੇ ਤਰਿ ਕਰਿਪਰਿ ਤੀਰ[2]। ਡੇਰਾ ਕੀਨਿਸਿ ਗੁਨੀ ਗਹੀਰ ॥ ੩੪ ॥ ਤਿਸ ਥਲ ਸ਼੍ਰੀ ਨਾਨਕ ਕੀ ਬੇਰੀ। ਬੰਦਨ ਠਾਨਿ ਭਾਉ ਕਰਿ ਹੇਰੀ। ਸੁਧਿ ਹਿਤ ਸਿੱਖ ਸੁਧਾਸਰ ਨਗਰੀ। ਪਠੇ ਸ਼ੀਘ੍ਰ ਹੀ ਭਾਖੀ ਸਗਰੀ ॥ ੩੫ ॥ ਸੁਨਤਿ ਮਾਤ ਗੰਗਾ ਹਰਖਾਈ। ਆਵਹਿਂ ਅਬਲਾ ਦੇਤਿ ਬਧਾਈ। ਨੌਬਤਿ ਲਗੀ ਬਜਨਿ ਮੁਦ ਦੈਨੀ। ਮਿਲੀ ਬ੍ਰਿੰਦ ਨਾਗਰਿ ਪਿਕ ਬੈਨੀ ॥ ੩੬ ॥ ਗਾਇ ਮਧੁਰਸੁਰ ਗੀਤ ਘਨੇਰੇ। ਮੰਗਤ ਜਨ ਦੇ ਦਾਨ ਬਡੇਰੇ। ਲੇਨਿ ਅਗਾਊ ਕੀ ਕਰਿ ਤਯਾਰੀ। ਜਿਮ ਬਰਾਤ ਕੀ ਹ੍ਵੈ ਸੁਧਿ ਸਾਰੀ ॥ ੩੭ ॥ ਉਤ ਸਤਿ-ਗੁਰ ਸੋ ਨਿਸਾ ਬਿਤਾਇ। ਬਾਜ ਅਰੂਢੇ ਬਾਜ ਬਜਾਇ[3]। ਡੇਰਾ ਕਰੇ ਅਗਾਰੀ ਚਲੇ। ਸੁਭਟ ਤੁਰੰਗ ਚਲੇ ਤਬਿ ਜਾਲੇ ॥ ੩੮ ॥ ਆਨੰਦਤਿ ਅੰਮ੍ਰਿਤ-ਸਰ ਤੀਰ। ਪਹੁੰਚੇ ਆਇ ਲੀਏ ਨਰ ਭੀਰ। ਛਿਰਕੀ ਬੀਥੀ ਬ੍ਰਿੰਦ ਬਜ਼ਾ-ਰਨੇ। ਕਿਤਿਕ ਪਿਖਤਿ ਹੈਂ ਚਢੇ ਅਟਾਰਨਿ॥੩੯॥ ਜਾਨੇ ਜਬਿ ਨੇਰੇ ਪੁਰਿ ਆਏ। ਨਾਰਿ ਨਾਗਰੀ ਭਈ ਅਗਾਏ। ਗੁੰਦਿ ਗੁੰਦਿ ਫੂਲਨਿ ਕੀ ਮਾਲਾ। ਲੇ ਲੇ ਮਿਲੀ ਜਾਇ ਗਨ ਬਾਲਾ ॥ ੪੦ ॥ ਭਾਟ ਨਕੀਬ[4] ਬੋਲਤੇ ਆਵੈਂ।

[1]ਟਾਹਲੀ [ਸੰਸ:, ਸ਼ਿੰਸ਼ਪਾ]। [2]ਪਾਰ ਪੈਕੇ। [3]ਘੋੜੇ ਤੇ ਚੜ੍ਹੇ ਵਾਜੇ ਵਜਾ ਕੇ। [4]ਚੋਬਦਾਰ ਜੋ ਨਾਮ ਪਤਾ ਦੱਸਦਾ ਜਾਵੇ।

ਬਹੁ ਡੋਰੇ ਪਰ ਧਨ ਬਰਖਾਵੈਂ । ਪੁਰਿ ਕੋ ਮੋਦ ਦੇਤਿ ਘਰ ਆਏ । ਗੰਗ ਮਾਤ ਕੁਲ ਰੀਤਿ ਕਰਾਏ ॥੪੧॥ ਸਾਜਿ ਆਰਤੀ ਅੱਗ੍ਰ ਉਤਾਰੀ। ਪੀਯਸਿ ਬਾਰਿ ਬਾਰਿ ਬਰ ਬਾਰੀ[1] । ਅੰਤਰ ਸਦਨ ਬਿਰਾਜੇ ਜਾਇ । ਦੇਖਿ ਨੁਖਾ ਸੁਤ ਕੋ ਸੁਖ ਪਾਇ॥੪੨॥ਸ੍ਰੀ ਹਰਿਗੋਬਿੰਦ ਪੁਨ ਉਠਿ ਆਏ।ਸ੍ਰੀ ਅੰਮ੍ਰਿਤ-ਸਰ ਬਿਖੈ ਨਹਾਏ । ਲਿਯੇ ਪ੍ਰਸਾਦਿ ਗਏ ਦਰਬਾਰ । ਹਾਥ ਜੋਰਿ ਕਰਿ ਬੰਦਨ ਧਾਰਿ ॥ ੪੩ ॥ ਭਾਈ ਬਿੱਧ ਸਹਤ ਗੁਰਦਾਸ । ਮਿਲੇ ਨਮੋ ਕਰਿ ਹਰਖ ਪ੍ਰਕਾਸ਼ । ਦੀਨਿ ਪ੍ਰਦਛਨਾ ਪੁਨਿ ਹਟਿ ਆਏ।ਥਿਰੇ ਅਕਾਲ ਤਖਤ ਕੀ ਥਾਏ ॥ ੪੪ ॥ ਫਰਸ਼ ਕਰਾਇ ਦਿਵਾਨ ਲਗਾਯੋ । ਸਭਿ ਆਇ ਗੁਰ ਦਰਸ਼ਨ ਪਾਯੋ । ਕਰਿ ਕਰਿ ਬੰਦਨ ਬੈਠਹਿਂ ਪਾਸਿ । ਸਭਿ ਸੋਂ ਬੋਲਤਿ ਬਚਨ ਬਿਲਾਸ॥੪੫॥ਪੈਂਦੇਖਾਂ ਜੁਤਿ ਭਟ ਗਨ ਆਏ।ਨਮੋਕਰਹਿਂ ਲੋਚਨ ਬਿਕਸਾਏ । ਕਰਜੋ ਖਾਨ ਕੋ ਮਾਨ ਘਨੇਰਾ । ਭਟਨਿ ਕੁਸ਼ਲ ਬੂਝੀ ਤਿਸ ਬੇਰਾ ॥ ੪੬ ॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪੰਚਮ ਰਾਸੇ 'ਸ੍ਰੀ ਗੁਰੁ ਆਗਮਨ' ਪ੍ਰਸੰਗ ਬਰਨਨੰ ਨਾਮ ਤੀਨ ਪੰਚਾਸਤਿ ਅੰਸੂ ॥ ੫੩ ॥

੫੪. [ਬੀਬੀ ਵੀਰੋ ਸੂਰਜ ਮਲ ਤੇ ਸ੍ਰੀ ਅਣੀਰਾਏ ਜੀ ਜਨਮ]।

ਦੋਹਰਾ ॥ ਸ੍ਰੀ ਗੁਰਦਿੱਤਾ ਪੁਤ੍ਰ ਤਹਿਂ ਲਜਾਏ ਸਤਿਗੁਰੁ ਤੀਰ । ਲੈਨਿ ਅੰਕ ਦੁਲਰਾਵਤੇ ਮ੍ਰਿਦੁਲ ਬਾਕ ਤੇ ਧੀਰ ॥ ੧ ॥ ਚੌਪਈ ॥ ਜਥਾ ਜੋਗ ਸ਼ਭਿ ਕੋ ਸਨਮਾਨਾ । ਸਿੱਖ ਮਸੰਦ ਸੁਭਟ ਜੇ ਨਾਨਾ । ਪੁਨ ਉਠਿ ਨਿਜ ਮੰਦਿਰ ਕੋ ਗਏ । ਖਾਨ ਪਾਨ ਨਾਨਾ ਬਿਧਿ ਕਏ ॥ ੨ ॥ ਸੰਧ੍ਯਾ ਸਮੈ ਸੁ ਦੀਪਕ-ਮਾਲਾ । ਜਹਿਂ ਕਹਿਂ ਕੀਨਸਿ ਭਯੋ ਉਜਾਲਾ । ਸ੍ਰੀ ਹਰਿਮੰਦਰ ਕੇ ਚਹੁੰ-ਦਿਸ਼ਿ ਮੈਂ । ਦੀਪਕ ਬਾਰ ਧਰੇ ਘ੍ਰਿਤਿ ਜਿਸ ਮੈਂ ॥ ੩ ॥ ਸ੍ਰੀ ਅੰਮ੍ਰਿਤਸਰ ਕੀ ਸੋਪਾਨ । ਜਹਿਂ ਕਹਿਂ ਕੀਨਿ ਪ੍ਰਕਾਸ਼ ਮਹਾਨ । ਸੁਪਤਿ ਜਥਾ ਸੁਖ ਰਾਤਿ ਬਿਤਾਈ । ਜਾਮ ਨਿਸਾ ਤੇ ਗੁਰੂ ਨਹਾਈ॥੪॥ਗਾਇ ਰਬਾਬੀ ਆਸ-ਵਾਰ । ਸੱਤਿਨਾਮ ਸਿਮਰਨ ਜੈਕਾਰ । ਬੈਠਹਿਂ ਸਤਿਗੁਰੁ ਲਾਇ ਦਿਵਾਨ ਆਵਹਿਂ ਸਿੱਖ ਅਨਿਕ ਲੈ ਗ੍ਯਾਨ ॥ ੫ ॥ ਇਸੀ ਪ੍ਰਕਾਰ ਬਿਤੇ ਬਹੁ ਮਾਸ । ਸਤਿਗੁਰੁ ਬਿਲਸਤਿ ਬਿਬਿਧਿ ਬਿਲਾਸ । ਧਰਿ ਦਮੋਦਰੀ ਗਰਭ ਦੁਤਿਯ ਤਬਿ । ਕੇਤਿਕ ਮਾਸ ਬਿਤਾਵਨਿ ਕਿਯ ਜਬਿ ॥੬॥ ਭਈ ਪ੍ਰਸੂਤਾ ਜਨਮੀ ਕੰਨਯਾਂ । ਬਡ ਭਾਗਨਿ ਸਭਿਹਿਨਿ ਤੇ ਧੰਨਯਾਂ । ਸ੍ਰੀ ਗੰਗਾ ਨੇ

[1] ਪਾਣੀ ਵਾਰ ਵਾਰ ਕੇ ਪੀਂਦੀ ਹੈ।

ਤਾਹਿਂ ਨਿਹਾਰ॥ 'ਬੀਰੋ ! ਨਾਮ ਬਿਚਾਰ ਉਚਾਰ॥੭॥ਮਾਤ ਕਰਤਿ ਪ੍ਰਤਿ-ਪਾਲਾ ਘਨੀ। ਪਤਾਰੀ ਸੁਤਾ ਪ੍ਰੇਮ ਕੇ ਸਨੀ। ਕਬਿ ਦਾਦੀ ਲੇ ਅੰਕ ਦੁਲਾ-ਰਹਿ। 'ਗੁਰੁ ਘਰ ਜਨਮੀ ਪੁੰਨ ਉਦਾਰਹਿ' ॥੮॥ ਸੰਗਤਿ ਦੀਪਮਾਲ ਕੋ ਆਵੈ। ਸ਼੍ਰੀ ਅੰਮ੍ਰਿਤਸਰ ਬਿਖੈ ਨਹਾਵੈ। ਸ਼੍ਰੀ ਹਰਿ ਮੰਦਿਰ ਦਰਸ਼ਨ ਕਰੈ। ਸੁਨਹਿ ਸ਼ਬਦ ਉਰ ਆਨੰਦ ਧਰੈ ॥੯॥ ਸ਼੍ਰੀ ਹਰਿਗੋਬਿੰਦ ਤਖਤ ਅਕਾਲ। ਬੈਠਹਿਂ ਸਭਾ ਲਗਾਇ ਬਿਸਾਲ। ਆਨਿ ਅਕੋਰਨਿ ਕੋ ਅਰਪੰਤੇ। ਅਪਨਿ ਮਨੋਰਥ ਕੋ ਉਚਰੰਤੇ ॥੧੦॥ ਕਰਹਿਂ ਕਾਮਨਾ ਸਭਿ ਕੀ ਪੂਰਨ। ਬਖਸ਼ਹਿਂ ਸਿੱਖਨਿ ਕੋ ਗੁਨ ਰੂਰਨਿ। ਕੇਤਿਕ ਭਗਤਿ ਬਿਖੈ ਮਨ ਲਾਵੈਂ। ਸੱਤਿਨਾਮ ਸਿਮਰਤਿ ਗਤਿ ਪਾਵੈਂ ॥ ੧੧ ॥ ਕਿਸ ਕੋ ਦੇਂ ਨਿਸ਼ਚੈ ਉਰ ਗਜਾਨ। ਜਾਨਹਿਂ ਅਪਨੋ ਰੂਪ ਮਹਾਨ। ਤਨ ਹੰਤਾ ਤੇ ਹੋਤਿ ਨਿਰਾਲੇ। ਲਿਪਹਿਂ ਨ ਫਲ ਜੇ ਕਰਮਨਿ ਜਾਲੇ[1] ॥ ੧੨ ॥ ਆਇ ਅਨਿਕ ਸੇਵਾ ਕਹੁ ਲਾਗੇ। ਜਗ ਬੰਧਨ ਤਜਾਗਹਿਂ ਬਡਭਾਗੇ। ਲਗਜੋ ਸਦਾਬ੍ਰਤ ਮੁਕਤੀ ਕੇਰਾ। ਆਸ ਧਰਹਿਂ ਲੇ ਅਨੰਦ ਘਨੇਰਾ ॥ ੧੩ ॥ ਵਹਿਰ ਅਖੇਰ ਬ੍ਰਿਤਿ ਕੋ ਜਾਤੇ। ਆਯੁਧ ਬਿੱਦਜਾ ਮਹਿਂ ਉਮਹਾਤੇ। ਪੈਂਦੇ ਖਾਨ ਅਧਿਕ ਬਲ-ਵਾਨਾ। ਤਿਹ ਸੋਂ ਪਰਚਤਿ ਰਹਹਿਂ ਮਹਾਨਾ ॥੧੪॥ਬਡੇ ਬਲੀ ਦੋ ਮਹਿਖ[2] ਮੰਗਾਵਹਿਂ। ਤਿਨ ਕਹੁ ਸਨਮੁਖ ਸੀਸ ਭਿਰਾਵਹਿਂ। ਟੱਕਰ ਇਕ ਜਬਿ ਕਰਹਿਂ ਭਿਰਾਵਨਿ। ਜਬਿ ਦੂਜੀ ਕੋ ਲਾਗਹਿਂ ਲਾਵਨਿ ॥ ੧੫ ॥ ਦੋਨਹੁਂ ਮਹਿਖਨਿ ਕੇਰ ਬਿਖਾਨ[3]। ਗਹਹਿ ਪਾਨ ਮਹਿਂ ਪੈਂਦੇਖਾਨ। ਭਿਰਨਿ ਨ ਦੇਤਿ ਟਿਕਾਵਹਿ ਦੌਨ[4]। ਨਹਿਂ ਕਰਿ ਸਕਹਿਂ ਓਜ ਤਬਿ ਕੌਨ[5] ॥ ੧੬ ॥ ਬਲ ਤੇ ਝਟਕਹਿ ਕਰਹਿ ਪਿਛਾਰੀ। ਦੋਨਹੁ ਥਿਰਹਿਂ ਸਕਲ ਬਲ ਹਾਰੀ। ਖਰੇ ਹਜ਼ਾਰਹੁ ਪਿਖਹਿਂ ਤਮਾਸ਼ਾ। ਬਿਸਮਹਿਂ ਰਿਦੇ ਲਖਹਿਂ ਬਲ ਰਾਸਾ ॥ ੧੭॥–ਇਸ ਕੇ ਸਮ ਮਹਿ ਮੰਡਲ ਮਾਂਹੀ। ਦੂਸਰ ਕਿਸ ਬਲ ਸੁਨਿਯਤਿ ਨਾਂਹੀ–। ਦੇਸ਼ ਬਿਦੇਸ਼ਨਿ ਮਹਿਂ ਤਿਸ ਬਾਤ। ਕਰਹਿਂ ਲੋਕ, ਸੁਨਿ ਸੁਨਿ ਬਿਸਮਾਤਿ ॥ ੧੮ ॥ ਕੇਤਿਕ ਦੇਖਨਿ ਕੇ ਹਿਤ ਆਵੈਂ। ਡੀਲ ਬਿਸਾਲ ਬਲੀ ਪਿਖਿ ਜਾਵੈਂ। ਨੌ ਨੌ ਮਨ ਕੀ ਮੁਦਗਰ ਫੇਰਹਿ। ਅਵਨੀ ਮਹਿਂ ਉਠਾਇ ਕਰਿ ਗੇਰਹਿ ॥੧੯॥ ਸਤਿਗੁਰ ਦਿਨਪ੍ਰਤਿ ਰੁਖ਼ ਬਹੁ ਕਰੈਂ।ਕ੍ਰਿਪਾ

---

[1]ਸਮੂਹ ਕਰਮਾਂ ਦੇ ਫਲਾਂ ਵਿਚ ਲਿਪਾਇਮਾਨ ਨਹੀਂ ਹੁੰਦੇ। [2]ਸੰਢੇ। [3]ਸਿੰਙ। [4]ਦੋਹਾਂ ਨੂੰ। [5]ਕੋਈ ਬੀ (ਮੈਦਾ)।

ਦ੍ਰਿਸ਼ਟਿ ਬਲ ਪਰਖਤਿ ਧਰੈਂ[1]। ਵਸਤੁ ਅਜਾਇਬ ਸੰਗਤਿ ਲ੍ਯਾਵਹਿ। ਨਿਜ ਕੱਲ੍ਯਾਨ ਹੇਤੁ ਅਰਪਾਵਹਿ ॥ ੨੦ ॥ ਸੋ ਪੈਂਦੇਖਾਂ ਕੋ ਗੁਰੁ ਦੇਤਿ। ਬਲ ਦਿਖਰਾਇ ਰਿਝਾਇ ਸੁ ਲੇਤਿ। ਧਨ ਗਨ ਬਸਤ੍ਰ ਸ਼ਸਤ੍ਰ ਬਖ਼ਸ਼ੰਤੇ। ਬਲ ਬਰਧਕ ਭੋਜਨ ਅਚਵੰਤੇ ॥ ੨੧ ॥ ਅਪਨੇ ਨਿਕਟਿ ਬਿਠਾਇ ਖੁਲਾ-ਵਹਿਂ। ਖੋਵਾ ਪੈ ਤਪਤਾਇ ਬਨਾਵਹਿਂ। ਆਦਿ ਬਦਾਮ ਪਾਇ ਬਹੁ ਮੇਵਾ। ਤੋਲ ਅਧਿਕ ਦਿਨ ਪ੍ਰਤਿ ਗੁਰਦੇਵਾ[2] ॥ ੨੨ ॥ ਖਾਇ ਬਹੁਤ ਪੁਨ ਬਰ-ਜ਼ਿਸ਼ ਕਰੈ। ਦੰਡ ਪੇਲਬੋ, ਮੁੰਗਰੀ ਧਰੈ[3]। ਜਿਸ ਬਲ ਬਾਰਿ ਬਾਰਿ ਫਿਰਿ ਕਰਤਿ। ਅਵਨੀ ਬਿਖੈ ਪਰੈਂ ਤਹਿਂ ਗਰਤ[4] ॥੨੩॥ ਬਲ ਜੁਤਿ ਦੇਹਿ ਹੋਤਿ ਨਿਤ ਗਾਢੀ। ਸਰੀ ਸਾਰ[5] ਕੀ ਜਨੁ ਇਹ ਬਾਢੀ। ਕੈਸੋ ਹੁਇ ਤੁਰੰਗ ਬਲ ਭਾਰੀ। ਗਹੈ,ਨ ਚਲਿਬੇ ਦੇਤਿ ਅਗਾਰੀ ॥ ੨੪ ॥ ਧਰੈ ਰਜਤਪਣ ਸਭਾ ਮਝਾਰ। ਮੇਟਹਿ ਹਰਫ ਮਸਲ ਬਲ ਧਾਰਿ[6]। ਪੁਨਹ ਪਟੇਬਾਜ਼ੀ[7] ਜਬਿ ਕਰੈ। ਨਹੀਂ ਅਗਾਰੀ ਕੋ ਨਰ ਅਰੈ ॥ ੨੫ ॥ ਤਬਿ ਸਤਿਗੁਰ ਅਪਨੋ ਬਲ ਕਰੈਂ। ਅੰਗ ਦਬਾਇ ਗਰਬ ਪਰਹਰੈਂ।ਲੱਜਤਿ ਹੋਇ ਸੁਨਾਵਹਿ ਬੈਨਾ।'ਹਮ ਬਲ ਸਮ ਅਵਨੀ ਕੋ ਹੈ ਨ ॥ ੨੬ ॥ ਅਰਿਬੇ ਦੇਉਂ ਨ ਦੋਪਦ ਮਾਂਹੀਂ[8] ।ਸਹੈ ਕੌਨ ਬਲ, ਬਚਹਿਂ ਸੁ ਨਾਂਹੀਂ[9]। ਤਨੁ ਕੋ ਤ੍ਰਾਨ ਧਾਰਿ ਕਰਿ ਆਪਿ। ਕਰਹੁ ਨ ਬਸਿ ਮੋਕਹੁ ਹਰਿ ਦਾਪ[10] ॥੨੭॥ ਅਜ਼ਮਤਿ ਕੋ ਬਲ ਕਰਿ ਕੈ ਭਾਰੋ। ਮੁਝ ਕੋ ਬਸਿ ਕਰਿ ਲੇਤਿ ਲਚਾਰੋ'। ਇਮ ਹੰਕਾਰ ਜਾਸ ਕੇ ਹੋਵ॥ ਨਿਜ ਬਲ ਸਮ ਦੂਸਰ ਨਹਿਂ ਜੋਵਾ ॥ ੨੮॥ ਆਇਂ ਸੰਗਤਾਂ ਦੇਸ਼ ਬਿਦੇਸ਼। ਦੇਖਤਿ ਬਿਸਮਤਿ ਰਿਦੇ ਅਸ਼ੇਸ਼। ਇਸ ਪ੍ਰਕਾਰ ਦਿਨ ਕਿਤਿਕ ਬਿਤਾਏ। ਅਦਭੁਤ ਅਪਨੇ ਚਰਿਤ ਦਿਖਾਏ॥ ੨੯ ॥

ਮਰਵਾਹੀ ਨੇ ਗਰਭ ਧਰ੍ਯੋ ਹੈ। ਸਮਾਂ ਬਿਤਾਵਨਿ ਜਬਹਿ ਕਰ੍ਯੋ ਹੈ। ਭਈ ਪ੍ਰਸੂਤਾ ਸੁਤ ਉਤਪੰਨਾ। ਸੁੰਦਰ ਸੂਰਤਿ ਸੂਰਜ-ਵੰਨਾ ॥ ੩੦ ॥ ਮਾਤ ਰੰਗ ਸੁਨਿ ਆਨੰਦ ਧਾਰੇ। ਮੰਗਲ ਬਿਦਤਿ ਕਿਧੋ ਪੁਰਿ ਸਾਰੇ। ਲਘੁ ਦੁੰਦਭਿ ਕੀ ਨੌਬਤਿ ਬਾਜਤਿ। ਅਨਿਕ ਰੀਤਿ ਕੇ ਮੰਗਲਿ ਸਾਜਤਿ ॥ ੩੧ ॥ ਰੰਕਨ ਕੋ ਧਨ ਅਨਗਨ ਦੀਨਿ। ਬੰਦਨ-

[1]ਕ੍ਰਿਪਾ ਦ੍ਰਿਸ਼ਟੀ ਧਾਰ ਕੇ ਬਲ ਪਰਖਦੇ ਹਨ। [2]ਬਹੁਤੇ ਤੋਲ ਵਿਚ (ਸਭ ਚੀਜ਼ਾਂ ਗੁਰੂ ਜੀ) ਹਰ ਰੋਜ਼ ਦੇਂਦੇ ਹਨ। [3]ਫੇਰੇ। [4]ਤਿੱਥੇ ਟੋਏ ਪੈ ਜਾਂਦੇ ਹਨ। [5]ਲੋਹੇ ਦੀ ਗੋਲੀ। [6]ਬਲ ਨਾਲ ਮਲਕੇ। [7]ਗਤਕੇ ਬਾਜੀ। [8]ਦੋ ਕਦਮਾਂ ਵਿਚ ਨਾਂ ਅੜਨਦਿਆਂ। [9]ਓਹ (ਤਾਂ) ਬਚਦੇ ਹੀ ਨਹੀਂ। [10](ਮੇਰਾ) ਹੰਕਾਰ ਦੂਰ ਕਰਕੇ ਮੈਨੂੰ ਵੱਸ ਨਹੀਂ ਕਰ ਸਕਦੇ।

ਵਾਰੈਂ ਬੰਧਨ ਕੀਨਿ। ਫੂਲ ਮਾਲ ਬਹੁ ਦਰ ਲਰਕਾਈ। ਆਂਬ੍ਰ ਮੌਰ ਪਾਤਨਿ ਹਰਿਆਈ[1] ॥ ੩੨ ॥ ਪੁੱਤ੍ਰ ਸੰਗ ਗੰਗਾ ਬਚ ਭਾਖਾ।'ਸਮਾਂ ਬਿਚਾਰ ਲੇਹੁ ਕਰਿ ਕਾਂਖਾ। ਮੰਗਲ ਕੀਜਹਿ ਬਿਬਿਧਿ ਪ੍ਰਕਾਰਾ'।ਗੁਰ ਮਾਨਜੋ ਜਿਮ ਮਾਤ ਉਚਾਰਾ ॥ ੩੩ ॥ ਕਰਿ ਬਿਚਾਰ ਗੁਰ ਗਿਰਾ ਉਚਾਰੀ। 'ਇਸ ਤੇ ਬੰਸ਼ ਬਧਹਿ ਜਗ ਭਾਰੀ। ਸੂਰਜ ਬਲੀ ਲਗਨ ਕੇ ਧਾਮੂ। ਯਾਂਤੇ–ਸੂਰਜ ਮਲ–ਇਸ ਨਾਮੂ[2] ॥ ੩੪ ॥ ਸਭਿ ਕੁਲ ਰੀਤਿ ਜਨਮ ਕੀ ਕਰੀ। ਬਜਤਿ ਬਧਾਈ ਆਨੰਦ ਭਰੀ। ਇਸ ਜਨਮੇ ਦਿਨ ਕੇਤਿਕ ਪਾਛੇ। ਰਿਦੇ ਨਾਨਕੀ ਸੁਤ ਕੋ ਬਾਂਛੇ ॥ ੩੫ ॥ ਏਕ ਸਮੇ ਪਤਿ ਪਾਇ ਇਕੰਤ। ਬੈਠੇ ਸ਼੍ਰੀ ਸਤਿਗੁਰ ਭਗਵੰਤ। ਲੱਜਾ ਸਹਤ ਨਾਨਕੀ ਠਾਂਢੀ। ਜੋਰੇ ਹਾਥ ਕਾਮਨਾ ਬਾਢੀ ॥ ੩੬ ॥ ਖਲੀ ਭਈ ਬੂਝੀ ਗੁਰੁ ਐਸੇ। 'ਰਿਦੇ ਮਨੋਰਥ ਕੀਨਸਿ ਕੈਸੇ?। ਕਹੁ ਨਿਜ ਕਾਰਜ ਕਤਾ ਚਿਤ ਚਾਹੂ?'। ਸੁਨਿ ਕਰਿ ਕਹਤਿ ਭਈ ਗੁਰੁ ਪਾਹੂ ॥ ੩੭ ॥ 'ਤੁਮ ਸਭਿ ਜਾਨਤਿ ਅੰਤਰਿਜਾਮੀ। ਤਊ ਜਿ ਪੂਛਹੁ ਉਚਰੌਂ ਸ੍ਵਾਮੀ। ਜੁਗ ਸੌਤਨਿ[3]ਸੁਤ ਪ੍ਰਾਪਤਿ ਕਰੇ। ਤਥਾ ਕਾਮਨਾ ਮੈਂ ਉਰ ਧਰੇ' ॥੩੮॥ ਭਏ ਪ੍ਰਸੰਨ ਬਚਨ ਮੁਖ ਕਹਜੋ।'ਬਡੋਭਾਗ ਤੇਰੋ ਹਮ ਲਹਜੋ। ਤਿਨ ਤੇ ਅਧਿਕ ਪੁੱਤ੍ਰ ਭੀ ਪਾਇਂ। ਤੋਹਿ ਪ੍ਰਤਾਪ ਵਧਹਿ ਅਧਿਕਾਇ' ॥ ੩੯ ॥ ਸੁਨਤਿ ਅਨੰਦ ਬਿਲੰਦ ਉਪਾਵਾ। ਹਾਥ ਜੋਰਿ ਸਿਰ ਅਵਨਿ ਟਿਕਾਵਾ। ਬਿਤੇ ਕਿਤਿਕ ਦਿਨ ਗਰਭ ਸੁ ਧਾਰਜੋ। ਨਵ ਮਾਸਨਿ ਕੋ ਸਮਾਂ ਸੁ ਟਾਰਜੋ ॥ ੪੦ ॥ ਸੇਬਤਮਾਨ ਧਾਇਨਿ ਤੇ ਹੋਈ[4]। ਜਨਮਜੋ ਪੁੱਤ੍ਰ ਚਿੰਤ ਚਿਤ ਖੋਈ। ਪੌਤ੍ਰਾ ਪਿਖਜੋ ਆਨਿ ਕਰਿ ਗੰਗਾ। ਮੰਗਲ ਰਚਜੋ ਹਰਖ ਕੇ ਸੰਗਾ ॥ ੪੧ ॥ ਪਤਿ ਕੀ ਸਿਮਰਤਿ ਗਿਰਾ ਰਸਾਲੀ। ਭਈ ਸਫਲ ਅਬਿ ਖੁਸ਼ੀ ਬਿਸਾਲੀ। 'ਵਧੀ ਵੇਲਿ ਬਹੁ ਪੀੜ੍ਹੀ ਚਾਲੀ॥ ਧਰਮ ਕਲਾ ਹਰਿ ਬੰਧਿ ਬਹਾਲੀ' ॥ ੪੨॥ ਜਾਚਕ ਗਨ ਕੋ ਦੀਨਸਿ ਦਾਨ। ਬਾਜਤਿ ਬਾਜੇ ਦ੍ਵਾਰ ਮਹਾਨ। ਗੁਰ ਘਰ ਮਹਿਂ ਸ਼ਾਦੀ ਪਰ ਸ਼ਾਦੀ। ਹੋਤਿ ਸਦਾ ਪਿਖਿ ਹੈ ਅਹਿਲਾਦੀ ॥੪੩॥ਦੇਤਿ ਆਸ਼ਿਖਾ ਮ੍ਰਿਦੁਲ ਉਚਾਰ।–ਸੌਗੁਨ ਬਧਹੁ ਗੁਰੂ ਪਰਿਵਾਰ–। ਉਚਿਤ ਕਰਨਿ ਕੋ ਸਭਿ ਹੀ ਕੀਨਿ। ਸਭਿ ਘਰ ਕਰਿ ਕਰਾਹ

[1]ਅੰਬਾਂ ਦਾ ਬੂਰ ਤੇ ਪੱਤਿਆਂ ਦੀ ਹਰਿਆਈ। [2]ਬਲੀ ਲਗਨ ਦੇ ਘਰ (ਵਿਚ ਜਦੋਂ) ਸੂਰਜ (ਆਇਆ ਹੈ ਤਾਂ ਇਸ ਦਾ ਜਨਮ ਹੋਇਆ ਹੈ) ਤਾਂਤੇ ਸੂਰਜ ਮਲ ਇਸ ਦਾ ਨਾਮ (ਧਰੋ)। (ਸੂਰਜ ਮੇਖ ਰਾਸ਼ੀ ਵਿਚ ਪ੍ਰਵੇਸ਼ ਕਰੇ ਤਾਂ ਬਲੀ, ਪ੍ਰਬਲ ਯਾ ਉੱਚਾਂਸ਼ ਕਹੀਦਾ ਹੈ)। [3]ਦੋਹਾਂ ਸੌਂਕਣਾਂ ਨੇ। [4]ਸੇਵਾ ਕੀਤੀ ਗਈ ਦਾਈਆਂ ਤੋਂ।

ਬਹੁ ਦੀਨਿ ॥ ੪੪ ॥ ਬੂਝਯੋ ਰੀਗ ਗੁਰੂ ਕਹੁ ਆਇ। 'ਹੇ ਸੁਤ ! ਸੁਤ ਕੋ ਨਾਂਵ ਬਤਾਇ। ਸ਼੍ਰੀ ਨਾਨਕ ਕੀ ਕ੍ਰਿਪਾ ਉਦਾਰ। ਕਰ੍ਯੋ ਬਧਾਵਨਿ ਮਮ ਪਰਿਵਾਰ' ॥ ੪੫ ॥ ਰਿਦੇ ਬਿਚਾਰਤਿ ਗੁਰੂ ਉਚਾਰਾ। 'ਅਨੀਰਾਇ ਇਸ ਨਾਮ ਉਦਾਰਾ'। ਸੁਨਿ ਕਰਿ ਸਰਬ ਅਨੰਦਤਿ ਹੋਇ। ਚਹੁੰਦਿਸ਼ਿ ਤੇ ਸੰਗਤਿ ਗਨ ਜੋਇ ॥ ੪੬ ॥ ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪੰਚਮ ਰਾਸੇ 'ਪੁਤ੍ਰ ਜਨਮ' ਪ੍ਰਸੰਗ ਬਰਨਨੰ ਨਾਮ ਚਤੁਰ ਪੰਚਾਸਤਿ ਅੰਸੂ ॥ ੫੪ ॥

੫੫. [ਸਗਾਈ ਬਾਬਾ ਗੁਰਦਿੱਤਾ]।

ਦੋਹਰਾ ॥ ਇਸ ਬਿਧਿ ਬੀਤਯੋ ਸਮੋਂ ਬਹੁ ਸਤਿਗੁਰ ਹਰਿਗੋਵਿੰਦ। ਕਰਹਿਂ ਉਧਾਰਨਿ ਗਨ ਨਰਨਿ ਸੁਨਿ ਜਸੁ ਆਵਹਿਂ ਬ੍ਰਿੰਦ ॥ ੧ ॥ ਚੌਪਈ ॥ ਬੀਤਿ ਗਈ ਬਰਖਾ ਰੁਤਿ ਜਬੈ। ਸਰਦ ਸੁੰਦਰੀ ਦੀਪਤਿ[1] ਤਬੈ। ਦੀਪਮਾਲ ਕੋ ਲਖਿ ਆਗਵਨੂ। ਚਹੁੰਦਿਸ਼ਿ ਕੇ ਸਿਖ ਤਜਿ ਤਜਿ ਭਵਨੂ ॥੨॥ ਇਕਠੀ ਕਰੇ ਗੁਰੂ ਕੀ ਕਾਰ। ਦਰਸ਼ਨ ਗੁਰ ਅਭਿਲਾਖਾ ਧਾਰਿ। ਵਸਤੁ ਅਜਾਇਬ ਲੇ ਲੇ ਚਲੇ। ਆਨਿ ਸੁਧਾਸਰ ਮੇਲਾ ਮਿਲੇ ॥ ੩ ॥ ਚਾਰਹੁੰ ਬਰਨ ਚਾਰਿ ਆਸ਼ਰਮੀ। ਦਰਸ਼ਨ ਹਿਤ ਆਵਤਿ ਗੁਰੁ ਮਰਮੀ[2]। ਨਰ ਨਾਰਿਨਿ ਕੋ ਮਿਲਿ ਸਮੁਦਾਯਾ। ਚਹੁੰਦਿਸ਼ਿ ਤੇ ਆਵਤਿ ਮਗ ਛਾਯਾ ॥ ੪ ॥ ਰਾਉ ਰੰਕ ਅਭਿਲਾਖਤਿ ਆਏ। ਨਿਸ਼ਕਾਮੀ ਸਹਿਕਾਮੀ ਧਾਏ। ਭਗਤ ਸਪ੍ਰੇਮ ਕਿਧੌਂ ਬ੍ਰਹਮ ਗਯਾਨੀ। ਦਰਸਹਿਂ ਜਿਨ ਗੁਰੁ ਮਹਿਮਾ ਜਾਨੀ॥੫॥ਬਾਸਹਿਂ ਸਾਗਰ ਮਹਿਂ ਦਿਨ ਰੈਨ। ਪਟ ਪਾਲੋ ਭੀ ਆਲੋ ਹੈ ਨ[3]। ਕਾਜਰ ਕੋ ਕੋਠਾ ਬਡਿ ਕਾਰੋ[4]। ਕਰਹਿਂ ਕਾਰ ਬਿਚ ਸੰਝ ਸਕਾਰੋ[5] ॥੬॥ ਤਊ ਸ਼ਯਾਮਤਾ ਛੁਈ ਨ ਲੇਸ਼। ਉੱਜਲ ਪੋਸ਼ਿਸ਼ ਰਹੇ ਹਮੇਸ਼। ਜੇਤਿਕ ਮਹਾਂ ਅਜ਼ਮਤੀ ਨਰ ਹੈਂ। ਗੁਰੁ ਕੋ ਪਿਖਿ ਪਿਖਿ ਬਿਸਮਤਿ ਉਰ ਹੈਂ ॥ ੭॥ ਪਰੇ ਜਗਤ ਬਿਵਹਾਰਨਿ ਐਸੇ[6]। ਹਰਖ ਸ਼ੋਕ ਉਰ ਛੁਯੋ ਨ ਕੈਸੇ। ਆਨਿ ਭਰਯੋ ਮੇਲਾ ਬਡਿ ਪੁਰਿ ਮੈਂ। ਉਰ ਅਭਿਲਾਖੀ ਜੇ ਸਤਿਗੁਰ ਮੈਂ ॥ ੮ ॥ ਕਰਹਿਂ ਸ਼ਨਾਨ ਸੁਧਾਸਰ ਮਾਂਹੀ। ਹਰਿਮੰਦਿਰ ਦਰਸਹਿਂ ਮੁਦ ਪਾਹੀ। ਦਰਬ ਸਮਰਪਹਿਂ ਕਰਿ ਕਰਿ ਬੰਦਨ। ਧਰਹਿਂ ਪ੍ਰੇਮ ਕਲਿ ਕਲੁਖ ਨਿਕੰਦਨ[7] ॥ ੯ ॥ ਦੀਪਮਾਲ ਦਿਨ

---

[1]ਸੁਹਾਵਣੀ ਸਰਦ (ਰੁਤ) ਪ੍ਰਕਾਸ਼ਤ ਹੋਈ ਤਦੋਂ। [2]ਗੁਰੁ ਜੀ ਦੇ ਭੇਤੀ। [3]ਭਾਵ ਸੰਸਾਰ ਰੂਪੀ ਸਮੁੰਦਰ ਵਿਚ ਵਸਦਿਆਂ ਸ੍ਰੀ ਗੁਰੂ ਜੀ ਦਾ ਅੰਤਹਕਰਣ ਰੂਪੀ ਬਸਤ੍ਰ ਦਾ ਪੱਲਾ ਨਹੀਂ ਗਿੱਲਾ ਹੋਇਆ। [4]ਕੱਜਲ ਦਾ ਬੜਾ ਕਾਲਾ ਕੋਠਾ। [5]ਕੰਮ ਕਰਦੇ ਹਨ ਵਿਚ ਸ਼ਾਮ ਸਵੇਰੇ। [6]ਜਗਤ ਦੇ ਬਿਵਹਾਰ ਐਸੇ ਪਏ (ਚੰਦੂ ਦਾ ਫੜਨਾ, ਗਵਾਲੀਅਰ ਵਿਚ ਰਹਿਣਾ ਆਦਿ)। [7]ਕਲਜੁਗ ਦੇ ਪਾਪ ਨਾਸ਼ਕ (ਸ਼੍ਰੀ ਗੁਰੂ ਜੀ ਵਿਚ)।

ਕਿਤਿਕ ਅਗਾਰੀ। ਸ਼੍ਰੀ ਹਰਿਗੋਵਿੰਦ ਕਰੁਨਾਧਾਰੀ। ਥਾਨ ਅਕਾਲ ਤਖਤ ਕੇ ਥਿਰੇ। ਫਰਸ਼ ਬਿਸਾਲ ਡਸਾਵਨਿ ਕਰੇ ॥੧੦॥ ਬੈਠੇ ਗਾਦੀ ਪਰ ਛਬਿ ਪਾਵੈਂ। ਚਹੁੰਦਿਸ਼ਿ ਚਾਮਰ ਚਾਰੁ ਢੁਰਾਵੈਂ। ਕੰਚਨ ਦੰਡ ਲਿਏ ਥਿਰ ਆਗੇ। ਸਿਖ ਸਮੀਪ ਜਿਨ ਮਨੁ ਅਨੁਰਾਗੇ ॥ ੧੧ ॥ ਆਨਿ ਆਨਿ ਜੋਧਾ ਸਮੁਦਾਯਾ। ਗੁਰੁ ਪਗ ਪੰਕਜ ਸੀਸ ਨਿਵਾਯਾ । ਸਭਾ ਬਿਖੈ ਬੈਠੇ ਬਨਿ ਬਸਤ੍ਰਨਿ[1]। ਕੰਚਨ ਲਿਪਤਿ ਗਹੇ ਕਰ ਸ਼ਸਤ੍ਰਨਿ[2]॥ ੧੨ ॥ ਬ੍ਰਿੰਦ ਮਸੰਦ ਧਨੀ ਗਨ ਆਏ। ਸੰਗਤਿ ਦਰਸਤਿ ਗ੍ਰੀਵ ਨਿਵਾਏ। ਤਬਿ ਸ਼੍ਰੀ ਗੁਰਦਿੱਤਾ ਤਹਿੰ ਆਯੋ। ਚਾਮੀਕਰ ਭੂਖਨ ਗਨ ਪਾਯੋ ॥੧੩॥ ਸਬਜ਼ੇ[3] ਸਬ ਜੋ[4] ਹੀਰਾ ਮੋਤੀ। ਅੰਗਨਿ ਜੇਵਰ ਜਗਮਗ ਹੋਤੀ। ਲੀਨਿ ਅੰਕ ਸ਼੍ਰੀ ਹਰਿਗੋਵਿੰਦ। ਆਇ ਗੋਦ ਬੁਧ[5] ਚੰਦ ਮਨਿੰਦ ॥੧੪॥ ਅੰਕ ਕ੍ਰਿਸ਼ਨ ਪਰਦੁਮਨ[6] ਸੁਹਾਵਤਿ। ਦੇਖਿ ਲੋਕ ਇਸ ਭਾਂਤਿ ਬਤਾਵਤਿ। ਸਭਾ ਬਿਖੈ ਹੋਵਤਿ ਬਡ ਸ਼ੋਭਾ। ਤਬਿ ਪਿਖਿ ਕਰਿ ਮਨ ਕਾਹਿ ਨ ਲੋਭਾ ॥ ੧੫ ॥ ਕਮਲ ਪਾਂਖੁਰੀ ਆਂਖਿ ਬਿਸਾਲਾ। ਮ੍ਰਿਗ ਛੌਨਾ ਸਮ ਹੁਇ ਚਲਚਾਲਾ[7]। ਇਕ ਰਾਮਾ ਖੱਤ੍ਰੀ ਤਹਿੰ ਖਰੋ। ਇਕ ਟਕ ਦੇਖਿ ਰਹ੍ਯੋ ਮਨ ਹਰੋ ॥੧੬॥ ਨਿਜ ਤਨੁਜਾ ਕੀ ਕਰਨਿ ਸਗਾਈ। ਚਹੈ ਕਰੀ ਪਰ ਕਹ੍ਯੋ ਨ ਜਾਈ। ਗਜ ਕੀਟੀ ਸਮ ਅੰਤਰ ਘਨੋ। ਯਾਂਤੇ ਮੌਨ,ਲਾਜ ਮਨ ਸਨੋ ॥੧੭॥ ਉਰ ਮਹਿੰ ਗੁਰੂ ਸੁਭਾਉ ਬਿਚਾਰਾ।–ਇਹ ਨਹਿੰ ਚਾਹਤਿ ਧਨੀ ਉਦਾਰਾ। ਬਸੀ ਪ੍ਰੇਮ ਕੇ ਕਰੁਨਾ ਕਰਿਤੇ। ਰੰਕਨਿ ਕੋ ਬਹੁ ਆਦਰ ਧਰਿਤੇ ॥ ੧੮ ॥ ਚੰਦੂ ਸ਼ਾਹੁ ਦਿਵਾਨ ਮਹਾਨਾ। ਤਜਾਗ੍ਯੋ, ਨਹੀਂ ਕਦਾਚਿਤ ਮਾਨਾ। ਸਿੱਖ ਗਰੀਬਨਿ ਕੀ ਲੇ ਸੁਤਾ। ਕਿਯ ਸਨਬੰਧ ਮਾਨ ਬਹੁ ਦਿਤਾ ॥ ੧੯ ॥ ਇਨ ਤੇ ਸਭਿ ਕਿਛ ਹੀ ਬਨਿ ਆਵੈ। ਹੋਤਿ ਰੰਕ ਨਰ ਰਾਉ ਬਨਾਵੈ–। ਇਮ ਬਿਚਾਰ ਕਰਿ ਅਰਜ਼ ਗੁਜ਼ਾਰੀ। ਹਾਥ ਜੋਰਿ ਕਰਿ ਖਰੋ ਅਗਾਰੀ ॥ ੨੦ ॥ ਸ਼੍ਰੀ ਗੁਰੁ ਹਰਿਗੋਵਿੰਦ ਨਿਹਾਰਾ। ਅਭਿਲਾਖੀ ਲਖਿ ਬਾਕ ਉਚਾਰਾ। 'ਕਿਮ ਤੂ ਖਰੋ, ਕਹਾਂ ਉਰ ਬਾਛੇ ?। ਕਹੋ ਮਨੋਰਥ ਅਬਿ ਤੂੰ ਆਛੇ'॥ ੨੧ ॥ਤਬਿ ਰਾਮੇ ਨਿਜ ਬਿਨੈ ਸੁਨਾਈ। 'ਮੈ ਚਾਹਤਿ ਚਿਤ ਕਰਨਿ ਸਗਾਈ। ਖਸ਼ਟ ਬਰਖ ਕੀ ਕੰਨਜਾਂ

---

[1]ਸਜਕੇ ਬਸਤ੍ਰਾਂ ਨਾਲ। [2]ਸੋਨੇ ਜੜੇ ਸ਼ਸਤ੍ਰ ਹੱਥ ਵਿੱਚ ਫੜੇ। [3]ਪੰਨੇ। [4]ਜੋ ਸਾਰੇ। [5]ਚੰਦ ਦਾ ਪੁੱਤ੍ਰ। [6]ਕ੍ਰਿਸ਼ਨ ਦਾ ਪੁੱਤ੍ਰ। [7]ਨੇਤ੍ਰ ਕਮਲ ਪੰਖੜੀ ਵਾਂਙੂ ਵਿਸ਼ਾਲ ਹਨ ਤੇ ਮ੍ਰਿਗ ਦੇ ਬੱਚੇ ਵਾਂਙੂ ਚਪਲ ਹਨ। ਅਥਵਾ ਆਪ ਮ੍ਰਿਗ ਦੇ ਬਚੇ ਵਾਂਙੂ (ਜੀਵਨ ਰੌ ਨਾਲ) ਚੰਚਲ ਹਨ।

ਮੋਰੇ। ਦਾਸੀ ਕਰਨਿ ਚਹੌਂ ਸੁਤ ਤੋਰੇ ॥ ੨੨ ॥ ਦੀਨ ਬੰਧੁ ਲਖਿ ਬਿਰਦ ਤੁਹਾਰਾ। ਸੁਕਚਿਤਿ ਚਿਤ ਤੇ ਕੀਨਿ ਉਚਾਰਾ'। ਜੇਠੇ ਕੋ ਸਤਿਗੁਰੁ ਫੁਰਮਾਯਹ। 'ਇਸ ਕੋ ਆਛੇ ਥਾਨ ਬਿਠਾਯਹੁ ॥ ੨੩ ॥ ਮਾਤਾ ਕੋ ਸੁਧਿ ਦੇਹੁ ਜਨਾਇ। ਜਿਮ ਜਾਨਹਿ ਤਿਮ ਕਰਹਿ ਸੁਹਾਇ। ਪੁਰਿ ਅਰੁ ਗੋਤ ਸੁਨਾਵਨਿ ਕੀਜੈ। ਉਚਿਤ ਅਨੁਚਿਤਿ ਸਕਲ ਲਖਿ ਲੀਜੈ' ॥ ੨੪ ॥ ਜੇਠਾ ਮਾਤ ਗੰਗ ਢਿਗ ਗਯੋ। ਸਰਬ ਪ੍ਰਸੰਗ ਜਨਾਵਤਿ ਭਯੋ। 'ਲੇਨਿ ਸਲਾਹ ਆਪ ਕੀ ਜੈਸੇ। ਕੀਜਹਿ ਸਭਿ ਬਿਚਾਰ ਕਰਿ ਤੈਸੇ'॥ ੨੫ ॥ਸੁਨਤਿ ਗੰਗ ਮਨ ਆਨੰਦ ਪਾਯੋ। 'ਇਹ ਆਛੀ ਬਿਧਿ ਬਾਕ ਅਲਾਯੋ। ਲਛਮੀ ਸਦਨ ਪ੍ਰਵੇਸ਼ਹਿ ਆਈ। ਦ੍ਵਾਰ ਕਿਵਾਰ ਨ ਦੇਹੁ ਬਨਾਈ[1] ॥ ੨੬ ॥ ਇਸ ਮੈਂ ਸੰਸੈ ਕਰਹੁ ਨ ਕੋਇ। ਲੇਹੁ ਸ਼ਗੁਨ ਜਿਮ ਰੀਤਿ ਸੁ ਹੋਇ। ਜਾਤਿ ਭਲੀ ਹੇਰਹਿਂ ਮਤਿਵਾਨ। ਧਨ ਤੇ ਆਵਨਿ ਜਾਨੈ ਜਾਨਿ ॥ ੨੭ ॥ ਨਗਰ ਵਟਾਲਾ ਹੈ ਸ਼ੁਭ ਥਾਨ। ਤਹਿਂ ਕੇ ਖੱਤ੍ਰੀ ਬਿਦਤ ਜਹਾਨ'। ਸੁਨਿ ਜੇਠਾ ਗੰਗਾ ਕੇ ਵਾਕ। ਜਾਨਯੋ ਰਿਦੇ ਸਰਾਹਤਿ ਸਾਕ ॥ ੨੮ ॥ ਆਨਿ ਗੁਰੂ ਕੇ ਨਿਕਟਿ ਸੁਨਾਈ। 'ਕਹਯੋ ਮਾਤ ਨੇ–ਲੇਹੁ ਸਗਾਈ–'। ਦਿਜ ਤੇ ਆਛੋ ਦਿਵਸ ਪੁਛਾਵਾ। ਅਪਰ ਸਮਾਜ ਤਯਾਰਿ ਕਰਿਵਾਵਾ ॥ ੨੯ ॥ ਆਛੋ ਸਮੋ ਦਿਵਸ ਜਿਸ ਆਯੋ। ਮੰਗਲ ਸਹਤ ਸੁ ਕਾਜ ਰਚਾਯੋ। ਚੰਦਨ ਕੀ ਚੌਂਕੀ ਡਸਵਾਇ। ਸ੍ਰੀ ਗੁਰਦਿੱਤਾ ਦੀਨਿ ਬਿਠਾਇ ॥ ੩੦ ॥ ਨੌਂ ਗ੍ਰੈਹ ਕੋ ਅਭਿਖੇਕਨਿ ਕਰੇ*। ਬ੍ਰਿੰਦ ਮਿਲੇ ਨਰ ਪਿਖਿ ਸੁਖ ਧਰੇ। ਦ੍ਵਾਰ ਅਗਾਰੀ ਬਾਜੇ ਬਾਜਤਿ। ਸਭਿ ਪ੍ਰਕਾਰ ਕੇ ਮੰਗਲ ਸਾਜਤਿ ॥ ੩੧ ॥ ਸੁਤ ਢਿਗ ਸਤਿਗੁਰੁ ਬੈਠੇ ਜਾਇ। ਤਬਿ ਰਾਮੇ ਕੋ ਲੀਨਿ ਬੁਲਾਇ। ਆਇ ਸਮਾਜ ਦੇਖਿ ਕਰਿ ਨੀਕਾ। ਰਿਦੇ ਪ੍ਰਮੋਦਤਿ ਕੀਨਿਸਿ ਟੀਕਾ ॥ ੩੨ ॥ ਅਪਰ ਰੀਤਿ ਸੁੰਦਰ ਸਭਿ ਕਰੀ। ਬਹੁ ਅਨਵਾਇ ਬਦਾਮਨਿ ਗਰੀ। ਖਾਰਕ ਆਦਿਕ ਮੋਦਕ[2] ਲਯਾਇ। ਸਭਿ ਸੰਗਤਿ ਮਹਿਂ ਬਹੁ ਬਰਤਾਇ॥੩੩॥ਪੁਰਿ ਕੀ ਮਿਲੀ ਨਾਰਿ ਪਿਕ ਬੈਨੀ। ਪੀਨ ਉਰੋਜਨਿ, ਪੰਕਜ ਨੈਨੀ। ਬ੍ਰਿੰਦ ਹੋਇ ਗਾਵਤਿ ਹਰਖਾਈ। ਉਤਸਵ ਤੇ ਪੂਰਨ ਚਹੁੰ ਘਾਈ ॥ ੩੪ ॥ ਪੁਨ ਸੁਤ ਕੋ ਲੇ ਸੰਗ ਗੁਸਾਈਂ। ਸ੍ਰੀ ਹਰਿਮੰਦਰ ਗ੍ਰੀਵ ਨਿਵਾਈ। ਗਨ ਪ੍ਰਸਾਦਿ ਲੀਨੇ ਸੰਗਿ

[1]ਦਰਵਜੇ ਦੇ ਤਖਤੇ ਬਣਾਕੇ ਨਾ ਦਿਓ (ਭਾਵ ਖੁੱਲ੍ਹੇ ਰਖੋ) (ਅ) ਬਨਾਈ=ਬੰਦ ਨਾ ਕਰੋ। [2]ਛੁਹਾਰੇ ਤੇ ਲਡੂ ਆਦਿਕ।

*ਦੇਖੋ ਰਾਸਿ ੪ ਅੰਸੂ ੪ ਅੰਕ ੩੮ ਦੀ ਹੇਠਲੀ ਟੂਕ।

ਦਾਸ। ਖਰੇ ਕਰਾਵਤਿ ਭੇ ਅਰਦਾਸ॥ ੩੫ ॥ਤਹਿਂ ਬਰਤਾਇ ਪ੍ਰਦਛਨਾ ਦੈ ਕੈ। ਆਏ ਵਹਿਰ ਮੋਦ ਮਨ ਕੈ ਕੈ। ਬਹੁਰ ਅਕਾਲ ਤਖਤ ਕੇ ਥਾਨ। ਸੰਗਤਿ ਕੋ ਦੇ ਦਰਸ਼ਨ ਦਾਨ ॥ ੩੬ ॥ ਸੰਧ੍ਯਾ ਭਏ ਗਏ ਨਿਜ ਮੰਦਿਰ। ਕਰਤਿ ਅਨੰਦਤਿ ਮੰਗਲ ਸੁੰਦਰ। ਨਿਜ ਆਸਨ ਪਰ ਜਾਇ ਬਿਰਾਜੇ। ਮਾਤਾ ਕਰਤਿ ਭਈ ਸਭਿ ਕਾਜੇ ॥ ੩੭ ॥ ਦੇਨਿ ਲੇਨਿ ਕੋ ਗਨ ਬਿਵਹਾਰ। ਹਰਖਾਵਤਿ ਧਨ ਪਾਇ ਉਦਾਰ। ਜਹਿਂ ਕਹਿਂ ਸੁਜਸੁ ਭਯੋ ਭਰਪੂਰ। ਬਰਨਹਿਂ ਸਤਿਗੁਰੂ ਕੇ ਗੁਨ ਰੂਰ॥੩੮॥ ਦੀਪਮਾਲ ਕੋ ਮੇਲਾ ਭਯੋ। ਸਭਿਹਿਨਿ ਇਹ ਮੰਗਲ ਦਰਸਯੋ। ਚਹੂੰ ਦਿਸ਼ਨਿ ਕੇ ਸਿਖ ਗਨ ਆਏ। ਕ੍ਯਾ ਗਿਨਤੀ ਕੋ ਕਹੈਂ ਸੁਨਾਏ ॥ ੩੯ ॥ ਸਿਰੋਪਾਉ ਸਿੱਖਨਿ ਕੋ ਦੀਨੇ। ਰਿਦੇ ਮਨੋਰਥ ਪੂਰਨ ਕੀਨੇ। ਬ੍ਰਿੰਦ ਮਸੰਦਨਿ ਕੋ ਬਡਿਆਈ। ਦੇ ਕਰਿ ਦੇਸ਼ਨਿ ਪਠੇ ਗੁਸਾਈਂ ॥ ੪੦ ॥ ਜੋ ਜਿਸ ਦੇਸ਼ ਰਹੈ ਸੋ ਜਾਵਹਿ। ਗੁਰ ਕੀ ਕਾਰ ਬਟੋਰਿ ਲਿਆਵਹਿ। ਕੌਨ ਕੌਨ ਸੋ ਦੇਸ਼ ਗਿਨੀਜੈ। ਅਵਨੀ ਮੰਡਲ ਸਕਲ ਜਨੀਜੈ॥੪੧॥ਸਲਿਤਾਪਤਿ[1] ਕੇ ਟਾਪੂ ਜੇਯ। ਸਿੱਖ ਬਸਹਿਂ ਆਵਹਿਂ ਧਨ ਦੇਯ। ਪੁਰਿ ਗ੍ਰਾਮਨਿ ਕੀ ਗਿਨਤੀ ਕੌਨ। ਸਭਿਹਿਨਿ ਮਹਿਂ ਸਿੱਖਨਿ ਕੇ ਭੌਨ ॥ ੪੨ ॥ ਜਹਾਂ ਹੋਹਿਂ ਸਿਖ ਪਰ ਹੈ ਭੀਰ[2]। ਤਹਾਂ ਬਨਹਿਂ ਰੱਛਕ ਗੁਰੁ ਧੀਰ। ਕ੍ਰਿਪਾ ਦ੍ਰਿਸ਼ਟਿ ਤੇ ਕੋਟਿ ਉਧਾਰੇ। ਜਿਨ ਕੋ ਗਿਨਿ ਕਰਿ ਪਾਇ ਨ ਪਾਰੇ ॥ ੪੩ ॥ ਸਭਿਹਿਨਿ ਕੀ ਸੁਨਿ ਬਿਨ੍ਤੀ ਤੂਰਨਿ। ਕਰਹਿਂ ਕਾਮਨਾ ਉਰ ਕੀ ਪੂਰਨਿ। ਬ੍ਯਾਪ ਰਹੇ ਸਤਿਗੁਰੁ ਸਭਿ ਦੇਸ਼। ਪ੍ਰੇਮੀ ਕੇ ਅੰਗ ਸੰਗ ਵਿਸ਼ੇਸ਼ ॥ ੪੪ ॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪੰਚਮ ਰਾਸੇ 'ਸ੍ਰੀ ਬਾਬਾ ਗੁਰਦਿੱਤਾ ਕੀ ਸਗਾਈ' ਪ੍ਰਸੰਗ ਬਰਨਨੰ ਨਾਮ ਪੰਚ ਪੰਚਾਸਤਿ ਅੰਸੂ ॥ ੫੫ ॥

੫੬. [ਬੀਬੀ ਵੀਰੋ ਜੀ ਦੀ ਸਗਾਈ। ਸ੍ਰੀ ਅਟੱਲ ਰਾਇ ਜਨਮ]।

ਦੋਹਰਾ ॥ ਇਮ ਉਤਸਵ ਮੇਲਾ ਭਯੋ ਹਰਖ੍ਯੋ ਸਭਿ ਪਰਵਾਰ। ਇਕ ਦਿਨ ਬੈਠੇ ਮਾਤ ਢਿਗ ਸਤਿਗੁਰੁ ਮੁਕਤਿ ਉਦਾਰ ॥ ੧ ॥ ਚੌਪਈ॥ 'ਸੁਨਹੁ ਪੁਤ੍ਰ ਕਿਸ ਨੀਕੇ ਥਾਈ। ਖੋਜਿ ਕਰਹੁ ਨਿਜ ਸੁਤਾ ਸਗਾਈ। ਇਹ ਕਾਰਜ ਭੀ ਕਰਿਬੇ ਜੋਗ। ਪਠਹੁ ਕਿਤਿਕ ਪੁਰਿ[3] ਲਾਗੀ ਲੋਗ ॥ ੨ ॥ ਜਹਾਂ ਬਿਲੋਕਹਿਂ ਭਲੋ ਠਿਕਾਨਾ। ਸੋ ਥਲ ਆਨਿ ਸੁਨਾਵਹਿਂ ਕਾਨਾ। ਸਾਮਿੱਗ੍ਰੀ ਸੰਬੰਧ ਕੀ ਜੇਤੀ। ਲੇਹਿ ਸਦਨ ਤੇ ਗਮਨਹਿਂ ਤੇਤੀ' ॥ ੩ ॥ ਸੁਨਿ ਗੁਰ ਕਹ੍ਯੋ 'ਬਨਹਿ ਬਿਨ ਬਾਰਿ[4]। ਜਹਿਂ ਸੰਜੋਗ ਰਚ੍ਯੋ ਕਰਤਾਰ। ਸੋ ਸੁਖੇਨ ਹੀ

[1]ਸਮੁੰਦਰ। [2]ਦੁਖ। [3]ਕਈ ਸ਼ਹਿਰਾਂ ਨੂੰ। [4]ਡੇਰੀ ਤੋਂ ਬਿਨਾਂ, ਛੇਤੀ।

ਹੁਇ ਅਬਿ ਜਾਇ। ਰਿਦੈ ਮਨੋਰਥ ਆਪਿ ਉਠਾਇ ॥ ੪ ॥ ਕਹਿ ਸੁਨਿ ਮਾਤ ਸੰਗ ਘਰ ਥਿਰੇ।ਨਿਜ ਪ੍ਰਯੰਕ ਪਰ ਪੌਢਨਿ ਕਰੇ।ਤਬਿ ਦਮੋਦਰੀ ਸੁਤ ਲੇ ਸਾਥਿ। ਆਈ ਸੇਵ ਕਰਨਿ ਗੁਰ ਨਾਥ ॥੫॥ ਹਾਥ ਜੋਰਿ ਕਰਿ ਬਾਕ ਬਖਾਨਾ। 'ਪਿਖਹੁ ਸੁਤਾ ਹਿਤ ਨੀਕ ਠਿਕਾਨਾ। ਪ੍ਰਿਯਾ ਮੋਹਿ ਮਨੁ ਜਹਿਂ ਸੁਖ ਪਾਵੈ[1]। ਹਮ ਹੇਰਹਿਂ ਆਛੇ ਹਰਖਾਵੈਂ[2]'॥੬॥ਸਤਿਗੁਰੁ ਕਹ੍ਯੋ 'ਸੰਜੋਗ ਰਚ੍ਯੋਂ ਜਹਿਂ। ਸੁਖ ਕੋ ਪ੍ਰਾਪਤਿ ਹੋਹਿ ਬਸਹਿ ਤਹਿਂ।ਉਚਿਤ ਨ ਇਹ ਚਿਤ ਚਿੰਤਾ ਕਰਨੀ। ਪਰਾਲਬਧ ਸਭਿ ਤੇ ਬਡ ਬਰਨੀ' ॥੭॥ ਸੁਨਿ ਦਮੋਦਰੀ ਉਠਿ ਹਰਖਾਈ। '-ਰਹਹੁ ਸੁਖੀ-ਬਚ ਤੁਮ ਸਫਲਾਈ[3]'। ਸੁਪਤਿ ਜਥਾ ਸੁਖ ਨਿਸਾ ਗੁਜ਼ਾਰੀ। ਉਠਿ ਗੁਰ ਮੱਜੇ ਨਿਰਮਲ ਬਾਰੀ॥੮॥ਦਿਵਸ ਚਢੇ ਪੁਨ ਲਗ੍ਯੋ ਦਿਵਾਨ। ਦਰਸ਼ਨ ਕਰਹਿਂ ਬੰਦਨਾ ਠਾਨਿ। ਸਿਖ ਸੰਗਤਿ ਕੋ ਹੋਵਤਿ ਠਾਂਢੇ। ਕੋ ਬੈਠਹਿਂ ਢਿਗ ਪ੍ਰੇਮੀ ਗਾਢੇ ॥ ੯ ॥ ਸਭਿ ਦਿਸ਼ਿ ਦੇਖ੍ਯੋ ਦ੍ਰਿਸ਼ਟਿ ਚਲਾਇ। ਬੈਠੇ, ਉਠੇ ਜਾਹਿਂ, ਕੋ ਆਇ[4]। ਇਕ ਨਰ ਹੇਰ੍ਯੋ ਬਾਲਕ ਸਾਥਿ। ਦਰਬ ਹੀਨ ਪਟ ਮਲਿਨ ਅਨਾਥ॥੧੦॥ਜਬਿ ਨੇਰੇ ਹੁਇ ਬੰਦਨ ਠਾਨੀ। ਸੁਨਤਿ ਸਭਿਨਿ ਕੇ ਗੁਰੂ ਬਖਾਨੀ। 'ਭੌਨ ਕੌਨ, ਪੁਰਿ, ਜ਼ਾਤੀ ਕੌਨ ?। ਕਿਮ ਆਯਹੁ ਕਹੁ ਕਾਰਜ ਜੌਨ?'॥੧੧॥ਸੁਨਿ ਸੁਕਚ੍ਯੋ ਬੰਦੇ ਜੁਗ ਹਾਥ। ਸਭਾ ਬੀਚ ਬੋਲ੍ਯੋ ਗੁਰੁ ਸਾਥਿ। 'ਮੱਲੇ ਪੁਰਿ ਬਾਸਹਿਂ ਚਿਰ ਕਾਲ। ਗਏ ਦਰਬ ਤੇ ਥੁਰਿ ਇਸ ਹਾਲ[5] ॥ ੧੨ ॥ ਜਾਤਿ ਖੋਸਲੇ ਖੱਤ੍ਰੀ ਅਹੈਂ। ਧਰਮਾ ਨਾਮ ਮੋਹਿ ਕੋ ਕਹੈਂ। ਸਪਤ ਬਰਖ ਕੋ ਬਾਲਕ ਮੇਰਾ॥ ਸਾਧੂ ਨਾਮ ਧਰ੍ਯੋ ਇਸ ਕੇਰਾ' ॥ ੧੩ ॥ ਸੁਨਿ ਸਤਿਗੁਰੁ ਨਿਜ ਨਿਕਟਿ ਬਿਠਾਯਹੁ। 'ਆਨਹੁ ਖਾਰਕ[6] ਬਿੱਪ੍ਰ ਬੁਲਾਯਹੁ'।ਸੁਨਿ ਪਿਖਿ ਬਿਸਮਤਿ ਭੇ ਨਰ ਸਾਰੇ।-ਕਹਾਂ ਕਰਤਿ ਗੁਰ-ਰਿਦੇ ਬਿਚਾਰੇ॥੧੪॥ ਜਬਿ ਦਿਜ ਆਯੋ ਕਰ੍ਯੋ ਬਖਾਨੇ। 'ਸਿਸ ਕੇ ਮੁਖ ਦਿਹੁ ਖਾਰਕ[6] ਖਾਨੇ'। ਸੁਨਿ ਧਰਮੇ ਕਰ ਜੋਰਿ ਉਚਾਰਾ। 'ਤੁਮ ਸਗਰੇ ਜਗ ਗੁਰੂ ਉਦਾਰ॥੧੫॥ਸਮਰਥ ਚਹਹੁ ਸੁ ਕਰਹੁ ਗੁਸਾਈਂ। ਕੋ ਤੁਮਰੀ ਸਮਤਾ ਨਹਿਂ ਪਾਈ। ਮੈਂ ਅਨਾਥ ਸਭਿ ਸ਼ਕਤਿ ਬਿਹੀਨਾ। ਰੰਕ, ਦਰਬ ਬਿਨੁ, ਬਸਤ੍ਰ ਮਲੀਨਾ ॥ ੧੬ ॥ ਕਰਨਿ

[1]ਮੇਰੇ ਮਨ ਨੂੰ ਪਿਆਰੀ (ਧੀ) ਜਿੱਥੇ ਸੁਖ ਪਾਵੇ। [2]ਅਸੀਂ ਭਲੇ (ਸਾਕ) ਦੇਖਕੇ ਅਨੰਦ ਹੋਵੀਏ। [3](ਇਹ) ਆਪ ਦਾ ਬਚਨ ਸਫਲਾ ਹੋਵੇ। [4](ਕਈ) ਬੈਠੇ ਹਨ (ਕਈ) ਉੱਠਕੇ ਟੁਰੇ ਜਾਂਦੇ ਹਨ ਤੇ ਕੋਈ ਆ ਰਹੇ ਹਨ। [5]ਧਨ ਤੋਂ ਥੁੜਕੇ ਇਸ ਹਾਲ ਹੋ ਗਏ ਹਾਂ। [6]ਛੁਹਾਰਾ।

ਸਗਾਈ ਕਿਮ ਬਨਿ ਆਵੈ। ਸਮਤਾ ਸਿੰਧੁ ਬੂੰਦ ਕਿਮ ਪਾਵੈ। ਕਹਿਂ ਕੀਟੀ ਕਹਿਂ ਬਡ ਗਜਰਾਜ। ਸੁਨਤਿ ਬਾਤ ਮੁਝ ਉਪਜਤਿ ਲਾਜ॥੧੭॥ ਰਾਵਰ ਬੰਦਨ ਕਰਨਿ ਸਥਾਨ। ਬਹੁ ਅਜੋਗ[1] ਕਿਮ ਕਰਿਹੁ ਬਖਾਨ'। ਸਤਿਗੁਰੁ ਕਹ੍ਯੋ 'ਚਿੰਤ ਨਹਿਂ ਕੀਜੈ। ਰਚ੍ਯੋ ਬਿਰੰਚ[2] ਸੰਜੋਗ ਲਖੀਜੈ ॥ ੧੮॥ ਇਹ ਸੁਤ ਤੇਰੋ ਹੈ ਬਡਭਾਗੋ। ਭਗਤ ਬਿਸਾਲ ਪ੍ਰਭੂ ਅਨੁਰਾਗੋ। ਇਸ ਕੋ ਦੋਸ਼ ਨ ਲਾਗਹਿ ਕੋਈ। ਅਪਰ ਸੰਦੇਹ ਦੇਹੁ ਸਭਿ ਖੋਈ' ॥ ੧੯ ॥ ਇਮ ਕਹਿ ਜੇਤਿਕ ਰੀਤਿ ਸਗਾਈ। ਤਹਿਂ ਬੈਠੇ ਸਭਿ ਗੁਰੂ ਕਰਾਈ। ਹੇਰਿ ਹੇਰਿ ਸਗਰੇ ਬਿਸਮਾਏ।-ਸਿੱਖ ਰੰਕ ਸੰਜੋਗ ਬਨਾਏ-॥ ੨੦॥ ਸਭਾ ਉਠੀ ਗੁਰ ਮੰਦਿਰ ਗਏ। ਸਭਿ ਮਹਿਂ ਇਹ ਪ੍ਰਸੰਗ ਬਿਦਤਏ।-ਖੱਤ੍ਰੀ ਰੰਕ ਪੁੱਤ੍ਰ ਕੇ ਸਾਥਿ।ਕਰੀ ਸਗਾਈ ਤਨਿਯਾ ਨਾਥ[3]-॥੨੧॥ ਸੁਨਿ ਦਮੋਦਰੀ ਗੁਰ ਢਿਗ ਆਈ। ਅਨਿਕ ਭਾਂਤਿ ਕੀ ਤਰਕ ਉਠਾਈ। ਕਹਤਿ ਭਈ 'ਨਹਿਂ ਕੀਨ ਬਿਚਾਰ। ਪੁੱਤ੍ਰੀ ਦੀਨਿਸਿ ਰੰਕ ਅਗਾਰ[4] ॥ ੨੨ ॥ ਖੋਜਨੇ ਨਿਜ ਸਮਾਨ ਨਹਿਂ ਥਾਨ। ਧਨੀ ਬਿਸਾਲ ਜੁ ਬਿਦਤ ਜਹਾਨ। ਕਹਹਿਂ ਕਹਾਂ ਪਿਖਿ ਕੈ ਨਰ ਸਾਰੇ। ਆਇ ਸਬੰਧੀ ਜਬਹਿ ਨਿਹਾਰੇ' ॥ ੨੩ ॥ ਸੁਨਿ ਸ਼੍ਰੀ ਗੁਰੁ ਤਿਹ ਧੀਰਜਿ ਦੀਨਿ। 'ਸਭਿ ਤੇ ਅਧਿਕ ਇਸੀ ਕਹੁ ਚੀਨਿ। ਦਿਨ ਪ੍ਰਤਿ ਆਛੋ ਹੁਇ ਤਬਿ ਜਾਨੈ। ਅਪਰ ਨ ਪਾਵਤਿ ਇਸੀ ਸਮਾਨੈ'॥੨੪॥ ਸੁਨਿ ਦਮੋ-ਦਰੀ ਤੂਸ਼ਨਿ ਹੋਈ। ਗੰਗਾ ਸੰਗ ਕਹੀ ਜਿਮ ਜੋਈ। ਮਾਤਾ ਸੁਨਿ ਸੁਤ ਬਚ ਬਿਸਵਾਸਾ[5]। ਨਹੀਂ ਤਰਕ ਹਿਤ ਕਛੁ ਪ੍ਰਕਾਸ਼ਾ॥੨੫॥ ਸਭਿ ਸੁਜਾਨ ਤੇ ਮਹਿਦ ਸੁਜਾਨਾ। ਕਲਾਨਿਧਾਨ[6] ਪੁੱਤ੍ਰ ਕੋ ਜਾਨਾ।-ਆਛੀ ਹੋਹਿ ਕਰੀ ਹੈ ਜੈਸੇ। ਭਈ ਸੁ ਭਈ ਫਿਰਤਿ ਨਹਿਂ ਕੈਸੇ-॥੨੬॥ ਜਾਨਿ ਭਲੀ ਮਾਤਾ ਕਿਯ ਮੌਨ। ਮੰਗਲ ਕਰਤਿ ਭਈ ਗਨ ਭੌਨ। ਪ੍ਰਾਤਿ ਉਠੇ ਸਤਿਗੁਰ ਹਰਖਾਏ। ਚਢਿ ਤੁਰੰਗ ਪਰ ਵਹਿਰ ਸਿਧਾਏ ॥ ੨੭ ॥ ਸੁਭਟ ਚਢੇ ਗਨ ਗਏ ਅਖੇਰ। ਇਤ ਉਤ ਕਾਨਨ ਮਹਿਂ ਫਿਰਿ ਫੇਰ। ਛੋਰਹਿਂ ਬਾਜ ਪੰਛੀ-ਅਨਿ ਪਾਛੇ। ਚੀਤੇ ਧਾਇ ਮ੍ਰਿਗਨਿ ਦਿਸ਼ਿ ਗਾਛੈ[7] ॥ ੨੮ ॥ ਸ੍ਵਾਨ ਬਿਸਾਲ ਸ਼ੂਕਰਨਿ ਦੌਰੇ[8]। ਘੇਰਿ ਘੇਰਿ ਹਤਿ ਕਰਿ ਤਿਨ ਬੌਰੇ । ਲਗਰ, ਝਗਰ,

[1](ਇਹ ਰੱਲ) ਫੱਬਦੀ ਨਹੀਂ। [2]ਰਚਨਹਾਰ ਨੇ [ਸੰਸ:, ਵਿ+ਰਚ੍=ਰਚਨਾ]। [3]ਪੁੱਤ੍ਰੀ ਦੀ ਗੁਰੂ ਜੀ ਨੇ। [4]ਕੰਗਾਲ ਦੇ ਘਰ। [5]ਪੁੱਤ੍ਰ ਦੇ ਬਚਨ ਤੇ ਭਰੋਸਾ ਕੀਤਾ। [6]ਕਰਾਮਾਤ ਦਾ ਖਜ਼ਾਨਾ। [7]ਜਾਂਦੇ ਹਨ। [8]ਸੂਰਾਂ ਵਲ ਦੋੜਦੇ ਹਨ।

ਜੁਰਰੇਗਨ ਸ਼ਿਕਰੇ।ਬਹਰੀ ਉਡਤਿ ਖਗਨਿਕੋ ਪਕਰੇ॥੨੯॥ਰਾਜ ਰਿਖਿਨਿ
ਸਮ ਖੇਲਿ ਅਖੇਰੇ। ਬਨ ਬਿਚਰਨਿ ਮੁਦਿ ਪਾਇ ਬਡੇਰੇ। ਪੁਰਿ ਮੁਰਿ
ਆਏ ਗੁਰੁ ਉਰ ਹਰਖਤਿ। ਆਯੁਧ ਬਿੱਦਯਾ ਸੁਭਟਨਿ ਪਰਖਤਿ ॥ ੩੦॥
ਕਰਤਿ ਸ਼ਿਕਾਰ ਤੁਰੰਗ ਪ੍ਰਹਾਰੈਂ। ਕੋ ਭਟ ਕਰ ਗਹਿ ਖੜਗ ਸੰਘਾਰੈਂ।
ਤੋਮਰ ਤੀਰਨਿ ਤੂਰਨਤਾ ਤਰ[1]। ਕਰਹਿਂ ਦਿਖਾਵਨਿ ਚਾਤੁਰਤਾ ਧਰਿ॥
੩੧॥ ਪੈਂਦੇਖਾਨ ਬੀਰ ਬਲ ਰਾਸਹਿ। ਆਯੁਧ ਵਿੱਦਯਾ ਕਉ ਅੱਭਯਾਸਹਿ।

ਕੇਤਿਕ ਦਿਨ ਬੀਤੇ ਇਸ ਰੀਤਿ । ਸ੍ਰੀ ਹਰਿ ਗੋਵਿੰਦ ਪਤਿਤ
ਪੁਨੀਤ ॥ ੩੨॥ ਸਮੈਂ ਪ੍ਰਸੂਤ ਹੋਨਿ ਕੋ ਹੋਵਾ। ਧਾਇਨਿ ਕੋ ਬੁਲਾਇ ਗਨ
ਜੋਵਾ।ਸਦਨ ਬਿਖੇ ਗਨ ਦੀਪਕ ਬਾਰੇ। ਦਾਸੀ ਉਤਲਾਵਤਿ ਗਤਿ ਧਾਰੇ[2]॥
੩੩॥ ਜਨਮ ਨਾਨਕੀ ਤੇ ਤਬਿ ਲੀਨਿ। ਸੁਨਿ ਸੁਤ ਭਯੋ ਸਭਿਨਿ ਮੁਦ
ਕੀਨਿ। ਗੰਗਾ ਕਰਤਿ ਮੰਗਲਾਚਾਰ। ਰਿਦੇ ਮੁਦਤਿ ਬ੍ਰਿਧਤਿ ਪਰਿਵਾਰ॥
੩੪॥ ਭੋਰ ਹੋਤਿ ਲਘੁ ਦੁੰਦਭਿ ਧਰੇ। ਬਾਜਤਿ ਸੁਨਤਿ ਸਭਿਨਿ ਮੁਦ ਭਰੇ।
ਮੰਗਤਿ ਜਨ ਉਤਲਾਵਤਿ ਆਏ।ਮਾਤ ਗੰਗ ਕਹਿ ਦਰਬ ਦਿਵਾਏ॥੩੫॥
ਨਰ ਨਾਰੀ ਗਨ ਦੇਤਿ ਬਧਾਈ। ਲਯਾਇ ਦੂਬਿ[3] ਗੁਰ ਢਿਗ ਅਰਪਾਈ।
ਉਤਸਵ ਕਰਿਬੇ ਕੀ ਜੋ ਰੀਤਿ। ਸਭਿ ਗੰਗਾ ਕਰਿਵਾਇ ਸਪ੍ਰੀਤਿ ॥੩੬॥
ਬ੍ਰਿਧ ਸੰਮਤਿ ਹੁਇ[4] ਨਾਮ ਬਿਚਾਰਾ।'ਅਟਲ ਰਾਇ' ਤਬਿ ਗੁਰੂ ਉਚਾਰਾ।
'ਅਟਲ ਸਮਾਧਿ ਕਰਤਿ ਇਹ ਰਹਯੋ।ਯਾਂਤੇ ਉਰ ਬਿਚਾਰ ਕਰਿ ਕਹਯੋ' ॥
੩੭॥ ਅਨਗਨ ਦਰਬ ਦੀਨਿ ਗੁਰ ਦਾਨ। ਪਾਇ ਕਰਹਿਂ ਨਰ ਸੁਜਸੁ
ਬਖਾਨ।ਸ੍ਰੀ ਗੁਰੁ ਰਾਮਦਾਸ ਕੋ ਪੋਤਾ। ਦੀਨ ਦੁਨੀ ਥੰਭਿ ਭਾਰ ਖਲੋਤਾ।
॥੩੮॥ ਦੇਤਿ ਕਾਮਨਾ ਜਗ ਮਹਿ ਸੁਖ ਕੀ। ਮੂਲ ਉਖਾਰਹਿ ਬਿਖਮ ਸੁ
ਦੁਖ ਕੀ[5]।ਪਰਉਪਕਾਰੀ ਜੋਧਾ ਬਲੀ।ਸਿੱਖਨਿ ਕੋ ਬਖਸ਼ਤਿ ਗਤਿ ਭਲੀ ॥
੩੯ ॥ ਦਿਨ ਪ੍ਰਤਿ ਅਧਿਕ ਬਖਸ਼ ਦੇ ਜੌਨ। ਸੁਰਪਤਿ ਬਪੁਰਾ ਆਗੈ ਕੌਨ।
ਜਿਸ ਕੋ ਨਾਮ ਲਿਏ ਜਮ ਤਯਾਗੈ। ਦਰਸ਼ਨ ਤੇ ਕਲਮਲ ਗਨ ਭਾਗੈਂ॥
੪੦॥ ਰਾਜ ਜੋਗ ਬਰਤਹਿ ਜਗ ਮਾਹੀ। ਇਕ ਰਸ ਬ੍ਰਤਾ ਉਥਤਿ ਕਥਿ
ਨਾਂਹੀ[?]।ਇਮ ਸਤਿਗੁਰੁ ਕੇ ਭਾ ਪਰਿਵਾਰ।ਉਪਜੀ ਏਕ ਸੁਤਾ,ਸੁਤ ਚਾਰਿ।
੪੧ ॥ ਸਾਹਿਬਜ਼ਾਦੇ ਰੂਪ ਸੁ ਰੂਰਾ। ਜਿਨ ਤੇ ਭਵਨ ਲਗਹਿ ਜਨੁ ਪੂਰਾ[6]।

[1]ਬਹੁਤ ਛੇਤੀ। [2]ਕਾਹਲੀ ਨਾਲ ਚਲਦੀਆਂ ਹਨ। [3]ਦੱਭ। [4]ਬਾਬੇ ਬੁੱਢੇ ਦੀ ਸਲਾਹ ਨਾਲ।
[5]ਕਰੜੇ ਦੁੱਖਾਂ ਦੀ ਰੰਗੀ ਤਰ੍ਹਾਂ ਜੜ੍ਹ ਪੁੱਟਦੇ ਹਨ। [6]ਘਰ ਮਾਨੋ ਭਰਿਆ ਲੱਗਦਾ ਹੈ।

ਲੇ ਪੌਤ੍ਰਨਿ ਕੋ ਰੰਗ ਦੁਲਾਰਹਿ। ਭੂਖਨ ਬਸਤ੍ਰ ਅਨਿਕ ਤਨ ਧਾਰਹਿ ॥ ੪੨ ॥ ਖਾਨ ਪਾਨ ਦੇ ਅਪਨੇ ਹਾਥ। ਪਾਰਤਿ ਪੌਤ੍ਰਨਿ ਪ੍ਰੀਤੀ ਸਾਥ। ਹੇਰਿ ਹੇਰਿ ਹਰਖਹਿਂ ਗੁਰੁ ਬੰਸ। ਸੋਢੀ ਕਲ ਕੇ ਜਨੁ ਅਵਤੰਸ਼ ॥੪੩॥ ਅਨਿਕ ਦਾਸ ਸੇਵਾ ਮਹਿਂ ਰਹੈਂ। ਅੰਕ ਰਖੈਂ ਵਹਿਰੰਤਰ ਚਹੈ[1]। ਇਮ ਸਤਿਗੁਰ ਕੇ ਸਦਨ ਅਨੰਦ। ਦਿਨ ਪ੍ਰਤਿ ਹੋਵਤਿ ਬ੍ਰਿੰਦ ਬਿਲੰਦ ॥ ੪੪॥ ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪੰਚਮ ਰਾਸੇ 'ਸ਼੍ਰੀ ਅਟਲ ਰਾਇ ਉਪਜਨ' ਪ੍ਰਸੰਗ ਬਰਨਨੰ ਨਾਮ ਖਸਟ ਪੰਚਾਸਤਿ ਅੰਸੂ ॥ ੫੬ ॥

੫੭. [ਕਉਲਾਂ]।

ਦੋਹਰਾ ॥ ਕੇਤਿਕ ਦਿਨ ਪਸ਼ਚਾਤਿ ਤੇ ਕੌਲਾਂ ਸੁਨਤਿ ਅਨੰਦ। ਚਹਤਿ ਬਿਲੋਕਨਿ ਗੁਰੂ ਸੁਤ ਉਰ ਅਭਿਲਾਖ ਬਿਲੰਦ ॥ ੧ ॥ ਚੌਪਈ ॥ ਚਢਿ ਡੋਰੇ ਪਰ ਤਬਹਿ ਸਿਧਾਰੀ। ਗੁਰੁ ਘਰ ਪ੍ਰਵਿਸ਼ੀ ਆਨੰਦ ਧਾਰੀ। ਗੰਗਾ ਕੋ ਪਗ ਬੰਦਨ ਕੀਨੀ। ਦੇਖਿ ਤਾਂਹਿ ਕੋ ਆਸ਼ਿਖ ਦੀਨੀ ॥ ੨ ॥ ਤੀਨਹੁੰ ਗੁਰੁ ਖਤਨੀ ਤਬਿ ਹੇਰੀ। ਸਭਿ ਕੋ ਨਮੋ ਕੀਨਿ ਤਿਸ ਬੇਰੀ। ਹਿਤ ਸੋਂ ਹੇਰਿ ਪਰਸਪਰਿ ਬੈਸੀ। ਬੋਲਤਿ ਮਧੁਰ ਗਿਰਾ ਮੁਖ ਤੈਸੀ ॥ ੩ ॥ ਮਾਨ ਸਹਤ ਬਚ ਕਹਤਿ ਬਿਠਾਈ। ਲਖਹਿਂ ਸੁ-ਪ੍ਰੀਤਿ ਰਿਦੇ ਕਰਿ ਆਈ-। ਦਈ ਬਧਾਈ ਸਭਿਨਿ ਸੁਨਾਇ। ਮਾਨੀ ਤਿਨਹੁਂ ਅਨੰਦ ਉਪਾਇ॥੪॥ ਖੇਲਤਿ ਸਾਹਿਬਜ਼ਾਦੇ ਚਾਰਿ। ਤਨ ਸੁ ਕੁਮਾਰ*ਸੁ ਮੂਰਤਿ ਚਾਰੁ। ਪੰਚਮਿ ਕੰਨਜਾਂ ਦੇਖਨਿ ਕੀਨਿ। ਬਸਨ ਬਿਭੂਖਨ ਧਰਿ ਦੁਤਿ ਭੀਨਿ ॥ ੫ ॥ ਕਰਿ ਕਰਿ ਪ੍ਰੇਮ ਅੰਕ ਮੈਂ ਲੇਤਿ। ਹੇਰਿ ਹੇਰਿ ਕਰਿ ਆਸ਼ਿਖ ਦੇਤਿ। ਸ਼੍ਰੀ ਗੁਰੁਦਿੱਤਾ ਦੌਰਤਿ ਫਿਰੈਂ। ਬਜਤਿ ਬਿਭੂਖਨ ਰੁਣ ਰੁਣ ਕਰੈਂ ॥੬॥ ਸਨੈ ਸਨੈ ਸੂਰਜ ਮਲ ਜਾਂਹਿ। ਪਾਇਨਿ ਭਯੋ ਬਡੋ ਬਲ ਨਾਂਹਿ[2]। ਅਣੀਰਾਇ ਅੰਙਣ ਰਿੰਙਮਾਣ[3]। ਅਟਲਰਾਇ ਨਹਿਂ ਭਾ ਤਨ ਤ੍ਰਾਣ॥੭॥ ਬੀਰੋ ਖੇਲਤਿ ਦਾਸੀ ਗੋਦ। ਇਮ ਸੰਤਤਿ ਕੇ ਲਹਤਿ ਬਿਨੋਦ। ਸਭਿ ਸੋਂ ਕੌਲਾਂ ਕਰਤਿ ਸਨੇਹ। ਮਨ ਮਹਿਂ ਕਹਿ-ਬਡਭਾਗਨਿ ਏਹਿ ॥੮॥ ਪੂਰਬ ਜਨੰਮ ਪੁੰਨ ਬਡ ਕੀਨੇ। ਜਿਨਹੁੰ ਸਕਲ ਸੁਖ ਇਸ ਬਿਧਿ ਦੀਨੇ। ਪਤਿ ਪਾਯਹੁ ਸਭਿ ਜਗ ਸਿਰਮੌਰ। ਜਿਹ ਸਮ ਔਰ ਨਹੀਂ ਕਿਹ ਠੌਰ॥੯॥ ਬਹੁਰ ਪੁੱਤ੍ਰ ਸੁੰਦਰ ਅਸ ਪਾਏ। ਜਿਨ ਕੋ ਦੇਖਤਿ ਚਿਤ ਹੁਲਸਾਏ। ਕਯੋਂ ਨ ਹੋਹਿਂ ਐਸੇ ਦੁਤਿਵਾਨ।

[1]ਚਾਹੇ ਅੰਦਰ ਹੋਣ ਚਾਹੇ ਬਾਹਰ (ਦਾਸ ਉਨ੍ਹਾਂ ਨੂੰ) ਗੋਦੀ ਵਿਚ ਰੱਖਦੇ ਹਨ। [2]ਪੈਰਾਂ ਵਿਚ ਬਹੁਤ ਜ਼ੋਰ ਨਹੀਂ ਭਰਿਆ ਅਜੇ। [3]ਰਿੜ੍ਹਦੇ ਹਨ ਵੇਹੜੇ ਵਿਚ। *ਪਾ:-ਤਨ ਸੁਭ ਮਾਰ।

ਜਿਨ ਕੋ ਪਿਤ ਸਭਿ ਗੁਨਨਿ ਮਹਾਨ ॥ ੧੦ ॥ ਧੰਨ ਜਨਮ ਇਨਹੂ ਕੋ ਹੋਯਹ। ਪਤਿ ਸੁਤ ਕੋ ਸੁਖ ਇਮ ਜਿਨਿ ਜੋਯਹੁ–। ਰਿਦੇ ਬਿਚਾਰਤਿ ਪਯਾਰ ਕਰੰਤੀ। ਹਾਥਨਿ ਸੋਂ ਗਹਿ ਗੋਦਿ ਧਰੰਤੀ॥੧੧॥ ਪਿਖਤਿ ਪਿਖਤਿ ਚਿਤ ਮਹਿਂ ਝੁਰਿਆਈ।–ਮੁਝ ਤੇ ਸੰਤਤਿ ਕਯੋਂ ਨ ਉਪਾਈ। ਤਿਨ ਤੇ ਉਪਜਹਿਂ ਪੁੱਤ੍ਰ ਪ੍ਰਬੀਨਾ, ਤਨ ਸੁੰਦਰ ਬਲ ਮਹਿਂ ਹੁਇਂ ਪੀਨਾ॥੧੨॥ਅਬਿ ਲੌ ਮੈਂ ਨ ਜਾਚਨਾ ਕੀਨੀ। ਯਾਤੇ ਰਹੀ ਮਹਾਂ ਮਤਿ ਹੀਨੀ। ਜਿਸ ਤੇ ਚਹੁੰਦਿਸ਼ਿ ਕੇ ਨਰ ਨਾਰੀ। ਜਾਚਹਿਂ ਬਨਿ ਕੈ ਦੀਨ ਅਗਾਰੀ ॥ ੧੩ ॥ ਕੇਤਿਕ ਕਹਤਿ 'ਨ ਦਾਰਿਦ ਰਹੇ। ਬਡੇ ਪਦਾਰਥ ਹਮ ਅਬਿ ਲਹੇ'। ਤਨ ਅਰੋਗਤਾ ਜਾਚਤਿ ਕੋਈ।ਸੁਤ ਕੋ ਬਰ ਲੇ,ਬਿਨ ਸੁਤ ਜੋਈ॥੧੪॥ਇੱਤਯਾਦਿਕ ਵਥੁ ਗਿਨੀਯਹਿ ਕੌਨ। ਰਾਉ ਰੰਕ ਜਾਚਹਿਂ ਗੁਰੁ ਭੌਨ। ਕ੍ਰਿਪਾ ਦ੍ਰਿਸ਼ਟਿ ਅਵ-ਲੋਕਤਿ ਦੇਤਿ।ਲੇ ਲੇ ਸੰਗਤਿ ਜਾਤਿ ਨਿਕੇਤ॥੧੫॥ਮੈਂ ਪ੍ਰਾਰਥਨਾ ਕਰਤਿ ਅਗਾਰੀ। ਹੁਇ ਪ੍ਰਸੰਨ ਬਰ ਦੇਤਿ ਉਚਾਰੀ–। ਪਿਖਿ ਗੁਰੁ ਪੁੱਤ੍ਰਨਿ ਕੋ ਮੁਦ ਹੋਈ। ਇਮ ਚਿਤਵਤਿ ਉਰ ਬਯਾਕੁਲ ਸੋਈ ॥੧੬॥ਬੈਠਯੋ ਬਹੁਤ ਕਾਲ ਨਹਿਂ ਗਯੋ। ਤੂਰਨਿ ਮਨ ਅਕੁਲਾਵਤਿ ਭਯੋ। ਉਠਤਿ ਮਾਤ ਕੋ ਕੀਨਸਿ ਨਮੋ। ਤੀਨਹੁੰ ਕੋ ਬੰਦਤਿ ਤਿਹ ਸਮੋ॥੧੭॥ਆਈ ਅਪਨੇ ਸਦਨ ਦੁਖਾਰੀ। ਬੈਠੀ ਸੋਚਤਿ ਦੀਨ ਬਿਚਾਰੀ।– ਜਾਨਿ ਤੁਰਕਨੀ ਮੋਕਹੁ ਤਯਾਗਾ। ਕਰਤਿ ਕਪਟ ਕੋ, ਨਹਿਂ ਅਨੁਰਾਗਾ* ॥ ੧੮ ॥ ਸਭਿ ਤੇ ਮੁਝ ਕੋ ਜਾਨਿ ਮਲੀਨੀ। ਪ੍ਰੀਤਿ ਰਿਦੇ ਕੀ ਨਹਿਂ ਮਮ ਚੀਨੀ। ਮਨ ਬਾਂਛਤਿ ਸੰਗਤਿ ਬਰ ਪਾਵੈ। ਜੋ ਕਬਹੂੰ ਕਰਿ ਦਰਸ਼ਨ ਆਵੈ ॥੧੯॥ ਮਮ ਸਮ ਪ੍ਰੀਤ ਹੋਹਿ ਕਿਸ ਮਾਹੂੰ। ਤਿਨ ਬਿਨ ਮਨ ਛਿਨਿ ਜਾਤਿ ਨ ਕਾਹੂੰ। ਨਿਸ ਦਿਨ ਮਨ ਮਹਿਂ ਬਾਸ ਕਰਤਿ ਹੈਂ। ਤਿਨ ਮਹਿਂ ਮਨ ਬਿਸਰਾਮ ਧਰਤਿ ਹੈਂ[1] ॥ ੨੦ ॥

---

[1]ਟਿਕ ਜਾਂਦਾ ਹੈ, ਲਿਵਲੀਨ ਹੁੰਦਾ ਹੈ।

*ਕਵਿ ਜੀ ਨੇ ਏਥੇ ਹਿਰਖ ਤੇ ਗੁੱਸੇ ਵਿਚ ਆਈ ਕੌਲਾਂ ਦਾ ਰੂਪਕ ਬੱਧਾ ਹੈ ਜੋ ਕਾਵ੍ਯ ਦੇ ਨੁਕਤੇ ਤੋਂ ਕਟਾਖ੍ਯ ਵਾਲਾ ਹੈ। ਪਰ ਕੌਲਾਂ ਜੀ ਬੜੇ ਨਾਮ ਰਸੀਏ ਤੇ ਮੋਹ ਮਾਇਆ ਨੂੰ ਜਿੱਤੇ ਹੋਏ ਤਪੱਸ੍ਵੀ ਸੇ, ਜੈਸਾ ਕਿ ਕਵਿ ਜੀ ਆਪ ਦੱਸਦੇ ਹਨ, ਦੇਖੋ ਇਸ ਤੋਂ ਅਗਲਾ ਅੰਸੂ, ਅੰਕ ੭, ੧੬ ਤੇ ੨੦। ਉਨ੍ਹਾਂ ਨੂੰ ਐਸੀ ਬਨਾਵਟ ਕਰਨ ਦੀ ਲੋੜ ਸੌਕਵ ਨਹੀਂ ਜਾਪਦੀ। 'ਮਨੋ ਨਾਸ ਤੇ ਵਾਸ਼ਨਾ ਖੈ' ਜੋ ਬੀਬੀ ਕਰ ਚੁਕੀ ਹੋਵੇ ਉਸ ਨੂੰ ਜੇ ਕਦੇ ਕੋਈ ਵਾਸ਼ਨਾ ਉੱਠੇ ਬੀ ਤਾਂ ਉਹ ਐਸੇ ਰੰਗਾਂ ਵਿਚ ਕਦੇ ਨਹੀਂ ਜਾ ਸਕਦੀ ਤੇ ਆਪਣੇ ਗੁਰੂ ਨੂੰ ਕਦੇ ਕਪਟ ਦਾ ਦੋਸ਼ ਨਹੀਂ ਦੇ ਸਕਦੀ।

ਬਾਂਛਤਿ ਬਰ ਮੁਝ ਦੇਹਿੰ ਨ ਕੈਸੇ। ਪ੍ਰੇਮ ਅਧੀਨ ਬਿਰਦ ਜਿਨ ਹੈ ਸੇ। ਸਰਬ ਭਾਂਤਿ ਕੀ ਸ਼ਕਤਿ ਬਿਸਾਲਾ। ਜਿਨ ਕੇ ਨਾਮ ਸਕਲ ਸੁਖ ਵਾਲਾ ॥ ੨੧ ॥ ਧਿਕ ਮੋਕਹੁ ਨਹਿਂ ਕੀਮਤਿ ਜਾਨੀ। ਕਬਹੁੰ ਨ ਜਾਚਿ ਲੀਨਿ ਮਨ ਭਾਨੀ[1] । ਆਪ ਪ੍ਰਸੰਨ ਹੋਹਿ ਨਹਿਂ ਦੀਨੋ। ਮੰਦਭਾਗ ਯਾਂਤੇ ਨਿਜ ਚੀਨੋਂ ॥ ੨੨ ॥ ਕਪਟ ਕਰਯੋ*ਮੁਝ ਸੋਂ ਗੁਰੁ ਪੂਰਨ।ਜਿਨਕੋ ਪ੍ਰੇਮ ਹੋਹਿ ਉਰ ਪੂਰ ਨ[2]†–। ਇਮ ਬਿਚਾਰ ਕਰਿ ਰਿਸਿ ਕੋ ਧਾਰੀ। ਲੋਚਨ ਜਲ ਬੂੰਦਨਿ ਕੋ ਡਾਰੀ ॥ ੨੩॥ ਜੇਵਰ ਜਬਰ ਜਵਾਹਰ ਲਾਗੇ। ਅੰਗਨਿ ਤੇ ਉਤਾਰਿ ਕਰਿ ਤ੍ਯਾਗੇ॥ ਅੰਙਣ ਪਰੀ,ਬਿਕੀਰਣ ਸੋਹੈਂ[3]।ਜਥਾ ਗਗਨ ਮਹਿਂਉਡਗਨ ਜੋਹੈਂ[4]॥੨੪॥ ਰੰਗਦਾਰ ਅੰਬਰ ਬਰ ਗੇਰੇ[5]। ਮੋਟਿ ਮਲਿਨ ਪਟ ਲੇ ਤਿਸਿ ਬੇਰੇ। ਖਾਨ ਪਾਨ ਕੋ ਤ੍ਯਾਗਨਿ ਕੀਨਾ। ਮ੍ਰਿਦੁਲ ਪ੍ਰਯੰਕ ਛੋਰਿ ਤਬਿ ਦੀਨਾ ॥ ੨੫ ॥ ਕੈ ਬਰ ਸੁਤ ਕੋ[6] ਲੈਹੋਂ ਪਾਇ। ਨਾਂਹਿ ਤ ਜੀਵਨਿ ਜਾਇ ਬਿਲਾਇ। ਅਵਨਿ ਸਯਨ ਕਰਿ[7] ਨਯਨ ਸਨੀਰ[8]। ਸੰਕਟ ਰਿਸਿ ਤੇ ਹੋਤਿ ਅਧੀਰ॥ ੨੬॥–ਅੰਤਰਿਜਾਮੀ ਜਾਨਹਿਂ ਆਪਿ। ਬੂਝਹਿਂ ਆਇ ਭਯੋ ਜਿਮਿ ਤਾਪ। ਜਬਹਿ ਲੇਹਿਂ ਸੁਧਿ ਮੋਹਿ ਉਠਾਵੈਂ। ਬਾਂਛਤਿ ਦੈਹੈਂ ਉਰ ਹਰਖਾਵੈਂ–॥੨੭॥ ਪਰੀ ਰਹੀ, ਭਾ ਸੰਧ੍ਯਾ ਕਾਲ। ਅਧਿਕ ਨਿਸਾ ਮਹਿਂ ਭਈ ਬਿਹਾਲ। ਤਰਫਤਿ ਦੁਖਿਤ ਪ੍ਰਾਪਤਿ ਹੁਇ ਆਈ। ਸਮ ਸੰਮਤ ਕੇ ਰੈਨਿ ਬਿਤਾਈ॥ ੨੮॥ ਦਾਸੀ ਅਨਿਕ ਉਠਾਵਤਿ ਬੋਲਤਿ। 'ਕ੍ਯਾ ਦੁਖ ਹੈ ?' ਕਹਿ ਇਤਿ ਉਤਿ ਡੋਲਤਿ[9]। ਬੂਝਿ ਰਹੀ ਨਹਿਂ ਕਛੂ ਬਤਾਵੈ। 'ਹਰਤਾ ਪੀਰ, ਪੀਰ ਮਮ ਪਾਵੈਂ[10] ॥੨੯॥ ਪੀਰਨਿ ਪੀਰ[11] ਸਰਬ ਹੀ ਜਾਨੈਂ'।ਇਮ ਕਹਿ ਬਹੁਰ ਤੂਸ਼ਨੀ ਠਾਨੈਂ। ਇਤਿ ਸਤਿਗੁਰੁ ਨਿਤਿ ਨੇਮ ਰਖੰਤੇ। ਜਾਮ ਜਾਮਨੀ ਜਬਹਿ ਜਗੰਤੇ॥੩੦॥ਆਸਾਵਾਰਿ ਸੁਨਹਿਂ ਦਰਬਾਰ।ਬਹੁਰ ਸੁਖਮਨੀ ਪਾਠ ਉਚਾਰਿ। ਬੈਠਿ ਤਖਤ ਦੀਵਾਨ ਲਗਾਵੈਂ। ਦੇ ਦਰਸ਼ਨ ਸਿਖ ਸੰਗਤਿ

---

[1]ਮਨ ਭਾਂਵਦੀ (ਕਾਮਨਾ)। [2]ਜਿਨ੍ਹਾਂ ਦੇ ਦਿਲ ਵਿਚ ਮੇਰੇ ਨਾਲ ਪ੍ਰੇਮ ਪੂਰਾ ਨਹੀਂ ਹੈ। [3]ਵੇਹੜੇ ਵਿਚ ਲਿਟ ਗਈ (ਤੇ ਗਹਿਣੇ ਵੇਹੜੇ ਵਿਚ) ਖਿੰਡੇ ਹੋਏ (ਐਉਂ) ਸ਼ੋਭਦੇ ਹਨ। [4]ਜਿਵੇਂ ਅਕਾਸ਼ ਵਿਚ ਤਾਰੇ ਦਿਖਾਈ ਦਿੰਦੇ ਹਨ। [5]ਉਤਾਰ ਦਿੱਤੇ। [6]ਪੁੱਤ੍ਰ ਦਾ ਵਰ। [7]ਧਰਤੀ ਤੇ ਲਿਟ ਕਰਕੇ। [8]ਨੇਤ੍ਰ ਜਲ ਦੇ ਸਹਤ ਕੀਤੇ। [9]ਫਿਰਦੀਆਂ ਹਨ। [10]ਪੀੜਾ ਹਰਨ ਵਾਲੇ ਮੇਰੀ ਪੀੜਾਂ ਲਖਦੇ ਹਨ। [11]ਗੁਰਾਂ ਦੇ ਗੁਰ। *ਪਾ:–ਹੇਰਿ। †ਪਾ:–ਮੋਹਿ ਉਰ ਪੂਰਨ।

ਆਵੈ ॥ ੩੧ ॥ ਬਾਨੀ ਪਠਹਿਂ ਗ੍ਰਿੰਥ ਕੀ ਬ੍ਰਿੰਦ । ਇਸਿ ਪ੍ਰਕਾਰ ਨਿਤਿ ਨੇਮ ਬਿਲੰਦ । ਪਢਤਿ ਨ ਬੋਲਹਿਂ ਕਿਹ ਸੋਂ ਬੈਨ । ਪਿਖਹਿਂ ਨ ਇਤਿ ਉਤਿ, ਥਿਰ ਕਰਿ ਨੈਨ ॥ ੩੨ ॥ ਤਿਸ ਦਿਨ ਕੌਲਾਂ ਕੋ ਦੁਖ ਜਾਨਾ । ਖੈਂਚਿ ਪ੍ਰੇਮ ਕੀ ਭਈ ਮਹਾਨਾ । ਥਿਰਯੋ ਨ ਜਾਇ ਨ ਮਨ ਥਿਰ ਹੋਇ । ਪ੍ਰੇਮੀ ਕੋ ਦੁਖ ਸਹੈਂ ਨ ਸੋਇ ॥ ੩੩ ॥ ਗੁਰੁ ਕੇ ਧ੍ਯਾਨ ਪਰਾਇਨ ਭਈ[1] । ਗੁਰ ਮੂਰਤਿ ਮਨ ਥਿਰਤਾ ਲਈ । ਇਮ ਜੋਗੀ ਕੇ ਹ੍ਵੈ ਨ ਸਮਾਧਿ । ਲਈ ਪ੍ਰੇਮ ਨੈ ਦਿਢ ਕਰਿ ਬਾਂਧਿ[2] ॥ ੩੪ ॥ ਪ੍ਰੀਤਿ ਕਰੇ ਬਯਾਕਲਤਾ ਧਾਰੀ । ਨਹੀਂ ਜਾਤਿ ਪ੍ਰਭੁ ਪਾਸਿ ਸਹਾਰੀ । ਕੇਤਿਕ ਰਹ੍ਯੋ ਸੁਖਮਨੀ ਪਾਠ।ਉਠੇ ਤੁਰਤਿ ਹੀ ਤਜਿ ਸਭਿ ਠਾਠ ॥ ੩੫ ॥ ਭਗਤਿ ਵਤਸ ਜੋ ਬਿਰਦ ਉਦਾਰਾ । ਉਰ ਗਾਢੋ ਕਰਿ ਅੰਗੀਕਾਰਾ[3] । ਅਪਰ ਨੇਮ ਪ੍ਰਣ ਤ੍ਯਾਗੇ ਜਾਇਂ । ਪ੍ਰਿਯ ਕੋ ਹਿਤ ਨਹਿਂ ਤਜ੍ਯੋ ਕਦਾਇ ॥ ੩੬ ॥ ਗਏ ਬੇਗ ਤੇ ਘਰ ਤਿਸਿ ਘਰੀ । ਕੌਲਾਂ ਕੌਲ ਬਿਲੋਚਨ[4] ਪਰੀ । ਕਰੀ ਬਿਲੋਕਨਿ, ਬੈਠੇ ਤਹਾਂ । ਪਠ੍ਯੋ ਪਾਠ ਜੇਤਿਕ ਥੋ ਰਹਾ ॥ ੩੭ ॥ ਕਰ੍ਯੋ ਸੰਪੂਰਨ ਸੀਸ ਨਿਵਾਯੋ । ਪੁਨ ਦਾਸੀ ਕੋ ਨਿਕਟਿ ਬੁਲਾਯੋ । 'ਕ੍ਯੋਂ ਇਹ ਪਰੀ, ਕਹਾਂ ਇਸਿ ਹੋਵਾ ? । ਬਿਗਰ੍ਯੋ ਕੌਨ ਕਾਜ ਇਨਿ ਜੋਵਾ ?' ॥ ੩੮ ॥ ਹਾਥ ਜੋਰਿ ਤਿਨਿ ਦਸ਼ਾ ਬਤਾਈ । 'ਪ੍ਰਥਮ ਆਪ ਕੇ ਸਦਨ ਸਿਧਾਈ । ਤਹਿਂ ਤੇ ਹੀ ਹ੍ਵੈ ਕਰਿ ਦਿਲਗੀਰ । [5]ਰੀ ਆਨਿ, ਨਹਿਂ ਭਾਖਤਿ ਪੀਰ[5] ॥ ੩੯ ॥-ਹਰਤਾ ਪੀਰ ਲਖਹਿ ਮਮ ਪੀਰ । ਸਭਿ ਤੇ ਦੀਰਘ ਪੀਰਨਿ ਪੀਰ-। ਖਸ਼ਟ ਜਾਮ ਇਸਿ ਭਾਂਤਿ ਬਿਤਾਏ । ਕਾਲਿ ਦੁਪਹਿਰੀ ਤੇ ਦੁਖ ਪਾਏ ॥ ੪੦ ॥ ਖਾਨ ਪਾਨ ਪਰਯੰਕ ਸੁਹਾਵਨਿ । ਬਸਨ ਬਿਭੂਖਨ ਕਰੇ ਬਗਾਵਨਿ । ਦੀਰਘ ਸ੍ਵਾਸ ਲੇਤਿ ਦੁਖ ਭਰੇ । ਅੱਸ਼ੂ ਬਿਲੋਚਨ ਤੇ ਜਲਿ ਪਰੇ[6] ॥ ੪੧ ॥ ਰਾਵਰ ਕੋ ਨਿਜ ਪੀਰ ਬਤਾਵੈ । ਬੂਝਹੁ ਆਪਿ ਹਵਾਲ ਸੁਨਾਵੈ' । ਸ੍ਰੀ ਹਰਿਗੋਵਿੰਦ ਸੁਨਿ ਕਰਿ ਗਾਥਾ । ਬੂਝ੍ਯੋ ਚਹਿਤਿ ਤਿਸੀ ਕੇ ਸਾਥਾ ॥ ੪੨ ॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪੰਚਮ ਰਾਸੇ 'ਕੌਲਾਂ ਕੋ' ਪ੍ਰਸੰਗ ਬਰਨਨੰ ਨਾਮ ਸਪਤ ਪੰਚਾਸਤੀ ਅੰਸੂ ॥ ੫੭ ॥

---

[1]ਭਾਵ ਧਿਆਨ ਲੀਨ ਹੋ ਗਈ ਹੋਈ ਸੀ। [2]ਭਾਵ ਪ੍ਰੇਮ ਨੇ ਐਓਂ ਦ੍ਰਿੜ੍ਹ ਸਮਾਧੀ ਵਿਚ ਬੰਨ੍ਹ ਦਿਤੀ। [3]ਭਗਤਾਂ ਨੂੰ ਪਿਆਰ ਕਰਨ ਦਾ ਵੱਡਾ ਬਿਰਥ ਜੀ ਵਿਚ ਤਕੜਾ ਅੰਗੀਕਾਰ ਕੀਤਾ। [4]ਕੌਲਾਂ ਕੌਲ ਵਤ ਨੇਤਰਾਂ ਵਾਲੀ। [5]ਨਹੀਂ ਕਹਿੰਦੀ ਪੀੜਾ। [6]ਨੈਣਾਂ ਤੋਂ ਅੰਝੂਆਂ ਦਾ ਜਲ ਡਿੱਗਦਾ ਹੈ।

੫੯. [ਕਉਲਸਰ]।

ਦੋਹਰਾ ॥ ਬਰਨੀ ਜਾਇ ਨ ਕਛੁ ਦਸ਼ਾ ਧਰਨੀ ਲੋਟਤਿ ਦੀਹ। ਹਰਨੀ ਦ੍ਰਿਗ ਤਰਨੀ[1] ਪਰੀ ਗੁਰੂ ਲਖੀ ਸਪ੍ਰੀਹ[2] ॥ ੧ ॥ ਚੌਪਈ ॥ 'ਕਯੋਂ ਧਰ ਪਰੀ ਨੀਰ ਭਰਿ ਬਰਨੀ[3]?। ਭਈ ਬਿਬਰਨੀ[4] ਚੰਪਕ ਬਰਨੀ[5]*। ਕਿਸਿ ਨੇ ਤੋਰਿ ਅਨਾਦਰ ਕੀਨੋ?। ਕਹੁ ਕਾਰਨ, ਕਯੋਂ ਬੇਖ ਮਲੀਨੋ† ॥ ੨ ॥ ਬਾਂਛਤਿ ਕਹਤਿ ਪ੍ਰਥਮ ਹਮ ਪਾਸਿ। ਸੋ ਕਰਿ ਦੇਤੇ ਕਾਰਜ ਰਾਸਿ। ਕਯੋਂ ਇਤਨੋ ਤਨ ਪਾਇ ਬਿਖਾਦੂ?। ਬਿਨਾ ਆਜ ਤੇ ਨਿਤਿ ਅਹਿਲਾਦੂ'॥ ੩ ॥ ਸੁਨਿ ਮ੍ਰਿਦੁ ਵਾਕ ਉਠੀ ਕਰ ਜੋਰਿ। ਕਰਿ ਨਿਜ ਮੁਖ ਸਤਿਗੁਰੁ ਕੀ ਓਰਿ। '-ਤੁਮ ਸਮਰਥ ਸਭਿ ਰੀਤਿ ਗੁਸਾਈਂ-। ਕਹਿ ਸਭਿ ਜਗ ਅਰੁ ਮੈਂ ਲਖਿ ਪਾਈ ॥ ੪ ॥ ਲਾਖਹੁੰ ਦੇਸ਼ਨਿ ਤੇ ਸਿਖ ਆਵੈਂ। ਮਨ ਬਾਂਛਤਿ ਤੁਮ ਤੇ ਬਰ ਪਾਵੈਂ। ਪੂਰਬ ਜਨਮ ਭਾਗ ਮਮ ਨੀਕਾ। ਹੋਨਿ ਹੁਤੋ ਨਿਸਤਾਰੋ[6] ਜੀਕਾ ॥ ੫ ॥ ਜਿਸਿ ਤੇ ਅੰਚਰ ਗਹਯੋ ਤੁਮਾਰਾ। ਮਹਾਂ ਨਰਕ ਤੇ ਮੋਹਿ ਉਬਾਰਾ। ਜਨਮ ਤੁਰਕ ਮਮ ਅਵਿਗਤਿ[7] ਜਾਤੀ। ਸੋ ਤਜਿ ਕਰਿ ਮੈਂ ਤੁਮ ਸੰਗਾਤੀ ॥ ੬ ॥ ਜਬਿ ਲੌ ਜਗਤ ਰਹੈ ਇਹ ਬਨਯੋਤਬਿ ਲੌ ਰਾਵਰ ਕੋ ਜਸੁ ਸੁਨਯੋ। ਮੈਂ ਬਿਚਾਰਿ ਨੀਕੇ ਉਰ ਜੋਈ। ਨਹਿਂ ਪ੍ਰਲੋਕ ਕੀ ਚਿੰਤਾ ਕੋਈ ॥ ੭ ॥ ਇਕਿ ਚਿੰਤਾ ਇਸਿ ਜਗ ਕੀ ਭਾਰੀ। ਸੋ ਨ ਮਿਟਹਿ ਜੇ ਸ਼ਰਨਿ ਤੁਮਾਰੀ। ਤੌ ਨਿਰਭਾਗ ਭਈ ਤਿਸਿ ਦਿਸ਼ਿ ਤੇ। ਮੁਹਿ ਨਹਿਂ ਦੇਹਿਂ ਲੇਹਿ ਜਗ ਜਿਸਿ ਤੇ[8] ॥ ੮ ॥ ਕਹਯੋ ਗੁਰੂ 'ਕਯਾ ਕਾਜ ਤੁਮਾਰਾ?। ਜਿਸਿ ਕਰਿ ਅਸ ਸੰਕਟ ਤਨ ਧਾਰਾ। ਕਹੁ ਅਬਿ ਹਮ ਸੌਂ, ਪੂਰਨ ਕਰੌਂ। ਨਾਹਕ ਕਿਮਿ ਸਚਿੰਤ ਦੁਖ ਭਰੋ' ॥੯॥ ਨਿਜ ਪਰਿ ਕ੍ਰਿਪਾ ਜਾਨਿ ਸਤਿਗੁਰੁ ਕੀ। ਕਹਤਿ ਭਈ ਨਿਜ ਚਿੰਤਾ ਉਰ ਕੀ। '-ਜਿਮ ਰਾਵਰ ਕੋ ਜਸ ਜਗ ਸਾਰੇ। ਬਿਦਤਿ ਭਵਿੱਖਯਤਿ ਰਹੈ ਉਦਾਰੇ ॥ ੧੦ ॥ ਤਿਮਿ ਨਿਜ ਨਾਮ ਉਜਾਗਰ ਕਾਖੌਂ[9]। ਪੁੱਤ੍ਰ ਆਪਿ ਤੇ ਹੁਇ ਅਭਿਲਾਖੌਂ। ਰਹਹਿ ਸਾਂਝਿ ਜਗ ਮਹਿਂ ਤਬਿ

---

[1]ਹਰਨੀ ਵਤ ਨੇਤ੍ਰਾਂ ਵਾਲੀ ਇਸਤ੍ਰੀ। [2]ਇੱਛਾ ਸਹਤ। [ਸੰਸ:, ਪ੍ਰੀਹ=ਇੱਛਾ] (ਅ) ਸਹਤ ਪੀੜਾ ਦੇ [ਸੰਸ:, ਸ+ਪ੍ਰੇਖ=ਪੀੜਾ]। [3]ਝਿੰਮਣੀਆਂ ਵਿਚ ਪਾਣੀ ਭਰਕੇ। [4]ਪਿੱਲੇ ਰੰਗ ਵਾਲੀ ਹੋ ਗਈ। [5]ਚੰਬੇ ਦੇ ਰੰਗ ਵਾਲੀ। [6]ਮੁਕਤੀ। [7]ਖੋਟੀ। [8]ਜਗਤ ਜਿਸ ਤੋਂ ਲੇਂਦਾ ਹੈ, ਉਹਨਾਂ ਮੈਨੂੰ (ਉਹ ਸ਼ੈ) ਨਹੀਂ ਦਿਤੀ, ਭਾਵ ਆਪ ਜੀ ਨੇ। [9]ਆਪਣਾ ਨਾਮ ਉਜਾਗਰ ਚਾਹੁੰਦੀ ਹਾਂ।

*ਪਾ:-ਤਰਨੀ।

†ਪਾ:-ਬੇਖਸ ਲੀਨੋ=ਐਸਾ ਵੇਸ ਲਿਆ।

ਮੇਰੀ। ਜਾਨਹਿ ਨਰ ਸੰਤਤਿ ਜਬਿ ਹੇਰੀ[੧] ॥ ੧੧ ॥ ਇਸਿ ਦੂਖ ਕਰਿ ਦੁਖੀਆ ਮਨ ਮੋਰਾ। ਹਰਹੁ, ਭਰੋਸਾ ਹੈ ਇਕਿ ਤੋਰਾ'। ਸ੍ਰੀ ਹਰਿਗੋਵਿੰਦ ਸੁਨਤਿ ਬਖਾਨਾ। 'ਕਹਾਂ ਮਨੋਰਥ ਤੈਂ ਉਰ ਠਾਨਾ ॥੧੨॥ ਨਾਸ਼ਵੰਤ ਜਗ ਮਹਿਂ ਰਹਿਂ ਨਾਮੂ। ਕਸੈਂ ਨ ਸੰਭਾਰਤਿ ਆਗਲਿ ਧਾਮੂ[੨]। ਸੁਮਤਿਵੰਤ ਬਡ ਸੋ ਹੈਂ ਪ੍ਰਾਨੀ। ਜਗਤਿ ਵਾਸ਼ਨਾ ਜਿਨਹੁਂ ਮਿਟਾਨੀ ॥ ੧੩ ॥ ਕਸਾ ਸੁਤ ਬਿਤ ਤੇ ਸਰਹਿ ਅਗਾਰੀ। ਮਰੇ ਨ ਆਵਹਿਂ ਕਬਹੁਂ ਨਿਹਾਰੀ[੩]। ਹੰਤਾ ਮਮਤਾ ਮਿੱਥਸਾ ਧਾਰਤਿ। ਜਗਤ ਪਦਾਰਥ ਹਿਤ ਭਵ ਹਾਰਤਿ[੪] ॥ ੧੪॥ ਕਹਾਂ ਪੁੱਤ੍ਰ ਤੇ ਕਾਰਜ ਸਰਹਿ। ਤਸਾਗਿ ਚਲਹਿਂ ਏਕਲਿ, ਜਬਿ ਮਰਹਿਂ। ਹਮ[੫] ਸੰਗਤਿ ਕੋ ਲਾਭ ਇਹੀ ਹੈ। ਜਗਤਿ ਵਾਸ਼ਨਾ ਹੋਤਿ ਨਹੀਂ ਹੈ॥੧੫॥ ਕਸਾ ਤੁਛ ਵਸਤੂ ਪਰ ਲਲਚਾਈ। ਇਤੋ ਖੇਦ ਮਨ ਧਰਸੋ ਜਨਾਈ। ਹਮ ਸੋ ਪ੍ਰੇਮ ਇਤੋ ਤੁਮ ਕਰਸੋ। ਅਬਿ ਲੌ ਨਹੀਂ ਮੋਹ ਪਰਹਰਸੋ' ॥ ੧੬ ॥ ਸੁਨਿ ਕੌਲਾਂ ਪੁਨ ਗੁਰ ਸੰਗ ਕਹਸੋ। 'ਆਪਿ ਜਥਾਰਥ ਮਮ ਹਿਤ ਚਹਸੋ। ਤਊ ਸੁਨਹੁ ਮੈਂ ਗਮਨੀ ਮੰਦਿਰ[੬]। ਪੁੱਤ੍ਰ ਪਿਖੇ ਰਾਵਰ ਕੇ ਸੁੰਦਰ ॥ ੧੭ ॥ ਜਿਨਿ ਜਿਨਿ ਤੇ ਸੁਤ ਜਨਮੇ ਅਹੈਂ। ਤਿਨਿ ਕੇ ਨਾਮ ਜਗਤ ਮਹਿ ਰਹੈਂ। ਮਰੇ ਪਿਛਾਰੀ ਨਾਮ ਨ ਮੇਰੋ। ਕਿਮਿ ਕੋ ਲੇਹਿ, ਨਹੀਂ ਕਿਛ ਹੇਰੋਂ[੭] ॥੧੮॥ ਤੁਮਰੇ ਤਨ ਸੋਂ ਜਿਮਿ ਤਨ ਸੰਗਤਿ[੮]। ਤਥਾ ਨਾਮ ਭੀ ਰਹਿ ਇਮਿ, ਸੰਗਤਿ। ਰਾਵਰਿ ਨਾਮ ਅਟਲ ਜੁਗ ਚਾਰਿ। ਸਿਮਰਹਿਂ ਜਗ ਤੇ, ਕਰਹਿਂ ਉਧਾਰ ॥ ੧੯ ॥ ਤਿਮਿ ਮੇਰੋ ਭੀ ਰਾਖਹੁ ਨਾਮੂ। ਇਹੀ ਬਾਸ਼ਨਾ ਉਰ, ਨਿਸ਼ਕਾਮੂ[੯]। ਅਪਰ ਮਨੋਰਥ ਉਠਤਿ ਨ ਕੋਊ। ਮਨ ਖੈ ਹੀਨ ਵਾਸ਼ਨਾ ਹੋਊ[੧੦] ॥੨੦॥ ਨਾਮ ਸੰਗਿ ਮੈਂ ਨਾਮ ਥਿਰਾਵੋਂ। ਇਹੀ ਕਾਮਨਾ ਕੋ ਅਬਿ ਪਾਵੋਂ। ਦੀਜਹਿ ਪੁਤ੍ਰ ਮੋਹਿ ਕਹੁ ਪਸਾਰੇ। ਨਾਂਹਿ ਤ ਮਰਣ ਮੋਹਿ ਮਨ ਧਾਰੇ ॥ ੨੧ ॥ ਤੀਨਹੁ ਪਤਨੀ ਕੋ ਜਿਮਿ ਨਾਮੂ। ਬਿਦਤਹਿ ਜਗਤਿ ਬਿਖੈ

[੧]ਦੇਖੇਗਾ (ਜਗ)। [੨]ਭਾਵ ਪ੍ਰਲੋਕ। [੩](ਮਾਪੇ) ਮਰਕੇ ਕਦੇ (ਸੰਤਾਨ ਨੂੰ) ਵੇਖਣ ਨਹੀਂ ਆਉਂਦੇ। [੪]ਜਨਮ ਹਰਦੇ ਹਨ। [੫]ਸਾਡੀ। [੬]ਮਹਿਲਾਂ ਵਿਚ। [੭]ਮੈਂ ਕੋਈ (ਨਿਸ਼ਾਨ) ਨਹੀਂ ਵੇਖਦੀ। [੮]ਜਿਸ ਤਰ੍ਹਾਂ ਤੁਹਾਡੇ ਤਨ ਨਾਲ ਮੇਰਾ ਤਨ (ਸੰਗਯਤ=) ਨਾਮ ਵਾਲਾ (ਹੁਣ) ਹੈ, ਭਾਵ ਕਿ ਤੁਸੀਂ ਤਾਰਣਹਾਰ ਹੋ ਤੇ ਮੈਂ ਚੇਲੀ ਤਰਨਹਾਰ ਹਾਂ, ਇਸੇ ਤਰ੍ਹਾਂ ਮੇਰਾ ਨਾਮ (ਅੱਗੇ ਨੂੰ ਬੀ) ਰਹਿ ਜਾਵੇ, ਇਹ ਮੈਂ ਮੰਗਦੀ ਹਾਂ। [ਸੰਸ:, ਸੰਗਯਾ=ਨਾਮ]। [੯](ਹੋਰ ਕਾਮਨਾ ਤੋਂ) ਨਿਸ਼ਕਾਮ ਹਾਂ। [੧੦]ਮਨ ਖੈ ਤੇ ਵਾਸ਼ਨਾ ਹੀਨ ਹਾਂ ਮੈਂ। (ਅ) ਮਨ ਨਾਸ਼ ਹੋਣ ਨਾਲ ਵਾਸ਼ਨਾ ਨਾਸ਼ ਹਨ। ਆਮ ਬੋਲਨ ਵਿਚ ਇਹ ਪਦ ਹੈ=ਮਨੋ ਨਾਸ਼ ਵਾਸ਼ਨਾ ਖੈ—।

ਅਭਿਰਾਮੁ। ਤਿਮਿ ਹੀ ਮਨਸਾ ਮੇਰੀ ਜਾਨੋ। ਪੁਰਹੁ ਕ੍ਰਿਪਾ ਕਰਿ, ਪ੍ਰੇਮ ਪਛਾਨੋ' ॥ ੨੨ ॥ ਸੁਨਿ ਸਤਿਗੁਰੁ ਕਹਿ, ਦੇ ਉਰ ਧੀਰਿ। 'ਯਹਿ ਸੁਖੇਨ ਮਿਟਿ ਹੈ ਤਵ ਪੀਰ। ਤਿਨਿ ਤੀਨਹੁੰ ਤੇ ਤੇਰੋ ਨਾਮੁ। ਬਡੋ ਬਿਦਤਿ ਕਰਿ ਹੈਂ ਅਭਿਰਾਮੁ ॥੨੩॥ ਉਠਹੁ ਸ਼ਨਾਨ ਕਰਹੁ ਹਰਿਖਾਇ। ਪਹਿਰਹੁ ਬਸਤ੍ਰ ਸੁ ਭੋਜਨ ਖਾਇ। ਤੇਰੋ ਪੁੱਤ੍ਰ ਹੋਹਿ ਜਗ ਐਸੇ। ਨਾਮ ਲੇਹਿ ਤੁਵ ਸਭਿਹੂੰ ਜੈਸੇ[1] ॥ ੨੪ ॥ ਨਾਮ ਤੋਹਿ ਪਰਿ ਤਾਲ ਲਗਾਵੌਂ। ਹੋਹਿ ਕੌਲਸਰ ਬਹੁ ਬਿਦਤਾਵੌਂ। ਕਰਹਿਂ ਸ਼ਨਾਨ ਨਾਮ ਤੁਹਿ ਲੈਹੈਂ। ਸਰ ਜਬਿ ਗਿਨਹਿਂ ਤਹਾਂ ਗਿਨ ਲੈ ਹੈਂ ॥ ੨੫॥ ਸਦਾ ਅਟਲ ਹੋਵਹਿ, ਨਹਿਂ ਜਾਇ'। ਸੁਨਤਿ ਉਠੀ ਕੌਲਾਂ ਹਰਖਾਇ। 'ਤੁਮ ਮੇਰੇ ਹਿਤ ਕੇ ਹੋ ਕਰਿਤਾ। ਅਦਭੁਤ ਲਖਿਯਤਿ ਹੈਂ ਤੁਵ ਚਰਿਤਾ ॥ ੨੬ ॥ ਯਾਂਤੇ ਮੈਂ ਨ ਕਰੌਂ ਹਠ ਕੋਈ। ਤੁਮ ਕੋ ਆਛੀ ਕੀਜਹਿ ਸੋਈ'। ਇਮਿ ਕਹਿ ਹਰਖਤਿ ਕੀਨਿ ਸ਼ਨਾਨੇ। ਸਤਿਗੁਰ ਆਇ ਅਪਨਿ ਸਥਾਨੇ ॥ ੨੭॥ ਬ੍ਰਿਧ ਸੋਂ ਕਹਜੋ 'ਤਾਲ ਕੀ ਤਯਾਰੀ। ਕਰਿਵਾਵਹੁ ਤੂਰਨਤਾ ਧਾਰੀ। ਜੋ ਜੋ ਚਹੀਯਹਿ ਸਭਿ ਕਿਛੁ ਲੇਵਹੁ। ਚੂਨੇ ਈਂਟ ਹੇਤ ਕਹਿ ਦੇਵਹੁ' ॥ ੨੮ ॥ ਸੁਨਿ ਸਾਹਿਬ ਤੇ ਬਾਕ ਉਚਾਰਾ। 'ਜੋ ਤੁਮ ਰਚਹੁ ਸੁ ਪਰਉਪਕਾਰਾ'। ਇਮਿ ਕਹਿ ਸੋ ਦਿਨ ਦਿਯੋ ਬਿਤਾਈ। ਅਗਲੇ ਦਿਵਸ ਗਏ ਸੁਖਦਾਈ ॥੨੯॥ ਸਿਖ ਮਸੰਦ ਸੰਗਤਿ ਬਹੁ ਸਾਥਿ। ਖਰੇ ਭਏ ਚਲਿ ਤਿਸ ਥਲ ਨਾਥ। ਪ੍ਰਥਮ ਮਹੂਰਤਿ ਆਪਿ ਕਰਾਯੋ[2]। ਪੁਨਿ ਸੰਗਤਿ ਸੋਂ ਬਚ ਫੁਰਮਾਯੋ ॥੩੦॥ 'ਕਰਹਿ ਤਾਲ ਕੀ ਕਾਰ ਜੁ ਆਇ। ਮਨ ਬਾਂਛਤਿ ਫਲ ਕੋ ਸਿਖ ਪਾਇ'। ਪੁਨ ਬ੍ਰਿਧ ਬੈਠਿ ਕਾਰ ਕਰਿਵਾਵਹਿ। ਜੋ ਚਹੀਯਤਿ ਸੋ ਤੁਰਤਿ ਦਿਵਾਵਹਿ ॥ ੩੧ ॥ ਦਰਸ਼ਨ ਹਿਤ ਸੰਗਤਿ ਜਬਿ ਆਵੈ। ਸੁਨਿ ਮਹਿਮਾ ਕੋ ਖਨਿ ਖਨਿ ਜਾਵੈ। ਨਾਮ ਕੌਲਸਰ ਕਹਿ ਬਿਦਤਾਯਹੁ। ਇਮ ਕਹਿ ਕੌਲਾਂ ਕੋ ਸਮੁਝਾਯਹੁ* ॥ ੩੨ ॥ 'ਦੇਸ਼ ਬਿਦੇਸ਼ ਬਿਖੈ ਤੁਵ ਨਾਮੂ। ਫੈਲਹਿ ਤੀਰਥ ਹੁਇ ਅਭਿਰਾਮੁ। ਪਰਉਪਕਾਰ ਜਗਤਿ ਪਰ ਹੋਯੋ। ਬਹੁ ਸੁਖ ਪਾਵੈਂ ਸਰ ਛੇ ਜੋਯੋ' ॥ ੩੩ ॥ ਸੁਨਿ ਕੌਲਾਂ ਮਨ ਭਈ ਅਨੰਦ। ਖਨਜੋ ਤਾਲ ਨੀਵੋਂ ਸੁ ਬਿਲੰਦ। ਇਹ ਪ੍ਰਸੰਗ ਤੌ ਇਸ ਬਿਧਿ ਭਯੋ। ਰਾਮਾ ਕਰਿ ਸਬੰਧ ਘਰਿ ਗਯੋ ॥੩੪॥ ਨਿਜ ਪਤਨੀ ਸੋਂ

[1]ਜਿਵੇਂ ਸਾਰੇ ਤੇਰਾ ਨਾਮ ਲੈਣ। [2]ਭਾਵ ਪਹਿਲੇ ਸਤਿਗੁਰੂ ਜੀ ਨੇ ਆਪ ਮਹੂਰਤ ਮਾਤ੍ਰ (=ਥੋੜ੍ਹਾ ਜਿਹਾ) ਟੱਕ ਲਾਇਆ।

*ਪਾ:-ਕਹਿ ਕੌਲਾਂ ਕੋ ਸਭਿ ਸਮੁਝਾਯਹੁ।

ਗਾਥ ਸੁਨਾਈ। 'ਗੁਰੁ ਸੁਤ ਸੋਂ ਕਿਯ ਸੁਤਾ ਸਗਾਈ'। ਸੁਨਿ ਸੁਖਦੇਈ ਭਈ ਅਨੰਦਾ।'ਬਡੇਭਾਗ ਤੇ ਮਿਲੇ ਮੁਕੰਦਾ॥੩੫॥ਗੁਰੂ ਪੁਤ੍ਰ ਕੋ ਬਯਾਹਨਿ ਆਵੈਂ। ਨਗਰ ਲੋਕ ਸਗਰੇ ਦਰਸਾਵੈਂ। ਸਭਿ ਪਰਿ ਭਯੋ ਤੋਰਿ ਉਪਕਾਰਾ। ਅਰੁ ਆਛੋ ਨਿਜ ਕਾਜ ਸੁਧਾਰਾ' ॥ ੩੬ ॥ ਬੀਤ ਗਏ ਜਬਿ ਤੀਨ ਮਹੀਨੇ। ਆਯੋ ਮਾਘ ਭਲੇ ਦਿਨ ਚੀਨੇ। ਨਿਜ ਪਤਨੀ ਸੋਂ ਕੀਨਿ ਸਲਾਹ। ਕਰਿ ਦੀਜਹਿ ਤਨੁਜਾ ਕੋ ਬਯਾਹ॥ ੩੭॥ ਪਾਂਧੇ ਤੇ ਸੁਧਾਇ ਕਰਿ ਸਾਹਾ*।ਲਿਖਿ ਭੇਜਯੋ ਸਤਿਗੁਰ ਕੇ ਪਾਹਾ। ਆਯੋ ਦਿਜ ਆਸ਼ਿਖ ਕੋ ਦੀਨਿ। 'ਕਿਤਿ ਤੇ ਆਯੋ?' ਬੂਝਿਨਿ ਕੀਨਿ ॥ ੩੮ ॥ ਸੁਨਿ ਬੋਲਯੋ 'ਰਾਮੇ ਮੁਝ ਭੇਜਾ।–ਸਾਹਾ ਸਤਿਗੁਰੁ ਕੇ ਢਿਗਿ ਲੇਜਾ–। ਨਗਰ ਵਟਾਲੇ ਤੇ ਚਲਿ ਆਯਹੁ। ਇਸਿ ਹਿਤਿ ਕਰਿ ਗੁਰ ਦਰਸ਼ਨ ਪਾਯਹੁ ॥ ੩੯ ॥ ਉਦੈ ਭਾਗ ਨਰ ਕੇ ਜਬਿ ਹੋਇਂ। ਤਬਿ ਰਾਵਰ ਕੌ ਦਰਸ਼ਨ ਜੋਇ। ਰਾਮੇ ਕਹੀ ਬੰਦਨਾ ਕਰਨਿ। ਬਿਨਤੀ ਸਹਤ ਆਪਿ ਕੇ ਚਰਨ'॥ ੪੦ ॥ ਦਿਜ ਤੇ ਲੇ ਪਾਤੀ ਪਠਿਵਾਈ। 'ਮਾਸ ਵਿਸਾਖ ਮਹਾਂ ਸੁਖਦਾਈ। ਸਾਹਾ ਮੈਂ ਆਛੋ ਸੁਧਿਵਾਯੋ। ਅੰਗੀਕਾਰ[੧] ਤੁਮਹਿ ਬਨਿ ਆਯੋ' ॥ ੪੧ ॥ ਸਤਿਗੁਰ ਕੇ ਮੰਦਿਰ ਸੁਧਿ ਗਈ। ਸਭਿ ਸੁਨਿ ਕਰਿ ਮਨ ਮੋਦਤਿ ਭਈ। ਗੰਗਾ ਕਹਯੋ 'ਕਾਜ ਭਾ ਆਛੋ। ਉਤਸਵ ਦੇਖਨਿ ਕੋ ਬਹੁ ਬਾਂਛੋਂ' ॥ ੪੨॥ ਦਿਜ ਕੀ ਸੇਵ ਸੌਂਪਿ ਕਰਿ ਗਏ। ਸਤਿਗੁਰ ਮੰਦਿਰ ਪ੍ਰਾਪਤਿ ਭਏ।ਅਤਿ ਪ੍ਰਸੰਨ ਹੁਇ ਬੂਝਨਿ ਕੀਨੇ। 'ਕੌਨ ਮਾਸ ਕੋ ਸਾਹਾ ਦੀਨੇ ?' ॥੪੩॥ ਦੋਹਰਾ ॥ ਸ਼੍ਰੀ ਗੁਰੁ ਹਰਿਗੋਬਿੰਦ ਜੀ ਭਾਖਯੋ ਸਭਨਿ ਸੁਨਾਇ। 'ਮਾਸ ਵਿਸਾਖ ਇਕੀਸਵੀਂ ਸੋਧਯੋ ਲਿਖਯੋ ਬਨਾਇ' ॥ ੪੪ ॥ ਸੁਨਿ ਸਭਿ ਬਿਖੈ ਅਨੰਦ ਭਾ ਮੰਗਲ ਮਹਿਦ ਪ੍ਰਸੰਗ। ਸਹਤ ਸਨੁਖਾ ਤੀਨ ਕੇ ਰਿਦੇ ਉਮੰਗਤਿ ਰੰਗ॥ ੪੫ ॥ ਗੀਤ ਮੰਗਲਾਚਾਰ ਕੇ ਪਿਕਬੈਨੀ ਮਿਲਿ ਗਾਇਂ। ਗੁਰੁ ਕੈ ਉਤਸਵ ਬਿਦਤਿਓ ਸੁਨਿ ਸੁਨਿ ਸਭਿ ਹਰਖਾਇਂ ॥ ੪੬ ॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪੰਚਮ ਰਾਸੇ 'ਕੋਲਸਰ' ਪ੍ਰਸੰਗ ਬਰਨਨੰ ਨਾਮ ਅਸ਼ਟ ਪੰਚਾਸਤਿ ਅੰਸੂ ॥ ੫੮ ॥

੫੯. [ਸ੍ਰੀ ਗੁਰਦਿੱਤਾ ਵਯਾਹ]।

ਦੋਹਰਾ ॥ ਦਿਨ ਦੋਇਕਿ ਦਿਜ ਕੋ ਰਖਯੋ ਲਾਗ ਦਰਬ ਕੋ ਦੀਨ। ਕੇਤਿਕ

---

[੧]ਪਰਵਾਨ ਕਰਨਾ। *ਸਾਹੇ ਬਾਬਤ ਪਿਛੇ ਕਈ ਥਾਂ ਲਿਖ ਆਏ ਹਾਂ, ਦੇਖੋ ਰਾਸ ੪ ਅੰਸੂ ੭ ਅੰਕ ੨੪ ਦੀ ਹੇਠਲੀ ਟੂਕ।

ਦਿਨ ਬੀਤੇ ਪ੍ਰਭੁ ਤਯਾਰਿ ਸਮਾਜ ਸੁ ਕੀਨਿ ॥ ੧ ॥ ਚੌਪਈ ॥ ਦੇ ਦੇ ਦਰਬ ਮਸੰਦ ਪਠਾਏ। ਸਰਪੀ ਸਿਤਾ ਬਟੋਰਤਿ ਲਯਾਏ। ਸੂਖਮ ਚਾਵਰੁ ਚਾਰੁ ਲੰਮੇਰੇ। ਤਿਮਿ ਗੋਧੂਮ ਜਹਾਂ ਸ਼ੁਭ ਹੇਰੇ ॥ ੨ ॥ ਜੇਤੋ ਖਰਚ ਲਖਯੋ ਮਨ ਮਾਂਹੀ। ਦੁਗਨ ਵਸਤੁ ਲਯਾਵਤਿ ਭੇ ਤਾਂਹੀ॥ਬ੍ਰਿੰਦ ਕਰਾਹੇ ਦਏ ਚਢਾਇ। ਸ਼ੁਭ ਪਕਵਾਨ ਪਾਕ ਸਮੁਦਾਇ॥੩॥ਪ੍ਰਥਮ ਥਾਰ ਗਨ[1]ਭਰਿ ਕਰਿ ਲਯਾਏ ਬ੍ਰਿੰਦ ਸੇਵਕਨਿ ਤੇ ਉਚਵਾਏ । ਸ਼੍ਰੀ ਦਰਬਾਰ ਬੰਦਨਾ ਕੀਨਿ। ਫਿਰੇ ਪ੍ਰਦਖਨਾ ਚਾਰਹੁੰ ਦੀਨਿ ॥ ੪ ॥ ਬ੍ਰਿਧ ਸਾਹਿਬ, ਭਾਈ ਗੁਰੁਦਾਸ। ਇਨਿ ਤੇ ਕਰਿਵਾਇਸਿ ਅਰਦਾਸ। ਸਰਬ ਪ੍ਰਸਾਦ ਬ੍ਰਤਾਵਨਿ ਕਰੇ। ਬਹੁਰ ਨਿਕੇਤ ਆਇ ਹਿਤ ਧਰੇ ॥ ੫ ॥ ਆਗਯਾ ਕਰੀ 'ਸਬੰਧ ਜਹਾਂ ਜਹਿਂ। ਗਨ ਪਕਵਾਨ ਪਠਾਇ ਤਹਾਂ ਤਹਿਂ। ਸਗਰੇ ਮੇਲਿ[2] ਹਕਾਰਨਿ ਕਰੋ। ਇਸਿ ਕਾਰਜ ਕੀ ਬਿਲਮਿ ਨ ਧਰੋ' ॥੬॥ ਪ੍ਰਥਮ ਖਡੂਰ ਸੁ ਗੋਇੰਦਵਾਲ। ਗੰਗ ਮਾਤ ਨੇ ਪਠੀ ਬਿਸਾਲ। ਮੀਂਡਿਆਲੀ ਰੁ ਡਰੋਲੀ ਡੱਲੇ। ਦੇ ਪਕਵਾਨ ਦੂਤ ਗਨ ਘੱਲੇ ॥ ੭ ॥ ਰਾਮਦਾਸ ਪੁਰਿ ਮਹਿਂ ਘਰ ਸਾਰੇ। ਪਠਿ ਕਰਿ ਤਿਨਹੁਂ ਅਨੰਦ ਕੋ ਧਾਰੇ। ਅਪਰ ਜਿ ਮੰਗਲ ਅਨਿਕ ਪ੍ਰਕਾਰੇ।ਕਰਤਿ ਰਹੇ ਜਿਮਿ ਗੰਗ ਉਚਾਰੇ ॥੮॥ ਬਿਧੀਏ ਕੋ ਸਭਿ ਸੌਂਪਿ ਸਮਾਜਾ। ਕਰੇ ਅਨੇਕ ਬਯਾਹ ਕੇ ਕਾਜਾ। ਸਰਬ ਰੰਗ ਕੇ ਤੰਬੂ ਘਨੇ। ਰੇਸ਼ਮ ਕੀ ਡੋਰਨਿ ਸੋਂ ਬਨੇ ॥੯॥ ਤਿਨ ਮਹਿਂ ਫਰਸ਼ ਗ਼ਲਿਮਿ[3] ਤੇ ਆਦੀ। ਕਰਿ ਕੈ ਤਯਾਰਿ ਰਖੀ ਹਿਤ ਸ਼ਾਦੀ। ਜ਼ੀਨ ਤੁਰੰਗਨਿ ਲਿਪਟੈ ਜ਼ਰੀ। ਊਪਰਿ ਚਾਰੁ ਕਰੀ ਬਿਸਤ-ਰੀ*॥ ੧੦ ॥ ਸੁਭਟਨਿ ਕੀ ਪੋਸ਼ਿਸ਼ ਬਨਵਾਈ। ਬਹੁਤਿ ਬਿਭੂਖਨ ਲੀਨਿ ਘਰਾਈ। ਧਨ ਅਨਗਨ ਜਿਨਿ ਕਿਨ ਗੁਰੁ ਘਰ ਤੇ। ਲੇ ਲੇ ਸਕਲ ਸਮਾਜਨਿ ਕਰਤੇ ॥ ੧੧ ॥ ਜਬਿ ਕੁਛਿ ਤਯਾਰਿ ਹੋਹਿ ਬਨਿਵਾਵਤਿ। ਸ਼੍ਰੀ ਸਤਿਗੁਰ ਕੋ ਜਾਇ ਦਿਖਾਵਤਿ। ਰਹਿ ਜਬਿ ਗਏ ਕਿਤਿਕ ਦਿਨ ਸ਼ੇਖ। ਆਇ ਪਹੂਚਯੋ ਮੇਲ ਅਸ਼ੇਖ ॥ ੧੨ ॥ ਦਾਤੂ ਅਪਰ ਮੋਹਰੀ ਆਏ।ਬਨਿਤਾ, ਨੰਦ, ਸੰਗਿ ਨਿਜ ਲਯਾਏ। ਦਧਾ ਕੁਇਰ ਨਾਰਾਇਣ ਦਾਸ। ਦੰਪਤਿ ਆਏ ਕਰਤਿ ਹੁਲਾਸ ॥ ੧੩ ॥ ਸਤਿਗੁਰੁ ਕਰਿ ਕੈ ਬਹੁ ਸਨਮਾਨੇ। ਜਾਨਿ ਥਾਨਿ ਬਡ ਬੰਦਨ ਠਾਨੇ। ਬਹੁਰਿ ਗਈ ਸਭਿ ਗੰਗਾ ਪਾਸਿ।

---

[1]ਥਾਲ ਬਹੁਤੇ। [2]ਵਿਆਹ ਵਿਚ ਸ਼ਾਮਲ ਹੋਣ ਲਈ ਜੋ ਸਾਕ ਆਦਿਕ ਸੱਦੇ ਜਾਣ। [3]ਭਾਵ, ਗ਼ਾਲੀਚੇ [ਫਾਃ—ਗ਼ਲੀਮ=ਕੰਬਲ, ਕਾਲੀਚਾ]। *ਪਾਃ—ਬਸਤਰੀ=ਕਾਠੀ ਤੇ ਗੱਦੀ।

ਮਿਲਿ ਮਿਲਿ ਗਰ ਸੋਂ ਪ੍ਰੇਮ ਪ੍ਰਕਾਸ਼॥੧੪॥ ਸੁਨਿ ਦਮੋਦਰੀ ਮਾਤ ਪਿਤਾਏ। ਉਤਿਕੰਠਾ ਜੁਤਿ ਅੰਕ ਮਿਲਾਏ। ਕ੍ਰਿਸ਼ਨ ਚੰਦ ਧਨਵੰਤੀ ਆਇ। ਮਿਲਿ ਗੁਰੁ ਸੋਂ ਸਭਿ ਗਰੇ ਲਗਾਇ॥੧੫॥ ਦ੍ਵਾਰਾ ਭਾਗਨ ਕੇ ਜੁਤਿ ਆਯੋ। ਮਰਵਾਹੀ ਸੋਂ ਮਿਲਿ ਸੁਖ ਪਾਯੋ। ਸਗਰੋ ਸਤਿਗੁਰੁ ਕੋ ਪਰਵਾਰੁ। ਜੇਤਿਕ ਮੇਲ ਮਿਲਯੋ ਹਿਤ ਧਾਰੁ॥੧੬॥ ਸਿੰਧੁ ਅਗਾਧ ਅਨੰਦ ਬਿਲੰਦਾ[1]। ਕ੍ਰੀੜਤਿ ਤਿਸਿ ਮਹਿਂ ਮਿਲਿ ਕਰਿ ਬ੍ਰਿੰਦਾ। ਸ਼੍ਰੀ ਗੁਰਦਿੱਤਾ ਬੀਚ ਬਿਠਾਵੈਂ। ਸਪਤਿ ਸੁਹਾਗਣਿ ਨੇਹ ਚਢਾਵੈਂ[2]॥ ੧੭॥ ਮਰਦਨ ਕਰਹਿਂ ਉਬਟਨੋ[3] ਅੰਗ। ਗਾਵਤਿ ਮੰਗਲ ਗੀਤ* ਉਮੰਗ। ਅਪਰ ਸਰਬ ਕਰਿ ਕੈ ਕੁਲ ਰੀਤਿ। ਮਿਲਿ ਮਿਲਿ ਦੇਖਤਿ ਹੈਂ ਚਿਤ ਪ੍ਰੀਤ॥ ੧੮॥ ਗੁਰੁ ਆਗਯਾ ਤੇ ਸਕਲ ਬਰਾਤੀ। ਭਏ ਤਯਾਰਿ ਸਜਿ ਸੁੰਦਰ ਭਾਂਤੀ। ਬਸਨ ਬਿਭੂਖਨ ਪਾਇ ਘਨੇਰੇ। ਬਨੇ ਜੁ ਖਰਚੇ ਦਰਬ ਘਨੇਰੇ[4]॥੧੯॥ਲਘੁ ਦੁੰਦਭਿ ਬਾਜਤਿ ਸ਼ਹਨਾਈ। ਪਟਹ ਨਿਸ਼ਾਨ ਸ਼ਬਦ ਸਮੁਦਾਈ†। ਭਾਟ, ਨਕੀਬ ਉਚਾਰਤਿ ਖਰੇ। ਲੇਨਿ ਦੇਨਿ ਜਿਤਿ ਕਿਤਿ ਨਰ ਕਰੇ॥ ੨੦॥ ਗੁਰੂ ਪੁੱਤ੍ਰ ਗੁਰਦਿੱਤਾ ਤਬੈ। ਪੋਸ਼ਿਸ਼ ਪੀਤ ਅੰਗ ਧਰਿ ਸਬੈ। ਸ਼ੁਭਤਿ ਸੇਹਰਾ ਸੁੰਦਰ ਮਾਥੇ।ਬਾਂਧਿ ਕੰਗਨਾ ਹਾਥਹਿਂ ਸਾਥੇ॥੨੧॥ ਸ੍ਰੀ ਹਰਿਮੰਦਿਰ ਬੰਦਨ ਕਰਿ ਕੈ। ਤਾਲ ਸਮੇਤਿ ਪ੍ਰਕਰਮਾਂ ਫਿਰਿ ਕੈ। ਭਏ ਅਰੂਢਨਿ ਚਲੇ ਅਗਾਰੀ। ਸੰਗਿ ਸੁੰਦਰੀ ਸ਼ੋਭਤਿ ਸਾਰੀ॥ ੨੨॥ ਚਲੀ ਬਰਾਤ ਚਢਾਵਨਿ ਆਗੇ। ਗਾਵਤਿ ਗੀਤ ਮੋਦ ਮੈਂ ਪਾਗੇ। ਸ੍ਰੀ ਹਰਿਗੋਵਿੰਦ ਚਢੇ ਤੁਰੰਗ। ਸਜੀ ਚਮੂੰ ਚਾਲੀ[5] ਗਨ ਸੰਗਿ॥ ੨੩॥ ਧੌਂਸਾ ਕੀ ਗੰਭੀਰ ਧੁੰਕਾਰਨਿ। ਦੁਹਰੀ ਚੋਬ ਕਰੀ ਜਬਿ ਮਾਰਨਿ। ਸਯੰਦਨ[6], ਸਕਟ[7] ਅਨਿਕ ਹੀ ਚਲੇ।ਸਿਵਕਾ[8] ਸਜਤਿ ਜ਼ਰੀ ਝਲਮਲੇ॥੨੪॥ ਥਾਤੀ[9] ਬ੍ਰਿੰਦ ਦਰਬ ਕੀ ਲੀਨਿ। ਜੇਸ਼ਟ ਪੁੱਤ੍ਰ ਬਯਾਹ ਕੋ ਚੀਨ। ਤੀਨਹੁ ਨੁਖਾ ਰੰਗ ਲੇ ਸੰਗਿ। ਅਪਰ ਨਾਰਿ ਸਗਰੀ ਸ਼ੁਭ ਅੰਗ[10] ॥੨੫॥ ਕਰਿ ਕੁਲ ਰੀਤਿ ਬਰਾਤਿ ਚਢਾਈ। ਅਧਿਕ ਅਨੰਦਤਿ ਆਲਯ ਆਈ। ਲੇ ਸਤਿਗੁਰ ਸੁਤ ਸੰਗਿ ਸਸੈਨਾ। ਚਲਤਿ ਸਕਲ ਕੋ ਹੇਰਤਿ ਨੈਨਾ॥ ੨੬॥ ਮਾਰਗ ਉਲੰਘਿ ਕਿਤਿਕ ਜਬਿ ਗਏ। ਸੰਧਯਾ ਸਮੇ ਸਿਵਰ

[1]ਅਨੰਦ ਰੂਪੀ ਵਡੇ ਤੇ ਡੂੰਘੇ ਸਮੁੰਦ੍ਰ ਵਿਚ। [2]ਤੇਲ ਚੜ੍ਹਾਉਂਦੀਆਂ ਹਨ। [3]ਵਟਣਾ। [4]ਬਹੁਤੇ ਧਨ ਦੇ ਖਰਚਿਆਂ ਜੋ ਬਣੇ ਸਨ। [5]ਤੁਰੀ। [6]ਰਥ। [7]ਗੱਡੇ। [8]ਪਾਲਕੀਆਂ। [9]ਥੈਲੀਆਂ। [10]ਭਾਵ ਸੋਹਣੀਆਂ। *ਪਾ:-ਰੀਤਿ। †ਪਾ:-ਸਮੁਹਾਈ।

ਸਭਿ ਕਿਏ। ਤਹਿੰ ਸਥਾਨ ਸ਼੍ਰੀ ਨਾਨਕ ਕੇਰ। ਬਜਾਹਨਿ ਜਾਤਿ ਕਰਯੋ ਸ਼ੁਭ
ਡੇਰਾ[੧] ॥੨੭॥ ਤਹਾਂ ਕਰੀ ਬੰਦਨ ਸਭਿ ਜਾਇ*।ਬੂਝੇ 'ਕਿਸ ਥਲ?' ਗੁਰੂ
ਬਤਾਇ[੨]। ਜਥਾ ਜੋਗ ਤਹਿੰ ਖਾਨਾ ਦਾਨਾ†। ਸਭਿਹਿਨਿ ਕੀਨਿ ਅਨੰਦ
ਮਹਾਨਾ ॥੨੮॥ ਵਾਹਨ ਸਗਰੇ ਬਹ ਤ੍ਰਿਪਤਾਏ। ਕਰਿ ਬਿਸਰਾਮ ਸੁ ਨਿਸਾ
ਬਿਤਾਏ। ਜਾਮ ਜਾਮਨੀ ਜਬਹਿ ਨਿਹਾਰਿ। ਲਗੀ ਚੋਬ ਧੌਂਸਾ ਧੁੰਕਾਰ ॥
੨੯॥ ਸੁਨਿਤਿ ਉਠੇ ਸਭਿ ਤਯਾਰੀ ਕਰੀ। ਸੌਚਿ ਸ਼ਨਾਨ ਜਥਾ ਰੁਚਿ ਧਰੀ
। ਨਿਜ ਨਿਜ ਵਾਹਨ ਕਾਛਨਿ ਕਰੇ[੩]। ਪੁਨ ਸਤਿਗੁਰ ਅਸਵਾਰੀ ਕਰੇ ॥
੩੦॥ ਚਲਨਿ ਸਮੈ ਬਾਜੇ ਸਮੁਦਾਈ। ਪਟਹ ਨਿਸ਼ਾਨਨਿ ਧੁਨਿ ਉਠਵਾਈ
। ਤੁਰਰੀ, ਢੋਲ, ਬੀਸਰੀ ਘਨੀ। ਝਾਂਝ, ਨਫੀਰੀ ਨਾਦਤਿ ਸਨੀ ॥ ੩੧ ॥
ਚਲੀ ਬਰਾਤਿ ਉਮਡਿ ਕਰਿ ਐਸੇ। ਨੀਰ ਪ੍ਰਵਾਹ ਬੇਗ ਜੁਤਿ ਜੈਸੇ। ਸਭਿ
ਮਨ ਕੀ ਅਭਿਲਾਖ਼ਾ ਧਾਰੈਂ।–ਕਬਿ ਢੁਕਾਉ ਕੋ ਜਾਇ ਨਿਹਾਰੈਂ–॥ ੩੨॥
ਉਤਿ ਪੁਰਿ ਕੇ ਸਗਰੇ ਨਰ ਨਾਰੀ।ਬਿਚਰਤਿ ਇਤਿ ਉਤਿ ਹਰਖਤਿ ਭਾਰੀ
।–ਪਿਖਹਿਂ ਬਰਾਤ ਗੁਰੂ ਕੀ ਆਵੈ। ਦਰਸ਼ਨ ਕਰਿ ਲੋਚਨ ਸਫਲਾਵੈਂ–
॥੩੩॥ ਚਲਤਿ ਸੁਭਟ ਗਨ ਛੁਟਹਿਂ ਤੁਰੰਗ। ਕਰਹਿਂ ਕੁਵਾਇਦ ਬਿੱਦਯਾ
ਸੰਗਿ। ਮਨਹੁਂ ਕੁਰੰਗ ਤੁਰੰਗ ਕੁਦਾਵਤਿ[੪]। ਬਾਗਨਿ[੫] ਫੇਰਿ ਫੇਰਿ ਦਿਖ-
ਰਾਵਤਿ ॥ ੩੪ ॥ ਬਸਤ੍ਰ ਸ਼ਸਤ੍ਰ ਤੇ ਸਜਤਿ ਬਰਾਤੀ। ਦਿਪਹਿਂ ਬਿਭੂਖਨ
ਸੁੰਦਰ ਕਾਂਤੀ[੬]। ਕਰਤਿ ਬਿਲਾਸ ਪਹੁਚੇ ਜਾਈ। ਕੋਸ ਵਟਾਲਾ ਰਹਯੋ
ਜਦਾਈ[੭] ॥੩੫॥ ਉਤਰੇ ਸਤਿਗੁਰੁ ਸੰਘਨੀ ਛਾਯਾ। ਦੇਖਤਿ ਟਿਕੇ ਮਨੁਜ
ਸਮੁਦਾਯਾ। ਜਹਿਂ ਜਹਿਂ ਜਿਸਿ ਨੇ ਛਾਯਾ ਹੇਰੀ। ਉਤਰਿ ਪਰੇ ਸਗਰੇ
ਤਿਸਿ ਬੇਰੀ ॥ ੩੬ ॥ ਤੁਪਕਨਿ[੮] ਸ਼ਲਖ ਮੁਦਤਿ ਚਲਿਵਾਈ। ਦੀਹ[੯]
ਅਵਾਜ ਉਠੀ ਸਮੁਦਾਈ। ਪੁਨ ਸਭਿ ਬਾਦਿਤ ਕੀ[੧੦] ਧੁਨਿ ਊਚੀ। ਉਠੀ
ਅਧਿਕ ਪੁਰਿ ਜਾਇ ਪਹੂੰਚੀ ॥ ੩੭ ॥ ਰਾਮਾ ਕਰਤਿ ਪ੍ਰਤੀਖਨਿ ਆਗੇ।

[੧]ਜਿਥੇ ਵਜਾਹੁਣ ਜਾਂਦਿਆਂ ਗੁਰੂ ਨਾਨਕ ਜੀ ਨੇ ਡੇਰਾ ਕੀਤਾ ਸੀ। [੨](ਸਿੱਖਾਂ ਨੇ) ਪੁੱਛਿਆ (ਇਹ) ਸਥਾਨ ਕਿਨ੍ਹਾਂ (ਗੁਰੂ ਸਾਹਿਬਾਂ ਦਾ ਹੈ ? ਤਾਂ) ਗੁਰੂ ਜੀ ਨੇ ਦੱਸ ਦਿਤਾ (ਕਿ ਕਿਨ੍ਹਾਂ ਸਤਿਗੁਰਾਂ ਦਾ ਹੈ)। [੩]ਫਬਾਏ। [੪]ਘੋੜਿਆਂ ਨੂੰ ਹਰਨਾਂ ਵਤ ਕੁਦਾਉਂਦੇ ਹਨ। [੫]ਵਾਗਾਂ ਨੂੰ। [੬]ਸ਼ੋਭਾ। [੭]ਜਦੋਂ। [੮]ਬੰਦੂਕਾਂ ਦੀ। [੯]ਭਾਰੀ। [੧੦]ਵਾਜਿਆਂ ਦੀ।

*ਵੇਰਕੇ ਦੇ ਗੁਰਦੁਆਰੇ ਤੋਂ ਭਾਵ ਜਾਪਦਾ ਹੈ, ਇਹ ਗੁਰਦੁਆਰਾ ਵੇਰਕੇ ਪਿੰਡ ਤੋਂ ਪੱਛੋਂ ਨੂੰ ਵਟਾਲੇ ਦੀ ਸੜਕ ਉੱਤੇ ਅੰਮ੍ਰਿਤਸਰੋਂ ੫ ਮੀਲ ਤੇ ਹੈ। ਸਰੋਵਰ ਬੀ ਹੈ ਤੇ ਪ੍ਰਜਕੇ ਮੰਦਰ ਦੀ ਸੇਵਾ ਬੀ ਹੋਈ ਹੈ।

†ਪਾ:–ਦਾਨਾ ਖਾਨਾ।

ਸੁਨਤਿ ਮਨੋ ਤਿਸਿ ਛਿਨਿ ਨਰ ਜਾਗੇ। ਸਗਰੇ ਉਠਤਿ ਭਏ ਤਤਕਾਲ॥ ਹਿਤ ਬਰਾਤ ਕੇ ਕਾਜ ਸੰਭਾਲਾ ॥ ੩੮ ॥ ਭਰੀ ਕਾਵਰਾਂ[1] ਗਨ ਪਕਵਾਨਾ॥ ਸਕਲ ਭਾਂਤਿ ਕੇ ਸ੍ਵਾਦ ਮਹਾਨਾ। ਤਤਛਿਨਿ ਦੇ ਕਰਿ ਨਰ ਪਰਧਾਨ। ਭੇਜਯੋ ਸਤਿਗੁਰ ਕੇ ਅਗਵਾਨ ॥ ੩੯ ॥ ਤੁਰਨਿ ਪਹੁੰਚਯੋ ਆਨਿ ਹਜ਼ੂਰ। ਧਰਿ ਆਗੇ ਕਾਵਰ[1] ਗਨ ਰੂਰਿ। ਬੰਦਨ ਕਰਿ ਦਰਸ਼ਨ ਕੋ ਦੇਖਾ। ਭਲੋ ਸਮਾਜ ਸਕਲ ਅਵਿਰੇਖਾ[2] ॥੪੦॥ 'ਮਹਾਂਰਾਜ ! ਚਾਲੋ ਅਬਿ ਪੁਰਿ ਕੋ। ਦਿਹੁ ਅਨੰਦ ਬ੍ਰਿੰਦਨਿ ਕੇ ਉਰ ਕੋ'। ਸਭਿ ਬਰਾਤ ਮਹਿਂ ਸੋ ਬਰਤਾਇ। ਸ੍ਵਾਦ ਸਰਾਹਤਿ-ਬਹੁ ਸ਼ੁਭ-ਖਾਇ॥੪੧॥ਜਾਮ ਦਿਵਸ ਜਬਿ ਦੇਖਾ ਸ਼ੇਖਿ॥ ਕਰਯੋ ਹੁਕਮੁ ਸਤਿਗੁਰੂ ਵਿਸ਼ੇਖ਼। 'ਸਰਬ ਤਯਾਰਿ ਹੂਜਹਿ ਕਰਿ ਬਾਨੇ। ਬਸਤ੍ਰ ਸ਼ਸਤ੍ਰ ਸਜਿ ਕੈ ਸਵਧਾਨੇ' ॥ ੪੨ ॥ ਜਹਿਂ ਕਹਿਂ ਕਹਯੋ ਨਕੀਬ[3] ਉਚਾਰਿ। ਨਿਜ ਨਿਜ ਵਾਹਨਿ ਬਨਿ ਅਸਵਾਰ। ਤਿਸਿ ਛਿਨਿ ਮਨ ਆਨੰਦਤਿ ਹੋਇ। ਕਰਨਿ ਢੁਕਾਵ ਜਾਨਿ ਸਭਿ ਕੋਇ॥ ੪੩ ॥ ਬੰਕੇ ਛੈਲ ਛਬੀਲੇ ਛਾਇ। ਬਸਤ੍ਰ ਸ਼ਸਤ੍ਰ ਸੁੰਦਰ ਤਨੁ ਪਾਇ। ਮੁਖ ਮੰਡਲ ਜਿਨਿ ਕੁੰਡਲ ਡੋਲਤਿ। ਮੁਸਕਾਵਤਿ ਆਪਸਿ ਮਹਿ ਬੋਲਤਿ ॥ ੪੪ ॥ ਸ਼੍ਰੀ ਹਰਿ-ਗੋਵਿੰਦ ਚਢੇ ਮਤੰਗ। ਦਮਕਤਿ ਝੂਲ ਜ਼ਰੀ ਗਨ ਸੰਗਿ। ਘੰਟਨਿ ਗਨ ਕੋ ਚਲਿ[4] ਠਨਕਾਰੇ। ਰੰਗ ਅਨਿਕ* ਸੰਗਿ ਚਿੱਤ੍ਰਤਿ ਸਾਰੇ ॥ ੪੫ ॥ ਸਾਈਂਦਾਸ ਹਕਾਰਯੋ ਜਾਤਿ[5]।'ਚਢਹੁ ਖਵਾਸੀ ਪਰਿ ਪਸ਼ਚਾਤਿ[6]'। ਕਹਯੋ[7] 'ਆਪਿ ਸਾਹਿਬ ਹੋ ਮਹਾਂ। ਮੈਂ ਸੇਵਕ ਕੋ ਸੇਵਕ ਅਹਾ ॥ ੪੬ ॥ ਕਿਮਿ ਬੈਠਨਿ ਮਹਿਂ ਸਮਤਾ ਕਰੌਂ।ਅਤਿ ਅਜੋਗਤਾ ਕੈਸੇ ਧਰੌਂ'। ਸ਼੍ਰੀ ਹਰਿਗੋਵਿੰਦ ਨਿਕਟਿ ਬੁਲਾਵਾ। ਭੁਜਾ ਪਕਰਿ ਪਸ਼ਚਾਤਿ ਚਢਾਵਾ॥ ੪੭ ॥ ਦਾਤੂ ਸਯੰ-ਦਨ ਮਹਿਂ ਚਢਿ ਚਾਲਾ। ਅਪਰ ਤੁਰੰਗ ਅਰੂਢੇ ਜਾਲਾ॥ ਸਿਵਕਾ ਸ਼ੁਭਤਿ ਜ਼ਰੀ ਦਮਕਾਵੈ। ਚਢਯੋ ਮੋਹਰੀ ਅੱਗ੍ਰ ਸਿਧਾਵੈ ॥ ੪੮ ॥ ਕ੍ਰਿਸ਼ਨ ਚੰਦ[8] ਸਯੰਦਨ ਮਹਿਂ ਚਰਯੋ। ਦ੍ਵਾਰਾ[9] ਸੰਗਿ ਮੋਦ ਉਰ ਭਰਯੋ। ਇੱਤਯਾਦਿਕ ਵਾਹਨ ਪਰਿ ਬਨੇ। ਸਕਲ ਬਰਾਤਿ ਕਹਾਂ ਲਗਿ ਗਿਨੇ ॥ ੪੯ ॥ ਕੰਚਨ ਰਜਤ ਜ਼ੀਨ ਹਯ ਸੋਹੈਂ।ਤਿਨਿ ਪਰਿ ਸੁਭਟ ਅਪਰ ਅਵਰੋਹੈਂ[10]। ਬਨ ਕਰਿ

[1]ਵਹਿੰਗੀਆਂ। [2]ਵੇਖਿਆ। [3]ਸਦਾ ਦੇਣ ਵਾਲੇ ਭੱਟ ਨੇ। [4]ਤੁਰਦਿਆਂ। [5]ਟੁਰੇ ਜਾਂਦੇ ਨੂੰ ਕਿਹਾ। [6]ਅੰਬਾਰੀ ਤੇ ਪਿਛੋਂ ਦੀ ਚੜ੍ਹੋ। [7](ਸਾਈਂਦਾਸ ਨੇ) ਕਿਹਾ। [8]ਛੇਵੇਂ ਪਾਤਸ਼ਾਹ ਜੀ ਦੇ ਨਾਨਾ ਜੀ (ਦੇਖੋ ਰਾਸਿ ੪ ਅੰਸੂ ੧੦ ਅੰਕ ੧੦, ੧੧)। [9]ਛੇਵੇਂ ਸਤਿਗੁਰੂ ਜੀ ਦੇ ਤੀਸਰੇ ਸਾਹੁਰੇ ਜੀ ਦਾ ਨਾਮ ਹੈ। [10]ਚੜ੍ਹੇ ਹੋਏ ਹਨ। *ਪਾ:-ਸੁੰਦਰ।

ਚਢ੍ਯੋ ਨਰਾਇਣਦਾਸ। ਬਰਖਾਵਨਿ ਹਿਤ ਲੇ ਧਨ ਪਾਸਿ ॥੫੦॥ ਅਪਰ ਮਸੰਦਨਿ ਬਿਧੀਆ ਆਦਿ। ਗੇਰਨਿ ਹਿਤ ਧਨ ਲੇ ਅਹਿਲਾਦ*। ਕਹਿੰ ਲਗਿ ਗਿਨੀਯਹਿ ਅਪਰ ਸਮਾਜਾ।ਲੇ ਕਰਿ ਚਢੇ ਗ਼ਰੀਬਨਿਵਾਜਾ ॥੫੧॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪੰਚਮ ਰਾਸੇ 'ਸ਼੍ਰੀ ਗੁਰਦਿੱਤਾ ਬ੍ਯਾਹ' ਪ੍ਰਸੰਗ ਬਰਨਨੰ ਨਾਮ ਏਕੋ ਨਸਸ਼ਠੀ ਅੰਸੂ ॥ ੫੯ ॥

੬੦. [ਬਰਾਤ]।

ਦੋਹਰਾ ॥ ਸਤਿਗੁਰ ਕਰਨਿ ਢੁਕਾਉ ਕੋ ਚਢੇ ਬਰਾਤ ਸਜਾਇ। ਬਾਦਿਤ ਬਾਜੇ ਅਨਿਕ ਹੀ ਪਟਹ ਢੋਲ ਸ਼ਰਨਾਇ ॥ ੧ ॥ ਚੌਪਈ ॥ ਝਾਂਝ ਨਫੀਰ ਬੰਸਰੀ ਬਾਜੈਂ। ਧੌਂਸਾ ਧੁੰਕਾਰਤਿ ਘਨ ਗਾਜੈ। ਉਸ਼ਟਰ ਪਰਿ ਸੁਥਰੀ ਇਕਿ ਓਰ। ਕਹੀ ਬਾਤਿ ਨਹਿਂ ਸੁਨੀਯਤਿ ਔਰਿ ॥੨॥ ਪਰਹਿਂ ਤੁਰੰਗਨਿ ਕੇ ਧਰ ਪੌਰ[1]। ਸ੍ਯੰਦਨ ਚੱਕ੍ਰ[2] ਸ਼ਬਦ ਤਿਸਿ ਠੌਰਿ। ਜਹਿਂ ਕਹਿਂ ਧੁਨਿ ਬਿਸਾਲ ਤੇ ਪੂਰੀ। ਬਨੀ† ਬਰਾਤ ਸੁਹਾਵਤਿ ਰੂਰੀ ॥੩॥ ਹੋਤਿ ਤੁਰੰਗਨਿ ਬ੍ਰਿੰਦ ਅਵਾਜੇ। ਊਚੇ ਹਯਨਿ ਹਿਰੇਖਾ ਗਾਜੇ। ਬਰਖਾਵਤਿ ਧਨ ਤਹਿਂ ਤੇ ਚਾਲੇ। ਮੰਗਤਿ ਜਨ ਅਨਗਨ ਮਿਲਿ ਜਾਲੇ॥ ੪ ॥ ਬ੍ਰਿੰਦ ਮਸੰਦ ਕਰਹਿਂ ਧਨ ਬਰਖਾ। ਘਨ ਸਮ ਲੇਨਿ ਹਾਰਿ ਗਨ ਪਰਖਾ। ਪਹੁੰਚੇ ਨਿਕਟ ਨਗਰ ਭਾ ਸਾਗਰ। ਸਭਿ ਨਰ ਕੇ ਭਾ ਛੋਭ[3] ਉਜਾਗਰ॥ ੫॥ ਮਿਲਿ ਮਿਲਿ ਬ੍ਰਿੰਦ ਅਧਿਕ ਉਮਡਾਏ। ਮਨਹੁ ਤਰੰਗ ਉਤੰਗ ਉਠਾਏ। ਚਾਰੁ ਚੰਚਲਾ ਸੀ ਰੁਚਿ ਚੰਚਲ[4]। ਕੰਚਨ ਮੰਡਲ ਜ਼ਰੀ ਸੁ ਅੰਚਲ[5] ॥ ੬ ॥ ਚਢੀ ਅਟਾਰਨਿ ਪਰਿ ਚਮਕਾਵੈਂ[6]। ਜਨੁ ਬੜਿਵਾਨਿਲ ਲਾਟ ਉਠਾਵੈ । ਨਗਰ ਕੋਟਿ ਬੇਲਾ ਤਜਿ ਤੂਰਨਿ[7]। ਵੈਲੇ ਨਰ ਜਲ ਵਹਿਰ ਸਪੂਰਨ ॥ ੭ ॥ ਸੁੰਦਰ ਰਾਂਕਾ ਚੰਦ ਮਨਿੰਦ। ਅਤਿ ਦੁਤਿ ਜੁਤਿ ਸ਼੍ਰੀ ਹਰਿਗੋਵਿੰਦ। ਸਰਬ ਬਰਾਤ ਚੰਦ੍ਰਿਕਾ[8] ਹੋਵਾ। ਛੋਭਤਿ[9] ਪੁਰਿ ਸਾਗਰ ਜਬਿ ਜੋਵਾ ॥ ੮ ॥ ਮਚ੍ਯੋ ਕੁਲਾ-ਹਲ ਧਨ ਬਰਖੰਤਾ। ਕਰ੍ਯੋ ਢੁਕਾਉ ਗੁਰੂ ਭਗਵੰਤਾ। ਬਹੁਤਿ ਰੰਗ ਕੇ ਅੱਗ੍ਰ ਨਿਸ਼ਾਨ[10]।ਧੁਨਿ ਊਚੀ ਤੇ ਬਜਤਿ ਨਿਸ਼ਾਨ[11] ॥੯॥ ਪੁਰਿ ਨਰ ਨਾਰੀ

---

[1]ਘੋੜਿਆਂ ਦੇ ਧਰਤੀ ਤੇ ਪੌੜ ਪੈਂਦੇ ਹਨ। [2]ਰਥਾਂ ਦੇ ਪਹੀਆਂ ਦੇ। [3]ਭਾਵ ਉਛਾਲਾ। [4]ਬਿਜਲੀ ਵਰਗੀ ਚੰਚਲ ਰੁਚੀ ਵਾਲੀਆਂ ਸੁੰਦਰ (ਇਸਤ੍ਰੀਆਂ)। [5]ਪੱਲੇ ਜ਼ਰੀਦਾਰ। [6](ਪੱਲਿਆਂ ਨੂੰ) ਚਮਕਾਉਂਦੀਆਂ ਹਨ। [7]ਨਗਰ ਦੀ ਫਸੀਲ ਦਾ ਕੰਢਾ ਤਜਿਕੇ। [8]ਚਾਨਣੀ। [9]ਉਛਾਲ ਆਯਾ। [10]ਝੰਡੇ। [11]ਧੌਂਸੇ।

*ਰਾਜ ਘਰਾਂ ਵਿਚ ਜਿਵੇਂ ਕਵਿ ਜੀ ਦੇ ਸਮੇਂ ਵਜਾਹ ਹੁੰਦੇ ਸਨ, ਏਹ ਓਹ ਸਮੇਂ ਬੱਧੇ ਹਨ, ਸ਼੍ਰੀ ਗੁਰੂ ਜੀ ਧਨ ਨੂੰ ਪਰਸੁਆਰਥਾਂ ਪਰ ਖਰਚਦੇ ਸਨ।

†ਪਾ:—ਅਨੀ।

ਹੇਰਤਿ ਹਰਖੇ। ਜਨੁ ਘਨ ਉਮਡਿ ਘੁਮਡਿ[੧] ਗਨ ਬਰਖੇ। ਬੜਵਾ ਪਰਿ ਚਢਿ ਸ੍ਰੀ ਗੁਰਦਿੱਤਾ। ਸਸੁਰ ਸਦਨ ਪਹੁੰਚਨਿ ਚਹਿ ਚਿੱਤਾ॥੧੦॥ ਤਬਿ ਰਾਮੇ ਗਨ ਲਈ ਅਕੋਰ। ਆਯੋ ਮਿਲਿਨਿ ਹਾਥ ਕੋ ਜੋਰਿ। ਸਤਿਗੁਰੁ ਕੇ ਪਾਇਨਿ ਪਰਿ ਪਰਜੋ। ਨਹਿੰ ਗਰ ਮਿਲਜੋ ਅਦਾਇਬ ਕਰਜੋ॥੧੧॥ ਨਹਿੰ ਮਾਨਹਿ, ਨਰ ਬਹੁਤ ਅਲਾਵਾ। ਗਹਿ ਭੁਜ ਗੁਰੁ ਨੇ ਗਰੇ ਲਗਾਵਾ। ਕਰਿ ਸਭਿ ਰੀਤਿ ਹਟਜੋ ਜਬਿ ਪਾਛੇ। ਚਹਜੋ ਢੁਕਾਉ ਕਰਨਿ ਤਬਿ ਆਛੇ॥੧੨॥ਧਨ ਬਰਖਾਵਤਿ ਪਹੁੰਚੇ ਜਾਇ।ਹੇਰਤਿ ਪੁਰਿ ਨਰ ਉਰ ਹਰ-ਖਾਇ। ਸ੍ਰੀ ਗੁਰਦਿੱਤਾ ਦ੍ਵਾਰ ਖਰੋਵਾ। ਸਾਜਿ ਆਰਤੀ ਸਭਿ ਪ੍ਰਿਯ-ਜੋਵਾ॥ ੧੩॥ ਦੂਲੋ ਕਰਹਿੰ ਸਰਾਹਨਿ, ਸਾਰੀ[੨]।'ਹੇ ਅਲਿ! ਜਿਮਿ ਰਾਮੇ ਸੁਕੁਮਾਰੀ। ਤਸ ਪਤਿ ਮਿਲਜੋ ਜਿਯਹੁ ਜੁਗ ਚਾਰੀ। ਇਹ ਜੋਰੀ ਬਿਧਿ[੩] ਅਧਿਕ ਸੁਧਾਰੀ' ॥੧੪॥ ਲੌਕਿਕ ਬੈਦਿਕ ਰੀਤਿ ਭਲੇਰੀ। ਕਰਿ ਸਭਿ ਹਟੇ ਪਾਛਿ ਤਿਸਿ ਬੇਰੀ। ਡੇਰਾ ਕਰਿਵਾਇਸਿ ਸ਼ੁਭ ਥਾਨੁ। ਉਤਰਿ ਪਰੇ ਸਗਰੇ ਤਜਿ ਜਾਨੁ[੪]॥੧੫॥ ਤਤਛਿਨਿ ਰਾਮੇ ਪਠੇ ਬੁਲਾਇ। 'ਪ੍ਰਥਮ ਤੁਰਤਿ ਲਿਹੁ ਭੋਜਨ ਖਾਇ। ਬਹੁਰੁ ਸਮਾਂ ਫੇਰਨਿ ਕੋਂ ਹੋਇ'। ਇਮਿ ਸੁਨਿ ਹਰਖ ਉਠੇ ਸਭਿ ਕੋਇ ॥੧੬॥ ਬਾਜਿ ਪਰੇ ਸਭਿ ਹੀ ਤਬਿ ਬਾਜੇ। ਚਲੇ ਬਰਾਤੀ ਗੁਰੁ ਜੁਤਿ ਸਾਜੇ। ਆਤਸ਼ਬਾਜੀ ਛੂਟਨਿ ਲਾਗੀ। ਦੇਖਤਿ ਪੁਰਿ ਨਰ ਤ੍ਰਿਯ ਅਨੁਰਾਗੀ[੬] ॥ ੧੭ ॥ ਗਨ ਫੁਲਝਰੀ ਮਤਾਬੀ ਬ੍ਰਿੰਦ । ਚਰਖੀ ਚਾਦਰ ਸ਼ਬਦ ਬਿਲੰਦ।ਤਿਸਿ ਛਿਨਿ ਤਮ ਦਸ ਦਿਸ਼ਿ ਤੇ ਭਾਗਾ।–ਦਿਵਸ ਭਯੋ–ਸਭਿ ਕੇ ਭ੍ਰਮ ਜਾਗਾ[੭] ॥੧੮॥ ਦੇਵ ਦੇਵਨੀ ਦਾਰੁਨ ਸਾਜੀ। ਭਏ* ਬਰੂਦ ਛੁਟੇ ਗਜ ਬਾਜੀ[੮]। ਅਧਿਕ ਕੁਲਾਹਲਿ ਹੇਰਤਿ ਕਰਤੇ। ਛੁਟਹਿੰ ਝਾਰ ਇਤਿ ਉਤਿ ਹੁਇ ਡਰਿਤੇ[੯] ॥ ੧੯ ॥ ਸਤਿਗੁਰ ਦੇਖਤਿ ਚਲਹਿੰ ਤਮਾਸ਼ਾ। ਪਹੁੰਚੇ ਰਾਮੇ ਜਾਇ ਅਵਾਸਾ। ਚੰਦਨ ਕੀ ਚੌਂਕੀ ਰਚਿ ਚਾਰੁ। ਅਨਿਕ ਰੀਤਿ ਕੇ ਫਰਸ਼ ਸੁਧਾਰਿ ॥ ੨੦ ॥ ਤਿਸ ਪਰਿ ਗੁਰੂ ਬਿਠਾਵਨਿ

---

[੧]ਉਮੰਡਕੇ ਤੇ ਘੁੰਮਿਕੇ। [੨]ਸਾਰੀਆਂ (ਇਸਤ੍ਰੀਆਂ)। [੩]ਬਿਧਾਤਾ ਨੇ। [੪]ਵਾਹਨ, ਸਵਾਰੀਆਂ। [੫]ਫੇਰਿਆਂ ਦਾ। [੬]ਮੋਹਿਤ ਹੋਏ। [੭]ਭਰਮ ਹੋਇਆ। [੮]ਭੁਜਾਨਕ ਦੇਵ ਦੇਵਨੀਆਂ ਤੇ ਹਾਥੀ ਘੋੜੇ ਬਾਰੂਦ (ਭਰਕੇ) ਸਾਜੇ ਹੋਏ ਛੁਟਦੇ ਭਏ। (ਅ) ਦੇਵ ਦੇਵਨੀਆ ਦਾਰੂ ਦੇ ਬਣੇ ਤੇ ਹਾਥੀ ਘੋੜੇ ਬਾਰੂਦ ਦੇ ਬਣੇ ਛੁਟ ਪਏ। [੯](ਦੇਖਣ ਵਾਲੇ) ਡਰਦੇ ਇਧਰ ਉਧਰ ਹੁੰਦੇ ਹਨ, ਜਦ ਝਾੜ ਛੁਟਦੇ ਹਨ। *ਜਾਪਦਾ ਹੈ ਕਿ ਇੱਥੇ ਕਵਿ ਜੀ ਦੇ ਆਪਣੇ ਨੁਸਖੇ ਵਿਚ ਪਾਠ–ਭਰੇ–ਹੋਣਾ ਹੈ।

ਕਰੈ। ਬੈਠਿ ਬਰਾਤਿ ਪੰਕਤੀ ਧਰੇ। ਥਾਰ ਪਰੋਸੇ ਸਭ ਪਕਵਾਨ। ਮੋਦਕ ਸ੍ਵਾਦ ਜਲੇਬ ਮਹਾਨ ॥੨੧॥ ਮੇਵੇ ਬਿੰਦ ਅਮੇਜ਼ ਕਰੇ ਹੈਂ। ਅੱਗ੍ਰ ਸਭਿਨਿ ਕੇ ਆਨਿ ਧਰੇ ਹੈਂ। ਰੁਚਿ ਸੋਂ ਖਾਵਨਿ ਲਗੇ ਅਹਾਰਾ। ਮਨ ਭਾਵਤਿ ਜਿਨਿ ਸ੍ਵਾਦ ਉਦਾਰਾ॥ ੨੨॥ ਮਿਲੀ ਆਇ ਗਨ ਪੰਕਜ ਨੈਨੀ। ਗਾਵਨ ਲਗੀ ਮਧੁਰ ਪਿਕ ਬੈਨੀ[1]। ਲੇ ਲੇ ਨਾਮ ਨਿਕਾਰਤਿ ਗਾਰੀ*। ਚਢਿ ਬੈਠੀ ਗਨ ਊਚ ਅਟਾਰੀ॥੨੩॥ਆਨੰਦਤਿ ਨਰ ਬਿੰਦ ਬਰਾਤ। ਭੋਜਨ ਅਚਵਿ ਉਠੇ ਇਸ ਭਾਂਤਿ। ਪਾਇ ਜੂਠ ਮੈਂ ਧਨ ਗਨ ਤਬੈ†। ਰੀਤਿ ਅਪਰ ਜੇਤਿਕ ਕਰਿ ਸਬੈ ॥ ੨੪ ॥ ਬਾਦਿਤਿ ਬਜਤਿ ਆਇ ਨਿਜ ਡੇਰੇ। ਬੈਠੇ ਸਤਿਗੁਰ ਸ਼ੁਭਤਿ ਬਡੇਰੇ। ਅਲਪ ਸਮੇਂ ਮਹਿਂ[2] ਬਹੁਰ ਹਕਾਰੇ। 'ਫੇਰੇ ਲੇਨਿ ਚਲਹੁ ਹੁਇ ਤਯਾਰੇ'॥੨੫॥ਬਾਦਤਿ ਬਾਜੇ[3] ਬਹੁਰ ਬਿਸਾਲੇ।ਲੇ ਪਰਧਾਨ[4] ਨਰਨਿ ਗੁਰੁ ਚਾਲੇ। ਸ਼੍ਰੀ ਗੁਰਦਿੱਤਾ ਕੀਨਿ ਅਗਾਰੀ। ਜਾਇ ਪ੍ਰਵੇਸ਼ੇ ਸਦਨ ਮਝਾਰੀ ॥ ੨੬ ॥ ਬੇਦੀ ਬਿਖੈ ਜਾਇ ਬੈਠਾਏ। ਨਵ ਗ੍ਰਹ ਕੋ ਅਭਿਖੇਕ ਕਰਾਇ। ਅਗਨਿ ਪੂਜ ਕਰਿ ਹਮਨ ਕਰਯੋ ਹੈ। ਬੇਦ ਮੰਤ੍ਰਿ ਕੋ ਦਿਜਨਿ ਰਰਯੋ[5] ਹੈ॥੨੭॥ ਫੇਰਿ ਹੁਤਾਸਨ ਕੇ ਚਹੁਂ ਫੇਰੇ। ਉਠਿ ਕਰਿ ਫਿਰਤਿ ਗੁਰੂ ਸੁਤ ਫੇਰੇ। ਅਪਰ ਰੀਤਿ ਰਾਮੇ ਸਭਿ ਕਰੀ। ਜਿਮਿ ਜਿਮਿ ਗਨ ਬਿੱਪ੍ਰਨਿ ਤਬਿ ਰਰੀ[6]‡ ॥ ੨੮ ॥ ਸਤਿਗੁਰੁ ਦਾਨ ਮਾਨ ਬਡਿ ਦੀਨਿ। ਬਿੱਪ੍ਰਨਿ ਕੋ ਪ੍ਰਸੰਨ ਮਨ ਕੀਨਿ। ਬਹੁਰ ਨਿਵੇਸ ਪ੍ਰਵੇਸ਼ੇ ਜਾਇ। ਸ਼ੇਖ ਨਿਸ਼ਾ ਅਸ਼ੇਖ ਸੁਪਤਾਇ ॥੨੯॥ਹੋਤਿ ਪ੍ਰਾਤਿ ਕੇ ਬਾਜੇ ਬਜੇ।ਉਠੇ ਸਕਲ ਨਿਜ ਬਸਤ੍ਰਨਿ ਸਜੇ। ਸ਼੍ਰੀ ਨਾਨਕ ਕੋ ਜਹਿਂ ਇਸਥਾਨ। ਗਏ ਗੁਰੂ ਸੁਤਿ ਸੰਗਿ ਸੁਜਾਨਿ॥ ੩੦॥ਸਾਈਂ ਦਾਸ ਕਹਯੋ ਕਰ ਜੋਰਿ। 'ਕਿਮਿ ਬੰਦਨ ਕੀਨੀ ਇਸਿ ਠੌਰਿ?'।

---

[1]ਕੋਇਲ ਵਤ ਬੋਲਾਂ ਵਾਲੀਆਂ। [2]ਥੋੜੇ ਸਮੇਂ ਪਿਛੋਂ। [3]ਵਾਜੇ ਵੱਜੇ। [4]ਮੁਖੀ। [5]ਉਚਾਰਿਆ। [6]ਸਾਰੇ ਬ੍ਰਾਹਮਣਾਂ ਨੇ ਕਹੀ।

*ਸਤਿਗੁਰ ਕੁੜਮ ਹੋਣ, ਗੁਰ ਕੀ ਨਾਮ ਲਿਵ ਵਾਲੀ ਜੰਵ ਹੋਵੇ, ਮਾਂਦੀ ਤੇ ਸਮਧੀ ਸਾਰੇ ਗੁਰੂ ਕੇ ਸਿੱਖ ਹੋਣ, ਫਿਰ ਬਾਣੀ ਦੀਆਂ ਪ੍ਰੇਮਣਾਂ ਤੇ ਨਾਮ ਰੰਗ ਵਾਲੀਆਂ ਮਾਈਆਂ ਗਾਲੀਆਂ ਦੇਣ ਲਗੀਆਂ, ਇਹ ਗੱਲ ਅਟਪਟੀ ਹੈ, ਕਦੇ ਯਕੀਨ ਕਰਨੇ ਲਾਇਕ ਨਹੀਂ ਹੋ ਸਕਦੀ। ਗੁਰੂ ਰਚੀ ਬਾਣੀ ਮਾਈ ਭਾਈ ਸਾਰੇ ਕੰਠ ਕਰਦੇ ਤੇ ਗਾਉਂਦੇ ਸਨ। ਇਸ ਰਸ ਦੇ ਪ੍ਰੇਮੀ ਕਦ ਨੀਵੇਂ ਰਸਾਂ ਵਿਚ ਆਉਂਦੇ ਸੀ, ਵਿਸ਼ੇਸ਼ ਲਈ ਦੇਖੋ ਰਾਸਿ ੪ ਅੰਸੂ ੪ ਅੰਕ ੧੪ ਦੀ ਹੇਠਲੀ ਟੂਕ।

†ਇਹ ਬੀ ਰਾਜਸੀ ਘਰਾਂ ਦੀ ਚਾਲ ਦੱਸ ਰਹੇ ਹਨ।

‡ਤੀਸਰੀ ਪਾਤਸ਼ਾਹੀ ਨੇ ਅਨੰਦ ਮਰ੍ਯਾਦਾ ਜਾਰੀ ਕੀਤੀ। ਲਾਵਾਂ ਚੋਥੇ ਸਤਿਗੁਰਾਂ ਚਲ਼ਾਈਆਂ ਤਦ ਤੋਂ ਗੁਰੂ ਘਰ ਦੀ ਰੀਤੀ ਇਹ ਸਥਾਪਨ ਹੋਈ। ਬ੍ਰਾਹਮਣੀ ਰੀਤੀ ਦਾ ਹੋਣਾ ਅਸਿੱਧ ਹੈ। ਕਵੀ ਜੀ ਪਰ ਪੰਡਿਤਾਂ ਦੇ ਜ਼ੋਰ ਬਾਬਤ 'ਪ੍ਰਸਤਾਵਨਾ' ਪੜ੍ਹੋ।

ਸ਼੍ਰੀ ਨਾਨਕ ਕੋ ਵਜਾਹ ਪ੍ਰਸੰਗ। ਕਹ੍ਯੋ ਗੁਰੂ ਨੇ ਤਿਸਿ ਕੇ ਸੰਗਿ ॥ ੩੧ ॥ 'ਆਇ ਇਹਾਂ ਫਿਰੇ ਨਿਜ ਫੇਰੇ। ਮੂਲੇ ਕੇ ਘਰ ਮਹਿਂ ਤਿਸਿ ਬੇਰੇ'। ਪੂਜਾ ਕਰਿ ਸਥਾਨ ਕੀ ਆਇ। ਪੁਨ ਭੋਜਨ ਹਿਤ ਗੁਰੂ[1] ਬੁਲਾਇ ॥੩੨॥ ਸ਼੍ਰੀ ਹਰਿਗੋਵਿੰਦ ਸਿਵਕਾ ਚਰਿ ਕੈ। ਚਲੇ ਬਰਾਤਿ ਸੰਗਿ ਲੇ ਕਰਿ ਕੈ।ਚਮਰੁ[2] ਫੁਰਤਿ ਹੈ ਬਾਰੀਬਾਰੀ। ਸੇਤ ਪੁਸ਼ਾਕ ਸਜੈ ਦੁਤਿ ਭਾਰੀ ॥ ੩੩ ॥ ਨਵਲਾ[3] ਹਾਥ ਗਹੀ ਚਪ੍ਹਲਾਵੈਂ[4]। ਜਿਤਿ ਦਿਸ਼ਿ ਮੁਖ ਕਰਿ ਦ੍ਰਿਸ਼ਟਿ ਚਲਾਵੈਂ। ਖਰੇ ਹਜ਼ਾਰਹੁਂ ਬੰਦਨ ਠਾਨਹਿਂ। ਮੰਦ ਮੰਦ ਮਗ ਕੀਨਿ ਪਯਾਨਹਿ ॥੩੪॥ ਪਹੁੰਚੇ ਚਲਿ ਰਾਮੇ ਕੇ ਪੌਰ। ਹਿਤ ਆਦਰ ਆਵਤਿ ਸਭਿ ਦੌਰਿ। ਹਾਥ ਜੋਰਿ ਮੁਖ ਬਿਕਸਿ ਦਿਖਾਵਤਿ।'ਧੰਨ ਗ਼ਰੀਬ ਨਿਵਾਜ' ਅਲਾਵਤਿ॥੩੫॥ ਚਾਰੁ ਚੁਕੌਨੀ ਚੌਂਕੀ ਚੰਦਨ। ਗੁਰੂ ਬਿਠਾਏ ਕਰਿ ਕਰਿ ਬੰਦਨ। ਔਰ ਮੋਹਰੀ ਆਦਿ ਬਡੇਰੇ। ਊਚਾਸਨ ਪਰ ਥਿਰਿ ਤਿਸਿ ਬੇਰੇ ॥੩੬॥ ਉੱਤਮ ਸਭਿ ਪਕਵਾਨ ਪਰੋਸੇ। ਇਤੋ ਪਾਇਂ, ਇਕਿ ਬਿਰਿ ਜਿਮਿ ਤੋਸੇਂ[5]। ਪਿਸਤਾ ਦਾਖ ਬਦਾਮਨਿ ਗਿਰੀ। ਸਰਬ ਅਮੇਜ਼ ਮਧੁਰਤਾ ਕਰੀ ॥ ੩੭ ॥ ਅਚਿ-ਵਨਿ ਕਰਤਿ ਬਰਾਤੀ ਸਾਰੇ। ਹਰਖਤਿ ਗਾਰੀ ਨਾਰਿ ਨਿਕਾਰੇ। ਗਾਵਤਿ ਗੀਤ ਸੁਨਤਿ ਮਨ ਭਾਇ। ਅਚਵਿ ਜਥਾ ਰੁਚਿ ਸਭਿ ਤ੍ਰਿਪਤਾਏ ॥ ੩੮ ॥ ਜੂਠ ਪਾਇ ਧਨ ਹਾਥ ਪਖਾਰੇ। ਸਕਲ ਰੀਤਿ ਕਰਿ ਸਿਵਰ ਸਿਧਾਰੇ। ਸੂਰਜ ਮੁਖੀ ਅਗਾਰੀ ਕਰੇ। ਕੰਚਨ ਦੰਡ ਬੀਜਨਾ[6] ਧਰੇ ॥ ੩੯ ॥ ਭਾਟ ਨਕੀਬ ਬੋਲਤੇ ਚਾਲਤਿ। ਗੁਰੁ ਜਸੁ ਸ਼੍ਰਵਨ ਸਭਿਨਿ ਕੇ ਡਾਲਤਿ।ਤਰੁਨ ਢਲੈਤ[7] ਸਮੂਹ ਸਿਪਾਹੀ। ਗਮਨਤਿ ਅੱਗ੍ਰ ਤ੍ਰਾਸ ਉਰ ਨਾਂਹੀ ॥ ੪੦ ॥ ਡੇਰੇ ਸਹਤ ਸਮਾਜ ਬਿਰਾਜੇ। ਬਸਨ ਬਿਭੂਖਨ ਸੁੰਦਰ ਸਾਜੇ। ਮੰਗਤਿ ਜਨ ਗਨ ਗਨ ਹੁਇ[8] ਆਵੈਂ। ਸਰਬ ਮਸੰਦਨਿ ਤੇ ਸਭਿ ਪਾਵੈਂ ॥੪੧॥ ਬੀਤ੍ਯੋ ਦਿਵਸਿ ਜਾਮਨੀ ਆਈ। ਸੁਪਤਿ ਜਥਾ ਸੁਖ ਤਬਿ ਸਮੁਦਾਈ। ਪ੍ਰਾਤਿ ਉਠੇ ਕਰਿ ਸ਼ੌਚ ਸ਼ਨਾਨੇ। ਸਭਿਨਿ ਸੰਗਿ ਸਤਿਗੁਰੂ ਬਖਾਨੇ ॥੪੨॥'ਸਜਿ ਸਜਿ ਵਾਹਨ ਕੀਜਹਿ ਤਯਾਰੀ'। ਸੁਨਤਿ ਸਕਲ ਤੂਰਨਤਾ ਧਾਰੀ। ਚਢੇ ਪਾਲਕੀ ਗੁਰੂ ਸਿਧਾਰੇ। ਸਾਈਂਦਾਸ ਤੁਰਗ ਅਸਵਾਰੇ ॥ ੪੩ ॥ ਕਰਤਿ

---

[1]ਗੁਰੂ ਜੀ ਨੂੰ। [2]ਚੌਰ। [3]ਫੁਲਾਂ ਦੀ ਛਟੀ। [4]ਹਿਲਾਂਵਦੇ ਹਨ (ਗੁਰੂ ਜੀ)। [5]ਇਕੋ ਵੇਰ ਰੱਜ ਜਾਵਣ। [6]ਸੋਨੇ ਦੀ ਡੰਡੀ ਵਾਲਾ ਪੱਖਾ। [7]ਜਵਾਨ ਸੂਰਮੇ। [8]ਬਹੁਤੇ ਇਕੱਠੇ ਹੋ ਹੋਕੇ।

ਬਤੁਰਕ ਹੀ ਅਚਲ[1] ਸਿਧਾਏ। ਆਦਿ ਮੋਹਰੀ ਦਾਤੂ ਆਏ। ਗੁਰੁ ਥਲ ਚਹਿਤਿ ਬਿਲੋਕਨਿ ਸਾਰੇ। ਗਏ ਚੌਂਪ੍ਰ ਚਿਤ ਗੁਰੁ ਪਿਛਾਰੇ ॥ ੪੪ ॥ ਜਾਇ ਪਹੂੰਚੇ ਦਰਸ਼ਨ ਕਰਣੋ। ਬੰਦਨ ਕੀਨਿ ਧਰਨਿ ਸਿਰ ਧਰਣੋ। ਪੰਚਾਂਮ੍ਰਿਤ[2] ਅਧਿਕ ਕਰਿਵਾਇ। ਗੁਰੁ ਅਰਪਨਿ ਕਰਿ ਸਰਬ ਬ੍ਰਤਾਇ ॥ ੪੫ ॥ ਸੁਨੀ ਬਿਲਾਵਲ ਚੌਂਕੀ ਤਹਾਂ। ਸਭਾ ਬਿਸਾਲ ਲਗੀ ਦੁਤਿ ਮਹਾਂ[3]। ਖਰੋ ਹੋਇ ਅਰਦਾਸ ਕਰਾਈ। ਬਹੁਰ ਪਾਲਕੀ ਚਢੇ ਗੁਸਾਈਂ ॥ ੪੬ ॥ ਸਾਂਈ-ਦਾਸ ਨਿਕਟਿ ਤਿਸ ਬੇਰੀ। ਬੂਝਿ ਕਥਾ ਸ਼੍ਰੀ ਨਾਨਕ ਕੇਰੀ। 'ਕਿਸਿ ਕਾਰਨ ਤੇ ਇਸਿ ਥਲ ਆਏ ?'। ਸ਼੍ਰੀ ਹਰਿਗੋਵਿੰਦ ਸਰਬ ਬਤਾਏ॥੪੭॥ 'ਗੋਰਖਾਦਿ ਇਹ ਸਿੱਧਨਿ ਥਾਨਾ। ਤਿਨਿ ਢਿਗਿ ਮੇਲਾ ਲਗਹਿ ਮਹਾਨਾ॥ ਤਿਨਿ ਕੋ ਮਾਨ ਹਾਨ ਹਿਤ[4] ਆਏ । ਪਿਖਿ ਸਿੱਧਨਿ ਨਿਜ ਸ਼ਕਤਿ ਦਿਖਾਏ ॥੪੮॥ ਸ਼੍ਰੀ ਨਾਨਕ ਨਿਜ ਅਜ਼ਮਤਿ ਸੰਗ। ਕਰੇ ਜ਼ੇਰ,ਜੀਤੇ,ਮਦ ਭੰਗ[5]। ਪਰੇ ਚਰਨ ਪੁਨ ਅਰੇ ਨ ਕੈਸੇ। ਮਹਾਂ ਮਤੰਗ ਸ਼ੇਰ ਸੰਗਿ ਜੈਸੇ ॥ ੪੯ ॥ ਤਬਿ ਕੋ ਇਹ ਉੱਤਮ ਇਸਥਾਨਾ। ਜਿਸਿ ਦਰਸੇ ਫਲ ਹੋਤਿ ਮਹਾਨਾ'। ਏਵ ਸੁਨਾਵਤਿ ਪਹੁੰਚੇ ਡੇਰੇ। ਰਾਮੇ ਸੁਨਿ[6] 'ਆਏ ਇਸ ਬੇਰੇ'॥ ੫੦॥ ਤਾਤਕਾਲ ਨਿਜ ਸਦਨ ਬੁਲਾਏ। ਭਲੀ ਭਾਂਤਿ ਭੋਜਨ ਤ੍ਰਿਪਤਾਏ। ਇਸੀ ਰੀਤਿ ਬੀਤੇ ਦਿਨ ਤੀਨ। ਨਿਕਟਿ ਨਿਕਟਿ ਸੰਗਤ ਸੁਨਿ ਲੀਨਿ ॥ ੫੧॥ 'ਨੰਦਨ ਬਜਾਹਨਿ ਗੁਰੁ ਪੁਰਿ ਆਏ'[7]। ਦਰਸ਼ਨ ਹੇਤ ਸਕਲ ਹੀ ਧਾਏ। ਜਥਾ ਸ਼ਕਤਿ ਭੇਟਨਿ ਕੋ ਦੇਤਿ। ਬੰਦਤਿ ਨੇਤ੍ਰ ਸਫਲ ਕਰਿ ਲੇਤਿ ॥੫੨॥ ਤ੍ਰੈ ਦਿਨ ਸੰਗਤਿ ਆਵਤਿ ਰਹੀ। ਕਰਿ ਅਰਦਾਸ ਕਾਮਨਾ ਲਹੀ। ਅਤਿ ਉਤਸਵ ਲਖਿ ਸਭਿ ਬਿਸਮਾਏ। ਮਨਹੁ ਅਨੰਦ ਰੂਪ ਸਮੁਦਾਏ ॥ ੫੩ ॥ ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪੰਚਮ ਰਾਸੇ 'ਸ਼੍ਰੀ ਗੁਰਦਿੱਤਾ ਬਯਾਹ' ਪ੍ਰਸੰਗ ਬਰਨਨੰ ਨਾਮ ਸਸ਼ਠੀ ਅੰਸੂ ॥ ੬੦ ॥

੬੧. [ਭਾਈ ਮਿਹਰਾ]।

ਦੋਹਰਾ ॥ ਦਿਨ ਚੌਥੇ ਮਹਿੰ ਚਲਨਿ ਕੋ ਸ਼੍ਰੀ ਸਤਿਗੁਰੁ ਫੁਰਮਾਇ। ਨਰ ਨਾਰੀ ਸੁਨਿ ਦੁਖਿਤਿ ਚਿਤ 'ਪੁਨ ਇਮਿ ਕਿਮਿ ਦਰਸਾਇ'[8] ॥੧॥ ਚੌਪਈ॥

[1]ਬਾਤਾਂ ਕਰਦੇ ਅਚਲ ਵਟਾਲੇ (ਗੁਰ ਅਸਥਾਨ)। [2]ਕੜਾਹ ਪ੍ਰਸ਼ਾਦ। [3]ਬੜੀ ਸੋਭ ਰਹੀ ਸੀ। [4]ਹੰਕਾਰ ਨਾਸ਼ ਕਰਨ ਵਾਸਤੇ। [5]ਅਧੀਨ ਕੀਤੇ ਤੇ ਜਿੱਤਕੇ ਹੰਕਾਰ ਨਾਸ਼ ਕੀਤਾ। [6]ਰਾਮੇ ਨੇ ਸੁਣਿਆਂ ਕਿ। [7](ਵਟਾਲੇ) ਪੁਰ ਵਿਚ ਗੁਰੂ ਜੀ ਆਏ ਹਨ। [8]ਫਿਰ ਇਸ ਤਰ੍ਹਾਂ ਦੇ (ਭਾਵ ਆਪਣੇ ਨਗਰ ਵਿਚ) ਦਰਸ਼ਨ ਕਿਵੇਂ ਹੋਣਗੇ ?

ਦੇਸ਼ ਬਿਦੇਸ਼ਨਿ ਕੇ ਜਿਨਿ ਤਾਈਂ[1]। ਦਰਸ਼ਨ ਹੇਤ ਅਏ ਸਮੁਦਾਈ[2]।
ਹੇ ਅਲਿ! ਸੋ ਹਮਰੇ ਪੁਰਿ ਆਏ। ਧੰਨ੍ਹ ਭਾਗ ਇਨ ਕੇ[3]* ਲਖਿ ਪਾਏ ॥੨॥
ਰਾਮੇ ਕੀ ਤਨੁਜਾ ਬਡਭਾਗਨਿ। ਗੁਰੁ ਸੁਤ ਤੇ ਜੋ ਭਈ ਸੁਹਾਗਨਿ। ਤਿਹ ਸਬੰਧ ਤੇ ਹਮ ਭੀ ਧੰਨ। ਤੀਨ ਦਿਵਸ ਗੁਰ ਪਿਖੇ ਪ੍ਰਸੰਨ[4]'॥੩॥ ਇੱਤਯਾ-ਦਿਕ ਕਹਿ ਕਹਿ ਉਤਸਾਹੀ। ਆਇ ਮਿਲੀ ਰਾਮੇ ਘਰ ਮਾਂਹੀ। ਕਰਨਿ ਬਿਦਾ ਕੋ ਗੁਰੂ ਬੁਲਾਏ। ਸ਼ੁਭ ਆਸਨ ਪਰਿ ਊਚ ਬਿਠਾਏ ॥ ੪ ॥ ਦਾਜ ਸਮਾਜ ਸਰਬ ਲੇ ਆਵਾ। ਦਿਖਰਾਵਤਿ ਤਿਸਿ ਥਾਨ ਟਿਕਾਵਾ। ਨਿਜ ਤਨੁਜਾ ਨੇਤੀ† ਲੇ ਆਵਾ। ਕਰਿ ਸੰਕਲਪ ਸਰਬ ਅਰਪਾਵਾ ॥੫॥ ਬਸਤ੍ਰ ਬਿਭੂਖਨ ਬਾਸਨ ਬ੍ਰਿੰਦਾ। ਬੋਲਯੋ ਰਾਮਾ ਦ੍ਵੈ ਕਰ ਬੰਦਿ। 'ਤੁਮਰੇ ਸੁਤ ਕੀ ਸੇਵਾ ਹੇਤ। ਇਕਿ ਦਾਸੀ ਮੈਂ ਦਈ ਨਿਕੇਤ ॥ ੬ ॥ ਅਪਰ ਨਹੀਂ ਮੁਝ ਤੇ ਬਨਿ ਆਈ। ਰਾਖਹੁ ਲਾਜ ਜਾਨਿ ਅਪਨਾਈ। ਬਿਰਦ ਗ਼ਰੀਬ ਨਿਵਾਜਾ ਤੁਮਾਰਾ। ਸਮ ਨ ਪਾਇ ਖੋਜਿਯ ਜਗ ਸਾਰਾ[5]' ॥ ੭ ॥ ਸ਼੍ਰੀ ਹਰਿ ਗੋਵਿੰਦ ਧੀਰਜ ਦੀਨਿ। 'ਸਾਧੁ ਸਾਧੁ, ਪੁਨ ਨੰਮ੍ਰੀ ਕੀਨਿ[6]'। ਇਮਿ ਕਹਿ ਕਰਿ ਬਾਹਰਿ ਕੋ ਆਏ। ਚਢਨਿ ਹੇਤ ਤਯਾਰੀ ਕਰਿਵਾਏ ॥੮॥ ਨੇਤੀ ਡੋਰੇ ਬਿਖੇ ਬਿਠਾਈ। ਮਿਲਿਨਿ ਹੇਤਿ ਤ੍ਰਿਯ ਬਾਹਰਿ ਆਈ। ਤਨੁਜਾ ਸੋਂ ਮਿਲਿ ਮਿਲਿ ਸੁਖਦੇਈ[7]। ਅਨਿਕ ਪ੍ਰਕਾਰਨਿ ਸਿੱਖਯਾ ਦੇਈ ॥ ੯ ॥ ਬਿਰਹ ਹੋਨਿ ਤੇ ਅੱਸ਼੍ਰ ਮੋਚਿਤਿ[8]। ਮੰਗਲ ਸਮੈ ਜਾਨਿ ਸੰਕੋਚਤਿ। ਸਭਿ ਅਬਲਾ ਨਿਜ ਗਰੇ ਲਗੌਾਵੈਂ। 'ਥਿਰੁ ਸੁਹਾਗ' ਆਸ਼ਿਖਾ ਅਲਾਵੈਂ ॥ ੧੦ ॥ ਆਗੈ ਡੋਰੇ ਕੋ ਕਰਿ ਲਿੱਤਾ। ਗਮਨੇ ਪਾਛੇ ਸ਼੍ਰੀ ਗੁਰਦਿੱਤਾ। ਦੋਨਹੁ ਪਰ ਧਨ ਕੋ ਬਰਖਾਵੈਂ। ਜਨੁ ਊਨਵਿ ਘਨ ਬੂੰਦ ਗਿਰਾਵੈਂ ॥ ੧੧ ॥ ਸਭਿ ਬਿਧਿ ਬਾਜੇ ਬਜਤਿ ਅਗਾਰੀ। ਚਲੇ ਸੁਧਾਸਰ ਪੰਥ ਮਝਾਰੀ। ਕੇਤਿਕ ਨਰ ਸੋਂ ਆਵਤਿ ਰਾਮਾ। ਏਕ ਕੋਸ ਪਹੁੰਚਯੋ ਤਜਿ ਧਾਮਾ ॥ ੧੨ ॥ ਦੇ ਧੀਰਜਿ ਸਤਿਗੁਰ ਤਬਿ ਮੋਰੇ। ਬੰਦੇ ਚਰਨ ਕਮਲ ਕਰ ਜੋਰੇ। ਗਮਨੇ ਮਾਰਗ ਸਹਤ ਬਰਾਤੀ। ਗਏ ਪ੍ਰਥਮ ਆਏ ਤਿਸਿ ਭਾਂਤੀ[9] ॥ ੧੩ ॥ ਏਕਿ ਨਿਸਾ ਬਸਿ ਕੈ ਮਗ ਮਾਂਹੀ।

---

[1]ਦੇਸ਼ ਵਿਦੇਸ਼ਾਂ ਦੇ (ਸਿੱਖ) ਜਿਨ੍ਹਾਂ (ਗੁਰੂ ਸਾਹਿਬਾਂ) ਦੇ। [2]ਦਰਸ਼ਨ ਵਾਸਤੇ ਕੱਠੇ ਹੋਕੇ ਆਉਂਦੇ ਹਨ। [3]ਰਾਮੇ ਦੇ ਪਰਵਾਰ ਦੇ। [4]ਦਰਸ਼ਨ ਕਰਕੇ ਪ੍ਰਸੰਨ ਹੋਏ ਹਾਂ। [5]ਜੇ ਸਾਰਾ ਜਗਤ ਭਾਲੀਏ। [6](ਇੰਨਾ ਦੇ ਕੇ) ਫੇਰ ਤੂੰ 'ਨਿੰਮ੍ਰਤਾ ਕੀਤੀ ਹੈ, ਸ਼ਾਬਾਸ਼ ਸ਼ਾਬਾਸ਼। [7]ਨੇਤੀ ਜੀ ਦੀ ਮਾਤਾ। [8]ਹੰਝੂ ਕੇਰਦੀ ਹੈ। [9]ਜਿਵੇਂ ਪਹਿਲੋਂ ਗਏ ਸਨ ਤਿਸੇ ਤਰ੍ਹਾਂ ਆਏ।

*ਪਾ:—ਹਮਰੇ। †ਪਾ:—ਤਾਂਹੀ।

ਆਵਤਿ ਭੇ ਅਪਨੇ ਪੁਰਿ ਪਾਹੀ । ਪੂਰਬ ਗਯੋ[1], ਜਾਇ ਸੁਧਿ ਦੀਨਿਸਿ । ਸੁਨਿ ਗੰਗਾਦਿਕ ਆਨੰਦ ਕੀਨਿਸਿ ॥੧੪॥ ਸਕਲ ਮੇਲਿ ਕੀ ਅਬਲਾ ਜੋਈ । ਸੁਨਿ ਆਗਵਨ ਤਯਾਰ ਭੀ ਤੇਈ। ਭੋਰੇ ਸਹਤ ਸੁ ਦ੍ਵਾਰ ਅਗਾਰੇ। ਗੁਰੁ ਸੁਤ ਆਯਹੁ ਸਰਬ ਨਿਹਾਰੇ[2] ॥੧੫॥ ਪਿਖਿ ਦਮੋਦਰੀ ਪੁੱਤ੍ਰ ਸੁਨੁਖਾ[3]। ਮਨਹੁ ਕਲਪਤਰੁ ਲਹਯੋ[4] ਅਦੁਖਾ । ਬਾਰਿ ਬਾਰਿ ਬਾਰੀ ਬਰ ਬਾਰਾ[5] । ਭਲੀ ਰੀਤਿ ਲੇ[6] ਸਦਨ ਮਝਾਰਾ ॥੧੬॥ ਝੋਰੀ ਪਾਇ ਦਰਬ ਕੀ ਬਾਤੀ । ਪਿਖਤਿ ਸਨੁਖਾ ਸੀਤਲ ਛਾਤੀ : ਪੌਤ੍ਰ ਬਧੂ[7] ਕੋ ਗੰਗਾ ਹੇਰਾ । ਮੁਦਿਤਿ ਮਹਾਂ ਧਨ ਦੀਨਿ ਬਡੇਰਾ ॥੧੭॥ ਆਇ ਨਾਨਕੀ ਅਰੁ ਮਰਵਾਹੀ । ਪਿਖਿ ਪਿਖਿ ਧਨ ਦੇ ਸਰਬ ਸਰਾਹੀ । ਅਪਰ ਮੇਲਿ ਕੀ ਅਬਲਾ ਸਾਰੀ । ਦੇਤਿ ਦਰਬ ਗਨ ਬਧੂ ਨਿਹਾਰੀ ॥੧੮॥ ਸ਼੍ਰੀ ਹਰਿਗੋਵਿੰਦ ਸਹਤ ਬਰਾਤਿ। ਆਗੈ ਕਰਿ ਗੁਰਦਿੱਤਾ ਤਾਤ । ਗਏ ਪ੍ਰਸਾਦਿ ਲਏ ਦਰਬਾਰ । ਪੌਰ ਦਰਸ਼ਨੀ ਬੰਦਨ ਧਾਰਿ ॥ ੧੯ ॥ ਸ਼੍ਰੀ ਹਰਿਮੰਦਰ ਬੰਦਨ ਕਰਿਕੈ । ਚਾਰਹੁੰ ਕਰੀ ਪ੍ਰਕਰਮਾ ਫਿਰਿ ਕੈ । ਅੰਤਰਿ ਪ੍ਰਵਿਸ਼ੇ ਬ੍ਰਿੱਧ ਨਿਹਾਰਾ[8] । ਨਮੋ ਕਰਤਿ ਸਭਿ ਕੁਸ਼ਲ ਉਚਾਰਾ ॥ ੨੦ ॥ ਖਰੇ ਹੋਇ ਅਰਦਾਸ ਬਖਾਨੀ । ਪੁਨ ਪ੍ਰਸਾਦਿ ਬਰਤਾਵਨਿ ਠਾਨੀ । ਤਖਤ ਅਕਾਲ ਬੈਠਿਗੇ ਆਇ । ਮਿਲਿ ਗੁਰਦਾਸ ਨਮੋ ਜੁਤਿ ਗਾਇ[9] ॥੨੧॥ ਕਹਯੋ ਮਸੰਦਨਿ ਸੋਂ ਗੁਰੁ ਤਬੈ । 'ਸੁਧਿ ਲਿਹੁ ਨਰ ਬਰਾਤਿ ਜੋ ਸਬੈ । ਖਾਨਾ ਦਾਨਾ ਦੇਹੁ ਸੰਭਾਰਿ । ਜਥਾ ਜੋਗ ਸਭਿ ਕੋ ਨਿਰਧਾਰਿ' ॥੨੨॥ ਉਠਿ ਕਰਿ ਨਿਜ ਮਹਿਲੀਂ ਗੁਰੁ ਗਏ। ਸੰਧਯਾ ਸੂਰ ਅਥਯੋ ਤਮ ਭਏ[10] । ਤਬਿ ਗੰਗਾ ਸਗਰੋ ਪਰਵਾਰ । ਸਹਤ ਮੇਲਿ ਸਭਿ ਕਰਿਕੈ ਤਯਾਰਿ ॥ ੨੩ ॥ ਜਾਇ ਕਰੀ ਬੰਦਨ ਹਰਿਮੰਦਰ । ਦੀਨਿ ਪ੍ਰਦ-ਛਨਾ ਫਿਰਿ ਸਭਿ ਸੁੰਦਰਿ[11] । ਧਰਿ ਅਕੋਰ ਪੁਨ ਮੁਰਿ ਕਰਿ ਆਈ। ਗਾਵਤਿ ਗੀਤਨਿ ਦੇਤਿ ਵਧਾਈ॥੨੪॥ਖਾਨ ਪਾਨ ਪੁਨ ਕਰਿ ਸਮੁਦਾਈ। ਸੁਪਤਿ ਜਥਾ ਸੁਖ ਰਾਤਿ ਬਿਤਾਈ । ਪੰਚ ਦਿਵਸ ਇਸ ਰੀਤਿ ਬਿਤਾਏ । ਮੇਲਿ ਚਲਨਿ ਘਰ ਕੋ ਅਕੁਲਾਏ ॥੨੫ ॥ ਕਹਿੰ ਲਗਿ ਗਿਨੀਯਹਿ ਨਾਮ

[1]ਪਹਿਲੋਂ ਗਿਆ (ਕੋਈ ਸਿੱਖ) । [2]ਸਭਨਾਂ ਨੇ ਦੇਖਿਆ । [3]ਨੂੰਹ ਪੁੱਤ੍ਰ ਨੂੰ । [4]ਮਿਲਿਆ ਹੈ । [5]ਬਾਰ ਬਾਰ ਸ੍ਰੇਸ਼ਟ ਜਲ ਵਾਰਿਆ । [6]ਲੈ ਗਏ । [7]ਪੋਤ੍ਰੇ ਨੂੰਹ । [8]ਬਾਬਾ ਬੁੱਢਾ ਜੀ ਨੂੰ ਦੇਖਿਆ । [9]ਬੰਦਨਾ ਸਹਤ (ਸਖ ਅਨੰਦ) ਕਹੀ । [10]ਸੂਰਜ ਡੁਬਿਆ, ਅੰਧੇਰਾ ਹੋਇਆ । [11]ਸੁੰਦਰ (ਹਰਿਮੰਦਿਰ ਜੀ ਦੀ) । (ਅ) ਸੁੰਦਰ (ਇਸਤ੍ਰੀਆਂ ਨੇ) ।

ਜੁ ਸਾਰੇ।ਜਥਾ ਜੋਗ ਸਭਿਦੇ ਅਧਿਕਾਰੇ[1]।ਦਾਨ ਮਾਨ ਸੋਂ ਕਰੇ ਬਿਸਰਜਨ। ਨਿਜ ਨਿਜ ਘਰ ਗਮਨੇ ਹਰਖਤਿ ਮਨ ॥ ੨੬ ॥ ਮਉ, ਖਡੂਰ, ਡੱਲੇ, ਮੰਡਯਾਲੀ । ਗੋਇੰਦਵਾਲ ਸੁ ਮੇਲਿ ਬਿਸਾਲੀ । ਸੁਜਸੁ ਕਰਤਿ ਨਿਜ ਨਿਜ ਘਰਿ ਗਏ । 'ਉਤਸਵ ਅਧਿਕ ਬਯਾਹ ਮਹਿਂ ਭਏ' ॥ ੨੭ ॥ ਰਾਮੋ ਸਹਤ ਸੁ ਸਾਂਈਦਾਸ । ਨਹਿਂ ਗਮਨਯੋ ਰਹਿ ਸਤਿਗੁਰੁ ਪਾਸਿ । 'ਕੇਤਿਕ ਦਿਨ ਹੌਂ ਦਰਸ਼ਨ ਕਰੌਂ । ਨਹੀਂ ਜਾਨਿ ਘਰ ਇੱਛਾ ਧਰੌਂ' ॥ ੨੮ ॥ ਹੁਇ ਪ੍ਰਸੰਨ ਪ੍ਰੇਮੀ ਬਡ ਜਾਨਾ । ਗੁਰ ਨਿਜ ਨਿਕਟਿ ਰਾਖਿ ਬੈਠਾਨਾ ।

ਮਿਹਰਾ ਨਾਮ ਸਿੱਖ ਇਕਿ ਗੁਰੁ ਕਾ।ਬਸਹਿ ਬਕਾਲੇ ਪ੍ਰੇਮੀ ਉਰ ਕਾ॥੨੯॥ ਤੀਰ ਬਿਪਾਸਾ ਕੇ ਸ਼ੁਭ ਗ੍ਰਾਮ । ਸੋ ਆਯੋ ਸਿਮਰਤਿ ਸਤਿਨਾਮ।ਉਤਸਵ ਬਯਾਹ ਬਿਖੈ ਹਰਖਾਏ।ਮੇਲਿ ਵਿਸਾਖੀ ਕੋ ਸਮੁਦਾਏ ॥ ੩੦ ॥ ਮਿਹਰੇ ਜਥਾ ਸ਼ਕਤਿ ਕਰ ਲੀਨਿ।ਭੇਟ ਗੁਰੂ ਆਗੈ ਧਰਿ ਦੀਨਿ। ਮਸਤਕ ਟੇਕਤਿ ਗੁਰੂ ਬਖਾਨੀ[2] । 'ਮੋਹਿ ਭਾਵਨਾ ਪੂਰਹੁ ਮਹਾਨੀ ॥ ੩੧ ॥ ਸੁੰਦਰ ਸਦਨ ਸੁਧਾਰਨਿ ਕਰੇ। ਤਿਨਿ ਮਹੁਂ ਚਰਨ ਆਪ ਕੇ ਫਿਰੇ । ਮਾਤਾ ਗੰਗ ਸੰਗਿ ਚਲਿ ਆਵੈਂ । ਇਮਿ ਦੇਖਨਿ ਮਮ ਚਿਤ ਲਲਚਾਵੈ' ॥ ੩੨ ॥ ਸੁਨਿ ਕਰਿ ਸ੍ਰੀ ਸਤਿਗੁਰੂ ਬਖਾਨਾ । 'ਜੇ ਕਰਿ ਪ੍ਰੇਮ ਮਨੋਰਥ ਠਾਨਾ । ਕਯੋਂ ਨ ਹੋਹਿ ਪੂਰਨ ਮਨ ਜਾਨਹੁਂ । ਅਸ ਹੁਇ ਸਮੋ, ਪ੍ਰਤੀਖਨ ਠਾਨਹੁ[3]' ॥੩੩॥ ਸੁਨਿ ਗੁਰੁ ਤੇ ਆਇਸੁ ਕੋ ਲੀਨਿ । ਗਮਨਯੋ ਸ੍ਰੀ ਗੰਗਾ ਘਰ ਚੀਨਿ । ਪੌਤ੍ਰ ਬਯਾਹ ਤੇ ਹਰਖਤਿ ਹੋਈ । ਵਧੀ ਬੇਲ ਗੁਰੁ ਬਚ ਫੁਰਿ ਸੋਈ ॥ ੩੪ ॥ ਮਿਹਰੇ ਅੱਗ੍ਰ ਉਪਾਇਨਿ ਧਰੀ । ਹਾਥ ਜੋਰਿ ਅਭਿਬੰਦਨ ਕਰੀ । ਅਤਿ ਪ੍ਰਸੰਨ ਹੁਇ ਬੂਝਨਿ ਠਾਨਾ । ਮਾਤ ਗੰਗ[4] 'ਆਨੰਦ ਮਹਾਨਾ?' ॥੩੫॥ ਸੁਨਿ ਮਿਹਰੇ ਬ੍ਰਿਤੰਤ ਨਿਜ ਭਾਖਾ । 'ਮਨ ਮੇਰੇ ਅਸ ਹੈ ਅਭਿਲਾਖਾ । ਸ੍ਰੀ ਹਰਿ ਗੋਵਿੰਦ ਲੈਕਰਿ ਨਾਲ । ਘਰ ਦਰਸ਼ਨ ਦੇ ਕਰਹੁ ਨਿਹਾਲ॥ ੩੬॥ ਸੁੰਦਰ ਮੰਦਿਰ ਮੈਂ ਬਨਿਵਾਏ। ਦਰਬ ਅਧਿਕ ਹੀ ਤਿਨਿ ਪਰ ਲਾਏ। ਬਸਯੋ ਨਹੀਂ ਮੈਂ ਅੰਤਰਿ ਤਾਂਹਿ। ਨਏ ਹੇਰਿ ਮਨ ਉਪਜੀ ਚਾਹਿ॥੩੭॥ ਪ੍ਰਥਮ ਗੁਰੂ ਕੇ ਪਦ ਅਰਬਿੰਦ । ਬਿਚਰਹਿਂ ਸਦਨ, ਹੋਤਿ ਆਨੰਦ । ਬਿਨੈ ਭਨੀ ਇਹ, ਗੁਰੂ ਅਗਾਰੀ । ਤਉ ਸਹਾਇਤਾ ਚਹੌਂ ਤੁਮਾਰੀ॥੩੮॥ ਕਹਿ ਕਰਿ ਆਪ ਤਯਾਰਿ

---

[1]ਜੋ ਜੋ ਜਿਸ ਦੇ ਅਧਿਕਾਰ ਸੀ । [2]ਗੁਰੂ ਜੀ ਨੂੰ ਕਹੀ । [3]ਐਸਾ ਸਮਾਂ ਆਵੇਗਾ, (ਤੁਸੀਂ) ਉਡੀਕ ਕਰੋ । [4]ਮਾਤਾ ਗੰਗਾ ਜੀ ਨੇ ਪੁਛਿਆ ।

ਕਰਿਵਾਵਹੁ। ਇਕਿ ਬਾਰਿ ਤਿਸਿ ਘਰ ਪਗ ਪਾਵਹੁ। ਸਫਲ ਕਰਹੁ ਬਨਿਬੋ ਤਿਨਿ ਸੁੰਦਰ[1]। ਇਕਿ ਦੁਇ ਨਿਸਾ ਬਾਸ ਕਰਿ ਅੰਦਰਿ[2]' ॥ ੩੯ ॥ ਸੁਨਿ ਗੰਗਾ ਮਿਹਰੇ ਸੰਗਿ ਕਹ੍ਯੋ। 'ਉਤਸਵ ਬ੍ਯਾਹ ਕੋਰਿ ਹੁਇ ਰਹ੍ਯੋ। ਅਬਿ ਤੌ ਜਾਨੋ ਬਨੈ ਨ ਕੋਈ। ਕੋ ਦਿਨ ਬਿਤਹਿਂ ਨਿਹਾਰੈਂ ਸੋਈ ॥੪੦॥ ਸ਼੍ਰੀ ਹਰਿਗੋਵਿੰਦ ਕੋ ਲੇ ਸੰਗਿ। ਆਇ ਪਹੂਚਹਿਂ ਸਦਨ ਉਤੰਗ[2]। ਨਹਿਂ ਸੰਸੈ ਇਸਿ ਮਹਿਂ ਕਿਮਿ ਜਾਨਹੁ। ਅਬਿ ਤੂੰ ਅਪਨੇ ਧਾਮ ਪਯਾਨਹੁ' ॥੪੧॥ ਸੁਨਿ ਗੰਗਾ ਤੇ ਧੀਰਜ ਕੀਨਿ। ਮਿਹਰੋ ਸਦਨ ਪਯਾਨਾ ਲੀਨਿ। ਨਿਸ-ਦਿਨ ਚਿਤਵਹਿ ਆਵਨਿ ਗੁਰੁ ਕੋ। ਬਿਨੁ ਦਰਸ਼ਨ ਤੇ ਸੁਖ ਨਹਿਂ ਉਰ ਕੋ ॥ ੪੨ ॥ ਭੋਜਨ ਅਲਪ ਨੀਂਦ ਨਹਿਂ ਆਵੈ। ਗਿਨਤੀ ਗੁਰ ਆਗਵਨ ਗਿਨਾਵੈ[3]। ਇਕਿ ਦਿਨ ਮਾਤ ਗੰਗ ਸੁਤ ਹੇਰਾ। ਮਿਹਰੇ ਹੇਤਿ[4] ਕਹ੍ਯੋ ਤਿਸਿ ਬੇਰਾ ॥੪੩॥ 'ਹੇ ਸੁਤ! ਸਿੱਖ ਜੁ ਬਸਹਿ ਬਕਾਲੇ। ਅਭਿਲਾਖਤਿ ਘਰ ਬਿਖੈ ਬਿਸਾਲੇ। ਅਧਿਕ ਪ੍ਰੇਮ ਤੇ ਕਹਿ ਕਰਿ ਗਯੋ। ਤੁਮ ਆਗਵਨਿ ਚਿਤਹਿ[5] ਬਸਿ ਭਯੋ[6]' ॥੪੪॥ ਸ਼੍ਰੀ ਗੁਰੁ ਸਭਿ ਗਤਿ ਕੋ ਮਨ ਜਾਨਾ। ਕਹ੍ਯੋ ਮਾਤ ਕੋ ਬਚ ਮਨ ਮਾਨਾ। 'ਤੁਮ ਸਮੇਤਿ ਹਮ ਚਲਹਿਂ ਤਿਥਾਈ। ਦੁਇ ਤ੍ਰੈ ਨਿਸਾ ਬਸਹਿਂ ਤਹਿਂ ਜਾਈ' ॥ ੪੫ ॥ ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪੰਚਮ ਰਾਸੇ 'ਮਿਹਰੇ ਕੋ ਪ੍ਰਸੰਗ ਬਰਨਨੰ ਨਾਮ ਇਕ ਸਸ਼ਠੀ ਅੰਸੂ ॥ ੬੧ ॥

੬੨. [ਮਾਤਾ ਰੀਗਾ ਪ੍ਰਲੋਕ]।

ਦੋਹਰਾ ॥ ਸੁਨਿ ਕਰਿ ਬਚ ਇਮਿ ਮਾਤ ਕੇ ਸ਼੍ਰੀ ਗੁਰੁ ਹਰਿ ਗੋਵਿੰਦ। ਮਾਨਤਿ ਭੇ ਸਭਿ ਜਾਨਿ ਕੈ ਹੋਹਿ ਭਵਿੱਖਤਿ ਬ੍ਰਿੰਦ[7] ॥ ੧ ॥ ਚੌਪਈ ॥ 'ਹੋਤਿ ਪ੍ਰਭਾਤਿ ਕਰਹਿਂ ਸਭਿ ਤ੍ਯਾਰੇ। ਚਲਹਿਂ ਬਕਾਲੇ ਸੰਗਿ ਤੁਮਾਰੇ'। ਇਮਿ ਕਹਿ ਸੁਪਤੇ ਰਾਤਿ ਬਿਤਾਈ। ਜਾਗੇ ਦਯਾ ਸਿੰਧੁ ਗੋਸਾਈਂ ॥ ੨ ॥ ਸੌਚ ਸ਼ਨਾਨ ਧ੍ਯਾਨ ਕੋ ਠਾਨੇ। ਦਿਨਕਰ ਚਢੇ ਚਢਨਿ ਲਲਚਾਨੇ[8]। ਸਭਿ ਪਰਵਾਰ ਸਦਨ ਹੀ ਰਾਖਿ। ਹਯ ਮੰਗਵਾਇਸਿ ਚਲਿਬੇ ਕਾਂਖਿ[9] ॥ ੩ ॥ ਕੁਛ ਸਿਖ ਸੁਭਟ ਸੰਗਿ ਲੈ ਨਾਥ। ਗੰਗ ਮਾਤ ਕੋ ਚਾਲੇ ਸਾਥਿ। ਸ਼੍ਰੀ ਹਰਿਮੰਦਰ ਬੰਦਨ ਕਰਿ ਕੈ। ਗਮਨਿ ਬਕਾਲੇ ਦਿਸ਼ਾ ਨਿਹਰਿਕੈ ॥੪ ॥ ਸਨੇ ਸਨੇ ਮਗ ਉਲੰਘ੍ਯੋ ਸਾਰੋ। ਜਾਇ ਬਕਾਲੇ ਗ੍ਰਾਮ ਨਿਹਾਰੋ। ਸਾਈਂਦਾਸ ਸੰਗਿ ਬਚ

[1]ਤਿਨ੍ਹਾਂ ਮਕਾਨਾਂ ਦਾ ਸੁੰਦਰ ਬਣਨਾ। [2](ਤੇਰੇ) ਊੱਚੇ ਭਾਵ ਸ੍ਰੇਸ਼ਟ ਘਰ ਵਿਚ। [3]ਗੁਰੂ ਜੀ ਦੇ ਆਵਣ ਦੀ ਗਿਣਤੀ ਗਿਣਦਾ ਹੈ। [4]ਮਿਹਰੇ ਦੇ (ਘਰ ਜਾਣ) ਵਾਸਤੇ। [5]ਚਿਤਵਦਾ ਹੈ। [6](ਪ੍ਰੇਮ) ਵਸੀ ਹੋਇਆ। (ਅ) (ਸਾਡੇ) ਵਸਣ ਵਾਸਤੇ। [7]ਸਾਰੀ ਭਵਿੱਖਤ ਵਿਚ ਜੋ ਹੋਣੀ ਹੈ। [8]ਸੂਰਜ ਚੜ੍ਹੇ ਚੜ੍ਹਨਾ ਚਾਹਿਆ। [9]ਚੱਲਣ ਦੀ ਇੱਛਾ ਕਰਕੇ।

ਕਹ੍ਯੋ । 'ਇਹ ਸਥਾਨ ਆਗੇ ਜੋ ਲਹ੍ਯੋ ॥ ੫ ॥ ਪਹੁੰਚਨਿ ਉਚਿਤਿ ਇਹੀ ਲਖਿ ਲੀਜੈ । ਕੇਤਿਕ ਦਿਨ ਬਾਸਾ ਇਤਿ ਕੀਜੈ' । ਮਿਹਰੇ ਸੁਨ੍ਯੋ ਗੁਰੂ ਚਲਿ ਆਏ । ਮਾਤਾ ਗੰਗਾ ਸੰਗਹਿ ਲ੍ਯਾਏ' ॥ ੬ ॥ ਹਰਖਤਿ ਗਮਨ੍ਯੋ ਲੇਨਿ ਅਗਾਰੀ । ਆਇ ਮਿਲ੍ਯੋ ਬੰਦਨ ਪਦ ਧਾਰੀ । ਸਤਿਗੁਰੁ ਕੁਸ਼ਲ ਬੂਝਿ ਤਿਹ ਸੰਗਾ । 'ਦਯਾ ਆਪਿ ਕੀ ਸੁਖ ਸਰਬੰਗਾ[1]' ॥ ੭ ॥ ਪੁਨ ਮਾਤਾ ਕੇ ਚਰਨੀ ਪਰ੍ਯੋ। 'ਗੁਰੁ ਚਿਤਿ ਆਵਹਿਂ' ਆਸ਼ਿਖ ਰਰ੍ਯੋ[2] । ਮੁਦਿਤਿ ਰਿਦੇ ਲੇ ਪੁਰੀ ਸਿਧਾਰਾ । ਜਹਾਂ ਨਵੀਨ ਨਿਕੇਤ ਉਸਾਰਾ ॥ ੮ ॥ ਤਹਿਂ ਆਛੋ ਪਰਯੰਕ ਡਸਾਵਾ । ਸੁੰਦਰ ਆਸਤਰਨ ਸੋਂ ਛਾਵਾ[3] । ਕਹਿ ਸਤਿਗੁਰੁ ਸੋਂ ਤਹਾਂ ਉਤਾਰੇ । ਸਭਿ ਪਰਵਾਰ ਬੰਦਨਾ ਧਾਰੇ ॥ ੯ ॥ ਖਾਨ ਪਾਨ ਨੀਕੇ ਕਰਿਵਾਇਸਿ। ਸਰਬ ਸੇਵ ਤੇ ਗੁਰੂ ਰਿਝਾਇਸਿ।ਤੀਨਿ ਦਿਵਸ ਗੁਰੁ ਤਹਾਂ ਬਿਤਾਏ । ਕਰਤਿ ਟਹਿਲ ਕੋ ਉਰ ਹਰਖਾਏ॥੧੦॥ ਚਤੁਰਥ ਦਿਨ ਮਹਿਂ ਬੈਠੇ ਪਾਸਿ। ਮਾਤਾ ਕੀਨਸਿ ਬਾਕ ਪ੍ਰਕਾਸ਼। 'ਹੇ ਸੁਤ ! ਸੁਪਨ ਰਾਤਿ ਕੋ ਆਯਹੁ । ਦੇਹਿ ਅੰਤਿ ਅਪਨੋ ਲਖਿ ਪਾਯਹੁ ॥ ੧੧ ॥ ਤੁਮਰੇ ਪਿਤਾ ਸਮੀਪਿ ਸਿਧਾਵੌਂ । ਮਿਲੌਂ ਅਨੰਦ ਤਹਾਂ ਕੋ ਪਾਵੌਂ।ਜੀਵਤਿ ਚਿਤ ਬਾਂਛਤਿ[4] ਮੈਂ ਪਾਵਾ । ਗੁਰੂ ਕ੍ਰਿਪਾ ਤੇ ਮੋਦ ਉਪਾਵਾ' ॥ ੧੨ ॥ ਕਹ੍ਯੋ ਸੰਝਿ, ਨਿਸਿ ਭੀ ਮੱਧ੍ਯਾਨਾ[5] । ਤਬਿ ਗੰਗਾ ਤਨ ਕੀਨਿ ਸ਼ਨਾਨਾ । ਸੁਨਿ[6] ਸਤਿਗੁਰੁ ਢਿਗ ਬੈਠੇ ਰਹੇ । ਵਾਹਿਗੁਰੂ ਸਿਮਰਨਿ ਕੋ ਕਹੇ॥੧੩॥ਹੁਕਮੁ ਸੱਤਿ ਜਾਨ੍ਯੋ ਨਿਰਧਾਰਾ । ਅਪਰ ਮਾਤ ਸੋਂ ਕੁਛੁਨ ਉਚਾਰਾ । ਪ੍ਰਥਮ ਪਾਠ ਜਪੁਜੀ ਕੋ ਕੀਨਾ । ਪੁਨ ਸੁਖਮਨੀ ਬਿਖੈ ਚਿਤ ਦੀਨਾ ॥੧੪॥ ਬਿਧੀਆ ਜੇਠਾ ਸਾਂਈ-ਦਾਸ । ਸੁਨਿ ਸੁਨਿ ਬੈਠੇ ਮਾਤਾ ਪਾਸਿ । ਚਿਤ ਬਿਸਮਤਿ ਅਵਿਲੋਕਤਿ ਸਾਰੇ । ਗੁਰੁ ਸਮੇਤਿ ਬੈਰਾਗ ਸੁ ਧਾਰੇ[7] ॥ ੧੫ ॥ ਪਠਿ ਸੁਖਮਨੀ ਭੋਗ ਜਬਿ ਪਾਯਹੁ।ਹਾਥ ਜੋਰਿ ਸਭਿ ਸੀਸ ਨਿਵਾਯਹੁ।ਸੁਤ ਸੋਂ ਪ੍ਰੇਮ ਕਰੇ ਬਚ ਕਹ੍ਯੋ। 'ਜਿਮਿ ਤੁਵ ਪਿਤਾ ਦਾਗ ਜਲ ਲਹ੍ਯੋ[8] ॥ ੧੬ ॥ ਤਥਾ ਕਰਹੁ ਮੇਰੋ ਸਸ-

[1]ਸਭ ਤਰ੍ਹਾਂ । [2]ਅਸ਼ੀਰਵਾਦ (ਮਾਤਾ ਜੀ ਨੇ) ਕਹੀ । [3]ਵਿਛਾਵਣਾ ਵਿਛਾਇਆ । [4]ਮਨ ਮੰਗੀਆਂ (ਮੁਰਾਦਾਂ) । [5](ਇਹ ਸੁਪਨਾ) ਦੱਸਿਆ (ਮਾਤਾ ਜੀ ਨੇ) ਸੰਧ੍ਯਾ ਵੇਲੇ (ਤੇ ਫੇਰ ਜਦ) ਅੱਧੀ ਰਾਤ ਹੋਈ। [6](ਅਸ਼ਨਾਨ ਕੀਤਾ)ਸੁਣਕੇ। [7](ਸਾਰਿਆਂ ਨੇ) ਵੈਰਾਗ ਧਾਰਿਆ। [8]ਭਾਵ ਇਹ ਹੈ ਕਿ ਉਹਨਾਂ ਦੇ ਸੱਚ ਖੰਡ ਗਮਨ ਮਗਰੋਂ ਸਰੀਰ ਨੂੰ ਜਲ ਵਿਚ ਪ੍ਰਵਾਹ ਕੀਤਾ ਸੀ । ਪਰੰਤੂ ਯਾਦ ਰਹੇ ਕਿ ਭਾਈ ਸਾਹਿਬ ਗੁਰੂ ਪੰਚਮ ਸਾਹਿਬ ਜੀ ਦਾ ਦਰਯਾ ਕਿਨਾਰੇ ਸਸਕਾਰ ਕਰਨਾ ਬੀ ਲਿਖ ਆਏ ਹਨ ਤੇ ਜਲ ਦਾਗ਼ ਬੀ ਲਿਖ ਆਏ ਹਨ । ਦੋਹਾਂ ਮਹਿਮਾਂ ਪ੍ਰਕਾਸ਼ਾਂ ਨੇ ਸਸਕਾਰ ਲਿਖਿਆ ਹੈ । ਦੇਖੋ ਢੂਕ ਨਿਸ਼ਾਨ *ਰਾਸ ੪ ਅੰਸੂ ੩੮, ਅੰਕ ੨੬ ਸਫ਼ਾ ੨੩੮੭ ।

ਕਾਰਾ[1]। ਸੁਖੀ ਬਸਹੁ ਤੁਮ ਜੁਤਿ ਪਰਵਾਰਾ'। ਕੁਸ਼ਾ ਡਸਾਵਨਿ ਤਬਿ ਧਰਿਵਾਇ। ਪੌਢੀ ਮੁਖ ਪਰਿ ਅੰਚਰ ਪਾਇ ॥੧੭॥ ਸਭਿ ਕੇ ਦੇਖਤਿ ਤਨੁ ਤ੍ਯਜਿ ਗਈ। ਸ੍ਰੀ ਅਰਜਨ ਢਿਗ ਪ੍ਰਾਪਤਿ ਭਈ। ਜੇਸ਼ਠ ਸੁਦੀ ਚੌਥ ਸਸਿਵਾਰ[2]। ਸ੍ਰੀ ਗੰਗਾ ਪਰਲੋਕ ਪਧਾਰਿ ॥੧੮॥ ਜੈ ਜੈ ਕਾਰ ਸੁਰਗ ਮਹਿੰ ਹੋਵਾ। ਗੰਗ ਬਿਵਾਨ ਜਾਤਿ ਕਹੁ ਜੋਵਾ। ਬਾਬਕ ਰਾਗੀ ਗੁਰੂ ਹਕਾਰਾ। 'ਗਾਵਹੁ ਆਸਾਵਾਰਿ' ਉਚਾਰਾ ॥ ੧੯ ॥ 'ਮਾਰੂ ਅਰੁ ਵਡਹੰਸ ਜਿ ਰਾਗ। ਗਾਵਹੁ ਸ਼ਬਦ ਬਡੋ ਬੈਰਾਗ[3]'। ਸੁਰ ਕਰਿ ਗਾਵਨਿ ਸੁੰਦਰ ਕੀਨਿ।ਸੁਨਤਿ ਸਕਲ ਬਾਨੀ ਚਿਤ ਦੀਨਿ ॥੨੦॥ ਬੈਠੇ ਮਾਤਾ ਕੇ ਚਹੁਦਿਸ਼ ਮੈਂ। ਸੁਨਹਿੰ ਪ੍ਰੇਮ ਤੇ ਕਰੁਨਾ ਰਸ ਮੈਂ। ਭਈ ਪ੍ਰਭਾਤਿ ਭੋਗ ਤਬਿ ਪਾਯੋ। ਮਾਤਾ ਹੇਤ ਬਿਬਾਨ ਬਨਾਯੋ ॥੨੧॥ ਸਭਿਨਿ ਗੁਰੂ ਜੁਤਿ ਕੀਨਿ ਸ਼ਨਾਨਾ। ਨਰ ਅਨੁ-ਹਾਰ ਰੁਦਨ ਕੋ ਠਾਨਾ*। ਬੀਚਿ ਬਿਬਾਨ ਗੰਗ ਕੋ ਪਾਏ। ਪੁਨ ਚਾਰਿਹੁੰ ਨਿਜ ਕੰਧ[4] ਉਚਾਏ ॥ ੨੨ ॥ ਸਾਈਂਦਾਸ, ਪਿਰਾਣਾ ਦੋਇ। ਬਿਧੀਆ, ਜੇਠਾ ਸੁਚਿ ਮੈਂ ਹੋਇ[5]। ਮਿਹਰੇ ਗਹਿ ਕਰ ਚਮਰੁ ਢੁਰਾਵਾ। ਬਾਬਕ ਗਾਵਤਿ ਅੱਗ੍ਰ ਸਿਧਾਵਾ॥੨੩॥ਗਮਨੇ ਸ੍ਰੀ ਗੁਰੁ ਹਰਿਗੋਵਿੰਦ। ਮਿਲੇ ਆਇ ਕਰਿ ਮਾਨਵ ਬ੍ਰਿੰਦ। ਕੰਧਿ ਉਠਾਇ ਪਢਤਿ ਗੁਰੁਬਾਨੀ। ਪਹੁੰਚੇ ਤੀਰ ਬਿਪਾਸਾ ਥਾਨੀ[6] ॥ ੨੪॥ ਆਇਸੁ ਪਾਇ ਗੁਰੂ ਕੀ ਚਾਰਹੁੰ। ਜਾਇ ਪ੍ਰਵੇਸ਼ੇ ਨਦੀ ਮਝਾਰਹੁੰ। ਜਹਾਂ ਕਹ੍ਯੋ[7] ਥਿਰ ਕਰਨਿ ਬਿਮਾਨਾ। ਤਹਾਂ ਉਤਾਰਿ ਕੰਧ ਤੇ ਜਾਨਿ[8]॥੨੫॥ਜਬਿ ਜਲਬਿਖੈ ਕਛੁਕ ਪਰਵੇਸ਼ਾ।ਤਨ ਭਾ ਅੰਤਰ ਧ੍ਯਾਨ ਅਸ਼ੇਸ਼ਾ। ਆਇ ਬਰਨ ਬੰਦਨ ਕੋ ਠਾਨੀ। ਕਰ੍ਯੋ ਪੁਚਾਵਨਿ ਸ਼ੁਭ ਇਸ-ਥਾਨੀ[9] ॥ ੨੬ ॥ ਬਿਸਮਤਿ ਹੋਇ ਹਟੇ ਤਬਿ ਚਾਰੋਂ। ਕਹ੍ਯੋ[10], ਪ੍ਰਸੰਗ ਪਿਖ੍ਯੋ ਜਿਮਿ ਸਾਰੋ। 'ਗੁਰੁ ਕੀ ਗਤਿ ਗੁਰੁ ਹੀ ਇਕਿ ਜਾਨੈ'। ਇਮਿ ਕਹਿ

---

[1]ਭਾਵ ਜਲ ਪ੍ਰਵਾਹ ਕਰੋ। [2]ਸੋਮਵਾਰ। [3]ਬੜੇ ਵੈਰਾਗ ਵਾਲੇ। [4]ਮੋਢਿਆਂ ਤੇ। [5]ਪਵਿੱਤ੍ਰ ਹੋਕੇ। [6]ਬਿਆਸਾ ਦੇ ਕੰਢੇ ਵਾਲੇ ਥਾਂ ਤੇ। [7](ਗੁਰੂ ਜੀ ਨੇ) ਕਹਿਆ। [8]ਉਤਾਰਿਆ ਜਾਣਕੇ (ਉਹ ਥਾਂ)। [9]ਭਾਵ ਗੁਰਲੋਕ, ਦੇਖੋ ਇਸੇ ਅੰਸੂ ਦਾ ਅੰਕ ੧੮। [10](ਸਿਖਾਂ ਨੇ) ਕਿਹਾ।

*ਬਨਾਵਟ ਕਰਕੇ ਰੋਣ ਤੋਂ ਭਾਵ ਨਹੀਂ। ਜਿਵੇਂ (ਗੁਰੂ ਸਰੂਪ) ਈਸ਼੍ਵਰੀਯ ਰੰਗ ਵਿਚ ਪੂਰਨ ਸੀ, ਤਿਵੇਂ ਇਨਸਾਨੀਅਤ ਦਾ ਬੀ ਕਮਾਲ ਸੀ। ਇਨਸਾਨੀ ਵਲਵਲਾ ਮਾਤਾ ਵਿਯੋਗ ਵੇਲੇ ਜੇ ਹੁਲਾਰ ਵਿਚ ਆਵੇ ਤਾਂ ਇਹ ਕਮਜ਼ੋਰੀ ਨਹੀਂ। ਵਾਚ ਗ੍ਯਾਨੀ ਲੋਕ ਪੱਥਰ ਸਮਾਨ ਹਿਰਦੇ ਦੀ ਕਰੜਾਈ ਨੂੰ ਗ੍ਯਾਨ ਅਵਸਥਾ ਜਾਣਕੇ ਐਸੇ ਮਰਮੀ ਵਲਵਲਿਆਂ ਨੂੰ ਸਮਝ ਨਹੀਂ ਸਕਦੇ।

ਸਭਿ ਹੀ ਬੰਦਨ ਠਾਨੇ ॥ ੨੭ ॥ ਜਥਾ ਜੋਗ ਕਰਿ ਕੈ ਹਟਿ ਆਇ। ਬੀਚਿ ਬਕਾਲੇ ਨਰ ਸਮੁਦਾਇ। ਏਕਿ ਨਿਸਾ ਬਸਿ ਕੈ ਤਿਸਿ ਥਾਨਾ। ਭਈ ਪ੍ਰਾਤ ਗੁਰੁ ਚਹਯੋ ਪਯਾਨਾ ॥੨੮॥ ਮਿਹਰੇ ਸੰਗਿ ਕਹਯੋ 'ਤੁਵ ਚਾਹੀ।ਪੂਰਨ ਭਈ ਲਖਹੁ ਉਰ ਮਾਂਹੀ। ਜਾਇ ਸੁਧਾਸਰ, ਸਗਰੀ ਰੀਤਿ। ਕਰਯੋ ਚਹਿਤਿ, ਚਿਤ ਮਹਿਂ ਧਰਿ ਪ੍ਰੀਤਿ' ॥ ੨੯ ॥ ਮਿਹਰੇ ਕਹਯੋ 'ਇਹਾਂ ਪ੍ਰਭੁ ਕੀਜੈ। ਬਾਂਛਤਿ ਹੋਇ ਮੰਗਾਇ ਸੁ ਲੀਜੈ। ਮਾਤਾ ਹੇਤ ਜੱਗਯ ਕਰਿਵਾਵਹੁ।ਤਿਲਕ ਸਭਿਨਿ ਤੇ ਇਹ ਠਾਂ ਪਾਵਹੁ' ॥੩੦॥ ਗੁਰੂ ਕਹਯੋ 'ਚਿਤ ਚਾਹਤਿ ਜੋਇ। ਸੋ ਭੀ ਬਾਤਿ ਤੋਹਿ ਢਿਗਿ ਹੋਇ। ਹਮ ਤੇ ਤ੍ਰਿਤੀ ਥਾਨ ਗੁਰੁ ਬੈਸੈਂ[1]। ਤਿਲਕ ਬਕਾਲੇ* ਮਹਿਂ ਲੇਂ ਐਸੇ॥੩੧॥ਮੇਰੋ ਰੂਪ ਭੇਦ ਨਹਿਂ ਕੋਈ। ਤਬਿ ਲੌ ਜੀਵਨਿ ਤੇਰੋ ਹੋਈ'। ਸੁਨਿ ਮਿਹਰੇ ਉਰ ਨਿਸ਼ਚੈ ਪਾਯੋ। ਚਰਨ ਕਮਲ ਗੁਰੁ ਕੇ ਲਪਟਾਯੋ ॥ ੩੨ ॥ ਚਢੇ ਤੁਰੰਗ ਬੇਗ ਤੇ ਚਾਲੇ। ਸਾਈਂਦਾਸ ਸਿੱਖ ਭਟ ਨਾਲੇ। ਪੰਥ ਬਿਖੈ ਕੁਛ ਥੋਰਾ ਠਹਿਰੇ। ਚਢੇ ਗੁਰੂ ਪੁਨ ਢਰੇ ਦੁਪਹਿਰੇ ॥੩੩॥ ਕਿਤਿਕ ਦਿਵਸ ਰਹਿ ਪਹੁੰਚੇ ਜਾਈ। ਗੰਗ ਮਾਤ ਕੀ ਬਾਤਿ ਸੁਨਾਈ।ਗੁਰੁ ਪਤਨੀ ਤੀਨਹੁ ਰੁਦਨੰਤੀ।ਸਿਮਰਿ ਸਿਮਰਿ ਗੁਨ ਬਹੁ ਪਛੁਤੰਤੀ ॥੩੪॥ 'ਪੂਰਬ ਹੀ ਹਮ ਤੇ ਹੁਇ ਨਯਾਰੀ।ਅੰਤ ਸਮੇਂ ਮਹਿਂ ਨਹੀਂ ਨਿਹਾਰੀ। ਹਮ ਸਭਿ ਕੋ ਅਲੰਬ[2] ਬਡ ਹੁਤੀ। ਘਰ ਕਾਰਜ ਕੀ ਦਾਯਕ ਮਤੀ[3]' ॥੩੫॥ਸ੍ਰੀ ਗੁਰੁ ਉਤਰਿ ਪਰੇ ਤਿਹ ਸਮੇ। ਸ੍ਰੀ ਹਰਿਮੰਦਰ ਕਰਿ ਕੈ ਨਮੋ।ਬੈਠੇ ਤਖਤ ਅਕਾਲ ਸਥਾਨ।ਸੁਧਿ ਪੁਰਿਮਹਿ ਸੁਨਿ ਸੁਨਿ ਸਭਿਕਾਨ ॥੩੬॥ ਸਯਾਨੇ ਨਰ ਸਤਿਗੁਰੁ ਢਿਗ ਆਇ।ਬੈਠਿ ਮਾਤ ਕੀ ਬਾਤ ਚਲਾਇ। ਕਰਹਿਂ ਸਰਾਹਨ'ਬਹੁ ਮਤਿ ਵੰਤੀ।ਸਮ ਭਾਨੀ ਕੇ ਅਤਿ ਸਤਿਵੰਤੀ' ॥੩੭॥ ਗੁਰੂ ਕਹਯੋ 'ਜੋ ਉਪਜਨਿ ਹਾਰ।ਬਿਨਸਹਿ,ਨੇਮ ਇਹੀ ਕਰਤਾਰ। ਹੋਨਿ-ਹਾਰ ਕੋ ਕਯਾ ਹੈ ਸ਼ੋਕ। ਕਰਹਿ ਸ਼ੋਕ ਪਾਇ ਨ ਕੁਛ ਲੋਕ[4]' ॥੩੮॥ਪੁਰਿਕੇ ਨਰ ਮਸੰਦ ਗਨ ਸੂਰੇ। ਆਇ, ਭਈ ਭੀਰ ਥਲ ਪੂਰੇ। ਜਥਾ ਜੋਗ ਸਭਿ-ਹਿਨਿ ਕੇ ਸਾਥ। ਬਚਨ ਬਿਲਾਸ ਪ੍ਰਕਾਸ਼ੇ ਨਾਥ ॥ ੩੯॥ ਉਠਿ ਕਰਿ ਨਿਜ ਮਹਿਲੀਂ ਤਬਿਗਏ।ਅਧਿਕ ਸ਼ੋਰਤਹਿਂ ਸੁਨਿਤੇ ਭਏ।ਪੁਰਿ ਕੀ ਨਾਰਿ ਬ੍ਰਿੰਦ ਘਰ ਭਰਯੋ। ਊਚੇ ਸੁਰ ਰੋਦਨ ਬਹੁ ਕਰਯੋ ॥ ੪੦ ॥ ਇਕ ਦਾਸੀ ਨਿਜ

[1]ਬੈਠਣਗੇ। [2]ਆਸਰਾ। [3]ਮੱਤ ਦੇਣ ਵਾਲੀ। [4]ਜੋ ਲੋਕ ਸ਼ੋਕ ਕਰਦੇ ਹਨ ਉਨ੍ਹਾਂ ਨੂੰ ਕੁਛ ਪ੍ਰਾਪਤ ਨਹੀਂ ਹੁੰਦਾ।

*ਅੰਮ੍ਰਿਤਸਰ ਦੇ ਜ਼ਿਲੇ ਵਿਚ ਹੈ।

ਨਿਕਟਿ ਬੁਲਾਈ।ਰੁਦਤਿ ਦੁਖਿਤਿ ਚਿਤ ਸੋ ਚਲਿ ਆਈ। ਕਹਯੋ ਤਾਂਹਿ ਸੋਂ 'ਰੁਦਨ ਹਟਾਵਹੁ। ਬੈਠੇ ਰਹਹੁ ਗੁਰੂ ਗੁਨ ਗਾਵਹੁ॥੪੧॥ ਬਡਭਾਗਨਿ ਜਨਨੀ ਸੁਖੁ ਪਾਇ। ਨਹਿਂ ਸੋਚਨਿ ਕੇ ਜੋਗ ਕਦਾਇ'। ਸੁਨਿ ਦਾਸੀ ਅੰਤਰ ਤਬਿ ਜਾਇ। ਗੁਰੁ ਬਚ ਕਹਿ ਕੈ ਦਈ ਹਟਾਇ॥ ੪੨ ॥ ਸੁਨਿ ਕੈ ਸਨੇ ਸਨੇ ਹਟਿ ਗਈ। ਸ਼ੋਕ ਸਕਲ ਹੀ ਠਾਨਤਿ ਭਈ।ਰਾਤਿ ਬਿਤਾਵਨਿ ਕੀਨੀ ਸੋਇ। ਉਠੇ ਪ੍ਰਭੂ ਨਿਜਿ ਬੇਲਾ ਜੋਇ[1] ॥ ੪੩ ॥ ਸੁਧਿ ਸਬੰਧੀਅਨਿ ਸਦਨ ਪਠਾਈ। ਸੁਨੀ ਸਭਿਨਿ ਬਹੁ ਸ਼ੋਕ ਉਪਾਈ। ਨਿਜ ਨਿਜ ਘਰ ਤੇ ਹ੍ਵੈ ਕਰਿ ਤਯਾਰੇ। ਪਰੇ ਸੁਧਾਸਰ ਪੰਥ ਮਝਾਰੇ ॥੪੪॥ ਬੋਲੇ ਸਤਿ-ਗੁਰੁ 'ਸੁਨਿ ਗੁਰਦਾਸ !। ਪਠਹੁ ਗ੍ਰਿੰਥ ਸਾਹਿਬ ਸੁਖਰਾਸ। ਬਿਦਤਹਿ ਸਿੱਖਯਨਿ ਮੈਂ ਅਸ ਰੀਤਿ।ਮ੍ਰਿਤਕ ਭਏ ਜੇ ਪਢਹਿਂ ਸ ਪ੍ਰੀਤਿ ॥੪੫॥ ਸਭਿ ਬਿਧਿ ਕੇ ਸੁਖ ਪਾਵਹਿਂ ਪ੍ਰਾਨੀ। ਜਿਸ ਹਿਤ ਪਢਨਿ ਕਰਹਿਂ ਗੁਰੁ ਬਾਨੀ। ਇਸਿ ਫਲ ਸਮ ਜਗ ਅਪਰ ਨ ਕੋਈ। ਬਡੇ ਭਾਗ ਤੇ ਪ੍ਰਾਪਤਿ ਹੋਈ*' ॥ ੪੬ ॥ ਫਰਸ਼ ਕਰਾਯੋ ਸੁੰਦਰ ਠੌਰ। ਦੁਹੁੰਦਿਸ਼ਿ ਸਿੱਖ ਢੁਰਾਵਹਿਂ ਚੌਰ। ਖੋਲਨਿ ਕਰਯੋ ਗ੍ਰਿੰਥ ਜੀ ਤਬੈ।ਕਰਿ ਗੁਰਦਾਸ ਪਾਠ ਕੋ ਸਬੈ॥੪੭॥ਇਮਿ ਕਰਤੇ ਦਿਨ ਦ੍ਵੈ ਕਿ ਬਿਤਾਇ। ਸੁਨਹਿਂ ਪਾਠ ਕੋ ਨਰ ਸਮੁਦਾਇ। ਹੁਤੇ ਸਬੰਧੀ ਸੇ ਚਲਿ ਆਇ। ਗੁਰੁ ਕੇ ਮਹਿਲ ਜਾਇ ਰੁਦਨਾਇ॥ ੪੮ ॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪੰਚਮ ਰਾਸੇ 'ਸ੍ਰੀ ਗੰਗਾ ਕੋ ਪ੍ਰਲੋਕ ਗਮਨਿ' ਬਰਨਨੰ ਨਾਮ ਦੋਇ ਸਸ਼ਠੀ ਅੰਸੂ ॥੬੨॥

੬੩. [ਸ੍ਰੀ ਤੇਗ ਬਹਾਦਰ ਜੀ ਅਵਤਾਰ]।

ਦੋਹਰਾ ॥ ਗੋਇੰਦਵਾਲ,ਖਡੂਰ ਤੇ ਮਉ,ਡੱਲੇ,ਮੰਡਯਾਲਿ। ਸਭਿ ਆਏ ਨਰ ਨਾਰਿ ਗਨ ਰੋਦਤਿ ਸ਼ੋਕ ਬਿਸਾਲ ॥ ੧ ॥ ਚੌਪਈ ॥ ਗੁਰ ਮਹਿਲਨਿ ਮਹਿਂ ਸ਼ਬਦ ਰੁਦਨ ਕੋ।ਭਯੋ ਬਿਸਾਲ ਮੇਲਿਯਨਿ ਗਨ ਕੋ†। ਕਰਹਿਂ ਸਰਾਹਨਿ ਗੁਨ ਸਮੁਦਾਇ। ਸਿਮਰਿ ਸਿਮਰਿ[2] ਗਨ ਤ੍ਰਿਯ ਰੁਦਨਾਇ॥ ੨ ॥ ਵਹਿਰ ਗੁਰੂ ਢਿਗ ਬਾਤਿ ਕਰੰਤੇ। 'ਭਾਗਵਾਨ ਦੀਰਘ' ਉਚਰੰਤੇ। 'ਪਿਖਹੁ ਫਨਾਹ ਜਹਾਨ ਤਮਾਮ[3]। ਨਹੀਂ ਰਹਤਿ ਨਿਤਿ ਕਾਹੁ ਮੁਕਾਮ[4] ॥੩॥ ਨਦੀ

[1]ਵੇਲਾ ਵੇਖਕੇ। [2]ਯਾਦ ਕਰ ਕਰਕੇ। [3]ਸਾਰਾ ਜਹਾਨ (ਜੇ ਤੁਸੀਂ) ਵੇਖਦੇ ਹੋ ਫਨਾਹ ਹੋਣ ਵਾਲਾ ਹੈ। [4]ਕਿਸੇ ਦੀ ਥਿਰਤਾ।

*ਇਹ ਗੁਰੂ ਰੀਤੀ ਕਵਿ ਜੀ ਦੱਸ ਰਹੇ ਹਨ।

†ਉੱਪਰ ਪਿਛਲੇ ਅੰਸੂ ਦੇ ਅੰਕ ੪੨ ਵਿਚ ਗੁਰੂ ਜੀ ਵਲੋਂ ਰੋਣਾ ਬੰਦ ਕਰਨ ਦਾ ਹੁਕਮ ਕਵੀ ਜੀ ਦੱਸ ਆਏ ਹਨ, ਫੇਰ ਕਿਵੇਂ ਰੋਣ ਦੀ ਸੱਦ ਜਾਰੀ ਹੋ ਸਕਦੀ ਹੈ। ਹਾਂ, ਮਾਤਾ ਜੀ ਦੇ ਗੁਣਾਂ ਤੇ ਪਿਆਰ ਦੀ ਯਾਦ ਵਿਚ ਹਿਰਦੇ ਦੇ ਡੂੰਘੇ ਵਲਵਲੇ ਤੋਂ ਨੈਣੀ ਨੀਰ ਆ ਜਾਣਾ ਕੁਦਰਤੀ ਬਾਤ ਹੈ। 'ਨਾਨਕ ਰੁੰਨਾ ਬਾਬਾ ਜਾਣੀਐ ਜੇ ਰੋਵੈ ਲਾਇ ਪਿਆਰੋ'।

ਪ੍ਰਵਾਹ ਚਲਯੋ ਜਗ ਜਾਤਿ। ਜੀਰਨਿ ਬਨਤਿ ਬਿਦਤਿ ਦਿਨ ਰਾਤਿ[1]
ਭੱਲੇ ਤੇਹਣ ਅਪਰ ਜਿ ਸਯਾਨੇ। ਸਭਿਨਿ ਸੁਨਾਵਤਿ ਏਵ ਬਖਾਨੇ ॥ ੪ ॥
'ਅਹੈ ਜਥਾਰਥ' ਸ੍ਰੀ ਗੁਰੁ ਕਹਯੋ। ਇਸ ਬਿਧਿ ਕਹਿ ਕਰਿ ਡੇਰਾ ਲਹਯੋ।
ਸੇਵਾ ਪਰਿ ਮਸੰਦ ਗਨ ਛੋਰੇ।ਸਰਬ ਸੇਵ ਕੀਨੀ ਸਭਿ ਓਰੇ ॥੫॥ ਸਤਿਗੁਰੁ
ਬੈਠਤਿ ਲਾਇ ਦਿਵਾਨ। ਦਿਨ ਪ੍ਰਤਿ ਆਵਹਿਂ ਲੋਕ ਮਹਾਨ। ਦੀਰਘ
ਚੌਕੀ ਹੁਇ ਦੁਇਕਾਲ[2]। ਸੁਨਿ ਕਰਿ ਸੰਗਤ ਮਿਲੀ ਬਿਸਾਲ[3] ॥ ੬ ॥ ਇਸ
ਬਿਧਿ ਤ੍ਰੌਦਸ਼[4] ਦਿਵਸ ਬਿਤਾਏ। ਭੋਗ ਗ੍ਰਿੰਥ ਗੁਰੁਦਾਸਹਿ ਪਾਏ। ਗੁਰੂ
ਕਰਾਵਤਿ ਭੇ ਅਰਦਾਸ। ਦੀਨਿਸਿ ਪੋਸ਼ਿਸ਼ ਜ਼ਰੀ ਪ੍ਰਕਾਸ਼ ॥ ੭ ॥ ਦੀਨਿ
ਦਿਜਨਿ ਕੋ ਦਾਨ ਘਨੇਰੋ*।ਬਸਤ੍ਰ ਬਿਭੂਖਨ ਮੋਲ ਬਡੇਰੋ।ਸਿਹਜਾ[5] ਦਰਬ
ਅਹਾਰ ਉਦਾਰਾ। ਤੋਸ਼ਨਿ ਕੀਨੇ ਸਰਬ ਪ੍ਰਕਾਰਾ॥੮॥ ਉਠਯੋ ਬ੍ਰਿੱਧ ਦੀਨਸਿ
ਦਸਤਾਰ। ਲਈ ਗੁਰੁ ਨਿਜ ਸਿਰ ਪਰਿ ਧਾਰਿ। ਤੇਹਣ ਭੱਲੇ ਜਿਤਿਕ
ਸੰਬੰਧੀ। ਦਈ ਸਭਿਨਿ ਜਬਿ,ਸ੍ਰੀ ਗੁਰੁ ਬੰਧੀ ॥੯॥ ਦ੍ਵਾਰਾ ਹਰੀ ਚੰਦ ਇਹ
ਦੋਇ। ਦਾਸ ਨਰਾਇਣ ਤੀਸਰਿ ਜੋਇ। ਬਸਤ੍ਰ ਬਿਭੂਖਨ ਧਨ ਦੇ ਘਨੋ।
ਹਾਥ ਜੋਰਿ ਬਿਨਤੀ ਕੇ ਸਨੋ॥ ੧੦ ॥ ਸੰਗਤਿ ਸਿੱਖ ਮਸੰਦ ਬਿਲੰਦ।
ਦੇਤਿ ਪਦਾਰਥ ਲਯਾਵਤਿ ਬ੍ਰਿੰਦ[6]। ਪੁਨ ਗੁਰੁ ਪੰਚਾਂਮ੍ਰਿਤ ਕਰਿਵਾਯੋ।
ਘਨੋ ਸਭਿਨਿ ਮਹਿਂ ਕਹਿ ਬਰਤਾਯੋ॥੧੧॥ਉਤਸਵ ਭਯੋ ਸ਼ੋਕ ਕੋ ਤਯਾਗੇ।
ਨੌਬਤ ਬਜਨਿ ਲਗੀ ਜਿਮਿ ਆਗੇ। ਜੇਤਿਕ ਆਇ ਸਕਲ ਸਿਧਾਏ।
ਗੋਇੰਦਵਾਲ ਆਦਿ ਸਮੁਦਾਏ ॥ ੧੨ ॥ ਕਿਤਿਕ ਦਯੋਸ ਜਬਿ ਬੀਤੇ ਫੇਰਿ
। ਸੰਗਤਿ ਆਵਤਿ ਜਾਤਿ ਘਨੇਰ। ਇਕ ਦਿਨ ਭਾਈ ਬ੍ਰਿੱਧ ਬਖਾਨਾ।
'ਰਾਵਰ ਕਰਨੇ ਕੌਤਕ ਨਾਨਾ ॥੧੩॥ ਵਹਿਰ ਕ੍ਰਿਆ ਅਵਿਲੋਕ ਤੁਮਾਰੀ।
ਭ੍ਰਮਹਿਂ ਲੋਕ ਮਿਲਿ ਨਿੰਦ ਉਚਾਰੀ†। ਅਰ ਕਰਨੇ ਬਹੁ ਜੰਗ ਅਖਾਰੇ।
ਸਮੇਂ ਭਯੋ ਪ੍ਰਾਪਤਿ ਇਸਿ ਬਾਰੇ ॥੧੪॥ ਜਹਾਂ ਰਿਹਾਇਸ਼[7] ਹੈ ਮੁਝ ਨੀਤਿ।

---

[1]ਰਾਤ ਦਿਨ ਵਿਚ ਪ੍ਰਗਟ ਹੀ ਪੁਰਾਣਾ ਹੁੰਦਾ ਜਾਂਦਾ ਹੈ (ਪੁਰਸ਼, ਭਾਵ ਆਯੂ ਬੀਤਦੀ ਜਾਂਦੀ ਹੈ)। [2]ਦੋਨੋ ਵੇਲੇ। [3]ਸੁਨਣਾਂ ਕਰਦੀ ਹੈ ਸੰਗਤ ਬਹੁਤੀ ਮਿਲਕੇ। [4]ਤੇਰਾਂ। [5]ਬਿਸਤਰੇ। [6]ਬਹੁਤੇ ਪਦਾਰਥ ਲਿਆਂਵਦੇ ਹਨ। [7]ਨਿਵਾਸ।

*ਗੁਰੂ ਘਰ ਵਿਚ ਗੁਰੂ ਮਟਯਾਦਾ ਵਿਹਤ ਹੈ, ਹੋਰ ਰਸਮਾਂ ਨਹੀਂ ਹਨ, ਦੇਖੋ ਰਾਸ ੨ ਅੰਸੂ ੨੪ ਅੰਕ ੪੧ ਦੀ ਹੇਠਲੀ ਟੂਕ। ਪਿਛਲੇ ਅੰਸੂ ਦੇ ਅੰਕ ੪੫ ਵਿਚ ਸਭ ਤੋਂ ਉੱਚੀ ਗਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਦੱਸ ਆਏ ਹਨ।

†ਜੁਧ ਜੰਗ ਜੋ ਹੁਣ ਹੋਣੇ ਹਨ, ਉਹਨਾਂ ਵੱਲ ਸੈਨਤ ਹੈ।

ਬੈਠ੍ਯੋ ਰਹਤਿ ਇਕਾਂਤ ਸਪ੍ਰੀਤਿ । ਸ੍ਰੀ ਗੁਰੂ ਰਾਮਦਾਸ ਕੇ ਸਮੈਂ ।
ਸਕਲ ਸਮਾਜ ਸੌਂਪਿਯਤਿ ਹਮੈਂ[1] ॥ ੧੫ ॥ ਤਉ ਬਾਸ ਮਮ ਬੀੜ ਮਝਾਰਾ।
ਜਾਨਤਿ ਸਭਿ ਤੁਮ ਸੁਨਯੋ ਉਦਾਰਾ । ਦਿਹੁ ਆਇਸੁ ਕਰਿ ਹੌਂ ਤਹਿਂ ਬਾਸਾ।
ਜਰਾ[2] ਅਧਿਕ ਹੀ ਮਮ ਤਨ ਗ੍ਰਾਸਾ ॥੧੬॥ ਮਾਤਗੰਗ ਅਬਿ ਤਨੁ ਕੋ ਤ੍ਯਾ-
ਗ੍ਯੋ । ਤਬਿ ਲੌ ਬੀਰ ਰੰਗ ਨਹਿਂ ਜਾਗ੍ਯੋ[3] । ਹੁਇਂ ਅਬਿ ਬਿਘਨ ਅਨੇਕ
ਪ੍ਰਕਾਰੇ । ਕਾਰਨ ਪ੍ਰਥਮ ਸ਼ਸਤ੍ਰ ਤੁਮ ਧਾਰੇ[4]॥੧੭॥ ਸੁਨਿ ਸ੍ਰੀ ਗੁਰੁ ਨੇ ਸਕ-
ਲ ਬਿਚਾਰੀ ।–ਜਥਾ ਜੋਗ ਬ੍ਰਿਧ ਇੱਛਾ ਧਾਰੀ । ਪੂਰਬ ਭੀ ਇਹ ਵਹਿਰ
ਰਹੰਤੇ । ਹਮਰੇ ਹਿਤ ਠਹਿਰੇ ਹਿਤਵੰਤੇ ॥ ੧੮ ॥ ਸਮਾਂ ਜੁੱਧ ਕੋ ਪਹੁੰਚ੍ਯੋ
ਆਈ–। ਇਮਿ ਬਿਚਾਰ ਆਇਸੁ ਫੁਰਮਾਈ । ਕਰਿਕੈ ਚਰਨ ਕਮਲ ਕੋ
ਬੰਦਨ । ਬਾਰਿ ਬਾਰਿ ਪਿਖਿ ਸ਼ੱਤ੍ਰ ਨਿਕੰਦਨ[5] ॥੧੯॥ ਗਯੋ ਬੀੜ ਕੋ ਪ੍ਰਥਮ
ਸਥਾਨਾ । ਇਕਿ ਰਸ ਬ੍ਰਿਤੀ ਰਿਦੇ ਬ੍ਰਹਮ ਗ੍ਯਾਨਾ । ਸ਼ਕਤਿ ਬਿਸਾਲ
ਚਹੈ ਸੋ ਕਰਿਹੀ । ਤਉ ਨ ਕਰਹਿ ਧੀਰ ਉਰ ਧਰਿ ਹੀ॥੨੦॥ ਪਾਛੇ ਕੇਤਿਕ
ਦਿਵਸ ਬਿਤਾਇ । ਸੰਗਤਿ ਸਦਾ ਆਇ ਇਕ ਜਾਇ । ਕਰਤਿ ਅਨੇਕਨ
ਕੋ ਕੱਲ੍ਯਾਨ । ਕਿਸਿ ਦੇਂ ਭਗਤਿ ਕਿਸੀ ਬ੍ਰਹਮ ਗ੍ਯਾਨ ॥ ੨੧ ॥ ਕਿਸਿ
ਕੀ ਕਰਹਿਂ ਕਾਮਨਾ ਪੂਰੀ । ਸੁਤ ਬਿਤ ਆਦਿ ਜਿ ਕਰਿ ਉਰ ਰੂਰੀ[6] ।
ਆਯੁਧ ਬਿੱਦ੍ਯਾ ਬਹੁ ਅੱਭ੍ਯਾਸੇ । ਕਰਹਿਂ ਸੁਭਟ ਗੁਰੁ ਪਿਖਹਿਂ ਤਮਾਸ਼ੇ[7]
॥੨੨॥ ਪੈਂਦੇ ਖਾਨ ਬੀਰ ਬਰ ਹੋਵਾ । ਜਿਸਿ ਕੀ ਸਮ ਕੋ ਦੁਤਿਯ ਨ ਜੋਵਾ ।
ਸਿਪਰਿ ਖੜਗ ਕੇ ਦਾਵ ਕਰੰਤੇ । ਧਨੁਖ ਨਿਠੁਰ ਨੌਟੰਕ ਖਿਚੰਤੇ ॥ ੨੩ ॥
ਖਪਰੇ[8] ਮਹਾਂ ਫੁਲਾਦੀ ਤੀਖਨ । ਗੁਰੂ ਘਰਾਵਹਿਂ ਕਹਿ ਕਹਿ ਭੀਖਨ ।
ਚਾਰਿ ਚਾਰਿ ਅੰਗੁਲ ਚੌਰਾ ਕਰਿ । ਕਾਨੀ ਪੁਸ਼੍ਰਕਾ ਮੱਧ ਬੀਚ ਧਰਿ[9] ॥
੨੪ ॥ ਦੇਖਤਿ ਲੋਕ ਅਧਿਕ ਬਿਸਮਾਵੈਂ । 'ਅਬਿ ਤੌ ਅਸਿ ਨਹਿਂ ਕੋਇ
ਚਲਾਵੈ । ਅਰਜਨ ਆਦਿਕ ਸਮਯ ਮਝਾਰਾ । ਸੁਨੇ ਬਲੀ, ਸੇ ਕਰਤਿ

---

[1]ਸਾਨੂੰ ਸੌਂਪਿਆ ਹੋਇਆ ਸੀ । [2]ਬੁਢੇਪਾ । [3]ਭਾਵ ਮਾਤਾ ਜੀ ਦੇ ਜੀਉਂਦੇ ਜੀ ਉਨ੍ਹਾਂ ਨੂੰ ਉਦਾਸੀਓਂ ਬਚੇ ਰੱਖਣ ਲਈ ਤੁਸਾਂ ਬੀਰ ਰਸ ਦੇ ਅਖਾੜੇ ਰਚਣੇ ਮੁਨਾਸਿਬ ਨਹੀਂ ਸਨ ਸਮਝੇ ਹੁਣ ਤੁਸਾਂ ਜੰਗ ਕਰਨੇ ਹਨ । [4](ਇਨ੍ਹਾਂ ਵਿਘਨਾਂ ਨੂੰ ਦੂਰ ਕਰਨ) ਲਈ ਤੁਸਾਂ ਪਹਿਲੋਂ ਹੀ ਸ਼ਸਤ੍ਰ ਧਾਰਨ ਕੀਤੇ ਸਨ । [5]ਵੈਰੀ ਦੇ ਨਾਸ਼ ਕਰਤਾ (ਗੁਰੂ ਜੀ) ਨੂੰ । [6]ਜਿਹੜੀਆਂ (ਕਾਮਨਾਂ) ਪੁੱਤ੍ਰ ਧਨ ਆਦਿ ਦੀਆਂ ਹਿਰਦੇ ਨੂੰ ਚੰਗੀਆਂ ਲਗਦੀਆ ਹਨ । [7]ਸੂਰਮੇ (ਅੱਭ੍ਯਾਸ) ਕਰਦੇ ਹਨ ਤੇ ਗੁਰੂ ਜੀ ਵੇਖਦੇ ਹਨ ਤਮਾਸ਼ਾ । [8]ਚੌੜੇ ਫਲ ਵਾਲਾ ਤੀਰ [ਸਿਸ:, ਕਜ਼ੁਰਪਤ੍ਰ] [9]ਚੌੜਾ ਫਲ ਬਣਵਾਕੇ ਉਸ ਦੇ ਅੱਧ ਵਿਚਕਾਰ ਪੱਕੀਆਂ ਕਾਨੀਆਂ ਗਡਵਾਕੇ ।

ਪ੍ਰਹਾਰਾ ॥ ੨੫ ॥ ਕੌਨ ਸ਼ੱਤ੍ਰ ਇਨਿ ਸਕਹਿ ਸਹਾਰੇ। ਜਥਾ ਸਰਪ ਕੋ ਫਨ
ਬਿਸਥਾਰੇ[?]। ਕਰਿ ਕਰਿ ਤੋਂਨਾਰਿ ਬ੍ਰਿੰਦ ਰਖਵਾਵੈਂ। ਤੁਪਕਨਿ[1] ਹਿਤ
ਗੁਲਕਾਂ ਢਲਿਵਾਵੈਂ ॥੨੬॥ ਜੇਤਿਕ ਜੰਗ ਸਮਿੱਗ੍ਰੀ ਬਰਤੇ। ਗਨ ਆਯੁਧ
ਕੋ ਸੰਗ੍ਰਹ ਕਰਤੇ[2]। ਦਿਨ ਪ੍ਰਤਿ ਰੁਖ ਪੈਂਦੇ ਸੰਗਿ ਕਰੈਂ। ਕਬਿ ਕਬਿ ਪਹੁੰ-
ਚਤਿ ਕੌਲਾਂ ਘਰੈ ॥ ੨੭ ॥ ਦੇਖਿ ਦੇਖਿ ਸਿਖ ਖੁਨਸਹਿੰ ਘਨੇ। ਬਿਨੁ ਜਾਨੇ
ਨਿੰਦਾ ਜਗ ਭਨੇ। 'ਤੁਰਕਨਿ ਸੋਂ ਗੁਰੁ ਕੋ ਬਡਿ ਮੇਲਿ। ਰਾਖਹਿਂ ਸੰਗਿ
ਅਪਰ ਕੋ ਠੇਲਿ[3] ॥ ੨੮ ॥ ਕਾਜ਼ੀ ਤੁਰਕ ਸੁਤਾ ਹਰਿਆਨੀ[4]। ਤਿਸਿ ਘਰ
ਪ੍ਰਵਿਸ਼ਿ ਨ ਧਰਹਿਂ ਗਿਲਾਨੀ। ਪ੍ਰਥਮ ਗੁਰੂ ਅਸ ਕੋਇ ਨ ਭਯੋ। ਹੋਤਿ
ਸੁਸ਼ੀਲ ਬਿਸਾਰਨਿ ਕਿਯੋ[5] ॥੨੯॥ ਔਰਿ ਸੁਭਾਵ, ਔਰਿ ਹੀ ਰੀਤਿ[6]। ਔਰਿ
ਬਿਹਾਰ, ਔਰਿ ਬਿਧਿ ਪ੍ਰੀਤਿ। ਕਰਨਿ ਸ਼ਿਕਾਰ ਜੀਵ ਗਨ ਮਾਰਨਿ। ਨਿਸ-
ਦਿਨ ਆਯੁਧ ਮਹਿਂ[7] ਹਿਤ ਧਾਰਨਿ' ॥ ੩੦ ॥ ਇਸਿ ਬਿਧਿ ਪਸਰਯੋ ਜਗ
ਅਪਵਾਦ। 'ਪੂਰਬਿ ਕੀ ਕਰਿ ਭੰਗ ਮ੍ਰਿਜਾਦਿ[8]'। ਦੇਸ਼ ਬਿਦੇਸ਼ਨਿ ਮਹਿਂ
ਸਭਿ ਕਹੈਂ। ਪੂਰਨ ਸਿੱਖ ਭੇਦ ਕੋ ਲਹੈਂ ॥੩੧॥ ਦਿਪਤਿ ਤੇਜ ਮੁਖ ਮੰਡਲ
ਕੇਰਾ। ਕਹਿ ਨਹਿਂ ਸਕਹਿ ਹੋਹਿ ਕੋ ਨੇਰਾ[9]। ਸਾਰੀ[10] ਰਾਮੋ, ਸਾਈਂਦਾਸ।
ਕਿਤਿਕ ਸਮੈਂ ਬਾਸੇ ਗੁਰ ਪਾਸਿ ॥੩੨॥ ਸੋ ਭੀ ਬਿਦਾ ਕਰੇ ਜਿਸ ਕਾਲ।
ਬਿਛੁਰਤਿ ਸੰਕਟ ਲਹਯੋ ਬਿਸਾਲ। ਕਰੇ ਸਪਰਸ਼ ਚਰਨ ਅਰਬਿੰਦ।
ਧੀਰਜਿ ਦੇ ਸ਼੍ਰੀ ਹਰਿਗੋਵਿੰਦ ॥ ੩੩ ॥ ਗਏ ਡਰੋਲੀ ਕੋ ਸੁਖ ਬਾਸੇ। ਸਿਮ-
ਰਤਿ ਰਹਤਿ ਗੁਰੂ ਸੁਖ ਰਾਸੇ। ਕੇਤਿਕ ਦਿਨ ਬਿਤਾਇ ਸੋ ਘਰ ਮੈਂ*।
ਭਯੋ ਪ੍ਰਸੂਤ ਨਾਨਕੀ ਸਮੈਂ ॥੩੪॥ ਮਾਸ ਵਿਸਾਖ ਹੁਤੋ ਅਭਿਰਾਮ। ਰਹੀ
ਜਾਮਨੀ ਸਵਾ ਸੁ ਜਾਮ। ਸੋਲਹ ਸੈ ਉਨਹੱਤਰਾ† ਸਾਲ। ਬਦੀ ਪੰਚਮੀ[11]
ਥਿਤਿ ਤਿਸਿ ਕਾਲ ॥ ੩੫ ॥ ਸੇਬਨਮਾਨ ਧਾਇਨਿ ਤੇ ਹੋਇ। ਦਾਸੀ ਦਾਸ
ਹਰਖ ਸਭਿ ਕੋਇ। ਬਾਲਕ ਜਨਮਯੋ ਭਯੋ ਅਨੰਦ। ਰਖਿਬੇ ਹਿਤ ਜਗ
ਬੀਰਜ ਹਿੰਦ[12] ॥੩੬॥ ਜਿਨਿ ਕੀ ਸਮ ਜਗ ਭਯੋ ਨ ਕੋਇ। ਪਰਹਿਤ ਸੀਸ

[1]ਬੰਦੂਕਾਂ। [2]ਬਹੁਤੇ ਸ਼ਸਤ੍ਰਾਂ ਨੂੰ ਇਕੱਠਾ ਕਰਦੇ ਹਨ। [3]ਹੋਰਨਾਂ ਨੂੰ ਹਟਾਕੇ। [4]ਲਿਆਂਦੀ।
[5]ਸੁਸ਼ੀਲ ਹੁੰਦੇ ਸਨ (ਇਨ੍ਹਾਂ ਨੇ ਓਹ ਸੁਭਾਵ) ਵਿਸਾਰ ਦਿੱਤਾ ਹੈ; ਭਾਵ ਸ਼ਾਂਤ ਬ੍ਰਿਤੀ ਤੋਂ ਹੈ। [6]ਤ੍ਰੀਕਾ,
ਤਰ੍ਹਾਂ। [7]ਸ਼ਸਤ੍ਰਾਂ ਵਿਚ। [8]ਮਿਰਜਾਦਾ ਭੰਗਨ ਕੀਤੀ ਹੈ। [9]ਕੋਈ ਨੇੜੇ ਹੋਕੇ ਕਹਿ ਨਹੀਂ ਸਕਦਾ।
[10]ਸਾਲੀ (ਗੁਰੂ ਜੀ ਦੀ)। [11]ਭਾਵ ਵਿਸਾਖ ਵਦੀ ਪੰਚਮੀ। [12]ਰਖਣੇ ਵਾਸਤੇ ਹਿੰਦੂਆਂ ਦਾ ਬੀਜ
ਜਗਤ ਵਿਚ। *ਪਾ:–ਸੁਖਰ ਮੈਂ। †ਇਤਿਹਾਸਾਂ ਵਿਚ ਅਵਤਾਰ ਦਾ ਸੰਮਤ੧੬੭੮ ਮਿਲਦਾ ਹੈ।

ਵਿਧੋ ਜਿਨਿ ਜੋਇ। ਭਾ ਮੰਗਲ ਦੇਵਨਿ ਮਹਿਂ ਘਨੋ। 'ਬਿਨਸਤਿ ਧਰਮ ਰਾਖਿ ਹੈਂ'ਭਨੋ[1] ॥੩੭॥ ਸੁਰ ਸਭਿ ਆਇ ਸਦਨ ਸੋ ਪੂਜਾ[2]। ਕਰਹਿਂ ਸਤੁਤਿ 'ਇਨਿ ਸਮ ਨਹਿਂ ਦੂਜਾ'। ਚੰਦਨ ਚਰਚਹਿਂ ਫੂਲ ਚਢਾਵੈਂ। 'ਧੰਨ ਗੁਰੂ ਘਰ' ਕਹਿ ਹਰਖਾਵੈਂ ॥ ੩੮ ॥ ਭਈ ਭੋਰ ਜਹਿਂ ਕਹਿਂ ਸੁਧਿ ਹੋਈ। ਗੁਰੂ ਬਧਾਈ ਦੇ ਸਭਿ ਕੋਈ। ਬਹੁ ਮੰਗਲ ਕੇ ਬਾਦਿਤ ਬਾਜੇ।ਬੰਦਨਵਾਰੈਂ ਦ੍ਵਾਰਨਿ ਸਾਜੇ ॥ ੩੯ ॥ ਮੰਗਤਿ ਜਨ ਕੋ ਧਨ ਗਨ ਦੀਨੋ। ਨਗਰ ਅਨੰਦ ਨਾਰਿ ਨਰ ਕੀਨੋ। ਬਾਂਧੇ ਟੋਲਿ ਨਾਗਰੀ ਸੁੰਦਰ। ਚਲਿ ਪ੍ਰਵਿਸ਼ੀ ਸਤਿਗੁਰੁ ਕੇ ਮੰਦਿਰ ॥੪੦॥ ਬਸਨ ਬਿਭੂਖਨ ਧਰਿ ਧਰਿ ਆਛੇ। ਗਾਵਹਿਂ ਗੀਤਨਿ ਆਗੇ ਪਾਛੇ। ਸਭਿ ਕੁਲ ਰੀਤਿ ਕਰੀ ਜੋ ਲਹੀ। ਮਿਲਿ ਮਿਲਿ ਸਭਿਨਿ ਬਧਾਈ ਕਹੀ॥੪੧॥ਸ਼੍ਰੀ ਸਤਿਗੁਰੂ ਤਬਿ ਰਿਦੇ ਬਿਚਾਰਾ।-ਇਸ ਕੇ ਉਪਜਹਿ ਬਲੀ ਉਦਾਰਾ[3]। ਰਨ ਬਹਾਦਰੀ ਕਰਹਿ ਬਡੇਰੀ। ਇਹ[4] ਨਿਰਭੈ ਜਰ ਤੁਰਕ ਉਖੇਰੀ॥ ੪੨ ॥ ਸੁਤ ਬਹਾਦਰੀ ਤੇਗ ਕਰੇ ਹੈ[5]। ਸ਼ੱਤ੍ਰ ਬ੍ਰਿੰਦ ਕੋ ਜੰਗ ਖਪੈ ਹੈ[6]।ਯਾਂਤੇ 'ਤੇਗ ਬਹਾਦਰ'ਨਾਮ-।ਧਰਯੋ ਬਿਚਾਰ ਗੁਰੂ ਅਭਿਰਾਮ ॥ ੪੩ ॥ ਸੁਨਤਿ[7] ਨਾਨਕੀ ਹਰਖਤਿ ਹੋਈ। ਕਰਤਿ ਪ੍ਰੇਮ ਮੁਖ ਸੁਤ ਕੋ ਜੋਈ। ਇਸ ਪ੍ਰਕਾਰ ਗਨ ਮੰਗਲ ਭਏ। ਪੰਚ ਪੁੱਤ੍ਰ ਸਭਿ ਗੁਰੁ ਨਿਪਜਏ[8]॥ ੪੪ ॥ ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪੰਚਮ ਰਾਸੇ 'ਸ਼੍ਰੀ ਤੇਗ ਬਹਾਦਰ ਜਨਮ' ਪ੍ਰਸੰਗ ਬਰਨਨੰ ਨਾਮ ਤੀਨ ਸਸ਼ਠੀ ਅੰਸੂ ॥ ੬੩ ॥

੬੪. [ਬੀਬੀ ਵੀਰੋ ਦੇ ਵਿਆਹ ਦੀ ਤਿਆਰੀ। ਬੀਰ ਰਸੀ ਠਾਠ ਪਰ ਤਰਕਾਂ]।

ਦੋਹਰਾ ॥ ਦਿਨ ਪ੍ਰਤਿ ਦਾਨ ਬਿਸਾਲ ਦਿਜ ਅਰੁ ਦੀਨਨਿ ਕੋ ਦੇਤਿ। ਦਾਰਿਦ ਰਹਯੋ ਨ ਪੁਰਿ ਬਿਖੈ ਆਇ ਗੁਰੂ ਤੇ ਲੇਤਿ॥੧॥ਚੌਪਈ॥ ।ਅਦਭੁਤ ਚਲਿਤ ਗੁਰੂ ਦਿਖਰਾਵੈਂ। ਜਿਨਿ ਕੋ ਭੇਦ ਨਹੀਂ ਕੋ ਪਾਵੈ। ਵਹਿਰਿ ਕ੍ਰਿਯਾ[9] ਪਿਖਿ ਨਿੰਦਾ ਕਰੈਂ। 'ਬੇ ਮਿਰਜਾਦਿ ਸਕਲ ਇਹ ਧਰੈਂ'॥੨॥ਜਿਮਿ ਸ਼੍ਰੀ ਕ੍ਰਿਸ਼ਨ ਚੰਦ ਕੋ ਦੇਖਿ। ਕਰਹਿਂ ਵਹਿਰ ਵਿਵਹਾਰ ਅਸ਼ੇਖ[10]।-ਇਸਤ੍ਰੀ

---

[1](ਦੇਵਤਿਆਂ) ਕਿਹਾ ਕਿ ਬਿਨਸਦਾ ਧਰਮ ਰੱਖਣਗੇ। [2]ਓਹ ਘਰ ਪੂਜਿਆ। [3]ਭਾਵ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਉਪਜਣਗੇ। [4](ਤੇ) ਇਹ (ਸ਼੍ਰੀ ਤੇਗ ਬਹਾਦਰ ਜੀ)। [5](ਇਹ ਸਾਡਾ) ਪੁਤ੍ਰ ਤੇਗ ਦੀ ਬਹਾਦਰੀ ਕਰੇਗਾ। (ਅ) (ਇਨ੍ਹਾਂ ਦਾ) ਪੁਤ੍ਰ ਅਰਥਾਤ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ। [6](ਅਤੇ ਓਹ, ਭਾਵ ਇਨ੍ਹਾਂ ਦਾ ਪੁਤ੍ਰ) ਬੜੇ ਸ਼ੱਤ੍ਰੂਆਂ ਨੂੰ ਜੰਗ ਵਿਚ ਖਪਾਏਗਾ। [7](ਨਾਮ ਸ਼੍ਰੀ ਤੇਗ ਬਹਾਦਰ) ਸੁਣਕੇ। [8]ਗੁਰੂ ਜੀ ਦੇ (ਘਰ) ਉਤਪੰਨ ਹੋਏ। [9]ਬਾਹਰਲੀ ਕ੍ਰਿਯਾ। [10]ਬਾਹਰ ਦਾ ਸਾਰਾ ਵਿਹਾਰ ਸ਼੍ਰੀ ਕ੍ਰਿਸ਼ਨ ਜੀ ਦਾ ਦੇਖਣਾ ਕਰਕੇ ਉਨ੍ਹਾਂ ਨੂੰ ਇਸਤ੍ਰੀ ਜਿੱਤ ਕਹਿੰਦੇ ਹਨ।

ਜਿਤਿ[1]–ਆਦਿਕ ਸਭਿ ਕਹੈਂ।ਪੂਰਨ ਪੁਰਖ ਨਹੀ ਚਿਤ ਲਹੈਂ॥੩॥ਜੇ ਸਮ-
ਰੱਥ ਪ੍ਰਭੁ ਅਵਤਾਰਾ। ਚਹੈਂ ਸੁ ਕਰੈਂ ਜਿ ਸ਼ਕਤਿ ਉਦਾਰਾ। ਗਨ ਦੋਖਨਿ
ਤੇ ਲਿਪਹਿੰ[2] ਨ ਕੈਸੇ। ਕਮਲ ਦਲਨਿ ਪਰਿ ਜਲ ਕਨ ਜੈਸੇ ॥੪॥ ਤਿਨ
ਮਹਿਂ ਅਵਗੁਨ ਭੀ, ਗੁਨ ਹੋਤਿ। ਰੀਤਿ ਕੁਰੀਤਿ ਚਹੈਂ, ਸੁ ਉਦੋਤਿ[3]।ਬਿਨ
ਜਾਨੇ ਜਿਨ ਕੀ ਮਤਿ ਅਲਪ। ਨਿੰਦਾ ਕਰੈਂ ਸੁ ਦੂਖਨ ਕਲਪਿ[4] ॥ ੫ ॥
ਦੂਰਿ ਦੂਰਿ ਹੀ ਨਿੰਦਾ ਕਰੈਂ। ਗੁਰ ਮਹਿਂ ਅਵਗੁਨ ਦੂਖਨ ਧਰੈਂ।ਨਿਕਟਿ
ਹੋਇ ਤੂਸ਼ਨਿ ਕਰਿ ਰਹੈਂ। ਤੇਜ ਪ੍ਰਚੰਡ ਗੁਰੂ ਕੋ ਲਹੈਂ ॥ ੬॥ ਇਕ ਦਿਨ
ਗੁਰੂ ਮਹਿਲ ਮਹਿਂ ਗਏ।ਹੁਇ ਇਕਾਂਤ ਤਹਿਂ ਬੈਠਤਿ ਭਏ।ਤਬਿ ਦਮੋਦਰੀ
ਚਲਿ ਕਰਿ ਆਈ। ਬੈਠਿ ਸਮੀਪਿ ਬਾਤਿ ਸਮੁਝਾਈ ॥੭॥ 'ਅਸ਼ਟ ਬਰਖ
ਕੀ ਕੰਨਜਾਂ ਹੋਈ। ਉਚਿਤ ਬਯਾਹ ਕੇ ਜਾਨਹੁ ਸੋਈ। ਕਰਿ ਕੈ
ਢਿਕਰ ਬਯਾਹ ਇਸਿ ਦੀਜੈ। ਸਾਹਾ ਸ਼ੁਭ ਸੁਧਵਾਵਨਿ ਕੀਜੈ' ॥ ੮ ॥
ਕਹਯੋ ਗੁਰੂ 'ਕਹਿ ਆਛੀ ਬਾਤ।ਕਰਹਿਂ ਕਾਰ ਇਮਿ, ਉਠਿ ਕਰਿ ਪ੍ਰਾਤਿ'।
ਸੁਪਤਿ ਭਏ ਸਭਿ ਰਾਤਿ ਬਿਤਾਈ। ਜਾਗੇ ਪ੍ਰਭੁ ਸਮੈ ਨਿਜ ਪਾਈ[5] ॥ ੯॥
ਸੌਚ ਸ਼ਨਾਨ ਧਯਾਨ ਕੋ ਠਾਨਾ। ਦਿਨਕਰ ਉਦੈ ਉਠੇ ਭਗਵਾਨਾ। ਬੈਠਿ
ਦ੍ਵਿਵਾਨ ਲਗਾਯੋ ਸਾਰਾ। ਦੈਵਗ[6] ਦਿਜ ਕੋ ਨਿਕਟਿ ਹਕਾਰਾ ॥ ੧੦ ॥
ਕਹਿ ਸਾਹਾ ਸੁਧਵਾਵਨਿ ਠਾਨਾ*। ਜੋਤਿਸ਼ਿ ਕੋ ਗਿਨ ਬਿੱਪ੍ਰ ਮਹਾਨਾ।
ਕੰਨਜਾਂ ਬੀਰੋ ਨਾਮ ਸੁਧਾਵਾ। ਸਾਧੂ ਬਾਲਕ ਕੋ ਸਮੁਝਾਵਾ ॥ ੧੧ ॥ ਗ੍ਰੈਹ
ਨਿਛੱਤ੍ਰ ਸੋਧੇ ਦਿਜ ਸਾਰੇ। ਪੁਨ ਸਤਿਗੁਰੁ ਸੋਂ ਬਾਕ ਉਚਾਰੇ। 'ਜੇਸ਼ਟ ਕੀ
ਛਬੀਸਵੀ ਮਾਂਹਿ। ਭਲੋ ਲਗਨਿ ਪ੍ਰਾਪਤਿ ਭਾ ਤਾਂਹਿ' ॥ ੧੨ ॥ ਕਹਿ ਗੁਰੁ
ਤਬਿ ਲਿਖਵਾਇਸਿ ਪਾਤੀ। ਕੁੰਗੂ ਸੰਗਿ ਛਿਰਕਿ ਸ਼ੁਭ ਭਾਂਤੀ। ਸਿੰਘਾ
ਪ੍ਰੋਹਤ ਅਪਨਿ ਬੁਲਾਯਹੁ। ਸਰਬ ਬਾਰਤਾ ਕਹਿ ਸਮੁਝਾਯਹੁ॥੧੩॥'ਮੱਲੇ
ਗ੍ਰਾਮ ਜਾਹੁ ਸੁਧਿ ਦੀਜੈ। ਜੇਠ ਮਾਸ ਸੁਤ ਬਯਾਹਿਨਿ ਕੀਜੈ'। ਸਿੰਘਾ ਗੁਰੁ
ਕੀ ਆਇਸੁ ਪਾਇ। ਚਲਯੋ ਤਹਾਂ ਹਰਖਤਿ ਉਤਲਾਇ ॥ ੧੪ ॥ ਚਾਰਿ
ਦਿਵਸ ਮਹਿਂ ਪਹੁੰਚਯੋ ਜਾਈ। ਧਰਮੇ ਸਾਥਿ ਮਿਲਯੋ ਸੁਖ ਪਾਈ। ਅਤਿ
ਅਨੰਦ ਤਿਸ ਸਦਨ ਬਿਠਾਵਾ। ਕੁਸ਼ਲ ਬੂਝਿ ਗੁਰੁ ਕੀ ਹਰਖਾਵਾ ॥੧੫॥

---

[1]ਤ੍ਰੀਮਤਾਂ ਦੇ ਵੱਸ਼ ਪਿਆ ਹੋਇਆ। [2]ਲਿਪਾਇਮਾਨ ਨਹੀਂ ਹੁੰਦੇ। [3]ਉਹੀ ਉੱਤਮ ਹੈ। [4]ਕਲਪਕੇ।
[5]ਆਪਣੇ ਸਮੇਂ ਸਿਰ। [6]ਜੋਤਸ਼ੀ। *ਦੇਖੋ ਰਾਸਿ ੪ ਅੰਸੂ ੭ ਅੰਕ ੨੪ ਦੀ ਹੇਠਲੀ ਟੂਕ।

ਸਿੰਘੋ ਦਈ ਹਾਥ ਤੇ ਪਾਤੀ। ਲੇ ਕਰਿ ਅਤਿ ਅਨੰਦ ਭਰਿ ਛਾਤੀ। ਨਿਜ ਪਾਂਧੇ ਤੇ ਸਕਲ ਪਢਾਈ। ਸੁਨਤਿ ਬਜਾਹ ਕੀ ਸੁਧਿ ਬਿਦਤਾਈ॥ ੧੬॥ ਨੰਦਕੁਇਰ ਦਾਰਾ ਸੰਗ ਕਹਜੋ। ਜੇਸ਼ਟ ਬਿਖੈ ਸਰਬ ਨਰ ਲਹਜੋ। ਮੰਗਲ ਕਰਜੋ ਅਹੈ ਜਿਮਿ ਰੀਤਿ। ਮਿਲੀ ਸੁੰਦਰੀ ਗਾਵਤਿ ਗੀਤ॥੧੭॥ ਦੋਇ ਕ ਦਿਨ ਮਹਿਂ ਸਿੰਘਾ ਤੋਰਜੋ। ਦਾਨ ਮਾਨ ਦੇ ਅਧਿਕ ਨਿਹੋਰਜੋ।ਪੰਚ ਦਿਵਸ ਮਹਿਂ ਪਹੁੰਚਜੋ ਜਾਈ। ਸਤਿਗੁਰੁ ਸੋਂ ਸੁਧਿ ਸਕਲ ਸੁਨਾਈ॥੧੮॥ਸਭਿਨਿ ਮਸੰਦ ਸੰਗ ਫੁਰਮਾਯੋ। 'ਜਾਨਹੁ ਸਮੈਂ ਬਜਾਹ ਨਿਯਰਾਯੋ। ਕਰਹੁ ਸਮਿੱਗ੍ਰੀ ਸੰਚਨਿ ਸਾਰੇ'। ਸੁਨਿ ਸੁਨਿ ਧਨ ਲੇ ਵਹਿਰ ਪਧਾਰੇ॥ ੧੯॥ ਸੰਚਨਿ ਕਰਜੋ ਘ੍ਰਿਤਿ ਬਹੁ ਲਜਾਇ। ਲਾਦਿ ਫਾਨਤੀ[1]* ਉਸ਼ਟ ਪਠਾਇ। ਸੁੰਦਰ ਅੰਨ ਹੋਤਿ ਜਿਸਿ ਭੂਮਿ। ਸੂਖਮ ਚਾਵਰ ਅਰੁ ਗੋਧੂਮ॥ ੨੦॥ ਗਨ ਮੇਵੇ ਕਾਵਰ[2] ਭਰਿ ਆਈ।ਬਸਨ ਮੋਲ ਬਹੁ ਕੇ[3] ਸਮੁਦਾਈ।ਇੱਤਜਾ-ਦਿਕ ਚਹਿਯਤਿ ਸੋ ਲਜਾਇ। ਸੰਚਿ ਸਮਿੱਗ੍ਰੀ ਤਜਾਰ ਕਰਾਇ॥ ੨੧॥

ਸ੍ਰੀ ਹਰਿ ਗੋਵਿੰਦ ਸਹਜਿ ਸੁਭਾਇ। ਪੈਂਦੇ ਪਰ ਰੁਖ ਵਧਿ ਅਧਿਕਾਇ। ਰੀਝਹਿਂ ਕਦ ਬਿਸਾਲ ਅਵਿਲੋਕੈਂ। ਬਲ ਤੇ ਮਹਿਖਨਿ ਕੋ ਗਹਿ ਰੋਕੈ॥ ੨੨॥ ਸ੍ਰੀ ਫਲ ਧਰਿ ਕੈ ਦੰਡ ਦਬਾਵੈ। ਫੇਰਿ ਦੇਤਿ ਨਹਿਂ ਬਿਲਮ ਲਗਾਵੈ। ਫਿਰਤਿ ਮੁੰਗਰੀ ਫੇਰਤਿ ਜਹਾਂ। ਧਸਕਤਿ ਧਰਾ, ਗਰਤ ਹ੍ਵੈ ਤਹਾਂ[4]॥ ੨੩॥ ਦੋਇ ਘਟੀ ਦਿਨ ਜਬਿ ਰਹਿ ਜਾਵੈ। ਅਪਨੋਂ ਬਲ ਤਿਹ ਸੰਗ ਲਗਾਵੈ। ਕਰਹਿ ਅਨੇਕ ਰੀਤਿ ਕੇ ਦਾਇ। ਗਹੈਂ ਗੁਰੂ ਕਰ ਲੇਤਿ ਦਬਾਇ[5]॥੨੪॥ ਹੋਇ ਬਿਬਸਿ ਬਲ ਚਲਹਿ ਨ ਥੋਰਾ। ਤਊ ਕਹੈ[6] 'ਬਲ ਘਾਟਿ ਨ ਮੋਰਾ। ਅਜ਼ਮਤਿ ਕੋ ਬਲ ਆਪਿ ਲਗਾਵਹੁ।ਮੋ ਕਹੁ ਬਸਿ ਕਰਿ ਅੰਗ ਦਬਾਵਹੁ॥੨੫॥ ਮੁਝ ਮਾਨਿੰਦ ਬਲੀ ਭਵ ਮਾਂਹੀ।ਆਨ ਥਾਨ ਕਿਤਿ ਦਿਖਿਯਤਿ ਨਾਂਹੀ। ਗਹੌਂ ਮਤੰਗ ਸੁੰਡ ਕਰਿ ਬਲ ਕੋ। ਐਂਚਿਨਿ ਕਰੌਂ ਤਜੌਂ ਨਹਿਂ ਥਲ ਕੋ॥ ੨੬॥ ਉਸ਼ਟਰ ਬਪੁਰੇ ਕਹਾਂ ਅਗਾਰੀ। ਗੇਰੋਂ ਭੂ ਪਰਿ ਹ੍ਵੈ ਨ ਸੰਭਾਰੀ[7]। ਖਾਹਿ ਮਲੀਦਾ[8] ਬਲੀ ਤੁਰੰਗ। ਹੋਵਹਿ ਬਰ

[1]ਖੰਡ। [2]ਵਹਿੰਗੀਆਂ। [3]ਬਹੁਤੇ ਮੁੱਲ ਦੇ। [4](ਤਿੱਥੇ) ਧਸਕੇ ਧਰਤੀ ਵਿਚ ਟੋਆ ਪੈ ਜਾਂਦਾ ਹੈ। [5]ਫੜਕੇ ਜਦ ਗੁਰੂ ਜੀ ਹੱਥ ਦਬਾਉਂਦੇ ਹਨ। [6]ਪੈਂਦਾ ਕਹਿੰਦਾ ਹੈ। [7]ਸੰਭਲ ਨਾ ਸਕਣ। [8]ਨਿਹਾਰੀ ਖਾਂਦਾ ਹੋਵੇ। *ਪਾ:-ਲਾਦਨ ਹੇਤੀ।

ਦੀਰਘ ਸਰਬੰਗ[1] ॥੨੭॥ ਏਕਿ ਹਾਥ ਤੇ ਰੋਕੌਂ ਵਾਹੀ[2]।ਚਰਨਿ ਉਠਾਵਨਿ
ਦੇਵ ਨ[3] ਤਾਂਹੀ। ਲਘੁ ਤੁਰੰਗ ਬਪੁਰੇ ਇਹਾ ਕਹਾਂ। ਭਾਗਤਿ ਕੋ ਗਹਿ
ਰਾਖਵ ਤਹਾਂ[4]' ॥੨੮॥ ਸੁਨਿ ਸਤਿਗੁਰੂ ਸਰਾਹਨਿ ਕਰੈਂ। 'ਬਲ ਤੇ ਬਲੀ
ਕਸੋਂ ਨ ਇਮਿ ਧਰੈਂ[5]। ਜਥਾ ਸਰੀਰੁ ਡੀਲ ਬਡ ਤੋਰਾ। ਤਿਮਿ ਹੀ ਬਲ
ਬਿਸਾਲ ਨਹਿੰ ਥੋਰਾ॥੨੯॥ਜਿਮਿ ਬਲ ਬਡ ਤਿਮਿ ਬਰਕਸ[6] ਕਰੀ। ਅਚਿ
ਖੁਰਾਕ ਬਰਕਸ ਸਮਸਰੀ[7]। ਜਥਾ ਜੋਗ ਭੇ ਕਾਰਨ ਕਾਜ[8]। ਤੁਝ ਸਮ
ਬਲੀ ਨ ਅਪਰ ਸਮਾਜ' ॥੩੦॥ ਸੁਨਿ ਪੈਂਦੇਖਾਂ ਬਹੁਰ ਉਚਾਰੈ।'ਹਿਤ ਕਰਿ
ਆਪਿ ਮੋਹਿ ਪ੍ਰਤਿਪਾਰੈਂ। ਪਰਹਿ ਜੰਗ ਤਬਿ ਦੇਖਹੁ ਹਾਥ। ਕਹਾਂ ਕਰੌਂ[9]
ਪ੍ਰਾਕ੍ਰਮ ਬਡਿ ਸਾਥਿ ॥ ੩੧ ॥ ਰਿਪੁ ਲਸ਼ਕਰ ਸਲਿਤਾਪਤਿ ਭਾਰੋ[10] ।ਗਿਰ
ਮੰਦਰ ਸਮ ਬਰੌਂ ਮਝਾਰੋ[11]।ਬਾਹੁ ਸ੍ਰਿੰਗ ਤੇ ਮਥਿ ਕਰਿ ਡਾਰੌਂ[12]।ਰੁੰਡ ਮੁੰਡ[13]
ਰਣ ਖੇਤ ਬਿਥਾਰੌਂ'॥੩੨॥ਸੁਨਿ ਗੁਰੁ ਕਹੈਂ: 'ਆਇ ਅਸ ਕਾਲ। ਜਿਮਿ
ਚਾਹਤਿ ਚਿਤਿ ਕਰਜੋ ਬਿਸਾਲ'। ਬਹੁਤ ਬਾਰਤਾ ਪੈਂਦੇ ਸਾਥ। ਸਗਰੇ ਦਿਨ
ਰਹਿੰ ਕਰਤੇ ਨਾਥ ॥ ੩੩ ॥ ਨਿਤਿਪ੍ਰਤਿ ਧਨ ਅਨਗਨ ਕੋ ਦੇਤਿ। ਬਸਨ
ਬਿਭੂਖਨ ਗੁਰੁ ਤੇ ਲੇਤਿ। ਹਯ ਆਛੋ ਪਿਖਿ ਚਢਹਿ ਤਬੇਲੇ[14]। ਜ਼ੀਨ
ਜਰਾਊ ਉਪਰਿ ਮੇਲੇ[15] ॥੩੪॥ ਆਛੇ ਸ਼ਸਤ੍ਰ ਗੁਰੂ ਤੇ ਲੈਹੈ। ਅਪਨੇ ਅੰਗ
ਸਜਾਵਨਿ ਕੈਹੈ। ਜਿਨਿ ਵਸਤਨਿ ਕੋ ਮੋਲਿ ਵਿਸ਼ੇਸ਼। ਆਨੈ ਸੰਗਤਿ ਦੇਸ਼
ਵਿਦੇਸ਼ ॥ ੩੫ ॥ ਲੇ ਕਰਿ ਗੁਰੁ ਤਿਸਿ ਕੋ ਤਬਿ ਦੇਤਿ। ਦੇਤਿ ਜਿ ਨਹੀਂ
ਮਾਂਗਿ ਸੋ ਲੇਤਿ। ਪਿਖਿ ਸਿਖ ਮਨ ਖੁਨਸਹਿੰ ਗਨ ਘਨੇ। ਗੁਰੁ ਤੇ ਡਰਤਿ
ਨ ਮੁਖ ਤੇ ਭਨੇ ॥ ੩੬ ॥ ਗੁਰੁ ਪਹਿਰਹਿੰ ਗੁਰੁ ਕਾਰਜ ਲਾਗੇ। ਧਾਂਤੇ
ਅਰਪਿ ਕਰਹਿੰ ਗੁਰੁ ਆਗੈ। ਜਬਿ ਪੈਂਦਾ ਲੇ ਧਾਰਹਿ ਅੰਗ। ਦੇਖਤਿ ਸਿਖ
ਗਨ ਹ੍ਵੈ ਮਨ ਭੰਗ[16]॥੩੭॥ਤਿਸੀ ਖ਼ਯਾਲ ਮਹਿਂ ਪਰਚੇ ਰਹੈਂ।ਸਿੱਖਜਨਿ ਕੀ

---

[1]ਸਰਬ ਅੰਗਾਂ ਕਰਕੇ ਬੜਾ ਬਲਵਾਨ ਹੋ ਜਾਵੇ। [2]ਤਿਸ ਨੂੰ। [3]ਨਹੀਂ ਦੇਵਾਂਗਾ। [4]ਤਿੱਥੇ ਹੀ
ਫੜਕੇ ਰੱਖ ਸਕਦਾ ਹਾਂ। [5]ਬਲ ਕਰਕੇ ਬਲੀ ਹੈਂ ਤੂੰ (ਇਸ ਲਈ) ਕਿਉਂ ਨਾ ਤੂੰ (ਇਉਂ ਘੋੜੇ
ਆਦਿਕਾਂ ਨੂੰ) ਫੜ ਰੱਖੇਂ। [6]ਕਸਰਤ। [7]ਕਸਰਤ ਓਹੋ ਜਹੀ ਕੀਤੀ। [8]ਜਿਹੋ ਜਹੇ ਕਾਰਨ ਹੋਏ
(ਖੁਰਾਕ ਤੇ ਕਸਰਤ ਦੇ) ਤਿਵੇਂ (ਬਲ ਰੂਪੀ) ਕਾਜ ਹੋਇਆ ਹੈ (ਤੇਰਾ)। [9]ਕੀ ਕੁਝ ਕਰ
ਦਿਖਾਵਾਂਗਾ। [10]ਭਾਰੀ ਸਮੁੰਦ੍ਰ ਵਤ ਹੋਵੇ। [11]ਮੰਦ੍ਰਾਚਲ ਪਰਬਤ ਵਾਂਗ ਵਿਚ ਜਾ ਵੜਾਂਗਾ।
[12]ਬਾਹਾਂ ਰੂਪੀ ਟਿੱਲਿਆਂ ਨਾਲ ਰਿੜਕ ਸੁੱਟਾਂਗਾ। ਸ੍ਰਿੰਗ ਤੋਂ ਭਾਵ ਹੈ ਮਧਾਣੀ ਦਾ ਫੁੱਲ।
[13]ਧੜ ਤੇ ਸੀਸ। [14]ਚੰਗਾਂ ਘੋੜਾ ਤਬੇਲੇ ਵਿਚ ਵੇਖਕੇ ਚੜ੍ਹ ਪੈਂਦਾ ਹੈ। [15]ਪਾ ਲੈਂਦਾ ਹੈ।
[16]ਮਨ ਢਹਿ ਜਾਂਦਾ ਹੈ।

ਦਿਸ਼ਿ ਕਬਹੁਂ ਨ ਲਹੈਂ। ਸੰਗਤਿ ਪਿਖਿ ਸੁਭਾਉ ਗੁਰੁ ਕੇਰਾ। ਕਰਹਿ ਬਿਚਾਰ ਉਚਾਰ ਕੁਵੇਰਾ[1] ॥੩੧॥ 'ਦੇਖਹੁ ਪੂਰਬ ਗੁਰ ਕੀ ਰੀਤਿ। ਮੀਂਡ[2] ਮ੍ਰਿਜਾਦਿ ਕਰੀ ਬਿਪਰੀਤਿ। ਸਤਿ ਸੰਗਤਿ ਮਹਿਂ ਮਨ ਜਿਨ ਥੋਰਾ। ਰਾਚੇ ਕਰਮ ਕਰਤਿ ਜੇ ਘੋਰਾ॥੩੯॥ ਦੁਤੀਏ ਤੁਰਕਨਿ ਘਰ ਮਹਿਂ ਧਰੀ। ਨਹੀਂ ਗਿਲਾਨ ਤਨਕ ਮਨ ਕਰੀ। ਧਰਮਸਾਲ ਟਿਕਿ ਬੈਠਤਿ ਨਾਂਹੀ। ਕਰਤਿ ਅਖੇਰ ਬ੍ਰਿਤਿ ਬਨ ਮਾਂਹੀ ॥ ੪੦ ॥ ਕਾਜੀ ਦੁਹਿਤਾ ਕੇ ਨਿਤਿ ਮੰਦਿਰ। ਜਾਇ ਪ੍ਰਵੇਸ਼ਤਿ, ਹੇਰਤਿ ਅੰਦਰ[3]। ਕਹੀਅਹਿ ਕਹਾਂ ਕਹੀ ਨਹਿਂ ਜਾਇ'। ਪਿਖਿ ਪਿਖਿ ਨਿੰਦਤਿ ਹੈਂ ਸਮੁਦਾਇ॥ ੪੧ ॥ ਸਿੱਖਨਿ ਤੇ ਨਹਿਂ ਜਾਹਿ ਸਹਾਰੀ। ਮਿਲਿ ਆਪਸਿ ਮਹਿਂ ਕਰਤਿ ਬਿਚਾਰੀ। 'ਤੁਰਕ ਬਡੋ ਅਪਨੇ ਮੁਖ ਲਾਯੋ[4]। ਗੁਰੁ ਕਰੁਨਾ ਤੇ ਸੋ ਗਰਬਾਯੋ' ॥ ੪੨॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪੰਚਮ ਰਾਸੇ 'ਪੈਂਦੇ ਖਾਨ' ਪ੍ਰਸੰਗ ਬਰਨਨੰ ਨਾਮ ਚਤੁਰ ਸਸ਼ਠੀ ਅੰਸੂ ॥ ੬੪ ॥

੬੫. [ਸਿੱਖਾਂ ਵਿਚ ਵਿਚਾਰ]।

ਦੋਹਰਾ ॥ ਮਤਿ ਜਿਨ ਕੀ ਅਨਜਾਨ ਹੈ ਨਿੰਦਹਿਂ ਮੂਢ ਗਵਾਰ। ਮਿਲਹਿਂ ਪਰਸਪਰਿ ਬੋਲਤੇ ਕੌਲਾਂ ਕੋ ਤਕਰਾਰ ॥ ੧ ॥ ਚੌਪਈ ॥ 'ਸ੍ਰੀ ਗੁਰੁ ਰਾਮਦਾਸ ਬਡਿਆਈ। ਰਹਿ ਵਿਰਾਗ ਨਿਤਿ ਦ੍ਰਿਗ ਜਲ ਜਾਈ[5]। ਇਕਿ ਰਸ ਬ੍ਰਿਤੀ ਸਦਾ ਚਿਤ ਸ਼ਾਂਤੀ। ਜਿਨਿ ਕੇ ਮੋਹ ਨ ਮਾਯਾ ਤਾਤੀ[6] ॥ ੨ ॥ ਸਤਿ ਸੰਗਤਿ ਕਰਤੇ ਦਿਨ ਬੀਤੇ। ਬੈਠਹਿਂ ਸ਼ਬਦ ਸੰਗਿ ਚਿਤ ਪ੍ਰੀਤੇ[7]। ਜਾਗਹਿਂ ਜਾਮਨਿ ਕੇ ਜੁਗ ਜਾਮ[8]। ਤਬਿ ਸਤਿਸੰਗ ਹੋਤਿ ਅਭਿਰਾਮ॥੩॥ ਤਿਨਿ ਕੇ ਸੁਤ ਸ੍ਰੀ ਅਰਜਨ ਭਏ। ਗੁਨ ਗਨ ਪਿਖਿ ਗੁਰੁ ਗਾਦੀ ਦਏ। ਤਿਨਹੁਂ ਕਰੇ ਜੇਤਿਕ ਉਪਕਾਰ। ਛਪੇ ਨਹੀਂ, ਬਿਦਤੇ ਸੰਸਾਰ ॥ ੪ ॥ ਸ੍ਰੀ ਅੰਮ੍ਰਿਤਸਰ ਰਹੇ ਬਨਾਵਤਿ[9]। ਬਹੁਰੋ ਤਾਰਨ ਤਰਨ ਸੁਹਾਵਤਿ[10]। ਸ੍ਰੀ ਗ੍ਰੰਥ ਸਾਹਿਬ ਗੁਰੁ ਕਰਯੋ[11]। ਮਨਹੁਂ ਸ਼੍ਰੇਯ ਕੋ ਮੰਦਰ ਭਰਯੋ ॥ ੫ ॥ ਜਬਿ ਲੌ ਤਨ ਕੀ ਥਿਰਤਾ ਲਹੇ[12]। ਪਰਉਪਕਾਰ ਕਰਤਿ ਹੀ ਰਹੇ। ਚਹੁਂ ਦਿਸ਼ਿ ਉੱਜਲ ਜਸੁ ਬਿਸਤਾਰਾ। ਕਰਤਯੋ ਬੀਤੇ ਸੁਸ਼ਟ ਅਚਾਰਾ[13]॥ ੬ ॥ ਤਿਨਿ ਕੇ ਸੁਤ

[1]ਮਾੜਾ ਕਹਿੰਦੇ ਹਨ। [2]ਮਲਕੇ, ਮੇਟਕੇ। [3]ਘਰ ਵਿਚ ਦੇਖੀਦੇ ਹਨ। [4]ਮੂੰਹ ਚੜ੍ਹਾਯਾ ਹੈ (ਪੈਂਦਾ)। [5](ਜਿਨ੍ਹਾਂ ਨੂੰ) ਨਿਤ ਵੈਰਾਗ ਹੀ ਰਹਿੰਦਾ ਸੀ ਤੇ ਨੇਤ੍ਰਾਂ ਵਿੱਚੋਂ ਜਲ ਜਾਂਦਾ ਰਹਿੰਦਾ ਸੀ। [6]ਦੁਖਦਾਈ। [7]ਚਿੱਤ ਦੀ ਪ੍ਰੀਤੀ ਨਾਲ। [8]ਰਾਤ ਦੇ ਦੋ ਪਹਿਰ (ਰਹਿੰਦਿਆਂ)। [9]ਜੋ ਸ਼ੋਭ ਰਿਹਾ ਹੈ। [10]ਫਿਰ। [11]ਰਚਿਆ। [12]ਜਿੰਨਾਂ ਚਿਰ ਸਰੀਰ ਸਥਿਤ ਰਿਹਾ, ਭਾਵ ਆਯੂ ਭਰ। [13]ਸ੍ਰੇਸ਼ਟ ਆਚਾਰ ਕਰਦਿਆਂ ਬੀਤੀ (ਸਾਰੀ ਆਯੂ)।

ਇਹ ਗਾਦੀ ਬੈਸੇ। ਭਏ ਨ ਪਿਤਾ ਪਿਤਾਮਾ ਜੈਸੇ। ਆਗੈ ਪਾਤਿਸ਼ਾਹ ਘਰਿ ਆਵਤਿ। ਗੁਰੁ ਗਾਦੀ ਕੋ ਸੀਸ ਨਿਵਾਵਤਿ ॥੭॥ ਇਹ ਸ਼ਾਹੁਨਿ ਕੇ ਪਾਸਿ ਪਧਾਰੇ। ਦੁਰਗ ਕੈਦ ਥਲ ਬਸੇ ਮਝਾਰੇ। ਅਪਰ ਨਰੇਸ਼ ਦੇਸ਼ ਕੇ ਜੈਸੇ। ਇਨਹੁ ਅਪਨਿ ਗਤਿ ਠਾਨੀ ਤੈਸੇ॥੮॥ਹੁਇ ਨਿਰਦੈ ਚੰਦੂ ਕੋ ਮਾਰਾ॥ਨਹੀਂ ਦਯਾ ਕੋ ਲੇਸ਼ ਬਿਚਾਰਾ। ਸ਼ਾਹੁ ਸੰਗ ਪੁਨ ਆਵਤਿ ਜਾਵ[1]। ਜਥਾ ਔਰਿ ਤਿਨ ਕੋ ਉਮਰਾਵ॥੯॥ਨਹੀਂ ਬਿਚਾਰੀ ਅਪਨਿ ਬਡਾਈ॥ਜਹਾਂਗੀਰ ਢਿਗ ਬਸੇ ਤਦਾਈ। ਸੰਗਿ ਲਹੌਰ ਬਾਸ ਬਹੁ ਕਰਿਕੈ। ਕਾਜ਼ੀ ਦੁਹਿਤਾ ਆਨੀ ਹਰਿਕੈ॥੧੦॥ਕਰਯੋ ਕਾਜ ਇਹ ਦੀਰਘ ਖੋਟਾ॥ਜਾਨਿ ਤੇਜ ਬਡਿ ਕਿਨਹੁ ਨ ਹੋਟਾ[2]॥ਆਨਿ ਆਪਨੇ ਸਦਨ ਬਸਾਈ। ਨਹੀਂ ਲਖੀ ਨਿਜ ਬੰਸ ਬਡਾਈ॥ ੧੧॥ਅਬਿ ਲੌਂ ਨਹਿਂ ਗਿਲਾਨ ਕਹੁ ਕਰਤੇ॥ਸ਼ਾਹੁ ਸੈਨ ਤੇ ਉਰ ਨਹਿਂ ਡਰਤੇ। ਪੁਨ ਪੈਂਦੇਖਾਂ ਤੁਰਕ ਬਿਸਾਲਾ। ਰਾਖਯੋ ਨਿਕਟਿ ਦਰਬ ਦੇ ਜਾਲਾ॥੧੨॥ ਬੂਝਹਿਂ ਤਿਸਹਿ ਕਾਜ ਜੋ ਕਰਨਾ। ਦਿਨਪ੍ਰਤਿ ਕਰਹਿਂ ਅਧਿਕ ਹੀ ਕਰੁ-ਨਾ[3]। ਇੱਤ੍ਯਾਦਿਕ ਦੋਸ਼ਨਿ ਕੋ ਲਹਿ ਲਹਿ। ਨਿੰਦਹਿਂ ਮਿਲਿ ਆਪਸਿ ਮਹਿਂ ਕਹਿ ਕਹਿ ॥੧੩॥ ਸੁਧਾ ਸਰੋਵਰ ਲਵਪੁਰਿ ਆਦਿ। ਕਰਤਿ ਜਹਾਂ ਕਹਿਂ ਜੁਰੁ ਅਪਵਾਦ। 'ਸਰਬ ਸ਼ਿਰੋਮਨਿ ਗਾਦੀ ਥਿਰੇ। ਅੰਗੀਕਾਰ ਕੁਕ-ਰਮਨਿ ਕਰੇ' ॥੧੪॥ ਸੁਨਹਿਂ ਸਿੱਖ ਜਹਿਂ ਕਹਿਂ ਗੁਰੁ ਨਿੰਦਾ। ਬਸਿ ਨਹਿਂ ਚਲਹਿ, ਧਰਹਿਂ ਚਿਤ ਚਿੰਦਾ[4]। ਮਿਲਿ ਆਪਸ ਮਹਿਂ ਕਰਤਿ ਬਿਚਾਰੇ। 'ਕੋਇ ਨ ਕਹਿ ਕਰਿ ਗੁਰੁ ਹਟਿਕਾਰੇ[5] ॥੧੫॥–ਉਚਿਤ ਆਪਿ ਕੇ ਕਰਮ ਨ ਐਸੇ॥ ਬਰਤਹੁ ਪਿਤਾ ਪਿਤਾਮਾ ਜੈਸੇ–। ਕਹਾਂ ਭਯੋ ਗੁਰੁ ਸੁਮਤਿ ਨ ਚੀਨਿ। ਜਿਮਿ ਟਾਮਨਿ ਤੇ[6] ਬੰਸਿ ਕਰਿ ਲੀਨਿ' ॥੧੬॥ ਇੱਤ੍ਯਾਦਿਕ ਸਿੱਖਨਿ ਮਹਿਂ ਹੋਯਹੁ। ਦੁਖਿਤਿ ਅਧਿਕ ਚਿਤ ਗੁਰੁ ਇਮਿ ਜੋਯਹੁ[7]॥ਬਹੁਰ ਬਯਾਹ ਕੋ ਦਿਨ ਨਿਯਰਾਯੋ। ਸਕਲ ਮਸੰਦਨਿ ਬਾਕ ਅਲਾਯੋ ॥ ੧੭ ॥ 'ਕੀਜਹਿ ਮੇਲਿ ਬੁਲਾਵਨਿ ਸਾਰੋ। ਕਾਜ ਮਹਾਂ ਕਿਮਿ ਰਿਦੇ ਬਿਸਾਰੋ। ਕਰਹੁ ਕਰਾਹੇ ਅਬਹਿ ਚਰਾਵਨਿ। ਆਇਸੁ ਦਿਹੁ ਪਕਵਾਨ ਪਕਾਵਨਿ[8] ॥ ੧੮ ॥ ਆਗੇ ਗੰਗਾ ਮਾਤ ਸੁਜਾਨਾ। ਕਾਜ ਸੰਭਾਰਤਿ ਜਿਤਿਕ ਮਹਾਨਾ॥

[1]ਆਉਂਦੇ ਜਾਂਦੇ ਹਨ। [2]ਤੇਜ ਬੜਾ ਜਾਣਕੇ ਕਿਸੇ ਨੇ ਬੀ ਨਹੀਂ ਰੋਕਿਆ। [3]ਬਹੁਤ ਕ੍ਰਿਪਾ (ਉਸ ਪੈਂਦੇ ਉੱਤੇ)। [4]ਚਿੰਤਾ। [5]ਕੋਈ ਨਹੀਂ ਕਹਿਕੇ ਗੁਰੁ ਜੀ ਨੂੰ ਰੋਕਦਾ। [6]ਟੂਣਿਆਂ ਨਾਲ। [7]ਬਹੁਤ ਦੁਖੀ ਹੋਏ ਇਉਂ ਗੁਰੂ ਜੀ ਨੂੰ ਦੇਖਕੇ। [8](ਮਿਠਾਈ ਆਦਿ) ਪਕਵਾਨਾਂ ਦੇ ਪਕਾਵਣੇ ਦਾ।

ਜਥਾਜੋਗ ਮੰਗਲ ਕਰਿਵਾਵਤਿ। ਆਇਸੁ ਦੇਤੇ ਨੀਕ ਬਨਾਵਤਿ ॥ ੧੯॥ ਅਬਿ ਤੌ ਰਾਵਰ ਕੇ ਇਖਤਯਾਰਿ। ਕਰਿਵਾਵਹੁ ਸਭਿ ਕਾਰਜ ਤਯਾਰਿ'। ਸੁਨਿ ਗੁਰੁ ਕਿਤਿਕ ਕਾਲ ਨਹਿਂ ਕਹਯੋ। ਆਗੈ ਬਿਘਨ ਹੋਨਿ ਕੋ ਲਹਯੋ॥ ੨੦॥ ਮੌਨ ਠਾਨਿ ਕਰਿ ਬੈਠੇ ਸੁਆਮੀ। ਕੁਛ ਨ ਬਖਾਨਯੋ ਅੰਤਰਿਜਾਮੀ। ਪਿਖਿ ਸੁਭਾਵ ਕੌ ਸਭਿ ਬਿਸਮਾਇ।ਕਹਾਂ ਗੁਰੂ ਗਤਿ ਲਖੀ ਨ ਜਾਇ ॥੨੧॥ ਬਹੁਰੋ ਮੰਦਰ ਜਾਇ ਪ੍ਰਵੇਸ਼ੇ। ਥਿਰ ਪ੍ਰਯੰਕ ਪਰਿ ਜਬਿਹੂੰ ਬੈਸੇ। ਤਬਿ ਦਮੋਦਰੀ ਚਲਿ ਕਰਿ ਆਈ। ਸੁਤਾ ਬਯਾਹ ਕੀ ਗਥ[1] ਸਮੁਝਾਈ ॥ ੨੨ ॥ 'ਕਯੋਂ ਨ ਕਰਾਵਤਿ ਹੋ ਸਭਿ ਆਹਰ। ਕਾਜ ਬਿਸਾਲ ਬਿਦਤਿ ਭਾ ਜ਼ਾਹਰਿ। ਅਬਹਿ ਕਰਾਹੇ ਕਹਿ ਚਰਵਾਵਹੁ[2] । ਜਿਤ ਕਿਤ ਤੇ ਸਭਿ ਮੇਲਿ ਬੁਲਾਵਹੁ' ॥ ੨੩ ॥ ਸ੍ਰੀ ਸਤਿਗੁਰੁ ਸੁਨਿ ਤਬਹਿ ਬਖਾਨਾ। 'ਕਰਹੁ ਪਕਾ-ਵਨਿ ਗਨ ਪਕਵਾਨਾ। ਮੇਲਿ ਹਕਾਰਨਿ ਬਨਹਿ ਨ ਅਬਿਹੀ।ਅਪਰ ਕਾਰ ਤਯਾਰੀ ਕਰਿ ਸਬਿਹੀ' ॥ ੨੪ ॥ ਸੁਨਿ ਦਮੋਦਰੀ ਉਰ ਬਿਸਮਾਈ।–ਇਹ ਕਿਮਿ ਬੋਲਤਿ ਲਖੀ ਨ ਜਾਈ। ਕਹਯੋ ਸਭਿਨਿ ਸੌਂ ਕਰਨੀ ਕਾਗਨਹਿਂ ਇਕਿ ਕੀਨਸਿ ਮੇਲ ਹਕਾਰ–॥ ੨੫ ॥ ਭਾਂਤਿ ਭਾਂਤਿ ਕੀ ਹੋਤਿ ਮਿਠਾਈ । ਕਰਿ ਕਰਿ ਤਯਾਰਿ ਧਰਹਿਂ ਇਕ ਠਾਈ। ਲੋਕਨਿ ਬਿਖੈ ਬਿਦਤਿ ਸਭਿ ਹੋਈ। 'ਮੇਲ ਬੁਲਾਵਨਿ ਕਿਯੋ ਨ ਕੋਈ ॥ ੨੬ ॥ ਇਹ ਭੀ ਨਈ ਰੀਤਿ ਕੁਛ ਕੀਨੀ। ਕੁਲ ਕੀ ਚਾਲਿ ਤਯਾਗਿ ਕਰਿ ਦੀਨੀ'। ਪੁਨ ਦਮੋ-ਦਰੀ ਕਹਿ ਬਹੁ ਬਾਰੀ। ਉੱਤਰ ਦਿਯੋ ਨ, ਤੂਸ਼ਨਿ ਧਾਰੀ॥ ੨੭ ॥ ਇਕਿ ਦਿਨ ਸਿਖ ਜਿਸ ਥਲ ਗੁਰਦਾਸ। ਬੈਠੇ ਬ੍ਰਿੰਦ ਜਾਇ ਕਰਿ ਪਾਸ। ਬਦਲੀ ਸੋਢੀ, ਸੇਠ ਗੁਪਾਲਾ।ਤਖਤੂ,ਤੀਰਥ,ਨਵਲੁ,ਨਿਹਾਲਾ॥ ੨੮ ॥ ਕਿਸ਼ਨਾ, ਜੈਤ, ਤਿਲੋਕਾ ਸੂਰ[3]। ਸਿੱਖ ਤੁਲਸੀਆ ਰਹਤਿ ਹਜ਼ੂਰ। ਇੱਤਯਾਦਿਕ ਜਾਨਹੁ ਸਿਖ ਬ੍ਰਿੰਦ । ਕੇਤਿਕ ਗਿਨੀਅਹਿ ਨਾਮ ਬਿਲੰਦ ॥ ੨੯ ॥ ਹਾਥ ਜੋਰਿ ਗੁਰੁਦਾਸ ਅਗਾਰੀ। ਸਗਰੇ ਸਿੱਖਨਿ ਗਿਰਾ ਉਚਾਰੀ। 'ਜਹਿਂ ਕਹਿਂ ਵਧੀ ਗੁਰੂ ਕੀ ਨਿੰਦਾ। ਸੁਨਿ ਨਹਿਂ ਜਰੀ ਜਾਇ,ਚਿਤ ਚਿੰਦ॥੩੦॥ ਤੁਮ ਅਰੁ ਬਡੇ ਜੁ ਬੁੱਢਾ ਸਾਹਿਬ। ਸ੍ਰੀ ਅਰਜਨ ਕੇ ਮਹਾਂ ਮੁਸਾਹਿਬ। ਜੇ ਇੱਤਯਾਦਿ ਅਪਰ ਸਿਖ ਧੀਰ। ਤਿਨਹੂੰ ਨ ਕਬਹੁੰ ਬਿਠਾਵਹਿਂ ਤੀਰ ॥ ੩੧ ॥ ਜਿਮਿ ਮਲੇਛ ਬਡ ਪੈਂਦੇਖਾਨ। ਰਾਖਹਿਂ ਨਿਕਟਿ ਪ੍ਰੇਮ ਕੋ ਠਾਨਿ। ਪੁਨਿ ਕੌਲਾਂ ਕੀ ਬਾਤਿ ਅਜੋਗ। ਪਿਖਿ ਕੁਕਰਮ ਨਿੰਦਤਿ ਹੈਂ ਲੋਗ॥੩੨॥

[1]ਗੱਲ, ਬਾਤ, ਪ੍ਰਸੰਗ। [2]ਚੜ੍ਹਵਾਵੋ। [3]ਸੂਰਮਾਂ।

ਤੁਮ ਸ੍ਰੀ ਗੁਰੁ ਅਰਜਨ ਕੇ ਮੇਲੀ। ਕਯੋਂ ਸਮਝਾਇ ਨ ਠਾਨਹੁ ਠੇਲੀ[੧]।
ਸੁਨਿ ਗੁਰੁਦਾਸ ਕਹੀ ਨਿਜ ਬਾਨੀ।ਇਕਿ ਪੌੜੀ ਵਿਚਿ ਵਾਰਿ ਵਖਾਨੀ॥੩੩॥

ਧਰਮਸਾਲੁ ਕਰਿ ਬਹੀਦਾ ਇੱਕਤ ਥਾਂ ਨ ਟਿਕੇ ਟਿਕਾਇਆ ॥ ਪਾਤਿਸ਼ਾਹ ਘਰ ਆਂਵਦੇ ਗੜ੍ਹ[੨] ਚੜ੍ਹਿਆ ਪਾਤਿਸ਼ਾਹ ਚੜ੍ਹਾਇਆ ॥ ਉੱਮਤਿ[੩] ਮਹਿਲ[੪] ਨ ਪਾਂਵਦੀ ਨੱਠਾ ਫਿਰੇ ਨ ਡਰੇ ਡਰਾਇਆ ॥ ਮੰਜੀ ਬਹਿ ਸੰਤੋਖ ਦਾ ਕੁੱਤੇ ਹੱਥਿ ਸ਼ਿਕਾਰ ਖਿਲਾਇਆ ॥ ਬਾਣੀ ਕਰਿ ਸੁਣ ਗਾਂਵਦਾ ਕਥੈ ਨ ਸੁਣੈ ਨ ਗਾਂਵ ਸੁਣਾਇਆ ॥ ਸੇਵਕ ਪਾਸਿ ਨ ਰੱਖੀਅਨ ਦੋਖੀ ਦੁਸਟੁ ਆਗੂ[੫] ਮੁਹਿ ਲਾਇਆ ॥ ਸੱਚ ਨ ਲੁਕੇ ਲੁਕਾਇਆ ਚਰਣ ਕਵਲ ਸਿਖ ਭਵਰ ਲੁਭਾਇਆ ॥ ਅਜਰ ਜਰੇ ਨ ਆਪ ਜਣਾਇਆ ॥ ੨੪ ॥† [ਵਾਰ ੨੬।

[੧]ਕਿਉਂ ਸਮਝਾਕੇ ਰੋਕਦੇ ਨਹੀਂ ਹੋ ? [੨]ਕਿਲਾ। [੩]ਸਿੱਖ। [੪]ਦਰਸ਼ਨ ਸ੍ਵਰੂਪ। [੫]ਪੈਂਦੇ ਖਾਂ ਤੋਂ ਮੁਰਾਦ ਹੈ।

*ਇਸ ਪੌੜੀ ਦੇ ਅਰਥਾਂ ਲਈ ਦੇਖੋ ਟੀਕਾ ਵਾਰਾਂ ਭਾਈ ਗੁਰਦਾਸ ਜੀ ਸ੍ਰੀ ਗਿਆਨੀ ਹਜ਼ਾਰਾ ਸਿੰਘ ਜੀ ਪੰਡਤ ਕ੍ਰਿਤ ਵਾਰ ੨੬ ਦੀ ਪੌੜੀ ੨੪। ਪਰ ਜੇ ਅਰਥ ਸਮਝੇ ਜਾਣ ਜੋ ਕਵਿ ਜੀ ਨੇ ਲਾਏ ਹਨ, ਤਾਂ ਇਸ ਪੌੜੀ ਵਿਚ ਭਾਈ ਜੀ ਨੇ ਲੋਕਾਂ ਦੇ ਉਸ ਸਮੇਂ ਦੇ ਇਤਰਾਜ਼ ਦਿੱਤੇ ਹਨ ਅਤੇ ਅਖੀਰਲੀਆਂ ਤੁਕਾਂ ਵਿਚ ਤੇ ਅਗਲੀ ਪੌੜੀ ਵਿਚ ਉਹਨਾਂ ਦਾ ਆਪਣਾ ਆਸ਼ਾ ਪ੍ਰਗਟ ਹੋ ਰਿਹਾ ਹੈ ਜੋ ਕਵਿ ਜੀ ਨੇ ਅੱਗੇ ਚੱਲਕੇ ਦੱਸਿਆ ਹੈ। ਪਹਿਲੇ ਤਾਂ ਮੂਰਖਾਂ ਨਿੰਦਕਾਂ ਦੀਆਂ ਸ਼ੰਕਾ ਕਹੀਆਂ ਹਨ, ਅੰਤ ਵਿਚ ਕਿਹਾ ਹੈ ਕਿ ਇਨ੍ਹਾਂ ਗੱਲਾਂ ਨਾਲ ਸੱਚ ਨਹੀਂ ਲੁਕ ਸਕਦਾ। ਸਿੱਖ ਲੋਕ ਚਰਣਾਂ ਕਵਲਾਂ ਦੇ ਭਵਰੇ ਵਾਂਙੂ ਪ੍ਰੇਮੀ ਹਨ, ਓਹ ਸਿੱਖ ਜੋ ਅਜਰ ਨੂੰ ਜਰ ਲੈਣ ਤੇ ਆਪਾ ਫੇਰ ਨਾ ਜਨਾਵਣ ਦੇ ਦਰਜੇ ਦੇ ਪੂਰਨ ਪੁਰਖ ਹਨ। ਅਗਲੀ ਪੌੜੀ ਵਿਚ ਭਾਈ ਗੁਰਦਾਸ ਜੀ ਦੱਸਦੇ ਹਨ ਕਿ ਬੀਰ ਰਸੀ ਜੀਵਨ ਗੁਰੁ ਹਰਿ ਗੋਬਿੰਦ ਜੀ ਨੇ ਸੰਗਤ ਦੀ ਰਖਯਾ ਲਈ ਤੋਰਿਆ ਹੈ ਜਿਵੇਂ ਖੇਤੀ ਲਈ ਵਾੜ ਲਾਈ ਦੀ ਹੈ। ਭਾਈ ਗੁਰਦਾਸ ਜੀ ਦੀ ਸਪਸ਼ਟ ਰਾਇ ਗੁਰੂ ਹਰਿਗੋਬਿੰਦ ਜੀ ਦੀ ਬਾਬਤ ਇਹ ਹੈ:—

ਹਰਖਹੁ ਸੋਗਹੁੰ ਬਾਹਿਰਾ ਹਰਣ ਭਰਣ ਸਮਰੱਥ ਸਹੰਦਾ ॥ ਰਸ ਕਸ ਰੂਪ ਨ ਰੇਖ ਵਿਚ ਰਾਗ ਰੰਗ ਨਿਰਲੇਪ ਰਹੰਦਾ। ਗੋਸ਼ਟ ਗਿਆਨ ਅਗੋਚਰਾ ਬੁਧਿ ਬਲ ਬਚਨ ਬਿਬੇਕ ਨ ਛੰਦਾ ॥ ਗੁਰੁ ਗੋਵਿੰਦ ਗੋਵਿੰਦ ਗੁਰੁ ਹਰਿ ਗੋਵਿੰਦ ਸਦਾ ਵਿਗਸੰਦਾ ॥ ਅਚਰਜ ਨੋਂ ਅਚਰਜ ਮਿਲੇ ਵਿਸਮਾਦੇ ਵਿਸਮਾਦ ਮਿਲੰਦਾ ॥ ਗੁਰਮੁਖ ਮਾਰਗ ਚੱਲਣਾ ਖੰਡੇ ਧਾਰ ਕਾਰ ਨਿਬਹੰਦਾ ॥ ਗੁਰ ਸਿਖ ਲੈ ਗੁਰ ਸਿੱਖ ਚਲੰਦਾ ॥ ੨੧ ॥ [ਭਾ: ਗੁ: ਵਾਰ ੨੪

ਪੁਨਾ:—ਪਾਰਬ੍ਰਹਮ ਪੂਰਨ ਬ੍ਰਹਮ ਸਤਿਗੁਰੁ ਆਪੇ ਆਪ ਉਪਾਯਾ ॥ ਗੁਰੂ ਗੋਬਿੰਦ ਗੋਵਿੰਦ ਗੁਰੁ ਜੋਤਿ ਇਕ ਦੁਇ ਨਾਂਵ ਧਰਾਯਾ ॥ ਪੁੱਤ ਪਿਅਹੁੰ ਪਿਉ ਪੁੱਤ ਤੇ ਵਿਸਮਾਦਹੁੰ ਵਿਸਮਾਦ ਕਰਾਯਾ ॥ ਬਿਰਖਹੁੰ ਫਲ ਫਲ ਤੇ ਬਿਰਖ ਆਚਰਜਹੁੰ ਆਚਰਜ ਸੁਹਾਯਾ ॥ ਨਦੀ ਕਿਨਾਰੇ ਆਖੀਅਨ ਪੁੱਛੇ ਪਾਰਾਵਾਰ ਨ ਪਾਯਾ ॥ ਹੋਰਨਿ ਅਲਖ ਨ ਲੱਖੀਐ ਗੁਰੁ ਚੇਲੇ ਮਿਲਿ ਅਲਖ ਲਖਾਯਾ ॥ ਹਰਿ ਗੋਵਿੰਦ ਗੁਰੁ ਗੁਰੁ ਭਾਯਾ ॥ ੨੪ ॥ [ਭਾ: ਗੁ: ਵਾਰ ੨੪

ਚੌਪਈ ॥ 'ਨਹਿਂ ਚਿੰਤਾ ਤੁਮ ਮਨ ਮਹਿਂ ਧਾਰੋ। ਗੁਰੁ ਕੋ ਪੂਰਨ ਬ੍ਰਹਮ ਬਿਚਾਰੋ। ਸ਼੍ਰੀ ਪਰਮੇਸ਼ੁਰ ਕੇ ਅਵਤਾਰ। ਗਤਿ ਨਹਿਂ ਜ਼ਾਨੀ ਜਾਇ ਉਦਾਰ ॥ ੩੪ ॥ ਕ੍ਰਿਸ਼ਨ ਅਨੇਕ ਮ੍ਰਿਜਾਦਾ ਤੋਰੀ[1]। ਕਿਸ ਕੀ ਲਾਜ ਕੀਨਿ ਨਹਿਂ ਥੋਰੀ[2]। ਕਰਤਿ ਰਹੇ ਨਿੰਦਾ ਅਨਜਾਨ। ਸੋ ਈਸ਼ੁਰ ਨਿਰਲੇਪ ਮਹਾਨ ॥ ੩੫ ॥ ਜੇ ਤੁਮ ਚਾਹਤਿ ਕਛੁ ਕਹਾਯੋ। ਚਾਹਤਿ ਹੋ ਇਹ ਭਰਮ ਹਟਾਯੋ। ਤੌ ਬ੍ਰਿਧ ਨਿਕਟਿ ਬੇਨਤੀ ਕਰੀਯਹਿ।ਕਹਿਬੇ ਕੋ ਸਾਮਰਥ ਬਿਚਾਰੀਯਹਿ' ॥ ੩੬ ॥ ਸੁਨਿ ਕਰਿ ਸਿੱਖਨਿ ਬਹੁਰ ਬਖਾਨਾ। 'ਤੁਮ ਭੀ ਚਲਹੁ ਬ੍ਰਿੱਧ ਕੇ ਥਾਨਾ। ਦਰਸ਼ਨ ਕਰਹੁ ਸੰਗ ਨਿਜ ਲਜ਼ਾਵਹਿਂ। ਤਿਨਿ ਤੇ ਗੁਰੁ ਢਿਗਿ ਸਕਲ ਕਹਾਵਹਿਂ' ॥ ੩੭ ॥ ਸੁਨਿ ਬਿਨਤੀ ਕੋ ਉਠਿ ਗੁਰੁਦਾਸ। ਸਿੱਖਨਿ ਸਹਤ ਗਏ ਬ੍ਰਿਧ ਪਾਸਿ। ਬੀੜ ਬਿਖੈ ਝੁੰਗੀ ਜਿਨਿ ਪਾਈ। ਇਕਿ ਰਸ ਬ੍ਰਿਤੀ ਅਨੰਦ ਠਹਿਰਾਈ ॥ ੩੮ ॥ ਜਾਇ ਨਿਕਟਿ ਬੰਦਨ ਸਭਿ ਕੀਨਿ। ਕਹਜੋ ਜੋਰਿ ਕਰ ਹੋਇ ਅਧੀਨ। 'ਸਭਿ ਕੀ ਚਿੰਤਾ ਆਪਿ ਨਿਵਾਰਹੁ। ਤੁਮ ਹੀ ਉਚਿਤ ਰਿਦੈ ਨਿਰਧਾਰਹੁ ॥ ੩੯ ॥ ਗੁਰੁ ਨਿੰਦਾ ਨਹਿਂ ਜਾਇ ਸਹਾਰੀ। ਚਲਿ ਆਏ ਹਮ ਸ਼ਰਨਿ ਤਿਹਾਰੀ'। ਸਰਬ ਬਾਰਤਾ ਕਹਿ ਸਮੁਝਾਈ। ਕਹਜੋ ਮਰਮ ਗੁਰੁਦਾਸ ਬਨਾਈ ॥੪੦॥ ਸੁਨਿ ਬ੍ਰਿਧ ਸਭਿ ਕੋ ਕਹਜੋ ਸੁਨਾਈ। 'ਸਮਰਥ ਕੋ ਨਹਿਂ ਦੋਸ਼ ਕਦਾਈ। ਚਹੈਂ ਸੁ ਕਰੈਂ, ਨ ਭਰਮਹੁ ਰਿਦੇ। ਕਰਮਨਿ ਤੇ ਲਿਪਾਇ ਨਹਿਂ ਕਦੇ' ॥ ੪੧ ॥ ਸੁਨਿ ਸਭਿ ਕਹਜੋ 'ਜਥਾਰਥ ਬਾਤੀ। ਤਊ ਨ ਹਮ ਚਿਤ ਆਵਤਿ ਸ਼ਾਂਤੀ। ਚਾਰਹੁੰ ਬਰਨਾਸ਼੍ਰਮ ਅਰੁ ਤੁਰਕਾ। ਬਹੁ ਅਪਬਾਦ ਕਰਤਿ ਹੈਂ ਗੁਰੁ ਕਾ ॥ ੪੨ ॥ ਚਲਹੁ ਆਪਿ ਮਿਲਿ ਗੁਰੁ ਸਮੁਝਾਇ। ਦੋਨਹੁੰ ਕੋ[3] ਦਿਹੁ ਸੰਗਿ ਹਟਾਇ। ਨਾਂਹਿ ਤ ਕੌਲਾਂ ਕੇਰਿ ਜ਼ਰੂਰ। ਸੰਗਿ ਛੁਟਾਵਹੁ ਸ਼੍ਰੀ ਗੁਰੁ ਪੂਰ[4]' ॥ ੪੩ ॥ ਤਬਿ ਗੁਰੁਦਾਸ ਕਹਜੋ 'ਸਿਖ ਸਾਰੇ।ਆਇ ਪਰੇ ਅਬਿ ਸ਼ਰਨਿ ਤਿਹਾਰੇ।ਮੈਂ ਭੀ ਰਹਜੋ ਬਹੁਤ ਸਮੁਝਾਇ। ਇਨ ਕੀ ਇੱਛਾ ਦੇਹੁ ਪੁਜਾਇ' ॥ ੪੪ ॥ ਸੁਨਿ ਸਭਿ ਤੇ ਬ੍ਰਿਧ ਕਰੁਨਾ ਧਾਰੀ। ਗੁਰੁ ਮਿਲਿਬੇ ਹਿਤ ਹ੍ਵੈ ਕਰਿ ਤਜ਼ਾਰੀ। ਭਯੋ ਸੰਗਿ,ਪੁਰਿਕੋ ਚਲਿ ਆਇ।ਬਚਨ ਬਿਲਾਸ ਕਰਤਿ ਸਮੁਦਾਏ ॥੪੫॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪੰਚਮ ਰਾਸੇ 'ਸਿੱਖਨਿ' ਪ੍ਰਸੰਗ ਬਰਨਨੰ ਨਾਮ ਪੰਚ ਸਸ਼ਟੀ ਅੰਸੁ ॥ ੬੫ ॥

---

[1]ਤੋੜੀ। [2]ਕਿਸੇ ਦਾ ਜ਼ਰਾ ਵੀ ਲਿਹਾਜ਼ ਨਹੀਂ ਕੀਤਾ। (ਅ) ਕਿਸੇ ਦੀ ਲੱਜਾ ਨਹੀਂ ਘਟਾਈ ?
[3]ਦੋਹਾਂ (ਕੌਲਾਂ ਤੇ ਪੈਂਦੇ) ਦਾ। [4]ਗੁਰੂ ਪੂਰੇ ਤੋਂ।

੬੬. [ਬਿਬੇਕਸਰ ਸਿਰਜਨ]।

ਦੋਹਰਾ ॥ ਬਿਧ ਭਾਈ ਗੁਰੁਦਾਸ ਕੋ ਆਗੈ ਕਰਿ ਸਮੁਦਾਇ। ਪਹੁੰਚੇ ਪੁਰੀ ਬਿਲੋਕਿ ਕੈ ਸ੍ਰੀ ਅੰਮ੍ਰਿਤਸਰ ਥਾਇੰ ॥ ੧ ॥ ਚੌਪਈ ॥ ਕਰਿ ਸ਼ਨਾਨ ਹਰਿ ਮੰਦਿਰ ਗਏ। ਹਾਥ ਜੋਰਿ ਸਭਿ ਬੰਦਤਿ ਭਏ।ਬਹੁਰਿ ਪ੍ਰਦਛਨਾ ਚਹੁੰਦਿਸ਼ਿ ਫਿਰੇ। ਪੁਰਿ ਜਨ ਮਿਲੇ ਸੁਨਤਿ ਹਿਤ ਧਰੇ ॥ ੨ ॥ ਬੂਝੇ 'ਅਬਿ ਸਤਿਗੁਰੁ ਕਿਸਿ ਥਾਨ?'।ਪੁਰਿ ਜਨ ਭਨਯੋ 'ਆਪਿ ਸਭਿ ਜਾਨਿ। ਚਢੇ ਅੰਖੇਰ ਬ੍ਰਿੱਤਿ ਕੋ ਗਏ। ਪੂਰਬ ਦਿਸ਼ ਕੋ ਸਨਮੁਖ ਭਏ[1]' ॥੩॥ ਸੁਨਿ ਬ੍ਰਿਧ ਸਾਹਿਬ ਰਿਦਾ ਰਸਾਲੇ[2]। ਸਿੱਖ ਸੰਗਿ ਸਭਿ ਤਿਤੁ ਦਿਸ਼ਿ ਚਾਲੇ। ਅਧਿਕ ਬ੍ਰਿੱਛ ਗਾਢੇ ਗਨ ਖਰੇ। ਬਦਰੀ ਚਲਦਲ ਆਦਿਕ ਹਰੇ ॥੪॥ ਗਏ ਰਾਮਸਰ ਕੇ ਤਬਿ ਤੀਰ। ਬੈਠੇ ਤਹਿੰ ਲੇ ਸਿੱਖਨਿ ਧੀਰ[3]। ਗੁਰੁ ਕੇ ਸਨਮੁਖ ਕਿਤਿਕ ਪਠਾਏ। 'ਹਮਰੀ ਸੁਧਿ ਕਹੀਅਹਿ ਇਤਿ ਆਏ' ॥ ੫ ॥ ਆਗੈ ਸਤਿਗੁਰੁ ਕਰੀ ਅਖੇਰੇ। ਹਨਿ ਕਰਿ ਬਨ ਕੇ ਜੀਵ ਘਨੇਰੇ। ਆਵਤਿ ਚਢੇ ਚਮੂੰ ਗਨ ਸੰਗਿ। ਚੰਚਲ ਬਲੀ ਕੁਦਾਇ ਤੁਰੰਗ ॥ ੬ ॥ ਜਾਇ ਮਿਲੇ ਸਿਖ ਕੋਸ ਅਗਾਰੀ। ਚਰਨ ਕਮਲ ਪਰਿ ਬੰਦਨ ਧਾਰੀ। ਹਾਥ ਜੋਰਿ ਕੀਨੀ ਅਰਦਾਸ। 'ਬ੍ਰਿਧ ਸਾਹਿਬ ਭਾਈ ਗੁਰੁਦਾਸ ॥ ੭ ॥ ਰਾਵਰ ਕੇ ਦਰਸ਼ਨ ਹਿਤ ਆਏ। ਪ੍ਰਥਮ ਸੁਧਾਸਰ ਮੱਧ ਨਹਾਏ। ਇਤਿ ਸੁਧਿ ਸੁਨੀ ਆਪਿ ਕੀ ਜਬੈ। ਥਿਰੇ ਰਾਮ-ਸਰ ਤੀਰਥ ਤਬੈ' ॥ ੮ ॥ ਸਭਿ ਗਤਿ ਜਾਨੀ ਅੰਤਰਜਾਮੀ। ਸਿਖ ਤਖਤੂ ਸੰਗ ਬੋਲੇ ਸ੍ਵਾਮੀ।'ਕਿਤਿਕ ਕਾਲ ਬੀਤਾ ਤਿਨ ਆਏ?।ਕੇਤਿਕਸਿੱਖ ਸੰਗਿ ਮੈਂ ਲ੍ਯਾਏ?'॥੯॥'ਸੁਨਹੁ ਪ੍ਰਭੂ ਤਹਿੰ ਬੈਠੇ ਜਬੈ। ਮੈਂ ਆਯੋ ਧਾਵਤਿ ਇਤ ਤਬੈ। ਬੀਤਿ ਗਈ ਘਟਿਕਾ ਅਬਿ ਦੋਇ। ਬੀਸਕ ਸਿੱਖ ਸੰਗ ਮੈਂ ਜੋਇ[4] ॥ ੧੦ ॥ ਇਮਿ ਬਤਰਾਵਤਿ[5] ਸਤਿਗੁਰ ਆਏ।ਕਾਨਨ ਗਾਢੋ ਬ੍ਰਿਧ ਜਿਹ ਥਾਏਂ। ਹਯ ਤੇ ਉਤਰਿ ਗਏ ਗੁਰ ਤਹਾਂ। ਸਿੱਖਨ ਸਹਤ ਥਿਰਯੋ ਬ੍ਰਿਧ ਜਹਾਂ॥੧੧॥ ਸੁਧ ਕੋ ਲਹਿ ਗਹਿ ਹਾਥ ਸਟੋਰੀ[6]। ਉਠ੍ਯੋ ਅੱਗ੍ਰ ਮਤਿ ਪ੍ਰੇਮ ਸੁ ਬੋਰੀ[7]। ਪਰਮ ਬ੍ਰਿੱਧ ਬਲ ਤੇ ਤਨ ਖਾਲੀ।ਤ੍ਯੋਂ ਤ੍ਯੋਂ ਸਿੱਖੀ ਅਧਿਕ ਸੰਭਾਲੀ॥੧੨॥ ਗੁਰ ਕੇ ਚਰਨ ਕਮਲ ਅਭਿਲਾਖੇ। ਤਿਸੈ ਹਟਾਇ ਆਪਿ ਕਰ ਰਾਖੇ।

---

[1]ਸਾਹਮਣੇ ਕਰਕੇ। [2]ਪ੍ਰਸੰਨ ਰਿਦੇ ਵਾਲੇ। [3]ਸਿੱਖਾਂ ਦਾ ਆਸਰਾ (ਅ) ਬੁਧੀਵਾਨ,ਧੀਰਜਵਾਨ (ਬਾਬਾ ਬੁੱਢਾ ਜੀ)। [4]ਨਾਲ ਮੈਂ ਦੇਖੇ ਹਨ। [5]ਗੱਲਾਂ ਕਰਦੇ। [6]ਸੋਟੀ। [7]ਮਤੀ ਪ੍ਰੇਮ ਵਿਚ ਡੁੱਬੀ ਹੋਈ।

ਇਮਿ ਕਰਿ ਬੰਦਨ ਆਪਸਿ ਮਾਂਹੀ। ਬੈਠੇ ਰਾਮ ਤਾਲ ਤਟ ਪਾਹੀ॥੧੩॥ ਸ੍ਰੀ ਹਰਿਗੋਵਿੰਦ ਬਾਕ ਬਖਾਨੇ। 'ਕਿਸਿ ਪ੍ਰਕਾਰ ਤੇ ਆਵਨਿ ਠਾਨੇ ?। ਜੋ ਤੁਮ ਕਹਤਿ ਆਇ ਉਤਿ ਜਾਤੇ[1]। ਆਪਿ ਖੇਦ ਕਸੌਂ ਧਾਰਯੋ ਗਾਤੇ[2]॥ ॥੧੪॥ ਜੇਠ ਮਾਸ ਕੀ ਤਪਤਿ ਬਡੇਰੀ। ਸਹਿ ਕਰਿ ਕਿਮਿ ਆਏ ਇਸਿ ਬੇਰੀ'। ਸੁਨਿ ਬੁੱਢਾ ਬੋਲਯੋ 'ਤੁਮ ਸ੍ਵਾਮੀ। ਸਭਿ ਘਟ ਜਾਨਤਿ ਅੰਤਰਜਾਮੀ ॥੧੫॥ਤਉ ਸਿੱਖ ਸੰਗਤਿ ਗੁਰ ਕੇਰੀ। ਕਹਯੋ ਚਹਿਤਿ ਇਨਿ ਕੇ ਹਿਤ ਪ੍ਰੇਰੀ[3]। ਨਿਜ ਦਾਸਨਿ ਕੇ ਕਸ਼ਟ ਬਿਨਾਸਨਿ। ਰਾਵਰ ਕੋ ਜਗ ਬਿਖੈ ਪ੍ਰਕਾਸ਼ਨਿ ॥੧੬॥ ਸੂਰਜ ਕਿਰਨ ਸਰਬ ਥਲ ਲਾਗੇ। ਤਊ ਨ ਲੇਪ ਰੰਚ ਭਰਿ ਪਾਗੇ। ਭੱਖ ਅਭੱਖ[4] ਅਗਨਿ ਮਹਿਂ ਪਰੈ। ਏਕਿ ਦੋਸ਼ ਭੀ ਛੁਯੋ ਨ ਧਰੈ ॥੧੭॥ ਤਿਮਿ ਤੁਮਰੀ ਗਤਿ ਹੈ ਸਭਿ ਕਾਲ। ਜਾਨਤਿ ਹੈਂ ਜਿਨਿ ਸੁਮਤਿ ਬਿਸਾਲ। ਨਰ ਲੀਲ੍ਹਾ ਜਗ ਪਿਖਿ ਕਰਿ ਸਾਰੇ। ਮੂਰਖ ਮਤਿ ਅਪਵਾਦ[5] ਉਚਾਰੇਂ ॥੧੮॥ ਸੁਨਿ ਸਿਖ ਖਿਝਹਿਂ ਲਰਹਿਂ ਤਿਨ ਸੰਗਿ।ਨਹੀਂ ਸਹਾਰ ਸਕਹਿਂ ਮਨ ਭੰਗ। ਧਰਹਿਂ ਬਿਖਾਦ ਕਲੇਸ਼ ਕਰੰਤੇ। ਜਹਿਂ ਕਹਿਂ ਮੂਢਨਿ ਸੋਂ ਝਗਰੰਤੇ ॥੧੯॥ ਨਿਜ ਸੰਗਤਿ ਕੋ ਕਰਹੁ ਸੁਖਾਰੀ। ਇਮਿ ਜਾਚਤਿ ਹਮ ਨਿਕਟਿ ਤੁਮਾਰੀ[6]'।ਸੁਨਿਗੁਰੁ ਕਹਯੋ'ਆਪਿ ਉਪਕਾਰੀ।ਪਰ ਕਾਰਜ ਕੋ ਤਨ ਸ਼ੁਭ ਧਾਰੀ ॥੨੦॥ ਮੋ ਪ੍ਰਤਿ ਦਿਹੁ ਆਇਸੁ ਜਿਮਿ ਹੋਇ। ਮਾਨਨੀਯ ਰਾਵਰਿ ਬਚ ਜੋਇ। ਤੁਮ ਤੇ ਨਹਿਂ ਅਦੇਯ ਕੁਛ ਮੇਰੇ। ਹੌਂ ਅਨੁਸਾਰੀ ਸੰਝ ਸਵੇਰੇ' ॥੨੧॥ ਸਭਿ ਕੇ ਸੁਨਤਿ ਬ੍ਰਿੱਧ ਪੁਨਿ ਕਹੇ। 'ਸਦਾ ਪ੍ਰੇਮ ਕੇ ਤੁਮ ਬਸਿ ਰਹੇ। ਮਿਲਨਿ ਹੇਤ ਜੇਤਿਕ ਤਪ ਕੀਨੇ[7]। ਭਲੀ ਭਾਂਤਿ ਸੋ ਰਾਵਰ ਚੀਨੇ ॥੨੨॥ ਤਿਸੀ ਹੇਤੁ ਮੇਰੇ ਬਚ ਭਏ। ਅੰਗੀਕਾਰ ਆਪਿ ਨੇ ਕਏ। ਅਬਿ ਕੌਲਾਂ ਕੋ ਤਜਾਗਿ ਭਲੇਰੋ[8]। ਤਪ ਕੋ ਫਲ ਤਿਨਿ ਲਹਯੋ ਘਨੇਰੋ[9] ॥੨੩॥ ਇਹ ਬਿਬੇਕ[10] ਸੰਗਤਿ ਚਹਿ ਕਰਯੋ। ਜਥਾ ਜੋਗ ਤੁਮ ਨਿਕਟਿ ਉਚਰਯੋ'। ਇਮਿ ਸੁਨਿ ਬਿਧੀਆ ਜੇਠਾ ਆਦਿ। ਇਹ ਭੀ

---

[1](ਅਸੀਂ) ਓਥੇ ਆ ਜਾਂਦੇ। [2]ਸਰੀਰ ਨੂੰ ਕਿਉਂ ਖੇਦ ਦਿਤਾ। [3]ਇਨ੍ਹਾਂ ਦੇ ਹਿਤ ਦੀ (ਗਲ, ਇਨ੍ਹਾਂ ਦਾ) ਪ੍ਰੇਰਿਆ ਕਹਿਣਾ ਚਾਹੁੰਦਾ ਹਾਂ। [4]ਚੰਗੀ ਮੰਦੀ ਚੀਜ਼। [5]ਨਿੰਦਿਆ। [6]ਆਪ ਦੇ ਪਾਸੋਂ। [7](ਕੌਲਾਂ ਨੇ) ਜਿੰਨੇ ਤਪ ਕੀਤੇ ਸਨ। [8]ਤਜਾਗਣਾ ਭਲਾ ਹੈ। [9](ਕੌਲਾਂ ਨੇ) ਤਪ ਦਾ ਫਲ ਬਹੁਤ (ਬ੍ਰਹਮ ਗਜਾਨ) ਲੈ ਲਿਆ ਹੈ। [10]ਬਿਚਾਰ।

ਸੁਨਤਿ ਹੁਤੇ ਅਪਵਾਦ ॥ ੨੪ ॥ ਜਿਤੇ ਸੁਭਟ ਸਭਿ ਹੀ ਸਦ ਸੰਗਿ[1]। ਅਵ-ਸਰ ਲਹ੍ਯੋ ਰਿਦੇ ਸ ਉਮੰਗ। ਕਹਤਿ ਭਏ 'ਬ੍ਰਿਧ ਅਧਿਕ ਬਡੇਰੇ। ਖਟ ਸਤਿਗੁਰੁ ਜਿਨਿ ਆਂਖਨਿ ਹੇਰੇ[2] ॥ ੨੫ ॥ ਮਾਨਨੀਯ ਇਨਿ ਬਾਕ ਭਲੇਰੇ। ਕਹਤਿ ਸਾਚ, ਹ੍ਵੈ ਨਿੰਦ ਘਨੇਰੇ[3]'। ਸੁਨਿ ਗੁਰੁ ਜਾਨ੍ਯੋ ਮਤਿ ਸਭਿ ਕੇਰੇ। ਚਹਿਤਿਬਿਬੇਕ[4]ਕਰਨਿ ਹਿਤਮੇਰੋ॥੨੬॥–ਹੈ ਆਛੀ–ਜਬਿ ਰਿਦੇ ਬਿਚਾਰੀ। ਸਭਿ ਕੇ ਸੁਨਤਯੋਂ ਗਿਰਾ ਉਚਾਰੀ। 'ਸੁਨਹੁ ਬ੍ਰਿੱਧ ਜੀ! ਬਾਕ ਤੁਹਾਰੇ। ਭਈ ਤਿਨਹੁ ਤੇ ਅੰਗੀਕਾਰੇ[5] ॥ ੨੭॥ ਤੁਮ ਬਚ ਤੇ ਬਿਬੇਕ ਅਬਿ ਹੋਵਾ। ਅਰੁ ਤਯਾਗਨਿ ਕੌਲਾਂ ਕਹੁ ਜੋਵਾ[6]। ਭਈ ਅਵਧਿ ਪੂਰਨਿ ਅਬਿ ਤਾਂਹੀ[7]। ਪੰਦ੍ਰਹ ਦਿਵਸ ਔਰ ਰਹਿਂ ਜਾਂਹੀ[8] ॥ ੨੮ ॥ ਬਿਨਾਂ ਤਯਾਗਿ ਤੇ ਤਯਾਗਨਿ ਹੋਈ। ਇਸ ਮਹਿਂ ਸੰਸੈ ਰਹ੍ਯੋ ਨ ਕੋਈ। ਹੋਨਿਹਾਰ ਹੋਯੋ ਜਬਿ ਚਹੈ[9]। ਤਬਿ ਰਾਵਰ ਮੁਖਤੇ ਬਚ ਕਹੈਂ[10] ॥੨੯॥ ਬ੍ਰਹਮ ਅਸਤ੍ਰ ਰਘੁਬਰ ਕਰਿ ਜੈਸੇ[11]। ਤੁਮਰੋ ਬਾਕ ਨਿਫਲ ਨਹਿਂ ਤੈਸੇ।ਕਹੋ ਬਿਬੇਕ ਲਗਾਵਨਿ ਮੋਹੀ। ਤਤਛਿਨਿ ਕਰੌਂ ਪਾਇ ਬਚ ਤੋਹੀ' ॥ ੩੦ ॥ ਗੁਰੁ ਤੇ ਸੁਨਤਿ ਸਰਬ ਉਰ ਹਰਖੇ। ਜਨੁ ਅਨੰਦ ਕੇ ਬਾਦਰ ਬਰਖੇ।ਬ੍ਰਿਧ ਸਾਹਿਬ ਕਰ ਸੋਂ ਕਰ ਗਹ੍ਯੋ। ਕੁਛ ਤਹਿਂ ਚਲੇ ਭਲੋ ਥਲ ਲਹ੍ਯੋ[12]॥੩੧॥'ਇਹ ਬਿਬੇਕ* ਤੁਮਕੋ ਲਗਿ ਭਾਰੀ। ਜਥਾ ਸਰੂਪ ਧਰ੍ਯੋ ਉਪਕਾਰੀ। ਅਪਨੋ ਸਰ ਖਨਿਵਾਵਨਿ

[1]ਸਦਾ ਨਾਲ ਰਹਿੰਦੇ ਹੁੰਦੇ ਸਨ। [2]ਅਖੀਂ ਦਰਸ਼ਨ ਕੀਤੇ ਹਨ। [3]ਬਹੁਤੀ ਨਿੰਦਾ ਹੋ ਰਹੀ ਹੈ। [4]ਵੀਚਾਰ। [5]ਭਾਵ ਆਪ ਦੇ ਵਾਕਾਂ ਨਾਲ ਹੀ ਕੌਲਾਂ ਆਈ ਸੀ। [6]ਜੋ ਹੈ। [7]ਭਾਵ ਕੌਲਾਂ ਦੀ। [8]ਰਹਿੰਦੇ ਹਨ ਜਿਸ ਦੇ। [9]ਜਦੋਂ ਹੋਣਹਾਰ ਹੋਇਆ ਚਾਹੁੰਦੀ ਹੈ। [10]ਤਦੋਂ ਆਪ ਮੁਖੋਂ ਵਚਨ ਕਰਦੇ ਹੋ। [11]ਜਿਵੇਂ ਰਾਮ ਦੇ ਹੱਥੋਂ ਬ੍ਰਹਮ ਅਸਤ੍ਰ (ਬ੍ਰਿਥਾ ਨਹੀਂ ਜਾਂਦਾ) [ਸੰਸ:, ਬ੍ਰਹਮ। ਸ੍ਤ੍ਰ=ਮੰਤ੍ਰ ਪੜ੍ਹਕੇ ਚਲਾਇਆ ਜਾਣ ਵਾਲਾ ਅਸਤ੍ਰ]। [12]ਕੁਝਕੁ ਤਿੱਥੋਂ ਚਲ ਕੇ (ਕੋਈ) ਭਲਾ ਥਾਂ ਡਿੱਠਾ।

*ਵਿਵੇਕ ਪਦ ਸੰਸਕ੍ਰਿਤ ਹੈ [ਵਿ+ਵਿਦ੍=ਵਿਚਾਰਨਾ] ਤੋਂ ਬਣਦਾ ਹੈ, ਇਸ ਦਾ ਅਰਥ ਹੈ ਉਹ ਗਯਾਨ ਜੋ ਵੇਰਵਾ ਕਰਕੇ ਗਲ ਨੂੰ ਅਨੁਭਵ ਕਰ ਸਕੇ। ਭਲੇ ਬੁਰੇ ਦਾ ਗਯਾਨ। ਸਤਿ ਅਸੱਤਿ ਦਾ ਗਿਆਨ। ਬ੍ਰਹਮ ਤੇ ਜਗਤ ਦਾ ਫਰਕ ਸਮਝ ਸਕਣ ਵਾਲਾ ਗਿਆਨ। ਜਾਪਦਾ ਹੈ ਕਿ ਸ੍ਰੀ ਗੁਰੂ ਹਰਿ ਗੋਬਿੰਦ ਜੀ ਜਿਸ ਅਸਥਾਨ ਤੇ ਏਕਾਂਤ ਬਨ ਵਿਚ ਬੈਠਕੇ ਸਿੱਖਾਂ ਨੂੰ ਵਿਵੇਕ ਜਾਂ ਗਿਆਨ ਦਾ ਉਪਦੇਸ਼ ਕਰਦੇ ਹੁੰਦੇ ਸਨ, ਉਥੇ ਉਸ ਯਾਦ-ਗਾਰ ਵਿਚ ਬਿਬੇਕਸਰ ਸਰੋਵਰ ਬਣਿਆਂ। ਇਸ ਦੇ ਕਿਨਾਰੇ ਹਮੇਸ਼ਾ ਗਿਆਨੀ ਤੇ ਤਯਾਗੀ ਸਿੱਖ ਵਸਦੇ ਰਹੇ ਹਨ। ਨੇੜੇ ਦੇ ਸਮੇਂ ਵਿਚ ਪ੍ਰਸਿੱਧ ਗਯਾਨੀ ਬਾਬਾ ਮੇਹਰ ਸਿੰਘ ਜੀ ਨਕਈ

[ਬਾਕੀ ਟੂਕ ਦੇਖੋ ਅਗਲੇ ਪੰਨੇ ਦੇ ਹੇਠ]

ਕੀਜੈ। ਨਾਮ ਬਿਬੇਕ ਤਾਲ ਧਰਿ ਦੀਜੈ ॥ ੩੨ ॥ ਬਿਗਰਹਿ ਰਹਤਿ ਬਿਖੈ ਸਿਖ ਜੋਈ। ਆਨਿ ਸ਼ਨਾਨਹਿ ਨਿਰਮਲ ਹੋਈ। ਅਪਰ ਕਾਮਨਾ ਵਾਨ ਜੁ ਸੇਵੈ। ਰਾਵਰ ਕੋ ਪ੍ਰਤਾਪ ਸੋ ਦੇਵੈ[1] ॥ ੩੩ ॥ ਸੁਨਿ ਬ੍ਰਿਧ ਕੇ ਬਚ ਪਟ ਕਟ[2] ਕਸੀ। ਲਈ ਮੰਗਾਇ ਹਾਥ ਗਹਿ ਕਸੀ[3]। ਖਨੀ ਮ੍ਰਿੱਤਕਾ ਵਹਿਰਿ ਗਿਰਾਈ। ਪੁਨਿ ਸਿੱਖਨਿ ਤਹਿਂ ਕਾਰ ਕਮਾਈ ॥ ੩੪ ॥ ਖਨਹਿਂ ਮ੍ਰਿੱਤਕਾ ਵਹਿਰਿ ਨਿਕਾਰੈਂ। ਨਿਜ ਬਸਤ੍ਰਨਿ ਮਹਿਂ ਭਰਿ ਭਰਿ ਡਾਰੈਂ। ਸੁਭਟ ਸਿੱਖ

---

[1]ਆਪ ਜੀ ਦਾ ਪ੍ਰਤਾਪ (ਸੋ ਕਾਮਨਾ ਤਿਸ ਕਾਮਨਾਵਾਨ ਨੂੰ) ਦੇਵੇ। [2]ਬਸਤ੍ਰ ਕਮਰ ਨਾਲ। [3]ਕਹੀ ਫੜੀ।

[ਪਿਛਲੇ ਪੰਨੇ ਦੀ ਬਾਕੀ ਟੂਕ]

ਲਗ ਪਗ ੧੫੦ ਬਰਸ ਦੀ ਉਮਰਾ ਭੋਗ ਕੇ ਸੰ: ੧੯੧੩ ਬਿ: ਇਸੇ ਦੇ ਕਿਨਾਰੇ ਗੁਜ਼ਰੇ ਹਨ। ਅੰਤਰਜਾਮੀ ਸੰਤ ਤੇ ਸੰਤ ਬਸੰਤ ਸਿੰਘ ਆਦਿ ਗਿਆਨੀ ਇਨ੍ਹਾਂ ਦੇ ਸਤਿਸੰਗ ਤੋਂ ਗੁਰਮੁਖ ਹੋਏ ਸੇ। ਮੇਕਾਲਫ ਨੂੰ ਬੀ ਇਹੋ ਪਤਾ ਲੱਗਾ ਸੀ ਕਿ ਇਹ ਗਯਾਨ ਦਾਨ ਦੀ ਯਾਦਗਾਰ ਦਾ ਸਥਾਨ ਹੈ। ਕਵਿ ਸੰਤੋਖ ਸਿੰਘ ਜੀ ਬੀ ਇਸੇ ਅੰਸੂ ਦੇ ਅੰਕ ੩੭ ਵਿਚ ਗੁਰੂ ਜੀ ਦਾ ਬਚਨ ਦੱਸਦੇ ਹਨ ਕਿ 'ਸਿਖ ਬਿਬੇਕੀ ਇਹਾਂ ਨਿਵਾਸਹਿਂ'।

ਬਿਬੇਕ ਪਦ ਦਾ ਅਰਥ ਤਨਖਾਹ ਯਾ ਦੰਡ ਕੋਸ਼ਾਂ ਵਿਚ ਨਹੀਂ, ਨਾ ਹੀ ਛੇਵੇਂ ਸਤਿਗੁਰਾਂ ਦੇ ਸਮੇਂ ਤਕ ਸਿੱਖਾਂ ਵਿਚ ਇਸ ਦਾ ਕੋਈ ਐਸਾ ਅਰਥ ਹੈਸੀ। ਇਥੇ ਪਦ 'ਬਿਬੇਕ' ਤੇ ਅੰਕ ੩੩ ਵਿਚ 'ਰਹਤਿ' ਦੋਇ ਦਸਮੇਂ ਪਾਤਸ਼ਾਹ ਦੇ ਅੰਮ੍ਰਿਤ ਦੀ ਮਰਯਾਦਾ ਤੋਰਨ ਤੋਂ ਮਗਰੋਂ ਦੇ ਇਨ੍ਹਾਂ ਅਰਥਾਂ ਵਿਚ ਵਰਤੇ ਗਏ ਪਦ ਹਨ। ਬਿਬੇਕ ਸਰ ਦੇ ਅਰਥ ਇਹ ਦੇਣੇ ਕਿ ਛੇਵੇਂ ਸਤਿਗੁਰਾਂ ਨੂੰ ਤਨਖਾਹ ਲਗੀ ਸੀ ਤਾਂ ਤਾਲ ਬਹਿਆਂ ਸੀ, ਦਰੁਸਤ ਨਹੀਂ ਹੈ। ਭਾਈ ਗੁਰਦਾਸ ਜੀ ਨੇ ਤਾਂ ਗੁਰੂ ਹਰਿਗੋਬਿੰਦ ਜੀ ਨੂੰ ਕਿਸੇ ਹੋਰਸ ਜ਼ੀਵ ਦੇ ਗਿਆਨ ਯਾ ਵਿਵੇਕ ਗੋਚਰਾ ਬੀ ਨਹੀਂ ਦੱਸਿਆ, ਇਹ ਕੀਕੂੰ ਹੋ ਸਕਦਾ ਹੈ ਕਿ ਉਨ੍ਹਾਂ ਨੂੰ ਕਿਸੇ ਨੇ ਵਿਚਾਰ ਦਾਨ ਕੀਤੀ ਹੋਵੇ ਯਾ ਤਨਖਾਹ ਲਾਈ ਹੋਵੇ। ਭਾਈ ਗੁਰਦਾਸ ਜੀ ਨਾਲ ਮੌਜੂਦ ਸਨ ਆਪ ਨੇ ਵਾਰਾਂ ਕਬਿੱਤਾਂ ਵਿਚ ਇਸ ਘਟਨਾਂ ਦਾ ਕੋਈ ਪਤਾ ਨਹੀਂ ਦਿੱਤਾ ਸਗੋਂ ਐਉਂ ਲਿਖਦੇ ਹਨ:—ਗੋਸਟ ਗਯਾਨ ਅਗੋਚਰਾ ਬੁਧਿ,ਬਲ, ਬਚਨ, ਬਿਬੇਕ ਨ ਛੰਦਾ। ਗੁਰ ਗੋਬਿੰਦ ਗੋਬਿੰਦ ਗੁਰ 'ਹਰਿ ਗੋਬਿੰਦ' ਸਦਾ ਬਿਗਸੰਦਾ। [ਵਾ: ਭਾ: ਗੁ: ੨੪-੨੧] ਅਰਥਾਤ ਸ੍ਰੀ ਗੁਰੂ ਹਰਿਗੋਬਿੰਦ ਜੀ ਸਦਾ ਖਿੜੇ ਗੋਬਿੰਦ ਰੂਪ ਹਨ ਤੇ ਕਿਸੇ ਦੇ ਗੋਸ਼ਟ, ਗਿਆਨ, ਬੁੱਧੀ, ਬਲ, ਵਚਨ ਬਿਬੇਕ ਦੀ ਮੁਥਾਜਗੀ ਨਹੀਂ ਰਖਦੇ, ਅਰਥਾਤ ਆਪ ਇਨ੍ਹਾਂ ਗਲਾਂ ਵਿਚ ਸਭਨਾਂ ਦੇ ਉਪਰ ਹਨ, ਤੇ ਸਾਰੇ ਓਨ੍ਹਾਂ ਦੇ ਮੁਥਾਜ ਹਨ। ਕਵੀ ਜੀ ਨੇ ਆਪ ਵੀ 'ਵਿਵੇਕ' ਪਦ ਗਿਆਨ ਦੇ ਅਰਥਾਂ ਵਿਚ ਵਰਤਿਆ ਹੈ।

ਯਥਾ:—ਲੋਕ ਅਨੇਕ ਉਧਾਰਨ ਕੋ ਚਿਤ ਦੇਨ ਬਿਬੇਕ ਭਏ ਪਥ ਗਾਮੀ। [ਰਾਸ ੩ ਅੰਸੂ ੧੦-੧੩

ਮਹਿਮਾ ਪ੍ਰਕਾਸ਼ ਵਿਚ ਬੀ ਇਹ ਵਿਵੇਕਸਰ ਦਾ ਪ੍ਰਸੰਗ ਨਹੀਂ ਹੈ।

ਜੇਤਿਕ ਤਹਿਂ ਖਰੇ। ਸਰ ਕੀ ਕਾਰ ਸਰਬ ਲਗ ਪਰੇ॥੩੫॥ ਉਤਲਾਵਤਿ ਗਨ ਕਾਰ ਨਿਕਾਰੈਂ। ਗੁਰੁ ਹਿਤ ਕਰਹਿਂ, ਪ੍ਰਮੋਦ ਬਿਚਾਰੈਂ। ਦ੍ਵੈ ਘਟਿਕਾ ਦਿਨ ਬਾਕੀ ਰਹਯੋ। 'ਅਬਿ ਹਟਿ ਜਾਹੁ' ਗੁਰੁ ਤਬਿ ਕਹਯੋ ॥੩੬॥ 'ਸਿੱਖ ਬਿਬੇਕੀ[1] ਇਹਾਂ ਨਿਵਾਸਹਿਂ।ਸਮੈਂ ਪਾਇ ਪਾਕੋ[2] ਚਹੁੰਪਾਸਹਿਂ'। ਗੁਰੂ ਅਰੂ-ਢਤਿ[3] ਭਏ ਤੁਰੰਗ। ਕਰਿ ਅਸਵਾਰ ਬ੍ਰਿੱਧ ਲਿਯ ਸੰਗਿ॥ ੩੭ ॥ ਕਰਿ ਮੱਜਨ ਸਭਿ ਸਿੱਖ ਸਮੇਤਿ। ਗਮਨਿ ਕੀਨਿ ਸੋਢੀ ਕੁਲਕੇਤ। ਕਰਿ ਬੰਦਨ ਹਰਿਮੰਦਿਰ ਗਏ। ਧਰਮਸਾਲ ਬ੍ਰਿਧ ਡੇਰਾ ਕਏ॥੩੮॥'ਕੌਲਾਂ ਕੀ ਬੀਤਹਿ ਅਬਿ ਬਾਤਿ[4]'। ਕਹਿ ਆਪਸਿ ਮਹਿਂ ਉਰ ਹਰਖਾਤਿ। 'ਬ੍ਰਿੱਧ ਨਰੋਤਮ[5] ਕੋ ਬਡਿ ਕਹਿਬੋ। ਅੰਗੀਕਾਰ ਕਰਨਿ ਸਭਿ ਚਹਿਬੋ ॥ ੩੯ ॥ ਅਟਲ ਬਾਕ ਜਿਨਿ ਕੇ ਨਹਿਂ ਟਲਹਿਂ। ਚਲਹਿ ਸੁਮੇਰ ਤਊ ਨਹਿਂ ਚਲਹਿਂ'। ਅਪਨਿ ਮਹਿਲ ਮਹਿਂ ਸਤਿਗੁਰ ਗਏ। ਸੁਪਤਿ ਜਥਾ ਸੁਖ ਰਾਤਿ ਬਿਤਏ ॥ ੪੦ ॥ ਭਈ ਭੋਰ ਕਰਿ ਦਰਸ਼ਨ ਗਯੋ[6]। ਬੀੜ ਬਿਖੈ ਬਾਸੋ ਨਿਜ ਕਿਯੋ। 'ਇਕ ਰਸ ਬ੍ਰਿਤੀ ਅਨੰਦ ਮਹਿਂ ਝੂਲੇ।ਸਮ ਸਰੂਪ ਜਬਿ* ਕਬਹੁੰ ਨ ਭੂਲੇ' ॥੪੧॥ਅਜ਼ਮਤਿ ਧਾਰਤਿ ਬਲੀ ਬਿਸਾਲਾ। ਬਿਦਤ ਕਰਹਿ ਕਿਤ ਕਿਸਹੂੰ ਕਾਲਾ†। ਰਹਯੋ ਇਕਾਂਤ ਜਾਨਿ ਕੈ ਤਹਾਂ। ਦੁਤੀਏ ਗੁਰੁ ਸੇਵਾ ਹੁਇ ਮਹਾਂ[8] ॥੪੨॥ ਇਮ ਸਤਿਗੁਰੁ ਸ਼ੁਭ ਕਰੇ ਬਿਲਾਸਾ।ਪੂਰਨ ਕਰਤਿ ਸਭਿਨਿ ਕੀ ਆਸਾ। ਊਚਿ ਕਿ ਨੀਚ ਪ੍ਰੇਮ ਕੋ ਠਾਨਤਿ। ਅਧਿਕ ਘਾਟ ਸਭਿ ਗੁਰੂ ਪਛਾਨਤਿ[9] ॥ ੪੩ ॥ ਕਰਨਿ ਕਾਮਨਾ ਪੂਰਨ ਦਾਸ[10]। ਤਨ ਧਰਿ ਬਿਲਸਤਿ ਏਵ ਬਿਲਾਸ[11]। ਨਿੰਦ ਉਸਤਤੀ ਕੋਊ ਕਰੈ। ਬਿਰਦ ਪ੍ਰੇਮ ਕੇ ਬਸਿ ਨਿਜ ਧਰੈਂ[12] ॥ ੪੪ ॥ ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪੰਚਮ ਰਾਸੇ 'ਭਾਈ ਬ੍ਰਿੱਧ ਪ੍ਰਸੰਗ ਬਰਨਨੰ ਗੁਰੂ ਚਰਿੱਤ ਕਵਿ ਸੰਤੋਖ ਸਿੰਘ ਬਿਰਚਤਾਯਾਂ ਭਖਾਯਾਂ ਸ਼ਸ਼ਟ ਸਸ਼ਠੀ ਅਸੂ ਪੰਚਮ ਰਾਸਿ ਸਮਾਪਤਿ ਮਸਤੁ ਸ਼ੁਭ ਮਸਤੁ ॥ ੬੬॥

ਪੰਜਵੀਂ ਰਾਸਿ ਸਮਾਪਤਿ ਹੋਈ।

[1]ਗਿਆਨੀ। [2]ਪੱਕਾ (ਬਣ ਜਾਏਗਾ)। [3]ਸਵਾਰ ਹੋਕੇ। [4]ਭਾਵ ਕੌਲਾਂ ਦੀ ਗੱਲ ਮੁੱਕ ਗਈ [5]ਸ੍ਰੇਸ਼੍ਟ ਪੁਰਖ। [6](ਬਾਬਾ ਬੁੱਢਾ ਜੀ) ਗਏ। [7](ਸਮ=) ਸਦਾ ਇਕ ਰਸੀ ਸਰੂਪ ਉਨ੍ਹਾਂ ਨੂੰ ਕਦੇ ਨਹੀਂ ਭੁੱਲਦਾ। [8]ਦੂਸਰੇ (ਓਥੇ ਰਹਿਆਂ) ਗੁਰੂ ਜੀ ਦੀ ਸੇਵਾ ਬੜੀ ਹੁੰਦੀ ਸੀ। [9]ਵਧ ਘਟ (ਪ੍ਰੇਮ) ਸਭਨਾਂ ਦਾ ਗੁਰੂ ਜੀ ਪਛਾਣਦੇ ਹਨ। [10]ਦਾਸਾਂ ਦੀਆਂ ਕਾਮਨਾਂ ਪੂਰਨ ਕਰਨ (ਵਾਸਤੇ)। [11]ਇਸ ਤਰ੍ਹਾਂ ਦੇ ਵਿਲਾਸ ਵਿਲਸਦੇ ਹਨ (ਗੁਰੂ ਜੀ)। [12]ਪ੍ਰੇਮ ਦੇ ਵਸੀ ਹੋਣਾ ਇਹ ਆਪਣਾ ਬਿਰਦ (ਸਦਾ) ਧਾਰਦੇ ਹਨ। *ਪਾ:-ਮਮ ਸਰੂਪ ਜਗ। †ਪਾ:-ਬਿਦਤ ਰਹ੍ਯੋ ਹੈ ਕੇਤਿਕ ਕਾਲਾ